ਵਿ੦-੩੨

ੴ ਸਤਿਗੁਰ ਪ੍ਰਸਾਦਿ ॥

# ਕਬਿੱਤ ਸਵੱਯੇ

# ਭਾਈ ਗੁਰਦਾਸ ਜੀ

## ਸਟੀਕ

(ਦੋਵੇਂ ਭਾਗ)

ਟੀਕਾਕਾਰ

**ਪੰਡਤ ਨਰੈਣ ਸਿੰਘ ਜੀ ਗਿਆਨੀ**

ਵਿਦਿਆ ਮਾਰਤੰਡ, ਲਾਹੌਰ ਮੁੰਜਗਾਂ ਵਾਲੇ,

ਪ੍ਰਕਾਸ਼ਕ:-

**ਭਾਈ ਬੂਟਾ ਸਿੰਘ ਪ੍ਰਤਾਪ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

35

वि० - 32

भुवन वाणी ट्रस्ट
मौसम बाग (सीतापुर रोड),
लखनऊ-२२६०२०

# ਤਤਕਰਾ


| (ੳ) | ਪੰਨਾ |
|---|---|
| ਓਨਮ ਸ੍ਰੀ ਸਤਿਗੁਰੂ | ੧ |
| ਉਲਟਿ ਪਵਨ ਮਨ | ੧੩ |
| ਉਲਟਿ ਪਵਨ ਮਨ | ੪੪ |
| ਊਖ ਮੈ ਪਿਯੂਖ ਰਸ | ੧੨੪ |
| ਓਲਾ ਬਰਖਨ ਕਰਖਨ | ੨੪੦ |
| ਉਤਮ ਮਧਮਿ | ੩੨੩ |
| ਉਲਟਿ ਪਵਨ | ੩੧੨ |
| (ਅ) | |
| ਆਦਿ ਪੁਰਖ | ੧ |
| ਅਵਿਗਤ ਅਲਖ | ੨ |
| ਅਗਮ ਅਪਾਰ | ੨ |
| ਅਦਭੁਤ ਅਤਹਿ | ੩ |
| ਅੰਮ੍ਰਿਤ ਦ੍ਰਿਸ਼ਟ | ੩ |
| ਅੰਮ੍ਰਿਤ ਬਚਨ | ੪ |
| ਆਦਿ ਅੰਤ ਬਿਸਮਾਦ | ੫ |
| ਆਦਿ ਪਰਮ | ੬ |
| ਆਪਾ ਆਪ | ੭ |
| ਅਸਚਰਜਹਿ ਅਸਚਰਜ | ੭ |
| ਆਦਿ ਪੁਰਖ | ੭ |
| ਅੰਤ ਕਾਲਿ ਏ | ੫੦ |
| ਆਦਿ ਕੈ ਅਨਾਦਿ | ੫੦ |
| ਆਧਿ ਕੈ ਬਿਆਧਿ | ੫੪ |
| ਅਧਿਆਤਮ ਕਰਮ | ੭੬ |
| ਅਜਪਾ ਅਧੀਨਤਾ | ੮੬ |
| ਆਦਿ ਧਰਮਾਦਿ | ੯੩ |
| ਆਤਮਾ ਤ੍ਰਿਬਿਧਿ | ੧੪੧ |
| ਆਦਿ ਹੀ ਆਧ ਨ | ੧੫੦ |
| ਅਵਘਟ ਉਤ'ਰਿ | ੧੫੪ |
| ਅਬਿਗਤਿ ਗਤਿ | ੧੫੭ |
| ਅਹਿਨਿਸਿ ਭ੍ਰਮਤ ਕਮਲ | ੧੬੪ |
| ਅਗਮ ਅਪਾਰ ਦੇਵ | ੧੮੪ |
| ਅੰਤਰਿ ਅਛਤਿ | ੧੮੯ |
| ਆਂਧਰੇ ਕਉ ਸ਼ਬਦ | ੧੮੯ |
| ਅੰਧਰ ਕਉ ਸ਼ਬਦ | ੧੯੦ |
| ਆਪਨੋ ਸੁਘੰਨਿ ਜੈਸੇ | ੨੩੮ |

| | ਪੰਨਾ |
|---|---|
| ਐਸੀ ਨਾਇਕਾ ਸੈ | ੨੬੯ |
| ਆਨ ਹਾਟ ਕੇ | ੨੭੬ |
| ਆਂਬ ਕੀ ਸਧਰ | ੨੮੧ |
| ਅੰਬਰ ਬੇਚਨ ਜਾਇ | ੨੮੩ |
| ਆਦਿਤ ਅਉ ਸੋ | ੨੮੮ |
| ਅਸਨ ਬਸਨ ਸੰਗ | ੨੯੫ |
| ਅਪਦਾ ਅਧੀਨ | ੩੦੩ |
| ਆਪਨੋ ਸੁਅੰਨੁ | ੩੨੪ |
| ਅਨਤੈ ਭਵਨ ਪਰੇਮ | ੩੬੧ |
| ਅਨਿਕ ਅਨੂਪ ਰੂਪ | ੩੭੭ |
| ਅਛਲ ਅਛੇਦ ਪ੍ਰਭੂ | ੩੭੭ |
| ਆਵਤ ਹੈ ਜਾਕੈ | ੨੫੯ |
| ਅਗਨਿ ਜਰਤ ਜਲ | ੩੩੪ |
| (ੲ) | |
| ਏਕ ਬ੍ਰਹਮੰਡ ਕੇ | ੬੬ |
| ਏਕ ਹੀ ਗੋਰਸ | ੮੧ |
| ਏਕ ਸੈ ਅਧਿਕ | ੧੩੩ |
| ਏਕ ਮਨ ਆਨ | ੧੪੩ |
| ਏਹੀ ਅਖੀਆਂ | ੨੮੯ |
| ਇਕਟਕ ਧਿਆਨ | ੩੯੦ |
| (ਸ) | |
| ਸਤਿਗੁਰ ਨਾਨਕ ਦੇਵ | ੨ |
| ਸਤਿਗੁਰ ਅਮਰ | ੪ |
| ਸਿਧ ਨਾਥ ਜੋਗੀ | ੧੫੦ |
| ਸ਼ਬਦ ਸੁਰਤ ਲਿਵ | ੨੦ |
| ਸ਼ਬਦ ਸੁਰਤ ਲਿਵ | ੨੨ |
| ਸੀਂਚਤ ਸਲਲ | ੩੨ |
| ਸਤਿ ਬਿਨ ਸੰਜਮ | ੨੩੪ |
| ਸੂਆ ਗਹਿ ਨਲਨੀ | ੩੪ |
| ਸ਼ਬਦ ਸੁਰਤ ਲਿਵ | ੪੫ |
| ਸ਼ਬਦ ਸੁਰੰਤ ਅਵਗਾਹਨ | ੪੬ |
| ਸਕਲ ਸੁਗੰਧ ਤਨ | ੪੮ |
| ਸਬਦ ਸੁਰਤ ਅਵਗਾਹਨ | ੫੩ |
| ਸਬਦ ਸੁਰਤ ਲਿਵ | ੫੪ |
| ਸਤਿਗੁਰ ਦਰਸ਼ਨ | ੫੬ |

| | ਪੰਨਾ |
|---|---|
| ਸਤਿਗੁਰ ਦਰਸ | ੫੭ |
| ਸਤਿਗੁਰ ਦੇਵ ਸੇਵ | ੫੭ |
| ਸਤਿਗੁਰ ਚਰਨ ਸ਼ਰਨ | ੬੦ |
| ਸਫਲ ਜਨਮ ਗੁਰਮੁਖ | ੬੧ |
| ਸਰਿਤਾ ਸਰੋਵਰ | ੬੩ |
| ਸਾਧ ਸੰਗ ਗੰਗ | ੬੫ |
| ਸਬਦ ਸੁਰਤ | ੭੦ |
| ਸ਼ਬਦ ਸੁਰਤ ਆਪਾ | ੭੦ |
| ਸ਼ਬਦ ਸੁਰਤ ਆਪਾ | ੭੧ |
| ਸਲਿਲ ਮੈ ਧਰਨਿ | ੭੨ |
| ਸੁਪਨ ਚਰਿਤਰ ਚਿਤਰ | ੭੬ |
| ਸਹਿਜ ਸਮਾਧਿ ਸਾਧ | ੮੨ |
| ਸਹਿਜ ਸਮਾਧਿ | ੮੩ |
| ਸਹਿਜ ਸਮਾਧ ਸਾਧ | ੮੪ |
| ਸ੍ਰੀ ਗੁਰ ਦਰਸ ਧਿਆਨ | ੮੪ |
| ਸਤਿ ਸਰੂਧ ਸਤਿਨਾਮ | ੯੦ |
| ਸਬਦ ਕੀ ਸੁਰਤ | ੯੪ |
| ਸ਼ਬਦ ਸੁਰਤ ਲਿਵ | ੯੫ |
| ਸਤਿਗੁਰ ਸਤਿਗੁਰ | ੯੭ |
| ਸਤਿਗੁਰ ਸਤਿ | ੯੮ |
| ਸਾਗਰ ਮਥਤ ਜੈਸੇ | ੧੦੪ |
| ਸੋਵਤ ਪੈ ਸੁਪਨ | ੧੦੯ |
| ਸਾਧ ਸੰਗਿ ਦ੍ਰਿਸ਼ਟਿ | ੧੧੧ |
| ਸਤਿਗੁਰ ਸਿਖ ਰਿਦੈ | ੧੧੩ |
| ਸਤਿਗੁਰ ਆਗਿਆ | ੧੧੪ |
| ਸਤਿਗੁਰ ਦਰਸ ਧਿਆਨ | ੧੧੬ |
| ਸਿਹਜਾ ਸੰਜੋਗ | ੩੩੩ |
| ਸ੍ਰੀ ਗੁਰ ਦਰਸ | ੧੩੪ |
| ਸਰਵਰ ਮੈ ਨ ਜਾਨੀ | ੧੪੬ |
| ਸ੍ਰੀ ਗੁਰੂ ਸ਼ਬਦ | ੧੭੨ |
| ਸ਼ਬਦ ਸੁਰਤਿ ਲਿਵ | ੨੭੬ |
| ਸਾਧ ਕੀ ਸੁਜਨਤਾਈ | ੧੯੦ |
| ਸੰਗਮ ਸੰਜੋਗ | ੧੯੨ |
| ਸੁਫਨ ਚਰਿਤ੍ਰ ਚਿਤ੍ਰ | ੧੯੪ |
| ਸਕਲ ਬਨਾਸਪਤੀ | ੧੯੫ |

| | ਪੰਨਾ |
|---|---|
| ਸਫਲ ਬਿਰਖ ਫਲ | ੧੯੬ |
| ਸਾਧ ਸੰਗ ਦਰਸ਼ਨ | ੧੯੭ |
| ਸੁਖ ਦੁਖ ਹਾਨਿ | ੧੯੯ |
| ਸਤਿਰੂਪ ਸਤਿਗੁਰ | ੨੦੫ |
| ਸੋਭਿਤ ਸਰਦ ਨਿਸਿ | ੨੧੦ |
| ਸੋਈ ਲੋਹਾ ਬਿਸਵ | ੨੩੦ |
| ਸੁਰਸੁਰੀ ਸੁਰਸਤੀ | ੨੪੭ |
| ਸੁਪਨ ਚਰਿਤ੍ | ੧੨੮ |
| ਸਲਿਲ ਨਿਵਾਸ ਜੈਸੇ | ੨੫੪ |
| ਸਲਿਲ ਸੁਭਾਵ ਜੈਸੇ | ੨੫੫ |
| ਸਲਿਲ ਸੁਭਾਵ ਦੇਖੇ | ੨੫੫ |
| ਸਤਿਗੁਰ ਚਰਨ ਕਮਲ | ੨੫੭ |
| ਸਰਵਨ ਸੇਵਾ ਕੀਨੀ | ੨੬੧ |
| ਸੋਈ ਪਾਰੋ ਪਾਤ | ੨੮੦ |
| ਸੂਰਜ ਪ੍ਰਗਾਸ ਨਾਸ | ੨੯੯ |
| ਸਫਲ ਜਨਮ ਗੁਰ | ੨੯੬ |
| ਸੂਗ ਚਉਬਟਾ ਮੈ | ੩੦੯ |
| ਸਿੰਮ੍ਰਿਤਿ ਪੁਰਾਣ | ੩੧੭ |
| ਸਿੰਮ੍ਰਿਤ ਪੁਰਾਨ ਬੇਦ | ੩੧੯ |
| ਸਰਪ ਕੈ ਤ੍ਰਾਸ ਸਰਨ | ੩੨੦ |
| ਸਵਾਮਿ ਕਾਜ ਲਾਗਿ | ੩੩੧ |
| ਸੁਤਨ ਕੇ ਪਿਤਾ | ੩੩੯ |
| ਸੰਗਿ ਮਿਲ ਚਲੈ | ੩੪੦ |
| ਸੀਸ ਗੁਰਚਰਨ | ੩੬੬ |
| ਸਫਲ ਜਨਮ ਧੰਨ | ੩੮੦ |
| ਸਿਹਜਾ ਸਮੇ ਅਗਿਆਨ | ੩੯੬ |
| ਸੁਨ ਪ੍ਰਜ ਗਵਨ | ੩੮੮ |
| ਸ਼ਬਦ ਸੁਰਤ ਹੀਨ | ੧੨੫ |
| (ਹ) | |
| ਹਰਦੀ ਅਉ ਚੂਨਾ | ੧੦੨ |
| ਹਉਮੈ ਅਭਿਮਾਨ ਕੈ | ੧੨੦ |
| ਹੋਮ ਜਗ ਨਈਬੇਦ | ੧੫੮ |
| ਹਰਿਮਾਨੀ ਝਗਰੋ | ੧੭੫ |
| ਹਉਮੈ ਅਭਿਮਾਨ | ੨੦੧ |
| ਹਸਤ ਹਸਤ ਪੂਛੈ | ੨੬੨ |

| | ਪੰਨਾ |
|---|---|
| (ਕ) | |
| ਕਿੰਚਤ ਕਟਾਛ | ੩੪ |
| ਕੋਟਿਨ ਕੋਟਾਨਿ | ੮੫ |
| ਕੋਟਿਨ ਕੋਟਾਨਿ ਗਿਆਨ | ੯੪ |
| ਕਿੰਚਤ ਕਟਾਛ ਕ੍ਰਿਪਾ | ੧੨੭ |
| ਕਪਟ ਸਨੇਹ ਜੈਸੇ | ੧੪੮ |
| ਕਟਿਨ ਕੋਟਾਨਿ | ੧੫੫ |
| ਕੋਟਿਨ ਕੋਟਾਨਿ ਛਬ | ੧੬੩ |
| ਕੋਟਿਨ ਕੋਟਾਨਿ ਧਿਆਨ | ੧੬੫ |
| ਕੋਟਿ ਬ੍ਰਹਮਾਡ ਜਾਕੇ | ੧੬੯ |
| ਕਿੰਚਤ ਕਟਾਛ | ੧੮੩ |
| ਕਾਰਤਿਕ ਜੈਸੇ ਦੀਪ | ੧੯੮ |
| ਕਾਰਤਿਕ ਮਾਸ ਰੁਤ | ੨੦੬ |
| ਕਕਰੀ ਦੇ ਮਾਂਗ | ੨੦੮ |
| ਕੰਚਨ ਅਸੁਧ ਜੈਸੇ | ੨੧੦ |
| ਕੋਟਿਨ ਕੋਟਾਨਿ ਕਾਮ | ੨੧੬ |
| ਕੂਲਾ ਬਧੂ ਜੈਸੇ | ੨੩੦ |
| ਕਊਆ ਜੋ ਮਰਾਲ | ੨੩੦ |
| ਕੋਇਲ ਸੀਤਲਕਰ | ੨੩੧ |
| ਕੰਚਨ ਕਲਸ ਜੈਸੇ | ੨੩੨ |
| ਕੋਊ ਬੇਚੈ ਗੜਿ ਗੜਿ | ੨੩੩ |
| ਕਰਤ ਨ ਇਛਾ ਕਛੂ | ੨੩੪ |
| ਕਵਨ ਅੰਜਨ ਕਰਿ | ੩੬੫ |
| ਕਬਲਾਗੇ ਮਸਤਿਕ ਚਰਨ | ੨੩੯ |
| ਕੋਟਿਨ ਕੋਟਾਨਿ ਮਨਿ | ੨੫੩ |
| ਕੂਆ ਕੋ ਮੇਂਡਕ | ੨੮੦ |
| ਕਉਡਾ ਪੈਸਾ | ੨੮੫ |
| ਕਤ ਪੁਨਿ ਮਾਨਸ | ੨੯੬ |
| ਕਾਹੂ ਦਿਸ਼ਾ ਕੇ ਪਵਨ | ੩੨੨ |
| ਕੋਊ ਹਰ ਜੋਰੈ | ੩੪੬ |
| ਕਾਲਰ ਮੈ ਬੋਇ | ੩੪੯ |
| ਕੇਹਰਿ ਅਹਾਰ ਮਾਸ | ੩੫੦ |
| ਕਵਨ ਭਕਤਿ ਕਰਿ | ੩੫੧ |
| ਕਵਨ ਗੁਣ ਗਾਇਕੈ | ੩੫੧ |
| ਕੋਟਿ ਪ੍ਰਕਾਰ ਨਾਰਿ | ੩੦੦ |

| | ਪੰਨਾ |
|---|---|
| ਕੈਸੇ ਕੈ ਅਗਹ ਗਹਿਓ | ੩੭੮ |
| ਕਹਿ ਧਉ ਕਹਾ ਕੂ | ੩੭੮ |
| ਕੋਟਿਨ ਕੋਟਾਨਿ ਸੁਖ | ੩੭੯ |
| ਕਰ ਅੰਜੁਲ ਜਲ | ੩੮੪ |
| ਕਾਮ ਕਰੋਧ ਲੋਭ | ੧੭੪ |
| (ਖ) | |
| ਖਗ ਮ੍ਰਿਗ ਮੀਨ | ੨੫੩ |
| ਖੁਲੈ ਸੈ ਬੰਧਨ | ੯੯ |
| ਖੰਜੀ ਖੋਜ ਢੋਖ | ੨੬੩ |
| ਖਗਪਤਿ ਪ੍ਰਬਲ | ੪੪ |
| ਖਾਂਡ ਖਾਂਡ ਕਹੈ | ੨੧੧ |
| (ਗ) | |
| ਗੁਰ ਭਏ ਗੁਰਮੁਖ | ੫ |
| ਗੁਰਮੁਖ ਰਮਤਾ ਰਾਮ | ੫ |
| ਗੁਰ ਸਿਖ ਸੰਧ | ੬ |
| ਗੁਰਮੁਖ ਸੁਖਫਲ | ੧੨ |
| ਗੁਰਮੁਖ ਸੁਖ ਫਲ ਦਇਆ | ੧੫ |
| ਗੁਰਮੁਖ ਸੁਖ ਫਲ | ੧੪ |
| ਗੁਰ ਉਪਦੇਸ ਰਿਦੈ | ੧੬ |
| ਗੁਰਮਤ ਸਤਿ ਕਰ | ੧੭ |
| ਗੁਰਮਤਿ ਸਤਿ ਕਰ ਅਧਮ | ੧੮ |
| ਗੁਰਮਤਿ ਸਤਿ ਕਰ ਬੈਰ | ੧੮ |
| ਗੁਰਮੁਖ ਸਤਿ ਕਰ ਸਿਬਲ | ੧੯ |
| ਗ੍ਰਿਹਿ ਮਹਿ ਗ੍ਰਿਹਸਤੀ | ੨੩ |
| ਗੁਰਸਿਖ ਸੰਧਿ | ੩੬ |
| ਗੁਰਸਿਖ ਸੰਧਿ ਮਿਲੇ | ੩੬ |
| ਗੁਰਮੁਖਿ ਮਨ ਬਚ | ੪੦ |
| ਗੁਰਮੁਖਿ ਮਨ ਬਚ | ੪੧ |
| ਗੁਰਮੁਖਿ ਪੰਥ ਗਹੇ | ੪੩ |
| ਗੁਰਮੁਖ ਸੁਖਤ ਚਾਹਿਤਾ | ੪੩ |
| ਗੁਰਮੁਖ ਮਨ ਬਚ | ੪੭ |
| ਗੁਰਸਿਖ ਇਕ ਮੇਕ | ੫੧ |
| ਗੁਰ ਸਿਖ ਸਾਧ ਸੰਗ | ੬੦ |
| ਗੁਰਮੁਖ ਮਾਰਗ | ੬੧ |
| ਗੁਰਮੁਖ ਆਪਾ | ੬੧ |

| | ਪੰਨਾ |
|---|---|
| ਗਾਡਾ ਮੈ ਮਿਠਾਸ | ੭੨ |
| ਗੁਰਮੁਖ ਸਾਧ | ੮੩ |
| ਗੁਰਮੁਖ ਸਾਧ ਸੰਗੁ | ੯੦ |
| ਗੁਰਮੁਖ ਧਿਆਨ ਕੈ | ੯੫ |
| ਗੁਰਮੁਖ ਪੂਰਨ ਬ੍ਰਹਮ | ੯੮ |
| ਗੁਰਮੁਖ ਸ਼ਬਦ | ੧੦੮ |
| ਗੁਰਮਤਿ ਚਰਮ ਦ੍ਰਿਸ਼ਟਿ | ੧੧੨ |
| ਗੁਰਮੁਖ ਸੁਖ ਫਲ | ੧੧੪ |
| ਗੁਰਮੁਖ ਸੁਖ ਫਲ | ੧੧੫ |
| ਗੁਰਮੁਖ ਸਬਦ ਸੁਰਤ | ੧੨੦ |
| ਗੁਰ ਸਿਖ ਏਕ ਮੇਕ | ੧੨੧ |
| ਗੁਰ ਸਿਖ ਸੰਗਤਿ | ੧੨੨ |
| ਗੁਰ ਸਿਖ ਏਕ ਮੇਕ ਰੋਮ | ੧੨੨ |
| ਗੁਰਮਤਿ ਸਤਿ ਰਿਦੈ | ੧੪੧ |
| ਗਊ ਮੁਖ ਬਾਘ | ੧੪੯ |
| ਗੁਰਮੁਖ ਸ਼ਬਦ ਸੁਰਤ | ੧੫੬ |
| ਗੁਰਮੁਖ ਸ਼ਬਦ ਸੁਰਤ | ੧੫੭ |
| ਗੁਰਮੁਖ ਸ਼ਬਦ ਸੁਰਤ | ੧੫੯ |
| ਗੁਰਮੁਖ ਮਾਰਗ ਹੁਇ | ੧੬੦ |
| ਗੁਰ ਸਿਖ ਸਾਧ ਰੂਪ | ੧੬੧ |
| ਗੁਰਮੁਖ ਮਾਰਗ ਹੁਇ | ੧੬੧ |
| ਗੁਰ ਸਿਖ ਸੰਗਤਿ | ੧੬੨ |
| ਗੁਰਮੁਖ ਸ਼ਬਦ | ੧੭੧ |
| ਗੁਰਮੁਖ ਸੁਖ ਫਲ | ੧੭੨ |
| ਗੁਰ ਸਿਖ ਸੰਗਤਿ | ੧੭੩ |
| ਗੁਰਮੁਖਿ ਸੰਗਤਿ | ੧੭੩ |
| ਗੁਰ ਸਿਖ ਸੰਗਤਿ | ੧੮੬ |
| ਗੁਰਮੁਖਿ ਪੰਥ ਗੁਰ | ੧੯੪ |
| ਗੁਰਮਤਿ ਸਤਿ ਏਕ | ੨੦੦ |
| ਗੁਰ ਸਿਖ ਸੰਗਤਿ | ੨੦੪ |
| ਗੁਰ ਉਪਦੇਸ ਪਰਵੇਸ਼ | ੨੫੬ |
| ਗੁਰ ਸਿਖ ਸੰਗਤ | ੨੬੭ |
| ਗਿਰਗਟ ਕੈ ਰੰਗ | ੨੭੫ |
| ਗਿਰਤ ਅਕਾਸ ਤੇ | ੨੮੩ |
| ਗੁਰ ਉਪਦੇਸ਼ ਪ੍ਰਾਤ | ੩੫੯ |

| | ਪੰਨਾ |
|---|---|
| (ਘ) | |
| ਘਟ ਘਟ ਕਾ | ੧ |
| ਘੋਂਸਲਾ ਮੈ ਅੰਡਾ | ੧੧੬ |
| ਘਰੀ ਘਰੀ ਟੇਰਿ | ੩੮੩ |
| (ਚ) | |
| ਚਿਰੰਕਾਲ ਮਾਨਸ | ੧੩ |
| ਚਰਨ ਸਰਨਿ | ੩੭ |
| ਚਰਨ ਸਰਨਿ | ੩੮ |
| ਚਰਨ ਕਮਲ ਮਕਰੰਦ | ੪੯ |
| ਚਰਨ ਸਰਨ ਗੁਰ | ੫੧ |
| ਚੀਟੀ ਕੋ ਉਦਰ | ੫੨ |
| ਚਰਨ ਕਮਲ ਕੋ | ੫੫ |
| ਚਰਨ ਸਰਨ ਗੁਰ ਭਾਈ | ੫੯ |
| ਚਰਨ ਕਮਲ ਮਕਰੰਦ | ੬੩ |
| ਚਤਰ ਬਰਨ ਮਿਲ | ੬੪ |
| ਚਰਨ ਸਰਨ ਗਹਿ | ੬੬ |
| ਚਰਨ ਸਰਨ ਗੁਰ ਏਕ | ੭੩ |
| ਚਤੁਰ ਪਹਿਰ ਦਿਨ | ੧੦੧ |
| ਚਤਰ ਧਰਮੈ | ੧੧੭ |
| ਚਰਨ ਕਮਲ ਰਜਾ | ੧੨੧ |
| ਚਾਰ ਕੁੰਟ ਸਾਤ | ੧੨੩ |
| ਚਰਨ ਕਮਲ ਮਕਰੰਦ | ੧੩੫ |
| ਚਰਨ ਕਮਲ ਗੁਰ | ੧੩੬ |
| ਚਰਨ ਸਰਨਿ ਗੁਰ | ੧੫੪ |
| ਚਰਨ ਕਮਲ ਮਕਰੰਦ | ੧੬੬ |
| ਚਰਨ ਸਰਨ ਗੁਰ | ੧੭੧ |
| ਚਰਨ ਕਮਲ ਮਕਰੰਦ | ੧੭੭ |
| ਚਰਨ ਸਰਨਿ ਰਜਿ | ੧੭੮ |
| ਚੰਦ੍ਰਮਾ ਅਛਤ ਰਵਿ | ੧੭੯ |
| ਚਕਈ ਚਕੋਰ ਮ੍ਰਿਗ | ੧੯੦ |
| ਚਰਨ ਕਮਲ ਰਜ | ੨੦੨ |
| ਚਰਨ ਕਮਲ ਰਜ | ੨੦੨ |
| ਚਰਨ ਕਮਲ ਮਜਨ | ੨੦੩ |
| ਚਿੰਤਾ ਮਨਿ ਚਿਤਵਤ | ੨੪੩ |
| ਚਾਹਿ ਚਾਹਿ ਚੰਦਰ | ੨੫੪ |

| | ਪੰਨਾ |
|---|---|
| ਚੰਦਨ ਸਮੀਪ ਬਸਿ | ੩੦੦ |
| ਚਲਨੀ ਮੈ ਜੈਸੇ | ੩੦੩ |
| ਚੰਦਨ ਕੀ ਬਾਰਿ ਜੈਸੇ | ੩੧੬ |
| ਚਰਨ ਕਮਲ ਭਜ | ੨੬ |
| ਚਕਈ ਚਕੋਰ | ੨੯੨ |
| ਚੀਕਨੇ ਕਲਸ | ੩੭੨ |
| (ਛ) | |
| ਛਬਿ ਕੈ ਅਨੇਕ ਛੀਬ | ੯੨ |
| ਛਤ੍ਰਿ ਕੇ ਬਦਲੇਂ ਜੈਸੇ | ੨੩੨ |
| (ਜ) | |
| ਜਗ ਮਗ ਜੋਤਿ | ੩ |
| ਜਉ ਲਉ ਅਨਰਸ | ੧੦ |
| ਜੈਸੇ ਕੁਲਾ ਬਧੂ | ੩੨ |
| ਜੋਗ ਬਿਖੈ ਭੋਗ | ੩੩ |
| ਜੈਸੇ ਬੀਜ ਬੋਇ | ੫੫ |
| ਜੈਸੇ ਨਾਉ ਬੂਡਤ | ੪੯ |
| ਜੈਸੇ ਪਿੜਾ ਪਾਲਤਾ | ੬੭ |
| ਜੈਸੇ ਕਛਪ ਧਰਿ | ੬੮ |
| ਜੈਸੇ ਮਾਤ ਪਿਤਾ | ੬੮ |
| ਜੈਸੇ ਨਿਰਪ ਧਾਮ | ੭੬ |
| ਜੈਸੇ ਤਉ ਗੇ | ੮੪ |
| ਜੈਸੇ ਕਰਪੂਰ ਮੈ | ੮੮ |
| ਜੈਸੇ ਤਉ ਮਜੀਠ | ੮੯ |
| ਜੈਸੇ ਸੂਆ ਉਡਤ | ੧੦੦ |
| ਜੈਸੇ ਜੈਸੇ ਰੰਗ ਸੰਗ | ੧੦੧ |
| ਜੈਸੇ ਰਗ ਸੰਗ | ੧੦੨ |
| ਜੈਸੇ ਚਕਈ ਮੁਦਿਤ | ੧੦੩ |
| ਜੈਸੇ ਤਉ ਸਲਿਲ | ੧੦੪ |
| ਜੈਸੇ ਤਉ ਅਸ਼ਟਧਾਤ | ੧੦੬ |
| ਜੈਸੇ ਘਰ ਲਾਗੈ ਆਗ | ੧੦੭ |
| ਜੈਸੇ ਪ੍ਰਿਯਾ ਭੇਟਤ | ੧੧੩ |
| ਜੋਈ ਪ੍ਰਿਯ ਭਾਵੈ | ੧੩੦ |
| ਜੋਈ ਪ੍ਰਿਯਾ ਭਾਵੈ | ੧੩੦ |
| ਜਬ ਤੇ ਪਰਮ ਗੁਰ | ੧੩੫ |
| ਜਨਨੀ ਸੁਤਹਿ ਬਿਖਾ | ੧੩੮ |

| | ਪੰਨਾ | | ਪੰਨਾ | | ਪੰਨਾ |
|---|---|---|---|---|---|
| ਜੈਸੇ ਪੰਛਾ ਉਡਤ | ੧੪੪ | ਜੈਸੇ ਸਰੁਸ ਰਿਤਾ ਸਕਲ | ੨੨੫ | ਜੈਸੇ ਤਉ ਬਿਰਖ | ੨੮੦ |
| ਜੈਸੇ ਮਨ ਲਾਗਤ | ੧੪੬ | ਜੈਸੇ ਮਾਤਾ ਪਿਤਾ ਨ | ੨੨੬ | ਜੈਸੇ ਘਾਮ ਤੀਖਨ | ੨੮੧ |
| ਜੈਸੇ ਮਨ ਧਾਵੈ | ੧੪੬ | ਜੈਸੇ ਤਉ ਕਰਤ ਸੁਤ | ੨੨੭ | ਜੈਸੇ ਰੂਪ ਰੰਗ | ੨੮੨ |
| ਜੈਸੇ ਤਉ ਕੁਚੀਲ | ੧੪੮ | ਜੋਈ ਕੁਲਾ ਧਰਮ | ੨੨੭ | ਜੈਸੇ ਮ੍ਰਿਗ ਰਾਗ | ੨੮੪ |
| ਜੈਸੇ ਚਕਵੀ ਚਕਵਾ | ੧੫੦ | ਜਲ ਕੈ ਧਰਨਿ | ੨੨੮ | ਜਉ ਪੈ ਤੂੰਬਰੀ | ੨੮੪ |
| ਜਤ ਸਤ ਸਿੰਘਾਸਨ | ੧੫੩ | ਜੈਸੇ ਏਕ ਜਨਨੀ ਕੈ | ੨੩੪ | ਜੈਸੇ ਤਉ ਪਤਿ ਬ੍ਰਤ | ੨੮੬ |
| ਜੈਸੇ ਕਾਚੋ ਪਾਰੈ | ੧੬੦ | ਜੈਸੇ ਦਰਪਨ ਦਿਖਿ | ੨੩੫ | ਜੈਸੇ ਪਤਿਬ੍ਰਤਾ | ੨੮੭ |
| ਜੈਸੇ ਦਰਪਨ ਬਿਖੈ | ੧੬੫ | ਜੈਸੇ ਕੁਲਾ ਬਧੂ | ੨੩੫ | ਜਾਕੋ ਨਾਮ ਹੈ | ੨੮੮ |
| ਜੈਸੇ ਜਲ ਜਲਜ | ੧੭੭ | ਜੈਸੇ ਨੈਨ ਬੈਨ | ੨੩੮ | ਜੈਸੇ ਜਲ ਮਿਲਿ | ੨੯੧ |
| ਜੈਸੇ ਬੋਝ ਭਰੀ | ੧੮੭ | ਜੈਸੇ ਚੀਟੀ ਕਰਮ ਕਰਮ | ੩੪੧ | ਜਉ ਕੋਊ ਬੁਲਾਵੈ | ੨੯੩ |
| ਜੈਸੇ ਤਉ ਬਸਨ | ੧੮੮ | ਜੈਸੇ ਬਣ ਰਾਇ ਪਰਫੁਲਤ | ੨੪੨ | ਜੈਸੇ ਘਰਿ ਲਾਗੈ | ੨੯੪ |
| ਜੈਸੇ ਤਉ ਅਕਸਮਾਤ | ੧੯੬ | ਜੈਸ ਹਸ ਬੋਲਨ ਹੀ | ੨੪੨ | ਜੈਸੇ ਤਉ ਚਪਲ | ੨੯੪ |
| ਜੈਜੇ ਜਲ ਅੰਤਰਿ | ੧੯੮ | ਜੈਸੇ ਤਉ ਮਿਠਾਈ | ੨੪੪ | ਜੈਸੇ ਏਕ ਸਮੇਂ | ੨੯੫ |
| ਜੈਸੇ ਨਿਰਮਲ ਦਰਪਨ | ੧੯੮ | ਜਉ ਪੈ ਦੇਖਿ ਦੀਪਕ | ੨੪੫ | ਜੈਸੇ ਤਉ ਪਲਾਸ | ੨੯੭ |
| ਜੈਸੇ ਦੀਪ ਦਿਪਤਿ | ੨੧੧ | ਜੈਸੇ ਏਕ ਚੀਟੀ ਪਾਛੈ | ੨੪੬ | ਜੈਸੇ ਜਲ ਮਧਿ | ੨੯੮ |
| ਜੈਜੇ ਦੀਪ ਦਿਪਤਿ | ੨੧੨ | ਜੈਸੇ ਪ੍ਰਿਅ ਸੰਗਮ | ੨੪੭ | ਜਉ ਹਮ ਅਧਿਮ | ੨੯੯ |
| ਜਉ ਪੈ ਜਾਨ ਅਨੂਪ | ੨੧੨ | ਜੈਸੇ ਕਾਛੀ ਫਲ | ੨੪੭ | ਜੈਸੇ ਤਉ ਅਰੋਗ | ੨੯੯ |
| ਜਨਨੀ ਜਤਨ ਕਰਿ | ੨੧੩ | ਜੈਸੇ ਕੁਆਰ ਕੰ ਨਆ | ੨੫੧ | ਜੈਸੇ ਬਿਖ ਤਨਕ | ੩੦੦ |
| ਜੈਸੇ ਤਉ ਜਨਨੀ | ੨੧੩ | ਜੈਸੇ ਗੁਬਾਰ ਗਾਇਨ | ੨੫੨ | ਜੈਸੇ ਪਰਦਾਰਾ ਕੋ | ੩੦੧ |
| ਜਨਨੀ ਸੁਤਿ ਜਉ | ੨੧੪ | ਜੈਸੇ ਘਾਉ ਘਾਇਲ | ੨੫੨ | ਜੈਸੇ ਰੈਨਿ ਸਮੇਂ | ੩੦੧ |
| ਜੈਸੇ ਕਰ ਗਹਿਤ ਸਰਪ | ੨੧੪ | ਜਉ ਲਉ ਕਰਿ ਕਾਮਨਾ | ੨੫੬ | ਜੈਸੇ ਫਲ ਫੂਲਹਿ | ੩੦੨ |
| ਜੈਸੇ ਮਿਸਟਾਨ ਪਾਨ | ੨੧੫ | ਜਾਤਿ ਸਿਰ ਜਾਸਨ | ੨੫੯ | ਜੈਸੇ ਚੋਆ ਚੰਦਨ | ੩੦੨ |
| ਜੈਸੇ ਤਉ ਸੁ ਮੇਰਾ | ੨੧੬ | ਜੈਸੇ ਬਛਰਾ ਬਿਛਰ | ੨੬੩ | ਜਲ ਕੈ ਨਿਕਾਸ ਮੀਨ | ੩੦੪ |
| ਜੈਸੇ ਸੁਕਦੇਵ ਦੇ | ੨੧੭ | ਜੈਸੇ ਘਨਘੋਰ ਮੋਰ | ੨੬੪ | ਜੈਸੇ ਟੂਟ ਨਾਰਬੇਲ | ੩੦੪ |
| ਜੈਸੇ ਬ੍ਰਿਥਾਵੰਤ | ੨੧੯ | ਜੈਸ ਭੂਲ ਬਛਰਾ | ੨੬੫ | ਜੈਸੇ ਬਿਨ ਪਵਨ | ੩੦੫ |
| ਜੈਸੇ ਘਨੀਯਾਨ | ੨੨੦ | ਜੈਸੇ ਤਉ ਗਗਨ | ੨੬੬ | ਜੈਸੇ ਕਾਚੋ ਪਾਰੋ | ੩੦੫ |
| ਜੈਸੇ ਤਉ ਸਫਲ | ੨੨੦ | ਜੈਸੇ ਜਲ ਕੂਪ | ੨੭੦ | ਜੈਸੇ ਮੇਘ ਬਰਸਤ | ੩੦੬ |
| ਜੈਸੇ ਸਤਿ ਜਤਿ | ੨੨੧ | ਜੈਸੇ ਉਲੂ ਦਿਨ ਸਮੇਂ | ੨੭੦ | ਜੈਸੇ ਰਾਜਾ ਰਵਤ | ੩੦੬ |
| ਜੇਤੇ ਫੂਲ ਫੂਲੇਂ | ੨੨੧ | ਜੈਸੇ ਉਲੂ ਆਦਿਤ | ੨੭੧ | ਜੈਸੇ ਬਛਰਾ ਬਿਲਲਾਤ | ੩੦੭ |
| ਜੈਸੇ ਮਾਹਿ ਅਗਨ | ੨੨੨ | ਜੈਸੇ ਤਉ ਨਗਨ | ੨੭੧ | ਜਉ ਪੈ ਚੋਰ ਚੋਰੀ | ੩੦੯ |
| ਜੈਸੇ ਮਾਤਾ ਪਿਤਾ | ੨੨੨ | ਜੈਸੇ ਘਾਨ ਬਿਰਖ | ੨੭੨ | ਜਾਤ ਹੈ ਜਗਤ ਜੈਸੇ | ੩੧੦ |
| ਜੈਸੇ ਨਰਪਤਿ ਬਹੁ | ੨੨੩ | ਜੈਸੇ ਤਉ ਸਕਲ | ੨੭੪ | ਜੈਸੇ ਗਜ ਰਾਜ ਗਾਜਿ | ੩੧੦ |
| ਜੈਸੇ ਹੀਰਾ ਹਾਥ ਮੈ | ੨੨੪ | ਜਉ ਕੋਉ ਮਵਾਸ | ੨੭੭ | ਜਉ ਗਰਬੇ ਬਹੁ | ੩੧੧ |
| ਜੈਸੇ ਮਦ ਪੀਅਤ | ੨੨੪ | ਜੈਸੇ ਉਪਬਨ ਆਮ | ੨੭੮ | ਜੈਸੇ ਅਹਿਨਿਸ | ੩੧੨ |
| ਜੈਸੇ ਮਛੁ ਕਛ ਬਰਾ | ੨੨੫ | ਜੈਸੇ ਪਤਿਬ੍ਰਤਾ ਪਰ | ੨੭੯ | ਜੈਸੇ ਬਿਨ ਲੋਚ | ੩੧੪ |

| | ਪੰਨਾ | | ਪੰਨਾ | | ਪੰਨਾ |
|---|---|---|---|---|---|
| ਜੈਸੇ ਫਲ ਸੇ ਬਿਰਖ | ੩੧੪ | ਜੋਈ ਪ੍ਰਭੂ ਭਾਵੈ | ੩੪੭ | ਜਾਕੈ ਏਕ ਫਨ | ੩੯੦ |
| ਜੈਸੇ ਤਿਲਿ ਬਾਸੁ | ੩੧੫ | ਜੈਸੇ ਤਉ ਸਮੁੰਦਰ | ੩੪੮ | ਜੈਸੇ ਤਉ ਅਨੇਕ | ੩੯੨ |
| ਜੈਸੇ ਤਉ ਸਰਿਤਾ | ੩੧੬ | ਜੈਸੇ ਚੂਨੋ ਖਾਂਡ | ੩੪੮ | (ਤ) | |
| ਜੈਸੇ ਜਲ ਧੋਇ | ੩੧੬ | ਜੈਸੇ ਕਰਪੂਰ ਲੋਨ | ੩੪੯ | ਤੁਸ ਮੈ ਤੰਦੁਲ ਬੋਏ | ੮੦ |
| ਜੈਸੇ ਮਾਂਝ ਬੈਠੇ | ੩੧੬ | ਜੈਸੇ ਪਤਿ ਸਵੇਤ | ੩੫੦ | ਤਨਕ ਹੀ ਜਾਮਨ | ੧੧੧ |
| ਜੈਸੇ ਤਉ ਕਹੈ | ੩੧੭ | ਜੈਸੇ ਜਲ ਮਿਲਿ | ੩੫੧ | ਤਿਰਗੁਨ ਅਤੀਤ | ੨੪ |
| ਜੈਸੇ ਖਾਂਡ ਖਾਂਡ | ੩੧੮ | ਜੈਸੇ ਬਿਬਿਧ ਪਰਕਾਰ | ੩੫੩ | ਤੈਸੋ ਨ ਨਾਥ ਅਨਾਥ | ੩੧੧ |
| ਜੈਸੇ ਤਉ ਸਕਲ | ੩੨੦ | ਜੈਸੇ ਸਿਮਰਿ ਸਿਮਰਿ | ੩੫੩ | ਤਿਨ ਤਿਨ ਮੇਲ ਜੈਸੇ | ੩੧੩ |
| ਜੈਸੇ ਪ੍ਰਾਤ ਸਮੇਂ | ੩੨੧ | ਜੈਸੇ ਅੰਧਕਾਰ | ੩੫੪ | ਤਰਵਰ ਗਿਰੇ ਪਾਤੁ | ੩੪੬ |
| ਜੈਸੇ ਮਧੁ ਮਾਖੀ | ੩੨੪ | ਜੈਸੇ ਫਲ ਤੇ ਬਿਰਖ | ੩੫੫ | ਤੀਰਥ ਜਾਤਰਾ ਸਮੇਂ | ੨੧੮ |
| ਜਾਕੇ ਅਨਿਕ ਫਨੰਗ | ੩੨੫ | ਜੈਸੇ ਤਿਲ ਬਾਸ | ੩੫੫ | ਤੀਰਥ ਮਜਨ | ੨੨੬ |
| ਜੈਸੇ ਤੋ ਕੰਚਨੈ | ੩੨੬ | ਜੈਸੇ ਧਰ ਧਨੁਖ | ੩੫੬ | ਤੀਰਥ ਪੁਰਬ ਦਵ | ੨੩੭ |
| ਜੈਸੇ ਪਾਟ ਚਾਕੀ | ੩੨੬ | ਜੈਸੇ ਖਰ ਬੋਲ ਸੁਨ | ੩੫੭ | (ਦ) | |
| ਜੈਸੇ ਤਉ ਮਰਾਲ | ੩੨੭ | ਜੈਸੇ ਧੋਬੀ ਸਾਬਨ | ੩੫੮ | ਦਰਸਨ ਦੇਖਤ | ੮ |
| ਜੈਸੇ ਬਨਤਰ | ੩੨੭ | ਜੈਸੇ ਕਸ ਨਖ | ੩੫੯ | ਦਸਮ ਸਥਾਨ | ੮ |
| ਜੈਸੇ ਕਿਰਤਾਸ | ੩੨੮ | ਜੈਸੇ ਜੋਧਾ ਜੁਧ | ੩੬੦ | ਦਸਮ ਧਿਆਨ | ੧੪ |
| ਜੈਸੇ ਖਾਂਡ ਚੂਨ | ੩੨੮ | ਜੈਸ ਤਉ ਨਰਿੰਦ | ੩੬੧ | ਦਰਸਨ ਜੋਤਿ | ੧੭ |
| ਜੈਸੇ ਨਰਪਤ ਬਨਿਤਾ | ੩੨੯ | ਜੈਸੇ ਜਲਿ ਸਿੰਚ | ੩੬੫ | ਦੁਬਿਧਾ ਨਿਵਾਰਿ | ੨੫ |
| ਜੈਸੇ ਬੀਰਾ ਰਾਧੀ | ੩੩੦ | ਜੈਸੇ ਮੇਘ ਬਰਖਾ | ੩੬੭ | ਦੁਰਮਤਿ ਮੇਟਿ | ੨੭ |
| ਜੈਸੇ ਦੀਪ ਜੋਤਿ | ੩੩੦ | ਜੈਸੇ ਬਾਨ ਧਨੁਖ | ੩੬੭ | ਦ੍ਰਿਸਟ ਮੈ ਦਰਸ | ੩੫ |
| ਜੈਸੇ ਪੇਖਿ ਸਿਆਮ | ੩੩੨ | ਜੈਸੇ ਮਾਲਾ ਮੇਰ | ੩੬੮ | ਦ੍ਰਿਸਟ ਦਰਸ ਲਿਵ | ੪੬ |
| ਜੈਸੇ ਅਹਿਨਿਸ | ੩੩੨ | ਜੈਸੇ ਪਾਂਚੋ ਤਤੁ | ੩੬੯ | ਦਰਸ਼ਨ ਧਿਆਨ ਦਿਬਿ | ੭੫ |
| ਜੈਸੇ ਅਨਚੁਰ | ੩੩੩ | ਜੈਸੇ ਰੋਗ ਰੋਗੀ | ੩੬੯ | ਦਰਸ਼ਨ ਜੋਤਿ ਕੋ | ੯੧ |
| ਜੈਸੇ ਤਉ ਪਰਸੂਤ | ੩੩੭ | ਜੈਸੇ ਕੇਲਾ ਬਸਤ | ੩੭੦ | ਦਰਸ਼ਨ ਜੋਤ ਕੋ ਉਦੋਤਿ | ੯੨ |
| ਜੈਸੇ ਬੈਲ ਤੇਲੀ | ੩੩੮ | ਜੈਸੇ ਨੀਰ ਖੀਰ | ੩੭੧ | ਦਰਸ ਅਦਰਸ | ੯੯ |
| ਜੈਸੇ ਤਿਲ ਪੀੜ | ੩੩੯ | ਜੈਸੇ ਪਾਕਸਾਲਾ | ੩੭੨ | ਦੁਰਮਤਿ ਗੁਰਮਤ | ੧੧੨ |
| ਜੈਸੇ ਅਨਾਦਿ | ੩੪੦ | ਜਾਕ ਨਾਇਕਾ | ੩੭੫ | ਦੀਪਕ ਪਤੰਗ | ੧੧੮ |
| ਜੈਸੇ ਤਾਤ ਮਾਤ | ੩੪੧ | ਜੈਸੇ ਜਾਰ ਚੋਰ | ੩੭੫ | ਦਰਸ ਧਿਆਨ | ੧੨੭ |
| ਜੈਸੇ ਜਨਮਤ ਕੰਨਿਆ | ੩੪੧ | ਜੈਸੇ ਦਰਪਨ ਸੂਧੋ | ੩੭੬ | ਦੇਖਬੇ ਕਉ ਦ੍ਰਿਸਟਿ | ੧੨੯ |
| ਜੈਸੇ ਲਾਖ ਕੋਰਿ | ੩੪੨ | ਜੈਸੇ ਤਉ ਪਪੀਹਾ | ੩੭੬ | ਦ੍ਰਿਸਟਿ ਦਰਸ ਸਮਦਰਸ | ੧੫੬ |
| ਜੈਸੇ ਤਉ ਚੰਪਕ | ੩੪੨ | ਜੈਸੇ ਅਗਹਿ ਗਹਿਓ | ੩੭੮ | ਦਰਸ ਧਿਆਨ ਲਿਵ | ੧੭੦ |
| ਜੈਸੇ ਬ੍ਰਿਰਥਾਵੰਤ | ੩੪੩ | ਜੈਸੇ ਐ ਸਰਦ ਨਿਸ | ੩੮੨ | ਦਰਸਨ ਸੋਭਾ | ੧੭੦ |
| ਜੈਸੇ ਅਲਿਕਮਲ | ੩੪੪ | ਜਾ ਦਿਨ ਜਗਤ ਮਨਿ | ੩੮੨ | ਦਰਸਨ ਜੋਤਿ ਕੋ | ੧੭੮ |
| ਜੈਸੇ ਦੀਪ ਦੀਪਤ | ੩੪੫ | ਜਉ ਲਉ ਦੀਪ ਜੋਤ | ੩੮੫ | ਦੁਰਮਤਿ ਗੁਰਮਤਿ | ੧੮੦ |
| ਜੈਸੇ ਪੋਸਤੀ ਸੁਨਤਿ | ੩੪੫ | ਜੋਈ ਮਿਲੈ ਆਪਾ | ੩੮੫ | ਦ੍ਰਿਸਟ ਦਰਸ ਲਿਵ | ੧੯੨ |

| | ਪੰਨਾ |
|---|---|
| ਦਾਦਰ ਸਰੋਜ | ੧੮੧ |
| ਦੀਪਕ ਪੈ ਆਵਤ | ੧੯੧ |
| ਦੀਪਕ ਪਤੰਗ ਮਿਲਿ | ੧੯੩ |
| ਦੀਪਕ ਪਤੰਗ ਅਲਿ | ੧੯੩ |
| ਦਮਕ ਕੈ ਦੇਖ | ੧੯੫ |
| ਦਰਸ ਧਿਆਨ ਧਿਆਨੀ | ੧੯੭ |
| ਦਿਨਕਰ ਕਿਰਨਿ | ੨੦੭ |
| ਦਿਗਨ ਕਉ ਜਿਹਬਾ | ੨੩੮ |
| ਦੈਂਤ ਸੁਤ ਭਗਤ | ੨੪੩ |
| ਦੇਖਿ ਦੇਖਿ ਦਿਰਗੁਨ | ੨੫੨ |
| ਦਰੋਪਤੀ ਕੁਪੀਨ ਮਾਤਰ | ੨੬੦ |
| ਦੋਇ ਦਰਪਨ ਦੇਖੈ | ੩੭੯ |
| ਦਰਸਨ ਦੇਖਿਓ | ੩੧੮ |
| ਦਰਸਨ ਦੀਪਕ ਦੇਖਿ | ੩੨੩ |
| ਦ੍ਰਿਗਨ ਮੈਂ ਦੇਖਤਾ | ੩੬੩ |
| (ਧ) | |
| ਧਨਿ ਧੰਨਿ ਗੁਰਸਿਖ | ੯੬ |
| (ਨ) | |
| ਨਾਮ ਦੋਇ | ੭ |
| ਨਾਨਾ ਮਿਸਟਾਨ | ੧੦ |
| ਨਿਰਗੁਨ ਸਰਗੁਨ | ੨੯ |
| ਨੈਹਰ ਕੁਆਰ ਕੰਨਿਆ | ੭੮ |
| ਨੈਹਰ ਕੁਟੰਬ ਤਜਿ | ੭੯ |
| ਨਿਹਫਲ ਜਿਹਬਾ ਹੈ | ੧੨੪ |
| ਨਾਇਕ ਹੈ ਏਕ | ੧੪੨ |
| ਨਵਨ ਗਵਨ ਜਲ | ੧੭੪ |
| ਨਵਨ ਗਵਨ ਜਲ | ੧੭੬ |
| ਨਿਜ ਘਰ ਮੇਰੋ | ੧੮੩ |
| ਨਵਨ ਗਵਨ ਜਲ | ੧੮੫ |
| ਨਿਰੰਕ ਰ ਨਿਰਾਧਾਰ | ੨੦੬ |
| ਨਿਰਾਧਾਰ ਕੋ ਆਧਾਰ | ੨੩੧ |
| ਨਿਸਦਿਨ ਅੰਤਰ | ੨੮੯ |
| ਨਿਸ ਦੁਰਮਤਿ ਹੋਇ | ੨੯੦ |
| ਨਿਸ ਨ ਘਟੇਨ | ੩੮੧ |
| ਨਿਮਖ ਨਿਮਖ | ੩੮੧ |

| | ਪੰਨਾ |
|---|---|
| ਨਖ ਸਿਖ ਲਉ | ੩੯੧ |
| ਨਹੀ ਦਦਸਾਰ | ੯੭ |
| (ਪ) | |
| ਪਰਮ ਜੋਤਿ | ੩ |
| ਪੂਰਨ ਬ੍ਰਹਮ | ੬ |
| ਪਰੇਮ ਰਸ ਬਸ | ੧੨ |
| ਪੂਰਨ ਬ੍ਰਹਮ | ੩੦ |
| ਪੂਰਨ ਬ੍ਰਹਮ ਗੁਰਸਿਖ | ੩੦ |
| ਪੂਰਨ ਬ੍ਰਹਮ ਆਪ | ੪੧ |
| ਪਰੇਮ ਰਸ ਅੰਮ੍ਰਿਤ | ੫੯ |
| ਪਵਨ ਗਵਨ | ੬੪ |
| ਪਰੇਮ ਰਸ ਅੰਮ੍ਰਿਤ | ੬੫ |
| ਪੂਰਨ ਬ੍ਰਹਮ ਗੁਰ | ੬੬ |
| ਪਰੇਮ ਰਸ ਅੰਮ੍ਰਿਤ ਨਿਧਾਨ | ੭੪ |
| ਪਾਵਕਿ ਸਲਿਲ ਏਕ | ੮੨ |
| ਪੂਰਨ ਬ੍ਰਹਮ ਧਿਆਨ | ੮੭ |
| ਪੂਰਨ ਪਰਮ ਜੋਤਿ | ੯੧ |
| ਪਰੇਮ ਰੰਗ ਸਮ ਸਰਿ | ੧੦੮ |
| ਪੂਰਨ ਬ੍ਰਹਮ ਗੁਰ | ੧੦੯ |
| ਪਰੇਮ ਰਸ ਕੋ ਪਰਤਾਪ | ੧੧੦ |
| ਪੂਰਨ ਬ੍ਰਹਮ ਗੁਰ | ੧੧੯ |
| ਪਵਨਹਿ ਪਲਕ ਮਿਲਤ | ੧੨੩ |
| ਪਸੂਆਂ ਮਨੁਖ ਦੇਹ | ੧੨੫ |
| ਪਸੂ ਖੜ ਖਾਤ | ੧੨੬ |
| ਪੂਰਬ ਸੰਜੋਗ | ੧੩੧ |
| ਪ੍ਰੀਤਮ ਕੀ ਪੁਤਰੀ | ੧੩੩ |
| ਪੁਨਿਕਤ ਪੰਚਤਤ | ੧੫੧ |
| ਪਾਂਚੋ ਮੁੰਦਰਾ ਚਕਰ | ੧੫੩ |
| ਪੂਰਨ ਬ੍ਰਹਮ ਗੁਰ | ੧੬੨ |
| ਪ੍ਰਿਥਮ ਹੀ ਤਿਲ | ੧੬੭ |
| ਪੂਰਨ ਬ੍ਰਹਮ ਗੁਰ | ੧੬੯ |
| ਪੂਰਨ ਬ੍ਰਹਮ ਗੁਰ ਪਰਮ | ੧੬੯ |
| ਪੂਜੀਐ ਨ ਸੀਸ | ੧੭੫ |
| ਪਾਹਨ ਕੀ ਰੇਖ ਆਦਿ | ੨੨੯ |
| ਪਾਰਸ ਪਰਸ ਦਰਸ | ੨੩੯ |

| | ਪੰਨਾ |
|---|---|
| ਪ੍ਰਥਮ ਹੀ ਘ੍ਯਾਨ | ੨੫੮ |
| ਪੂਛਤ ਪਥਕਿ ਤਿਹ | ੨੬੨ |
| ਪੁਰਖ ਨਿਪੁੰਨਸਨ | ੨੬੪ |
| ਪੰਚ ਪਰਪੰਚ ਕੈ | ੨੭੩ |
| ਪੂਰਨ ਬ੍ਰਹਮ ਸਮ | ੨੭੪ |
| ਪੂਰਨ ਬ੍ਰਹਮ | ੨੭੭ |
| ਪ੍ਰਗਟ ਸੰਸਾਰ | ੨੯੧ |
| ਪਾਨ ਕਪੂਰ ਲਉਂਗ | ੨੯੨ |
| ਪਰੀਤਮ ਭਾਇ ਪੇਖੈ | ੨੯੩ |
| ਪਰ ਧਨ ਪਰ ਤਨ | ੩੦੭ |
| ਪਰ ਤ੍ਰਿਅ ਦੀਰਘ | ੩੨੨ |
| ਪੂਰਨ ਸਰਦ ਸਸਿ | ੩੩੫ |
| ਪਾਇ ਲਾਗਿ ਲਾਗਿ | ੩੩੬ |
| ਪੇਖਤ ਪੇਖਤ ਜੈਸੇ | ੩੪੩ |
| ਪਾਤਰ ਮੇਂ ਜੈਸੇ ਬਹੁ | ੩੫੯ |
| ਪੰਚ ਤਤੁ ਮੇਲਿ | ੩੬੪ |
| ਪਰੇਮ ਰਸ ਅਉਸਰ | ੩੮੬ |
| ਪੰਚ ਬਾਰ ਗੰਗ | ੩੯੨ |
| ਪ੍ਰੀਤਮ ਕ ਮੇਲ ਖੇਲ | ੩੨੨ |
| (ਫ) | |
| ਫਲ ਬ੍ਰਮ ਗਰ | ੬ |
| ਫਰਕਤ ਲੋਚਨ | ੩੮੭ |
| ਫਲ ਮੂਲ ਮੂਲ ਫਲ | ੪੨ |
| (ਬ) | |
| ਬ੍ਰਹਮਾਸਨ ਬਿਸਰਾਮ | ੪ |
| ਬਿਸਮਾਦਰਿ ਬਿਸਮਾਦਿ | ੭ |
| ਬਰਨ ਬਰਨ ਬਹੁ | ੩੧ |
| ਬਿਬਿਧ ਬਿਰਖ | ੩੮ |
| ਬਿਨ ਰਸ ਰਸਨਾ | ੪੭ |
| ਬਰਨ ਬਰਨ ਬਹੁ | ੫੨ |
| ਬੋਹਿਤ ਪਰਵੇਸ ਭਏ | ੫੫ |
| ਬੀਸ ਕੇ ਬਰਤਮਾਨ | ੫੮ |
| ਬਯਬਾ ਵੰਤੇ ਜੰਤੇ | ੭੪ |
| ਬਯਬਾ ਵੰਤੇ ਬੈਦ | ੭੫ |
| ਬਾਲਕ ਕਿਸੋਰ | ੧੦੨ |

| | ਪੰਨਾ |
|---|---|
| ਬਰਖਾ ਸੰਜੋਗ | ੧੦੫ |
| ਬਾਰੀ ਬਹੁ ਨਾਇਨ | ੧੩੬ |
| ਬਾਇ ਰੁਇ ਬਘੂਲਾ | ੧੩੯ |
| ਬਰਖਾ ਚਤਰ ਮਾਸ | ੧੪੭ |
| ਬਿਰਖ ਫਲੀ ਮਿਲਾਪ | ੧੮੬ |
| ਬਾਸਨਾ ਕੋ ਬਾਸੁ | ੨੦੧ |
| ਬਿਰਹ ਬਿਓਗ ਸੋਗ | ੧੩੧ |
| ਬੂੰਦ ਬੂੰਦ ਬਰਖ | ੨੨੩ |
| ਬਾਛੈ ਨ ਸਵਰਗ | ੨੪੪ |
| ਬਾਜਤ ਨਿਸ਼ਾਨ | ੨੪੫ |
| ਬਾਂਝ ਬੰਧੁ ਪੁਰਖ | ੨੬੫ |
| ਬੈਸ਼ਨੋ ਅੰਨਨਿ | ੨੬੬ |
| ਬਨਜ ਬਿਓਹਾਰ | ੨੭੩ |
| ਬਾਹਰ ਕੀ ਅਗਨਿ | ੩੧੯ |
| ਬੇਦ ਬਿਰੰਗ | ੩੨੫ |
| ਬਾਇਸ ਉਡਰ ਬਲ | ੩੩੪ |
| ਬਿਨ ਪ੍ਰਿਆ ਸਿਹਜਾ | ੩੩੫ |
| ਬੇਸਵਾ ਕੇ ਸਿੰਗਾਰ | ੩੭੪ |
| ਬਿਰਹ ਦਾਵਾਨਲ | ੩੭੮ |
| ਬਿਆਹ ਸਮੇਂ ਜੈਸੇ | ੨੨੮ |
| ਬਿਰਖੈ ਬਇਆਰ ਲਾਗੈ | ੨੪੦ |
| ਬੀਜ ਬੋਇ ਕਾਲਰ | ੨੮੩ |

| | ਪੰਨਾ |
|---|---|
| (ਭ) | |
| ਭਾਜ ਕੈ ਜੈਸੇ ਕੋਊ | ੨੧੯ |
| ਭਗਤ ਵਛਲ ਸੁਨਿ | ੨੯੮ |
| (ਮ) | |
| ਮਨ ਬਚ ਕਰਮ | ੩੬ |
| ਮਾਨਸ ਜਨਮ ਧਾਰਿ | ੧੦੬ |
| ਮਨ ਮਧੁਕਰ ਗਤਿ | ੧੩੮ |
| ਮਨ ਮ੍ਰਿਗ ਮ੍ਰਿਗ ਮਦ | ੧੩੯ |
| ਮਾਇਆ ਛਾਇਆ | ੧੪੫ |
| ਮਧੁਰ ਬਚਨ ਸਮ ਸਰਿ | ੧੫੮ |
| ਮੀਨ ਕਉ ਨ ਸੁਰਤ | ੧੯੧ |
| ਮਾਰਬੇ ਕੋ ਤਰਾਸ | ੧੯੦ |
| ਮਾਨਸਰ ਪਰ ਜਉ | ੨੯੯ |
| ਮਾਨਸਰ ਤਿਆਗ | ੨੭੭ |
| ਮਜਨ ਕੈ ਚੀਰ | ੩੮੩ |
| ਮਾਨ ਨ ਕੀਜੇ | ੩੮੪ |
| ਮਨ ਬਚ ਕਰਮ ਕੈ | ੨੮੬ |
| (ਯ) | |
| ਯਾਹੀ ਮਸਤਕ ਪੇਖਿ | ੩੩੭ |
| (ਰ) | |
| ਰੋਮ ਰੋਮ ਕੋਟਿ | ੨੮ |
| ਰਤਨ ਪਾਰਖ ਮਿਲ | ੪੮ |
| ਰੂਪਹੀਨ ਕੁਲਹੀਨ | ੧੩੭ |

| | ਪੰਨਾ |
|---|---|
| ਰਚਨ ਚਰਿਤ੍ਰ ਚਿਤ੍ਰ | ੨੫੨ |
| ਰਵਿਸੀਸ ਦਰਸ | ੧੬੪ |
| ਰਜ ਤਮ ਸਤ | ੧੬੭ |
| ਰਚਨਾ ਚਰਿਤ੍ਰ | ੧੬੮ |
| ਰਚਨ ਚਰਿਤ੍ਰ ਚਿਤ੍ਰ | ੧੬੮ |
| ਰਚਨਾ ਚਰਿਤ ਚਿਤ੍ਰ | ੨੦੪ |
| ਰੋਮ ਰੋਮ ਕੋਟ ਮੁਖ | ੨੫੭ |
| ਰੂਪ ਕੈ ਜੋ ਰੀਝੈ | ੩੫੪ |
| ਰੂਪ ਕੋਟਿ ਰੂਪ ਕਰ | ੩੭੯ |
| ਰਾਗ ਜਾਤ ਰਾਗੀ | ੩੯੩ |
| (ਲ) | |
| ਲੋਗਨ ਮੇ ਲੋਗਾ ਚਾਰ | ੪੪ |
| ਲੋਚਨ ਧਿਆਨ ਸਮ | ੬੯ |
| ਲਾਜ ਕੁਲ ਅੰਕੁਸ | ੧੦੫ |
| ਲੋਗਨ ਮੈ ਲੋਗਾ ਚਾਰ | ੧੧੯ |
| ਲੋਚਨ ਮੈ ਦ੍ਰਿਸਟਿ | ੧੪੫ |
| ਲੋਚਨ ਸਰਵਨ ਮੁਖ | ੧੫੨ |
| ਲੋਚਨ ਪਤੰਗ ਦੀਪ | ੨੫੮ |
| ਲੋਗ ਬੇਦ ਗਿਆਨ | ੨੮੬ |
| ਲੋਚਨ ਬਿਲੋਕਿ ਰੂਪ | ੩੬੨ |
| ਲੋਚਨ ਦ੍ਰਿਪਨ | ੩੬੨ |
| ਲੋਚਨ ਅਨੂਪ ਰੂਪ | ੩੮੭ |



## ਭਗਤੀ ਚਮਤਕਾਰ

ਸ੍ਰੀ ਗੁਰੂ ਗਰੰਥ ਸਾਹਿਬ ਦੇ ਸ਼ਬਦਾਂ ਦੀ ਕਥਾ ਪ੍ਰਮਾਨਾਂ ਸਹਿਤ, ਜਿਸ ਵਿਚ ਭਗਤੀ ਰਾਹੀਂ ਈਸ਼ਵਰ ਨੂੰ ਪ੍ਰਾਪਤ ਕਰਨ ਵਾਲੇ ਮਹਾਂ ਪੁਰਸ਼ਾਂ ਦਾ ਕਥਾ ਹੈ। ਭੇਟਾ ੫)

## ਜੀਵਨ ਮਾਰਗ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ ਹੇ ਪੁਰਸ਼ ! ਜਾਗ ਤੇ ਸਮਝ ਕਿਥਹੁ ਉਪਜੈ ? ਕਹਿ ਰਹੈ ? ਕਹਿ ਮਾਹਿ ਸਮਾਵੈ ? ਗਿਆਨ ਦੀ ਲੋੜ, ਕਰਮ ਉਪਾਸ਼ਨਾ ਭਗਤੀ ਦੀ ਲੋੜ, ਵਾਸ਼ਨਾ ਦਾ ਤਿਆਗ ਕਿਥੋਂ ਤਕ ? ਕਾਮ ਕਰੋਧ ਲੋਭ ਮੋਹ ਹੰਕਾਰ ਤੋਂ ਕਿਵੇਂ ਛੁਟਕਾਰਾ ਪਾਈਏ ? ਨਾਮ ਜਪਦ ਦੇ ਲਾਭ, ਸਹਿਜ ਅਵਸਥਾ ਆਦਿ ਪ੍ਰਕਰਣਾਂ ਤੇ ਗੁਰਬਾਨੀ ਦੇ ਪ੍ਰਮਾਣਾਂ ਸਹਿਤ ਪੁਸਤਕ ਕਈ ਗੁਣਾਂ ਨਾਲ ਭਰਪੂਰ ਹੈ। ਜਿਦਗੀ ਦੇ ਸੁਧਾਰ ਦੀ ਅਮੋਲਕ ਪੁਸਤਕ ਹੈ। ਇਸ ਦੇ ਲਿਖਾਰੀ ਹਨ ਸੰਤਰੇਣ ਸਰਦਾਰ ਜੀਵਨ ਸਿੰਘ ਜੀ ਬੀ. ਏ. ਐਲ-ਐਲ. ਬੀ.। ਪੜ੍ਹ ਕੇ ਲਾਭ ਉਠਾਓ। ਮੁਲ ੬)

# ਦੁਖ ਨਿਵਾਰਨ ਤੇ ਮਨੋਕਾਮਨ ਪੂਰਨ ਕਰਨ ਵਾਲੇ
# ਪਵਿਤ੍ਰ ਗ੍ਰੰਥ ਤੇ ਤਵੀਤ

## ਸ੍ਰੀ ਗੁਰ ਸ਼ਬਦ ਸਿਧੀ

ਅਰਥਾਤ

**ਭਾ: ਮਨੀ ਸਿੰਘ ਵਾਲਾ** ਅਸਲੀ **ਸ਼ਰਧਾ ਪੂਰਨ**

ਇਸ ਗਰੰਥ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਸ਼ਬਦ ਲਿਖੇ ਹਨ। ਧਨ, ਇਸਤ੍ਰੀ, ਸੰਤਾਨ, ਤਰੱਕੀ, ਰਾਜ ਦਰਬਾਰੋਂ ਲਾਭ,ਦੁਖ, ਬਿਪਤਾ,ਬਿਮਾਰੀ, ਕੈਦ,ਮੁਕਦਮਾ ਆਦਿ ਤੋਂ ਰਿਹਾਈ ਲਈ ਸ਼ਬਦ ਹਨ, ਨਾਲ ਵਿਧੀ ਭੀ ਲਿਖੀ ਹੋਈ ਹੈ। ਮੂਲ ੫)

## ਸੰਕਟ ਮੋਚਨ ਸ਼ਬਦ

ਸੰਗ੍ਰਹਿ ਕਰਤਾ—ਜੋਤਸ਼ੀ ਪ੍ਰਤਾਪ ਸਿੰਘ ਗਿਆਨੀ

ਇਸ ਪੁਸਤਕ ਵਿਚ ੧੦੮ ਸ਼ਬਦ ਹਨ ਜਿਨ੍ਹਾਂ ਦਾ ਰੋਜ਼ਇਕ ਵਾਰੀ ਪਾਠ ਕਰਨ ਤੇ ਹਰ ਤਰ੍ਹਾਂ ਦੀ ਰਖਿਆ ਹੁੰਦੀਹੈ। ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਧਨ ਦੌਲਤ ਮਾਨ ਇਜਤ ਵਡਿਆਈ ਰਾਜ ਦਰਬਾਰੋਂ ਲਾਭ ਅਤੇ ਹਰ ਸੰਕਟ ਵਿਚੋਂ ਰਖਿਆ ਹੁੰਦੀ ਹੈ। ਮੂਲ ੩)

## ਮੰਤਰ ਬਾਬੇ ਨਾਨਕ ਦਾ

ਪੈਂਤੀਸ ਅਖਰੀ, ਨਸੀਹਤ ਨਾਮਾ, ਤੇਈਵੇ ਤਾਪ ਦੀ ਕਥਾ ਇਹ ਚਾਰੇ ਇਕਠੇ ਇਕੋ ਪੁਸਤਕ ਵਿਚ ॥)

## ਜੰਤ੍ਰ ਮੰਤ੍ਰ ਤੰਤ੍ਰ ਵਡਭਾਗ ਸਿੰਘ

ਬਾਬਾ ਵਡਭਾਗ ਸਿੰਘ ਜੀ ਦੀ ਜਨਮ ਸਾਖੀ ਅਤੇ ਉਹਨਾਂ ਦੇ ਡੇਰੇ ਤੋਂ ਪ੍ਰਾਪਤ ਜੰਤ੍ਰ ਮੰਤ੍ਰ ਤੰਤ੍ਰ ਅਰ ਰਖਿਆ ਆਦਿ ਹਨ। ਮੂਲ ੩॥)

## ਸ਼ਨੀ ਸਤੋਤ੍ਰ ਫਲ

ਸ਼ਨੀ ਦੇਵਤਾ ਨੂੰ ਪ੍ਰਸੰਨ ਕਰਨ ਲਈ ਅਰ ਸ਼ਨੀ ਦੀ ਦ੍ਰਿਸ਼ਟੀ ਫਲ ਦੂਰ ਕਰਨ ਲਈ ਇਸ ਸਤੋਤਰ ਦਾ ਪਾਠ ਕੀਤਾ ਜਾਂਦਾ ਹੈ। ੫੦ ਪੈਸੇ

## ਦੁਰਗਾ ਸਤੋਤ੍ਰ

ਦੁਰਗਾ ਦੀ ਸ਼ਕਤੀ ਦੀਆਂ ਕਈ ਕਥਾ ਆਪ ਨੇ ਸੁਣੀਆਂ ਹੋਣਗੀਆਂ। ਦੁਰਗਾ ਨੂੰ ਪ੍ਰਸੰਨ ਕਰਨ ਲਈ ਦੁਰਗਾ ਦਾ ਪਾਠ ਹੈ। ਮੂਲ ॥)

**ਸ਼ਿਵ ਸਤੋਤ੍ਰ**—ਭਗਵਾਨ ਸ਼ਿਵਜੀ ਨੂੰ ਪ੍ਰਸੰਨ ਕਰਨ ਹਿਤ ਇਸ ਸਤੋਤਰ ਦਾ ਪਾਠ ਕਰੋ। ਮੂਲ ॥)

## ਰਖਿਆ ਦੇ ਤਵੀਤ

ਇਹਨਾਂ ਤਵੀਤਾਂ ਦਵਾਰਾ ਹਰ ਪ੍ਰਕਾਰ ਦੀ ਰਖਿਆ ਹੁੰਦੀ ਹੈ, ਬਚਾ ਇਸਤ੍ਰੀ ਬਾਲ ਆਦਿ ਕੋਈ ਬੀਮਾਰ ਹੋਵੇ ਤੇ ਪਰਛਾਵੇਂ ਛਾਇਆ ਨਜ਼ਰ ਆਦਿ ਕਰਕੇ ਕੋਈ ਬੀਮਾਰ ਹੋਵੇ ਤਾਂ ਇਸ ਰਖਿਆ ਨੂੰ ਤਵੀਤ ਵਿਚ ਪਾ ਕੇ ਬੀਮਾਰ ਦੇ ਗਲ ਵਿਚ ਪਹਿਨਿਆ ਜਾਂਦਾ ਹੈ ਮੁਕਦਮੇ ਆਦਿ ਕੋਈ ਸੰਕਟ ਹੋਵੇ ਇਸ ਰਖਿਆ ਨੂੰ ਸਜੀ ਬਾਂਹ ਨਾਲ ਬੰਨਣ ਨਾਲ ਸਭ ਪਰਕਾਰ ਦੀ ਰਖਿਆ ਹੁੰਦੀ ਹੈ।

ਰਖਿਆ ਤਵੀਤ ਪੈਂਤੀ ਅਖਰੀ ਹਥ ਦਾ ਲਿਖਿਆ ਹੋਇਆ ਹੈ। ਮੂਲ ੫)

ਰਖਿਆ ਪੈਂਤੀ ਅਖਰੀ ਛਪਿਆ ਹੋਇਆ ਲਪੇਟ ਕੇ ਤਵੀਤ ਵਿਚ ਪਾਓ। ਭੇਟਾ ॥)

ਰਖਿਆ ਜਪੁਜੀ ਸਾਹਿਬ ਹਥ ਦਾ ਲਿਖਿਆ ੨)

ਰਖਿਆ ਜਪੁਜੀ ਸਾਹਿਬ ਛਪਿਆ ਹੋਇਆ ਲਪੇਟ ਕੇ ਤਵੀਤ ਵਿਚ ਪਾਓ। ਭੇਟਾ ੧)

ਸ਼ਬਦ ਰਖਿਆ 'ਸਿਰ ਮਸਤਕ ਰਖਿਆ ਪਾਰਬ੍ਰਹਮ' ॥)

ਸ਼ਬਦ ਰਖਿਆ 'ਤਾਤੀ ਵਾਉ ਨ ਲਗਈ' ॥)

ਰਖਿਆ ਮੰਤਰ ਬਾਬੇ ਨਾਨਕ ਜੀ ਕਾ ॥-)

## ਦੁਖ ਭੰਜਨ ਗੁਟਕਾ

ਅਰਥਾਤ

**ਰਖਿਆ ਦੇ ਸ਼ਬਦ** (ਪਾਠ ਲਈ)

'ਤਾਤੀ ਵਾਉ ਨ ਲਗਈ' 'ਸਿਰ ਮਸਤਕ ਰਖਿਆ' ਆਦਿ ਦੇ ਰਖਿਆ ਦੇ ਸ਼ਬਦ ਇਸ ਗੁਟਕੇ ਵਿਚ ਲਿਖੇ ਹਨ। ਜਿਨ੍ਹਾਂ ਦੇ ਹਰ ਰੋਜ਼ ਪਾਠ ਕਰਨ ਨਾਲ ਸਭ ਪ੍ਰਕਾਰ ਦੀ ਰਖਿਆ ਹੁੰਦੀ ਹੈ। ਭੇਟਾ ੫੦ ਪੈਸੇ

## ਦੁਰਗਾ ਸ਼ਕਤੀ

ਦੁਨੀਆਂ ਦੇ ਹਰ ਪਦਾਰਥ ਨੂੰ ਦੁਰਗਾ ਦੇਣੇ ਹਾਰੀ ਹੈ। ਇਸ ਦੁਰਗਾ ਭਵਾਨੀ ਦੇ ਜੰਤਰ ਮੰਤਰ ਤੰਤਰ ਆਦਿ ਇਸ ਪੁਸਤਕ ਵਿਚ ਲਿਖੇ ਹਨ। ਮੂਲ ੫)

## ਯਖਨੀ ਭੈਰੋਂ ਸਿਧੀ

ਯਖਨੀ, ਹਨੂੰਮਾਨ ਜਤੀ, ਭੈਰੋਂ ਜਤੀ ਆਦਿ ਦੇਵੀ ਦੇਵਤਿਆਂ ਦੀ ਸਿਧੀ ਦੇ ਮੰਤਰ ਲਿਖੇ ਹਨ। ੩॥)

**ਪਤਾ—ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

भुवन वाणी ट्र...
मौसमबाग (...)
लखनऊ-२२६०२...

੧ਓ ਸਤਿਗੁਰ ਪ੍ਰਸਾਦਿ

# ਬਾਣੀ ਭਾਈ ਗੁਰਦਾਸ ਭੱਲੇ ਜੀ ਕੀ

**ਸੋਰਠਾ ॥ ਆਦਿ ਪੁਰਖ ਆਦੇਸੁ, ਓਨਮ ਸ੍ਰੀ ਸਤਿਗੁਰ ਚਰਨ ॥ ਘਟ ਘਟਕਾ ਪਰਵੇਸ, ਏਕ ਅਨੇਕ ਬਿਬੇਕ ਸਸਿ ॥ ੧ ॥**

ਆਦਿ ਪੁਰਖ = ਵਾਹਿਗੁਰੂ । ਆਦੇਸ = ਨਮਸ਼ਕਾਰ । ਓਨਮ = ਭਲੀ ਪ੍ਰਕਾਰ ਨਮਸਕਾਰ, ਚੰਗੀ ਤਰ੍ਹਾਂ ਮੱਥਾ ਟੇਕਦਾ ਹਾਂ। ਸ੍ਰੀ = ਸੋਭਾ ਵਾਲਾ । ਘਟ = ਘੜਾ । ਘਟਕਾ = ਘੜੀ, ਮਟਕੀ, ਝੱਜਰੀ । ਪਰਵੇਸ਼ = ਨਿਵਾਸ, ਵਾਸਾ । ਬਿਬੇਕ = ਵਿਚਾਰ । ਸਸਿ–ਚੰਦ੍ਰਮਾ ।

ਵਾਹਿਗੁਰੂਨੂੰ ਨਮਸ਼ਕਾਰ ਹੈ,ਸੋਭਾ ਵਾਲੇਸਤਿਗੁਰੂ ਦੇ ਚਰਨਾਂ (ਉਤੇ) ਚੰਗੀ ਤਰ੍ਹਾਂ (ਪਰੇਮ ਨਾਲ) ਮੱਥਾ ਟੇਕਦਾ ਹਾਂ। (ਜਿਵੇਂ) ਇਕ ਚੰਦ੍ਰਮਾਂ (ਪਾਣੀ ਦੇ ਭਰੇ ਹੋਏ) ਅਨੇਕਾਂ ਘੜੇ-ਘੜੀਆਂ ਵਿਚ ਪ੍ਰਵੇਸ਼ (ਕਰਦਾ ਹੈ, ਉਸੇ) ਵਿਚਾਰ (ਵਾਂਗੂ) ਜੋ ਇਕ ਵਾਹਿਗੁਰੂ ਅਨੇਕਾਂ ਦੇਹਾਂ ਵਿਚ ਪਰਵਿਰਤ ਹੋ ਕੇ ਪ੍ਰਕਾਸ਼ ਕਰ ਰਿਹਾ ਹੈ. ਉਸਨੂੰ ਨਮਸ਼ਕਾਰ ਕਰਦਾ ਹਾਂ ॥੧॥

**ਦੋਹਰਾ ॥ ਓਨਮ ਸ੍ਰੀ ਸਤਿਗੁਰ ਚਰਨ, ਆਦਿ ਪੁਰਖ ਆਦੇਸ ॥ ਏਕ ਅਨੇਕ ਬਿਬੇਕ ਸਸਿ, ਘਟ ਘਟਕਾ ਪਰਵੇਸ ॥ ੨ ॥**

[ਸ੍ਰੀ] ਮਾਯਾ ਵਸਿਸ਼ਟ ਓਅੰ ( ਦਾ ਸਰੂਪ) ਸਤਿਗੁਰੂ (ਹਨ, ਉਨ੍ਹਾਂ ਦੇ) ਚਰਨਾਂ ਉਤੇ [ਨਮ] ਨਮਸ਼ਕਾਰ ਹੈ, (ਜਿਨ੍ਹਾਂ ਵਿਚ) ਆਦਿ ਪੁਰਖ ਦਾ (ਆਦੇਸ) ਪ੍ਰਵੇਸ਼ ਹੈ। (ਜਿਵੇਂ)ਇਕ ਚੰਦ੍ਰਮਾਂ ਅਨੇਕਾਂ ਘੜਿਆਂ ਦੇ (ਘਟਕਾ) ਅੰਦਰਲੇ ਭਾਗ ਵਿਚ ਪ੍ਰਵੇਸ਼ (ਕਰਦਾ ਹੈ,ਇਸ) ਵਿਚਾਰ(ਵਾਂਗੂ,ਇਕ ਆਦਪੁਰਖ ਨੇ) ਅਨੇਕਾਂ (ਘਟ) ਸਰੀਰਾਂ ਦੇ (ਘਟਕਾ) ਅੰਤਹ ਕਰਣ ਵਿਚ ਨਿਵਾਸ ਕੀਤਾ ਹੋਇਆ ਹੈ । ਜਿਸ ਨੇ ਇਸ ਬਿਬੇਕ ਨੂੰ ਨਿਸਚੇ ਕੀਤਾ ਹੈ, ਸੋ ਸਤਿਗੁਰੂ ਹੈ ॥ ੨ ॥

**ਛੰਤੁ ॥ ਘਟ ਘਟਕਾ ਪਰਵੇਸ ਸੇਸ ਪਹਿ ਕਹਤ ਨ ਆਵੈ ॥**

ਨੇਤਿ = (ਨਾ+ਇਤਿ) ਨਹੀਂ ਹੈ ਅੰਤ, ਬੇਅੰਤ, । ਬੰਦੀ ਜਨ = ਭੱਟ ਲੋਕ
ਹੋਨਮ = ਹੋਵੇਗਾ

ਜੋ ਸਾਰੇ ਸਰੀਰਾਂ ਦੇ,ਅੰਤਹਕਰਣ ਵਿਚ ਪਰਵੇਸ਼ (ਕਰ ਰਿਹਾ ਹੈ), ਸ਼ੇਸ਼ਨਾਗ ਪਾਸੋਂ (ਉਸਦਾ ਜਸ) ਕਹਿਣ ਵਿਚ ਨਹੀਂ ਆਉਂਦਾ ।

**ਨੇਤਿ ਨੇਤਿ ਕਹਿ ਨੇਤਿ ਬੇਦੁ ਬੰਦੀ ਜਨੁ ਗਾਵੈ ॥**

ਬੇਅੰਤ ਹੈ, ਬੇਅੰਤ ਹੈ, ਵੇਦ (ਉਸਨੂੰ) ਬੇਅੰਤ ਕਹਿੰਦੇ ਹਨ ਅਤੇ ਭੱਟ ਲੋਕਾਂ ਵਾਂਗੂ ਵੇਦ (ਉਸ ਦੇ ਗੁਨ) ਗਾਉਂਦੇ ਹਨ।

**ਆਦਿ ਮਧਿ ਅਰੁ ਅੰਤਿ ਸੁਤੇ ਹੁਤ ਹੈ ਪੁਨਿ ਹੋਨਮ ॥**

(ਜੋ ਸਭ ਤੋਂ) ਪਹਿਲੇ ਸਮੇਂ ਵਿਚ ਹੋ ਚੁੱਕਾ ਹੈ, ਵਿਚਾਲੇ ਦੇ ਸਮੇਂ ਵਿਚ [ਹੁਣ] (ਹੁਤ ਹੈ) ਹੈਗਾ ਹੈ ਅਤੇ ਅੰਤਲੇ ਸਮੇਂ ਵਿਚ ਹੋਵੇਗਾ -

**ਆਦਿ ਪੁਰਖੁ ਆਦੇਸ**

**ਚਰਨ ਸ੍ਰੀ ਸਤਿਗੁਰ ਓਨਮ ॥੩॥**

(ਜੋ) ਆਦਿ ਪੁਰਖ ਸਾਰੇ ਦੇਸਾਂ ਵਿਚ ਆਯਾ ਹੋਇਆ ਹੈ, (ਉਸ ਵਿਚ ਪ੍ਰਵੇਸ਼ ਕਰਨ ਵਾਲੇ) ਸਤਿਗੁਰੂ ਜੀ ਦੇ (ਸ੍ਰੀ) ਸੋਭਾ ਵਾਲੇ ਚਰਨਾਂ ਉਤੇ (ਓ+ਨਮ) ਭਲੀ,ਪ੍ਰਕਾਰ ਨਮਸ਼ਕਾਰ ਕਰਦਾ ਹਾਂ ।੩

**ਸੋਰਠਾ ॥ ਅਬਿਗਤਿ ਅਲਖ ਅਭੇਵ, ਅਗਮ ਅਪਾਰ ਅਨੰਤ ਗੁਰ ॥ ਸਤਿਗੁਰ ਨਾਨਕ ਦੇਵ, ਪਾਰਬ੍ਰਹਮ ਪੂਰਨ ਬ੍ਰਹਮ ॥ ੪ ॥**

ਅਬਿ–[ਕਠਨ ਹੈ+ਗਤਿ–ਪ੍ਰਾਪਤੀ] ਜਿਸਦੀ ਪ੍ਰਾਪਤੀ ਕਠਨ ਹੋਵੇ । [੨. ਅ = ਨਹੀਂ+ਅਵਯਕਿਤਿ = ਸਰੀਰ ਵਾਲਾ] ਜੋ ਸਰੀਰ ਵਾਲਾ ਨਹੀਂ ਹੈ। ਅਲਖ = [ਲਖ– ਜਾਣਨਾ] ਜੋ ਜਾਨਿਆਂ ਨਹੀਂ ਜਾਂਦਾ। ਅਗਮ = [ਗਮ = ਪਹੁੰਚਨਾ, ਜਾਣਾ] ਜੋ ਮਨ, ਬਾਣੀ, ਸਰੀਰ ਦੀ ਪਹੁੰਚ ਤੋਂ ਪਰੇ ਹੈ । ਅਪਾਰ = ਜਿਸਦਾ ਪਾਰ-ਉਰਾਰ ਨਹੀਂ ਹੈ। [ਅਨੰਤ = ਅਨ+ਅੰਤ] ਜਿਸ ਦਾ ਅੰਤ ਨਹੀਂ ਹੈ। ਪਾਰਬ੍ਰਹਮ = (ਬ੍ਰਹਮ– ਵਿਆਪਕ]ਜੋ ਪਰੇ ਹੈ ਤੇ ਵਯਾਪਕ ਹੈ(ਭਾਵ ਜੋ ਵਿਆਪਕ ਤਾਂ ਹੈ ਪਰ ਮਨ, ਬਾਣੀ ਤੇ ਸਰੀਰ ਦੀ ਪਹੁੰਚ ਤੋਂ ਪਰੇ ਹੈ ਅਰਥਾਤ ਆਤਮਾਂ ਦੀ ਨਿਰਗੁਨਾਵਸਥਾ । ਪੂਰਨ ਬ੍ਰਹਮ = ਜੋ ਸੰਪੂਰਨ ਦਸ਼ਾ ਵਿਚ ਵਿਆਪਕ ਹੈ, ਅਰਥਾਤ ਆਤਮਾਂ ਦੀ ਸਰਗੁਨ ਅਵਸਥਾ ।

ਜੋ ਅਬਿਗਤਿ ਹੈ ਅਲਖ ਹੈ, ਅਭੇਵ ਹੈ, ਅਗਮ ਹੈ, ਅਪਾਰ ਹੈ, ਅੰਤ ਤੋਂ ਰਹਿਤ, ਅਗਯਾਨ ਰੂਪ ਅੰਧਕਾਰ ਦਾ ਨਾਸ ਕਰਨ ਵਾਲੇ 'ਰੁ' ਗਿਆਨ ਸਰੂਪ ਪ੍ਰਕਾਸ਼ਵਾਨ ਹਨ ।

(ਜੋ) ਆਤਮਾ ਦੀ ਨਿਰਗੁਨ ਤੇ ਸਰਗੁਨ ਅਵਸਥਾ ਹੈ,(ਉਸਦਾ ਨਾਮ ਹੀ) ਸਤਿਗੁਰੂਨਾਨਕਦੇਵ ਹੈ।੧।

**ਦੋਹਰਾ ॥ ਅਗਮ ਅਪਾਰ ਅਨੰਤ ਗੁਰ, ਅਬਿਗਤਿ ਅਲਖ ਅਭੇਵ ॥ ਪਾਰ ਬ੍ਰਹਮ ਪੂਰਨ ਬ੍ਰਹਮ, ਸਤਿਗੁਰ ਨਾਨਕ ਦੇਵ ॥ ੧ ॥**

(ਜੋ) (ਪਾਰਬ੍ਰਹਮ) ਨਿਰਗੁਨ ਆਤਮਾ ਅਗਮ, ਅਪਾਰ, ਅਨੰਤ, ਅਬਿਗਤਿ. ਅਲਖ, ਅਭੇਵ ਤੇ (ਸਭ ਤੋਂ) 'ਗੁਰ' [ਵੱਡਾ] ਹੈ, (ਉਸਦਾ) ਸਰਗੁਨ ਰੂਪ ਸਤਿਗੁਰੂ ਨਾਨਕ ਦੇਵ ਜੀ ਹਨ ॥੧॥

**ਛੰਤੁ ॥ ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ ॥**

ਨਾਦ = ਸ਼ਬਦ, ਵਰਨਾਤਮਕ ਤੇ ਧੁਨਿ ਆਤਮਕ ਸ਼ਬਦ 'ਨਾਦ' ਕਿਹਾ ਜਾਂਦਾ ਹੈ ਅਰਥਾਤ ਨਾਦ ਦੇ ਦੋ ਹਿੱਸੇ ਹਨ, ਇਕ 'ਗੂੰਜ' ਰੂਪ ਤੇ ਦੂਜਾ ਅਖਰਾਂ ਦੇ ਬੋਲਨ ਰੂਪ । ਵਿਸਮਾਦ = ਹੈਰਾਨ, ਅਸਚਰਜ । ਰਾਗ = ਛੇ ਰਾਗ। ਰਾਗਨਿ = ਰਾਗਾਂ ਦੀਆਂ ਇਸਤ੍ਰੀਆਂ ਜੋ ੩੦ ਹਨ, ਵੇਰਵਾ ਵੇਖੋ ਰਾਗਮਾਲਾ । ਸੁੰਨ = ਫੁਰਨ ਤੋਂ ਰਹਿਤ ਅਵਸਥਾ । ਪਰੰਪਰ = ਪਰੰਪਰਾ, ਮੁਢ ਕਾਲ ਤੋਂ ।

(ਜਿਸ) ਸਤਿਗੁਰੂ ਨਾਨਕ ਦੇਵ ਜੀ ਨੂੰ ਸਾਰੇ ਦੇਵਤੇ (ਆਪੋ ਆਪਣੀਆਂ) ਦੇਵੀਆਂ (ਸ਼ਕਤੀਆਂ) ਸਮੇਤ ਧਿਆਉਂਦੇ ਹਨ ।

**ਨਾਦ ਬਾਦ ਬਿਸਮਾਦੁ ਰਾਗ ਰਾਗਨਿ ਗੁਨ ਗਾਵਹਿ ॥**

(ਛੇ) ਰਾਗ (ਆਪਣੀਆਂ ਤੀਹਾਂ) ਰਾਗਨੀਆਂ (ਸਮੇਤ) ਹੈਰਾਨ (ਹੋਕੇ) ਵਾਜਿਆਂ(ਨਾਲ ਜਿਸ ਗੁਰੂ ਨਾਨਕ ਜੀ ਦੇ) ਗੁਣਾਂ ਦੇ ਸ਼ਬਦ ਗਾਉਂਦੇ ਹਨ।

**ਸੁੰਨ ਸਮਾਧਿ ਅਗਾਧਿ ਸਾਧ ਸੰਗਤਿ ਸ ਪਰੰਪਰ ॥**

ਸਾਧ ਸੰਗਤ ਪਰੰਪਰਾ ਤੋਂ ਅਗਾਧ ਸੁੰਨ ਸਮਾਧੀ ਨਾਲ :–

**ਅਬਿਗਤਿ ਅਲਖ ਅਭੇਵ ਅਗਮ ਅਗਮਿਤਿ ਅਪਰੰਪਰ ॥੨।੬॥**

ਅਬਗਤ, ਅਲਖ, ਅਭੇਵ, ਅਗੰਮ ਤੋਂ ਅਗਮ ਅਤੇ ਉਰੇ ਤੋਂ ਉਰੇ ਤੇ ਪਰੇ ਤੋਂ ਪਰੇ (ਸਥਾਨ ਵਿਚ ਵਿਆਪਕ ਜਾਣਕੇ ਜਿਸਦਾ) ਸਿਮਰਨ ਤੇ ਪੂਜਾ ਕਰ ਰਹੀ ਹੈ ॥ ੨ ॥ ੬ ॥

**ਸੋਰਠਾ ॥ ਜਗਮਗ ਜੋਤਿ ਸਰੂਪ, ਪਰਮ ਜੋਤਿ ਮਿਲਿ ਜੋਤਿ ਮਹਿ ॥ ਅਦਭੁਤ ਅਤਹਿ ਅਨੂਪ, ਪਰਮ ਤਤੁ ਤਤਹਿ ਮਿਲਿਓ ॥ ੭ ॥**

ਜਗਮਗ = ਝਿਲਮਿਲ । ਜੋਤਿ = ਜੋਤੀ, ਦੀਵੇ ਵਾਂਗੂ ਪ੍ਰਕਾਸ਼ ਪੁੰਜ ਲਾਟ । ਪਰਮ ਜੋਤਿ = ਸੂਰਜ, ਚੰਦ੍ਰਮਾਂ ਆਦਿਕ ਜੋਤਾਂ ਨੂੰ ਰੋਸ਼ਨ ਕਰਨ ਵਾਲੀ ਜੋਤਿ 'ਪਰਮ ਜੋਤਿ' ਹੈ । ਮਹਿ = ਮਯ, ਰੂਪ । ਅਦਭੁਤ– ਅਚਰਜ । ਅੰਤਰਿ = ਬਹੁਤ ਹੀ । ਅਨੂਪ = [ਅਨ+ਊਪ] = ਉਪਮਾਂ ਨਹੀਂ ਹੈ । ਪਰਮ ਤੱਤ = ਪੰਜ ਤੱਤ–ਪ੍ਰਿਥਵੀ, ਜਲ, ਤੇਜ, ਵਾਯੂ ਤੇ ਅਕਾਸ਼--ਜਿਸ ਤੋਂ ਪੈਦਾ ਹੋਏ ਹਨ,ਉਸਦਾ ਨਾਮ ਪਰਮ ਤੱਤ ਹੈ (ਜੋ) ਜੋਤ ਝਿਲਮਿਲ ਝਿਲਮਿਲ (ਕਰਦੀ ਹੈ, ਉਸ ਜੋਤਿ ਰੂਪ ਨਾਲ ਮਿਲਕੇ ਪਰਮ ਜੋਤੀ ਸਰੂਪ:–ਵੱਡਾ ਹੀ ਅਚਰਜ ਤੇ ਉਪਮਾਂ ਤੋਂ ਰਹਿਤ (ਹੋਯਾ ਹੈ, ਓਹ) ਤੱਤ ਨਾਲ ਮਿਲਕੇ ਪਰਮ ਤੱਤ ਹੋ ਗਿਆ ਹੈ ॥੭॥

**ਦੋਹਰਾ ॥ ਪਰਮ ਜੋਤਿ ਮਿਲਿ ਜੋਤਿ ਮਹਿ, ਜਗ ਮਗ ਜੋਤਿ ਸਰੂਪ ॥ ਪਰਮ ਤਤੁ ਤਤਹਿ ਮਿਲਿਓ,ਅਦਭੁਤ ਅਤਹਿ ਅਨੂਪ ॥ ੮ ॥**

(ਜੋ) ਪਰਮ ਜੋਤੀ ਰੂਪ (ਵਾਹਿਗੁਰੂ ਹੈ, ਉਸਦੀ) ਜੋਤ ਨਾਲ ਮਿਲਕੇ (ਸਤਿਗੁਰੂ ਨਾਨਕ ਦੇਵ ਜੀ) 'ਜੋਤ ਸਰੂਪ' (ਹੋ ਕੇ ਗਿਆਨ ਦਾ) ਉਜਾਲਾ (ਕਰ ਰਿਹਾ ਹੈ) । (ਉਹ) ਤੱਤਾਂ ਨਾਲ ਮਿਲਕੇ (ਐਸਾ) ਪਰਮ ਤੱਤ (ਹੋਇਆ ਹੈ, ਜੋ) ਵੱਡਾ ਹੀ ਅਚਰਜ ਤੇ ਉਪਮਾਂ ਤੋਂ ਰਹਿਤ ਹੈ ॥ ੮ ॥

**ਛੰਤੁ ॥ ਅਦਭੁਤ ਅਤਹਿ ਅਨੂਪ ਰੂਪ ਪਾਰਸ ਕੈ ਪਾਰਸ ॥**

(ਗੁਰੂ ਨਾਨਕ ਦੇਵ ਜੀ ਦਾ) ਰੂਪ ਵੱਡਾ ਹੀ ਅਚਰਜ ਤੇ ਉਪਮਾ ਤੋਂ ਰਹਿਤ ਹੈ ਅਤੇ ਪਾਰਸ ਦਾ ਭੀ ਪਾਰਸ ਹੈ ।

**ਗੁਰ ਅੰਗਦ ਮਿਲਿ ਅੰਗ ਸੰਗ ਮਿਲਿ ਸੰਗਿ ਉਧਾਰਸ॥**

(ਕਿਉਂਕਿ ਉਨ੍ਹਾਂ ਦੇ) ਸਰੀਰ ਨਾਲ ਮਿਲਕੇ (ਲਹਣਾ ਜੀ) ਗੁਰ ਅੰਗਦ (ਬਣ ਗਏ ਅਤੇ ਫਿਰ ਜਿਨ੍ਹਾਂ ਨਾਲ) ਮਿਲਕੇ ਸੰਗ ਦਾ ਉਧਾਰ ਹੋਇਆ ਹੈ ।

**ਅਕਲ ਕਲਾ ਭਰਪੂਰ ਸੂਤ੍ਰਿ ਗਤਿ ਓਤਿ ਪੋਤਿ ਮਹਿ॥**

(ਜੋ) ਅਕਲ ਦੀ ਕਲਾ ਨਾਲ ਪੂਰਨ ਹੈ ਤੇ [ਮਹਿ] ਧਰਤੀ ਵਿਚ (ਓਤਿ+ਪੋਤਿ)ਤਾਣੇ-ਪੇਟੇ ਦੇ ਸੂਤ੍ਰ ਦੀ ਰੀਤੀ (ਅਨੁਸਾਰ) ਗੁਰੂ-ਚੇਲੇ ਦੀ ਸੰਧਿ ਮਿਲੀ ਹੋਈ ਹੈ ।

**ਜਗ ਮਗ ਜੋਤਿ ਸਰੂਪ ਜੋਤਿ ਮਿਲਿ ਜੋਤਿ ਜੋਤਿ ਮਹਿ ॥੯॥**

ਜੋਤੀ ਸਰੂਪ (ਗੁਰੂ ਅੰਗਦ ਦੇਵ ਜੀ ਜੋਤਿ) ਸਮਾਨ ਜਗਮਗ ੨ (ਕਰਦੇ ਹਨ, ਕਿਉਂਕਿ ਗੁਰੂ ਨਾਨਕ ਦੇਵ ਰੂਪ)ਜੋਤੀ ਨਾਲ ਮਿਲਨ ਕਰਕੇ ਧਰਤੀ ਵਿਚ ਜੋਤੀ (ਰੂਪ ਹੋ ਗਏ ਹਨ)

(ਗੁਰੂ ਅਮਰ ਦੇਵ ਜੀ)

**ਸੋਰਠਾ ॥ ਅੰਮ੍ਰਿਤ ਦ੍ਰਿਸਟਿ ਨਿਵਾਸ, ਅੰਮ੍ਰਿਤ ਬਚਨ ਅਨਹਦ ਸਬਦ ॥ ਸਤਿਗੁਰ ਅਮਰ ਪ੍ਰਗਾਸ, ਮਿਲਿ ਅੰਮ੍ਰਿਤ ਅੰਮ੍ਰਿਤ ਭਏ ॥੧੦॥**

ਅੰਮ੍ਰਿਤ = ਮੌਤ ਤੋਂ ਰਹਿਤ ਅਵਸਥਾ ਕਰਨ ਵਾਲੀ ਵਸਤ੍ਰ। ਪ੍ਰਗਾਸ = ਚਾਨਣ, ਦੇਵ

ਜਿਨਾਂ ਦੀ ਨਜ਼ਰ ਵਿਚ ਅਮ੍ਰਿਤ ਦਾ ਨਿਵਾਸ ਹੈ, (ਜਿਨਾਂ ਦੇ) ਬਚਨ ਅਮ੍ਰਿਤ (ਸਮਾਨ ਤੇ) ਅਨਹਦ ਸ਼ਬਦ ਰੂਪ ਹਨ।

(ਉਹ) ਸਤਿਗੁਰੂ ਅਮਰ ਦੇਵ (ਜੀ, ਗੁਰੂ ਅੰਗਦ ਦੇਵ ਰੂਪ) ਅੰਮ੍ਰਿਤ ਨੂੰ ਮਿਲਕੇ ਅੰਮ੍ਰਿਤ ਰੂਪ ਹੋ ਗਏ ਹਨ॥ ੧੦॥

ਭਾਵ–ਸ੍ਰੀ ਗੁਰੂ ਅਮਰ ਦੇਵ ਜੀ ਨੇ ਪ੍ਰੇਮੇ ਕੋਹੜੇ ਦਾ ਸਰੀਰ ਜੋ ਕੋਹੜ ਰੋਗ ਨਾਲ ਸਾਰਾ ਹੀ ਗਲ ਚੁੱਕਾ ਸੀ, ਉਸ ਸਰੀਰ ਨੂੰ ਮੁੜਕੇ ਕੰਚਨ ਵਾਂਗੂੰ ਸੁਧ-ਸਾਫ ਤੇ ਰੋਗ ਤੋਂ ਰਹਿਤ, ਕੇਵਲ ਉਸਦੇ ਸਰੀਰ ਨੂੰ ਅੱਖਾਂ ਨਾਲ ਇਕੋ ਵੇਰੀ ਵੇਖਕੇ ਹੀ ਕਰ ਦਿਤਾ ਸੀ, ਇਸ ਲਈ 'ਦ੍ਰਿਸ਼ਟਿ ਵਿਚ ਅੰਮ੍ਰਿਤ ਨਿਵਾਸ' ਵਰਣਨ ਕੀਤਾ ਹੈ। ਸ੍ਰੀ ਗੁਰੂ ਅਮਰ ਦੇਵ ਜੀ ਨੇ ਇਕ ਮਾਈ ਦਾ ਪੁੱਤ੍ਰ ਮਰ ਗਿਆ ਜਾਣਕੇ ਤੇ ਉਸ ਬਿਧਾ ਦੇ ਦੁਖਾਰਤ ਵੈਣ ਸੁਣਕੇ, ਹੁਕਮ ਕੀਤਾ ਸੀ ਕਿ ਜਿੰਨਾਂ ਚਿਰ ਸਾਡਾ ਸਰੀਰ ਹੈ,ਇਸ ਗੋਇੰਦਵਾਲ ਵਿਚ ਮਾਤਾ ਪਿਤਾ ਦੇ ਸਾਹਮਣੇ ਕੋਈ ਭੀ ਪੁਤ੍ਰ ਨਹੀਂ ਮਰੇਗਾ, ਸੋ ਐਸਾ ਹੀ ਹੋਇਆ, ਇਸ ਲਈ ਆਪ ਜੀ ਦੇ ਬਚਨ ਭੀ ਅੰਮ੍ਰਿਤ ਸਮਾਨ ਸਨ।

**ਦੋਹਰਾ॥ ਅੰਮ੍ਰਿਤ ਬਚਨ ਅਨਹਦ ਸਬਦ, ਅੰਮ੍ਰਿਤ ਦ੍ਰਿਸਟਿ ਨਿਵਾਸ॥ ਮਿਲਿ ਅੰਮ੍ਰਿਤ ਅੰਮ੍ਰਿਤ ਭਏ, ਸਤਿਗੁਰ ਅਮਰ ਪ੍ਰਗਾਸ॥ ੧੧॥**

ਅਨਹਦ ਸ਼ਬਦ (ਸਮਾਨ ਜਿਨ੍ਹਾਂ ਦੇ) ਬਚਨ ਅੰਮ੍ਰਿਤ ਹਨ, (ਅਤੇ ਜਿਨ੍ਹਾਂ ਦੀ) ਦ੍ਰਿਸ਼ਟੀ ਵਿਚ ਅੰਮ੍ਰਿਤ ਦਾ ਨਿਵਾਸ ਹੈ। (ਉਸ ਗੁਰੂ ਰੂਪ) ਅੰਮ੍ਰਿਤ ਨੂੰ ਮਿਲ ਕਰਕੇ, ਸਤਿਗੁਰੂ ਅਮਰ ਦੇਵ ਜੀ ਅੰਮ੍ਰਿਤ ਰੂਪ ਹੋ ਗਏ ਹਨ॥ ੧੧॥

**ਛੰਤੁ॥ ਸਤਿਗੁਰ ਅਮਰ ਪ੍ਰਗਾਸ ਤਾਸ ਚਰਨਾਮ੍ਰਿਤ ਪਾਵੈ॥**

ਪ੍ਰਗਾਸ–ਦੇਵ। ਤਾਸ–ਉਨ੍ਹਾਂ ਦਾ। ਚਰਨਾਮ੍ਰਿਤ–ਚਰਨਾਂ ਦਾ ਅੰਮ੍ਰਿਤ, ਚਰਨ ਪਾਹੁਲ। ਕਾਮ–ਕਾਮਨਾਂ, ਸ੍ਵਾਰਥ ਪਰਮਪਦ–ਕੇਵਲ ਮੋਖਯ, ਅਭੇਦਤਾ ਰੂਪ ਸੁਖ। ਪ੍ਰਗਾਸਨ–ਪ੍ਰਗਟ ਕਰਦੇ ਹਨ। ਸੰਧਿ–ਮਿਲਾਪ। ਸੁਗੰਧਿ–ਸੁਗੰਧੀ, ਵਾਸ਼ਨਾ, ਕੀਰਤੀ। ਨਿਜ ਆਸਨ–ਆਤਮ ਸੁਖ ਦੀ ਸਥਿਤੀ।

ਸ੍ਰੀ ਗੁਰੂ ਅਮਰ ਦੇਵ ਜੀ (ਅੰਮ੍ਰਿਤ ਸਰੂਪ ਹਨ, ਜੇਹੜਾ ਕੋਈ) ਉਨ੍ਹਾਂ ਦੇ 'ਚਰਨਾਮ੍ਰਿਤ'ਨੂੰ ਪਾਵੇਗਾ।

**ਕਾਮ ਨਾਮ ਨਿਹਕਾਮ ਪਰਮ ਪਦ ਸਹਜ ਸਮਾਵੈ॥**

(ਜਿਸਦਾ) ਨਾਮ 'ਕਾਮ' (ਹੈ,ਉਹ ਪੁਰਸ਼ ਉਸ) ਕਾਮ ਤੋਂ ਰਹਿਤ ਹੋਕੇ ਸਹਿਜੇ ਹੀ ਪਰਮਪਦ ਵਿਚ ਸਮਾ ਜਾਵੇਗਾ।

**ਗੁਰਮੁਖਿ ਸੰਧਿ ਸੁਗੰਧਿ ਸਾਧ ਸੰਗਤਿ ਨਿਜ ਆਸਨ॥**

(ਉਸ) ਗੁਰਸਿਖ ਦੇ ਮਿਲਾਪ ਦੀ ਸੁਗੰਧੀ (ਕੀਰਤੀ) ਸਾਧ ਸੰਗਤ ਵਿਚ (ਫੈਲ ਜਾਵੇਗੀ, ਅਤੇ ਉਹ ਆਤਮ ਸੁਖ ਰੂਪ) ਨਿਜ ਸਥਾਨ ਵਿਚ ਵਾਸਾ ਪਾ ਲਵੇਗਾ।

**ਅੰਮ੍ਰਿਤ ਦ੍ਰਿਸਟਿ ਨਿਵਾਸ ਅੰਮ੍ਰਿਤ ਮੁਖ ਬਚਨ ਪ੍ਰਗਾਸਨ॥੧੨॥**

(ਜਿਨ੍ਹਾਂ ਦੀ) ਦ੍ਰਿਸ਼ਟੀ ਵਿਚ ਅੰਮ੍ਰਿਤ ਦਾ ਨਿਵਾਸ ਹੈ, (ਉਹ ਸਤਿਗੁਰੂ ਜੀ) ਮੂੰਹ ਤੋਂ ਅੰਮ੍ਰਿਤ ਰੂਪ ਬਚਨਾਂ ਦਾ ਪ੍ਰਕਾਸ਼ ਕਰਦੇ ਹਨ॥ ੧੨॥

(ਗੁਰੂ ਰਾਮਦਾਸ ਜੀ)

**ਸੋਰਠਾ॥ ਬ੍ਰਹਮਾਸਨ ਬਿਸ੍ਰਾਮ, ਗੁਰ ਭਏ ਗੁਰਮੁਖਿ ਸੰਧਿ ਮਿਲਿ॥ ਗੁਰਮੁਖਿ ਰਮਤਾ ਰਾਮ, ਰਾਮ ਨਾਮ ਗੁਰਮੁਖਿ ਭਏ॥ ੧੩॥**

ਬ੍ਰਹਮਾਸਨਿ–ਆਤਮ ਸੁਖ ਦੀ ਪ੍ਰਾਪਤੀ ਰੂਪ ਸਥਾਨ ਵਿਚ। ਬਿਸ੍ਰਾਮ–ਵਾਸਾ, ਟਿਕਾਉ। ਗੁਰਮੁਖਿ–ਸਤਿਗੁਰੂ ਦੇ। ਸੰਧ–ਮਿਲਾਪ ਵਿਚ, ਸੰਗਤ ਨਾਲ। ਰਮਤਾ–ਸਿਮਰਨ ਕੀਤਾ।

(ਜਦ) ਸਤਿਗੁਰੂ ਦੀ ਸੰਗਤ ਵਿਚ (ਸਿਖ ਦਾ ਮਨ) ਮਿਲਿਆ ਤੇ ਗੁਰੂ ਗੁਰੂ (ਸਿਮਰਨ ਦਾ ਅਭਿਆਸੀ) ਹੋਇਆ ਤਾਂ ਆਤਮ ਸੁਖ ਦੀ ਪ੍ਰਾਪਤੀ ਰੂਪ ਸਥਾਨ ਉਤੇ ਮਨ ਨੇ ਟਿਕਾਉ (ਕਰ ਲਿਆ)।

(ਇਸ ਪਦ ਤੇ ਪੁਜਕੇ ਜਿਸ) ਗੁਰਸਿਖ ਨੇ ਰਾਮ ਦਾ (ਰਮਤਾ) ਸਿਮਰਨ ਕੀਤਾ ਹੈ, (ਉਹ) 'ਰਾਮ' ਨਾਮ (ਵਾਲਾ) ਗੁਰਸਿਖ ਹੀ ਸਤਿਗੁਰੂ ਹੋ ਗਿਆ ਹੈ॥ ੧੩॥

**ਦੋਹਰਾ॥ ਗੁਰ ਭਏ ਗੁਰਮੁਖਿ ਸੰਧਿ ਮਿਲਿ ਬ੍ਰਹਮਾਸਨ ਬਿਸ੍ਰਾਮ॥ ਰਾਮ ਨਾਮ ਗੁਰਮੁਖਿ ਭਏ ਗੁਰਮੁਖਿ ਰਮਤਾ ਰਾਮ॥ ੧੪॥**

ਸਤਿਗੁਰੂ ਦੀ ਸੰਗਤ ਵਿਚ ਮਿਲਕੇ (ਜਿਸ ਸਿਖ ਨੇ) ਬ੍ਰਹਮ ਸਥਾਨ ਤੇ ਨਿਵਾਸ (ਕੀਤਾ ਹੈ, ਉਹ ਸਿਖ) ਗੁਰੂ ਰੂਪ ਹੋ ਗਿਆ ਹੈ।

(ਜਿਸ) ਗੁਰਸਿਖ ਦਾ ਨਾਮ 'ਰਾਮ' ਹੈ, (ਉਹ) ਰਾਮ ਰਾਮ ਸਿਮਰਦਾ ਹੋਇਆ(ਆਪ ਹੀ)ਸਤਿਗੁਰੂ ਹੋ ਗਿਆ ਹੈ॥ ੧੪॥

**ਛੰਤ॥ ਗੁਰਮੁਖਿ ਰਮਤਾ ਰਾਮ ਨਾਮ ਗੁਰਮੁਖਿ ਪ੍ਰਗਟਾਇਓ॥**

(ਜਦ) ਗੁਰਸਿਖ ਨੇ ਰਾਮ ਨਾਮ ਦਾ ਸਿਮਰਨ ਕੀਤਾ (ਤਾਂ) ਵਾਹਿਗੁਰੂ (ਨੇ ਸਿਖ ਦੇ ਹਿਰਦੇ ਵਿਚ ਆਪ ਨੂੰ) ਪ੍ਰਗਟ ਕਰ ਦਿਤਾ।

**ਸਬਦ ਸੁਰਤਿ ਗੁਰ ਗਿਆਨ ਧਿਆਨ ਗੁਰੂ ਗੁਰੂ ਕਹਾਇਓ॥**

(ਪਰ ਤਦ, ਜਦ ਸਿਖ ਨੇ) ਗੁਰ ਸਬਦ (ਨੂੰ ਆਪਣੀ) ਸੁਰਤ ਕਰਕੇ (ਗਿਆਨ) ਜਾਣਿਆ ਤੇ ਧਿਆਨ ਕਰਕੇ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕੀਤਾ।

**ਦੀਪ ਜੋਤਿ ਮਿਲਿ ਦੀਪ ਜੋਤਿ ਜਗ ਮਗ ਅੰਤਰਿ ਉਰ॥**

(ਜਿਵੇਂ) ਦੀਵੇ ਦੀ ਜੋਤ ਨਾਲ ਮਿਲਕੇ (ਦੂਜੇ) ਦੀਵੇ ਦੀ ਜੋਤ ਜਗ ਪੈਂਦੀ ਹੈ,ਇਵੇਂ ਹੀ ਗੁਰੂ ਸ਼ਬਦ ਨਾਲ ਮਿਲਣ ਕਰਕੇ (ਸਿਖ ਦੇ) ਹਿਰਦੇ ਅੰਦਰ ਆਤਮ ਗਿਆਨ ਪ੍ਰਕਾਸ਼ ਕਰਦਾ ਹੈ।

**ਗੁਰਮੁਖਿ ਰਮਤਾ ਰਾਮ ਸੰਧਿ ਗੁਰਮੁਖਿ ਮਿਲਿ ਭਏ ਗੁਰ॥ ੧੫॥**

(ਐਸੇ) ਸਤਿਗੁਰੂ ਦੇ ਮਿਲਾਪ ਦੀ ਸੰਧੀ ਵਿਚ ਮਿਲ ਕਰਕੇ,ਰਾਮ ਰਾਮ ਸਿਮਰਨ ਕਰਨ ਵਾਲਾਗੁਰ ਸਿਖ ਹੀ ਗੁਰੂ ਹੋ ਗਿਆ ਹੈ॥ ੧੫॥

(ਸ੍ਰੀ ਗੁਰੂ ਅਰਜਨ ਦੇਵ ਜੀ)

**ਸੋਰਠਾ॥ ਆਦਿ ਅੰਤਿ ਬਿਸਮਾਦ ਫਲ ਦ੍ਰੁਮ ਗੁਰ ਸਿਖ ਸੰਧਿ ਗਤਿ॥ ਆਦਿ ਪਰਮ ਪਰਮਾਦ, ਅੰਤ ਅਨੰਤ ਨ ਜਾਨੀਐ॥ ੧੬॥**

ਬਿਸਮਾਦਿ–ਅਚਰਜ ਹੈ। ਸੰਧਿ–ਮਿਲਾਪ, ਸੰਗਤਿ। ਗਤਿ–ਰੀਤੀ, ਮਰਯਾਦਾ। ਦ੍ਰੁਮ–ਬ੍ਰਿਛ। ਅਨੰਤ (ਅਨ+ਅੰਤ) ਨਹੀਂ ਹੈ ਅੰਤ।

ਆਦ ਤੋਂ ਅੰਤ ਤਕ ਅਚਰਜ ਹੈ, ਗੁਰੂ ਦੇ ਸਿਖ ਦੇ ਮਿਲਾਪ ਦੀ ਮਰਯਾਦਾ ਫਲ ਤੇ ਬ੍ਰਿਛ ਵਾਂਗੂ। 'ਆਦ' ਪਰੇ ਹੈ ਅਤੇ 'ਪਰੇ' ਹੀ ਆਦ ਹੈ, ਅੰਤ (ਹੈ ਜਾਂ) ਅੰਤ ਨਹੀਂ ਹੈ, (ਇਸ ਭੇਦ ਨੂੰ) ਨਹੀਂ ਜਾਣਿਆਂ ਜਾਂਦਾ॥ ੧੬॥

ਭਾਵ–ਜਿਵੇਂਫਲਬਿਛ ਤੋਂਪੈਦਾਹੁੰਦਾਹੈਅਤੇਉਹ ਬਿਰਛ ਫਲ ਦੇ ਅੰਦਰਲੇਬੀਜ ਤੋਂਪੈਦਾ ਹੋਇਆਹੈ, ਇਸ ਭੇਦ ਨੂੰ ਕੋਈ ਨਹੀਂ ਜਾਣ ਸਕਦਾ ਕਿ ਫਲ ਸਰੂਪ ਬੀਜ ਪਹਿਲੇ ਸੀ ਜਾਂ ਬ੍ਰਿਛ? ਕਿਉਂਕਿ ਬ੍ਰਿਛ ਬਿਨਾਂ ਫਲ ਨਹੀਂ ਹੁੰਦਾ ਅਤੇ ਉਹ ਫਲਹੀ ਬੀਜਹੈ, ਜਿਸਤੋਂ ਬ੍ਰਿਛ ਪੈਦਾ ਹੁੰਦਾ ਹੈ,ਅਜੇਹੀ ਦਸ਼ਾਦਾ ਨਾਮ 'ਅਨਰਵਚਨੀ' ਹੈ, ਇਹ ਦਸ਼ਾ ਗੁਰੂ-ਚੇਲੇ ਦੀ ਹੈ। ਪਹਿਲੇ ਗੁਰੂ ਤੋਂ ਚੇਲਾ ਤੇ ਫਿਰ ਉਹਚੇਲਾ ਹੀ ਗੁਰੂ ਰੂਪ ਹੋ ਗਿਆ ਹੈ,ਇਸ ਮਰਯਾਦਾ ਦਾ ਮੁਢ 'ਪਰਮ' ਹੈ ਜਾਂ ਪਰਮ ਹੀ ਆਦਿ ਹੈ, ਫਿਰ ਅੰਤ ਦਾ ਅੰਤ ਨਹੀਂ ਹੈ ਅਰਥਾਤ ਜਿਵੇਂ ਇਸ ਗਲ ਦਾ ਪਤਾ

ਨਿਸਚੇ ਨਹੀਂ ਹੁੰਦਾ ਕਿ ਪਹਿਲੋਂ ਬ੍ਰਿਛ ਹੈ ਜਾਂ ਬੀਜ ਦਾ ਜਨਕ ਰੂਪ ਫਲ, ਇਸਦੀ ਮਰਜਾਦਾ ਵਿਚ 'ਅਨਵਸਥਾ' ਹੈ,ਇਵੇਂ ਹੀ ਪਹਿਲੇ ਗੁਰੂ ਹੈ ਜਾਂ ਗੁਰੂ ਹੀ 'ਪਰਮਾਦ' ਫ਼ਿਰ ਅੰਤਲੀ ਅਵਸ਼ਥਾ ਰੂਪ ਜੋ ਸਿਖ ਹੈ, ਇਸ 'ਅੰਤ' ਦਾ ਅੰਤ ਨਹੀਂ ਹੈ ਇਸ ਵਿਚ ਭੀ ਅਨਵਸਥਾ ਹੀ ਕਹਿਣੀ ਬਣਦੀ ਹੈ ॥੧੬॥

**ਦੋਹਰਾ ॥ ਫਲ ਦ੍ਰੁਮ ਗੁਰ ਸਿਖ ਸੰਧਿ ਗਤਿ ਆਦਿਅੰਤਿ ਬਿਸਮਾਦਿ॥ ਅੰਤ ਅਨੰਤ ਨ ਜਾਨੀਐ ਆਦਿ ਪਰਮ ਪਰਮਾਦਿ ॥ ੧੭ ॥**

ਫਲ ਤੋਂ ਦਰਖਤ ਅਤੇ ਦਰਖਤ ਤੋਂ ਫਲ ਦੀ ਰੀਤੀ (ਵਾਂਗੂ) ਗੁਰੂ ਤੇ ਸਿਖ ਦੇ ਮਿਲਾਪ ਦੀ ਗਤੀ ਹੈ, (ਜਿਸ ਦਾ) ਆਦ ਤੇ ਅੰਤ ਅਸਚਰਜ ਹੈ)

(ਇਸ) ਅਨੰਤ (ਸਰੂਪ ਗੁਰੂ ਜੀ ਦਾ) ਅੰਤ ਨਹੀਂ ਜਾਣੀਦਾ ਹੈ ਅਤੇ ਆਦ (ਮੁਢ) ਭੀ ਪਰਮ ਤੋਂ ਪਰਮਾਦ ਹੈ ॥ ੧੭ ॥

**ਛੰਤੁ ॥ ਆਦਿ ਪਰਮ ਪਰਮਾਦਿ ਨਾਦ ਮਿਲਿ ਨਾਦ ਸਬਦ ਧੁਨਿ ॥**

ਆਦਿ–ਜੀਵਾਤਮਾ । ਪਰਮ–ਈਸ਼ਵਰਾਤਮਾ । ਸਲਿਲਹਿ–ਪਾਣੀ ਵਿਚ । ਸਲਿਲ—ਪਾਣੀ । ਸਰਿਤਾ–ਨਦੀ । ਸਾਗਰ–ਸਮੁੰਦਰ । ਨਰਪਤਿ–ਰਾਜਾ । ਸੁਤ–ਪੁਤ੍ਰ । ਨ੍ਰਿਪ–ਰਾਜਾ । ਗਰਜਣ—ਗੂੰਜ ਕਰਦਾ, ਗਾਉਂਦਾ । ਪਰਸਾਦਿ–ਕ੍ਰਿਪਾ ਨਾਲ ।

(ਜਿਵੇਂ) ਆਦ ਤੋਂ ਭੀ ਪਰੇ ਦਾ ਸਮਾ (ਤੇ ਫਿਰ) ਪਰੇ ਦਾ ਸਮਾ ਹੀ ਆਦ (ਹੋ ਗਿਆ ਹੈ, ਜਿਵੇਂ) ਨਾਦ ਨਾਲ ਮਿਲਕੇ ਨਾਦ ਸ਼ਬਦ ਦੀ ਧੁਨੀ (ਹੋ ਜਾਂਦੀ ਹੈ)।

**ਸਲਿਲਹਿ ਸਲਿਲ ਸਮਾਇ ਨਾਮ ਸਰਿਤਾ ਸਾਗਰ ਸੁਨਿ ॥**

(ਜਿਵੇਂ) ਪਾਣੀ ਵਿਚ ਪਾਣੀ ਸਮਾ ਜਾਂਦਾ ਹੈ ਅਤੇ ਨਦੀ ਦੀ ਆਵਾਜ਼ ਸਮੁੰਦਰ ਦੀ ਆਵਾਜ਼ ਵਿਚ ਮਿਲ ਜਾਂਦੀ ਹੈ।

**ਨਰਪਤਿ ਸੁਤਿ ਨ੍ਰਿਪ ਹੋਤ ਜੋਤਿ ਗੁਰਮੁਖਿ ਗੁਨ ਗਰਜਨ ॥**

(ਜਿਵੇਂ) ਰਾਜੇ ਦਾ ਪੁੱਤ੍ਰ ਰਾਜਾ ਹੁੰਦਾ ਹੈ (ਇਵੇਂ ਹੀ) ਸਤਿਗੁਰੂ ਦੀ (ਜੋਤਿ) ਸਿਖਯਾ ਨੂੰ (ਗੁਨ) ਵੀਚਾਰ ਨਾਲ ਸਿਮਰਨ ਕਰਨ ਵਾਲਾ।

**ਰਾਮ ਨਾਮ ਪਰਸਾਦਿ ਭਏ ਗੁਰੁ ਤੇ ਗੁਰੁ ਅਰਜਨ ॥੧੮॥੬॥**

ਅਰਜਨ ਨਾਮ (ਵਾਲਾ ਸਿਖ) 'ਰਾਮ' ਨਾਮ ਵਾਲੇ ਗੁਰੂ ਦੀ ਕ੍ਰਿਪਾ ਨਾਲ ਗੁਰੂ ਹੋ ਗਿਆ ਹੈ (ਅਰਥਾਤ ਜਿਵੇਂ ਪਾਨੀ ਨਾਲ ਪਾਨੀ ਮਿਲ ਜਾਂਦਾ ਹੈ, ਇਵੇਂ ਅਰਜਨ ਨਾਮ ਵਾਲਾ ਸਿਖ 'ਗੁਰੂ ਰਾਮ ਦਾਸ' ਜੀ ਨਾਲ ਮਿਲ ਗਿਆ ਹੈ, ਜਿਵੇਂ ਨਦੀ ਸਮੁੰਦਰ ਵਿਚ ਸਮਾ ਜਾਂਦੀ ਹੈ ਇਵੇਂ ਅਰਜਨ ਨਾਮ ਦਾ ਸਿਖ ਰਾਮ ਨਾਮ ਵਾਲੇ ਗੁਰੂ ਵਿਚ ਅਭੇਦ ਹੋ ਗਿਆ ਹੈ, ਜਿਵੇਂ ਰਾਜਾ ਦਾ ਪੁਤ੍ਰ ਹੀ ਰਾਜਾ ਹੁੰਦਾ ਹੈ, ਇਵੇਂ ਗੁਰੂ ਰਾਮਦਾਸ ਜੀ ਦੇ ਪੁਤ੍ਰ ਸ੍ਰੀ ਅਰਜਨ ਜੀ ਗੁਰੂ ਹੋ ਗਏ ਹਨ ॥ ੧੮ ॥ ੬ ॥

(ਸ੍ਰੀ ਗੁਰੂ ਹਰਿਗੋਬਿੰਦ ਜੀ)

**ਸੋਰਠਾ ॥ ਪੂਰਨ ਬ੍ਰਹਮ ਬਿਬੇਕ ਆਪਾ ਆਪ ਪ੍ਰਗਾਸ ਹੁਇ ॥ ਨਾਮ ਦੋਇ ਪ੍ਰਭੁ ਏਕ ਗੁਰ ਗੋਬਿੰਦ ਬਖਾਣੀਐ ॥ ੧੯ ॥**

ਬਿਬੇਕ–ਵਿਚਾਰ ਕਰਨੀ । ਆਪਾ ਆਪ–ਆਪਣੇ ਆਤਮਾ ਦਾ । ਪ੍ਰਗਾਸ–ਉਜਾਲਾ, ਗਿਆਨ । ਨਾਮ=ਕਹਿਣ ਮਾਤ੍ਰ

(ਜਿਸ ਨੇ) ਪੂਰਨ ਬ੍ਰਹਮ ਦਾ ਵਿਚਾਰ ਕੀਤਾਹੈ, (ਉਸਨੂੰ) ਅਪਨੇ ਆਤਮਾਂ ਦਾ ਗਿਆਨਹੋਗਿਆਹੈ।

(ਉਹ) ਕਹਿਣ ਮਾਤ੍ਰ ਨੂੰ ਦੋ (ਰੂਪ) ਹੈ, ਪਰ ਵਾਸਤਵ ਵਿਚ (ਉਹ) ਪ੍ਰਭੂ ਨਾਲ ਇਕ-ਮਿਕ ਹੋ ਚੁਕਾ ਹੈ (ਐਸਾ ਹੀ) 'ਗੁਰੂ' ਤੇ 'ਗੋਬਿੰਦ' ਕਿਹਾ ਜਾਂਦਾ ਹੈ ॥ ੧੯ ॥

ਭਾਵ—ਜਿਸ ਨੂੰ ਪੂਰਨ ਬ੍ਰਹਮ ਦਾ ਵਿਚਾਰ ਹੈ,

ਉਸ ਨੂੰ ਹੀ ਆਤਮ ਗਿਆਨ ਦਾ ਪ੍ਰਕਾਸ਼ ਹੈ, ਫਿਰ 'ਜਿਨ ਜਾਤਾ ਸੋ ਤਿਸਹੀ ਜੇਹਾ' ਹੋਣ ਕਰਕੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ, ਇਸ ਤਰਾਂ ਦੇ ਅਭੇਦ ਗਿਆਨਵਾਲਾਛੇਵਾਂ ਸਤਿਗੁਰੂ ਕਹਿਣਾ ਚਾਹੀਦਾਹੈ।

**ਦੋਹਰਾ ॥ ਆਪਾ ਆਪ ਪ੍ਰਗਾਸ ਹੁਇ ਪੂਰਨ ਬ੍ਰਹਮ ਬਿਬੇਕ ॥ ਗੁਰ ਗੋਬਿੰਦ ਬਖਾਨੀਐ ਨਾਮ ਦੋਇ ਪ੍ਰਭੁ ਏਕ ॥ ੨੦ ॥**

(ਉਸਨੂੰ)ਆਪਨੇ ਆਤਮਾ ਦਾ ਗਿਆਨਹੋਇਆ ਹੈ, (ਜਿਸਨ) ਪੂਰਨ ਬ੍ਰਹਮ ਦਾ ਵੀਚਾਰ ਕੀਤਾ ਹੈ। (ਉਸੇ ਨੂੰ) 'ਗੁਰੂ ਗੋਬਿੰਦ' ਕਿਹਾ ਜਾਂਦਾ ਹੈ, (ਕਿਉਂਕਿ) ਨਾਮ ਹੀ ਦੋ ਹਨ, (ਪਰ ਵਾਸਤਵ ਵਿਚ) 'ਪ੍ਰਭੂ ਇਕ' ਹੈ ॥ ੨੦ ॥

**ਛੰਤੁ ॥ ਨਾਮ ਦੋਇ ਪ੍ਰਭੁ ਏਕ ਟੇਕ ਗੁਰਮੁਖਿ ਠਹਰਾਈ ॥**

ਨਾਮ ਦੋ ਹਨ, ਪਰ ਪ੍ਰਭੂ ਇਕ ਹੈ, (ਇਹ) ਟੇਕ ਗੁਰਸਿਖਾਂ ਨੇ ਠਹਿਰਾਈ ਹੈ।

**ਆਦਿ ਭਏ ਗੁਰ ਨਾਮ ਦੁਤੀਅ ਗੋਬਿੰਦ ਬਡਾਈ ॥**

ਪਹਿਲਾ ਨਾਮ ਗੁਰੂ ਦਾ ਹੋਇਆ ਹੈ ਅਰ ਦੂਜਾ (ਨਾਮ) ਗੋਬਿੰਦ ਦੀ ਵਡਿਆਈ ਰੂਪ ਹੈ।

**ਹਰਿ ਗੁਰੁ ਹਰਿ ਗੋਬਿੰਦ ਰਚਨਿ ਰਚ ਥਾਪਿ ਉਥਾਪਨ ॥**

ਹਰੀ ਹੀ ਗੁਰੂ ਹੈ, ਹਰੀ ਹੀ ਗੋਬਿੰਦ ਹੈ, (ਜੋ) ਰਚਨਾ ਨੂੰ ਰਚਦਾ ਹੈ, ਥਾਪਦਾ ਹੈ, ਅਤੇ ਉਥਾਪਨ (ਨਾਸ) ਕਰਦਾ ਹੈ।

**ਪੂਰਨ ਬ੍ਰਹਮ ਬਿਬੇਕ ਪ੍ਰਗਟ ਹੁਇ ਆਪਾ ਆਪਨ ॥੨੧॥**

ਪੂਰਨ ਬ੍ਰਹਮ ਦੀ ਵੀਚਾਰ ਕਰਨ ਕਰਕੇ ਉਨ੍ਹਾਂਨੂੰ ਅਪਨੇ ਆਤਮਾ ਦਾ ਗਿਆਨ ਹੋ ਗਿਆ ਹੈ ॥੨੧॥

**ਸੋਰਠਾ ॥ ਬਿਸਮਾਦਹਿ ਬਿਸਮਾਦਿ ਅਸਚਰਜਹਿ ਅਸਚਰਜਗਤਿ॥ਆਦਿ ਪੁਰਖ ਪਰਮਾਦਿ ਅਦਭੁਤਪਰਮਦਭੁਤ ਭਏ ॥ ੨੨ ॥**

(ਜੋ) ਬਿਸਮਾਦ ਤੋਂ ਬਿਸਮਾਦ ਹੈ ਤੇ ਅਸਚਰਜ ਤੋਂ ਅਸਚਰਜ ਗਤੀ ਵਾਲਾ ਹੈ।

(ਉਹ) ਆਦਿ ਪੁਰਖ ਆਦ ਤੋਂ ਪਰੇ ਹੈ ਅਤੇ ਅਦਭੁਤ ਤੋਂ ਪਰਮ ਅਦਭੁਤ ਹੋਇਆ ਹੈ ॥ ੨੨ ॥

**ਦੋਹਰਾ ॥ ਅਸਚਰਜਹਿ ਅਸਚਰਜ ਗਤਿਬਿਸਮਾਦਹਿਬਿਸਮਾਦ॥ਅਦਭੁਤ ਪਰਮਦਭੁਤ ਭਏ ਆਦਿ ਪੁਰਖ ਪਰਸਾਦਿ ॥ ੨੩ ॥**

(ਜਿਸਦੀ) ਗਤੀ ਅਚਰਜ ਤੋਂ ਅਚਰਜ ਹੈ ਅਤੇ ਬਿਸਮਾਦ ਤੋਂ ਬਿਸਮਾਦ ਹੈ।

(ਉਹ) ਅਦਭੁਤ ਤੋਂ ਪਰਮ ਅਦਭੁਤ ਹੋਇਆ ਹੈ,(ਜੋ) ਆਦਿ ਪੁਰਖ ਆਦਿ ਤੋਂ ਪਰੇ ਹੈ ॥ ੨੩ ॥

**ਛੰਤੁ ॥ ਆਦਿ ਪੁਰਖ ਪਰਮਾਦਿ ਸ੍ਵਾਦ ਰਸ ਗੰਧਿ ਅਗੋਚਰ ॥**

ਆਦ ਪੁਰਖ ਸਤਿਗੁਰੂ ਨਾਨਕ ਦਵ ਜੀ। ਰਸ–ਛੇ ਤਰਾਂ ਦੇ ਰਸ-(ਖੱਟਾ, ਮਿਠਾ, ਕਸੈਲਾ, ਲੂਣਾ ਤਿੱਖਾ ਤੇ ਚਰਪਰਾ)। (੨) ਰਸਨਾ। ਗੰਧਿ–ਵਾਸ਼ਨਾ। (੨) ਨੱਕ। ਅਗੋਚਰ–(ਗੋਚਰ–ਵਿਸ਼ਯ) ਵਿਸ਼ਯ ਨਹੀਂ। ਅਸਪਰਸ–ਸਪਰਸ ਨਹੀਂ ਹੈ। ਮਨੋਚਰ–ਮਨ ਦੇ ਵਿਸ਼ਯ ਨਹੀਂ ਹੈ। ਦੇਵਾ–ਪ੍ਰਕਾਸ਼ ਪੁੰਜ।

ਸਤਿਗੁਰੂ ਨਾਨਕ ਦੇਵ ਜੀ ਆਦ ਤੋਂ ਪਰੇ ਹਨ, (ਉਨਾਂ ਦਾ) ਸਵਾਦ ਰਸਨਾ ਤੋਂ ਤੇ ਵਾਸ਼ਨਾਂ (ਨੱਕ) ਇੰਦ੍ਰੇ ਦੇ ਗੋਚਰ ਨਹੀਂ ਹੈ।

**ਦ੍ਰਿਸਟਿ ਦਰਸ ਅਸਪਰਸ ਸੁਰਤਿ ਮਤਿ ਸਬਦ ਮਨੋਚਰ ॥**

(ਉਨ੍ਹਾਂ ਦਾ) ਦਰਸ਼ਨ ਦ੍ਰਿਸ਼ਟੀ ਤੋਂ, (ਤੇ ਸਪਰਸ ਤੁਚਾ ਇੰਦ੍ਰੇ ਦੇ) ਸਪਰਸ਼ ਤੋਂ ਰਹਿਤ ਹੈ, ਅਤੇ

ਸੁਰਤਿ ਬੁੱਧੀ ਤੇ ਸ਼ਬਦ ਮਨ ਦੇ ਗੋਚਰ (ਵਿਸ਼ਯ) ਨਹੀਂ ਹੈ।

**ਲੋਗ ਬੇਦ ਗਤਿ ਗਿਆਨ ਲਖੇ ਨਹੀ ਅਲਖ ਅਭੇਵਾ ॥**

(ਉਨ੍ਹਾਂ ਦੀ) ਗਤੀ ਨੂੰ ਲੋਕ-ਗਿਆਨ ਤੇ ਵੇਦ ਗਿਆਨ ਜਾਣਦਾ ਨਹੀਂ ਹੈ, (ਇਸ ਕਰਕੇ ਸਤਿਗੁਰੂ ਜੀ) ਅਲਖ ਤੇ ਅਭੇਵ ਹਨ।

**ਨੇਤਿ ਨੇਤਿ ਕਰਿ ਨਮੋ ਨਮੋ ਨਮ ਸਤਿਗੁਰੁ ਦੇਵਾ ॥ ੨੪ ॥**

(ਇਸ ਤਰਾਂ ਦੇ) ਪ੍ਰਕਾਸ਼ ਪੁੰਜ ਸਤਿਗੁਰੂ ਜੀ ਨੂੰ ਬੇਅੰਤ ਵਾਰੀ ਮਨ ਕਰਕੇ ਨਮਸ਼ਕਾਰ ਕਰਦਾ ਹਾਂ, ਬੇਅੰਤ ਵਾਰੀ ਬਾਣੀ ਕਰਕੇ ਨਮਸ਼ਕਾਰ ਕਰਦਾਹਾਂਤੇ ਬੇਅੰਤ ਵਾਰੀ ਸ੍ਰੀਰਕਰਕੇਨਮਸ਼ਕਾਰ ਕਰਦਾਹਾਂ।੨੪।

[ਸਤਿਗੁਰੂ ਦਰਸ਼ਨ ਦਾ ਪ੍ਰਤਾਪ]

**ਕਬਿਤ—ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।**

ਸੁਧਿ—ਖਬਰ। (੨) ਚੇਤਾ, ਚਿਤਵਨ ਸ਼ਕਤੀ। ਬੁਧਿ--ਬੂਝ, ਬੁੱਝਨ ਸ਼ਕਤੀ। ਮਤਿ—ਅਕਲ। ਸੁਰਤਿ--ਗਯਾਤ, ਸੂੰਹ ਦੀ ਤਾਕਤ। ਧਿਆਨ--ਖਿਆਲ ਕਰਨ ਦੀ ਸੱਤਾ। ਗਿਆਨ—ਜਾਨਕਾਰੀ। ਗਤਿ—ਪ੍ਰਾਪਤੀ, ਮਰਯਾਦਾ। ਰਤਿ—ਪ੍ਰੀਤੀ। ਪਤਿ--ਇਜ਼ਤ। ਰਤਿ--ਰੱਤੀ ਭਰ।

(ਸਤਿਗੁਰੂ ਜੀ ਦਾ) ਦਰਸ਼ਨ ਵੇਖਦਿਆਂ ਹੀ ਸੁਧ ਦੀ ਸੁਧ ਨਹੀਂ ਰਹੀ, ਬੁਧੀ ਦੀ ਬੁਧੀ ਨਹੀਂ ਰਹੀ ਅਤੇ ਮਤੀ ਵਿਚ ਮਤੀ ਨਹੀਂ ਰਹੀ ਹੈ।

**ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨ ਰਹਯੋ ਗਿਆਨ ਮੈ ਨ ਗਿਆਨ ਰਹਿਓ ਗੀਤ ਮੈ ਨ ਗਤਿ ਹੈ॥**

ਸੁਰਤੀ ਵਿਚ ਸੁਰਤੀ ਨਹੀਂ ਰਹੀ,ਧਿਆਨਵਿਚ ਧਿਆਨ ਨਹੀਂ ਰਿਹਾ,ਗਿਆਨ ਵਿਚ ਗਿਆਨਨਹੀਂ ਰਿਹਾ ਅਤੇ ਗਤੀ ਵਿਚ ਗਤੀ ਨਹੀਂ ਰਹੀ ਹੈ।

**ਧੀਰਜ ਕੋ ਧੀਰਜੁ ਗਰਬ ਕੋ ਗਰਬੁ ਗਇਓ ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ ॥**

ਧੀਰਜ ਦਾ ਧੀਰਜ ਤੇ ਗਰਬ ਦਾ ਗਰਬ ਟੁੱਟ ਗਿਆ ਹੈ,ਪ੍ਰੀਤਿ ਵਿਚ ਪ੍ਰੀਤੀ ਨਹੀਂ ਰਹੀ ਤੇਇਜ਼ਤ ਵਿਚ ਰੱਤੀ ਜਿੰਨੀ ਭੀ ਇਜ਼ਤ (ਨਹੀਂ ਰਹੀ ਹੈ)।

**ਅਦਭੁਤ ਪਰਮਦਭੁਤ ਬਿਸਮੈ ਬਿਸਮ ਅਸਚਰਜੈ ਅਸਚਰਜ ਅਤਿ ਅਤਿ ਹੈ ॥੧॥੯॥**

ਅਦਭੁਤ ਤੋਂ ਅਦਭੁਤ ਹੈ,ਬਿਸਮ ਤੋਂ ਬਿਸਮ ਹੈ, ਅਸਚਰਜ ਤੋਂ ਅਸਚਰਜ ਹੈ ਅਤੇ ਮਹਾਨ ਤੋਂ ਮਹਾਨ ਹੈ ॥ ੧ ॥ ੯ ॥

ਨੋਟ--ਉਪਰਲੇ-ਸੋਰਠਾ, ਦੋਹਰਾ ਤੇ ਛੰਦ-ਤਿੰਨਾਂ ਛੰਦਾਂ ਦਾ ਇਕ ਅੰਕ ਸਮਝਣਾ ਚਾਹੀਦਾ ਹੈ, ਇਸ ਗੱਲ ਨੂੰ ਸੂਚਨ ਕਰਨ ਵਾਸਤੇ ਭਾਈ ਸਾਹਿਬ ਜੀਨੇ ਇਥੇ ੯ ਅੰਕ ਦਿਤਾ ਹੈ, ਚੂੰਕਿ ਇਥੋਂ ਕਬਿਤ ਸ਼ੁਰੂ ਹੁੰਦੇ ਹਨ ਅਤੇ ਪ੍ਰਕਰਣ ਭੀ ਵਖਰਾ ਹੈ ਇਸ ਗਲਨੂੰ ਪਰਗਟ ਕਰਨ ਲਈ ਅੰਕ (੧) ਲਾਇਆ ਹੈ।

ਭਾਵ—"ਦਰਸਨ ਦੇਖ ਭਈ ਨਿਹਕੇਵਲ ਜਨਮ ਮਰਣ ਦੁਖ ਨਾਸਾ ॥" ਸਤਿਗੁਰੂ ਜੀ ਨੇ ਫੁਰਮਾਯਾਹੈ ਇਸੇ ਤੁਕ ਵਲ ਹੀ ਇਸ਼ਾਰਾ ਕੀਤਾ ਹੈ ਕਿ ਜਦ ਸਿਖ ਸਤਿਗੁਰੂ ਜੀ ਦਾ ਦਰਸ਼ਨ ਕਰਦਾ ਹੈ ਤਾਂ ਉਸ ਨੂੰ ਸਰੀਰ ਦੀ ਸੁਧਿ ਬੁਧਿ ਨਹੀਂ ਰਹਿੰਦੀ ਤੇ ਮਨ ਆਤਮਕ ਮੰਡਲ ਦੀਆਂ ਮੌਜਾਂ ਮਾਣਦਾ ਹੈ, ਜਿਸਦਾ ਵਰਨਣ ਨਹੀਂ ਕੀਤਾ ਜਾ ਸਕਦਾ, ਤਦੇ ਹੀ ਤਾਂ ਭਗਤ ਜੀ ਨੇ ਉਚਾਰਿਆ ਹੈ:—

ਚਰਨ ਕਮਲ ਕੀ ਮਉਜ ਕੋ ਕਹੁ ਕੈਸੇ ਉਨਮਾਨ।
ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ॥

**ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹਉ ਗੁਰਮੁਖਿ ਪਾਵੈ ਸੁ ਤਉ ਅਨਤ ਨ ਧਾਵਈ ॥**

ਅਨਤ - ਹੋਰਥੇ। ਉਨਮਨੀ ਜੋਤਿ - ਮਨ ਦੋ ਹਨ,ਇਕ ਦਾ ਨਾਮ 'ਇਨ-ਮਨ' ਤੇ ਦੂਜੇ ਦਾ ਨਾਮ 'ਉਨ-ਮਨ ਹੈ। ਜੋ ਸੰਸਾਰ ਨੂੰ ਮੰਨਨ ਕਰਦਾ ਹੈ ਉਸਦਾ ਨਾਮ 'ਇਨ ਮਨ' ਹੈ ਅਤੇ ਪਰਮਾਰਥ ਦਾ ਮੰਨਨ ਕਰਨ ਵਾਲੇ ਮਨ ਦਾ ਨਾਮ 'ਉਨਮਨ' ਹੈ ਉਨਮਨੀ ਜੋਤਿ ਦਾ ਅਰਥ ਹੈ - ਪ੍ਰਮਾਰਥ ਦੇ ਭੇਦ ਸੰਜੁਗਤ ਆਤਮ ਗਿਆਨੀ ਮਨ। ਪਟੰਤਰ- ਮੁਕਾਬਲੇ ਉਤੇ। ਅਨਹਦ ਨਾਦ - (ਆਹਤ - ਹੱਤ, ਸਟ) ਜੋ ਸ਼ਬਦ ਸੱਟ ਆਦਿਕ ਤੋਂ ਪੈਦਾ ਨ ਹੋਵੇ,ਸਗੋਂ ਆਪਣੇ ਆਪ ਹੀ ਕਿਸੇ ਦੀ ਸਹਾਇਤਾ ਤੋਂ ਬਿਨਾਂ ਜੋ ਅਪਣੇ ਆਪ ਸ਼ਬਦ ਪੈਦਾ ਹੋਵੇ ਅਤੇ ਅੱਠੇ ਪਹਿਰ ਇਕ ਸਾਰ ਸ਼ਬਦ ਸੁਣਾਈ ਦੇਂਦਾ ਰਹੇ, ਉਸਦਾ ਨਾਮ ਅਨਾਹਦ ਸਬਦ ਜਾਂ ਅਨਾਹਦ ਨਾਦ ਹੈ। ਨਾਦ - ਸ਼ਬਦ। ਬਾਦ – ਵਾਜਾ। ਨਿਝਰ – ਇਕ ਰਸ, ਝੜੀ ਲਾ ਕੇ ਵੱਸਦੇ ਹੋਏ ਮੀਂਹ (ਵਾਂਗੂ)।

ਦਸਮ ਦ੍ਵਾਰ (ਜਾਂ ਸਾਧ ਸੰਗਤ) ਸਥਾਨ ਦੇ ਸਮਾਨ (ਹੋਰ) ਕੇਹੜਾ ਘਰ ਕਿਹਾ ਜਾ ਸਕਦਾ ਹੈ? ਗੁਰਸਿਖ ਹੋ ਕੇ(ਹੀ ਜੀਵ)ਉਸ(ਸਥਾਨ ਨੂੰ)ਪਾਵੇਗਾ ਹੋਰ ਕਿਸੇ ਤਰਾ (ਭੀ ਜੀਵ ਨਹੀਂ) ਪਾਂਦਾ।

**ਉਨਮਨੀ ਜੋਤਿ ਕੇ ਪਟੰਤਰ ਦੀਜੈ ਕਉਨ ਜੋਤਿ ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ ॥**

ਉਨਮਨੀ ਜੋਤਿ ਦੇ ਮੁਕਾਬਲੇ ਉਤੇ ਕੇਹੜੀਜੋਤਿ ਦਿਤੀ ਜਾ ਸਕਦੀ ਹੈ,(ਸਤਿਗੁਰੂ)ਦਯਾ ਕਰਕੇ ਜਿਸ ਨੂੰ ਦਿਖਾਵੇਗਾ, ਉਸੇ ਨੂੰ (ਉਸ ਦਾ ਅਕੈਹ ਅਨੰਦ) ਬਣ ਆਵੇਗਾ।

**ਅਨਹਦ ਨਾਦ ਸਮਸਰਿ ਨਾਦੁ ਬਾਦੁ ਕਉਨੁ ਸ੍ਰੀ ਗੁਰ ਸਨਾਵੈ ਜਾਹਿ ਸੋਈ ਲਿਵ ਲਾਵਈ ॥**

ਅਨਹਦ ਸ਼ਬਦ ਦੇ ਸਮਾਨ ਕੇਹੜੇ ਵਾਜੇ ਦਾ ਸ਼ਬਦ (ਕਿਹਾ ਜਾ ਸਕਦਾ ਹੈ?) ਜਿਸਨੂੰ ਸਤਿਗੁਰੂ ਅਨਹਦ ਸ਼ਬਦ ਸੁਣਾਉਂਦਾ ਹੈ, ਓਹੋ (ਪੁਰਸ਼ ਹੀ ਅਨਹਦ ਸ਼ਬਦ ਵਿਚ) ਲਿਵ ਲਾਉਂਦਾ ਹੈ।

**ਨਿਝਰ ਅਪਾਰ ਧਾਰ ਤੁੱਲਿ ਨ ਅੰਮ੍ਰਿਤ ਰਸ ਅਪਿਉ ਪੀਆਵੈ ਜਾਹਿ ਤਾਹੀ ਮੈ ਸਮਾਵਈ ॥ ੨ ॥ ੧੦ ॥**

(ਜੋ) ਇਕ ਰਸ ਅਵਿਰਲ ਧਾਰਾ ਵਾਂਗੂ ਅੰਮ੍ਰਿਤ ਦੀ ਅਪਾਰ ਧਾਰ ਹੈ, ਉਸ ਦੇ ਸਮਾਨ ਅਮ੍ਰਿਤ ਰਸ ਨਹੀਂ ਹੈ,ਉਹ ਅਮ੍ਰਿਤ ਜਿਸਨੂੰ ਪਿਆਉਂਦਾ ਹੈ,ਉਹ ਉਸੇ ਦੇ ਵਿਚ ਹੀ ਸਮਾਯਾ ਰਹਿੰਦਾ ਹੈ ॥੨॥੧੦॥

**ਗੁਰਸਿਖ ਸੰਧਿ ਮਿਲੈ ਬੀਸ ਇਕ ਈਸ ਈਸ ਇਤ ਤੇ ਉਲੰਘਿ ਉਤ ਜਾਇ ਠਹਿਰਾਵਈ ॥**

ਗੁਰਸਿਖ ਸੰਧਿ ਮਿਲੇ – ਜਿਸ ਵੇਲੇ ਗੁਰੂ ਸਿਖ ਨੂੰ ਅਪਨੀ ਮਨਮੰਨੀ ਮਰਜ਼ੀ ਅਨੁਸਾਰ ਪਰਖ ਵਿਚ ਪੂਰਾ ਵੇਖਦਾ ਹੈ, ਜਾਂਜਿਸ ਵੇਲੇ ਸਿਖ ਗੁਰੂ ਦੀ ਪਰਖ ਵਿਚ ਪੂਰਾ ਉਤਰਦਾ ਹੈ ਅਤੇ ਜਦ ਸਿਖ ਹੀ ਆਪਣੇ ਮਨ ਮੰਨੇ ਹੋਏ ਪਰਚੇ ਗੁਰੂ ਪਾਸੋਂ ਪ੍ਰਾਪਤ ਕਰ ਲੈਂਦਾ ਹੈ, ਉਸ ਵੇਲੇ ਇਨਾਂ ਦੋਹਾਂ–ਗੁਰੂ ਤੇ ਸਿਖ- ਦੀ, ਆਪੋ ਵਿਚ ਸੰਧੀ ਹੋਇਆ ਕਰਦੀ ਹੈ, ਇਸ ਅਵਸਥਾ ਤੇ ਪੁਜਣ ਤੇ ਹੀ ਇਹ ਨਾਤਾ ਪੱਕਾ ਹੁੰਦਾ ਹੈ, ਭਾਵ ਗੁਰ ਸਿਖ ਦੇ ਮਨ ਮੇਲੇ ਜਾਂ ਸਚੇ ਜੋੜ ਮੇਲੇ ਹੋ ਜਾਂਦੇ ਹਨ। ਬੀਸ ਇਕ - ਇਕ ਬੀਸੀ,ਜਾਂ ਉਹ ਆਦਮੀ ਜਿਸਦੀ ਸਾਰੀ ਮਾਲੀ ਹਾਲਤ ਇਕ ਵੀਹ ਰੁਪੈ ਹਨ, ਭਾਵ ਵਿਚ ਮਹਾਂ ਨਿਰਧਨ। ਈਸ ਈਸ–ਈਸਰਾਂ ਦਾ ਈਸ਼ਰ, ਧਨਵਾਨਾਂ ਦਾ ਧਨਵਾਨ, ਜਾਂ ਰਾਜਿਆਂ ਦਾ ਰਾਜਾ। ਇਤ – ਇਹ ਲੋਕ। ਉਤ - ਉਹ ਲੋਕ, ਪ੍ਰਲੋਕ। ਚਰਮ ਦ੍ਰਿਸਟਿ - ਬਾਹਰਲੇ ਸਰੀਰਾਂ ਤੇ ਪਦਾਰਥਾਂ ਨੂੰ ਵੇਖਨ ਵਾਲੀ ਨਜ਼ਰ।

ਦਿੱਬ ਦ੍ਰਿਸਟਿ – ਉਹ ਨਜ਼ਰ ਜਿਸ ਨਾਲ

ਸਾਰੀ ਰਚਨਾਂ ਵਿਚ ਪ੍ਰੀਤਮ ਹੀ ਪ੍ਰੀਤਮ ਦਿਸਦਾ ਹੈ,ਗਿਆਨ ਦ੍ਰਿਸ਼ਟੀ ਬਜਰ ਕਪਾਟ –ਆਸਾ ਅੰਦੇਸਾ ਰੂਪ ਬਜਰ ਦੇ ਤਖਤੇ ।

ਬਿਸਰਜਤ–ਭੁੱਲ ਜਾਂਦਿਆਂ ਹੀ ।

ਗੁਰੂ ਤੇ ਸਿਖ ਦੇ ਮੇਲਵਿਚ ਮਿਲਦਿਆਂ ਹੀਇਕ ਗਰੀਬੜਾ ਜੇਹਾ ਜੀਵ ਰਾਜਿਆਂ ਦਾ ਰਾਜਾ ਹੋ ਜਾਂਦਾ ਹੈ, ਅਤੇ ਇਸ ਲੋਕ ਤੋਂ ਉਲੰਘਕੇ ਉਸ ਲੋਕ [ਪ੍ਰਲੋਕ] ਵਿਚ ਜਾ ਕੇ ਟਿਕ ਜਾਂਦਾ ਹੈ ।

**ਚਰਮ ਦ੍ਰਿਸਟਿ ਮੂਦ ਪੇਖੈ ਦਿਬਿ ਦ੍ਰਿਸਟਿ ਕੈ ਜਗਮਗ ਜੋਤਿ ਉਨਮਨੀ ਸੁਧਿ ਪਾਵਈ ॥**

ਬਾਹਰਲੇ ਪਦਾਰਥਾਂ ਨੂੰ ਵੇਖਣ ਵਾਲੀਆਂ ਅੱਖਾਂ ਨੂੰ ਬੰਦ ਕਰ ਲੈਂਦਾ ਹੈ ਅਤੇ ਅੰਦਰਲੀਆਂ ਅੱਖਾਂ ਨਾਲ ਲਟ ਲਟ ਕਰਕੇ ਬਲ ਰਹੀ ਉਨਮਨੀ ਜੋਤ ਦੀ ਸੁਧ ਪਾ ਲੈਂਦਾ ਹੈ ।

**ਸੁਰਤਿ ਸੰਕੋਚਤ ਹੀ ਬਜ਼ਰ ਕਪਾਟ ਖੋਲਿ ਨਾਦ ਬਾਦ ਪਰੈ ਅਨਹਤ ਲਿਵ ਲਾਵਈ ॥**

ਸੁਰਤ ਨੂੰ (ਸੰਸਾਰਕ ਵਿਹਾਰਾਂ ਵੱਲੋਂ) ਸੰਕੋਚਦਿਆਂ ਹੀ ਬੱਜਰ ਵਰਗੇ ਤਖਤੇ [ਆਸਾ ਤੇ ਅੰਦੇਸ਼ਾ ਰੂਪ] ਖੁਲ੍ਹ ਜਾਂਦੇ ਹਨ, ਤਦ ਵਾਜਿਆਂ ਦੇ ਸ਼ਬਦ ਤੋਂ ਪਰੇ (ਰਹਿਣ ਵਾਲੇ) ਅਨਹਦ ਸ਼ਬਦ ਵਿਚ ਲਿਵ ਲਗ ਜਾਂਦੀ ਹੈ ।

**ਬਚਨ ਬਿਸਰਜਤ ਅਨਰਸ ਰਹਿਤ ਹੁਇ ਨਿਝਰ ਅਪਾਰ ਧਾਰ ਅਪਿਉ ਪੀਆਵਈ ॥ ੧੧ ॥**

(ਸੰਸਾਰਕ)ਬਚਨਾਂ ਦੇ ਭੁਲ ਜਾਂਦਿਆਂ ਹੀ(ਮਨ) ਹੋਰਨਾਂ ਰਸਾਂ ਤੋਂ ਰਹਿਤ ਹੋ ਜਾਂਦਾ ਹੈ, ਅਤੇ ਇਕ ਰਸ ਵਲ ਰਹੀ ਅਪਾਰ ਧਾਰਾ ਰੂਪ ਅੰਮ੍ਰਿਤ ਨੂੰ ਪੀਣ ਲੱਗ ਜਾਂਦਾ ਹੈ ॥ ੧੧ ॥

**ਜਉ ਲਉ ਅਨਰਸ ਬਸਿ ਤਉ ਲਉ ਨਹੀ ਪ੍ਰੇਮ ਰਸੁ ਜਉ ਲਉ ਆਨ ਧਿਆਨ ਆਪਾ ਆਪੁ ਨਹੀ ਦੇਖੀਐ॥**

ਅਨਰਸ–ਦਵੈਤ ਦੇ ਰਸ, ਦੁਨਿਆਵੀ ਪਦਾਰਥਾਂ ਦੇ ਸਵਾਦ । ਬਾਦ–ਵਾਜੇ । ਅੰਤਰ ਗਤਿ–ਅੰਦਰਲੀ ਅਵਸਥਾ । (੨) ਅੰਤਹਕਰਣ । ਮੇਕ–ਮਿਲਿਆ ਹੋਯਾ । ਭੇਖੀਐ–ਵੇਸ, ਭੇਖ, ਸ਼ਕਲ ।

ਜਦ ਤਕ (ਮਨ) ਦੁਨਿਆਵੀ ਪਦਾਰਥਾਂ ਦੇ ਸਵਾਦ ਵਸ ਵਿਚ ਹੈ ਤਦ ਤਕ (ਇਹ) ਪ੍ਰੇਮ ਦਾ ਸਵਾਦ ਨਹੀਂ (ਲੈ ਸਕਦਾ), ਜਦ ਤਕ ਦੂਜਿਆਂ [ਅਨਾਤਮ ਵਸਤਾਂ] ਦਾ ਧਿਆਨ (ਧਰਦਾ ਹੈ, ਤਦ ਤਕ ਏਹ) ਆਪਨੇ ਆਤਮਾ ਨੂੰ ਨਹੀਂ ਵੇਖ ਸਕਦਾ ।

**ਜਉ ਲਉ ਆਨ ਗਿਆਨ ਤਉ ਲਉ ਨ ਅਧਯਾਤਮ ਗਿਆਨ ਜਉ ਲਉ ਨਾਦ ਬਾਦ ਨ ਅਨਾਹਦ ਬਿਸੇਖੀਐ ॥**

ਜਿੰਨਾ ਚਿਰ ਹੋਰ ੨ ਗਿਆਨਾਂ (ਵਿਚ ਲੱਗਾ ਰਹਿੰਦਾ ਹੈ), ਤਦ ਤਕ (ਜੀਵ ਨੂੰ) ਆਤਮਾ ਦਾ ਆਸਰਾ (ਸਰੂਪ ਪਰਮਾਤਮਾਂ ਦਾ) ਗਿਆਨ ਨਹੀਂ ਹੁੰਦਾ ਜਦ ਤਕ (ਮਨ) ਵਾਜਿਆਂ ਦੇ ਸ਼ਬਦ (ਸੁਣਨ ਦਾ ਸ਼ੌਕੀਨ ਹੈ, ਤਦ ਤਕ ਇਸਨੂੰ) ਅਨਾਹਦ ਸ਼ਬਦ ਦਾ ਵਿਸ਼ੇਸ਼ [ਪਰਤਖ] ਨਹੀਂ ਹੈ ।

**ਜਉ ਲਉ ਅਹੰ ਬੁਧਿ ਸੁਧਿ ਹੋਇ ਨ ਅੰਤਰ ਗਤਿ ਜਉ ਲਉ ਨ ਲਖਾਵੈ ਤਉ ਲਉ ਅਲਖ ਨ ਲੇਖੀਐ ॥**

ਜਦ ਤਕ (ਮਨ ਵਿਚ) ਹੰਕਾਰ ਵਾਲੀ ਬੁਧੀ ਹੈ, ਤਦ ਤਕ ਅੰਤਹਕਰਨ ਸ਼ੁਧ ਨਹੀਂ ਹੁੰਦਾ ਹੈ, ਜਦ ਤਕ (ਗੁਰੂ) ਨਹੀਂ ਜਨਾਉਂਦਾ ਹੈ, (ਤਦ ਤਕ ਸਿਖ) ਅਲਖ ਨੂੰ ਨਹੀਂ ਜਾਣਦਾ ਹੈ ।

**ਸਤਿ ਰੂਪ ਸਤਿ ਨਾਮ ਸਤਿ ਗੁਰ ਗਿਆਨ ਧਿਆਨ ਏਕ ਹੀ ਅਨੇਕ ਮੇਕ ਏਕ ਏਕ ਭੇਖੀਐ ॥ ੧੨ ॥**

(ਜਿਸਦਾ)ਰੂਪ ਸੱਤਹੈ, ਨਾਮ ਸੱਤ ਹੈ, ਸਤਿਗੁਰੂ

(ਨੇ ਉਸਦਾ) ਗਿਆਨ (ਕਰਾਇਆ ਹੈ,ਉਹ) ਇਕ ਹੀ ਅਨੇਕਾਂ ਵਿਚ ਮਿਲਿਆ ਹੋਇਆ ਹੈ, (ਅਤੇ ਸਤਿਗੁਰੂ ਨੇ ਉਸਦਾ) ਧਿਆਨ (ਇਹ ਧਰਾਇਆ ਹੈ, ਕਿ ਅਨੇਕਾਂ ਵਿਚ ਮਿਲੇ ਹੋਏ ਦਾ) ਇਕੋ ਇਕ ਭੇਸ (ਰੂਪ) ਹੈ ॥੧੨॥

ਭਾਵ ਏਹ ਹੈ ਕਿ 'ਇਹ ਰਸ ਛਾਡੇ ਉਹ ਰਸ ਆਵਾ ॥ ਉਹ ਰਸ ਆਵਾ ਤਾ ਇਹ ਰਸ ਨਹੀਂ ਭਾਵਾ ॥' ਜਦ ਉਹ ਆ ਜਾਵੇ ਤਾਂ ਫਿਰ ਜਿਵੇਂ ਇਕ ਸੋਨੇ ਤੋਂ ਅਨੇਕਾਂ ਗਹਿਣੇ ਬਣਦੇ ਹਨ, ਅਤੇ ਸਾਰੇ ਗਹਿਣਿਆਂ ਵਿਚ ਹੀ ਸੋਨਾ ਮਿਲਿਆ ਹੁੰਦਾ ਹੈ, ਇਵੇਂ ਹੀ ਉਸ ਇਕ ਤੋਂ ਹੀ ਅਨੇਕਾਂ ਰੂਪਾਂ ਵਾਲਾ ਜਗਤ ਹੋਇਆ ਹੈ, ਅਤੇ ਉਹ ਇਕ ਇਨ੍ਹਾਂ ਅਨੇਕਾਂ ਵਿਚ ਮਿਲਿਆ ਹੋਇਆ ਹੈ ਅਤੇ ਜਿਵੇਂ ਕੜਾ-ਕੈਂਸ਼ਾ, ਛੱਲਾ-ਮੁੰਦਰੀ ਆਦਿਕ ਸ਼ਕਲਾਂ ਵਾਲਾ ਹੋਕੇ ਭੀ ਸੋਨਾ ਇਕੋ ਇਕ ਰੂਪ ਵਾਲਾ ਹੀ ਰਹਿੰਦਾ ਹੈ, ਉਸਦੇ ਰੂਪ ਵਿਚ ਕੋਈ ਫਰਕ ਨਹੀਂ ਪੈਂਦਾ, ਇਸੇ ਤਰ੍ਹਾਂ ਅਨੇਕਾਂ ਰੂਪ ਧਾਰੀ ਅਨੇਕਾਂ ਰੂਪ ਹੁੰਦਾ ਹੋਇਆ ਭੀ ਇਕੋ ਇਕ ਰੂਪ ਵਾਲਾ ਹੈ ।

**ਨਾਨਾ ਮਿਸਟਾਨ ਪਾਨ ਬਹੁ ਬਿੰਜਨਾਦਿ ਸ੍ਵਾਦਿ ਸੀਚਤ ਸਰਬ ਰਸ ਰਸਨਾ ਕਹਾਈ ਹੈ ॥**

ਮਿਸ਼ਟਾਨ–ਮਿੱਠਾ । ਪਾਨ–(ਅਨੁਪਨ) ਪਾਨ-ਪੀਣ । ਬਿੰਜਨਾਦਿ — ਭੋਜਨ ਆਦਿਕ, ਭਾਜੀਆਂ ਆਦਿਕ ।

ਅਨੇਕਾਂ ਮਿਠੇ ਖਾਣ ਪੀਣ (ਦੇ ਪਦਾਰਥਾਂ ਤੇ) ਬਹੁਤੇ ਭਾਜੀਆਂ-ਸਲੂਣੇ ਆਦਿਕ ਸਭਨਾਂ ਰਸਾਂ ਨੂੰ ਸਿੰਜਨ(ਪਰੋਟਣ)ਵਾਲੀ(ਸ਼ਕਤੀ)ਰਸਨਾਂ ਕਹੌਂਦੀਹੈ

**ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਲਿਵ ਗਿਆਨ ਧਿਆਨ ਸਿਮਰਨਿ ਅਮਿਤਿ ਬਡਾਈ ਹੈ ॥**

ਦਰਸ਼ਨ ਵੇਖਣ ਵਾਲੀ ਦ੍ਰਿਸ਼ਟੀ (ਨਜ਼ਰ-ਅੱਖ) ਅਤੇ ਸ਼ਬਦ ਸੁਨਣ ਵਾਲੀ ਸੁਰਤ-ਸਰੋਤ (ਸੁਨਨ ਸਕਤੀ ਕੰਨ) (ਕਹਾਉਂਦੀ ਹੈ, ਅਤੇ ਇਸ) ਲਿਵ (ਸ਼ਕਤੀ)ਨੂੰਗਿਆਨ,ਧਿਆਨ ਤੇਸਿਮਰਨ(ਆਦਿਕ) ਅਮਿਤ ਵਡਿਆਈ(ਮਿਲੀਹੋਈ ਹੈ। ਅਰਥਾਤ ਜੀਭ ਨੂੰ ਰਸ ਲੈਣ ਤੋਂ ਬਿਨਾਂ ਸਿਮਰਨ ਕਰਨ ਦੀ ਮਹਾਂਨ ਵਡਿਆਈ ਮਿਲੀ ਹੈਤੇ ਅੱਖਾਂਨੂੰ ਦਰਸ਼ਨ ਤੋਂ ਬਿਨਾਂ ਰੂਪ-ਰੰਗ ਦੇ ਗਿਆਨ-ਧਿਆਨ ਦੀ ਅਮਿਤ ਵਡਿਆਈ ਮਿਲੀ ਹੋਈ ਹੈ, ਅਤੇ ਨੱਕ ਨੂੰ ਭੀ ਦੁਰਗੰਧ-ਸੁਗੰਧੀ ਰੂਪ ਗਿਆਨ ਨਿਆਨ ਦੀ ਮਹਾਨ ਵਡਿਆਈ ਮਿਲੀ ਹੋਈ ਹੈ)।

**ਸਕਲ ਸੁਗੰਧਿ ਅਸਪਰਸ ਅਉ ਰਾਗ ਨਾਦ ਬੁਧਿ ਬਲਿ ਬਚਨ ਬਿਬੇਕ ਟੇਕ ਪਾਈ ਹੈ ॥**

ਅਤੇ ਰਾਗ,ਨਾਦ-ਬੋਲਨ ਦੀ ਅਵਾਜ਼,ਬੁਧੀ, ਜੋਰ ਤੇ ਵਿਚਾਰਇਨ੍ਹਾਂ ਸਾਰਿਆਂਨੇ ਉਥੇ ਸ਼ਕਤੀ ਦੀ)ਓਟ ਪਾਈ ਹੈ, ਅਰਥਾਤ ਓਹੀ ਸ਼ਕਤੀ ਹੀ ਰਾਗ, ਨਾਦ, ਬੁਧੀ,ਬਲ ਤੇਵਿਵੇਕ ਕਹਾਉਂਦੀਹੈ,ਪਰ ਆਪ(ਉਹ) ਸਾਰੀਆਂ ਸੂਰਤਾਂ ਤੋਂ ਅਸਪਰਸ ਹੈ, (ਅਰਥਾਤ ਉਹ ਚੇਤਨ ਸ਼ਕਤੀ, ਅੱਖ,ਕੰਨ, ਨੱਕ,ਰਾਗ, ਨਾਦ, ਬੁਧੀ, ਬਲ ਤੇ ਵਿਵੇਕ ਆਦਿਕ ਨਾਮਾਂ ਵਾਲੀ ਹੋ ਕੇ ਭੀ ਸਭਨਾਂ ਤੋਂ ਅਸੰਗ ਹੈ,ਸਾਰੀਆਂ ਸ਼ਕਲਾਂ ਵਾਲੀ ਹੋਕੇ ਭੀ ਕਿਸੇ ਨਾਲ ਲਿਪਾਇਮਾਨ ਨਹੀਂ ਹੈ।)

**ਗੁਰਮਤਿ ਸਤਿਨਾਮੁ ਸਿੰਮ੍ਰਿਤ ਸਫਲ ਹੁਇ ਬੋਲਿਤ ਮਧੁਰ ਧੁਨਿ ਸੁਨਿ ਸੁਖਦਾਈ ਹੈ ॥ ੧੩ ॥**

ਗੁਰ ਸਿਖਯਾ(ਲੈਕੇ) ਸਤਿਨਾਮ ਨੂੰ ਸਿਮਰਦਿਆਂ ਹੋਇਆਂ(ਇਸਤਰ੍ਹਾਂ ਦਾ)ਮਿੱਠਾ ਬੋਲਦੀ ਹੈ,(ਜੇਹੜੀ) (ਧੁਨਿ) ਅਵਾਜ਼ ਸੁਨਣ ਵਾਲੇ ਨੂੰ ਸੁਖਦਾਈ ਹੈ, (ਉਹ ਚੇਤਨ ਸ਼ਕਤੀ) ਸਫਲ ਹੋਈ ॥੧੩॥

ਭਾਵ ਏਹ ਹੈ ਕਿ ਇਕੋ ਚੇਤਨ ਸ਼ਕਤੀ ਅਨੇਕਾਂ ਕਾਰਜਾਂ ਦੇ ਕਰਨ ਕਰਕੇ ਅਨੇਕਾਂ ਰੂਪ ਧਾਰ ਲੈਂਦੀ ਹੈਅਤੇ ਅਨੇਕਾਂ ਨਾਮ ਤੇ ਸ਼ਕਲਾਂ ਧਾਰਕੇ ਕਿਸੇਸ਼ਕਲ ਸੂਰਤ ਵਿਚ ਬੱਧੀ ਨਹੀਂ ਜਾਂਦੀ, ਸਭ ਤੋਂ ਅਲੱਗ ਰਹਿੰਦੀ ਹੈ,ਪਰ ਜਦ ਗੁਰਸਿਖਯਾ ਲੈਕੇ ਨਾਮਜਪਦੀ ਤੇ ਮਿੱਠਾ ਬੋਲਦੀ, ਅਤੇ ਮਿੱਠਾ ਭੀ ਉਹ ਬੋਲਦੀ ਹੈ ਜੋ ਸੁਨਨ ਵਾਲੇ ਨੂੰ ਸੁਖਦਾਈ ਮਲੂਮ ਹੁੰਦਾ ਹੈ ਤਦ ਉਸਦਾ ਜਨਮ ਸਫਲਾ ਹੁੰਦਾ ਹੈ।

**ਪ੍ਰੇਮ ਰਸ ਬਸ ਹੁਇ ਪਤੰਗ ਸੰਗਮ ਨ ਜਾਨੈ ਬਿਰਹਿ ਬਿਛੋਹ ਮੀਨ ਹੁਇ ਨ ਮਰਿ ਜਾਨੈ ਹੈ॥**

ਤ੍ਰਿਗਦ ਜੋਨਿ–ਪਤੰਗ, ਮੱਛੀ ਆਦਿਕ ਜੂਨਾਂ । ਮਾਨੈ—ਕਬੂਲ ਕਰਦੀ।

ਪ੍ਰੇਮ ਰਸ ਦੇ ਵੱਸ ਹੋਣ ਕਰਕੇ ਪਤੰਗਾ (ਇਹ) ਨਹੀਂ ਜਾਣਦਾ, (ਕਿ ਦੀਵੇ ਦਾ) ਸੰਗਮ (ਹੁੰਦੇ ਹੀ ਮੈਂ) ਮਰ ਜਾਣਾ ਹੈ ਅਤੇ ਬਿਰਹ (ਬੇਧੀ) ਮੱਛੀ ਨੇ ਭੀ ਨਹੀਂ ਜਾਣਿਆ ਹੋ, (ਕਿ ਜਲ ਦਾ) ਵਿਛੋੜਾ ਹੁੰਦੇ (ਹੀ ਮੈਂ) ਮਰ ਜਾਣਾ ਹੈ।

**ਦਰਸ ਧਿਆਨ ਜੋਤਿ ਮੈ ਨ ਹੁਇ ਜੋਤੀ ਸਰੂਪ ਚਰਨ ਬਿਮੁਖ ਹੁਇ ਪ੍ਰਾਨ ਠਹਰਾਨੇ ਹੈ ॥**

(ਪਤੰਗਾ) ਜੋਤਿ (ਦੀਵੇ) ਦਾ ਦਰਸ਼ਨ (ਕਰਦਾ ਹੀ) ਜੋਤਿ ਸਰੂਪ ਹੋ ਜਾਂਦਾ ਹੈ, (ਪਰ) ਮੈਂ (ਗੁਰ) ਦਰਸ਼ਨ ਦਾ ਧਿਆਨ (ਧਰਕੇ) ਜੋਤਿ ਸ਼ਰੂਪ ਨਹੀਂ ਹੋਇਆ ਹਾਂ, ਅਤੇ ਮੱਛੀ ਨੇ (ਪਾਣੀ ਤੋਂ) ਵਿਛੋੜਾ ਪਾਂਦਿਆਂ ਹੀ ਪ੍ਰਾਣਾਂ ਨੂੰ ਤਿਆਗ ਦਿੱਤਾ ਹੈ, ਪਰ ਮੈਂ (ਗੁਰੂ ਦੇ) ਚਰਨਾਂ ਤੋਂ ਬੇਮੁਖ ਹੋਕੇ ਭੀ ਪ੍ਰਾਣ ਠਹਿਰਾ ਰਿਹਾ ਹਾਂ।

**ਮਿਲਿ ਬਿਛੁਰਤ ਗਤਿ ਪ੍ਰੇਮ ਨ ਬਿਰਹਿ ਜਾਨੀ ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ ॥**

ਪਰੇਮੀ ਦੇ ਮਿਲਨ ਦੀ ਗਤੀ ਤੇ ਬਿਰਹਾ ਦੀ ਵਿਛੜਨ ਵਾਲੀ ਗਲੀ ਮੈਂ ਨਹੀਂ ਜਾਣੀ ਹੈ, ਮੱਛੀ ਅਤੇ ਪਤੰਗੇ ਨੂੰ ਵੇਖਦਿਆਂ ਹੀ ਮੈਨੂੰ ਲੱਜ ਆਉਂਦੀ ਹੈ (ਅਥਵਾ ਮੱਛੀ ਅਤੇ ਪਤੰਗਾ ਮੈਨੂੰ ਵੇਖਦੇ ਹੀ ਸ਼ਰਮਿੰਦਾ ਕਰਦੇ ਹਨ)।

**ਮਾਨਸ ਜਨਮ ਧ੍ਰਿਗੁ ਧੰਨਿ ਹੈ ਤ੍ਰਿਗਦ ਜੋਨਿ ਕਪਟ ਸਨੇਹ ਦੇਹ ਨਰਕ ਨ ਮਾਨੈ ਹੈ ॥ ੧੪ ॥**

(ਮੇਰੇ ਵਰਗੇ) ਮਨੁਖ ਜਨਮ ਨੂੰ ਧ੍ਰਿਕਾਰ ਹੈ (ਮੱਛੀ ਤੇ ਪਤੰਗੇ ਜੇਹੀਆਂ) ਤ੍ਰਿਗਦ (ਤਾਮਸੀ) ਜੂਨਾਂ ਧੰਨ ਹਨ (ਕਿਉਂਕਿ) ਝੂਠੇ ਪਿਆਰ ਵਾਲੀ (ਮਨੁਖ) ਦੇਹ ਨੂੰ ਨਰਕ ਭੀ ਨਹੀਂ ਮੰਨਦਾ ਹੈ (ਅਰਥਾਤ ਕਪਟ ਦੇ ਪਿਆਰ ਵਾਲੇ ਦੀ ਦੇਹ ਨੂੰ ਨਰਕ ਭੀ ਪ੍ਰਵਾਨ (ਕਬੂਲ) ਨਹੀਂ ਕਰਦਾ ਹੈ ॥੧੪॥

**ਗੁਰਮੁਖਿ ਸੁਖ ਫਲ ਸ੍ਵਾਦ ਬਿਸਮਾਦ ਅਤਿ ਅਕਥ ਕਥਾ ਬਿਨੋਦ ਕਹਤ ਨ ਆਵਈ ॥**

ਗੁਰਮੁਖ ਨੇ (ਜੋ ਆਤਮ) ਸੁਖ ਰੂਪ ਫਲ (ਪਾਯਾ ਹੈ, ਉਸਦਾ) ਸਵਾਦ ਵਡਾ ਹੀ ਬਿਸਮਾਦ ਹੈ (ਉਸ ਦੀ) ਕਥਾ ਅਕਥ ਹੈ (ਅਤੇ ਜੋ) ਕੌਤਕ (ਉਸ ਨੂੰ ਦਿਸਦੇ ਹਨ, ਉਹ) ਕਹਿਣ ਵਿਚ ਨਹੀਂ ਆ ਸਕਦੇ (ਤਦੇ ਤਾਂ ਭਗਤ ਜੀ ਨੇ ਕਿਹਾ ਹੈ :-
'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ।'

**ਗੁਰਮੁਖਿ ਸੁਖਫ਼ਲ ਗੰਧ ਪਰਮਦ ਭੁਤ ਸੀਤਲ ਕੋਮਲ ਪਰਸਤ ਬਨਿ ਆਵਈ ॥**

ਗੁਰਮੁਖ ਨੇ (ਜੋ) ਸੁਖ ਰੂਪ ਫਲ (ਪਾਇਆ ਹੈ ਉਸਦੀ) ਵਾਸ਼ਨਾ ਪਰਮ ਅਦਭੁਤ ਹੈ (ਉਹ) ਠੰਡੀ ਹੈ, ਕੋਮਲ ਹੈ, (ਉਸਦੀ) ਸਪਰਸ਼ ਕਰਨੀ ਹੀ ਬਣ ਆਉਂਦੀ ਹੈ, (ਕਹਿਣੀ ਨਹੀਂ ਬਣ ਆਉਂਦੀ)।

**ਗੁਰਮੁਖਿ ਸੁਖਫਲ ਮਹਿਮਾ ਅਗਾਧ ਬੋਧ ਗੁਰਸਿਖ ਸੰਧਿ ਮਿਲੇ ਅਲਖੁ ਲਖਾਵਈ ॥**

ਗੁਰਮੁਖ ਨੂੰ (ਪ੍ਰਾਪਤ ਹੋਏ) ਸੁਖ ਫਲ ਦੀ ਮਹਿਮਾਂ ਦਾ ਗਿਆਨ ਅਗਾਧ ਹੈ, ਗੁਰਸਿਖਾਂ ਦੀ [ਸੰਧਿ] ਸੰਗਤ ਵਿਚ (ਜੇਹੜਾ ਕੋਈ) ਮਿਲੇਗਾ (ਸੰਗਤ ਉਸ ਨੂੰ) ਨਾ ਜਾਣੇ ਜਾਣਵਾਲੀ ਮਹਿਮਾਂ ਨੂੰ ਜਣਾਦੇਂਦੀ ਹੈ

**ਗੁਰਮੁਖਿ ਸੁਖ ਫਲ ਅੰਗ ਅੰਗਿ ਕੋਟਿ ਸੋਭਾ ਮਇਆ ਕੈ ਦਿਖਾਵੈ ਸੋ ਤੋ**

**ਅਨਤ ਨ ਧਾਵਈ ॥ ੧੫ ॥ ੭ ॥**

(ਜਿਸ ਗੁਰਮੁਖ ਨੂੰ ਸੁਖ ਫਲ (ਪ੍ਰਾਪਤ ਹੋਯਾ ਹੈ, ਉਸਦੇ) ਅੰਗ ਅੰਗ ਦੀ ਕ੍ਰੋੜ ਗੁਣਾਂ ਦੀ ਸੋਭਾ (ਤੇਜ਼ ਦਮਕ) ਹੈ, (ਸਤਿਗੁਰੂ) ਕ੍ਰਿਪਾ ਕਰਕੇ (ਸੁਖਫਲ) ਵਿਖਾਉਂਦਾ ਹੈ, ਫਿਰ ਉਸਦਾ (ਮਨ ਸੁਖਫਲ ਤੋਂ ਬਿਨਾ) ਹੋਰ ਕਿਧਰੇ ਨਹੀਂ ਜਾਂਦਾ ਹੈ ॥ ੧੫ ॥ ੭ ॥

**ਉਲਟ ਪਵਨ ਮਨ ਮੀਨ ਕੀ ਚਪਲ ਗਤਿ ਸਤਿਗੁਰ ਪਰਚੇ ਪਰਮ ਪਦ ਪਾਏ ਹੈ ॥**

ਮੱਛੀ ਦੀ ਚਪਲ ਗਤੀ (ਵਰਗਾ) ਮਨ (ਜਦ) ਪਵਨ [ਸਵਾਸਾਂ] ਦੀ ਧਾਰਾ ਨੂੰ ਫੜਕੇ) ਉਲਟਾ (ਵਗਦਾ) ਹੈ, (ਅਰਥਾਤ ਬਾਹਰਲੇ ਪਦਾਰਥਾਂ ਦੇ ਸੰਕਲਪਾਂ ਵਿਕਲਪਾਂ ਵਲੋਂ ਹਟਕੇ, ਸੁਆਸਾਂ ਦੀ ਤਾਰ ਦੇ ਸਹਾਰੇ ਉਨ੍ਹਾਂ ਦੀ ਔਣ ਜਾਣ ਦੀ ਚਾਲ ਦੇ ਮੁਤਾਬਕ ਉਲਟਾ [ਅੰਤਰ ਮੁਖ] ਹੋ ਕੇ ਵਗਦਾ ਹੈ) ਤਾਂ ਸਤਿਗੁਰਾਂ ਦੇ ਪਰਚੇ ਵਿਚ ਪਰਚ ਕੇ ਪਰਮ ਪਦ ਨੂੰ ਪਾ ਲੈਂਦਾ (ਅਰਥਾਤ ਭੋਗਕ ਪਦਾਰਥਾਂ ਦੇ ਰਸਾਂ ਤੋਂ ਅਚਾਹ ਹੋ ਜਾਂਦਾ) ਹੈ ।

**ਸੂਰ ਸਰ ਸੋਖ ਪੋਖਿ ਸੋਮ ਸਰ ਪੂਰਨ ਕੈ ਬੰਧਨ ਦੇ ਮ੍ਰਿਤ ਸਰ ਅਪਿਅ ਪੀਆਏ ਹੈ ॥**

ਸੂਰਜ ਦਾ ਸਰ ਸੁਕਾਕੇ [ਇੜਾ-ਸਜੇ ਪਾਸੇ ਦੀ ਨਾੜੀ ਰਾਹੀਂ ਸੁਆਸਾਂ ਦਾ ਭਦਨ ਕਰਕੇ] ਚੰਦ੍ਰਮਾਂ ਦਾ ਸਰ ਭਰ ਲੈਂਦਾ ਹੈ : [ਪਿੰਗਲਾ-ਖਬੀ ਨਾਸਕਾ ਦੀ ਨਾੜੀ ਰ ਹੀਂ ਸੁਆਸਾਂ ਨੂੰ ਚੜ੍ਹਾਂਦਾ ਹੈ] (ਫਿਰ ਉਨਾਂ ਸੁਆਸਾ ਨੂੰ) 'ਸੁਖਮਨਾ ਨਾੜੀ' ਵਿਚ ਪੂਰਨ ਕਰਕੇ ਮੌਤ ਦੇ ਸਰ [ਸੁਖਮਨਾ ਦੇ ਘਾਟ] ਨੂੰ ਬੰਧਨ ਦੇ ਕੇ (ਕੁਝ ਚਿਰ ਲਈ ਸੁਆਸਾਂ ਦਾ ਟਿਕਾਉ ਕਰਦਾ ਹੈ) ਤਦ 'ਅਪਿਆਂ' (ਜਿਸਨੂੰ ਹਰ ਕੋਈ ਪੀ ਸਕਦਾ, ਉਹ ਅਨਭਵ ਰਸ ਰੂਪ) ਅੰਮ੍ਰਿਤ ਨੂੰ ਪੀ ਲੈਂਦਾ ਹੈ ।

**ਅਜਰਹਿ ਜਾਰਿ ਮਾਰਿ ਅਮਰਹ ਭ੍ਰਾਂਤਿ ਛਾਡਿ ਅਸਥਿਰ ਕੰਧ ਹੰਸ ਅਨਤ ਨ ਧਾਏ ਹੈ ॥**

(ਇਸ ਤਰਾਂ ਕਰਦਿਆਂ [ਅਜਰਹਿ] ਨਾ ਸਾੜੀ ਜਾ ਸਕਣ ਵਾਲੀ (ਹਉਮੈਂ) ਨੂੰ ਸਾੜ ਲੈਂਦਾ ਹੈ, ਅਤੇ ਨਾ ਮਰਨ ਵਾਲੇ (ਮਨ) ਨੂੰ ਮਾਰ (ਲੈਂਦਾ ਹੈ, ਤਾਂ) ਭ੍ਰਾਂਤੀ [ਦੇਹ ਅਧਜਾਸ-ਬ੍ਰਿਤੀ] ਛਡ (ਜਾਂਦੀ ਹੈ, ਜਿਸ ਕਰਕੇ) ਸਰੀਰ ਅਸਥਿਰ ਹੋ ਜਾਂਦਾ ਹੈ (ਫਿਰ) (ਹੰਸ) ਜੀਵਾਤਮਾਂ ਹੋਰਨਾਂ (ਜੂਨਾਂ ਵਿਚ) ਨਹੀਂ ਜਾਂਦਾ ਕਿਉਂਕਿ:--

**ਆਦੈ ਆਦਿ ਨਾਦੈ ਨਾਦਿ ਸਲਿਲੈ ਸਲਿਲਿ ਮਿਲਿ ਬ੍ਰਹਮੈ ਬ੍ਰਹਮ ਮਿਲਿ ਸਹਜ ਸਮਾਏ ਹੈ ॥ ੧੬ ॥ ੮ ॥**

(ਪੰਜਾਂ ਤੱਤਾਂ ਦੀ) ਆਦ (ਰੂਪ ਪਵਨ) ਵਿਚ ਪਵਨ [ਨਾਦੈ] ਅਕ ਸ ਵਿਚ ਅਕਾਸ਼ ਤੇ ਪਾਣੀ ਵਿਚ ਪਾਣੀ ਮਿਲਕੇ ਅਭੇਦ ਹੋ ਜਾਂਦਾ ਹੈ, ਇਵੇਂ ਹੀ ਬ੍ਰਹਮ ਵਿਚ ਮਿਲਕੇ ਬ੍ਰਹਮ ਰੂਪ ਹੋ ਕੇ (ਸਹਜ) ਆਤਮਾ ਸਮਾਗਈ ਹੈ, (ਭਾਵ ਗੁਰਸਿਖ ਦੇ ਸਰੀਰ ਤਿਆਗ ਕਰਨ ਨਾਲ ਤੱਤਾਂ ਵਿਚ ਤੱਤ ਮਿਲ ਜਾਂਦੇ ਹਨ ਤੇ ਆਤਮਾਂ ਵਿਚ ਆਤਮਾਂ ਮਿਲਕੇ ਅਭੇਦ ਹੋ ਜਾਂਦਾ ਹੈ, ਇਉਂ ਗੁਰ ਸਿਖ ਜੰਮਨ ਮਰਨ ਤੋਂ ਰਹਿਤ ਹੋ ਜਾਂਦਾ ਹੈ।੧੬॥੮।

**ਚਿਰੰਕਾਲ ਮਾਨਸ ਜਨਮ ਨਿਰਮੋਲ ਪਾਏ ਸਫਲ ਜਨਮ ਗੁਰ ਚਰਨ ਸਰਨ ਕੈ ॥**

ਬਹੁਤ ਚਿਰ ਮਗਰੋਂ ਅਮੋਲਕ ਮਨੁਖ ਜਨਮ ਪਾਇਆ ਹੈ, (ਅਰਥਾਤ ਅਨੇਕ ਤਰਾਂ ਦੀਆਂ ਜੂਨਾਂ ਵਿਚ ਭਟਕਦਿਆਂ ਭਟਕਦਿਆਂ ਮਾਨੁਖ ਦੇਹ ਪਾਈ ਹੈ) ਸਤਿਗੁਰੂ ਜੀ ਦੇ ਚਰਨਾਂ ਦੀ ਸ਼ਰਨੀ ਪੈਣ ਕਰਕੇ ਹੀ ਇਹ ਜਨਮ ਸਫਲ ਹੋਣਾ ਹੈ ।

**ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ ਸ੍ਰਵਨ ਅਮੋਲ ਗੁਰ ਬਚਨ ਧਰਨ ਕੈ ॥**

ਅਮੋਲਕ ਸਤਿਗੁਰੂ ਦਾ ਦਰਸ਼ਨ ਵੇਖਨਵਾਲੀਆਂ ਅੱਖਾਂ ਅਮੋਲਕ (ਸਫਲ) ਹਨ ਅਤੇ ਗੁਰੂ ਜੀ ਦੇ

ਬਚਨਾਂ ਨੂੰ ਧਾਰਨ ਕਰਨ ਵਾਲ ਅਮੋਲਕ ਹਨ।

**ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ ਰਸਨਾ ਅਮੋਲ ਗੁਰ ਮੰਤ੍ਰ ਸਿਮਰਨਿ ਕੈ॥**

(ਸਤਿਗੁਰ ਦੇ) ਚਰਨ ਕਮਲਾਂ ਦੀ ਵਾਸ਼ਨਾਂ (ਲੈਣ) ਕਰਕੇ ਨੱਕ ਅਮੋਲਕ (ਹੁੰਦਾ ਹੈ,ਅਤੇ) ਗੁਰੂ ਜੀ ਦਾ ਮੰਤ੍ਰ ਸਿਮਰਨ ਕਰਨ ਕਰਕੇ ਰਸਨਾ ਅਮੋਲ (ਸਫਲ) ਹੁੰਦੀ ਹੈ।

**ਹਸਤ ਅਮੋਲ ਗੁਰਦੇਵ ਸੇਵ ਸਫਲ ਕੈ ਚਰਨ ਅਮੋਲ ਪਰਦਖਨਾ ਕਰਨ ਕੈ॥ ੧੭॥ ੯॥**

ਗੁਰੂ (ਨਾਨਕ) ਦੇਵ ਜੀ ਦੀ ਸੇਵਾ (ਕਰਨ) ਕਰਕੇ ਹੱਥ ਅਮੋਲਕ ਤੇ ਸਫਲ (ਹੁੰਦੇ ਹਨ ਅਤੇ) ਪਰਦਖਨਾ ਕਰਨ ਕਰਕੇ ਚਰਨ ਅਮੋਲਕ (ਜਾਂ ਸਫਲ) ਹਨ ॥੧੭॥੯॥

**ਦਰਸ ਧਿਆਨ ਦਿਬਿ ਦ੍ਰਿਸਟਿ ਪ੍ਰਗਾਸ ਭਈ ਕਰੁਣਾ ਕਟਾਛ ਦਿਬਿ ਦੇਹ ਪਰਵਾਨ ਹੈ॥**

(ਸਤਿਗੁਰੂ ਦੇ) ਦਰਸ਼ਨ ਦਾ ਧਿਆਨ (ਕਰਨ ਕਰਕੇ) ਦ੍ਰਿਸ਼ਟੀ ਵਿਚ ਦਿੱਬ ਉਜਾਲਾ ਹੋ ਗਿਆ ਹੈ ਅਤੇ (ਜਿਸ) ਦੇਹ (ਉਤੇ ਸਤਿਗੁਰੂ ਜੀ ਦੀ) ਕ੍ਰਿਪਾ ਦ੍ਰਿਸ਼ਟੀ (ਹੋਈ ਹੈ, ਉਹ ਦੇਹ) ਪ੍ਰਵਾਨ [ਸਫਲ] ਹੋ ਗਈ ਹੈ।

**ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ ਪ੍ਰੇਮ ਰਸ ਰਸਨ ਕੈ ਅੰਮ੍ਰਿਤ ਨਿਧਾਨ ਹੈ॥**

(ਗੁਰੂ) ਸ਼ਬਦ ਦੀ (ਸੁਰਤਿ) ਸੋਝੀ ਦੀ ਲਿਵ (ਪ੍ਰੀਤੀ) ਕਰਕੇ (ਆਸ-ਅੰਦੇਸਾ ਰੂਪ) ਬਜਰ ਦੇ ਤਖਤੇ ਖੁਲ੍ਹ ਜਾਂਦੇ ਹਨ, ਅਤੇ ਰਸਨਾ ਨਾਲ ਪ੍ਰੇਮ ਰਸ (ਪ੍ਰਾਪਤ ਕਰਨ ਕਰਕੇ ਸਿੱਖ) ਅੰਮ੍ਰਿਤ ਦਾ ਖ਼ਜ਼ਾਨਾ (ਹੋ ਜਾਂਦਾ ਹੈ)।

**ਚਰਨ ਕਮਲ ਮਕਰੰਦ ਬਾਸਨਾ ਸੁ ਬਾਸ ਹਸਤ ਪੂਜਾ ਪ੍ਰਨਾਮ ਸਫਲ ਸੁ ਗਿਆਨ ਹੈ॥**

(ਗੁਰੂ ਜੀ ਦੇ) ਚਰਨਾਂ (ਰੂਪ) ਕਮਲਾਂ ਦੀ (ਮਕਰੰਦ) ਧੂੜੀ ਦੀ ਸ਼ੁਭ ਵਾਸ਼ਨਾ (ਲੈਣ ਕਰਕੇ) (ਬਾਸ) ਨੱਕ ਸਫਲ (ਹੁੰਦਾ ਹੈ, ਅਤੇ ਚਰਨਾਂ ਦੀ) ਪੂਜਾ ਤੇ ਪ੍ਰਨਾਮ (ਨਮਸ਼ਕਾਰ) (ਕਰਨ ਵਾਲੇ) ਹੱਥ ਸਫਲ (ਸੁਗਿਆਨ) ਜਾਣੇ ਜਾਂਦੇ ਹਨ।

**ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਇ ਭਏ ਮਨ ਮਨਸਾ ਥਕਤ ਬ੍ਰਹਮ ਧਿਆਨ ਹੈ॥ ੧੮॥ ੧੦॥**

(ਜੋ) [ਸਰਬੰਗ) ਸਰਬ+ਅੰਗ] ਸਾਰੇ ਸਰੀਰਾਂ ਵਿਚ ਸਮਾਯਾ ਹੋਇਆ ਹੈ,(ਉਸ)ਬ੍ਰਹਮ ਦਾਧਿਆਨ (ਕਰਨ ਕਰਕੇ ਸਿਖ ਦਾ) ਅੰਗ ਅੰਗ (ਬਿਸਮ) ਅਚਰਜ ਹੋ ਗਿਆ ਹੈ (ਅਰਥਾਤ ਸਿਖ ਨੇ ਸਾਰੇ ਸਰੀਰਾਂ ਵਿਚ ਬ੍ਰਹਮ ਨੂੰ ਪੂਰਨ ਵੇਖਿਆ ਹੈ, ਇਸ ਕਰਕੇ ਉਸਦਾ ਅੰਗ-ਅੰਗ ਬ੍ਰਹਮ ਦਾ ਲਖਾਇਕ ਹੋਣ ਕਰਕੇ ਅਚਰਜ ਰੂਪ ਹੋ ਗਿਆ ਹੈ)।੧੮।੧੦॥

**ਗੁਰਮੁਖਿ ਸੁਖ ਫਲ ਅਤਿ ਅਸਰਜ ਮੈ ਹੇਰਤ ਹਿਰਾਨੇ ਆਨ ਧਿਆਨ ਬਿਸਰਾਨੇ ਹੈ॥**

ਗੁਰਸਿਖ ਨੂੰ(ਜੋ)ਸੁਖ ਫਲ (ਪ੍ਰਾਪਤ ਹੋਇਆ ਹੈ, ਉਹ) ਵਡਾ ਅਚਰਜ ਰੂਪ (ਹੈ, ਉਸਨੂੰ) (ਹੇਰਤ) ਵੇਖਣ ਵਾਲੇ ਤੇ [ਹਿਰਾਨੀ] ਵਿਖਾਨ ਵਾਲੇ ਨੂੰ ਹੋਰ ਧਿਆਨ (ਧਰਨੇ) ਭੁੱਲ ਗਏ ਹਨ।

**ਗੁਰਮੁਖਿ ਸੁਖ ਫਲ ਗੰਧ ਰਸ ਬਿਸਮ ਹੁਇ ਅਨ ਰਸ ਬਾਸਨਾ ਬਿਲਾਸ ਨ ਹਿਤਾਨੇ ਹੈ॥**

ਗੁਰਸਿਖ ਨੂੰ ਜੋ ਸੁਖ ਫਲ (ਪ੍ਰਾਪਤ ਹੋਯਾ ਹੈ,ਉਸ ਦੀ)ਵਾਸ਼ਨਾ ਤੇ ਸ੍ਵਾਦ ਅਚਰਜ ਹੈ,(ਇਸ ਕਰਕੇਸਿੱਖ ਦੇ ਮਨ ਵਿਚ) ਹੋਰਨਾਂ ਬਿਲਾਸਾਂ ਦੇ ਸ੍ਵਾਦ ਤੇ

ਵਾਸ਼ਨਾਂ ਦਾ ਹਿਤ ਨਹੀਂ ਆਉਂਦਾ ਹੈ।

**ਗੁਰਮੁਖਿ ਸੁਖਫਲ ਅਦਭੁਤ ਅਸਥਾਨ ਦੇਖ ਮ੍ਰਿਤ ਮੰਡਲ ਅਸਥਲ ਨ ਲੁਭਾਨੇ ਹੈ॥**

ਗੁਰਮੁਖ ਦੇ ਸੁਖ ਫਲ ਦਾ ਅਦਭੁਤ ਸਥਾਨ ਵੇਖ (ਲੈਣ ਵਾਲੇ ਦਾ ਮਨ)ਸਾਰੇ ਸੰਸਾਰ ਦੇ ਸਾਰੇ ਸਥਾਨਾਂ ਉਤੇ ਲੁਭਾਉਂਦਾ ਨਹੀਂ ਹੈ।

**ਗੁਰਮੁਖਿ ਸੁਖਫ਼ਲ ਸੰਗਤ ਮਿਲਾਪ ਦੇਖਿ ਆਨ ਗਿਆਨ ਧਿਆਨ ਸਭ ਨਿਰਸ ਕਰਿ ਜਾਨੇ ਹੈ॥ ੧੯ ॥੧੧॥**

(ਜਿਸ ਨੂੰ) ਸੁਖਫਲ (ਪ੍ਰਾਪਤ ਹੈ,ਉਸ) ਗੁਰਮੁਖ ਦੀ ਸਗਤ (ਕਰਨ ਵਾਲੇ ਨੇ ਜਾਂ ਗੁਰਮੁਖ ਦੇ) ਮਿਲਾਪ (ਦੇ ਪ੍ਰਤਾਪ ਨੂੰ) ਵੇਖਣ ਵਾਲੇ ਨੇ ਹੋਰਨਾਂ ਸਾਰੇ ਗਿਆਨਾਂ ਤੇ ਧਿਆਨਾਂ ਨੂੰ ਨਿਰਸ [ਫਿੱਕਾ] ਕਰਕੇ ਜਾਂਣਿਆ ਹੈ ॥੧੯ ॥੧੧॥

**ਗੁਰਮੁਖਿ ਸੁਖਫਲ ਦਇਆ ਕੈ ਦਿਖਾਵੈ ਜਾਹਿ ਤਾਹਿ ਆਨ ਰੂਪ ਰੰਗ ਦੇਖੇ ਨਹਿ ਭਾਵਈ ॥**

ਸਤਿਗੁਰੂ ਦਯਾ ਕਰਕੇ ਜਿਸਨੂੰ ਸੁਖ-ਫਲ ਵਿਖਾਉਂਦਾ ਹੈ, ਉਸਨੂੰ ਹੋਰ ਰੂਪ ਤੇ ਰੰਗ ਦੇਖਨੇ ਹੀ ਭਾਉਂਦੇ ਨਹੀਂ ਹਨ।

**ਗੁਰਮੁਖ ਸੁਖਫਲ ਮਇਆ ਕੈ ਚਖਾਵੈ ਜਾਹਿ ਤਾਸਿ ਆਨ ਰਸ ਨਹੀ ਰਸਨਾ ਹਿਤਾਵਈ ॥**

ਸਤਿਗੁਰੂ ਕ੍ਰਿਪਾ ਕਰਕੇ ਜਿਸ਼ਨੂੰ ਸੁਖ ਫਲ (ਦਾ ਸਵਾਦ) ਚਖਾਉਂਦਾ ਹੈ, ਉਸਦੀ ਰਸਨਾ ਨੂੰ ਹੋਰਨਾਂ ਰਸਾਂ ਦਾ ਪਿਆਰ ਨਹੀਂ ਆਉਂਦਾ ਹੈ।

**ਗੁਰਮੁਖਿ ਸੁਖ ਫਲ ਅਗਹੁ ਗਹਾਵੈ ਜਾਹਿ ਸਰਬ ਨਿਧਾਨ ਪਰਸਨ ਕਉ ਨ ਧਾਵਈ ॥**

ਨਾ ਫੜੇ ਜਾਣ ਵਾਲਾ ਸੁਖ ਫਲ, ਜਿਸਨੂੰ ਸਤਿਗੁਰੂ ਫੜਾ ਦੇਂਦਾ ਹੈ, ਸਾਰੇ ਖਜ਼ਾਨੇ (ਉਸਦੇ ਚਰਨਾਂ ਨੂੰ) ਪਰਸਨ ਵਾਸਤੇ ਭੱਜੇ ਆਉਂਦੇ ਹਨ।

**ਗੁਰਮੁਖ ਸੁਖਫਲ ਅਲਖ ਲਖਾਵੈ ਜਾਹਿ ਅਕਥ ਕਥਾ ਬਿਨੋਦ ਵਾਹੀ ਬਨਿ ਆਵਈ ॥੨੫॥੧੨॥**

ਨਾ ਜਾਣੇ ਜਾਣ ਵਾਲਾ ਸੁਖਫਲ,ਜਿਸਨੂੰਸਤਿਗੁਰੂ ਜਣਾ ਦੇਂਦਾਹੈ, ਉਸਦੇ ਬਿਨੋਦਾਂ [ਕੌਤਕਾਂ]ਦੀ ਕਥਾ ਅਕਥ ਹੈ ਤੇ ਉਸੇ ਨੂੰ ਬਣ ਆਉਂਦੀ ਹੈ।੨੦।੧੨।

**ਸਿਧ ਨਾਥ ਜੋਗੀ ਜੋਗ ਧਿਆਨ ਮੈ ਨ ਆਨ ਸਕੇ ਬੇਦ ਪਾਠ ਕਰਿ ਬ੍ਰਹਮਾਦਿਕ ਨ ਜਾਨੇ ਹੈ ॥**

ਸਿਧ – ਸਿਧੀਆਂ ਸਪੰਨ ਪੁਰਸ਼, ਅਣਿਮਾ, ਮਹਿਮਾ, ਗਹਿਮਾ, ਲਘਮਾ ਪ੍ਰਾਪਤਿ, ਪਰਕਾਸ਼ ਪ੍ਰਵੇਸ਼, ਈਸਤਾ, ਵਸੀ ਕਰਨ ਏਹ ਅਠ ਸਿਧੀਆਂ ਯੋਗ ਸਾਧਨ ਕਰਨ ਕਰਕੇ ਪ੍ਰਾਪਤ ਹੁੰਦੀਆਂ ਹਨ (੨) ਉਨ੍ਹਾਂ ਦਾ ਨਾਮ ਭੀ ਸਿਧ ਹੈ, ਜਿਨ੍ਹਾਂ ਦਾ ਜਨਮ ਸੁਕਦੇਵ ਦੇ ਜਨਮ ਸਮੇਂ ਹੋਯਾ ਸੀ, ਐਸੇ ਸਿਧ, ਚੁਰਾਸੀ ਹਨ ਯਥਾ– "ਚਉਰਾਸੀ ਸਿਧ, ਗੋਰਖਾਦਿ" । ਨਾਥ—ਨੌ ਨਾਥ ਹਨ, ਜੋ ਯੋਗ ਮੱਤ ਦੇ 'ਨੇਤਾ' ਹਨ।

ਜੋਗ—ਅਸ਼ਟਾਂਗ ਯੋਗ-ਆਸਨ, ਧਾਰਨਾ, ਧਿਆਨ, ਸਮਾਧੀ ਆਦਿਕ ਅੱਠ ਅੰਗ ਹਨ, ਇਨ੍ਹਾਂ ਅੱਠਾਂ ਅੰਗਾਂ ਦਾ ਨਾਮ ਯੋਗ ਹੈ, ਜੋ ਯਗ ਦਰਸ਼ਨ ਦਾ ਮੱਤ ਹੈ। ਅਧਯਾਤਮ ਗਿਆਨ – ਜੀਵਾਤਮਾਂ ਤੇ ਈਸ਼ਵਰਾਤਮਾ ਦੇ ਸਰੂਪ ਨੂੰ ਨਿਰਸੰਦੇਹ ਹੋ ਕੇ ਜਾਣਨ ਦਾ ਨਾਮ ਹੈ।

ਜੋਗ ਭੋਗ—ਭੋਗਾਂ ਦੇ ਯੋਗ, ਭੋਗ ਦੇ ਸਬੰਧ ਰੂਪ ਕਰਮ ਦਾ ਨਾਮ ਹੈ। ਸੰਖਯਾ – ਗਿਣਤੀ । (੨) ਨਾਮ।

ਹਿਰਾਨੇ—ਹੈਰਾਨ, ਅਚਰਜ।

ਸਿੱਧ, ਨਾਥ ਤੇ ਜੋਗੀ (ਲੋਗ) ਜੋਗ (ਸਾਧਨਾ ਕਰਦੇ ਹੋਏ ਪੂਰਨ ਬ੍ਰਹਮ ਨੂੰ) ਧਿਆਨ ਵਿਚ ਨਹੀਂ ਲਿਆ ਸਕੇ, ਅਤੇ ਬ੍ਰਹਮਾਂ ਵਰਗੇ (ਵੇਦ ਪਾਠੀਆਂ ਨੇ) ਵੇਦ ਪਾਠ ਕਰਕੇ (ਉਸਨੂੰ) ਨਹੀਂ ਜਾਣਿਆ ਹੈ।

**ਅਧਯਾਤਮ ਗਿਆਨ ਕੈ ਨ ਸਿਵ ਸਨਕਾਦਿ ਪਾਏ ਜੋਗਿ ਭੋਗ ਮੈ ਨ ਇੰਦ੍ਰਾਦਿਕ ਪਹਿਚਾਨੇ ਹੈ ॥**

ਸ਼ਿਵਜੀ ਤੇ ਸਨਕ, ਸਨੰਦਨ ਸੰਤ ਕੁਮਾਰ ਤੇ ਸਨਾਤਨ ਨੇ ਅਧਯਾਤਮ ਗਿਆਨ ਕਰਕੇ (ਪੂਰਨ ਬ੍ਰਹਮ ਨੂੰ) ਨਹੀਂ ਪਛਾਨਿਆ ਹੈ।

**ਨਾਮ ਸਿਮਰਨ ਕੈ ਸੇਖਾਦਿਕ ਨ ਸੰਖਯਾ ਜਾਨੀ ਬ੍ਰਹਮਚਰਜ ਨਾਰਦਾਦਿਕ ਹਿਰਾਨੇ ਹੈ ॥**

ਨਾਮ ਦਾ ਸਿਮਰਨ ਕਰਕੇ ਸ਼ੇਸ਼ਨਾਗ ਵਰਗਿਆਂ ਗਿਣਤੀ ਨਹੀਂ ਜਾਣੀ ਹੈ, ਅਤੇ ਬ੍ਰਹਮਚਰਜ (ਰਖ ਕਰਕੇ) ਨਾਰਦ ਵਰਗੇ (ਰਿਖੀ ਲੋਕ) ਹੈਰਾਨ ਹੋ ਰਹੇ ਹਨ।

**ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਇਓ ਪੂਰਨ ਬ੍ਰਹਮ ਗੁਰੁ ਸਿਖ ਮਨ ਮਾਨੇ ਹੈ ॥ ੨੧ ॥ ੧੩ ॥**

(ਵਿਸ਼ਨੂੰ ਨੇ) ਅਨੇਕਾਂ ਅਵਤਾਰ ਧਾਰਨ ਕਰਕੇ (ਜਿਸ) ਅਪਾਰ ਪ੍ਰਭੂ ਦਾ ਪਾਰ ਨਹੀਂ ਪਾਇਆ ਹੈ (ਉਸ) ਪੂਰਨ ਬ੍ਰਹਮ ਨੂੰ ਗੁਰਸਿਖ ਨੇ ਗੁਰਸਿਖਯਾ ਦਵਾਰੇ ਮਨ ਵਿਚ ਮੰਨ ਲਿਆ ਹੈ ॥੨੧॥੧੩॥

**ਗੁਰ ਉਪਦੇਸ ਰਿਦੈ ਨਿਮ੍ਰਤਾ ਨਿਵਾਸ ਜਾਸੁ ਧਿਆਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ ॥**

ਜਿਸਦੇ ਹਿਰਦੇ ਵਿਚ ਗੁਰ ਉਪਦੇਸ਼ ਤੇ ਨਿਮ੍ਰਤਾ [ਗਰੀਬੀ] ਦਾ ਨਿਵਾਸ ਹੈ, (ਉਹ) ਗੁਰ ਮੂਰਤ ਨੂੰ ਪੂਰਨ ਬ੍ਰਹਮ ਕਰਕੇ ਧਿਆਨ (ਵਿਚ ਲਿਆਉਂਦਾ ਹੈ (ਭਾਵ ਉਹ ਗੁਰੂ ਨੂੰ ਸਰਗੁਨ ਬ੍ਰਹਮ ਰੂਪ ਕਰਕੇ ਜਾਣਦਾ ਹੈ)।

**ਗੁਰਮੁਖਿ ਸਬਦਿ ਸੁਰਤਿ ਉਨਮਾਨ ਗਿਆਨ ਸਹਜ ਸੁਭਾਇ ਸਰਬਾਤਮ ਕੈ ਸਮ ਹੈ ॥**

(ਜਿਸਨੇ) ਸੁਰਤ ਕਰਕੇ ਸਤਿਗੁਰੂ ਦੇ ਸ਼ਬਦ ਦੀ (ਉਨਮਾਨ) ਵੀਚਾਰ ਕੀਤੀ ਹੈ, (ਉਸਨੇ) ਸਹਜ ਸੁਭਾਈ (ਸਰਬ+ਆਤਮ) ਸਾਰੇ ਜੀਵਾਂ ਨੂੰ (ਅਪਨੇ) ਸਮਾਨ (ਗਿਆਨ) ਜਾਨਿਆ ਹੈ, (ਅਰਥਾਤ 'ਸੂਤ ਏਕ ਮਣਿ ਸਤ ਸਹੰਸ ਜੈਸ ਓਤ ਪੋਤ ਪ੍ਰਭ ਸੋਈ॥' ਇਹ ਗਿਆਨ ਉਸਦੇ ਨਿਸਚੇ ਵਿਚ ਸਹਜੇ ਹੀ ਦ੍ਰਿੜ ਹੋ ਗਿਆ ਹੈ)

**ਹਉਮੈ ਤਿਆਗ ਤਿਆਗੀ ਬਿਸਮਾਦ ਕੈ ਬੈਰਾਗੀ ਭਏ ਮਨ ਉਨਮਨ ਲਿਵ ਗੰਮਤਾ ਅਗੰਮ ਹੈ ॥**

(ਉਹ) ਹਉਮੈ ਨੂੰ ਤਿਆਗਕੇ ਤਿਆਗੀ (ਹੋ ਜਾਂਦਾ ਹੈ, ਅਤੇ) ਬਿਸਮਾਦ (ਪਦ ਨੂੰ ਪ੍ਰਾਪਤ) ਕਰਕੇ ਵੈਰਾਗੀ ਹੋਇਆ ਹੈ, (ਕਿਉਂਕਿ ਉਸਦਾ) ਮਨ (ਉਨਮਨੀ) ਤੁਰੀਆ ਪਦ ਵਿਚ ਤੇ ਲਿਵ [ਬ੍ਰਿਤੀ] ਨੇ ਅਗੰਮ ਵਿਚ ਗੰਮਤਾ (ਪਾ ਲਈ) ਹੈ।

**ਸੂਖਮ ਅਸਥੂਲ ਮੂਲ ਏਕ ਹੀ ਅਨੇਕ ਮੇਕ ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ ॥ ੨੨ ॥ ੧੪ ॥**

ਸੂਖਮ ਤੋਂ ਲੈਕੇ ਅਸਥੂਲ ਤਕ ਜੋ ਅਨੇਕਾਂ (ਜੀਵ, ਜੰਤੂ ਜਾਂ ਸਥਾਨ ਹਨ, ਇਨ੍ਹਾਂ ਸਭਨਾਂ ਵਿਚ) ਇਕੋ ਹੀ ਮੂਲ ਰੂਪ ਨੂੰ ਮਿਲਿਆ ਹੋਇਆ (ਜਾਣਿਆਂ) ਹੈ, (ਉਹ) ਜੀਵਨ ਮੁਕਤ ਨਮਸ਼ਕਾਰ (ਦੇ ਯੋਗ ਹੈ ਅਤੇ ਮੇਰੀ ਉਸਨੂੰ) ਮਨ ਕਰਕੇ ਨਮਸ਼ਕਾਰ ਹੈ, ਬਾਣੀ ਕਰਕੇ ਨਮਸ਼ਕਾਰ ਹੈ ਅਤੇ ਸਰੀਰ ਕਰਕੇ ਭੀ ਨਮਸ਼ਕਾਰ ਹੈ ॥੨੨॥੧੪॥

**ਦਰਸਨ ਜੋਤਿ ਨ ਜੋਤੀ ਸ੍ਵਰੂਪ ਹੁਇ ਪਤੰਗ ਸ਼ਬਦ ਸੁਰਤਿ ਮ੍ਰਿਗ**

**ਜੁਗਤਿ ਨ ਜਾਨੇ ਹੈ ॥**

(ਜਿਵੇਂ) ਪਤੰਗਾ ਜੋਤ ਦਾ ਦਰਸ਼ਨ ਕਰਕੇ (ਆਪਾ ਭੁਲ ਜਾਂਦਾ ਤੇ) ਜੋਤ ਦਾ ਹੀ ਸਰੂਪ ਹੋ ਜਾਂਦਾ ਹੈ, (ਤਿਵੇਂ) ਮੈਂ ਜੋਤੀ ਸਰੂਪ (ਸਤਿਗੁਰੂਦਾ) ਦਰਸ਼ਨ ਕਰਕੇ ਜੋਤਿ ਰੂਪ ਨਹੀਂ ਹੋਇਆ ਹਾਂ ਅਤੇ ਹਰਨ ਵਾਂਗੂ ਸ਼ਬਦ ਵਿਚ ਸੁਰਤੀ (ਜੋੜਨ ਦੀ) ਜੁਗਤੀ ਨੂੰ ਭੀ ਮੈਂ ਨਹੀਂ ਜਾਣਿਆਂ ਹੈ ।

**ਚਰਨ ਕਮਲ ਮਕਰੰਦ ਨ ਮਧੁਪ ਗਤਿ ਬਿਰਹਿ ਬਿਓਗ ਹੁਇ ਨ ਮੀਨ ਮਰਿ ਜਾਨੇ ਹੈ ॥**

ਕਮਲ ਦੀ ਮਕਰੰਦ ਉਤੇ (ਮਧਪ) ਭੌਰੇ ਦੇ (ਮਸਤ ਹੋ ਜਾਣ) ਵਾਂਗੂੰ (ਮੈਂ ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਉਤੇ ਲੱਟੂ ਨਹੀਂ ਹੋਇਆ ਹਾਂ; ਅਤੇ ਪਾਣੀ ਤੋਂ ਵਿਛੜ ਕੇ ਮੱਛੀ ਦੇ ਮਰ ਜਾਣ ਵਾਂਗੂ ਮੈਂ ਬਿਰਹੀ (ਕਹਾ ਕੇ ਅਤੇ ਗੁਰੂ ਜੀ ਦੇ) ਵਿਛੜੇ ਨੂੰ ਪਾ ਕੇ ਭੀ ਮਰਨਾ ਨਹੀਂ ਜਾਣਿਆ ਹੈ ।

**ਏਕ ਏਕ ਟੇਕ ਨ ਟਰਤ ਹੈ ਤ੍ਰਿਗਦ ਜੋਤਿ ਚਾਤੁਰ ਚਤੁਰ ਗੁਨ ਹੋਇ ਨ ਹਿਰਾਨੇ ਹੈ ॥**

(ਉਹ)ਤਾਮਸੀ ਜੂਨਾਂ ਵਾਲੇ ਜੀਵਾਂ ਨੇ ਇਕਇਕ ਦੀ ਓਟ (ਧਾਰੀ ਹੋਈ ਹੈ, ਪਰ ਉਹ ਉਨ੍ਹਾਂ ਤੋਂ) ਪਿਛੇ ਨਹੀਂ ਹਟਦੇ ਹਨ, (ਮਨੁਖ ਅਜੇਹਾ) ਚਤੁਰ (ਹੈ, ਜਿਸ ਨੇ ਆਪਣੇ ਵਿਚ) ਚਾਰੇ ਗੁਣ–ਸ਼ਬਦ, ਸਪਰਸ਼, ਰੂਪ, ਰਸ–ਧਾਰੇ ਹੋਏ ਹਨ, (ਪਰ) ਹੈਰਾਨੀ ਹੈ, (ਜੋ ਉਹ ਉਨ੍ਹਾਂ ਇਕ ੨ ਗੁਣ ਵਾਲਿਆਂ ਨਾਲ, ਇਹ ਚੌਹੂੰ ਗੁਣਾਂ ਵਾਲਾ ਪੂਰਾ) ਨਹੀਂ ਉਤਰਦਾਹੈ ।

(ਅਰਥਾਤ ਜੋਤ ਦਾ ਰੂਪ ਪਤੰਗਾ ਹੁੰਦਾ ਹੈ, ਪਰ ਮੈਂ ਨਹੀਂ ਹੋਯਾ ਹਾਂ, ਘੰਡੇ ਹੇੜੇ ਦੇ ਸ਼ਬਦ ਉਤੇ ਹਰਨ ਆਪਾ ਭੁੱਲ ਜਾਂਦਾ ਹੈ ਪਰ ਮੈ ਗੁਰ ਸ਼ਬਦ ਨੂੰ ਪੜ੍ਹਦਾ-ਸੁਣਦਾ ਹੋਯਾ ਕਦੇ ਭੀ ਆਪ ਨਹੀਂ ਭੁਲਿਆ ਹਾਂ, ਭੌਰਾ ਕਮਲ ਦੀ ਵਾਸ਼ਨਾ ਤੇ ਆਪਾ ਗੁਆ ਦੇਂਦਾ ਹੈ, ਪਰ ਮੈਂ ਗੁਰੂ ਜੀ ਦੇ ਚਰਨ ਕਮਲਾਂ ਉਤੋਂ ਆਪਾਨਹੀਂ ਵਾਰਿਆ ਹੈ,ਅਤੇ ਗੁਰੂ ਜੀ ਨਾਲੋਂ ਵਿਛੜਕੇ ਜੀਉਂਦਾ ਬੈਠਾ ਹਾਂ ਤੇ ਮੱਛੀ ਵਾਂਗੂ ਤੜਫਕੇ ਮਰਨਾ ਨਹੀਂ ਜਾਣਿਆ ਹੈ ।

**ਪਾਹਨ ਕਠੋਰ ਸਤਿਗੁਰੂ ਸੁਖ ਸਾਗਰ ਮੈ ਸੁਨਿ ਮਮ ਨਾਮ ਜਮੁ ਨਰਕ ਲਜਾਨੇ ਹੈ ॥ ੨੩ ॥**

ਸਤਿਗੁਰੂ ਸੁਖਾਂ ਦਾ ਸਮੁੰਦਰ ਹੈ, ਮੈਂ ਉਸ ਵਿਚ ਕਠੋਰ ਪੱਥਰ ਦੇ ਸਮਾਨ (ਪਿਆ ਹੋਯਾ) ਹਾਂ, ਇਸ ਲਈ) ਮੇਰਾ ਨਾਮ ਸੁਣ ਕੇ 'ਜਮ' ਤੇ ਨਰਕ ਲੱਜਾ ਕਰ ਰਹੇ ਹਨ (ਅਰਥਾਤ ਜਿਵੇਂ ਪਥਰ ਪਾਣੀ ਵਿਚ ਰਹਿਕੇ ਕਦੇ ਭੀ ਭਿਜਦਾ ਨਹੀਂ ਹੈ ਤੇ ਨਾਂ ਹੀ ਨਰਮ ਹੁੰਦਾ ਹੈ ਇਵੇਂ ਹੀ ਗੁਰੂ ਜੀ ਦੇ ਚਰਨਾਂ ਵਿਚ ਮੈਂ ਸਦਾ ਰਹਿੰਦਾ ਰਿਹਾ ਹਾਂ, ਪਰ ਮੇਰੇ ਵਿਚ ਨਰਮਾਈ ਨਹੀਂ ਆਈ, ਸਦਾ ਹੀ ਕਠੋਰ ਰਿਹਾ ਹਾਂ, ਇਸ ਲਈ ਮੈਂ ਅਜੇਹਾ ਪਾਪੀ ਹਾਂ, ਜੋ ਮੇਰਾ ਨਾਮ ਸੁਣਕੇ ਜਮ ਤੇ ਨਰਕ ਆਪਣੇ ਆਪ ਵਿਚ ਸ਼ਰਮਿੰਦੇ ਹੋ ਰਹੇ ਹਨ, ਕਿ ਅਜੇਹਾ ਕਠੋਰ ਪਾਪੀ ਸਾਡੇ ਵਿਚ ਆ ਕੇ ਡਿਗੇਗਾ ?) ॥ ੨੩ ॥

**ਗੁਰਮਤਿ ਸਤਿ ਕਰਿ ਚੰਚਲ ਅਚਲ ਭਏ ਮਹਾ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈ ॥**

(ਜਿਨ੍ਹਾਂ ਨੇ) ਗੁਰ ਸਿਖਯਾ ਨੂੰ ਸੱਤ ਕਰ ਕੇ (ਜਾਣਿਆਂ ਹੈ, ਉਨ੍ਹਾਂ ਦਾ) ਚੰਚਲ (ਮਨ) ਅਚਲ ਹੋ ਗਿਆ ਹੈ, (ਕਿਉਂਕਿ) ਮਹਾਨ ਹੀ ਭੈੜੀ-ਗੂਹ ਮੂਤ੍ਰ (ਦੀ ਮਨੌਤ, ਜੋ ਮਨ ਨੇ ਆਪਣੇ ਵਿਚ) ਧਾਰੀ (ਹੋਈ ਸੀ, ਉਸ ਤੋਂ ਮਨ ਨੂੰ) ਨਿਰਮਲ ਕਰ ਲਿਆ ਹੈ, (ਅਰਥਾਤ ਗੁਰ ਸਿਖਯਾ ਤੋਂ ਪਹਿਲੇ ਮਨ ਨੇ ਦੇਹ ਨੂੰ ਆਪਣਾ ਰੂਪ ਮੰਨਿਆਂ ਹੋਇਆ ਸੀ, ਗੁਰ ਸਿਖਯਾ ਉਤੇ ਨਿਸਚਾ ਹੋ ਜਾਣ ਕਰਕੇ, ਮਨ ਸਮਝ ਗਿਆ ਹੈ, ਜੋ ਮੈਂ ਤਾਂ "ਜੋਤਿ ਸਰੂਪ ਹਾਂ" ਅਤੇ ਇਹ ਸਰੀਰ ਨਾਸਵੰਤ ਹੈ,ਮੇਰਾ ਇਸ ਨਾਲ ਕੋਈ ਵਾਸਤਾ ਨਹੀਂ ਹੈ, ਮੈਂ ਇਸ ਤੋਂ ਅਸੰਗ ਹਾਂ, ਇਸ ਕਰਕੇ ਮਨ ਨੇ ਦੇਹ ਅਧਯਾਸ ਤਿਆਗ ਦਿੱਤਾ ਹੈ) ।

**ਗੁਰਮਤਿ ਸਤਿ ਕਰਿ ਜੋਨਿ ਕੈ ਅਜੋਨਿ ਭਏ ਕਾਲ ਸੈ ਅਕਾਲ ਕੈ**

**ਅਮਰ ਪਦ ਦੀਨੇ ਹੈ ॥**

ਗੁਰ ਉਪਦੇਸ਼ ਨੂੰ ਸੱਤ ਜਾਣ ਕਰਕੇ [ਜੀਵਾਤਮਾ ਜੋ] ਜੂਨਾਂ (ਦੇ ਦੁਖ ਕਰਕੇ ਦੁਖੀ ਹੋ ਰਿਹਾ ਸੀ, ਉਹ) ਜੂਨਾਂ ਦੇ ਦੁਖ ਤੋਂ ਰਹਿਤ ਹੋ ਗਿਆ ਹੈ, (ਕਿਉਂ ਕਿ ਗੁਰੂ ਜੀ ਨੇ ਉਸਨੂੰ) ਕਾਲ ਤੋਂ ਅਕਾਲ ਕਰਨ ਲਈ ਅਮਰ ਪਦ ਦੇ ਦਿੱਤਾ ਹੈ (ਅਰਥਾਤ ਗੁਰ ਉਪਦੇਸ਼ ਦੇ ਦ੍ਰਿੜ ਅਭਿਆਸ ਨੇ ਆਤਮ ਗਿਆਨ ਬਖਸ਼ ਦਿਤਾ ਹੈ ਜਿਸ ਕਰਕੇ ਜੰਮਣਾ ਮਰਨਾ ਮਿਟ ਗਿਆ ਹੈ)।

**ਗੁਰਮਤਿ ਸਤਿ ਕਰਿ ਹਉਮੈ ਖੋਇ ਹੋਇ ਰੇਨ ਤ੍ਰਿਕੁਟੀ ਤ੍ਰਿਬੇਣੀ ਪਾਰ ਆਪਾ ਆਪ ਚੀਨੇ ਹੈ ॥**

ਗੁਰ ਸਿਖਯਾ ਉਤੇ ਨਿਸਚਾ ਕਰਨ ਕਰਕੇ ਹੌਮੈ ਨਾਸ ਹੋ ਗਈ ਹੈ, (ਉਹ ਸਭਨਾਂ ਦੇ ਚਰਨਾਂ ਦੀ) ਖਾਕ ਹੋ ਗਏ ਹਨ,(ਇਸ ਕਰਕੇ) ਤ੍ਰਿਕੁਟੀ (ਸਥਾਨ ਤੇ ਵਗਨ ਵਾਲੀ) ਤ੍ਰਿਬੇਣੀ ਤੋਂ ਪਾਰ (ਉਨ੍ਹਾਂ ਨੇ) ਅਪਣਾ ਆਪ ਪਛਾਣ ਲਿਆ ਹੈ।

**ਗੁਰਮਤਿ ਸਤਿ ਕਰਿ ਬਰਨ ਅਬਰਨ ਭਏ ਭੈ ਭ੍ਰਮ ਨਿਵਾਰਿ ਡਾਰਿ ਨਿਰਭੈ ਕੈ ਲੀਨੇ ਹੈ ॥ ੨੪ ॥**

ਗੁਰ ਉਪਦੇਸ਼ ਤੇ ਨਿਸਚਾ ਕਰਨ ਵਾਲੇ, ਵਰਨ ਤੋਂ ਅਵਰਨ ਹੋ ਗਏ ਹਨ, (ਗੁਰੂ ਜੀ ਨੇ ਉਨ੍ਹਾਂ ਦੇ ਮਨ ਤੋਂ) ਡਰ ਤੇ ਭਰਮ ਨੂੰ ਲਾਹ ਸੁਟਿਆ ਹੈ, ਅਤੇ (ਉਨ੍ਹਾਂ ਨੂੰ ਆਤਮ ਗਿਆਨ ਬਖਸ਼ਕੇ) ਨਿਰਭੈ ਕਰ ਲਿਆ ਹੈ ॥੨੪॥

**ਗੁਰਮਤਿ ਸਤਿ ਕਰਿ ਅਧਮ ਅਸਾਧ ਸਾਧ ਗੁਰਮਤਿ ਸਤਿ ਕਰਿ ਜੰਤੁ ਸੰਤ ਨਾਮ ਹੈ ॥**

ਅਧਮ–ਨੀਚ, ਪਾਮਰ ਪੁਰਸ਼ ॥ ਅਸਾਧ –ਸਾਧਨਾਂ ਤੋਂ ਹੀਨਾ, ਸ਼ੁਭ ਗੁਣਾਂ ਤੋਂ ਹੀਨ ਦੁਰਾਚਾਰੀ ॥ ਸਹਜ ਬਿਸ੍ਰਾਮ– ਆਤਮ ਪਦ ਦਾ ਨਿਵਾਸੀ ॥

ਗੁਰ ਉਪਦੇਸ਼ ਉਤੇ ਨਿਸਚਾ ਕਰਨ ਵਾਲਾ ਨੀਚ ਦੁਰਾਚਾਰੀ ਪੁਰਸ਼ 'ਸਾਧੂ' (ਹੋ ਗਿਆ ਹੈ, ਅਤੇ) ਗੁਰ ਸਿਖਯਾ ਉਤੇ ਨਿਸਚਾ ਕਰਨ ਵਾਲੇ ਜੀਵ ਦਾ ਨਾਮ 'ਸੰਤ' ਹੋ ਜਾਂਦਾ ਹੈ(ਜੈਸਾ ਕਿ ਬਾਲਮੀਕ ਡਾਕੂ ਤੇ ਭੀਲਨੀ ਆਦਿਕ ਪ੍ਰਸਿਧ ਭਗਤ ਹੋ ਚੁਕੇ ਹਨ)॥

**ਗੁਰਮਤਿ ਸਤਿ ਕਰਿ ਅਬਿਬੇਕੀ ਹੁਇ ਬਿਬੇਕੀ ਗੁਰਮਤਿ ਸਤਿ ਕਰਿ ਨਾਮ ਨਿਹਕਾਮ ਹੈ ॥**

ਗੁਰ ਉਪਦੇਸ ਉਤੇ ਨਿਸਚਾ ਕਰਨ ਕਰਕੇ ਵਿਚਾਰ ਤੋਂ ਹੀਨੇ ਪੁਰਸ਼ ਵਿਚਾਰਵਾਨ ਹੋ ਜਾਂਦੇ ਹਨ ਅਤੇ ਗੁਰਮਤ ਉਤੇ ਨਿਸਚਾ ਕਰਨ ਵਾਲਾ ਕਾਮਨਾਂ' ਤੋਂ ਨਿਹਕਾਮ ਹੋ ਜਾਂਦਾ ਹੈ।

**'ਗੁਰਮਤਿ ਸਤਿ ਕਰਿ ਅਗਿਆਨੀ ਬ੍ਰਹਮ ਗਿਆਨੀ ਗੁਰਮਤਿ ਸਤਿ ਕਰਿ ਸਹਜ ਬਿਸ੍ਰਾਮ ਹੈ ॥**

ਗੁਰਮਤ ਉਤੇ ਨਿਸਚਾ ਕਰਕੇ ਅਗਿਆਨੀ ਪੁਰਸ਼ ਬ੍ਰਹਮ ਗਿਆਨੀ ਹੋ ਜਾਂਦਾ ਹੈ, ਅਤੇ ਗੁਰਮਤ ਉਤੇ ਨਿਸਚਾ ਕਰਨ ਵਾਲੇ ਦਾ ਸਹਜ ਪਦ ਵਿਚ ਵਾਸਾ ਹੋ ਜਾਂਦਾ ਹੈ।

**ਗੁਰਮਤਿ ਸਤਿ ਕਰਿ ਜੀਵਨ ਮੁਕਤਿ ਭਏ ਗੁਰਮਤਿ ਸਤਿ ਕਰਿ ਨਿਹਚਲ ਧਾਮ ਹੈ ॥ ੨੫ ॥**

ਗੁਰ ਉਪਦੇਸ਼ ਤੇਨਿਸਚਾ ਕਰਨ ਵਾਲਾ 'ਜੀਵਨ ਮੁਕਤ' ਹੋ ਗਿਆ ਹੈ ਅਤੇ ਗੁਰ ਉਪਦੇਸ਼ ਉਤੇ ਨਿਸਚਾ ਕਰਨ ਵਾਲਾ ਅਚੱਲ ਧਾਮ ਪਾ ਲੈਂਦਾ ਹੈ ॥ ੨੫ ॥

**ਗੁਰਮਤਿ ਸਤਿ ਕਰਿ ਬੈਰ ਨਿਰਬੈਰ ਭਏ ਪੂਰਨ ਬ੍ਰਹਮ ਗੁਰ ਸਰਬ ਮੈ ਜਾਨੇ ਹੈ ॥**

ਗੁਰ ਸਿਖਯਾ ਨੂੰ ਸੱਤ ਜਾਣ ਕਰਕੇ (ਗੁਰ ਸਿਖ)

ਵੈਰ (ਨੂੰ ਤਿਆਗਕੇ) ਨਿਰਵੈਰ ਹੋ ਗਏ ਹਨ, (ਕਿਉਂ ਕਿ) ਪੂਰਨ ਵਿਆਪਕ ਗੁਰੂ ਨੂੰ ਸਰਬ ਰੂਪ (ਕਰਕੇ) ਜਾਣਿਆ ਹੈ।

**ਗੁਰਮਤਿ ਸਤਿ ਕਰਿ ਭੇਦ ਨਿਰਭੇਦ ਭਏ ਦੁਬਿਧਾ ਬਿਧਿ ਨਿਖੇਧ ਖੇਦ ਬਿਨਸਾਨੇ ਹੈ॥**

ਗੁਰ ਉਪਦੇਸ਼ ਨੂੰ ਸੱਤ ਜਾਣ ਕਰਕੇ (ਪੰਜ ਤਰ੍ਹਾਂ ਦੇ) ਭੇਦ (ਦਾ ਤਿਆਗ ਕਰਕੇ) ਨਿਰਭੇਦ ਹੋ ਗਿਆ ਹੈ, ਅਤੇ ਬਿਧੀ ਨਿਖੇਧੀ (ਰੂਪ) ਦੁਬਿਧਾ ਦਾ ਖੇਦ [ਕਸ਼ਟ] ਨਾਸ ਹੋ ਗਿਆ। (ਅਰਥਾਤ ਏਹ ਕਰਮ ਕਰਨਾ ਯੋਗ ਹੈ, ਇਸ ਤਰ੍ਹਾਂ ਦੇ ਵਾਕ 'ਵਿਧੀ' ਅਤੇ ਇਹ ਕੰਮ ਕਰਨ ਯੋਗ ਨਹੀਂ ਹੈ, ਇਸ ਤਰਾਂ ਦੇਵਾਕ 'ਨਿਖੇਧੀ' ਕਹਾਉਂਦੇ ਹਨ, ਇਸ ਤਰਾਂ ਦੇ ਵਿਧੀ ਨਿਖੇਧੀ ਰੂਪ ਵਾਕਾਂ ਦੀ ਦੁਬਿਧਾ ਮਹਾਨ ਦੁਖ ਦਾ ਕਾਰਣ ਹੈ, ਸੋ ਨਸ਼ਟ ਹੋ ਗਈ ਹੈ।

**ਗੁਰਮਤਿ ਸਤਿ ਕਰਿ ਬਾਇਸ ਪਰਮ ਹੰਸ ਗਿਆਨ ਅੰਸ ਬੰਸ ਨਿਰਗੰਧ ਗੰਧ ਠਾਨੇ ਹੈ॥**

ਗੁਰ ਉਪਦੇਸ਼ ਨੂੰ ਸਤਿ ਜਾਣ (ਬਾਇਸ) ਕਾਂ (ਵਰਗਾ ਕਾਲਾ ਤੇ ਮਲਭੱਖੀ ਮਨ) ਪਰਮ ਹੰਸ (ਸਮਾਨ) ਹੋ ਗਿਆ ਹੈ, ਅਗੇ ਜਿਸਦੀ ਉਲਾਦ ਗਿਆਨ ਦੀ ਅੰਸ ਵਾਲੀ (ਤੇ ਭਗਤੀ ਰੂਪ)ਵਾਸ਼ਨਾਂ ਤੋਂ ਹੀਨੀ ਸੀ ਉਸ (ਵਿਚ ਭਗਤੀ ਰੂਪ) ਵਾਸ਼ਨਾਂ ਦਾ ਵਾਸਾ ਹੋ ਗਿਆ ਹੈ (ਅਰਥਾਤ 'ਕਾਂ ਕੁਮਤੀ ਪਰਮਹੰਸ ਊਜਲ ਮੋਤੀ ਖਾਇ ਖਵਾਲੇ।'' ਖੋਟੀ ਸਲਾਹ ਦੇਣ ਵਾਲਾ ਕਾਂ ਵਰਗਾ ਕਾਲਾ ਮਨ ਗੁਰ ਉਪਦੇਸ ਦੀ ਕ੍ਰਿਪਾ ਨਾਲ ਸੁਭ ਗੁਣਾਂ ਦੇ ਗ੍ਰਹਣ ਕਰਨ ਰੂਪ ਮੋਤੀਆਂ ਦੀ ਖੁਰਾਕ ਖਾਂਦਾ ਹੈ, ਅਤੇ ਅਗੇ ਇਸ ਮਨ ਵਿਚ ਗਿਆਨ ਅੰਸ ਦੀ ਬੰਸ ਤੁਰ ਪਈ ਹੈ, ਅਰਥਾਤ ਇਹ ਗਿਆਨ ਇਥੇ ਖਤਮ ਹੋ ਜਾਣ ਵਾਲਾ ਪਦਾਰਥ ਹੀ ਨਹੀ ਰਿਹਾ, ਸਗੋਂ ਇਸ ਦੀ ਵਧੀ ਵੇਲ ਬਹੁ ਪੀੜੀ ਚਾਲੀ ਹੈ।

**ਗੁਰਮਤਿ ਸਤਿ ਕਰਿ ਕਰਮ ਭਰਮ ਖੋਏ ਆਸਾ ਮੈ ਨਿਰਾਸ ਹੁਇ ਬਿਸ੍ਵਾਸ ਉਰ ਆਨੇ ਹੈ॥ ੨੯॥**

ਗੁਰ ਉਪਦੇਸ਼ ਨੂੰ ਸਤ ਜਾਣ ਕਰਕੇ ਕਰਮਾਂ ਦਾ ਭਰਮ ਨਾਸ ਕਰ ਲਿਆ ਹੈ, ਆਸਾ ਵਿਚ (ਰਹਿੰਦੇ ਹੋਏ ਭੀ) ਆਸਾ ਤੋਂ ਨਿਰਾਸ ਹੋ ਰਹੇ ਹਨ, ਅਤੇ ਹਿਰਦੇ ਵਿਚ ਭਰੋਸਾ ਲੈ ਆਂਦਾ ਹੈ (ਅਰਥਾਤ ਗੁਰ ਸਿਖ ਨੂੰ ਇਹ ਭਰੋਸਾ ਦ੍ਰਿੜ ਹੋ ਰਿਹਾ ਹੈ,ਕਿ ਜੋ ਕੁਝ ਹੋਣਾ ਹੈ ਉਹ ਜਰੂਰ ਹੋਣਾ ਹੈ, ਅਤੇ ਅਨਹੋਣੀ ਨੇ ਕਦੇ ਹੋਣਾ ਹੀ ਨਹੀਂ ਤਾਂ ਫਿਰ ਚਿੰਤਾ ਕਿਉਂ ਕਰਨੀ ਹੈ)॥ ੨੯

**ਗੁਰਮਤਿ ਸਤਿ ਕਰਿ ਸਿੰਬਲ ਸਫਲ ਭਏ ਗੁਰਮਤਿ ਸਤਿ ਕਰਿ ਬਾਂਸ ਮੈਂ ਸੁਗੰਧ ਹੈ॥**

ਗੁਰ ਉਪਦੇਸ਼ ਨੂੰ ਸੱਤ ਜਾਣਨੇ ਕਰਕੇ ਸਿਮਲ ਭੀ ਫਲਾਂ ਵਾਲੇ ਹੋ ਗਏ ਹਨ, (ਅਰਥਾਤ ਗੁਰ ਉਪਦੇਸ ਨੂੰ ਮੰਨਕੇ ਲੋਕ ਦਿਖਾਵੇ ਮਾਤ੍ਰ ਕਰਨੀ ਕਰਨ ਵਾਲੇ ਪਖੰਡੀ ਮਹਾਤਮਾਂ[ਸੱਜਨ ਠੱਗ ਵਰਗੇ] ਕਰਣੀ ਪ੍ਰਧਾਨ ਮਹਾਂ ਪੁਰਖ ਹੋ ਗਏ ਹਨ) ਅਤੇ ਗੁਰ ਉਪਦੇਸ਼ ਨੂੰ ਸੱਤ ਮੰਨ ਕਰਕੇ ਵਾਂਸ ਵਿਚ ਸੁਗੰਧੀ ਪ੍ਰਵੇਸ਼ ਕਰ ਗਈ ਹੈ, (ਅਰਥਾਤ ਗੁਰ ਉਪਦੇਸ਼ ਨੂੰ ਮੰਨਕੇ ਜਾਤਿ ਕੁਲ ਦੇ ਅਭਿਮਾਨੀ ਪੁਰਸ਼ [ਮਲਕ ਭਾਗੋ ਤੇ ਕੌੜੀਏ ਵਰਗੇ] ਨਿਮ੍ਰਤਾ ਸੰਜੁਗਤ ਭਗਤੀ ਭਾਵ ਵਾਲੇ ਹੋ ਗਏ ਹਨ।)

**ਗੁਰਮਤਿ ਸਤਿ ਕਰਿ ਕੰਚਨ ਭਏ ਮਨੂਰ ਗੁਰਮਤਿ ਸਤਿ ਕਰਿ ਪਰਖਤ ਅੰਧ ਹੈ॥**

ਗੁਰਮਤ ਨੂੰ ਸੱਤ ਮੰਨ ਕਰਕੇ ਮਨੂਰ ਭੀ ਸੋਨਾ ਹੋ ਗਿਆ ਹੈ, (ਅਰਥਾਤ ਗੁਰੂ ਜੀ ਦਾ ਉਪਦੇਸ਼ ਮੰਨਕੇ (ਮਨੂਰ=ਮਨ+ਊਰ) ਊਰੇ ਮਨ ਵਾਲੇ (ਭਾਵ ਮਹਾਂ ਤ੍ਰਿਸ਼ਨਾਲੂ) ਜੀਵ ਸੋਨੇ ਸਮਾਨ ਦਿਬ੍ਯ ਤੇਜ ਵਾਲੇ ਹੋ ਗਏ ਹਨ, ਜੈਸਾ ਕਿ ਭਾਈ ਭੂਮੀਆਂ ਚੋਰ ਪ੍ਰਸਿਧ ਹੈ)।

**ਗੁਰਮਤਿ ਸਤਿ ਕਰਿ ਕਾਲ ਕੂਟ**

**ਅੰਮ੍ਰਿਤ ਹੁਇ ਕਾਲ ਮੈ ਅਕਾਲ ਭਏ ਅਸਥਿਰ ਕੰਧ ਹੈ ॥**

ਗੁਰ ਉਪਦੇਸ਼ ਨੂੰ ਸੱਤ ਜਾਣ ਕਰਕੇ (ਕਾਲ ਕੂਟ) ਭਿਆਨਕ ਜ਼ੈਹਰ ਅੰਮ੍ਰਿਤ ਹੋ ਗਈ ਹੈ (ਅਰਥਾਤ ਜਿਨ੍ਹਾਂ ਲੋਕਾਂ ਦੀ ਬੋਲੀ-ਕੋੜੀ ਤੇ ਦੁਖਦਾਈ ਹੁੰਦੀਸੀ ਜਿਸਨੂੰ ਸੁਣਕੇ-ਸੁਣਨ ਵਾਲੇ ਦੇ ਕਲੇਜੇ ਛੇਕਪੈਜਾਂਦਾ ਤੇ ਉਹ ਜਾਨ ਦਾ ਵੈਰੀ ਬਣ ਜਾਂਦਾ ਸੀ, ਗੁਰੂਨਾਨਕ ਜੀ ਦੇ ਉਪਦੇਸ਼ ਦੀ ਬਰਕਤ ਨਾਲ ਉਨ੍ਹਾਂ ਦੀ ਬੋਲੀ ਬੜੀ ਮਿਠੀ ਤੇ ਰਸ ਭਰੀ ਹੋ ਗਈ ਹੈ ਜਿਸਨੂੰ ਸੁਣਕੇ ਵੈਰੀ ਭੀ ਮਿੱਤ੍ਰ ਹੋ ਜਾਂਦੇ ਹਨ, ਜਿਸ ਕਰਕੇ ਕਾਲ [ਮੌਤ] (ਦੇ ਮੂੰਹ) ਵਿਚ (ਆਕੇ ਭੀ) ਮੌਤ ਤੋਂ ਰਹਿਤ ਹੋ ਗਏ ਹਨ (ਤੇ ਉਨ੍ਹਾਂ ਦਾ) ਸਰੀਰ ਅਚੱਲ ਹੋ ਗਿਆ ਹੈ (ਅਰਥਾਤ ਮੌਤ ਦਾ ਮੂੰਹ ਸੰਸਾਰ ਹੈ ਇਸ ਵਿਚ ਜੋਭੀ ਆਯਾ ਹੈ ਉਹ ਜਰੂਰ ਮਰਜਾਏਗਾ ਪਰ 'ਪਾਰਬ੍ਰਹਮ ਪ੍ਰਮੇਸਰੋ ਸੇਵਕ ਥਿਰ ਹੋਸੀ' ਨਿਯਮ ਹੋਣ ਕਰਕੇ ਹਰੀ ਤੇ ਹਰੀ ਦਾ ਸੇਵਕ ਅਚੱਲਹੈ, ਉਸ ਉਤੇ ਮੌਤ ਦਾ ਜੋਰ ਨਹੀਂ ਹੈ ਉਹ ਭਾਵੇਂ ਪੰਜ ਭੌਤਕ ਸਰੀਰ ਕਰਕੇ ਥਿਰ ਨਹੀਂ ਹਨ, ਪਰ ਕੀਰਤੀ ਰੂਪ ਸਰੀਰ ਉਨ੍ਹਾਂ ਦਾ ਕਦੇ ਭੀ ਨਾਸ ਨਹੀਂ ਹੋਣਾ, ਇਸ ਲਈ ਉਨ੍ਹਾਂ ਦਾ ਸਰੀਰ ਸਥਿਰ ਹੈ, ਯਥਾ :—"ਮੋਏ ਉਹ ਜੀਂਵਦੇ ਜਾਣੀ ਜਿਨ੍ਹਾਂ ਦਾ ਜਗ ਜਸ ਗਾਵੈ ॥"

**ਗੁਰਮਤਿ ਸਤਿ ਕਰਿ ਜੀਵਨ ਮੁਕਤ ਭਏ ਮਾਯਾ ਮੈ ਉਦਾਸ ਬਾਸ ਬੰਧ ਨਿਰਬੰਧ ਹੈ ॥੨੭॥**

ਗੁਰਮਤ ਉਪਰ ਨਿਸਚਾ ਕਰਨ ਵਾਲੇ ਜੀਵਨ ਮੁਕਤ ਹੋਏ ਹਨ, (ਕਿਉਂਕਿ) ਮਾਯਾ ਵਿਚ (ਰਹਿੰਦੇ ਹੋਏ, ਮਾਯਾ ਤੋਂ) ਉਦਾਸ (ਰਹਿੰਦੇ ਹਨ, ਇਸ ਲਈ) ਬੰਧਨ ਰੂਪ ਵਾਸ਼ਨਾਂ ਦੇ ਬੰਧਨਾਂ ਤੋਂ ਰਹਿਤ ਹਨ (ਅਰਥਾਤ ਗੁਰ ਸਿਖ ਮਾਯਾ ਵਿਚ ਰਹਿੰਦਾ ਹੋਇਆ ਮਾਯਾ ਤੋਂ ਉਦਾਸ ਹੈ, ਪਦਾਰਥਾਂ ਦੀ ਤ੍ਰਿਸ਼ਨਾ ਤੋਂ ਰਹਿਤ ਹੈ, ਇਸ ਲਈ ਉਹ ਜੀਵਨ ਮੁਕਤ ਹੈ) ॥ ੨੭ ॥

**ਸ਼ਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ ਸਸਿ ਘਰਿ ਸੂਰਿ ਪੂਰ ਨਿਜ ਘਰਿ ਆਏ ਹੈ ॥**

ਸੁਰਤਿ ਅੰਤਰਜਾਮੀ ਦੀ ਚੇਤਨ ਕਲਾ ਜੋ ਸਰੀਰ ਅੰਦਰ ਅੰਗ ੨ ਤੇ ਰੋਮ ਰੋਮ ਦੀ ਸੂਝ ਰਖਦੀ ਹੈ ॥ ਸਸਿ ਘਰਿ = ਚੰਦ੍ਰਮਾ ਦਾ ਘਰ, ਇੜਾ ਸੁਰ, ਸਜੀ ਨਾਸਾਂ ਵਿਚ ਚਲਣ ਵਾਲੀ ਸੁਰ ॥ ਸੂਰਿ ਘਰਿ = ਸੂਰਜ ਦਾ ਘਰ, ਪਿੰਗਲਾ ਸੁਰ, ਖੱਬੀ ਨਾਸਾ ਵਿਚ ਚਲਣ ਵਾਲੀ ਸੁਰ। ਤ੍ਰਿਬੇਨੀ = ਇੜਾ, ਪਿੰਗਲਾ ਤੇ ਸੁਖਮਨਾ ਜਿਵੇਂ ਗੰਗਾ, ਜਮਨਾ ਤੇ ਸਰਸਵਤੀ ਦਾ ਨਾਮ ਤ੍ਰਿਬੇਨੀ ਹੈ, ਇਵੇਂ ਇਨ੍ਹਾਂ ਤਿਨਾਂ ਦਾ ਨਾਮ ਤ੍ਰਿਬੇਨੀ ਹੈ, ਤੇ ਇਨ੍ਹਾਂ ਸੁਰਾਂ ਦਾ ਨਾਮ ਗੰਗਾ, ਜਮਨਾ ਤੇ ਸਰਸਵਤੀ ਭੀ ਕਿਹਾ ਜਾਂਦਾ ਹੈ ॥ ਤ੍ਰਿਕੁਟੀ = ਦੋਹਾਂ ਭਰਵਟਿਆਂ ਦਾ ਵਿਚਲੇ ਸਥਾਨ ਦਾ ਨਾਮ ਹੈ ਅਤੇ ਸੰਤ ਬੋਲੀ ਵਿਚ ਇਸ ਦਾ ਨਾਮ 'ਨਾਕਾ' ਭੀ ਕਿਹਾ ਜਾਂਦਾ ਹੈ ॥ ਪ੍ਰਸੰਗ = ਚੰਗੀ ਤਰ੍ਹਾਂ ਨਾਲ ਸਾਥ ਮੇਲ ॥ ਤ੍ਰਿਗੁਨ ਰਜੋ, ਤਮੋ ਤੇ ਸਤੋ ਇਹ ਤਿੰਨ ਗੁਣ ਕਹੇ ਜਾਂਦੇ ਹਨ ॥ ਚਤੁਰਥ ਪਦ = ਤੁਰੀਆ ਪਦ, ਤਿੰਨਾਂ ਗੁਣਾਂ ਤੋਂ ਰਹਿਤ ਅਵਸਥਾ ਤੁਰੀਆ ਪਦ ਕਹੀ ਜਾਂਦੀ ਹੈ ॥

ਕਦਲੀ = ਕੇਲਾ ॥

ਗੁਰੂ ਤੇ ਸਿਖ ਦੀ ਸੰਧੀ ਮਿਲ ਜਾਵੇ (ਤਾਂ) ਸ਼ਬਦ (ਵਿਚ ਸਿਖ ਦੀ) ਸੁਰਤਿ ਦੀ ਲਿਵ (ਲਗ ਜਾਂਦੀ ਹੈ, ਫਿਰ) ਸੂਰਜ ਦੇ ਘਰ ਵਿਚ ਚੰਦ੍ਰਮਾਂ ਤੇ ਚੰਦ੍ਰਮਾਂ ਦੇ ਘਰ ਵਿਚ ਸੂਰਜ ਦਾ ਪ੍ਰਵੇਸ਼ ਹੋ ਜਾਣ ਕਰਕੇ ਜੀਵ ਆਪਣੇ ਘਰ ਵਿਚ ਆ ਜਾਂਦਾ ਹੈ।

**ਉਲਟਿ ਪਵਨ ਮਨ ਮੀਨ ਤ੍ਰਿਬੈਨੀ ਪ੍ਰਸੰਗ ਤ੍ਰਿਕੁਟੀ ਉਲੰਘਿ ਸੁਖ ਸਾਗਰ ਸਮਾਏ ਹੈ ॥**

ਪਵਨ [ਸੁਆਸਾਂ] ਨੂੰ ਉਲਟਾਕੇ ਤੇ ਮੱਛੀ (ਵਾਂਗੂ) ਮਨ ਨੂੰ ਉਲਟਾਕੇ ਤ੍ਰਿਬੇਨੀ ਦਾ ਪੂਰਾ ਪੂਰਾ ਮੇਲ ਹੋ ਜਾਂਦਾ ਹੈ ਫਿਰ ਤ੍ਰਿਕੁਟੀ ਤੋਂ ਲੰਘਕੇ (ਮਨ) ਸੁਖਾਂ ਦੇ ਸਮੁੰਦਰ ਵਿਚ ਸਮਾ ਜਾਂਦਾ ਹੈ।

**ਤ੍ਰਿਗੁਨ ਅਤੀਤਿ ਚਤੁਰਥ ਪਦ ਗੰਮਿਤਾ ਕੈ ਨਿਝਰ ਅਪਾਰ ਧਾਰ ਅਮਿਅ ਚੁਆਏ ਹੈ॥**

ਤਿੰਨਾਂ ਗੁਣਾਂ ਤੋਂ ਰਹਿਤ ਹੋਕੇ ਚੌਥੇ ਪਦ ਵਿਚ ਪਹੁੰਚ ਕਰਦਾ ਹੈ, (ਉਸ ਵੇਲੇ) ਅਮ੍ਰਿਤ ਦੀਆਂ ਬੇਅੰਤ ਧਾਰਾਂ ਇਕ ਰਸ ਚੋਣ ਲਗ ਪੈਂਦੀਆਂ ਹਨ।

**ਚਕਈ ਚਕੋਰ ਮੋਰ ਚਾਤ੍ਰਿਕ ਆਨੰਦ ਮਈ ਕਦਲੀ ਕਮਲ ਸੋ ਬਿਮਲ ਜਲ ਛਾਏ ਹੈ॥ ੨੯॥**

(ਜਿਵੇਂ ਸੂਰਜ ਨੂੰ ਵੇਖਕੇ) ਚਕਵੀ (ਚੰਦ੍ਰਮਾਂ ਨੂੰ ਦੇਖਕੇ) ਚਕੋਰ, (ਬਦਲਾਂ ਦੇ ਘਨਘੋਰ ਸੁਣਕੇ) ਮੋਰ (ਤੇ ਸ੍ਵਾਤੀ ਬੂੰਦ ਲੈ ਕੇ) ਪਪੀਹਾ ਅਨੰਦ ਸਰੂਪ ਹੋ ਜਾਂਦੇ ਹਨ, ਅਤੇ ਕੇਲਾ ਤੇ ਕਮਲ ਜਲ ਵਿਚ ਨਿਰਮਲ [ਨਿਰਲੇਪ] ਹੋਕੇ ਟਿਕੇ ਰਹਿੰਦੇ ਹਨ, ਇਹ ਅਵਸਥਾ ਗੁਰਸਿਖ ਦੀ ਉਸ਼ ਵੇਲੇ ਹੁੰਦੀ ਹੈ॥ ੨੯॥

ਇਸ ਕਬਿੱਤ ਦਾ ਭਾਵ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ—

ਇਸ ਕਬਿਤ ਵਿਚ ਗੁਰ ਸਿਖ ਸੰਪ੍ਰਦਾਇ ਦੀ ਸਿਮਰਨ ਦੀ ਜੁਗਤੀ-ਜਿਸਨੂੰ ਕਿ ਅਜ ਕਲ ਦੇ ਗੁਰ ਸਿਖ ਛਡੀ ਜਾ ਰਹੇ ਹਨ, ਜਾਂ ਇਉਂ ਕਹਿ ਲੋ ਕਿ ਸਹਜ ਯੋਗ ਦਾ ਤਰੀਕਾ ਜਾਂ ਅਜਪਾ ਜਾਪ ਦੇ ਅਭਿਆਸ ਦਾ ਵਰਨਣ ਕੀਤਾ ਹੈ :—

ਅਭਿਆਸੀ ਪੁਰਸ਼ ਅਮ੍ਰਿਤ ਵੇਲੇ ਸ਼ਨਾਨ ਆਦਿਕ ਕ੍ਰਿਯਾ ਤੋਂ ਵੇਹਲਾ ਹੋਕੇ, ਕੋਈ ਪੋਲਾ ਜੇਹਾ ਆਸਨ ਵਿਛਾਕੇ ਚੌਕੜੀ ਮਾਰਕੇ ਬੈਠ ਜਾਏ, ਜਿਸ ਆਸਨ [ਬੈਠਕ] ਵਿਚ ਤਕਲੀਫ ਨਾ ਹੋਵੇ, ਉਸ ਬੈਠਕ ਨਾਲ ਬੈਠਕੇ ਮਨ ਨੂੰ ਇਕਾਗਰ ਕਰੋ, ਜਦ ਮਨ ਟਿਕ ਗਿਆ ਤਾਂ ਇਕ ਤਰ੍ਹਾਂ ਦਾ ਸ਼ਬਦ ਸੁਣਾਈ ਦੇਵੇਗਾ, ਉਹ ਸ਼ਬਦ ਕੋਈ ਸਪਸ਼ਟ ਨਹੀਂ ਹੁੰਦਾ, ਕੇਵਲ ਸਾਂ-ਸਾਂ ਜਾਂ-ਘੂੰ-ਘੂੰ ਦੀ ਹੀ ਅਵਾਜ਼ ਮਲੂਮ ਹੁੰਦੀ ਹੈ, ਉਸ ਸ਼ਬਦ ਨੂੰ ਸੁਣਨ ਲਈ ਸੁਰਤ ਜੋੜ ਦਿਓ, ਪਰ ਚੇਤਾ ਇਹ ਰਖਣਾ ਕਿ ਜਦੋਂ ਆਸਨ ਜਮਾਕੇ ਬੈਠੋ ਤਾਂ ਪਿੱਠ ਵਿਚ ਵਲ ਨਹੀਂ ਹੋਣਾ ਚਾਹੀਦਾ, ਦੋਹਾਂ ਪੱਟਾਂ ਉਤੇ ਆਪਣੇਹਥਾਂ ਦੀਆਂਦੋਵੇਂ ਤਲੀਆਂਸਿਧੀਆਂ ਟਿਕਾਉਣੀਆਂ ਚਾਹੀਦੀਆਂ ਹਨ, ਠੋਡੀ ਨੂੰ ਛਾਤੀ ਨਾਲੋਂ ਚਾਰ ਉਂਗਲ ਦੀ ਵਿਥ ਉਤੇ ਅਡੋਲ ਰਖਣੀ ਚਾਹੀਦੀ ਹੈ, ਜਦ ਸ਼ਬਦ ਸੁਣਾਈ ਦੇਣ ਲਗੇ ਤਾਂ ਸੁਰਤ ਨੂੰ ਉਸ ਸਬਦ ਦੇ ਸੁਣਨ ਵਿਚ ਜੋੜ ਦੇਣਾ ਚਾਹੀਦਾ ਹੈ, ਤੇ ਅੱਖਾਂ ਦੀ ਨਜ਼ਰ ਨੂੰ ਭਰਵੱਟਿਆਂ ਦੇ ਵਿਚਾਲੇ ਸਥਾਨ ਵਿਚ ਸਥਿਰ ਰਖਣਾ ਚਾਹੀਦਾ ਹੈ, ਇਸ ਕਰਮ ਦਾ ਨਾਮ 'ਸ਼ਬਦ ਸੁਰਤਿ ਸੰਧਿ ਮਿਲੇ' ਕਿਹਾ ਹੈ, ਇਸ ਦੇ ਨਾਲ ਨਾਲ ਹੀ ਸਵਾਸਾਂ ਦੀ ਚਾਲ ਨੂੰ ਮੱਠੀ ੨ ਕਰਕੇ, ਮਨ ਤੇ ਸਵਾਸਾਂ ਨੂੰ ਇਕੱਠਿਆਂ ਦੀ ਮਨੌਤ ਕਰਕੇ ਉਨ੍ਹਾਂ ਨੂੰ ਇੜਾ ਸੁਰ ਦੇ ਰਾਹੀਂ ਚੜ੍ਹਾਉਣਾ ਤੇ ਪਿੰਗਲਾ ਵਿਚ ਲਿਆਕੇ ਟਿਕ ਜਾਣਾ, ਫਿਰ ਪਿੰਗਲਾ ਥਾਣੀ ਚੜ੍ਹਾਣਾ ਤੇ ਇੜਾ ਵਿਚ ਜਾ ਕੇ ਟਿਕ ਜਾਣਾ, ਇਸ ਦਾ ਨਾਮ 'ਸਸਿ ਘਰ ਸੂਰ—ਸੂਰ ਘਰ ਸਸਿ' ਗੰਮਿਤਾ ਕੈ ਲਿਖਿਆ ਹੈ, ਇਸ ਤਰ੍ਹਾਂ ਕਰਦਿਆਂ ਕਰਦਿਆਂ ਸੁਰਤਿ ਸੁਖਮਨਾ ਵਿਚ ਜਾਕੇ ਰੁਕ ਜਾਂਦੀ ਹੈ, ਪਰ ਅਭਿਆਸ ਛਡਣਾ ਨਹੀਂ ਚਾਹੀਦਾ, ਕੁਝ ਦਿਨਾਂ ਬਾਦ ਸੁਰਤਿ ਅੱਗੇ ਟੁਰ ਪਏਗੀ ਤੇ ਕਾਰਜ ਰਾਸ ਹੋ ਜਾਏਗਾ।

ਕਈ ਸਜਨਾਂ ਨੂੰ ਉਸ ਵੇਲੇ ਜਦ ਸੁਰਤਿ ਰੁਕਕੇ ਅਗਾਂਹ ਚਲਦੀ ਹੈ, ਤਾਂ ਨੱਕ ਦੇ ਰਾਹੀਂ ਦੋ-ਚਾਰ ਲਹੂ ਦੀਆਂ ਬੂੰਦਾਂ ਡਿੱਗ ਪੈਂਦੀਆਂ ਹਨ, ਇਸ ਦਾ ਨਾਮ ਨਾਕਾ ਟੁੱਟਨਾ ਕਹਿੰਦੇ ਹਨ, ਅਤੇ ਇਸੇ ਦਾ ਨਾਮ 'ਤ੍ਰਿਕੁਟੀ ਉਲੰਘ ਆਪਾ ਆਪ ਚੀਨੇ' ਕਿਹਾ ਹੈ। ਇਸ ਤੋਂ ਬਾਦ ਅਨਹਦ ਸ਼ਬਦ ਸੁਣੀਨਾ ਸ਼ੁਰੂ ਹੁੰਦਾ ਹੈ, ਜਾਨੋ ਇਹ ਤੁਰੀਆ ਪਦ ਵਿਚ ਪੁਜਨ ਦੀਆਂ ਨਿਸ਼ਾਨੀਆਂ ਹਨ, ਫਿਰ ਭੀ ਉਹ ਅਭਿਆਸ ਉਸੇ ਤਰ੍ਹਾਂ ਜਾਰੀ ਰਹੇ ਤਾਂ ਫਿਰ 'ਗਿਆਨ ਪ੍ਰਵੇਸ਼ ਗੁਰਹਿ ਧਨ ਦੀਆ' ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਤਦ 'ਨਿਝਰ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ' ਵਾਲੀ ਅਕੈਹ ਦਸ਼ਾ ਹੋ ਜਾਂਦੀ ਹੈ, ਅਮ੍ਰਿਤ ਰਸ ਦੀਆਂ ਅਪਾਰ ਧਾਰਾਂ ਤੁਰਦੀਆਂ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਕੈ ਮਨ ਇਸ ਤਰ੍ਹਾਂ ਦੀ ਖੁਸ਼ੀ ਪ੍ਰਾਪਤ ਕਰਦਾ ਹੈ, ਜਿਥੇ ਕਦੇ ਦੁਖ ਕਲੇਸ਼ ਨਹੀਂ ਜਾਂ ਇਉਂ ਕਹੋ— 'ਹਰਖ ਅਨੰਤ ਸੋਗ ਨਹੀਂ ਬੀਆ॥ ਸੋ ਘਰ ਗੁਰ ਨਾਨਕ ਕਉ ਦੀਆ'। ਜਿਥੇ ਅਨੰਤ ਖੁਸ਼ੀਆਂ ਹਨ, ਸੋਗ ਦਾ ਨਾਮੋ ਨਿਸ਼ਾਨ ਭੀ ਨਹੀਂ ਹੈ ਉਹ ਸਥਾਨ ਪ੍ਰਾਪਤ ਕਰਕੇ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਸ ਦਾ ਵਰਣਨ ਚੌਥੀ ਤੁਕ ਵਿਚ ਕੀਤਾ ਹੈ। ਚਕੋਰ, ਚਕਵੀ

ਮੋਰ ਤ ਪਪੀਹੇ ਦੇ ਅਨਦ ਦਾ ਦ੍ਰਿਸ਼ਟਾਂਤ ਦੇਕੇ ਖੁਸ਼ੀ ਦਾ ਵਰਣਨ ਕੀਤਾ ਹੈ, ਤੇ ਸਿਖ ਦਾ ਜੀਵਨ ਸੰਸਾਰ ਦੇ ਦੁਖ-ਸੋਗ ਤੋਂ ਅਲੇਪ ਇਉਂ ਰਹਿੰਦਾ ਹੈ, ਜਿਵੇਂ ਕੇਲਾ ਤੇ ਕਮਲ ਪਾਣੀ ਤੋਂ ਬਿਨਾਂ ਹੁੰਦੇ ਹੀ ਨਹੀਂ, ਪਰ ਪਾਣੀ ਵਿਚ ਰਹਿੰਦੇ ਭੀ ਨਹੀਂ ਹਨ, ਇਵੇਂ ਗੁਰਸਿਖ ਗ੍ਰਹਸਥ ਵਿਚ ਰਹਿੰਦਾ ਹੋਇਆ ਗ੍ਰਹਸਥ ਤੋਂ ਨਿਰਲੇਪ ਰਹਿੰਦਾ ਹੈ।

## ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ ॥

ਪੰਚ ਪਰਪੰਚ–ਪੰਜਾਂ ਦਾ ਪ੍ਰਪੰਚ, ਪੰਜਾਂ ਤੱਤਾਂ ਦਾ ਛਲ (ਭਾਵ–ਪੰਜਾਂ ਤੱਤਾਂ ਦੀ ਛਲ ਰੂਪ ਰਚਨਾ ਦਾ ਮੋਹ)। ਪੰਚ ਪਰ ਧਾਨੇ–ਪੰਜ ਪਰੇ ਧਾ ਜਾਂਦੇ, (ਭਾਵ–ਕਾਮਾਦਿਕ ਪੰਜ ਵਿਕਾਰ ਦੂਰ ਹੋ ਜਾਂਦੇ)। ਭਰਮ–ਅਸਤਯ ਨੂੰ ਸਤਯ ਸਮਝਕੇ ਨਿਸਚਾ ਕਰ ਲੈਣ ਰੂਪ ਕਰਮ। ਭੈ ਭਰਮ–ਭਰਮ ਤੋਂ ਪੈਦਾ ਹੋਇਆ ਡਰ, [ਜਸ, ਅਪਜਸ, ਨਿੰਦਾ-ਉਸਤਤਿ, ਹਰਖ-ਸੋਗ, ਹਾਨਿ-ਲਾਭ ਆਦਿ] ਭਰਮ ਭੇਦ-ਭਰਮ ਤੋਂ ਪੈਦਾ ਹੋਯਾ ਭੇਦ-[ਜੋ ਪੰਜ ਪ੍ਰਕਾਰ ਦਾ ਹੁੰਦਾ ਹੈ]। ਕਾਲ–ਭੂਤ, ਵਰਤਮਾਨ ਤੇ ਭਵਿਖਤ। (੨) ਗ੍ਰਹ, ਨਖਿਤ੍ਰ, ਦਿਸ਼ਾ, ਯੋਗਨੀਆ ਆਦਿਕ। ਕਰਮ–ਸੰਚਤਕਰਮ, ਕ੍ਰਿਯੇ ਮਾਨ ਕਰਮ ਤੇ ਪ੍ਰਾਰਬਧ ਰੂਪ ਕਰਮ। ਉਦੋਤ–ਪ੍ਰਗਟ ਹੋ ਆਉਂਦਾ ਹੈ। ਦਸਮ ਦੁਆਰ–ਨੌ ਦੁਆਰੇ, ਦੋਕੰਨ, ਦੋ ਅੱਖਾਂ, ਦੋ ਨਾਸਾਂ, ਗੁਦਾ-ਲਿੰਗ ਛੇਕ ਤੇ ਮੂੰਹ-ਪ੍ਰਗਟ ਹਨ, ਦਸਮਾ ਤਾਲੂ ਵਿਚ ਗੁਪਤ ਹੈ, ਜਿਸ ਨੂੰ ਮਰਨ ਮਗਰੋਂ ਕਪਾਲ ਕ੍ਰਿਯਾ ਕਰਕੇ ਖੋਲ੍ਹਦੇ ਹਨ ਤਾਂ ਪ੍ਰਾਣਾ ਦਾ ਨਿਕਾਸ ਹੁੰਦਾ ਹੈ, ਏਹੋ ਰਾਮ ਦੀ ਅੰਸ ਰੂਪ ਆਤਮਾਂ ਦੇ ਰਹਿਣੇ ਦੀ ਜਗਾ ਹੈ,ਯਥਾ–ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥ ਊਪਰ ਹਾਟ ਹਾਟ ਪਰ ਆਲਾ ਆਲੇ ਭੀਤਰ ਥਾਤੀ।' ਕਿਹਾ ਹੈ। ਜਦ ਸੁਰਤ ਯੋਗੀ ਦਸਮ ਦੁਆਰ ਵਿਚ ਸੁਰਤ ਪਹੁੰਚਾਉਂਦਾ ਹੈ ਤਾਂ ਅਨਹਦ ਵਾਜੇ ਵੱਜਦੇ ਹਨ। ਯਥਾ :–' ਤਹ ਅਨਹਦ ਸਬਦ ਵਾਜੰਤਾ॥'

ਉਨਮਨ–ਤੁਰੀਆ ਗੁਨ, ਰਜੋ, ਤਮੋ, ਸਤੋ, ਇਨਾਂ ਤਿੰਨਾਂ ਗੁਣਾ ਤੋਂ ਉਪਰ ਤੁਰੀਆ ਗੁਣ ਜਾ ਚੌਥਾ ਪਦ ਕਿਹਾ ਜਾਂਦਾ ਹੈ। ਸੁਰਤ, ਜਦੋਂ ਤਿੰਨਾ ਗੁਣਾ ਦੇ ਗਿਆਨ ਤੇ ਤਿੰਨਾਂ ਗੁਣਾਂ ਦੀ ਮਨੌਤ ਤੋਂ ਉਪਰ ਚੜ੍ਹ ਜਾਣਾ ਤੇ ਤਿੰਨਾਂ ਗੁਣਾਂ ਦੀ ਖਯੋਭ ਮਨ ਵਿਚ ਨਾਂ ਹੋਵੇ ਤਾਂ ਇਸ ਥਾਂ ਤੇ ਵਾਸਾ ਹੁੰਦਾ ਹੈ, ਪਰ ਸੁਰਤ ਇਸ ਤੋਂ ਭੀ ਉਪਰ ਚੜ੍ਹ ਜਾਏ ਤਦ ਸਰੂਪ ਸਿਧੀ ਹੁੰਦੀ ਹੈ। ਗਗਨ–ਅਕਾਸ਼ ਤਿੰਨ ਹਨ, (੧) ਮਹਾ ਕਾਸ਼, (੨) ਘਟਾ ਕਾਸ਼, (੩) ਮਟਾ ਕਾਸ਼। ਜੋ ਨੀਲਾ ੨ ਪੁਲਾੜ ਜੇਹਾ ਭਾਸ ਰਿਹਾ ਹੈ, ਇਹ ਮਹਾਂ ਕਾਸ਼ ਹੈ, ਸਰੀਰ ਅੰਦਰਲਾ 'ਘਟਾ ਕਾਸ਼' ਹੈ ਤੇ ਮਟਕੇ ਜਾਂ ਘੜੇ ਵਿਚਲਾ ਪੋਲ 'ਮਟਾ ਕਾਸ਼' ਹੈ, ਇਥੇ ਗਗਨ ਤੋਂ ਭਾਵ 'ਘਟਾ ਕਾਸ਼' ਹੈ, ਜੋ ਦਸਮ ਦੁਆਰ ਤੋਂ ਉਪਰਲਾ ਪੁਲਾੜ ਰੂਪ ਹੈ, ਉਸ ਨੂੰ 'ਗਗਨ' ਕਿਹਾ ਹੈ, ਜਦ ਸੁਰਤਦੀ ਇਥੇ ਪਹੁੰਚ ਹੁੰਦੀ ਹੈ, ਤਦ ਅਨਹਦ ਸ਼ਬਦ ਸੁਣੀਂਦੇ ਹਨ। ਜਗਮਗ ਜੋਤਿ–ਲਟ ਲਟ ਕਰਕੇ ਪ੍ਰਕਾਸ਼ ਪੁੰਜ ਲਾਟ, ਜਿਸਦੇ ਚਾਨਣ ਤੋਂ ਸਾਰੇ ਇੰਦ੍ਰਿਆਂ ਵਿਚ ਚਾਨਣ ਹੈ, ਉਹ ਜੋਤਿ ਬਿਜਲੀ ਦੇ ਕਰੰਟ ਸਮਾਨ ਹੈ, ਜਿਵੇਂ ਕਰੰਟ ਬਲਭ ਨਾਲ ਮਿਲਕੇ ਰੌਸ਼ਨੀ, ਹੀਟਰ ਨਾਲ ਮਿਲਕੇ ਗਰਮੀ, ਪੱਖੇ ਨਾਲ ਮਿਲਕੇ ਹਵਾ ਦੇਣ ਆਦਿਕ ਕਰਮ ਕਰਦਾ ਹੈ, ਇਵੇਂ ਉਹ ਜੋਤ ਭੀ ਮਨ ਤੋਂ ਸੰਕਲਪ ਕਰਾਉਂਦੀ, ਬੁਧੀ ਤੋਂ ਵਿਵੇਚਨ ਚਿੱਤ ਤੋਂ ਚਿੰਤਨ ਤੇ ਹੰਕਾਰ ਤੋਂ ਹੰਗਤਾ ਰੂਪ, ਮਨੌਤ ਕਰਾਉਂਦੀ ਹੈ, ਉਸ ਦਾ ਨਾਮ

'ਮਨ' ਭੀ ਕਿਹਾ ਹੈ, ਜੈਸਾ ਕਿ– ''ਮਨ ਤੂੰ ਜੋਤਿ ਸਰੂਪ ਹੈ'' ਇਸ ਜੋਤ ਰੂਪ ਮਨ ਨੂੰ 'ਜੀਵਾਤਮਾ' ਜਾਂ 'ਆਤਮਾ' ਕਿਹਾ ਜਾਂਦਾ ਹੈ, ਇਕ 'ਸੰਕਲਪ ਰੂਪ ਮਨ' ਹੈ, ਉਹ ਇਸ ਜੋਤਿ ਰੂਪ ਮਨ ਤੋਂ ਵਖਰਾ ਹੈ, ਇਸ ਟਪਲੇ ਤੋਂ ਬਚਣਾ ਚਾਹੀਦਾ ਹੈ।

ਗੁਰਸਿਖ ਦੀ ਸੰਧਿ ਮਿਲ ਜਾਵੇ ਤਾਂ ਸ਼ਬਦ ਵਿਚ ਸੁਰਤਿ ਦੀ ਲਿਵ (ਜੁੜ ਜਾਂਦੀ ਹੈ, ਫਿਰ) ਪੰਜਾਂ ਦੇ ਪ੍ਰਪੰਚ ਰੂਪ ਸੰਸਾਰ ਦਾ ਮੋਹ ਮਿਟ ਜਾਂਦਾ ਹੈ ਅਤੇ ਕਾਮਾਦਿਕ ਪੰਜ ਵਿਕਾਰ (ਸਿੱਖ ਦੇ ਮਨ ਵਿਚੋਂ) ਪਰੇ ਭਜ ਜਾਂਦੇ ਹਨ, (ਅਰਥਾਤ ਸਿਖ ਦੇ ਮਨ ਉਤੇ ਪੰਜਾਂ ਕਾਮਾਦਿਕਾਂ ਦਾ ਰਾਜ ਨਹੀਂ ਰਹਿੰਦਾ)।

**ਭਾਗੇ ਭੈ ਭਰਮ ਭੇਦ ਕਾਲ ਅਉ ਕਰਮ ਖੇਦ ਲੋਗ ਬੇਦ ਉਲੰਘਿ ਉਦੋਤ ਗੁਰ ਗਿਆਨੇ ਹੈ ॥**

(ਕਾਮਾਦਿਕਾਂ ਦੇ ਦੂਰ ਹੋ ਜਾਣ ਕਰਕੇ) ਡਰ, ਭਰਮ, ਭੇਦ, ਕਾਲ, ਅਤੇ ਕਰਮ ਤੇ ਦੁਖ ਨਾਸ ਹੋ ਜਾਂਦਾ ਹੈ, ਲੋਕਾਚਾਰ ਤੇ ਵੇਦਾਚਾਰ(ਤੋਂ)ਪਾਰ ਲੰਘ ਜਾਂਦਾ ਹੈ ਅਤੇ 'ਗੁਰ ਗਯਾਨ' (ਆਤਮ ਗਿਆਨ) ਪ੍ਰਗਟ ਹੋ ਆਉਂਦਾ ਹੈ।

**ਮਾਇਆ ਅਉ ਬ੍ਰਹਮ ਸਮ ਦਸਮ ਦੁਆਰ ਪਾਰਿ ਅਨਹਦ ਰੁਣ ਝੁਣ ਬਾਜਤ ਨੀਸਾਨੇ ਹੈ ॥**

(ਫਿਰ ਮਨ) ਮਾਯਾ ਤੇ ਬ੍ਰਹਮ ਨੂੰ ਇਕ ਸਮਾਨ ਕਰਕੇ ਜਾਣਦਾ ਹੈ, ਅਤੇ ਦਸਮ ਦੁਆਰ ਤੋਂ ਪਾਰ (ਲੰਘ ਜਾਣ ਕਰਕੇ) ਅਨਹਦ ਸ਼ਬਦ ਇਕ ਸਾਰ ਵੱਜਣ ਲਗ ਪੈਂਦੇ ਹਨ।

**ਉਨਮਨ ਮਗਨ ਗਗਨ ਜਗ ਮਗ ਜੋਤਿ ਨਿਝਰ ਅਪਾਰ ਧਾਰ ਪਰਮ ਨਿਧਾਨੇ ਹੈ ॥ ੨੯ ॥**

ਤੁਰੀਆ ਪਦ (ਦੀ ਮਸਤੀ ਨਾਲ ਮਨ) ਮਸਤ ਹੋ ਜਾਂਦਾ ਹੈ,(ਤਦ) ਅਕਾਸ਼ ਵਿਚ ਲਟ-ਲਟ ਕਰਕੇ ਬਲਦੀ ਹੋਈ ਜੋਤਿ (ਦਿਸ ਆਉਂਦੀ ਹੈ, ਜਿਸ ਕਰਕੇ) ਅਖੰਡ ਧਾਰਾ ਰੂਪ ਅੰਮ੍ਰਿਤ ਦਾ ਇਕ ਰਸ ਪ੍ਰਵਾਹ ਚਲ ਪੈਂਦਾ ਹੈ,(ਇਸ ਪਦਵੀ ਤੇ ਪੁਜਾ ਹੋਇਆ ਗੁਰ ਸਿਖ) 'ਪਰਮ ਨਿਧਾਨ' ਸਰੂਪ ਹੈ।

ਅਥਵਾ:–'ਪਰਮ ਨਿਧ-ਆਨ–ਹੈ' ਪਰਮ ਨਿਧੀ ਤੇ ਸਿਧੀਆਂ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰ ਕੇ ਸਿਖ ਰਿਧੀਆਂ, ਸਿਧੀਆਂ ਤੇ ਨਿਧੀਆਂ ਦਾ ਮਾਲਕ ਹੋ ਜਾਂਦਾ ਹੈ ॥ ੨੯ ॥

**ਗ੍ਰਿਹਿ ਮਹਿ ਗ੍ਰਿਹਸਤੀ ਹੁਇ ਪਾਇਓ ਨ ਸਹਜ ਘਰੁ ਬਨ ਬਨਵਾਸ ਨ ਉਦਾਸ ਫਲੁ ਪਾਇਓ ਹੈ ॥**

ਸਿਧਾਸਨ–ਯੋਗ ਦੇ ਚੁਰਾਸੀ ਆਸਨਾ ਵਿਚੋਂ ਪਦਮਾਸਨ ਤੇ 'ਸਿਧਾਸਨ' ਇਹ ਦੋ ਆਸਨ, ਮੁਖਯ ਮੰਨੇ ਹਨ, ਇਸਦਾ ਰੂਪ ਵਿਉਂ ਹੈ :–ਸੱਜੇ ਪੱਟ ਉਤੇ ਖੱਬਾ ਪੈਰ, ਖੱਬੇ ਪੱਟ ਉਪਰ ਸੱਜਾ ਪੈਰ ਰਖਣਾ ਪਿੱਠ ਦਾ ਵਲ ਕਢਕੇ ਛਾਤੀ ਤਾਣਕੇ ਸਿੱਧੇ ਹੋਕੇ ਬੈਠ ਜਾਣਾ, ਪਿਠ ਪਿਛੋਂ ਬਾਹਾਂ ਲਿਜਾਕੇ ਸਜੇ ਹੱਥ ਨਾਲ ਸੱਜੇ ਪੈਰ ਦਾ ਅੰਗੂਠਾ ਤੇ ਖੱਬੇ ਹੱਥ ਨਾਲ ਖੱਬੇ ਪੈਰ ਦਾ ਅੰਗੂਠਾ ਫੜ ਲੈਣਾ, ਠੋਡੀ ਨੂੰ ਛਾਤੀ ਨਾਲੋਂ ਚਾਰ ਉਂਗਲ ਦੀ ਵਿਥ ਤੇ ਅਡੋਲ ਟਿਕਾ ਰਖਣਾ, ਅੱਖਾਂ ਦੀ ਨਜ਼ਰ ਨੂੰ ਭਰ-ਵਟਿਆਂ ਦੇ ਵਿਚਕਾਰਲੀ ਥਾਂ ਤੇ ਟਿਕਾਈ ਰਖਣਾ, ਅਜੇਹੀ ਬੈਠਕ ਦਾ ਨਾਮ ਹੈ। ਸਹਜ ਘਰ — ਸ਼ਾਂਤਿ ਰੂਪ ਘਰ, ਨਿਜ ਸਰੂਪ ਦਾ ਲਖਤਾ ਜਾਂ ਪਛਾਣ, ਆਪਣੇ ਰੂਪ ਨੂੰ ਨਿਸਚਾਤਮਕ ਜਾਣ ਲੈਣ ਦਾ ਨਾਮ ਹੈ। ਨਿਜ ਆਸਨ — ਨਿਜ ਸਥਾਨ,ਅਪਣੀ ਜਗ੍ਹਾ ਭਾਵ ਆਤਮ ਗਿਆਨ।

ਅਗਹੁ - [ਗਹੁ - ਪਕੜਨਾ] ਨਾ ਫੜੇ ਜਾਣ ਵਾਲਾ, ਮਨ ਜਾਂ ਆਤਮਾਂ। ਦੇਵ - ਪ੍ਰਕਾਸ਼ ਰੂਪ, ਗਯਾਨ ਸਰੂਪ।

ਗ੍ਰਹਸਤ ਵਿਚ (ਰਹਿ ਕੇ, ਦਾਨ ਪੁੰਨ ਆਦਿ ਗ੍ਰਹਸਥੀ ਦੇ ਕਰਮ ਕਰਦੇ ਹੋਇਆਂ ਭੀ) ਗ੍ਰਸਥੀ ਨੇ ਸਹਜ ਘਰ ਨਹੀਂ ਪਾਇਆ ਹੈ, ਬਨਬਾਸੀ(ਬਣ ਕੇ)

ਬਨ (ਵਿਚ ਵਸਣ ਵਾਲੇ ਉਦਾਸੀ ਨੇ ਭੀ) ਉਦਾਸ (ਦਾ ਕੁਝ ਭੀ) ਫਲ ਨਹੀਂ ਪਾਇਆ ਹੈ।

**ਪੜ੍ਹਿ ਪੜ੍ਹਿ ਪੰਡਿਤ ਨ ਅਕਥ ਕਤਾ ਬਿਚਾਰੀ ਸਿਧਾਸਨ ਕੈ ਨ ਨਿਜ ਆਸਨ ਦ੍ਰਿੜ੍ਹਾਇਓ ਹੈ ॥**

ਪੰਡਿਤਾਂ ਨ (ਵੇਦਾਂ, ਸ਼ਾਸ਼ਤ੍ਰਾਂ ਤੇ ਪੁਰਾਨਾਂ ਨੂੰ) ਪੜ੍ਹ ਪੜ੍ਹਕੇ ਅਕਥ ਦੀ ਕਥਾ ਨਹੀਂ ਵਿਚਾਰੀ ਹੈ, (ਅਤੇ ਯੋਗ ਧਾਰਨ ਵਾਲਿਆ ਨੇ) ਸਿਧਾਸਨ (ਆਦਿਕ ਚੁਰਾਸੀ ਆਸਨ) ਕਰਕੇ ਭੀ ਅਪਨੇ ਆਤਮ ਸਥਾਨ ਨੂੰ ਨਿਸਚੇ ਨਹੀਂ ਕੀਤਾ ਹੈ (ਅਰਥਾਤ ਜੋਗੀ ਤੇ ਪੰਡਿਤ ਦਾ ਮਨ ਭੀ ਸੰਸੇ ਵਿਪਰਜੇ ਵਿਚ ਫਸਿਆ ਹੋਯਾ ਹੈ)।

**ਜੋਗ ਧਿਆਨੁ ਧਾਰਨ ਕੈ ਨਾਥਨ ਨ ਦੇਖੇ ਨਾਥ ਜਗਿ ਭੋਗ ਧੂਜ ਕੈ ਨ ਅਗਹੁ ਗਹਾਇਓ ਹੈ ॥**

ਜੋਗ (ਦੇ ਧਾਰਨਾ) ਧਿਆਨ (ਆਦਿਕ ਅੱਠ ਅੰਗਾਂ ਨੂੰ) ਧਾਰਨ ਕਰਕੇ ਭੀ ਨਾਥਾਂ ਨੇ ਨਾਥ [ਸਵਾਮੀ] ਨੂੰ ਨਹੀਂ ਵਖਿਆ ਹੈ, ਜੱਗ (ਹੋਮ) ਕਰਕੇ, (ਜਾਂ ਬ੍ਰਹਮ) ਭਜ ਕਰਕੇ, [ਜਾਂ ਠਾਕੁਰਾਂ ਅਗੇ] ਭੋਗ [ਨਈ ਵੇਦ] ਅਰਪਨ ਕਰਕੇ, [ਜਾਂ ਠਾਕੁਰ] ਪੂਜਾ [ਆਦਿਕ ਕਰਮ ਕਰਨ ਵਾਲਿਆਂ ਨੇ ਭੀ ਨਾ ਫੜੇ ਜਾਣ ਵਾਲੇ ਮਨ ਨੂੰ ਫੜਿਆ ਨਹੀਂ ਹੈ, [ਅਰਥਾਤ ਇਨ੍ਹਾਂ ਕਰਮਾ ਕਰਕੇ ਨਾ ਮਨ ਵਸ ਹੋਇਆ ਹੈ ਤੇ ਨਾ ਹੀ ਆਤਮ ਗਿਆਨ ਹੋਯਾ ਹੈ]।

**ਦੇਵੀ ਦੇਵ ਸੇਵ ਕੈ ਨ ਅਹੰਮੇਵ ਟੇਵ ਚਾਰੀ ਅਲਖ ਅਭੇਵ ਗੁਰਦੇਵ ਸਮਝਾਇਓ ਹੈ ॥ ੩੦ ॥**

ਦੇਵੀਆਂ ਤੇ ਦੇਵਤਿਆਂ ਦੀ ਸੇਵਾ ਕਰਕੇ ਭੀ ਹੰਕਾਰ ਵਾਲੀ ਵਾਦੀ ਨਹੀਂ ਹਟੀ ਹੈ [ਸਗੋਂ ਇਨ੍ਹਾ ਕਰਮਾਂ ਦੇ ਕਰਨ ਕਰਕੇ ਹੰਕਾਰ ਵਧਦੇ ਤੋਂ ਵਧਦਾ ਹੀ ਗਿਆ ਹੈ, "ਜਬ ਹਮ ਹੋਤੇ ਤਬ ਤੂ ਨਾਹੀ" ਜਦ ਹੰਕਾਰ ਨਹੀਂ ਮਿਟਿਆ ਤਾਂ ਆਤਮ ਗਿਆਨ ਕਦ ਹੋਣਾ ਹੋਇਆ, ਪਰ ਜਦ ਸਾਰੇ ਆਸਰੇ ਪਰਨੇ ਛਡਕੇ ਜੀਵ ਗੁਰੂ ਜੀ ਦੀ ਸ਼ਰਨੀ ਆ ਗਿਆ ਤਾਂ ਜੋ ਜਾਣਿਆ ਨਹੀਂ ਜਾਂਦਾ ਤੇ ਜਿਸਦਾ ਭੇਦ ਨਹੀਂ ਪਾਇਆ ਜਾਂਦਾ, ਓਹ ਅਲਖ ਅਭੇਵ ਆਤਮ ਗਿਆਨ ਗੁਰਦੇਵ [ਜੀ ਨੇ ਕ੍ਰਿਪਾ ਕਰਕੇ ਸਹਜੇ ਹੀ] ਸਮਝਾ ਦਿਤਾ ਹੈ ॥੩੦॥

**ਤ੍ਰਿਗੁਨ ਅਤੀਤ ਚਤੁਰਥ ਗੁਨ ਗੰਮਿਤਾ ਕੈ ਪੰਚ ਤਤ ਉਲੰਘਿ ਪਰਮ ਤਤ ਵਾਸੀ ਹੈ ॥**

ਤ੍ਰਿਗੁਨ–ਤਰੈ ਗੁਨ-ਰਜੋ, ਤਮੋ ਤੇ ਸਤੋ ਗੁਣ । ਪੰਚ ਤਤ–ਪੰਜ-ਤੱਤ-ਪ੍ਰਿਥਵੀ, ਜਲ, ਅਗ, ਹਵਾ ਤੇ ਅਕਾਸ਼ । ਪਰਮ ਤੱਤ–ਸਾਖੀ ਚੈਤੰਨ, ਤੱਤਾਂ ਤੋਂ ਪਰ੍ਹਾਂ ਜਾਂ ਸੂਖਮ ਰੂਪ । ਖਟ ਰਸ–ਛੇ ਸਵਾਦ-ਖਟਾ, ਮਿਠਾ, ਕੌੜਾ, ਕਸੈਲਾ, ਤਿਖਾ ਤੇ ਚਰਪਰਾ । ਸੁਰ ਸਪਤ-ਸੱਤ ਸੁਰਾਂ ਸਰੂਪ ਰਾਗ, ਖੜਜ (ਸਾ), ਰਿਖਭ [ਰੇ], ਗੰਧਾਰ [ਗ] ਮਧਮ [ਮਾ] ਪੰਚਮ [ਪਾ], ਧੈਵਤ (ਧਾ), ਨਿਖਾਦ (ਨੀ) । ਅਸਟ ਸਿਧਾਨ–ਅਠ ਸਿਧੀਆਂ ਮਹਾਨ, ਅੱਠ ਮਹਾਂ ਸਿਧੀਆਂ – ਅਨੁਮਾ, ਮਹਿਮਾ, ਲਘਮਾ, ਗਰਮਤਾ, ਦੂਰ ਸ੍ਰਵਨ, ਪਰ ਕਾਇ ਪ੍ਰਵੇਸ਼, ਸਵਛੰਦ ਮ੍ਰਿਤੂ, ਦੇਵ ਦਰਸ਼ਨ । ਸਿਧੀਆਂ ਅਠਾਰਾਂ ਹਨ, ਪਰ ਇਨ੍ਹਾਂ ਅਠਾਂ ਨੂੰ ਮਹਾਂ ਸਿਧ ਕਿਹਾ ਜਾਂਦਾ ਹੈ ।

ਨਾਥਨ ਕੈ ਨਾਥ–ਨਾਥ ਨੌਂ ਹਨ, ਇਸ ਲਈ ਨੌ ਸਥਾਨੀ ਨਾਥਨ ਕਿਹਾ ਹੈ, ਇਸਦਾ ਭਾਵ ਹੈ, ਨੌਂ ਦੁਆਰੇ ਜਾ ਨੌਂ ਦੁਆਰਿਆਂ ਦੇ ਸਵਾਮੀ ਰੂਪ ਨੌਂ ਇੰਦ੍ਰਯ-ਦੋ ਕੰਨ, ਦੋ ਹਥ, ਦੋ ਪੈਰ, ਗੁਦਾ ਲਿੰਗ ਤੇ ਕਰਮ ਇੰਦ੍ਰਯ ਤੇ ਗਿਆਨ ਇੰਦ੍ਰਯ ਸਰੂਪ ॥ ਇਨ੍ਹਾਂ ਇੰਦ੍ਰਿਆਂ ਦੇ ਕਹਿਣ ਤੋਂ ਭਾਵ ਇਨ੍ਹਾਂ ਦੇ ਅਭਿਮਾਨੀ ਦੇਵਤੇ, ਮੂੰਹ ਵਿਚ ਦੋ ਇੰਦਰੇ ਹਨ ਇਸ ਲਈ ਗੋਲਕਾਂ ਨੌਂ ਤੇ ਇੰਦਰੇ ਦਸ ਹਨ, ਪਰ ਭਾਈ ਜੀ ਨੇ ਇਥੇ ਨੌਂ ਕਹੇ ਹਨ, ਇਸ ਲਈ ਮੂੰਹ ਦੀ ਜਗ੍ਹਾ ਤੇ ਸਿਰ ਦਾ ਗ੍ਰਹਣ ਕੀਤਾ ਜਾਂਦਾ

ਹੈ, ਸਿਰ ਦੇ ਅੰਤਰਗਤ ਹੀ ਭਾਵ ਨਕ ਕੰਨ ਤੇ ਮੂੰਹ ਹਨ, ਪਰ ਇਥੇ ਸਿਰ ਕਹਿਣ ਤੋਂ ਭਾਵ 'ਅਹੰ' ਬ੍ਰਿਤੀ ਦਾ ਹੈ।

ਦਸਮ ਸਥਲ – ਦਸਵਾਂ ਸਥਾਂਨ ਤੋਂ ਭਾਵ ਮਨ ਹੈ, ਜੋ ਇਨ੍ਹਾਂ ਨੌਆਂ ਦੇ ਉਪਰ ਕੰਟਰੋਲ ਰਖਦਾ ਹੈ ਤੇ ਫਿਰ ਆਪ ਇਨ੍ਹਾਂ ਤੋਂ ਸੁਤੰਤ੍ਰ ਭੀ ਵਿਚਰਦਾ ਹੈ, ਅਥਵਾ ਦਸਵਾਂ ਸਥਾਨ ਪ੍ਰੇਮਾ ਭਗਤੀ ਜਾਂ ਸਾਧ ਸੰਗਤ ਹੈ ॥

ਉਨਮਨ ( ਮਨ ਦੇ ਦੋ ਭੇਦ ਹਨ, ਇਨ ਮਨ ਤੇ ਉਨਮਨ। ਸੰਸਾਰਕ ਵਿਹਾਰਾਂ ਦੀ ਮਨੌਤ ਰਖਣ ਵਾਲਾ ਇਨਮਨ ਹੈ ਅਤੇ ਪ੍ਰਮਾਰਥਕ ਅਵਸਥਾ ਦੀ ਵੀਚਾਰ ਕਰਨ ਵਾਲਾ ਉਨਮਨ ਹੈ।

ਗਗਨ ਹੁਇ - ਅਕਾਸ਼ ਹੋ ਕੇ, ਭਾਵ ਅਕਾਸ਼ ਵਿਆਪਕ ਹੈ, ਬ੍ਰਹਮ ਭੀ ਵਿਆਪਕ ਹੈ, ਇਸ ਲਈ ਗਗਨ ਦਾ ਅਰਥ 'ਬ੍ਰਹਮ' ਕੀਤਾ ਜਾਦਾ ਹੈ, ਭਾਵ ਬ੍ਰਹਮ ਰੂਪ ਹੋ ਕੇ ਅਥਵਾ ਗਗਨ ਦਾ ਅਰਥ ਅਕਾਸ਼ ਹੈ ਤੇ ਅਕਾਸ਼ ਦਾ ਭਾਵ ਬੱਦਲ ਲਿਆ ਜਾਂਦਾ ਹੈ

(ਗੁਰਸਿਖ ਦਾ ਮਨ) ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ, ਚੌਥੇ ਤੁਰੀਆ ਗੁਣ ਵਿਚ ਪਹੁੰਚ ਕਰਦਾ ਹੈ ਤਾਂ ਪੰਜਾਂ ਤੱਤਾਂ (ਦੀ ਰਚਨਾਂ ਰੂਪ ਦੇਹ ਅਧਯਾਸ ਤੋਂ ਟੱਪ ਕਰਕੇ ਪਰਮ ਤੱਤ ਰੂਪ ਸਾਖੀ ਚੈਤੰਨ ਦਾ ਵਾਸੀ ਹੋ ਜਾਂਦਾ ਹੈ।

**ਖਟ ਰਸ ਤਿਆਗ ਪ੍ਰੇਮ ਰਸ ਕਉ ਪ੍ਰਾਪਤਿ ਭਏ ਪੂਰ ਸੁਰ ਸਪਤਿਅਨਹਦ ਅਭਿਆਸੀ ਹੈ ॥**

(ਇਸ ਲਈ) ਛੇ ਰਸ ਤਿਆਗ ਦੇਂਦਾ ਹੈ ਅਤੇ ਪ੍ਰੇਮ ਰਸ ਨੂੰ ਪ੍ਰਾਪਤ ਹੋ ਕੇ, ਸਤਾਂ ਸਰਾਂ ਰੂਪ ਰਾਗ-ਨਾਦ ਤੋਂ ਪੂਰਾ ਹੋ ਕੇ (ਭਾਵ ਸੰਸਾਰਕ ਰਾਗ ਨਾਦ ਵਲੋਂ ਮਰਕੇ)ਅਨਹਦਸ਼ਬਦ ਦਾ ਅਭਿਆਸੀਹੁੰਦਾ ਹੈ

**ਅਸਟ ਸਿਧਾਨ ਭੇਦ ਨਾਥਨ ਕੇ ਨਾਥ ਭਏ ਦਸਮ ਸਥਲ ਸੁਖ ਸਾਗਰ ਬਿਲਾਸੀ ਹੈ ॥**

(ਜਿਸ ਕਰਕੇ) ਅੱਠਾਂ ਮਹਾਂ ਸਿਧੀਆਂ ਨੂੰ ਭੇਦ ਦੇਂਦਾ ਹੈ,ਨੇ ਇੰਦ੍ਰਿਆਂ ਦੇ ਸਵਾਮੀ ਹੋ ਕੇ ਮਨ ਸੁਖਾਂ ਦੇ ਸਮੁੰਦਰ ਵਿਚ [ਬਿਨਾਸੀ] ਮੌਜਾਂ ਜਾਣਦਾ ਹੈ।

**ਉਨਮਨ ਮਗਨ ਗਗਨ ਹੁਇ ਨਿਝਰ ਝਰੈ ਸਹਜ ਸਮਾਧਿ ਗੁਰ ਪਰਚੈ ਉਦਾਸੀ ਹੈ ॥ ੩੧ ॥**

(ਇਉਂ) ਪਰਮਾਰਥ ਦੀ ਵੀਚਾਰ ਕਰਨ ਵਾਲਾ ਮਸਤ ਹੋ ਕੇ ਬ੍ਰਹਮ ਰੂਪ ਹੋ ਜਾਂਦਾ ਹੈ ਤਾਂ ਗਗਨ ਤੋਂ ਅਖੰਡ ਧਾਰਾ ਦਾ ਝਰਨਾ ਬੱਦਲ ਰੂਪ ਹੋ ਕੇ ਨਿਝਰ ਝਰਦਾ ਹੈ, ਅਰਥਾਤ ਅਖੰਡ ਧਾਰਾ ਰੂਪ ਅਮ੍ਰਿਤ ਦੀ ਬਾਰਸ਼ ਇਕ ਰਸ ਹੁੰਦੀ ਹੈ, ਇਸ ਤਰਾਂ ਦੀ 'ਸਹਜ ਸਮਾਧੀ' (ਲਾਉਣ ਵਾਲਾ ਗੁਰਸਿਖ ਗ੍ਰਹਸਤ ਦੇ ਵਿਚ ਰਹਿੰਦਾ ਹੋਯਾ ਹੀ) [ਗੁਰ] ਮਹਾਨ ਉਦਾਸੀ ਜਾਂ ਪੂਰਨ ਤਿਆਗੀ ਹੈ ॥ ੩੧ ॥

**ਦੁਬਿਧਾ ਨਿਵਾਰਿ ਅਬਰਨ ਹੁਇ ਬਰਨ ਬਿਖੇ ਪਾਂਚ ਪਰਪੰਚ ਨ ਦਰਸ ਅਦਰਸ ਹੈ ॥**

ਅਬਰਨ - ਵਰਨ ਭਾਵ ਤੋਂ ਰਹਿਤ ਹੋ ਕੇ ਬਰਨ - ਬ੍ਰਹਮਣ, ਖਤ੍ਰੀ, ਵੈਸ਼ ਅਤੇ ਸ਼ੂਦਰ ਰੂਪ ਜਾਤਾਂ। ਦਰਸ - ਦਰਸ਼ਨ, ਦਿਸਣ ਵਾਲੇ ਪਦਾਰਥ। ਅਦਰਸ - ਨਾ ਦਿਸਣ ਵਾਲਾ ਹੋ ਕੇ। ਪਰਮ - ਵਡਾ, ਪਵਿਤਰ। ਪਰਸ - ਛੋਹ ਕੇ, ਨਾਲ ਲਗ ਕੇ। ਪਾਰਸ - ਇਕ ਤਰ੍ਹਾਂ ਦਾ ਵਿਸ਼ੇਸ਼ ਪੱਥਰ, ਜੋ ਲੋਹੇ ਆਦਕ ਧਾਤਾਂ ਨੂੰ ਸੋਨਾ ਕਰ ਦੇਂਦਾ ਹੈ। ਕਨਿਕ - ਸੋਨਾ। ਅਪਰਸ - ਅਛੋਹ, ਨਾ ਛੋਹਨ ਯੋਗ ਪਦਾਰਥ। ਨਵ ਦਵਾਰ - ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ, ਗੁਦਾ ਤੇ ਲਿੰਗ ਛੇਕ। ਬ੍ਰਹਮਾਸਨ - ਬ੍ਰਹਮ ਸਥਾਨ। ਸਿੰਘਾਸਨ - ਤਖਤ। ਰੁਚਤ - ਰੁਚਦਾ ਹੈ, ਭਾਉਂਦਾ ਹੈ। ਅਨਰਸ - ਹੋਰ ਸਵਾਦ। ਬੀਰ - ਦਸ ਇੰਦਰੇ, ਪੰਜ ਪ੍ਰਾਣ, ਚਾਰ

ਅੰਤਹਕਰਨ, ਜੀਵਾਤਮਾ ਤੇ ਈਸ਼ਰਾਤਮਾ।

(੨) ਨਿਸਚਾ ਕਰਕੇ॥

(ਗੁਰਸਿਖ ਆਪੋ ਆਪਣੇ)ਵਤਨ ਵਿਚ(ਰਹਿੰਦੇ ਹੋਏ ਭੀ) ਦਵੈਤ ਨੂੰ ਮਿਟਾਕੇ ਵਰਨ ਭਾਵ ਤੋਂ ਰਹਿਤ ਹੋ ਗਏ ਹਨ, (ਇਸ ਲਈ ਉਨ੍ਹਾਂ ਨੂੰ) ਪੰਜਾਂ ਦੇ ਪ੍ਰਪੰਚ ਰੂਪ ਸੰਸਾਰ ਦਾ ਮੋਹ ਨਹੀਂ ਹੈ ਤੇ ਦਰਸ਼ਨਾਂ [ਸ਼ਾਸਤ੍ਰ] ਤੋਂ ਅਦਰਸ ਹਨ, (ਅਰਥਾਤ ਖਟ ਦਰਸ਼ਨਾਂ ਤੋਂ ਪਰੇ ਹਨ।

**ਪਰਮ ਪਾਰਸ ਗੁਰ ਪਰਸ ਪਾਰਸਿ ਭਏ ਕਨਿਕ ਅਨਿਕ ਧਾਤੁ ਆਪਾ ਅਪਰਸ ਹੈ॥**

(ਜਿਵੇਂ) ਪਾਰਸ ਨੂੰ ਪਰਸਕੇ ਅਨੇਕਾਂ ਧਾਤਾਂ ਸੋਨਾ ਹੋ ਜਾਂਦੀਆਂ ਹਨ, (ਇਵੇਂ) ਗੁਰ ਰੂਪ ਪਰਮ ਪਾਰਸ ਨੂੰ ਪਰਸਕੇ (ਸਿਖ) ਆਪੇ ਤੋਂ ਅਪਰਸ ਹੋ ਗਏ ਹਨ, (ਅਰਥਾਤ ਗੁਰੂ ਨਾਲ ਮਿਲਕੇ ਆਪਾ ਭੁਲਾਕੇ ਗੁਰੂ ਰੂਪ ਹੋ ਗਏ ਹਨ)।

**ਨਵ ਦੁਆਰ ਪਾਰ ਬ੍ਰਹਮਾਸਨ ਸਿੰਘਾਸਨ ਮੈ ਨਿਝਰ ਝਰਨਿ ਰੁਚਤ ਨ ਅਨਰਸ ਹੈ॥**

ਨੌਂ ਦੁਆਰਿਆਂ ਤੋਂ ਪਰੇ ਜੋ (ਦਸਵਾਂ ਦੁਆਰ) ਬ੍ਰਹਮ ਦਾ ਸਥਾਨ ਹੈ, (ਉਸ) ਤਖਤ ਤੇ (ਅਡੋਲ ਟਿਕ ਰਹੇ ਹਨ, ਇਸ ਲਈ) ਇਕ ਰਸ ਅਮ੍ਰਿਤ ਦਾ ਝਰਨਾ ਝਰ ਰਿਹਾ ਹੈ, (ਐਸੇ ਗੁਰਸਿਖਾਂ ਨੂੰ) ਹੋਰ (ਮਾਇਕੀ) ਰਸ ਰੁਚਦੇ ਨਹੀਂ ਹਨ।

**ਗੁਰੁ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ ਅਨਹਦ ਗਦ ਗਦ ਅਭਰ ਭਰਸ ਹੈ॥ ੩੨॥**

(ਇਸ ਤਰਾਂ) ਗੁਰੂ ਤੇ ਸਿਖ ਦੀ ਸੰਧੀ ਦੇ ਮਿਲ ਜਾਣ ਕਰਕੇ ਵੀਹ ਇਕ ਈਸ਼ਰ ਨਾਲ (ਮਿਲਕੇ) ਈਸ਼ਰ ਰੂਪ ਹੋ ਗਏ ਹਨ,(ਇਸ ਲਈ) ਬੇਹਦ ਗਦ ਗਦ (ਹੋਕੇ) ਨਾ ਭਰੇ ਜਾਣ ਵਾਲੇ ਨੂੰ ਭਰ ਲਿਆ ਹੈ॥ ੩੨॥

ਭਾਵ–ਗੁਰੂ ਤੇ ਸਿਖ ਦੀ ਸੰਧੀ ਮਿਲ ਗਈ ਹੈ, ਅਜੇਹੇ ਮਿਲੇ ਹਨ ਜੋ ਮਿਲਾਪ ਦਾ ਜੋੜ ਜਾਂ ਵਿਥ ਨਹੀਂ ਭਾਸਦੀ,ਜਿਵੇਂ ਪਾਣੀ ਵਿਚ ਮਿਲਿਆ ਪਾਣੀ ਜਾਂ ਦੁਧ ਵਿਚ ਮਿਲਿਆ ਪਾਣੀ, ਅਜੇਹਾ ਮਿਲਿਆ ਹੈ, ਜਿਸਦੀ ਸੰਧੀ ਵਖਰੀ ਨਹੀਂ ਰਹੀ, ਇਵੇਂ ਸਿਖ ਗੁਰੂ ਨਾਲ ਅਜੇਹਾ ਮਿਲਿਆ ਹੈ, ਜੋ ਵਖਰਾ ਨਹੀਂ ਭਾਸਦਾ, 'ਵੀਹ' ਹੁਣ ਵੀਹ ਨਹੀਂ ਰਹੇ, ਇਕ ਹੀ ਇਕ ਰੂਪ ਹੋਕੇ ਸਭ ਪਾਸੇ ਈਸ਼ਰ ਹੀ ਈਸ਼ਰ ਦਿਸ ਰਿਹਾ ਹੈ, ਇਵੇਂ ਇੰਦ੍ਰੇ ਵਖਰੇ ਦਿਸਦੇ ਹਨ ਨਾ ਪ੍ਰਾਣ, ਨਾ ਅੰਤਹਕਰਣ ਪ੍ਰਤੀਤ ਹੁੰਦਾ ਹੈ ਨਾ ਜੀਵ, ਹੁਣ ਤਾਂ ਉਹ ਦਸ਼ਾ ਹੈ, ਜਿਸ ਨੂੰ 'ਖੁਦੀ ਮਿਟੀ ਚੁਕਾ ਭੋਲਾਵਾ' ਤੇ 'ਖੁਦੀ ਮਿਟੀ ਤਬ ਸੁਖ ਹੂਆ' ਇਸ ਸੁਖ ਦਾ ਅਨੰਦ [ਗਦ-ਗਦ] ਏਨਾ ਕੁ ਹੈ, ਜਿਸਦੀ 'ਅਨਹਦ' ਹਦ ਨਹੀਂ ਹੈ, ਅੰਤ ਨਹੀਂ ਹੈ,ਓੜਨਹੀਂ ਪਾਰਲਾ ਕੰਢਾ ਕੋਈ ਨਹੀਂ ਹੈ, ਇਥੇ ਪੁਜਕੇ ਨਾ ਭਰੇ ਜਾਣ ਵਾਲਾ ਮਨ ਭਰ ਗਿਆ ਹੈ, ਹੁਣ ਤ੍ਰਿਸ਼ਨਾ ਬੁਝ ਗਈ ਹੈ, ਜੇਹੜੀ ਤ੍ਰਿਸ਼ਨਾ ਕਦੇ ਭੀ ਨਹੀਂ ਮਿਟਦੀ ਸੀ, ਉਹ ਹੁਣ ਬੁਝ ਗਈ ਹੈ,ਜੇਹੜਾ ਕਦੇ ਭੀ ਨਹੀਂ ਭਰਿਆ ਸੀ, ਉਹ ਗਦ-ਗਦ ਨਾਲ ਅਨੰਦ ਹੀ ਅਨੰਦ ਨਾਲ ਭਰ ਗਿਆ ਹੈ, ਹੁਣ ਤਾਂ:–

"ਅਨੰਦੋ ਅਨੰਦ ਘਣਾ ਸੋ ਪ੍ਰਭ ਡੀਠਾ ਰਾਮ॥"

**ਚਰਨ ਕਮਲ ਭਜਿ ਕਮਲ ਪ੍ਰਗਾਸ ਭਏ ਦਰਸ ਦਰਸਿ ਸਮ ਦਰਸ ਦਿਖਾਏ ਹੈ॥**

(ਗੁਰੂ ਜੀ ਦੇ) ਕਮਲਾਂ ਸਮਾਨ ਚਰਨਾਂ ਦਾ (ਭਜਿ) ਧਿਆਨ (ਵਾ ਸੇਵਾ) ਕਰਨ ਕਰਕੇ (ਸਿਖ ਦੇ ਹਿਰਦੇ ਰੂਪ) ਕਮਲ ਵਿਚ ਪ੍ਰਕਾਸ਼ ਉਜਾਲਾ (ਵਾ ਖਿੜਾਉ) ਹੋ ਗਿਆ ਹੈ, (ਕਿਉਂਕਿ (ਦਰਸ) ਸੂਰਜ ਸਮਾਨ (ਜਿਸਦਾ) ਦਰਸ਼ਨ ਹੈ, (ਉਹ ਗਿਆਨ ਗੁਰੂ ਜੀ ਨੇ) (ਦਰਸ) ਪਰਤੱਖ ਵਿਖਾ ਦਿੱਤਾ ਹੈ (ਅਰਥਾਤ ਜਿਵੇਂ ਸੂਰਜ ਨੂੰ ਵੇਖਕੇ ਕਮਲ ਖਿੜ ਪੈਂਦਾ ਹੈ,ਇਵੇਂ ਗੁਰੂ ਚਰਨਾਂ ਦੀ ਸੇਵਾ ਭਗਤੀ ਕਰਨ ਵਾਲੇ ਗੁਰ ਸਿਖ ਦੇ ਹਿਰਦੇ ਵਿਚ ਗੁਰੂ ਜੀ ਨੇ ਗਿਆਨ ਪ੍ਰਗਟ ਕਰ ਦਿੱਤਾ ਹੈ,ਜਿਸਦਾ ਪ੍ਰਤੱਖ ਦਰਸ਼ਨ ਕਰਕੇ ਸਿਖ ਦਾ ਹਿਰਦਾ ਕਮਲ ਖਿੜ ਪਿਆ ਹੈ)।

## ਸ਼ਬਦ ਸੁਰਤਿ ਅਨਹਦ ਲਿਵ ਲੀਨ ਭਏ ਉਨਮਨ ਮਗਨ ਗਗਨ ਪੁਰ ਛਾਏ ਹੈ॥

ਅਨਹਦ ਸ਼ਬਦ ਵਿਚ (ਸਿਖ ਦੀ) ਸੁਰਤਿ ਲਿਵ ਲੀਨ ਹੋ ਗਈ ਹੈ, ਅਤੇ ਉਨਮਨ ਮਗਨ ਹੋ ਕੇ ਗਗਨ (ਰੂਪ) ਪੁਰ ਵਿਚ (ਛਾਏ) ਇਸਥਿਤ ਹੋ ਰਿਹਾ ਹੈ, (ਅਰਥਾਤ ਗਿਆਨ ਦੇ ਉਦੇ ਕਾਲ ਵਿਚ ਪਹਿਲੀ ਚਿੜੀ ਦੀ ਚੁਹਚੁਹ ਵਰਗਾ ਸ਼ਬਦ ਸੁਨਾਈ ਦੇਂਦਾ ਹੈ, ਤੇ ਫਿਰ ਪੈਰੋ ਪੈਰ ਇਹ ਸ਼ਬਦ ਵਧਦਾ ਹੀ ਵਧਦਾ ਜਾਂਦਾ ਤੇ ਇਸ ਸ਼ਬਦ ਵਿਚ ਅਨੇਕਾਂ ਲੈਹਰਾਂ ਜੇਹੀਆਂ ਉਠਦੀਆਂ ਹਨ,ਜਿਨ੍ਹਾਂ ਨੂੰ ਸੁਣਦਾ ੨ ਪਰਮਾਰਥ ਦੀ ਵੀਚਾਰ ਕਰਨ ਵਾਲਾ ਮਨ ਮਸਤ ਹੋਕੇ ਅਜੇਹਾ ਆਪਾ ਭੁਲਦਾ ਹੈ, ਜਿਵੇਂ ਹਰਨ ਘੰਡੇ ਹੇੜੇ ਦਾ ਸ਼ਬਦ ਸੁਣਦਾ ੨ ਸਿਰ ਸੁੱਟਕੇ ਬੈਠ ਜਾਂਦਾ ਹੈ, ਇਵੇਂ ਹੀ ਉਨਮਨ ਸ਼ਬਦ ਨਾਲ ਲਿਵ-ਲੀਨ [ਅਭੇਦ]ਹੋਕੇ ਮਸਤ ਹੋ ਜਾਂਦਾ ਤੇ ਬ੍ਰਹਮ ਰੂਪ ਸ਼ੈਹਰ ਵਿਚ ਅਚੱਲ ਹੋ ਜਾਂਦਾ ਹੈ,, ਜਿਸ ਕਰਕੇ ਉਹ ਅਵਸਥਾ ਹੁੰਦੀ ਹੈ:– "ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰ ਬਾਨ ॥"

## ਪ੍ਰੇਮ ਰਸ ਬਸਿ ਹੋਇ *ਬਿਸਮ ਬਿਦੇਹ ਭਏ ਅਤਿ ਅਸਚਰਜ ਮੈ ਹੇਰਤ ਹਿਰਾਏ ਹੈ॥

ਪ੍ਰੇਮ ਰਸ ਦੇ ਵਸ ਹੋਕੇ ਅਸਚਰਜਤੇਦੇਹਗਿਆਨ ਤੋਂ ਰਹਿਤ ਹੋ ਜਾਂਦਾ ਹੈ, (ਇਸ ਅਵਸਥਾ ਵਿਚ ਪੁਜਕੇ ਮਨ) ਵੱਡੇ ਹੀ ਅਸਚਰਜ ਰੂਪ ਨੂੰ ਵੇਖਦਾਤੇ ਵਿਖਾਉਂਦਾ ਹੈ (ਅਰਥਾਤ ਮਨ ਤਦ ਪਿੰਗਲ ਹੋਕੇ ਟਿਕ ਜਾਂਦਾ ਹੈ, ਜਦ ਏਹ ਪਹਿਲੇ ਪ੍ਰੇਮ ਰਸ ਦੇ ਵਸ ਹੁੰਦਾ ਹੈ, ਉਸ ਵੇਲੇ ਇਸਨੂੰ ਸਭ ਪਾਸੇ ਵਾਹ!ਵਾਹ!! ਦਿਸਦਾ ਹੈ, ਫਿਰ ਏਹ ਸਾਰੇ ਇੰਦ੍ਰਿਆਂ ਆਦਿਕਾਂ ਨੂੰ ਉਸੇ ਵਾਹ ਦਾ ਗਿਆਨ ਕਰਾਉਂਦਾ ਹੈ, ਭਾਵ ਏਹ ਹੈ, ਜਦ ਇਸ ਵਿਚੋਂ ਹੂੰ ਮਿਟ ਜਾਂਦੀ ਹੈ ਤਾਂ ਸਭ ਪਾਸੇ 'ਤੂੰ ਹੀ ਤੂੰ' ਨਜ਼ਰ ਆਉਂਦਾ ਹੈਂ।

*ਕਿਤੇ ੨ ਪਾਠ 'ਬਿਸਨ' ਹੈ, ਜੋ ਸੁਧ ਨਹੀਂ, ਪਰ ਜੇ ਸੁਧ ਮੰਨ ਲਿਆ ਜਾਏ ਤਾਂ ਇਸਦਾ ਅਰਥ 'ਵਯਸ਼ਨ' [ਵਿਸ਼ਿਆਂ ਦੀ ਵਾਦੀ] ਕੀਤਾ ਜਾਵੇਗਾ, ਤੁਕ ਦਾ ਅਰਥ ਇਉਂ ਕਰਨਾ–"ਪ੍ਰੇਮ ਰਸ ਦੇ ਵੱਸ ਹੋਕੇ, ਵਯਸ਼ਨਾ ਵਲੋਂ (ਬਿਦੇਹ) ਮੁਰਦੇ ਜੇਹਾ ਹੋ ਜਾਂਦਾ ਹੈ।'

## ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧ ਅਕਥ ਕਥਾ ਬਿਨੋਦ ਕਹਤ ਨ ਆਏ ਹੈ॥ ੩੩॥

ਗੁਰ ਸਿਖ ਨੇ (ਇਸ ਅਵਸਥਾ ਦੀ ਪ੍ਰਾਪਤੀ ਰੂਪ ਜੋ) ਸੁਖ ਫਲ (ਪਾਇਆ ਹੈ, ਉਸਦੀ) ਮਹਿਮਾਂ ਦਾ ਬੋਧ ਅਗਾਧ ਹੈ, ਕਥਾ ਅਕਥ ਹੈ, (ਜੇਹੜੇ ਉਸ ਵੇਲੇ ਉਸਨੂੰ) ਬਿਨੋਦ [ਕੌਤਕ] (ਨਜ਼ਰ ਆਉਂਦੇ ਹਨ, ਉਹ ਭੀ) ਕਹਿਣ ਵਿਚ ਨਹੀਂ ਆਉਂਦੇ। (ਅਥਵਾ–ਗੁਰ ਸਿਖ ਨੇ (ਉਸ ਵੇਲੇ ਦੇ ਪ੍ਰਾਪਤ ਕੀਤੇ ਹੋਏ) ਸੁਖ ਫਲ ਦੀ ਮਹਿਮਾ ਦਾ (ਬੋਧ) ਜਾਨਣਾ ਅਗਾਧ ਹੈ, ਅਤੇ ਬਿਨੋਦਾਂ ਦੀ ਕਥਾ ਅਕਥ ਹੈ, ਜੋ ਕਹਿਣ ਵਿਚ ਨਹੀਂ ਆਉਂਦੀ ਹੈ॥ ੩੩॥

## ਦੁਰਮਤਿ ਮੇਟਿ ਗੁਰਮਤਿ ਹਿਰਦੈ ਪ੍ਰਗਾਸੀ ਖੋਇ ਕੈ ਅਗਿਆਨ ਜਾਨੇ ਬ੍ਰਹਮ ਗਿਆਨੇ ਹੈ॥

ਗੁਰੂ ਸਿਖਯਾ ਨੇ (ਜਗਯਾਸੂ ਦੇ) ਹਿਰਦੇ ਵਿਚੋਂ ਖੋਟੀ ਬੁਧੀਦਾ ਮਲੀਆ ਮੇਟ ਕਰ ਦਿਤਾ ਤਾਂ (ਪ੍ਰਗਾਸੀ) ਗਯਾਨ ਰੂਪ ਉਜਾਲਾ ਹੋ ਜਾਣ ਕਰਕੇ ਅਗਯਾਨ ਨਾਸ ਹੋ ਗਿਆ ਹੈ (ਜਿਸ ਕਰਕੇ ਸਿਖ ਨੇ ਬ੍ਰਹਮ ਗਿਆਨ ਨੂੰ ਜਾਣ ਲਿਆ ਹੈ।

## ਦਰਸ ਧਿਆਨ ਅਨ ਧਿਆਨ ਬਿਸਿਮਰਨ ਕੈ ਸ਼ਬਦ ਸੁਰਤਿ ਮੋਨਿ ਬ੍ਰਤ ਪਰਵਾਨੇ ਹੈ॥

[ਦਰਸ] ਨਿਜ ਸਰੂਪ ਦਾ ਧਿਆਨ(ਧਰਨ)ਕਰ ਕੇ ਹੋਰ ਸਾਰੇ ਧਿਆਨਾਂ ਨੂੰ (ਬਿਸਿਮਰਨ ਕੈ) ਭੁਲ ਜਾਂਦਾ, ਤੇ ਸ਼ਬਦ ਵਿਚ ਸੁਰਤਿ (ਜੁੜ ਜਾਣ ਕਰਕੇ, ਹੋਰਨਾਂ ਸ਼ਬਦਾਂ ਵਲੋਂ)ਮੋਨ ਬ੍ਰਤ ਪ੍ਰਵਾਨ ਕਰ ਲੈਂਦਾ

ਹੈ) ਅਰਥਾਤ ਅਨਹਦ ਸ਼ਬਦ ਸੁਣਨ ਵਿਚ ਸੁਰਤ ਅਜੇਹੀ ਲੀਣ ਹੋ ਜਾਂਦੀ ਹੈ, ਕਿ ਉਸ ਨੂੰ ਹੋਰ ਕੁਝ ਸੁਣਾਈ ਹੀ ਨਹੀਂ ਦੇਂਦਾ,ਇਸ ਲਈ ਇਉਂ ਜਾਨੋਂ ਜੋ ਮਾਨੋਂ ਉਸਨੇ ਜਾਣ ਬੁਝਕੇ ਮੋਨ ਧਾਰੀ ਹੋਈਹੈ)।

## ਪ੍ਰੇਮ ਰਸ ਰਸਿਕ ਹੁਇ ਅਨਰਸ ਰਹਿਤ ਹੁਇ ਜੋਤੀ ਮੈ ਜੋਤਿ ਸਰੂਪ ਸੋਹੰ ਸੁਰ ਤਾਨੇ ਹੈ ॥

ਪ੍ਰੇਮ ਰਸ ਦਾ ਰਸੀਆ ਹੋ ਜਾਣ ਕਰਕੇ, ਹੋਰਨਾਂ ਰਸਾਂ ਤੋਂ ਰਹਿਤ ਹੋ ਗਿਆ ਹੈ, (ਇਸ ਲਈ) ਜੋਤੀ ਸਰੂਪ ਵਿਚ ਜੋਤੀ ਸਰੂਪ (ਹੋਕੇ ਮਿਲ ਜਾਂਦਾ ਹੈ, ਕੇਵਲ ਇਕ) 'ਸੋਹੰ=ਸੋਹੰ ਸੁਰ ਦੀ ਹੀ ਤਾਨ ਹੁੰਦੀ ਹੈ, (ਅਰਥਾਤ ਜਿਵੇਂ ਘੜਿਆਲ ਨੂੰ ਵਜਾਕੇ ਹਟ ਜਾਈਏ ਤਾਂ ਉਸ ਵਿਚੋਂ 'ਗੂੰਜ' ਹੁੰਦੀ ਹੀ ਰਹਿੰਦੀਹੈ, ਇਵੇਂ ਹੀ ਗੁਰਸਿਖ ਭਾਵੇਂ ਜੋਤੀ ਸਰੂਪ ਹੋਕੇ ਜੋਤਿ ਨਾਲ ਮਿਲ ਹੀ ਜਾਂਦਾ ਹੈ,ਪਰ 'ਸੋਹੰ' 'ਸੋਹੰ' ਸੁਰ ਦੀ ਤਾਨ ਛਿੜੀਹੀ ਰਹਿੰਦੀਹੈ,ਇਹਤਾਨਬੰਦਨਹੀਂਹੁੰਦੀ।

## ਗੁਰਸਿਖ ਸੰਧਿ ਮਿਲੇ ਬੀਸ ਇਕ ਈਸ ਈਸ ਪੂਰਨ ਬਿਬੇਕ ਟੇਕ ਏਕ ਹੀਏ ਆਨੇ ਹੈ ॥ ੩੪ ॥

ਜੋ ਗੁਰ ਸਿਖ ਦੀ ਸੰਧੀ ਵਿਚ (ਬੀਸ) ਨਿਸਚਾ ਕਰਕੇ ਮਿਲੇ ਹਨ, ਉਹ ਈਸ-ਈਸ ਦੀ ਏਕਤਾ ਦੀ ਪੂਰਨ ਬਿਬੇਕ ਦੀ ਇਕ ਓਟ ਨੂੰ ਹਿਰਦੇ ਵਿਚ ਲਿਆਉਂਦੇ ਹਨ ॥ ੩੪ ॥

ਭਾਵ–ਇਹ ਹੈ ਕਿ ਜੀਵ ਰਾਮ ਦੀ ਅੰਸ ਹੈ,ਅੰਸ ਤੇ ਅੰਸੀ ਵਿਚ ਫਰਕ ਨਹੀਂ ਹੁੰਦਾ, ਦੋਵੇਂ ਇਕ ਹੁੰਦੇ ਹਨ, ਫਿਰ 'ਜੀਵ-ਈਸ ਮਹਿ ਭੇਦ ਨਾ ਜਾਨੋਂ' ਤਾਂ ਫਿਰ ਇਹ ਨਿਸਚਾ ਦ੍ਰਿੜ ਕਰੋ ਜੋ ਮੈਂ ਰਾਮਦੀ ਅੰਸ ਹੋਣ ਕਰਕੇ ਰਾਮ ਰੂਪ ਹਾਂ ਤੇ ਰਾਮ ਦੇ ਨਾਲ ਅਭੇਦ ਹੋਕੇ ਹੀ ਮਿਲ ਜਾਣਾ ਹੈ, ਮੈਨੂੰ ਕੋਈ ਭੀ ਤਾਕਤਉਸ ਤੋਂ ਵਖਰੇ ਰਖਣ ਵਾਲੀ ਨਹੀਂ ਹੈ, ਗੁਰਸਿਖ ਦੀ ਸੰਧੀ ਵਿਚ ਮਿਲਿਆਂ ਹੀ ਪਹਿਲੀ ਕਹੀ ਹੋਈ ਪੂਰਨ ਵਿਵੇਕ ਦੀ ਓਟ ਸਿਖ ਹਿਰਦੇ ਵਿਚ ਲਿਆਉਂਦਾ ਹੈ, ਜਿਸਦਾ ਫਲ ਸਿਖ ਰਾਮ ਨਾਲ ਰਾਮ ਰੂਪ ਹੋਕੇ ਮਿਲ ਜਾਂਦਾ ਹੈ।

ਨੋਟ–ਇਥੋਂ ਤਕ ਜਾਂ ਪਿਛੇ ਆ ਚੁਕੇ ੩੪ ਛੰਦਾਂ ਜਾਂ ਕਬਿਤਾਂ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਪ੍ਰੋਗਰਾਮ ਦਾ ਅਰੰਭ ਰੂਪ ਭੂਮਕਾ ਤੇ ਗ੍ਰੰਥਰਚਨਾਂ ਦੇ ਅਰੰਭਰੂਪ ਮੰਗਲ ਹੀ ਵਰਣਨਕੀਤਾ ਹੈ, ਇਸ ਤੋਂ ਅਗੇ ਕਾਸ਼ੀ ਦੇ ਪੰਡਤਾਂ ਨੂੰ ਜੈਸਾ ਜੈਸਾ ਸਮਾਂ ਤੇ ਪ੍ਰਸ਼ਨ ਹੋਵੇਗਾ ਤੈ ਸਾ ਤੈਸਾ ਉਪਦੇਸ਼ ਅਤੇ ਉਤਰ ਸਰੂਪ ਗ੍ਰੰਥ ਰਚਨਾਂ ਕਰਦੇ ਹਨ, ਇਸੇ ਗਲ ਨੂੰ ਸੂਚਨ ਕਰਨ ਵਾਸਤੇ ਆਪ ਨੇ ੩੫ ਅੰਕ ਤੋਂ ਪਹਿਲੇ ਇਕ ਅੰਕ ਨਾਲ ਲਗਾ ਕੇ ਸੂਚਨ ਕੀਤਾ ਹੈ ਕਿ ਇਸ ਗ੍ਰੰਥ ਦਾ ਇਹ ਪਹਿਲਾ ਹੀ ਛੰਦ ਹੈ।

ਪ੍ਰਸ਼ਨ – ਭਾਈ ਸਾਹਿਬ ਜੀ ! ਜਿਸ ਤਰਾਂ ਦੇ ਗੁਰੂ ਜੀ ਦਾ ਤੁਸਾਂ ਵਰਨਣ ਕੀਤਾ ਹੈ, ਜਿਨ੍ਹਾਂ ਦੀ ਸੰਧੀ ਵਿਚ ਮਿਲਕੇ ਸਿਖ ਨੂੰ ਪਿਛੇ ਵਰਣਨ ਕੀਤੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਇਸਤਰਾ ਦਾ ਗੁਰੂ ਜਾਂ ਸਤਿਗੁਰੂ ਅਜਕਲ ਮਨੁਖਾਂ ਵਿਚ ਹੈਗਾ ਏ ਜਾਂ ਨਹੀਂ? ਜੇ ਹੈਗਾ ਹੈ ਤਾਂ ਕੌਣ ਤੇ ਕਿਥੇ ਹੈ?ਇਸਤਰਾਂ ਦੇ ਪ੍ਰਸ਼ਨ ਦੇ ਉਤਰ ਵਿਚ ਫੁਰਮਾਂਦੇ ਹਨ :–

## ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸੁ ਜਾਸੁ ਮਾਨਸ ਅਉਤਾਰ ਧਾਰਿ ਦਰਸ ਦਿਖਾਏ ਹੈ ॥

ਓਅੰਕਾਰ – ਫੁਰਨੇ ਰੂਪ ਸਕਲ, ਸੰਕਲਪ।
ਅਕਾਰ–ਦੇਹ, ਵਜੂਦ, ਸਰੀਰ। ਨਾਨਾ–ਵਖੋ ਵੱਖ, ਅਨੇਕ । ਸ੍ਰੀ ਮੁਖ–ਪਵਿਤ੍ਰ ਮੂੰਹ ਜਾਂ ਸ੍ਵੈਮੁਖ-ਆਪਣੀ ਰਸਨਾ ਤੋਂ । ਨਈਵੇਦ–ਖਾਣ ਜੋਗ ਪਦਾਰਥ ਭੇਟਾ ਕਰਨੇ । ਅਸਨ–ਖਾਨ ਦੇ ਪਦਾਰਥ । ਬਸਨ–ਬਸਤ੍ਰ, ਪੁਸ਼ਾਕੇ । ਨਿਗਮ–ਵੇਦ ਆਦਿਕ ਗ੍ਰੰਥ । ਸ਼ੇਖਾਦਿਕ–ਸ਼ੇਸ਼ ਨਾਗ ਵਰਗੇ, ਸਿਮਰਨ ਕਰਣ ਵਾਲੇ ਭਗਤ ਜਨ। ਲਖਾਏ–ਜਣਾ ਦਿਤਾ ਹੈ ॥

ਜਿਸ (ਕਰਤਾਰ) ਦੇ ਇਕ ਇਕ ਲੂੰ ਲੂੰ ਵਿਚ ਕ੍ਰੋੜਾਂ ਬ੍ਰਹਮੰਡਾਂ ਦਾ ਨਿਵਾਸ ਹੈ (ਯਥਾ :–"ਕਿਤੀ ਲਖ ਕ੍ਰੋੜ ਪਿਰੀਏ ਰੋਮ ਨ ਪੁਜਨ ਤੇਰਿਆ।" (ਉਹ ਕਰਤਾਰ ਹੀ)ਮਨੁਖ ਅਵਤਾਰ(ਭਾਵ ਉਹ ਕਰਤਾਰ ਹੀ ਗੁਰੂ ਸਰੂਪ) ਧਾਰਨ ਕਰਕੇ (ਆਪਣਾ) ਦਰਸ਼ਨ ਵਿਖਾ ਰਿਹਾ ਹੈ।

**ਜਾਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ ਸ੍ਰੀ ਮੁਖਿ ਸ਼ਬਦ ਗੁਰ ਸਿਖਨ ਸੁਨਾਏ ਹੈ ॥**

ਜਿਸਦੇ ਫੁਰਨੇ (ਮਾਤ੍ਰ) ਦੇ (ਨਾਲ ਹੀ) ਅਨੇਕ ਤਰ੍ਹਾਂ ਦੇ ਅਕਾਰ (ਜਗਤ ਵਿਚ ਪੈਦਾ ਹੋਏ ਹੋਏਹਨ, ਓਹੋ ਹੀ ਗੁਰੂ ਰੂਪ ਹੋਕੇ) ਆਪਣੇ ਸੁੰਦਰ ਮੁਖ ਤੋਂ ਉਪਦੇਸ਼ ਗੁਰ ਸਿਖਾਂ ਨੂੰ ਸੁਣਾ ਰਿਹਾ ਹੈ।

**ਜਗਿ ਭੋਗ ਨਈਬੇਦ ਜਗਤ ਭਗਤ ਜਾਹਿ ਅਸਨ ਬਸਨ ਗੁਰ ਸਿਖਨ ਲਡਾਏ ਹੈ ॥**

ਜਿਸਨੂੰ (ਪ੍ਰਸੰਨ ਕਰਨ ਲਈ) ਜਗਤ ਵਿਚ (ਹੋਮ) ਜਗ (ਆਦਿਕ ਕਰਮਕਾਂਡ ਦੀ ਪ੍ਰਕ੍ਰਿਆ ਕਰਮ ਕਾਂਡੀ ਕਰਦੇ ਹਨ, ਅਤੇ) ਜਿਸਨੂੰ (ਖੁਸ਼ ਕਰਨ ਲਈ) ਜਗਤ ਵਿਚ (ਮੋਹਨ) ਭੋਗ (ਆਦਿਕ ਪਦਾਰਥ) ਨਈ ਵੇਦ (ਅਰਪਨ ਕਰਕੇ) ਭਗਤ ਲੋਕ (ਪੂਜਦੇ ਹਨ,ਓਹੋ ਹੀ ਅਨੇਕ ਤਰ੍ਹਾਂ ਦੇ) ਅਸਨ-ਬਸਨ [ਖਾਨ-ਪਹਿਰਾਨ] (ਦੇ ਪਦਾਰਥ ਬਖਸ਼ਕੇ,ਆਪ ਗੁਰ ਸਿਖਾਂ ਨੂੰ)ਲਾਡ ਲਡਾ ਰਿਹਾਹੈ।

**ਨਿਗਮ ਸੇਖਾਦਿਕ ਕਥਤ ਨੇਤਿ ਨੇਤਿ ਕਰਿ ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈ ॥ ੧ ॥ ੩੫ ॥**

ਵੇਦ-ਸ਼ਾਸਤ੍ਰ ਜਾਂ ਵੇਦਾਂ-ਸ਼ਾਸਤ੍ਰਾਂ (ਦੇ ਗਯਾਤੇ ਲੋਕ ਬ੍ਰਹਮਾਂ ਵਰਗੇ ਅਤੇ (ਸ਼ੇਖਨਾਗ ਵਰਗੇ (ਸਿਮਰਨ ਕਰਨ ਵਾਲੇ, ਜਿਸਨੂੰ) ਬੇਅੰਤ ਬੇਅੰਤ ਕਰਕੇ ਕਥਨ ਕਰਦੇ ਹਨ, (ਓਹੋ ਪਾਰਬ੍ਰਹਮ) ਪੂਰਨ ਬ੍ਰਹਮ [ਗੁਰੂ ਸਰੂਪ] ਹੋ ਕੇ ਗੁਰ ਸਿਖਾਂ (ਨੂੰ ਅਪਨਾ ਆਪ) ਜਣਾ ਰਿਹਾ ਹੈ ॥੧॥੩੫॥

ਜਿਸ ਰੀਤੀ ਨਾਲ ਸਤਿਗੁਰੂ ਜੀ ਆਪਣੇ ਸਿਖਾਂ ਨੂੰ ਆਪਣੇ ਸਰੂਪ ਦੀ ਲਖਤਾ ਕਰਾਉਂਦੇ ਹਨ,ਉਸ ਪ੍ਰਕ੍ਰਿਆ ਦਾ ਵਰਣਨ ਕਰਦੇ ਹਨ :-

**ਨਿਰਗੁਨ ਸਰਗੁਨ ਕੈ ਅਲਖ ਅਬਿਗਤ ਗਤਿ ਪੂਰਨ ਬ੍ਰਹਮ ਗੁਰੂ ਰੂਪ ਪ੍ਰਗਟਾਏ ਹੈ ॥**

(ਜੋ) ਨਿਰਗੁਨ 'ਅਲਖ' ਹੋਣ ਕਰਕੇ ਜਾਣਿਆਂ ਨਹੀਂ ਜਾਂਦਾ ਅਤੇ 'ਅਬਿਗਤਿ' ਹੋਣ ਕਰਕੇ ਜਿਸ ਦੀ ਪ੍ਰਾਪਤੀ ਕਠਨ ਹੈ, ਓਹੀ ਪੂਰਨ ਗਤੀ ਵਾਲਾ ਬ੍ਰਹਮ ਸਰਗੁਨ (ਬਣਕੇ) ਗੁਰੂ ਰੂਪ ਹੋ ਕੇ ਪ੍ਰਗਟ ਹੋਇਆ ਹੈ।

**ਸਰਗੁਨ ਸ੍ਰੀ ਗੁਰੂ ਦਰਸ ਕੈ ਧਿਆਨ ਰੂਪ ਅਕੁਲ ਅਕਾਲ ਗੁਰੂ ਸਿਖਨ ਦਿਖਾਏ ਹੈ ॥**

ਸ੍ਰੀ ਗੁਰੂ ਜੀ ਸਰਗੁਨ (ਸਰੂਪ ਇਸ ਤਰ੍ਹਾਂ ਹਨ, ਕਿ ਜਿਨ੍ਹਾਂ) ਗੁਰ ਸਿਖਾਂ ਨੇ ਸ੍ਰੀ ਗੁਰੂ ਜੀ ਦੇ ਦਰਸ਼ਨ ਦਾ ਧਿਆਨ (ਧਾਰਨ) ਕੀਤਾ ਹੈ, (ਉਨ੍ਹਾਂ) ਗੁਰ ਸਿਖਾਂ ਨੂੰ ਗੁਰੂ ਜੀ (ਨੇ ਆਪਣਾ) ਰੂਪ ਅਕਲ [ਮਾਯਾ ਤੇ ਅਵਿਦਯਾ ਤੋਂ ਰਹਿਤ] ਤੇ ਅਕਾਲ [ਸਮੇਂ ਦੇ ਗੇੜ ਤੇ ਮੌਤ ਤੋਂ ਰਹਿਤ] ਵਿਖਾਇਆਹੈ, (ਅਰਥਾਤ ਧਿਆਨ ਧਰਨ ਵਾਲੇ ਗੁਰ ਸਿਖਾਂ ਨੇ ਮਾਯਾ ਅਵਿਦਯਾ ਤੇ ਮੌਤ ਤੋਂ ਰਹਿਤ ਸਰੂਪ ਗੁਰੂ ਜੀ ਦਾ ਨਿਸਚੇ ਕਰਕੇ ਜਾਣਿਆਂ ਹੈ।

**ਨਿਰਗੁਨ ਸ੍ਰੀ ਗੁਰ ਸ਼ਬਦ ਅਨਹਦ ਧੁਨਿ ਸ਼ਬਦ ਬੇਧੀ ਗੁਰ ਸਿਖਨ ਸੁਨਾਏ ਹੈ ॥**

(ਬ੍ਰਹਮ ਦਾ) ਨਿਰਗੁਨ (ਸਰੂਪ) ਸ੍ਰੀ ਗੁਰੂ ਜੀ ਦਾ ਸ਼ਬਦ ਹੈ, (ਜਿਸਦੀ) ਧੁਨੀ ਅਨਹਦ ਹੈ, (ਸੁ੍ਤਿਆਂ ਦੇ ਮਨਾਂ ਨੂੰ) ਵਿਨ ਦੇਣ ਵਾਲਾ ਸ਼ਬਦ ਗੁਰੂ ਜੀ ਨੇ ਸਿਖਾਂ ਨੂੰ ਸੁਣਾਇਆ ਹੈ (ਅਰਥਾਤ ਜਿਸਨੇ ਭੀ ਸ਼ਬਦ ਸੁਣਿਆਂ ਹੈ, ਓਹੀ ਘਾਇਲ ਹੋਕੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਹੈ, ਇਸ ਤਰ੍ਹਾਂ ਦਾ ਜੋ ਸ਼ਬਦ ਹੈ, ਉਹ ਸ਼ਬਦ ਹੀ ਨਿਰਗੁਨ ਬ੍ਰਹਮ ਦਾ ਰੂਪ ਹੈ)।

**ਚਰਨ ਕਮਲ ਮਕਰੰਦ ਨਿਹਕਾਮ ਧਾਮ, ਗੁਰ ਸਿਖ ਮਧੁ ਕਰਿ ਗਤਿ**

## ਲਪਟਾਏ ਹੈ ॥ ੨ ॥੩੬॥

(ਸਤਿਗੁਰੂ ਜੀ ਦੇ) ਚਰਨ ਹੀ ਕਮਲ ਹਨ (ਕਮਲ ਵਿਚ ਮਕਰੰਦ ਜਾਂ ਧੂੜੀ ਹੁੰਦੀ ਹੈ, ਜਿਸ ਉਤੇ ਭੌਰਾ ਮੋਹਤ ਹੁੰਦਾ ਹੈ, ਇਸ ਤਰ੍ਹਾਂ ਜੋ) ਕਾਮਨਾ ਤੋਂ ਰਹਿਤ (ਅਵਸਥਾ ਹੈ, ਇਹੋ ਹੀ) ਚਰਨਾਂ ਰੂਪ ਕਮਲਾਂ ਦੀ ਮਕਰੰਦ ਜਾਂ ਧੂੜੀ ਹੈ, [ਇਸ] ਨਿਹ ਕਾਮ ਰੂਪ ਮਕਰੰਦ ਦਾ ਘਰ ਸਤਿਗੁਰੂ ਜੀ ਦੇ ਚਰਨ ਕਮਲ ਹਨ, [ਜਿਨ੍ਹਾਂ ਚਰਣ ਕਮਲਾਂ ਉਤੇ] ਗੁਰ ਸਿੱਖ [ਮਧੁਕਰ] ਭੌਰਿਆਂ ਵਾਂਗੂ ਲਿਪਟੇ ਹੋਏ ਹਨ ॥ ੨ ॥ ੩੬ ॥

## ਪੂਰਨ ਬ੍ਰਹਮ ਗੁਰੁ ਬੇਲ ਹੁਇ ਚੰਬੇਲੀ ਗਤਿ ਮੂਲ ਸਾਖਾ ਪਤ੍ਰ ਕਰਿ ਬਿਬਿਧ ਬਿਥਾਰ ਹੈ ॥

ਮੂਲ–ਜੜ੍ਹ । ਸ਼ਾਖਾ–ਟਾਹਣੀਆਂ । ਬਿਬਿਧ–ਬਹੁਤ ਤਰਾਂ । ਪੁਹਪ-ਫੁਲ । ਮਹਿਕਾਰ–ਸੁਗੰਧੀ ਖਲੇਰਦੀ ਹੈ । ਗੁਰਸਿਖ ਮਾਰਗ–ਸਤਿਗੁਰੂ ਦੇ ਰਾਹ, ਸਿਖੀ ਮਾਰਗ–ਸਿਖੀ ਪੰਥ । ਨਿਰੰਕਾਰੀ–ਨਿਰੰਕਾਰ ਪੂਜਕ ।

ਪੂਰਨ ਬ੍ਰਹਮ [ਦਾ ਰੂਪ] ਗੁਰੂ ਚੰਬੇਲੀ ਦੀ ਵੇਲ ਦੀ [ਗਤਿ] ਤਰਾਂ ਹੈ, (ਜਿਸ ਵੇਲ ਨੇ) ਜੜ੍ਹ ਟਾਹਣੀਆਂ ਤੇ ਪੱਤ੍ਰ [ਆਦਿਕ) ਬਹੁਤ ਤਰਾਂ ਦਾ ਫੈਲਾਵ ਕੀਤਾ ਹੋਇਆ ਹੈ ।

## ਗੁਰਸਿਖ ਪੁਹਪ ਸੁਬਾਸੁ ਨਿਜਰੂਪ ਤਾ ਮੈ ਪ੍ਰਗਟ ਹੁਇ ਕਰਤ ਸੰਸਾਰ ਕੋ ਉਧਾਰ ਹੈ ॥

[ਗੁਰੂ ਰੂਪ ਵੇਲ ਦੇ] ਫੁਲ ਗੁਰਸਿਖ ਹਨ, ਉਨ੍ਹਾਂ ਵਿਚ [ਜੋ] ਨਿਜ ਰੂਪ [ਦੀ ਲੱਖਤਾ ਹੈ, ਏਹੋ] ਸੁਭ ਵਾਸ਼ਨਾ ਹੈ, [ਜਿਨ੍ਹਾਂ ਨੇ] ਪ੍ਰਗਟ ਹੋਕੇ ਜਗਤ ਦਾ ਉਧਾਰ ਕੀਤਾ ਹੈ । (ਅਰਥਾਤ ਜਿਸ ਤਰਾਂ ਗੁਰੂ ਜੀ ਨੇ ਲੋਕਾਂ ਦੇ ਭਲੇ ਲਈ ਆਪ ਉਤੇ ਅਨੇਕਾਂ ਕਸ਼ਟ ਝੱਲੇ ਸਨ, ਇਸੇ ਤਰਾਂ ਜਿਨ੍ਹਾਂ ਗੁਰਸਿਖਾਂ ਨੇ ਜਗਤ ਵਿਚ ਪ੍ਰਗਟ ਹੋਕੇ ਲੋਕਾਂ ਦਾ ਭਲਾ ਕੀਤਾ ਹੈ, ਉਹ ਗੁਰ ਸਿਖ ਫੁਲ ਹਨ, ਉਨ੍ਹਾਂ ਨੂੰ ਜੋ ਆਤਮ ਗਿਆਨ ਹੋਯਾ ਹੈ, ਏਹੋ ਹੀ ਉਨ੍ਹਾਂ ਦੀ ਸੁਭ ਵਾਸ਼ਨਾ ਹੈ) ।

## ਤਿਲਿ ਮਿਲ ਬਾਸਨਾ ਸੁਬਾਸ ਕੈ ਨਿਵਾਸ ਕਰਿ ਆਪਾ ਖੋਇ ਹੋਇ ਹੈ ਫੁਲੇਲ ਮਹਿਕਾਰ ਹੈ ॥

(ਜੇਹੜੇ ਜੀਵ) ਤਿਲ (ਵਾਂਗੂ ਗੁਰਸਿਖ ਰੂਪ ਫੁਲ ਨਾਲ) ਮਿਲ (ਗਏ ਹਨ, ਉਨ੍ਹਾਂ ਵਿਚ ਏਹੋ ਹੀ) ਸੁਭ ਵਾਸ਼ਨਾ ਨੇ ਨਿਵਾਸ ਕੀਤਾ ਹੈ, (ਜੋ ਉਨ੍ਹਾਂ ਨੇ) ਆਪਾ ਭਾਵ ਨਾਸ ਕਰ ਲਿਆ ਹੈ, (ਇਸ ਤਰਾਂ) ਫੁਲੇਲ ਹੋਕੇ (ਜਗਤ ਨੂੰ) ਮਹਿਕਾਉਂਦੇ ਹਨ, [ਜੇਹੜੇ ਜਾਤਿ-ਗੋਤ ਜਾਂ ਵਿਦਯਾ ਆਦਿਕ ਦੇ ਅਭਿਮਾਨ ਵਾਲੇ ਜੀਵ ਗੁਰ ਸਿਖਾਂ ਵਿਚ ਮਿਲ ਗਏ ਤੇ ਉਨ੍ਹਾਂ ਨੇ ਆਪਨਾਭਿਮਾਨ ਦੂਰ ਕਰ ਦਿਤਾ ਸੀ, ਉਹ ਮਾਨੋਂ ਗੁਰਸਿਖਾਂ ਰੂਪ ਚੰਬੇਲੀ ਦੇ ਫੁਲਾ ਨਾਲ ਤਿਲਾਂ ਵਾਗੂੰ ਮਿਲੇ ਸਨ, ਜਿਵੇਂ ਤਿਲ ਆਪਾ ਗੁਆਕੇ ਫੁਲਾਂ ਦੀ ਵਾਸ਼ਨਾਂ ਲੈ ਲੈਂਦਾ ਹੈ, ਇਵੇਂ ਉਨ੍ਹਾਂ ਨੇ ਭੀ ਆਪਣਾ ਆਪ ਨਾਸ ਕਰਕੇ, ਸੁਗੰਧੀ ਹਾਸਲ ਕਰ ਲਈ ਹੈ ਅਤੇ ਉਹ ਸੁਗੰਧੀ ਫਿਰ ਜਗਤ ਵਿਚ ਖਲੇਰ ਦਿਤੀ ਹੈ) ।

## ਗੁਰਮੁਖਿ ਮਾਰਗ ਮੈ ਪਤਿਤ ਪੁਨੀਤ ਰੀਤਿ ਸੰਸਾਰੀ ਹੁਇ ਨਿਰੰਕਾਰੀ ਪਰਉਪਕਾਰ ਹੈ ॥ ੩ ॥ ੩੭॥

(ਜਿਵੇਂ ਫੁਲਾਂ ਦੀ ਸੰਗਤ ਕਰਨ ਵਾਲਾ ਤਿਲ, ਆਪਣੀ ਨੀਚਤਾ ਨੂੰ ਮਿਟਾਕੇ, ਫੁਲੇਲ ਰੂਪ ਹੋਕੇ ਰਾਜੇ-ਮਹਾਰਾਜਿਆਂ ਅਤੇ ਸੰਤਾਂ, ਭਗਤਾਂ, ਗ੍ਰੰਥਾਂ ਪੁਸਤਕਾਂ ਤੇ ਠਾਕਰਾਂ ਦੇ ਸਿਰਾਂ ਤੇ ਚੜ੍ਹ ਜਾਂਦਾ ਹੈ ਇਸੇ ਤਰਾਂ) ਸਿਖ ਪੰਥ ਵਿਚ ਪਤਿਤ ਨੂੰ ਪਵਿਤ੍ਰ [ਨੀਚ ਨੂੰ ਊਚ] ਕਰਨ ਦੀ ਰੀਤੀ ਹੈ, (ਕਿਉਂਕਿ ਜੇਹੜਾ ਭੀ) ਸੰਸਾਰੀ (ਜੀਵ ਗੁਰੂ ਮਾਰਗ ਵਿਚ ਮਿਲਦਾ ਹੈ, ਉਹ) ਨਿਰੰਕਾਰੀ ਹੋਕੇ, ਲੋਕਾਂ ਦੇ ਭਲੇ ਦੀ ਕਾਰ ਕਰਦਾ ਹੈ (ਅਰਥਾਤ ਜਿਵੇਂ ਭੂਮੀਆਂ ਚੋਰ ਗੁਰੂ ਜੀ ਨੂੰ ਮਿਲਣ ਮਗਰੋਂ ਸਾਰੀ ਉਮਰਾ ਪਰਉਪਕਾਰ ਹੀ ਕਰਦਾ ਰਿਹਾ ਸੀ ॥੩॥੩੭॥

## ਪੂਰਨਬ੍ਰਹਮ ਗੁਰੁ ਬਿਰਖ ਬਿਥਾਰ ਧਾਰ ਮੂਲ ਕੰਦ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ ॥

ਪੂਰਨ ਬ੍ਰਹਮ (ਸਰੂਪ) ਗੁਰੂ (ਨਾਨਕ ਜੀ ਨੇ) ਬ੍ਰਿਛ (ਸਮਾਨ ਹੋਕੇ ਜਗਤ ਵਿਚ) ਫੈਲਾਵ ਧਾਰਿਆ ਹੈ, (ਕਿਧਰੇ) ਮੂਲ-ਜੜ੍ਹ (ਰੂਪ ਹੋ ਕੇ, ਕਿਧਰੇ) ਕੰਦ (ਰੂਪ ਹੋ ਕੇ, ਕਿਧਰੇ) ਸਾਖਾ (ਰੂਪ ਹੋ ਕੇ, ਤੇ ਕਿਧਰੇ) ਪਤ੍ਰ (ਰੂਪ ਹੋ ਕੇ) ਅਨੇਕ ਤਰ੍ਹਾਂ (ਨਾਲ ਦਰਸ਼ਨ ਦਿੱਤਾ) ਹੈ।

**ਤਾ ਮੈ ਨਿਜ ਰੂਪ ਗੁਰ ਸਿਖ ਫਲ ਕੋ ਪ੍ਰਗਾਸਬਾਸਨਾ ਸੁਬਾਸ ਅਉ ਸ੍ਵਾਦ ਉਪਕਾਰ ਹੈ ॥**

ਉਸ (ਗੁਰੂ ਰੂਪ ਬ੍ਰਿਛ) ਵਿਚ [ਸ੍ਰੀ ਲਹਿਣਾ ਜੀ ਆਦਿਕ, ਗੁਰੂ ਜੀ ਦਾ] ਨਿਜ ਰੂਪ ਗੁਰ ਸਿਖਾਂ (ਰੂਪ) ਫਲਾਂ ਦਾ ਪ੍ਰਗਾਸ ਹੋਇਆ ਹੈ, [ਉਨ੍ਹਾਂ ਫਲਾਂ ਵਿਚ] ਸਤਿਗੁਰੂ ਜੀ ਦੀ [ਬਾਸ਼ਨਾਂ] ਸੁਕੀਰਤੀ [ਜਾਂ ਭਗਤੀ] ਰੂਪ ਸ਼ੁਭ ਵਾਸ਼ਨਾ ਹੈ ਅਤੇ ਉਪਕਾਰ [ਕਰਨ ਰੂਪ ਕਰਮ]ਸਵਾਦ ਹੈ,[ਅਰਥਾਤ ਜਿਵੇਂ ਦਰੱਖਤ ਨਾਲ ਫਲ ਲੱਗਦਾ ਹੈ, ਉਸ ਫਲ ਵਿਚ ਵਾਸ਼ਨਾਂ ਤੇ ਸ਼ਵਾਦ ਹੁੰਦਾ ਹੈ, ਇਸੇ ਤਰ੍ਹਾਂ ਗੁਰੂ ਰੂਪ ਬ੍ਰਿਛ ਨੇ ਜਿਨ੍ਹਾਂ ਵਿਚ ਨਿਜ ਰੂਪ ਦਾ ਪ੍ਰਕਾਸ਼ ਕੀਤਾ ਸੀ, ਉਹ ਸ੍ਰੀ ਲਹਿਣਾ ਜੀ ਵਰਗੇ ਸਿਖ ਫਲ ਲੱਗੇ ਜਿਨ੍ਹਾਂ ਸਿਖਾਂ ਰੂਪ ਫਲਾਂ ਵਿਚ ਭਗਤੀ ਰੂਪ ਵਾਸ਼ਨਾਂ ਤੇ ਪਰਉਪਕਾਰ ਦੇ ਕਰਮ ਹੀ ਸਵਾਦ ਭਰਿਆ ਹੋਇਆ ਹੈ।

**ਚਰਨ ਕਮਲ ਮਕਰੰਦ ਰਸ ਰਸਿਕ ਹੁਇ ਚਾਖੇ ਚਰਨਾਮ੍ਰਿਤ ਸੰਸਾਰ ਕੋ ਉਧਾਰ ਹੈ ॥**

(ਜਿਨ੍ਹਾਂ ਨੇ ਗੁਰੂ ਦੇ) ਚਰਨ ਕਮਲਾਂ ਦੀ ਮਕਰੰਦ [ਧੂੜੀ] ਦੇ ਰਸ ਦਾ ਰਸੀਆ ਹੋਕੇ, ਚਰਨਾਮ੍ਰਿਤ ਪੀਤਾ ਹੈ,(ਉਨ੍ਹਾਂ ਦਾ) ਸੰਸਾਰ ਤੋਂ ਉਧਾਰ ਹੋਇਆ ਹੈ, (ਜਾਂ ਜਿਨ੍ਹਾਂ ਗੁਰ ਚਰਨ ਕਮਲਾਂ ਦੇ ਰਸ ਦੇ ਰਸੀਆਂ ਨੇ ਗੁਰੂ ਜੀ ਦਾ ਚਰਨਾਮ੍ਰਿਤ ਰਖਿਆ ਹੈ, ਉਹਨਾਂ ਨੇ ਸੰਸਾਰ ਦਾ ਉਧਾਰ ਕੀਤਾ ਹੈ)।

**ਗੁਰਮੁਖਿ ਮਾਰਗ ਮਹਾਤਮ ਅਕਥ ਕਥਾ ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ ॥ ੪ ॥ ੩੯ ॥**

(ਤਾਂਤੇ ਕਹਿਣਾ ਪੈਂਦਾ ਹੈ ਕਿ( ਗੁਰ ਸਿਖ ਪੰਥ ਦੇ ਮਹਾਤਮ ਦੀ ਕਥਾ ਅਕੱਥ ਹੈ, (ਇਸ ਲਈ ਮੈਂ) ਬੇਅੰਤ ਵਾਰੀ(ਗੁਰੂ ਨੂੰ) ਨਮਸ਼ਕਾਰ ਕਰਦਾ ਹਾਂ, ਬੇਅੰਤ ਵਾਰੀ (ਗੁਰੂ ਦੇ) ਪੰਥ [ਸਿਖੀ ਮਾਰਗ] ਨੂੰ ਨਮਸ਼ਕਾਰ ਕਰਦਾ ਹਾਂ, ਬੇਅੰਤ ਵਾਰੀ (ਗੁਰੂ ਦੇ ਸਿਖਾਂ ਨੂੰ) ਨਮਸ਼ਕਾਰ ਕਰਦਾ ਹਾਂ ॥੪॥੩੯॥

**ਬਰਨ ਬਰਨ ਬਹੁ ਬਰਨ ਗੋ ਬੰਸ ਜੈਸੇ ਏਕ ਹੀ ਬਰਨ ਦੁਹੇ ਦੂਧ ਜਗ ਜਾਨੀਐ ॥**

ਜਿਸ ਤਰ੍ਹਾਂ ਰੰਗ ਬਰੰਗੀ ਬਹੁਤੇ ਰੰਗਾਂ ਵਾਲੀ (ਗੋਬੰਸ) ਗਊਆਂ ਦੀ ਉਲਾਦ [ਭਾਵ-ਗਊਆਂ] ਹੈ, (ਉਨ੍ਹਾਂ ਸਭਨਾਂ ਨੂੰ) ਚੋ ਲਿਆ ਜਾਏ, (ਤਾਂ ਸਭਨਾ ਦਾ) ਦੁਧ ਇਕੋ (ਚਿਟੇ) ਰੰਗ (ਦਾ ਹੁੰਦਾ ਹੈ, ਇਸ ਗਲ ਨੂੰ) ਸਾਰਾ ਜਗਤ ਜਾਣਦਾ ਹੈ।

**ਅਨਿਕ ਪ੍ਰਕਾਰ ਫਲ ਫੂਲ ਕੈ ਬਨਾਸਪਤੀ ਏਕੈ ਰੂਪ ਅਗਨਿ ਸਰਬ ਮੈ ਸਮਾਨੀਐ ॥**

ਸਾਰੀ ਬਨਾਸਪਤੀ ਅਨੇਕ ਤਰਾਂ ਦੀ ਫਲਾਂ ਤੇ ਫੁੱਲਾ (ਵਾਲੀ ਹੈ, ਪਰ) ਅੱਗ ਇਕੋ ਰੂਪ ਵਾਲੀ (ਹੈ, ਜੋ (ਸਭ ਤਰਾਂ ਦੀ ਬਨਾਸਪਤੀ ਵਿਚ ਸਮਾਈ ਹੋਈ ਹੈ।

**ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ ਆਪਾ ਖੋਇ ਮਿਲਤ ਅਨੂਪ ਰੂਪ ਠਾਨੀਐ ॥**

ਪਾਨ (ਸਾਵਾ) ਚੂਨਾ (ਚਿੱਟਾ), ਸੁਪਾਰੀ (ਚਿਤ ਮਿਤਾਲੀ) ਅਤੇ ਕੱਥ (ਭੂਸਲੀ, ਇਨ੍ਹਾਂ ਦੇ) ਚਾਰ ਰੰਗ ਹਨ, (ਪਰ ਜਦੋਂ ਇਹ ਚਾਰੇ) ਆਪੋ ਆਪਣਾ ਰੰਗ ਨਾਸ ਕਰਕੇ ਮਿਲਦੇ ਹਨ, (ਤਦ ਉਨ੍ਹਾਂ ਦਾ) ਉਪਮਾ ਤੋਂ ਰਹਿਤ ਰੂਪ ਹੋ ਜਾਂਦਾ ਹੈ, (ਅਰਥਾਤ ਚੌਹਾਂ ਦੇ ਮੇਲ ਤੋਂ ਉਹ ਲਾਲ ਰੰਗ ਨਿਕਲਦਾ ਹੈ, ਜਿਸਦੇ ਮੁਕਾਬਲੇ ਉਤੇ ਕੋਈ ਉਪਮਾ ਨਹੀਂ ਮਿਲ ਸਕਦੀ)।

**ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ ਸਬਦੁ ਸੁਰਤਿ ਉਨਮਨ**

**ਉਨ ਮਾਨੀਐ ॥ ੫ ॥੩੯॥**

(ਇਸੇ ਤਰਾਂ) ਗੁਰ ਸਿਖ ਲੋਕਾਂ ਵਿਚ (ਰਹਿੰਦੇ ਹੋਏ) ਲੋਕਾਂ ਵਾਲੇ ਕਰਮ ਕਰਦੇ ਹਨ, (ਪਰ ਉਨ੍ਹਾਂ ਦੀ) ਸੁਰਤਿ ਸ਼ਬਦ ਵਿਚ ਤੇ ਉਨ੍ਹਾਂ ਦਾ ਮਨ 'ਏਕੰਕਾਰ' ਦੀ(ਉਨਮਾਨੀਐ) ਵੀਚਾਰ ਵਿਚ ਲੱਗਾ ਰਹਿੰਦਾ ਹੈ ॥ ੫ ॥ ੩੯ ॥

ਭਾਵ-ਜਿਸ ਤਰਾਂ ਰੰਗ ਬਰੰਗੀ ਗਊਆਂ ਵਿਚ ਦੁਧ ਕੇਵਲ ਇਕੋ ਰੰਗ ਵਾਲਾ ਚਿੱਟਾ ਹੈ,ਜਿਸ ਤਰਾਂ ਅਨੇਕ ਕਿਸਮਾਂ ਦੀ ਬਨਾਸਪਤੀ ਫਲਾਂ ਤੇ ਫੂਲਾਂ ਵਾਲੀ ਵਿਚ ਅੱਗ ਕੇਵਲ ਇਕੋ ਹੀ ਕਿਸਮ ਦੀ ਰਹਿੰਦੀ ਹੈ, ਇਸੇ ਤਰਾਂ ਸੰਸਾਰ ਦੀਆਂ ਅਨੇਕ ਤਰਾਂ ਦੀਆਂ ਜਾਤਾਂ ਵਰਨਾ ਜਾਂ ਊਚ ਨੀਚ ਜੂਨਾਂ ਵਿਚ ਚੇਤਨ ਸੱਤਾ ਇਕੋ ਹੀ ਨਿਵਾਸ ਕਰ ਰਹੀ ਹੈ, ਫਿਰ ਜਿਸਤਰਾਂ ਪਾਨਾਦਦਿਕ ਚੋਹਾਂ ਦੇ ਰੰਗਾਂ ਨੇ ਆਪਾ ਗੁਆਇਆ ਹੈ,ਤਾਂ ਹੀ ਅਨੂਪਮ ਰੂਪ ਪਾਇਆ ਹੈ, ਇਸੇਤਰ੍ਹਾਂ ਜਿਨ੍ਹਾਂ ੨ ਨੇ ਆਪੋ ਆਪਣੀ ਹੋਂਦ ਦਾ ਖਾਤਮਾ ਕੀਤਾਹੈ,ਉਨ੍ਹਾਂ ਨੇ ਗੁਰਸਿੱਖੀ ਪਾਈ ਹੈ,ਅਤੇ ਗੁਰਸਿਖ ਦਾ ਕਰਮ ਏਹਹੈ.ਤੇ ਲੋਕਾਚਾਰ ਕਰਦੇਹੋਏ ਸੁਰਤ ਤੇ ਮਨ ਨੂੰਨਿਰਕਾਰ ਵਿਚ ਜੋੜੀ ਰਖਦੇ ਹਨ।

**ਸੀਂਚਿਤ ਸਲਲ ਬਹੁ ਬਰਨ ਬਨਾਸਪਤੀ ਚੰਦਨ ਸੁਬਾਸ ਏਕੈ ਚੰਦਨ ਬਖਾਨੀਐ॥**

ਸਲਲ–ਪਾਣੀ । ਅਸਟਾਧਾਤ–ਅੱਠ ਧਾਤਾਂ–ਲੋਹਾ, ਤਾਂਬਾ, ਚਾਂਦੀ, ਕਲੀ, ਜਿਸਤ, ਸਿੱਕਾ, ਪਾਰਾ, ਸੋਨਾ । ਮੰਡਲ– ਸਮੂਹ, ਸਾਰੇ । ਦਿਨਕਰ–ਸੂਰਗ । ਲੋਗਾ ਚਾਰ – [ਲੋਗ+ਆਚਾਰ] ਲੌਕਿਕ ਕਰਮ । ਉਨਮਾਨ – ਵੀਚਾਰ । ਉਨਮਾਨੀਐ – ਵੀਚਾਰੀਦਾ ਹੈ ।

ਨੋਟ–ਕੈਂਹ ਤੇ ਪਿੱਤਲ, ਇਹ ਦੋਵੇਂ ਮਿਸ਼ਰਤ ਧਾਤਾਂ ਹਨ, ਜੋ ਤਾਂਬਾ ਤੇ ਜਿਸਤ ਦੇ ਮੇਲ ਤੋਂ ਪਿਤਲ ਬਣਦਾ ਹੈ, ਇਸ ਕਰਕੇ ਇਨ੍ਹਾਂ ਨੂੰ ਅੱਠਾਂ ਦੀ ਗਿਣਤੀ ਵਿਚ ਨਹੀਂ ਲਿਆ ਜਾਂਦਾ ਹੈ ।

(ਜਿਸ ਤਰਾਂ)ਬਹੁਤ ਰੰਗਾਂਦੀ ਬਨਾਸਪਤੀ(ਇਕੋ) ਪਾਣੀ ਨਾਲ ਸਿੰਜੀ ਜਾਂਦੀ ਹੈ,(ਅਤੇ ਉਹ ਬਹੁ ਰੰਗੀ ਬਨਾਸਪਤੀ) ਇਕੋ ਚੰਦਨ ਦੀ ਸ਼ੁਭ ਵਾਸ਼ਨਾਂ ਨੂੰ (ਪ੍ਰਾਪਤ ਕਰਕੇ) ਇਕੋ ਚੰਦਨ ਹੀ ਕਹੀ ਜਾਂਦੀ ਹੈ।

**ਪਰਬਤ ਵਿਖੈ ਉਤਪਤ ਹੁਇ ਅਸਟ ਧਾਤ ਪਾਰਸ ਪਰਸਿ ਏਕੈ ਕੰਚਨ ਕੈ ਜਾਨੀਐ ॥**

ਪਹਾੜਾਂ ਵਿਚ ਅੱਠ ਧਾਤਾਂ ਪੈਦਾ ਹੁੰਦੀਆਂ ਹਨ, (ਜੋ) ਪਾਰਸ ਨਾਲ ਛੋਹ ਜਾਣ ਕਰਕੇ ਇਕੋ ਸੋਨਾ ਕਰਕੇ ਹੀ ਜਾਣੀਆਂ ਜਾਂਦੀਆਂ ਹਨ ।

**ਨਿਸਿ ਅੰਧਕਾਰ ਤਾਰਾ ਮੰਡਲ ਚਮਤਕਾਰ ਦਿਨ ਦਿਨਕਰਿ ਜੋਤਿ ਏਕੈ ਪਰਵਾਨੀਐ॥**

(ਜਿਸ ਤਰਾਂ) ਰਾਤ ਦੇ ਹਨੇਰੇ ਵਿਚ 'ਤਾਰਾ ਮੰਡਲ' (ਭਾਵ--ਸਾਰੇ ਤਾਰੇ) ਆਪਣਾ ਚਮਤਕਾਰ ਕਰਦਾ ਹੈ, (ਪਰ) ਦਿਨ [ਦੇ ਹੁੰਦਿਆਂ]ਇਕੋ ਸੂਰਜ ਦਾ ਚਾਨਣਾ ਹੀ ਪ੍ਰਵਾਨ ਕੀਤਾ ਜਾਂਦਾ ਹੈ ।

**ਲੋਗਨ ਮੈ ਲੋਗਾਚਾਰੁ ਗੁਰਮੁਖਿ ਏਕੰਕਾਰ ਸਬਦ ਸੁਰਤਿ ਉਨਮਾਨ ਉਨਮਾਨੀਐ ॥ ੬ ॥ ੪੦ ॥**

[ਇਸੇ ਤਰਾਂ] ਗੁਰਸਿਖ ਲੋਗਾਂ ਵਿਚ (ਰਹਿੰਦਾ ਹੋਇਆ) ਲੋਗਾਂ ਵਾਲੇ ਕਰਮ ਕਰਦਾ ਹੈ,(ਪਰ ਉਸ ਦੀ) ਸੁਰਤ ਸ਼ਬਦ (ਵਿਚ ਜੁੜੀ ਰਹਿੰਦੀ ਹੈ ਅਤੇ ਮਨ) ਏਕੰਕਾਰ ਦੀ ਵੀਚਾਰ ਨੂੰ ਹੀ ਵਿਚਾਰਦਾ ਰਹਿੰਦਾ ਹੈ ॥੬॥੪੦॥

**ਜੈਸੇ ਕੁਲਾ ਬਧੂ ਗੁਰ ਜਨ ਮੈ ਘੂਘਟ ਪਟ ਸਿਹਜਾ ਸੰਜੋਗ ਸਮੇਂ ਅੰਤਰ ਨ ਪੀਅ ਸੈ ॥**

ਕੁਲਾ ਬਧੂ--ਘਰ ਦੀ ਨੂੰਹ । ਗੁਰਜਨ-- ਸੋਹਰਾ, ਜੇਠ ਆਦਿਕ ਘਰ ਦੇ ਵਡੇ ਪੁਰਸ਼ । ਅੰਤਰ--ਲੁਕਾ, ਛਿਪਾ, ਪੜਦਾ

ਜਾਂ ਵਿੱਥ । ਅਛਤ–ਹੁੰਦਿਆਂ। ਕੁਟੰਬ–ਫਣ,ਛਜਲੀ ਜੇਹੀ ਜੋ ਖਲੇਰ ਲੈਂਦਾ ਹੈ। ਬੰਕ ਤਨ–ਟੇਢਾ ਸਰੀਰ । ਬਿਲ–ਖੁੱਡ ਪੈਸਤ–ਵੜਦਾ । ਬਨਿਤਾ–ਇਸਤ੍ਰੀ, ਵਹੁਟੀ ॥

ਜਿਸ ਤਰਾਂ ਘਰ ਦੀ ਨੂੰਹ, ਘਰ ਦੇ ਵਡੇ ਪੁਰਸ਼ਾਂ ਦੇ (ਸਾਹਮਣੇ ਪਤੀ ਪਾਸੋਂ) ਘੁੰਡ ਕੱਢ ਲੈਂਦੀ ਹੈ, (ਪਰ) ਸੇਜ [ਬਿਸਤਰੇ] ਉਤੇ (ਤੇ ਖਾਸ ਕਰਕੇ) ਸੰਜਗ ਦੇ ਸਮੇਂ ਪਤੀ ਪਾਸੋਂ (ਕੋਈ ਭੀ) ਪੜਦਾ ਨਹੀਂ ਰਖਦੀ ਹੈ।

**ਜੈਸੇ ਮਨਿ ਅਛਤ ਕੁਟੰਬ ਹੀ ਸਹਿਤ ਅਹਿ ਬੰਕ ਤਨਿ ਸੂਧੋ ਬਿਲ ਪੈਸਤ ਹੁਇ ਜੀਅ ਸੈ ॥**

ਜਿਸ ਤਰਾਂ ਮਣੀ ਦੇ ਹੁੰਦਿਆਂ, ਫਣ ਦੇ ਸਹਿਤ [ਭਾਵ ਫਣੀਅਰ] ਸੱਪ (ਜਾਂ ਸਪਨੀ-ਬੱਚੇ ਆਦਿਕ ਕੁਟੰਬ ਦੇ ਸਮੇਤ ਸੱਪ ਮਣੀ ਦੇ ਹੁੰਦਿਆਂ) ਸਰੀਰ ਕਰਕੇ ਟੇਡਾ ਰਹਿੰਦਾ ਹੈ, (ਪਰ) ਖੁਡ ਵਿਚ ਵੜਨ ਲਗਦਾ ਹੈ(ਤਾਂ)ਮਨ ਕਰਕੇ ਹੀ ਸਿਧਾ ਹੋ ਜਾਂਦਾ ਹੈ।

**ਮਾਤ ਪਿਤਾ ਅਛਤ ਨ ਬੋਲੇ ਸੁਤ ਬਨਿਤਾ ਸੈ ਪਾਛੇ ਕੈ ਦੈ ਸਰਬਸੁ ਮੋਹ ਸੁਤ ਤ੍ਰੀਅ ਸੈ ॥**

(ਜਿਸ ਤਰਾਂ) ਮਾਤਾ-ਪਿਤਾ ਦੇ (ਸਾਹਮਣੇ) ਹੁੰਦਿਆਂ ਪੁਤ੍ਰ ਵਹੁਟੀ ਨਾਲ ਗਲ ਭੀ ਨਹੀਂ ਕਰਦਾ ਹੈ, (ਪਰ ਮਾਪਿਆਂ ਤੋਂ) ਪਿਛੋਂ ਕੰਡੀ ਮੋਹ ਕਰਕੇ ਇਸਤ੍ਰੀ-ਪੁਤ੍ਰ ਨੂੰ ਸਰਬੰਸ ਹੀ ਦੇ ਦੇਂਦਾ ਹੈ।

**ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ ਸ਼ਬਦ ਸੁਰਤਿ ਉਨਮਨ ਮਨ ਹੀਅ ਸੈ ॥੭॥ ੪੧ ॥**

(ਇਸੇ ਤਰਾਂ) ਲੋਗਾਂ ਵਿਚ (ਰਹਿੰਦਾ ਹੋਇਆ) ਸ਼ਿਖ ਲੋਗਾਂ ਵਾਲੇ ਕਰਮ ਕਰਦਾ ਹੈ,(ਪਰ ਉਸਦੀ) ਸੁਰਤ ਸ਼ਬਦ ਦੀ ਵੀਚਾਰ ਤੇ ਮਨ ਏਕੰਕਾਰ ਦੀ ਵੀਚਾਰ ਕਰਨ ਵਿਚ (ਹੀਅ ਸੈ)ਦਿਲ ਨਾਲ(ਲੱਗਾ ਹੁੰਦਾ ਹੈ) ॥ ੭ ॥ ੪੧ ॥

**ਜੋਗ ਬਿਖੈ ਭੋਗ ਅਰੁ ਭੋਗ ਬਿਖੈ ਜੋਗ ਜਤੁ ਗੁਰਮੁਖ ਪੰਥ ਜੋਗ ਭੋਗ ਸੈ ਅਤੀਤ ਹੈ ॥**

ਜੋਗ (ਸਾਧਨਾਂ) ਵਿਚ (ਲਗੇ ਜਗਯਾਸੂ ਨੂੰ ਰਿਧੀਆਂ ਸਿਧੀਆਂ ਰੂਪ)ਭੋਗ(ਪ੍ਰਾਪਤ ਹੋ ਜਾਂਦੇ ਹਨ, ਜੋ ਗਿਰਾਉ ਦਾ ਕਾਰਣ ਹਨ, ਅਤੇ ਭੋਗਾਂ ਵਿਚ (ਲਗਾ ਸੰਸਾਰੀ ਨਾਰੀ ਬ੍ਰਤ ਰੂਪ) ਜਤ (ਧਾਰਨ ਕਰੇ ਤਾਂ ਉਸਨੂੰ) ਜੋਗ (ਦਾ ਫਲ ਮਿਲ ਜਾਂਦਾ ਹੈ, ਇਸ ਕਾਰਨ ਕਰਕੇ)ਗੁਰ ਸਿਖ ਪੰਥ ਜੋਗ ਤੇ ਭੋਗ(ਦੋਹਾਂ) ਤੋਂ ਅਤੀਤ [ਵਿਰਕਤ] ਹੈ।

**ਗਿਆਨ ਬਿਖੈ ਧਿਆਨ ਅਰੁ ਧਿਆਨ ਬਿਖੈਬੇਧੈ ਗਿਆਨ ਗੁਰਮਤਿ ਗਤਿ ਗਿਆਨ ਧਿਆਨ ਕੈ ਅਜੀਤ ਹੈ**

ਗਿਆਨ (ਪ੍ਰਾਪਤੀ ਵਾਸਤੇ ਵੀਚਾਰ ਨੂੰ ਪੈਦਾ ਕਰਨ ਵਾਲੇ ਸਾਂਖਯ ਸ਼ਾਸਤ੍ਰ) ਵਿਚ [ਲਗੇ ਹੋਏ ਨੂੰ] ਧਿਆਨ ਰੂਪ ਜੋਗ ਦਾ ਫਲ ਪ੍ਰਾਪਤ ਹੋਣਾ ਮੰਨਿਆ ਹੈ, ਅਤੇ [ਚਿਤ ਦੀ ਇਕਾਗ੍ਰਤਾ ਰੂਪ] ਧਿਆਨ ਤੋਂ [ਪੈਦਾ ਹੋਇਆ] ਗਿਆਨ [ਬਿਖੈ] ਅੰਦਰਲੇ ਨੂੰ ਵਿੰਨ੍ਹ ਦੇਂਦਾ ਹੈ, [ਪਰ] ਗੁਰ ਸਿਖਯਾ ਪ੍ਰਾਪਤ ਹੋਣ ਵਾਲੀ [ਅਵਸਥਾ] ਗਿਆਨ [ਸਾਂਖਯ ਸ਼ਾਸਤ੍ਰ] ਤੇ ਧਿਆਨ [ਯੋਗ ਸ਼ਾਸਤ੍ਰ] ਤੋਂ ਅਜਿਤ ਹੈ,[ਅਰਥਾਤ ਸਾਂਖਯ ਸ਼ਾਸਤ੍ਰ ਤੇ ਯੋਗ ਸ਼ਾਸਤ੍ਰ ਕਰਕੇਉਹਅਵਸਥਾ ਪ੍ਰਾਪਤ ਨਹੀਂ ਹੁੰਦੀ ਜਿਸ ਉਤੇ ਗੁਰ ਸਿਖ੍ਯਾ ਪਹੁੰਚਾ ਦੇਂਦੀ ਹੈ।

**ਪ੍ਰੇਮ ਕੈ ਭਗਤਿ ਅਰੁ ਭਗਤਿ ਕੈ ਪ੍ਰੇਮ ਨੇਮ ਅਲਖ ਭਗਤ ਪ੍ਰੇਮ ਗੁਰਮੁਖਿ ਰੀਤਿ ਹੈ ॥**

[ਕਈ ਕਹਿੰਦੇ ਹਨ, ਕਿ] ਪ੍ਰੇਮ ਕਰਕੇ ਭਗਤੀ [ਪ੍ਰਾਪਤ ਹੁੰਦੀ ਹੈ,ਅਤੇਕਈਕਹਿੰਦੇ ਹਨ,ਜੋ]ਭਗਤੀ ਦੇ ਨਿਯਮ ਧਾਰਨ ਕਰਕੇ ਪ੍ਰੇਮ [ਪ੍ਰਾਪਤ ਹੁੰਦਾ ਹੈ,) ਜਿਸ ਤੋਂ ਭਗਵਾਨ ਮਿਲਦਾ ਹੈ, (ਪਰ) ਗੁਰਸਿਖੀ ਦੀ ਰੀਤੀ ਪ੍ਰੇਮ ਤੇ ਭਗਤੀ ਤੋਂ ਅਲੱਖ ਹੈ,(ਅਰਥਾਤ ਗੁਰਸਿਖੀ ਦੀ ਰੀਤੀ ਪ੍ਰੇਮ ਤੇ ਭਗਤੀ ਕਰਕੇ ਜਾਣੀ

ਨਹੀਂ ਜਾਂਦੀ, ਇਹ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ।

**ਨਿਰਗੁਨ ਸਰਗੁਨ ਬਿਖੈ ਬਿਸਮ ਬਿਸ੍ਵਾਸ ਰਿਦੈ ਬਿਸਮ ਬਿਸ੍ਵਾਸ ਪਾਰਿ ਪੂਰਨ ਪ੍ਰਤੀਤ ਹੈ ॥੯॥੪੨॥**

(ਕਈਆ ਦੇ) ਹਿਰਦੇ ਵਿਚ ਨਿਰਗੁਨ ਸਰੂਪ ਦਾ ਅਚਰਜ ਭਰੋਸਾ ਹੈ (ਅਤੇ ਕਈਆਂ ਦੇ) ਹਿਰਦੇ ਵਿਚ ਸਰਗੁਨ ਸਰੂਪ ਦਾ ਅਚਰਜ ਭਰੋਸਾ ਹੈ, (ਪਰ ਗੁਰ ਸਿਖਾਂ ਦੇ ਹਿਰਦੇ ਵਿਚ, ਜੋ ਨਿਰਗੁਨ ਤੇ ਸਰਗੁਨ ਤੋਂ) ਪਰੇ (ਹੈ, ਉਸੇ ਵਾਹਿਗੁਰੂ ਦੀ) ਪੂਰਨ ਪ੍ਰਤੀਤੀ [ਜਾਂ ਪੂਰਾ ੨ ਭਰੋਸਾ] ਹੈ ॥ ੯ ॥ ੪੨ ॥

**ਕਿੰਚਤ ਕਟਾਛ ਦਿਬਿ ਦੇਹ ਦਿਬ ਦ੍ਰਿਸ਼ਟਿ ਹੁਇ ਦਿਬਿ ਜੋਤਿ ਕੋਧਿਆਨ ਦਿਬਿ ਦ੍ਰਿਸ਼ਟਾਂਤ ਕੈ ॥**

ਕਿੰਚਤ=ਰਤਾ ਜਿੰਨੀ ॥ ਕਟਾਛ [ਕਟ+ ਆਛ=ਅਖ] ਅਖ ਦਾ ਕੰਡਾ, ਅਖ ਦਾ ਸੰਕੇਤਕ ਇਸ਼ਾਰੇ ਮਾਤ੍ਰ ਵੇਖਣਾ ॥ ਦਿਬ ਦੇਹ=ਉਜਲੇ ਭਾਵ ਵਾਲੀ ਦੇਹ, ਰਬੀ ਬਰਕਤ ਵਾਲੀ ਦੇਹ ॥ ਦਿਬ ਦ੍ਰਿਸ਼ਟਿ= ਰੱਬੀ ਕੌਤਕ ਵੇਖਣ ਵਾਲੀ ਨਜ਼ਰ। ਦਿਬ ਜੋਤਿ=ਰੱਬੀ ਪ੍ਰਕਾਸ਼, ਚੇਤਨ ਸ਼ਕਤੀ ਰੂਪ ਪ੍ਰਕਾਸ਼ ਪੁੰਜ ॥ ਦਿੱਬ ਧਯਾਨ= ਸਭਨਾਂ ਵਿਚ ਰਬ ਹੀ ਰਬ ਦਾ ਦਰਸ਼ਨ ਕਰਨਾ, ਸਭ ਊਚ-ਨੀਚ ਨੂੰ ਪ੍ਰਭੂ ਰੂਪ ਕਰਕੇ ਵੇਖਣਾ। ਦਲ=ਪਤ੍ਰ, (ਭਾਵ- ਉਂਗਲਾਂ) ॥ ਮਧੁਪ=ਭੌਰਾ ॥ ਮਧ ਪਾਨ= ਅੰਮ੍ਰਿਤ ਪੀ ਕਰਕੇ ॥

(ਸਿਖ ਉਤੇ, ਗੁਰੂ ਜੀ ਦੀ) ਰਤਾ ਜਿੰਨੀ ਕ੍ਰਿਪਾ ਦ੍ਰਿਸ਼ਟੀ (ਹੋ ਜਾਣ ਕਰਕੇ, ਸਿਖ ਨੂੰ) ਦਿੱਬ ਦੇਹ ਤੇ ਦਿਬ ਦ੍ਰਿਸ਼ਟੀ (ਪ੍ਰਾਪਤ) ਹੋ ਜਾਂਦੀ ਹੈ, ਅਤੇ ਦਿਬ ਜੋਤੀ ਦੇ ਧਿਆਨ ਕਰਕੇ (ਸਭ ਕੁਝ) ਦਿਬ ਹੀ ਦਿਬ ਰੂਪ ਨਜ਼ਰ ਆਉਂਦਾ ਹੈ।

**ਸ਼ਬਦ ਬਿਬੇਕ ਟੇਕ ਪ੍ਰਗਟ ਹੁਇ ਗੁਰਮਤਿ ਅਨਹਦ ਗੰਮਿ ਉਨਮਨੀ ਕੇ ਮਤਾਂਤ ਕੈ ॥**

ਗੁਰ ਉਪਦੇਸ਼ ਦਵਾਰਾ (ਮਨ ਵਿਚ) ਸ਼ਬਦ ਦੀ ਵੀਚਾਰ ਦੀ ਓਟ ਪ੍ਰਗਟ ਹੁੰਦੀ ਹੈ, (ਤਾਂ) ਉਨਮਨੀ [ਤੁਰੀਆ] ਦੇ ਸਿਧਾਂਤ (ਰੂਪ) ਅਨਹਦ ਮੰਡਲ (ਵਿਚ ਜੀਵ ਆਤਮਾ ਦੀ) [ਗੰਮ] ਪਹੁੰਚ ਹੋ ਜਾਂਦੀ ਹੈ,(ਅਰਥਾਤ ਗੁਰ ਉਪਦੇਸ਼ ਦੀ ਵੀਚਾਰ ਦੇ ਆਸਰੇ ਹੋਕੇ ਮਨ ਉਸ ਸਥਾਨ ਤੇ ਪ੍ਰੁਜ ਜਾਂਦਾ ਹੈ, ਜਿਥੇ "ਅਨਹਦ ਸ਼ਬਦ ਵਜੰਤਾ" ਜਹ ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥)

**ਗਿਆਨ ਧਿਆਨ ਕਰਨੀ ਕੈ ਉਪਜਤ ਪ੍ਰੇਮ ਰਸ ਗੁਰਮੁਖਿ ਸੁਖਿ ਪ੍ਰੇਮ ਨੇਮ ਨਿਜ ਕ੍ਰਾਂਤਿ ਕੈ ॥**

(ਜੋ) ਪ੍ਰੇਮ ਰਸ ਗਿਆਨ ਧਿਆਨ ਤੇ (ਕਰਨੀ) ਭਗਤੀ ਕਰਕੇ ਪੈਦਾ ਹੁੰਦਾ ਹੈ, ਗੁਰਸਿਖ (ਨੂੰ ਉਹ) ਸੁਖ ਤੇ ਪ੍ਰੇਮ ਦਾ ਨੇਮ (ਨਿਜ ਕ੍ਰਾਂਤ) ਆਤਮ ਪ੍ਰਕਾਸ਼ (ਤੋਂ ਮਿਲ ਜਾਂਦਾ ਹੈ।)

**ਚਰਨ ਕਮਲ ਦਲ ਸੰਪਟ ਮਧੁਪ ਗਤਿ ਸਹਜ ਸਮਾਧਿ ਮਧੁ ਪਾਨ ਪ੍ਰਾਨ ਸਤਿ ਕੈ ॥ ੯ ॥ ੪੩ ॥**

(ਜਿਵੇਂ) ਕਮਲ ਦਲ ਦੇ ਸੰਪਟ ਵਿਚ ਭੌਰੇ ਦੇ ਪ੍ਰਾਣਾਂ ਨੂੰ ਸ਼ਾਂਤਿ ਪ੍ਰਾਪਤ ਹੁੰਦੀ ਹੈ, (ਇਵੇਂ ਹੀ ਗੁਰੂ ਦੇ) ਚਰਨਾਂ ਕਮਲਾਂ (ਦੇ ਧਿਆਨ ਰੂਪ) ਸਹਜ ਸਮਾਧੀ ਤੇ (ਚਰਨ ਮਧ ਪਾਨ) ਚਰਨਾਂਮ੍ਰਿਤ (ਪੀਣ ਕਰਕੇ ਸਿਖ ਦੇ) ਪ੍ਰਾਣਾਂ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ ॥ ੯ ॥ ੪੩ ॥

**ਸੂਆ ਗਹਿ ਨਲਿਨੀ ਕਉ ਉਲਟਿ ਗਹਾਵੈ ਆਪੁ ਹਾਥ ਸੈ ਛਡਏ ਛਾਡੈ ਪਰ ਬਸਿ ਆਵਈ ॥**

ਨਲਨੀ=ਕੁੜੱਕੀ, ਤੋਤੇ ਨੂੰ ਪਕੜਨ ਵਾਲੀ ਕੁੜੱਕੀ। ਸ਼ਿਕਾਰੀ ਲੋਕ ਦੋ ਲੱਕੜਾਂ ਗੱਡ ਕੇ ਉਨ੍ਹਾਂ ਦੋਹਾਂ ਦੇ ਵਿਚਾਲੇ ਇਕ ਤਾਰ

ਬੰਨ੍ਹ ਦੇਂਦੇ ਹਨ' ਉਸ ਤਾਰ ਵਿਚ ਨੜਾ ਜਾਂ ਵਾਂਸ ਦੀ ਪੋਰੀ ਕਰੋਈ ਹੁੰਦੀ ਹੈ, ਉਸਦੇ ਹੇਠਾਂ ਪਾਨੀ ਦਾ ਬੱਠਲ ਧਰ ਦੇਂਦੇ ਹਨ ਤੇ ਦੋਹਾਂ ਲਕੜਾਂ ਦੇ ਸਿਰਿਆਂ ਉਤੇ ਮਿਰਚਾਂ ਆਦਿਕ ਤੋਤੇ ਦੀ ਖੁਰਾਕ ਰੂਪ ਭਿਤੀ ਲਾ ਦੇਂਦੇ ਹਨ। ਤੋਤਾ ਭਿਤੀ ਦੇ ਲਾਲਚ ਵੱਸ ਹੋਇਆ ਭਿੱਤੀ ਨੂੰ ਖਾਣ ਦੇ ਇਰਾਦੇ ਨਾਲ ਉਸ ਨੜੇ ਉਪਰ ਆਨ ਕੇ ਬੈਠਦਾ ਹੈ, ਉਸਦੇ ਬੈਠਨ ਕਰਕੇ ਭਾਰ ਨਾਲ ਨੜਾ ਫਿਰ ਜਾਂਦਾ ਹੈ, ਤੋਤਾ ਉਲਟ ਕੇ ਮੂਧਾ ਹੋ ਜਾਂਦਾ ਹੈ, ਹੇਠਾਂ ਬੱਠਲ ਦੇ ਪਾਨੀ ਵਿਚ ਆਪਣਾ ਪ੍ਰਛਾਵਾਂ ਵੇਖਕੇ ਜਾਣਦਾ ਹੈ, ਜੋ ਕੋਈ ਤੋਤਾ ਪਾਨੀ ਵਿਚ ਡਿਗ ਪਿਆ ਹੈ, ਆਪਣੇ ਆਪ ਨੂੰ ਡਿਗਣ ਤੋਂ ਬਚਾਉਣ ਲਈ ਨੜੇ ਨੂੰ ਘੁਟਕੇ ਫੜੀ ਰਖਦਾ ਹੈ, ਤੇ ਟੀਂ ਟੀਂ ਬੋਲਣ ਲਗਦਾ ਹੈ, ਉਸਦੀ ਅਵਾਜ਼ ਨੂੰ ਸੁਣਕੇ, ਸ਼ਿਕਾਰੀ (ਜੋ ਉਥੇ ਕਿਤੇ ਨੇੜੇ ਹੀ ਲੁਕਿਆ ਹੁੰਦਾ ਹੈ) ਆਣਕੇ ਤੋਤੇ ਨੂੰ ਫੜ ਲੈਂਦਾ ਹੈ, ਅਤੇ ਤੋਤੇ ਦੇ ਹੱਥਾਂ ਵਿਚੋਂ ਨਲਨੀ ਛੁਡਾਕੇ ਤੋਤੇ ਨੂੰ ਪਿੰਜਰੇ ਵਿਚ ਪਾ ਲੈਂਦਾ ਹੈ।

ਸੂਆ—ਤੋਤਾ। ਟੇਰ ਟੇਰ—ਬੁਲਾ ਬੁਲਾਕੇ।
ਪਠੋ ਪਠੋ—ਪੜੋ ਪੜੋ ॥

(ਜਿਵੇਂ) ਤੋਤਾ ਕੁੜੱਕੀ ਨੂੰ ਫੜਦਾ ਹੈ, (ਤਾਂ) ਉਲਟਾ ਆਪਣੇ ਆਪ ਨੂੰ (ਸਿਕਾਰੀ ਦੇ ਹੱਥ) ਫੜਾ ਦੇਂਦਾ ਹੈ, (ਸ਼ਿਕਾਰੀ ਆਪਣੇ) ਹਥ ਨਾਲ (ਤੋਤੇ ਪਾਸੋਂ ਨੜਾ) ਛੁਡਾਂਦਾ ਹੈ, (ਤਾਂ) ਛਡਦਾ ਹੈ ਅਤੇ ਪਰਾਏ ਦੇ ਵਸ ਆ ਪੈਂਦਾ ਹੈ।

**ਤੈਸੇ ਬਾਰੋ ਬਾਰ ਟੇਰਿ ਟੇਰਿ ਕਹੇ ਪਠੋ ਪਠੋ ਆਪਨੋ ਹੀ ਨਾਉ ਸੀਖਿ ਆਪਿ ਹੀ ਪੜਾਵਈ ॥**

(ਜਿਸ ਤਰਾਂ ਕੋਈ ਬੋਲਦਾ ਹੈ, ਤੋਤਾ ਭੀ) ਉਸੇ ਤਰ੍ਹਾਂ ਮੁੜ ਮੁੜ ਕੇ ਬੋਲ ਬੋਲਕੇ ਕਹਿੰਦਾ ਹੈ, (ਹੇ ਗੰਗਾ ਰਾਮ!) ਪੜੋ ਪੜੋ (ਗੰਗਾ ਰਾਮ), ਆਪਣਾ ਹੀ ਨਾਉਂ ਸਿਖਕੇ, ਆਪ ਨੂੰ ਹੀ ਪੜਾਉਂਦਾ ਹੈ।

**ਰਘੁ ਬੰਸੀ ਰਾਮ ਨਾਮੁ ਗਾਲ ਜਾਮਨੀ ਸੁ ਭਾਖਾ ਸੰਗਤਿ ਸੁਭਾਵ ਗਤਿ ਬੁਧਿ ਪ੍ਰਗਟਾਵਈ ॥**

(ਕਿਧਰੇ)ਰਘੁਬੰਸੀ ਰਾਮ ਦਾ ਨਾਮ (ਪੜ੍ਹਦਾ ਹੈ, ਕਿਧਰੇ ਗਾਲ੍ਹਾਂ (ਕੱਢਦਾ ਹੈ, ਅਤੇ ਕਿਧਰੇ) ਉਹ ਯਮਨਾ ਦੀ ਬੋਲੀ [ਪਾਰਸੀ](ਬੋਲਦਾ ਹੈ,ਜੇਹੀਜੇਹੀ) ਸੰਗਤ [ਗਤਿ] ਪ੍ਰਾਪਤ ਹੁੰਦੀ ਹੈ, (ਉਸੇ ਤਰਾਂ ਦਾ) ਸੁਭਾਵ ਤੇ ਬੁਧੀ (ਉਸਨੂੰ) ਪ੍ਰਗਟ ਆਉਂਦੀ ਹੈ।

**ਤੈਸੇ ਗੁਰ ਚਰਨ ਸਰਨਿ ਸਾਧ ਸੰਗ ਮਿਲੇ ਆਪਾ ਆਪੁ ਚੀਨਿ ਗੁਰ ਮੁਖਿ ਸੁਖ ਪਾਵਈ ॥੧੦॥ ੪੪॥**

ਉਸੇ ਤਰਾਂ [ਹੀ ਜਦ ਜੀਵ ਰੂਪ ਤੋਤੇ ਨੂੰ) ਗੁਰੂ ਦੇ ਚਰਨਾਂ ਦੀ ਸ਼ਰਨ ਤੇ ਸਾਧ ਸੰਗਤ ਮਿਲ ਜਾਵੇ, (ਤਾਂ) ਗੁਰ ਸਿਖ ਹੋਕੇ ਆਪਣੇ ਆਪ ਨੂੰ ਪਛਾਣਕੇ (ਆਤਮ) ਸੁਖ ਪਾ ਲੈਂਦਾ ਹੈ ॥੧੦॥੪੪॥

**ਦ੍ਰਿਸਟਿ ਮੈ ਦਰਸ ਦਰਸ ਮੈ ਦ੍ਰਿਸਟਿ ਦ੍ਰਿਗ ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ ॥**

ਦ੍ਰਿਸ਼ਟੀ [ਨਜ਼ਰ] ਵਿਚ ਦ੍ਰਿਸ਼ਯ [ਦਿਸਣ ਯੋਗ ਵਸਤੂ] ਤੇ ਦ੍ਰਿਸ਼ਯ ਵਿਚ ਅੱਖਾਂ ਦੀ ਦ੍ਰਿਸ਼ਟੀ (ਦੀ ਏਕਤਾ ਹੋਵੇ, ਤਦ ਪਦਾਰਥ ਦਾ ਯਥਾਰਥ ਦਰਸ਼ਨ ਜਾਂ ਗਿਆਨ ਹੁੰਦਾ ਹੈ, ਪਰ ਗੁਰ ਗਿਆਨ ਦ੍ਰਿਸ਼ਯ ਤੋਂ ਅਦ੍ਰਿਸ਼ਯ ਹੈ, (ਫਿਰ ਬਿਨਾਂ ਅੱਖ ਨਾਲ ਗੁਰ ਦਰਸ਼ਨ ਕਿਵੇਂ ਹੋ ਸਕਦਾ ਹੈ,ਤਦੇ ਤਾਂ ਸਤਿਗੁਰੂ ਜੀ ਨੇ ਗੁਰ ਦਰਸ਼ਨ ਕਰਨ ਵਾਲੇ ਲਈ ਫੁਰਮਾਯਾ ਹੈ--
'ਅਖੀ ਬਾਝਹੁ ਵੇਖਣਾ' ਹੁੰਦਾ ਹੈ।

**ਸ਼ਬਦ ਮੈ ਸੁਰਤਿ ਸੁਰਤਿ ਮੈ ਸ਼ਬਦੁ ਧੁਨਿ ਸ਼ਬਦੁ ਸੁਰਤਿ ਅਗਮਿਤਿ ਗੁਰ ਗਿਆਨ ਹੈ ॥**

ਸ਼ਬਦ ਵਿਚ ਸੁਰਤ[ਸਰੋਤ ਸ਼ਕਤ]ਤੇਸੁਰਤਵਿਚ ਸ਼ਬਦ ਦੀ ਧੁਨੀ (ਵਸ ਜਾਵੇ ਤਾਂ ਸ਼ਬਦ ਗਿਆਨ

ਹੁੰਦਾ ਹੈ,ਪਰ] ਗੁਰ ਸ਼ਬਦ ਦਾ ਗਿਆਨ ਤਾਂ ਸੁਰਤਿ ਦੀ [ਅਗਮਿਤਿ] ਪਹੁੰਚ ਤੋਂ ਬਹੁਤ ਹੀ ਪਰੇ ਹੈ, ਇਸ ਲਈ ਕੰਨਾਂ ਨਾਲ ਸਾਬਦਿਕ ਗਿਆਨ ਕਿਵੇਂ ਹੋਵੇਗਾ, ਸਤਿਗੁਰੂ ਜੀ ਨੇ ਇਸੇ ਵਾਸਤੇ ਹੀ :ਵਿਣ ਕੰਨਾਂ ਸੁਣਨਾ ਉਚਾਰਿਆ ਹੈ ।

**ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸ ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ ॥**

ਗਿਆਨ ਧਿਆਨ ਦੀ ਕਰਨੀ ਕਰਕੇ ਪ੍ਰੇਮ ਰਸ ਪ੍ਰਗਟ ਹੁੰਦਾ ਹੈ, (ਪਰ) ਗੁਰਮਤਿ ਦੀ ਪ੍ਰਾਪਤੀ ਦਾ ਪ੍ਰੇਮ ਨਿਯਮਾਂ ਦੀ ਬਾਨ ਤੋਂ ਰਹਿਤ ਹੈ, (ਅਰਥਾਤ ਗੁਰਮਤਿ ਦੀ ਪ੍ਰਾਪਤੀ ਪ੍ਰੇਮ ਦੇ ਨਿਯਮਾਂ ਨਾਲ ਨਹੀਂ ਹੁੰਦੀ, ਏਹ ਤਾਂ ਗੁਰੂ ਦੀ ਮੇਹਰ ਨਾਲ ਮਿਲਦੀ ਹੈ)। (ਕਿਉਂਕਿ) ।--

**ਪਿੰਡ ਪ੍ਰਾਣ ਪ੍ਰਾਣਪਤਿ ਬੀਸ ਕੋ ਬਰਤਮਾਨੁ ਗੁਰਮੁਖਿ ਸੁਖ ਇਕ ਈਸਮੋ ਨਿਧਾਨ ਹੈ ॥ ੧੧ ॥ ੪੫ ॥**

ਦੇਹ, ਪ੍ਰਾਣ ਤੇ [ਪ੍ਰਾਣਪਤਿ] ਮਨ [ਇਹ ਤਿੰਨੇ] ਵੀਹਾਂਦੇ ਵਰਤਾਰੇ ਵਿਚ ਵਰਤਣ ਵਾਲੇ ਹਨ [ਪਰ] ਗੁਰਸਿਖੀ ਰੂਪਸੁਖ ਇਕੀਹਵਾਂ ਖਜ਼ਾਨਾ ਹੈ(ਅਰਥਾਤ ਵੀਹਾਂ ਦੇ ਵਰਤਾਰੇ ਦਾ ਸਿਧਾਂਤ ਹੈ, ਕਿ ਦੇਹ, ਪ੍ਰਾਣ ਤੇ ਮਨ ਸੰਸਾਰ ਦੀ ਰਚਨਾਂ ਵਿਚ ਰਚੇ ਹੋਏ ਹਨ, ਪਰ ਗੁਰਸਿਖੀ ਮਾਰਗ ਸੰਸਾਰ ਤੋਂ ਉਪਰ ਦੀ ਖੇਡ ਹੈ, ਤਦੇ ਤਾਂ ਸਤਿਗੁਰੂ ਜੀ ਨੇ ਫੁਰਮਾਇਆ ਹੈ--

'ਭਗਤਾ ਤੈ ਸੈਸਾਰੀਆ ਜੋੜ ਕਦੇ ਨ ਆਇਆ॥ਕਰਤਾ ਆਪ ਅਭੁਲ ਹੈ ਨ ਭੁਲੈ ਕਿਸੇ ਦਾ ਭੁਲਾਇਆ ॥''॥੧੧॥੪੫॥

**ਮਨ ਬਚ ਕ੍ਰਮ ਹੁਇ ਇਕਤ੍ਰ ਛਤ੍ਰ ਪਤਿ ਭਏ ਸਹਜ ਸਿੰਘਾਸਨ ਕੈ ਨਿਹਚਲ ਰਾਜ ਹੈ ॥**

ਛਤ੍ਰ ਪਤੀ--ਰਾਜਾ ॥ ਸਿੰਘਾਸਨ--ਤਖਤ, ਰਾਜ ਗਦੀ । ਸਤਜ--ਸੱਚ ਦਾਪਾਲਦਾ । ਸੰਤੋਖ--ਜੋ ਮਿਲੇ ਜਾਂ ਵਰਤੇ ਉਸਤੇ ਪ੍ਰਸੰਨ ਰਹਿਣਾ । ਦਯਾ--ਦੀਨ ਦੁਖੀਏ ਦੀ ਸਹੈਤਾ ਕਰਨੀ । ਧਰਮ--ਸੱਚ ਤੇ ਭਰੋਸਾ ਤੇ ਦ੍ਰਿੜ੍ਹਤਾ । ਅਰਥ--ਗੁਰਸਿਧਾਂਤ ਉਪਰ ਪੂਰਨ ਵਿਸ਼ਵਾਸ । ਸਕਲ ਪਦਾਰਥ--ਧਰਮ, ਅਰਥ, ਕਾਮ, ਮੋਖ ਰੂਪ ॥ ਸ਼ਿਵ ਨਗਰੀ-ਸਾਧ ਸੰਗਤ, ਜੋ ਕਲਿਆਣ ਸਰੂਪ ਪ੍ਰਭੂ ਦੀ ਨਗਰੀ ਹੈ । ਕੋਟਿ–ਪ੍ਰਕੋਟਾ, ਫਸੀਲ, ਬਾਹਰਲੀ ਕੰਧ ॥

(ਜਿਸਦਾ) ਮਨ, ਬਾਣੀ ਤੇ ਸਰੀਰ ਇਕੱਤ੍ਰ ਹੋਇਆ ਹੈ(ਅਰਥਾਤ ਸਰੀਰ ਉਹ ਕਰਮ ਕਰਦਾਹੈ, ਜਿਸ ਨਾਲ ਬਾਣੀ ਨੂੰ ਝੂਠ ਬੋਲਣ ਰੂਪ ਕਲੰਕ ਨਾ ਲਗੇ,ਬਾਣੀ ਉਹ ਬੋਲਦੀ ਹੈ,ਜਿਸ ਕਰਕੇ ਸਰੀਰ ਨੂੰ ਕੋਈ ਦੂਸ਼ਨ ਨਾ ਵਿਆਪੇ ਤੇ ਮਨ ਉਹ ਸੰਕਲਪ ਕਰਦਾ ਹੈਜਿਸ ਕਰਕੇ ਬਾਣੀ ਤੇ ਸਰੀਰ ਦੋਹਾਂ ਵਿਚ ਕੋਈ ਦੋਖ ਨਾ ਲਗੇ, ਇਸ ਤਰਾਂ ਆਪੋ ਵਿਚ ਦੀ ਨੇਕੀ ਤੇ ਭਲਿਆਈ ਦਾ ਵਿਚਾਰ ਕਰਦੇ ਹੋਏ. ਜਿਸ ਦੇ ਇਹ ਤਿੰਨ ਇਕੱਤ੍ਰ ਹੋ ਗਏ ਹਨ, ਉਹ ਪੁਰਸ਼) ਰਾਜਾ ਹੈ (ਸਹਜ)ਆਤਮਾ ਸੁਖ (ਦੀ ਪ੍ਰਾਪਤੀ ਰੂਪ) ਤਖਤ (ਨੂੰ ਪ੍ਰਾਪਤ ਕਰਨ) ਕਰਕੇ (ਉਸਦਾ) ਰਾਜ ਅਚੱਲ ਹੋਇਆ ਹੈ, [ਅਰਥਾਤ ਉਸਦਾ ਰਾਜ ਕਦੇ ਭੀ ਨਸ਼ਟ ਨਹੀਂ ਹੋਵੇਗਾ] ।

**ਸਤਜ ਅਉ ਸੰਤੋਖ ਦਇਆ ਧਰਮ ਅਰਥ ਮੇਲ ਪੰਚ ਪਰਵਾਨ ਕੀਏ ਗੁਰਮਤਿ ਸਾਜ ਹੈ॥**

(ਜੋ) ਸਤਯ, ਸੰਤੋਖ, ਦਯਾ, ਧਰਮ ਅਰਥ ਦਾ (ਮੇਲ)ਇਕੱਠ ਹੈ, ਗੁਰਮਤ ਦਵਾਰੇ (ਇਨ੍ਹਾਂ) ਪੰਜਾਂ ਨੂੰ ਪਰਵਾਨ ਕੀਤਾ ਹੈ,(ਏਹੋ ਹੀ ਉਸਦੀ ਰਾਜਧਾਨੀ ਦਾ) ਸਾਜ (ਸਾਮਾਨ) ਹੈ ।

**ਸਕਲ ਪਦਾਰਥ ਅਉ ਸਰਬ ਨਿਧਾਨ ਸਭਾ ਸ਼ਿਵ ਨਗਰੀ ਸੁ ਬਾਸੁ ਕੋਟਿ ਛਬਿ ਛਾਜ ਹੈ ॥**

ਸਾਰੇ ਪਦਾਰਥ ਧਰਮ, ਅਰਥ, ਕਾਮ, ਮੋਖ ਅਤੇ (ਸਾਰੀਆਂ ਰਿੱਧੀਆਂ-ਸਿੱਧੀਆਂ ਉਸਦੇ)ਖਜਾਨੇਹਨ, ਸਾਧ ਸੰਗਤ ਉਸਦਾ ਸਭਾ (ਸਥਾਨ ਹੈ) ਸੁਕੀਰਤੀ

(ਉਸਦੇ ਰਾਜ ਧਾਨੀ ਦਾ) ਕੋਟ [ਫਸੀਲ] ਹੈ,(ਇਸ ਤਰ੍ਹਾਂ ਦੀ) ਛਬ ਨਾਲ ਸੋਭ ਰਿਹਾ ਹੈ।

**ਰਾਜ ਨੀਤਿ ਰੀਤਿ ਪ੍ਰੀਤਿ ਪਰਜਾ ਕੋ ਸੁਖੈ ਸੁਖ ਪੂਰਨ ਮਨੋਰਥ ਸਫਲ ਹੋਤ ਕਾਜ ਹੈ ॥੧੨॥੪੬॥**

(ਜੋ ਸਭਨਾਂ ਨਾਲ) ਪ੍ਰੀਤੀ ਦੀ ਰੀਤੀ (ਹੈ, ਏਹੋ ਉਸਦੀ) ਰਾਜਨੀਤੀ ਹੈ, (ਜਿਸ ਕਰਕੇ ਜਗਯਾਸੂਆਂ ਤੇ ਸਤਸੰਗੀਆਂ ਰੂਪ)ਪਰਜਾ ਨੂੰ ਸੁਖਹੀ ਸੁਖ(ਪ੍ਰਾਪਤ ਹੋ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ) ਕਾਰਜ ਪੂਰੇ ਤੇ ਮਨੋਰਥ ਸਫਲ ਹੁੰਦੇ ਹਨ ॥੧੨॥੪੬॥

ਭਾਵ–'ਰਾਜਾ ਸਗਲੀ ਸ੍ਰਿਸ਼ਟਿ ਕਾ ਹਰਿ ਨਾਮ ਮਨ ਭਿੰਨਾ' ਵਾਕ ਦੀ ਸਫਲਤਾ ਵਰਣਨ ਕਰਦੇ ਹੋਏ ਗੁਰ ਸਿਖਾਂ ਨੂੰ ਰਾਜਾ ਰੂਪ ਕਹਿ ਕੇ, ਉਸ ਦੇ ਐਸ੍ਵਰਜ ਆਦਿਕ ਦਾ ਵਰਣਨ ਕੀਤਾ ਹੈ।

**ਚਰਨ ਸਰਨਿ ਮਨ ਬਚ ਕ੍ਰਮ ਹੁਇ ਇਕਤ੍ਰ ਗੰਮਿਤਾ ਤ੍ਰਿਕਾਲ ਤ੍ਰਿਭਵਨ ਸੁਧਿ ਪਾਈ ਹੈ ॥**

(ਗੁਰੂ ਦੀ) ਚਰਨ ਸਰਨ(ਹੋਣ ਕਰਕੇ, ਜਿਸਦਾ ਮਨ, ਬਾਣੀ ਤੇ ਸਰੀਰ ਇਕਤ੍ਰ [ਇਕ ਸੁਰ ਵਿਚ ਇਕ ਰੂਪ] ਹੋਯਾ ਹੈ (ਉਸ ਨੇ) ਤਿੰਨਾਂ ਕਾਲਾਂ ਭੂਤ, ਵਰਤਮਾਨ ਤੇ ਭਵਿਖਤ ਵਿਚਗੰਮਤਾ[ਪਹੁੰਚ]ਪ੍ਰਾਪਤ ਕਰਕੇ ਤਿੰਨਾਂ ਲੋਕਾਂ–ਮਾਤ ਲੋਕ, ਪਤਾਲ ਲੋਕ ਤੇ ਸ੍ਵਰਗ ਲੋਕ ਦੀ ਖਬਰ ਪਾ ਲਈ ਹੈ।

**ਸਹਜ ਸਮਾਧਿ ਸਾਧਿ ਅਗਮ ਅਗਾਧਿ ਕਥਾ ਅੰਤਰਿ ਦਿਸੰਤਰਿ ਨਿਰੰਤਰੀ ਜਤਾਈ ਹੈ ॥**

(ਜੋ ਉਸਨੇ) ਸਹਜ ਸਮਾਧੀ ਦੀ ਸਾਧਨਾ (ਕਰ ਲਈ ਹੈ,ਉਸਦੀ)ਕਥਾ ਅਗਮ ਤੇ ਅਗਾਧ ਹੈ,(ਇਸ ਕਰਕੇ ਉਸਨੂੰ ਆਪਣੇ)ਅੰਦਰੋਂ ਹੀ ਦੇਸਾਂਤ੍ਰੀ (ਵਾਰ-ਦਾਤਾਂ ਦੀ ਸੂਝ). ਇਕ ਰਸ ਜਤਾ ਦਿਤੀ ਹੈ। (ਅਰਥਾਤ ਉਸਨੇ ਜੋ ਸਹਜ ਸਮਾਧੀ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਇਸ ਕਰਕੇ ਜੋ ਕੁਝ ਉਸਨੂੰ ਮਿਲਿਆ ਹੈ, ਉਸਦੀ ਵਾਰਤਾ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ) ਮੋਟੀ ਗੱਲ ਇਹ ਹੈ ਕਿ ਦੇਸਾਂ ਪ੍ਰਦੇਸਾਂ ਵਿਚ ਵਰਤ ਰਹੀਆਂ ਗਲਾਂ ਦਾ ਗਿਆਨ ਉਸਨੂੰ ਅੰਦਰੋਂ ਹੀ ਮਿਲ ਰਿਹਾ ਹੈ ਅਤੇ ਇਸ ਗਲ ਨੂੰ ਜਾਨਣ ਲਈ ਕਿਤੇ ਏਕਾਂਤ ਬੈਠਕੇ ਕੁਝ ਸਾਧਨਾ ਕਰਨ ਦੀ ਲੋੜ ਨਹੀਂ, ਏਹ ਸਹਜੇ ਹੀ ਇਕ ਰਸ ਸਦਾ ਹੀ ਉਸਨੂੰ ਹੋ ਰਿਹਾ ਹੈ, ਜਿਵੇਂ ਕਿ "ਤੁਲਸਾਂ ਦਾਸੀ ਨੇ ਮਾਤਾ ਜੀ ਨੂੰ ਕਹਿ ਦਿਤਾ ਸੀ, ਜੋ ਕਾਕਾ ਜੀ ਤਾਂ ਸਮੁੰਦਰ ਵਿਚੋਂ ਜਹਾਜ਼ ਬੰਨੇ ਲਾ ਰਹੇ ਹਨ, ਸੁਤੇ ਹੋਏ ਹੋਣ ਤਾਂ ਜਗਾ ਲਵਾਂ, ਆਦਿਕ।"

**ਖੰਡ ਬ੍ਰਹਮੰਡ ਪਿੰਡ ਪ੍ਰਾਨ ਪ੍ਰਾਨਪਤਿ ਗਤਿ ਗੁਰਸਿਖ ਸੰਧਿ ਮਿਲੇ ਸੋਹੰ ਲਿਵ ਲਾਈ ਹੈ ॥**

(ਜੋ) ਖੰਡ,ਬ੍ਰਹਮੰਡ, ਸਰੀਰ,ਪ੍ਰਾਣ ਤੇ ਮਨ ਵਿਚ ਪ੍ਰਾਪਤ ਹੈ, ਗੁਰਸਿਖਾਂ ਦੀ ਸੰਧੀ ਵਿਚ ਮਿਲੇ (ਹੋਏ ਜਗਯਾਸੂ ਨੇ)'ਸੋਹੰ' (ਪਦ ਕਹਿਕੇ ਉਸ ਵਿਚ)ਲਿਵ ਲਾਈ ਹੈ (ਅਰਥਾਤ ਸੋਹੰ ਸੋ ਜਾਕੋ ਹੈ ਜਾਪੁ" ਜੋ ਦੇਹ, ਪ੍ਰਾਣ, ਮਨ ਤੇ ਖੰਡ ਬ੍ਰਹਮੰਡ ਵਿਚ ਵਿਆਪਕ ਹੈ, ਉਸਦਾ ਨਾਮ ਹੈ 'ਸੋ' ਤੇ ਜੀਵ ਸੂਚਕ ਪਦ ਹੈ 'ਹੰ', ਇਸ ਤਰਾਂ 'ਸੋਹੰ' ਪਦ ਅਭੇਦਤਾ ਨੂੰ ਸੂਚਨ ਕਰਨ ਵਾਲਾ ਹੈ, ਇਸਦਾ 'ਜਾਪ ਹੁੰਦਾ ੨ 'ਸੋਹੰ' ੨ ਦੀ ਜਗਾ ਤੇ 'ਸੋਹੰ-ਹੰਸੋ' ਹੋ ਜਾਂਦਾ ਹੈ, ਤਾਂ ਸਮਝੋ ਜੀਵ-ਬ੍ਰਹਮ ਦੀ ਏਕਤਾ ਹੋ ਗਈ ਹੈ, ਉਸ ਏਕਤਾ ਨੂੰ ਜਤਾਉਂਦੇ ਹਨ :–

**ਦਰਪਨ ਦਰਸ ਅਉ ਜੰਤ੍ਰ ਧੁਨਿ ਜੰਤ੍ਰੀ ਬਿਧਿ ਓਤਿ ਪੋਤਿ ਸੂਤਿ ਏਕੈ ਦੁਬਿਧਾ ਮਿਟਾਈ ਹੈ ॥੧੩॥੪੭॥**

(ਜਿਵੇਂ) ਸ਼ੀਸ਼ੇ ਵਿਚ ਦਰਸ਼ਨ ਅਤੇ ਵਾਜੇ ਦੀ ਆਵਾਜ਼ ਵਿਚ ਵਜਾਉਣ ਵਾਲੇ ਦੀ ਅਵਾਜ਼ ਅਤੇ (ਕਪੜੇ ਦੇ) ਤਾਣੇ-ਪੇਟੇ ਦੇ ਸੂਤ੍ਰ ਦੀ ਜਿਸ ਬਿਧੀ ਕਰਕੇ ਏਕਤਾ ਹੈ,(ਇਸ ਤਰੀਕੇ ਨਾਲ ਗੁਰਸਿਖਾਂ ਨੇ ਅਭੇਦਤਾ ਰੂਪ ਏਕਤਾ ਪ੍ਰਾਪਤ ਕਰਕੇ) ਦੁਬਿਧਾ ਮਿਟਾ ਲਈ ਹੈ ॥ ੧੩ ॥ ੪੭ ॥

**ਚਰਨ ਸਰਨਿ ਮਨ ਬਚ ਕ੍ਰਮ ਹੁਇ ਇਕੱਤ੍ਰ ਤਨ ਤ੍ਰਿਭਵਨ ਗਤਿ ਅਲਖ ਲਖਾਈ ਹੈ ॥**

(ਗੁਰੂ ਦੀ) ਚਰਨ ਸ਼ਰਨ ਵਿਚ (ਜੇ) ਮਨ, ਬਾਣੀ ਤੇ ਸਰੀਰ ਇਕੱਤ੍ਰ ਹੋ ਜਾਵੇ, (ਤਾਂ) ਤਿੰਨਾਂ ਭਵਨਾਂ ਦੀ ਅਲਖ ਗਤੀ ਸਰੀਰ (ਦੇ ਅੰਦਰੋਂ ਹੀ) ਜਾਣੀ ਜਾਂਦੀ ਹੈ।

**ਮਨ ਬਚ ਕਰਮ ਕਰਮ ਮਨ ਬਚਨ ਕੈ ਬਚਨ ਕਰਮ ਮਨ ਉਨਮਨੀ ਛਾਈ ਹੈ ॥**

ਮਨ, ਬਾਣੀ ਤੇ ਸ਼ਰੀਰ (ਦੀ ਅਜੇਹੀ ਏਕਤਾ ਹੋਵੇ ਕਿ) ਸਰੀਰ ਦੀ ਕਰਣੀ, ਬਾਣੀ ਦੀ ਕਥਨੀ (ਅਨੁਸਾਰ ਹੋਵੇ ਤੇ ਬਾਣੀ ਦੀ ਕਥਨੀ) ਮਨ (ਦੇ ਮੁਤਾਬਿਕ ਹੋਵੇ, ਅਰਥਾਤ) ਬਾਣੀ, ਸਰੀਰ ਤੇ ਮਨ (ਉਤੇ ਹਰ ਸਮੇਂ) ਉਨਮਨੀ (ਅਵਸਥਾ ਹੀ) ਛਾਈ ਹੋਈ ਹੋਵੇ(ਭਾਵ ਏਹ ਕਿ ਮਨ, ਬਾਣੀ, ਸਰੀਰ ਉਤੇ ਹਰ ਵੇਲੇ ਤੁਰੀਆ ਪਦ ਦਾ ਅਸਰ ਬਣਿਆਂ ਰਹੇ)।

**ਗਿਆਨੀ ਧਿਆਨੀ ਕਰਨੀ ਜਿਉ ਗੁਰ ਮਹੂਆ ਕਮਾਦ ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ ॥**

ਗਿਆਨ ਦੀ ਕਰਣੀ, ਧਿਆਨ ਦੀ ਕਰਨੀ ਤੇ (ਗੁਰ ਸੇਵਾ ਰੂਪ) ਕਰਣੀ, [ਇਹ ਤਿੰਨੇ] ਗੁੜ, ਮਹੂਆ ਤੇ ਕਮਾਦ ਵਾਂਗੂ ਹਨ, [ਇਸ ਤੋਂ ਸਾਧਨਾ ਰੂਪ] ਭੱਠੀ ਕਰਕੇ ਅਪਾਰ ਧਾਰ ਸਰੂਪ ਆਤਮ ਰਸ ਇਕ ਰਸ ਚੋ ਆਇਆ ਹੈ [ਅਰਥਾਤ ਜਿਵੇਂ ਗੁੜ, ਮਹੂਆ ਤੇ ਕਮਾਦ ਦੇ ਮਿਲਾਪ ਰੂਪ ਲਾਹਨ ਤੋਂ ਭੱਠੀ ਦਵਾਰੇ ਸ਼ਰਾਬ ਚੁਆਈ ਜਾ ਸਕਦੀ ਹੈ, ਇਸੇ ਤਰਾਂ ਗਿਆਨ ਦੀ, ਧਿਆਨ ਦੀ ਤੇ ਕਰਣੀ ਦੀ ਲਾਹਨ ਤੋਂ ਸਾਧਨਾਂ ਰੂਪ ਭੱਠੀ ਤੋਂ ਆਤਮ ਰਸ ਅਮ੍ਰਿਤ ਚੁਆਇਆ ਜਾ ਸਕਦਾ ਹੈ, ਜਿਸਦੀ ਮਸਤੀ ਨਾਲ ਆਪਾ ਭੁਲ ਜਾਂਦਾ ਹੈ।

**ਪ੍ਰੇਮ ਰਸ ਅੰਮ੍ਰਿਤ ਨਿਧਾਨਿ ਪਾਨ ਪੂਰਨ ਹੁਇ ਗੁਰਮੁਖ ਸੰਧਿ ਮਿਲੇ ਸਹਜ ਸਮਾਈ ਹੈ ॥ ੧੪ ॥ ੪੮ ॥**

ਉਸ ਅਮ੍ਰਿਤ ਦੇ ਨਿਧਾਨ ਰੂਪ ਪ੍ਰੇਮ ਰਸ ਨੂੰ ਪਾਨ ਕਰਕੇ [ਜੋ] ਗੁਰਸਿਖ ਪੂਰਨ [ਅਨੰਦ] ਹੋਏ ਹਨ, [ਉਨ੍ਹਾਂ] ਗੁਰਮੁਖਾਂ ਦੀ ਸੰਧੀ [ਵਿਚ ਜੋ ਜਗਯਾਸੂ] ਮਿਲੇ ਹਨ, (ਉਨ੍ਹਾਂ ਦੀ ਆਤਮ ਸਰੂਪ ਵਿਚ) ਸਹਜੇ ਹੀ ਸਮਾਈ ਹੋਈ ਹੈ ॥੧੪॥੪੮॥

**ਬਿਬਿਧਿ ਬਿਰਖ ਬਲੀ ਫ਼ਲ ਫੂਲ ਮੂਲ ਸਾਖਾ ਰਚਨ ਚਰਿਤ੍ਰ ਚਿਤ੍ਰ ਅਨਿਕ ਪ੍ਰਕਾਰ ਹੈ ॥**

ਅਨੇਕ ਤਰਾਂ ਦੇ ਦਰਖਤ, ਵੇਲਾਂ, ਫਲ, ਫੁਲ ਮੂਲ, ਟਾਹਣੀਆਂ [ਆਦਿਕ] ਰਚਨਾਂ ਦੇ ਚਰਿਤ੍ਰ ਦਾ ਚਿਤ੍ਰ (ਫੋਟੋ) ਅਨੇਕ ਪ੍ਰਕਾਰ ਦਾ ਹੈ।

**ਬਰਨ ਬਰਨ ਫਲ ਬਹੁ ਬਿਧਿ ਸ੍ਵਾਦ ਰਸ ਬਰਨ ਬਰਨ ਫੂਲ ਬਾਸਨਾ ਬਿਥਾਰ ਹੈ ॥**

ਰੰਗਾਂ ਰੰਗਾਂ ਦੇ ਫਲ ਹਨ, (ਜੋ) ਬਹੁਤ ਕਿਸਮਾਂ ਦੇ ਸਵਾਦ ਤੇ ਰਸ (ਵ ਲੇ ਹਨ, ਫਿਰ) ਰੰਗਾਂ ਰੰਗਾਂ ਦੇ ਫੁਲਾਂ (ਵਿਚ ਅਨੇਕ ਤਰਾਂ ਦੀ) ਵਾਸ਼ਨਾਂ ਦਾ ਵਿਸਥਾਰ ਹੈ।

**ਬਰਨ ਬਰਨ ਮੂਲ ਬਰਨ ਬਰਨ ਸਾਖਾ ਬਰਨ ਬਰਨ ਪਤ੍ਰ ਸੁ ਗਨ ਅਚਾਰ ਹੈ ॥**

ਰੰਗਾਂ ਰੰਗਾਂ ਦੇ ਮੁੱਢ ਹਨ, ਰੰਗਾਂ ਰੰਗਾਂ ਦੀਆਂ ਟਾਹਣੀਆਂ ਹਨ, ਰੰਗਾਂ ਰੰਗਾਂ ਦੇ ਪੱਤ੍ਰ ਹਨ, ਅਤੇ ਉਨ੍ਹਾਂ ਦੇ ਗੁਣ ਤੇ ਕਰਮ (ਭੀ ਵੱਖੋ ਵੱਖਰੇ) ਹਨ।

**ਬਿਬਿਧ ਬਨਾਸਪਤਿ ਅੰਤਰਿ ਅਗਨਿ ਜੈਸੇ ਸਕਲ ਸੰਸਾਰ ਬਿਖੈ ਏਕੈ ਏਕੰਕਾਰ ਹੈ ॥ ੧੫ ॥ ੪੯ ॥**

ਜਿਸ ਤਰਾਂ ਅਨੇਕ ਤਰਾਂ ਦੀ ਬਨਾਸਪਤੀ ਵਿਚ

ਅਗਨੀ (ਇਕੋ ਹੀ ਤਰਾਂ ਦੀ ਹੈ, ਇਸੇ ਤਰਾ ਹੀ ਅਨੇਕਾਂ ਰੰਗਾਂ-ਰੂਪਾਂ ਵਾਲੇ) ਸਾਰੇ ਸੰਸਾਰ ਵਿਚਇਕੋ ਇਕ ਏਕੰਕਾਰ (ਵੱਸ ਰਿਹਾ) ਹੈ ॥ ੧੫ ॥ ੪੯ ॥

ਭਾਵ-''ਸਗਲ ਬਨਸਪਤਿ ਮਹਿ ਬੈਸੰਤਰ'' ਦਾ ਦ੍ਰਿਸ਼ਟਾਂਤ ਦੇਕੇ ਉਪਦੇਸ਼ ਦਿਤਾ ਹੈ-''ਊਚ ਨੀਚ ਮਹਿ ਜੋਤਿ ਸਮਾਨੀ ਘਟ ਘਟ ਮਾਧਉ ਜੀਆ''।

**ਗੁਰ ਸਿਖ ਸੰਧਿ ਮਿਲੇ ਦ੍ਰਿਸ਼ਟਿ ਦਰਸ ਲਿਵ ਗੁਰਮੁਖਿ ਬ੍ਰਹਮ ਧਿਆਨ ਸਾਧ ਲਿਵ ਲਾਈ ਹੈ ॥**

(ਜੋ) ਗੁਰਸਿਖ [ਗੁਰਮੁਖਿ] ਸਤਿਗੁਰੂ ਦੀ ਸੰਧੀ ਵਿਚ ਮਿਲੇ ਹਨ, (ਉਨ੍ਹਾਂ ਦੀ) ਦ੍ਰਿਸ਼ਟੀ ਦਰਸ਼ਨਦੀ ਲਿਵ(ਵਿਚ ਜੁੜ ਗਈ ਹੈ, ਮਾਨੋਂ ਉਨ੍ਹਾਂ ਨੇ) ਬ੍ਰਹਮ ਧਿਆਨ ਵਿਚ ਲਿਵ ਲਾ ਲਈ ਹੈ।

**ਗੁਰ ਸਿਖ ਸੰਧਿ ਮਿਲੇ ਸ਼ਬਦੁ ਸੁਰਤਿ ਲਿਵ ਗੁਰਮੁਖਿ ਬ੍ਰਹਮ ਗਿਆਨ ਧਯਾਨ ਸੁਧਿ ਪਾਈ ਹੈ ॥**

(ਜੋ) ਗੁਰਸਿਖ ਸਤਿਗੁਰੂ ਦੀ ਸੰਧੀ ਵਿਚ ਮਿਲੇ ਹਨ, (ਉਨ੍ਹਾਂ ਦੀ) ਸੁਰਤ ਦੀ ਲਿਵ ਸ਼ਬਦ (ਵਿਚ ਲਗ ਗਈ ਹੈ,ਮਾਨੋ ਇਹ ਉਨ੍ਹਾਂ ਨੇ)ਬ੍ਰਹਮ ਗਿਆਨ ਦੇ ਧਯਾਨ ਦੀ ਸੋਝੀ ਪਾ ਲਈ ਹੈ।

**ਗੁਰ ਸਿਖ ਸੰਧਿ ਮਿਲੇ ਸ੍ਵਾਮੀ ਸੇਵ ਸੇਵਕ ਹੁਇ ਗੁਰਮੁਖਿ ਨਿਹਕਾਮ ਕਰਨੀ ਕਮਾਈ ਹੈ ॥**

(ਜੋ) ਗੁਰਸਿਖ ਸਤਿਗੁਰੂ ਦੀ ਸੰਧੀ ਵਿਚ ਮਿਲੇ ਹਨ (ਉਨ੍ਹਾਂ ਨੇ)ਨਿਸ਼ਕਾਮ ਸੇਵਕ ਹੋ ਕੇ ਸਵਾਮੀ ਦੀ ਸੇਵਾ ਕਰਨ ਦੀ ਕਮਾਈ ਕੀਤੀ ਹੈ।

**ਗੁਰ ਸਿਖ ਸੰਧਿ ਮਿਲੇ ਕਰਨੀ ਸੁ ਗਿਆਨ ਧਿਆਨ ਗੁਰਮੁਖਿ ਪ੍ਰੇਮ ਨੇਮ ਸਹਜ ਸਮਾਈ ਹੈ॥ ੧੬ ॥ ੫੦ ॥**

(ਜੋ) ਗੁਰਸਿਖ ਸਤਿਗੁਰੂ ਦੀ ਸੰਧੀ ਵਿਚ ਮਿਲੇ ਹਨ,(ਉਨ੍ਹਾਂ ਨੇ) ਗਿਆਨ ਧਿਆਨ ਦੀ ਸ਼ੁਭ ਕਰਨੀ ਰੂਪ ਪ੍ਰੇਮ ਦੇ ਨਿਯਮ ਵਿਚ ਸਹਜੇ ਹੀ ਸਮਾਈ ਕਰ ਲਈ ਹੈ ॥ ੧੬ ॥ ੫੦ ॥

**ਗੁਰਮੁਖਿ ਸੰਧਿ ਮਿਲੇ ਬ੍ਰਹਮ ਧਿਆਨ ਲਿਵ ਏਕੰਕਾਰ ਕੈ ਅਕਾਰ ਅਨਿਕ ਪ੍ਰਕਾਰ ਹੈ।**

(ਜਦ) ਸਤਿਗੁਰੂ ਦੀ ਸੰਧੀ (ਵਿਚ ਸਿਖ ਦੀ) ਲਿਵ ਮਿਲ ਜਾਏ, (ਤਾਂ ਸਿਖ ਨੂੰ) ਬ੍ਰਹਮ ਗਿਆਨ (ਪ੍ਰਾਪਤ ਹੁੰਦਾ ਹੈ,ਜਿਸ ਕਰਕੇ ਉਹ ਜਾਣ ਲੈਂਦਾ ਹੈ ਕਿ) ਏਕੰਕਾਰ ਨੇ ਹੀ ਅਨੇਕ ਪ੍ਰਕਾਰ ਦੇ ਅਕਾਰ [ਕੈ] ਕੀਤੇ ਹੋਏ ਹਨ।

**ਗੁਰਮੁਖਿ ਸੰਧਿ ਮਿਲੇ ਬ੍ਰਹਮ ਗਿਆਨ ਲਿਵ ਨਿਰੰਕਾਰ ਓਅੰਕਾਰ ਬਿਬਿਧ ਬਿਥਾਰ ਹੈ ॥**

(ਜਦ) ਸਤਿਗੁਰੂ ਦੀ (ਸੰਧੀ) ਜੋੜ ਵਿਚ (ਸਿਖ ਦੀ) ਲਿਵ ਜੁੜਦੀ ਹੈ,(ਤਾਂ) ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਸਿਖ ਜਾਣ ਲੈਂਦਾ ਹੈ, ਕਿ ਨਿਰੰਕਾਰ ਹੀ ਓਅੰਕਾਰ ਰੂਪ ਹੋਕੇ ਅਨੇਕ ਤਰਾਂ ਨਾਲ ਫੈਲਿਆ ਹੋਇਆ ਹੈ।

**ਗੁਰਸਿਖ ਸੰਧਿ ਮਿਲੈ ਸ੍ਵਾਮੀ ਸੇਵ ਸੇਵਕ ਹੁਇ ਬ੍ਰਹਮ ਬਿਬੇਕ ਪ੍ਰੇਮ ਭਗਤਿ ਅਚਾਰ ਹੈ॥**

(ਜਦ) ਗੁਰਸਿਖ (ਦੀ ਲਿਵ ਸਤਿਗੁਰੂ ਦੇ)ਜੋੜ ਵਿਚ ਜੁੜਦੀ ਹੈ,(ਤਾਂ) ਬ੍ਰਹਮ ਦੇ ਵਿਵੇਕ (ਪ੍ਰਾਪਤ ਕਰਨ ਲਈ) ਸੇਵਕ ਹੋਕੇ ਸ੍ਵਾਮੀ ਦੀ ਸੇਵਾ ਤੇ ਪ੍ਰੇਮਾ ਭਗਤੀ ਰੂਪ ਕਰਮ ਕਰਦਾ ਹੈ।

**ਗੁਰਮੁਖਿ ਸੰਧਿ ਮਿਲੇ ਪਰਮਦਭੁਤ ਗਤਿ ਨੇਤਿ ਨੇਤਿ ਨੇਤਿ ਨਮੋ ਨਮੋ ਨਮਸ਼ਕਾਰ ਹੈ ॥ ੧੭ ॥ ੫੧ ॥**

(ਜੋ) ਸਤਿਗੁਰੂ ਦੀ ਸੰਧੀ ਵਿਚ ਮਿਲੇ ਹਨ (ਅਰਥਾਤ ਜੋ ਸਿਖ ਸਤਿਗੁਰੂ ਦੇ ਜੋੜ ਵਿਚਜੁੜੇਹਨ; (ਉਨ੍ਹਾਂ ਦੀ)ਗਤੀ ਵਡੀ ਹੀ ਅਚਰਜ ਹੈ, (ਤਾਂਤੇਐਸੇ

ਗੁਰਸਿਖਾਂ ਨੂੰ) ਮਨ ਕਰਕ ਬੇਅੰਤ ਵੇਰੀ ਨਮਸ਼ਕਾਰ ਹੈ, ਬਾਣੀ ਕਰਕੇ ਬੇਅੰਤ ਵੇਰੀ ਨਮਸ਼ਕਾਰ ਹੈ ਤੇ ਸਰੀਰ ਕਰਕੇ ਬੇਅੰਤ ਵੇਰੀ ਨਮਸ਼ਕਾਰ ਕਰਦਾ ਹਾਂ ॥੧੭॥੫੧॥

**ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਏ ਹੈ ॥**

(ਜੇਹੜੇ) ਗੁਰਮੁਖ ਮਨ, ਬਾਣੀ, ਸਰੀਰ ਕਰਕੇ ਇਕੱਤ੍ਰ (ਇਕਾਗ੍ਰ) ਹੋਏ ਹਨ, (ਉਹ) ਅੰਗ ਅੰਗ (ਰੋਮ ਰੋਮ)ਕਰਕੇ ਅਸਚਰਜ ਹਨ ਅਤੇ ਸਾਰੇ ਅੰਗਾਂ (ਸਰੀਰਾਂ) ਵਿਚ (ਬ੍ਰਹਮ ਨੂੰ) ਸਮਾਇਆ ਹੋਇਆ ਵੇਖਦੇ ਹਨ)।

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ ਰਸਨਾ ਥਕਤ ਭਈ ਕਹਤ ਨ ਆਏ ਹੈ ॥**

(ਜਿਨ੍ਹਾਂ ਨੇ) ਪ੍ਰੇਮ ਰਸ ਰੂਪ ਅਮ੍ਰਿਤ ਨਿਧਾਨ ਪੀਣਾ ਕੀਤਾ ਹੈ(ਉਹ ਉਸਦੀ) ਮਸਤੀ ਨਾਲ ਮਸਤ ਹੋ ਗਏ ਹਨ, ਉਨ੍ਹਾਂ ਦੀ ਜੀਭ ਥਕ ਗਈ ਹੈ, ਉਨ੍ਹਾਂ ਨੂੰ ਕੋਈ ਗਲ) ਕਹਿਣੀ ਨਹੀਂ ਆਉਂਦੀ ਹੈ।

**ਜਗ ਮਗ ਪ੍ਰੇਮ ਜੋਤਿ ਅਤਿ ਅਸਚਰਜ ਮੈ ਲੋਚਨ ਚਕਿਤ ਭਏ ਹੇਰਤਿ ਹਿਰਾਏ ਹੈ॥**

(ਜੋ) ਲਟ ਲਟ ਕਰਕੇ ਬਲਦੀ ਜੋਤਿ ਅਤਿ ਅਚਰਜ ਰੂਪ (ਉਨ੍ਹਾਂ ਨੇ ਵੇਖੀ ਹੈ, ਉਸਦੇ) ਪ੍ਰੇਮ ਕਰਕੇ ਲੋਚਨ ਹੈਰਾਨ ਹੋ ਗਏ ਹਨ, ਅਤੇ ਵੇਖਦੇ ਵੇਖਦੇ ਹੁਟ ਗਏ ਹਨ।

**ਰਾਗ ਨਾਦ ਬਾਦ ਬਿਸਮਾਦ ਪ੍ਰੇਮ ਧੁਨਿ ਮੁਨਿ ਸ੍ਰਵਨ ਸੁਰਤ ਬਿਲੈ ਬਿਲੈ ਬਿਲਾਇ ਹੈ ॥ ੧੩॥੫੨॥**

ਅਚਰਜ ਪ੍ਰੇਮ ਰੂਪ ਧੁਨੀ ਕਰਕੇ, ਰਾਗ ਸੁਣਨ ਵਾਲੀ ਸੁਰਤੀ ਕਨਾਂ ਵਿਚੋਂ ਬਿਲੈ (ਲੁਪਤ) ਹੋ ਗਈ ਹੈ,ਨਾਦ ਸੁਣਨ ਵਲੋਂ ਕਨਾਂ ਦੀ ਸੁਰਤਿ ਬਿਲੈ [ਵਿਲਾਸ਼ਟ] ਹੋ ਗਈ ਹੈ, ਅਤੇ ਵਾਜੇ ਸੁਣਨ ਵਾਲੀ ਸ੍ਰਵਨ-ਸ਼ਕਤੀਬਿਲਾਇ[ਨਾਸਹੋ]ਗਈਹੈ॥੧੮॥੫੨॥

**ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ ਪੂਰਨ ਪਰਮ ਪਦ ਪ੍ਰੇਮ ਪ੍ਰਗਟਾਏ ਹੈ ॥**

(ਜਿਸ) ਗੁਰਸਿਖ ਦਾ ਮਨ, ਬਾਣੀ ਤੇ ਸਰੀਰ ਇਕਤ੍ਰ ਹੋਇਆ ਹੈ,(ਉਸਨੂੰ) ਪਰਮ ਪਦ ਦਾ ਪੂਰਨ ਪ੍ਰੇਮ ਪ੍ਰਗਟ ਹੋ ਆਇਆ ਹੈ।

**ਲੋਚਨ ਮੈ ਦ੍ਰਿਸਟਿ ਦਰਸ ਰਸ ਗੰਧਿ ਸੰਧਿ ਸ੍ਰਵਨ ਸ਼ਬਦ ਸੁਰਤਿ ਗੰਧ ਰਸ ਪਾਏ ਹੈ ॥**

(ਉਸਦੀਆਂ) ਅਖਾਂ ਵਿਚਲੀ ਦ੍ਰਿਸ਼ਟੀ [ਨਜ਼ਰ] ਨੇ ਦਰਸ਼ਨ ਰਸ ਦੀ ਗੰਧੀ ਦੀ ਸੰਧੀ ਨੂੰ ਅਤੇ ਕੰਨਾ ਨੇ ਸ਼ਬਦ (ਸੁਰਤਿ) ਸੁਣਨ ਵਾਲੀ ਗੰਧ ਦੀ ਰਸ ਸੰਧੀ ਨੂੰ ਪਾਇਆ ਹੈ।

**ਰਸਨਾ ਮੈ ਰਸ ਗੰਧ ਸ਼ਬਦ ਸੁਰਤਿ ਮੇਲ ਨਾਸ ਬਾਸ ਰਸੁ ਸ੍ਰੁਤਿ ਸ਼ਬਦ ਲਖਾਏ ਹੈ ॥**

ਜੀਭ ਵਿਚ ਸ੍ਵਾਦ ਦੀ ਗੰਧ [ਖਿੱਚ] ਸੁਰਤ ਵਿਚ ਸ਼ਬਦ ਦਾ ਮੇਲ, ਨਾਸਾਂ ਵਿਚ ਵਾਸ਼ਨਾ ਦਾ ਰਸ ਤੇ (ਸ੍ਰੁਤਿ) ਕੰਨਾਂ ਵਿਚ (ਸ਼ਬਦ) ਅਵਾਜ਼ ਦੀ ਲਖਤਾ ਪਾਈ ਹੈ।

**ਰੋਮ ਰੋਮ ਰਸਨਾ ਸ੍ਰਵਨ ਦ੍ਰਿਗ ਨਾਸਾ ਕੋਟਿ ਖੰਡ ਬ੍ਰਹਮੰਡ ਪਿੰਡ ਪ੍ਰਾਨ ਮੈ ਜਤਾਏ ਹੈ ॥੧੯॥੫੩॥**

(ਜਿਸ ਦਾ) ਰੋਮ ਰੋਮ (ਨਾਲ ਸਪਰਸ) ਜੀਭ (ਨਾਲ ਸ੍ਵਾਦ), ਕੰਨਾਂ (ਨਾਲ ਸ਼ਬਦ), ਅਖਾਂ (ਨਾਲ ਦਰਸ਼ਨ) ਤੇ ਨਾਸਾਂ (ਨਾਲ ਵਾਸ਼ਨਾ) ਦਾ ਗਿਆਨ ਹੁੰਦਾ ਹੈ, ਜੋ ਕ੍ਰੋੜਾਂ, ਖੰਡਾਂ, ਬ੍ਰਹਮੰਡਾਂ ਤੇ ਸਰੀਰਾਂ (ਵਿਚ ਵਿਆਪਕ ਹੈ, ਉਸਨੂੰ] ਪ੍ਰਾਣਾਂ ਵਿਚ ਜਾਣ

ਲਿਆ ਹੈ ।।੧੯।। ੫੩।।

**ਪੂਰਨਬ੍ਰਹਮ ਆਪ ਆਪਨਹੀ ਆਪੁ ਸਾਜਿ ਆਪਨੁ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ ।।**

ਪੂਰਨ ਬ੍ਰਹਮ ਨੇ ਆਪੇ ਹੀ ਆਪਣਾ [ਸਰੀਰ] ਆਪ ਤੋਂ ਸਾਜਿਆ ਹੈ, [ਫਿਰ] ਆਪ ਹੀ ਵੀਚਾਰ ਕਰਕੇ ਆਪਣਾ ਨਾਮ 'ਨਾਨਕ' ਰਚਿਆ ਹੈ, [ਜਿਸ ਦਾ ਅਰਥ ਹੈ 'ਨ+ਅਨਕ' ਦਵੈਤ ਨਹੀਂ ਹੈ]।

**ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ ।।**

ਪਹਿਲੇ ਗੁਰੂ 'ਨਾਨਕ' (ਨੇ ਹੀ ਆਪਣਾ) ਦੂਜਾ ਨਾਮ 'ਗੋਬਿੰਦ' ਕਰਕੇ ਕਹਾਇਆ ਹੈ, ਸਤਿਗੁਰੂ ਦੇ ਆਕਾਰ ਦੀ ਰਚਨਾ 'ਓਅੰਕਾਰ ਕਰਕੇ' (ਹੀ ਹੋਈ ਹੈ।]

**ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ ਗੁਰਮੁਖਿ ਲੀਲ੍ਹਾ ਧਾਰੀ ਅਨਿਕ ਅਉਤਾਰ ਕੈ ।।**

ਸਤਿਗੁਰੂ ਹੀ ਨਾਦ-ਬੇਦ ਹੈ,ਸਤਿਗੁਰੂ ਹੀ [ਇਸ ਦਾ] ਭੇਦ ਪਾਂਦਾ ਹੈ, ਸਤਿਗੁਰੂ ਹੀ ਲੀਲਾਧਾਰੀ (ਹੋਕੇ) ਅਨੇਕਾਂ ਅਉਤਾਰ (ਧਾਰ ਰਿਹਾ) ਹੈ।

**ਗੁਰੂ ਗੋਬਿੰਦ ਅਉ ਗੋਬਿੰਦ ਗੁਰ ਏਕ ਮੇਕ ਓਤਿ ਪੋਤਿ ਸੂਤ੍ਰ ਗਤਿ ਅੰਬਰ ਉਚਾਰਕੈ ।। ੨੦ ।। ੫੯ ।।**

ਗੁਰੂ ਹੀ ਗੋਬਿੰਦ ਹੈ ਅਤੇ ਗੋਬਿੰਦ ਹੀ ਗੁਰੂ ਹੈ, (ਇਹ ਦੋਵੇਂ ਆਪੋ ਵਿਚ) ਇਕਮਿਕ ਹੋ ਰਹੇ ਹਨ, ਜਿਵੇਂ ਕਿ ਤਾਣੇ-ਪੇਟੇ ਦਾ ਸੂਤਰ ਇਕ-ਮਿਕ ਹੋਣ ਦੀ ਗਤੀ ਪਰਾਪਤ ਕਰਦਾ ਹੈ, (ਤਾਂ ਉਸਦਾ ਨਾਮ) ਕਪੜਾ ਕਿਹਾ ਜਾਂਦਾ ਹੈ ।।੨੦।। ੫੪।।

ਭਾਵ ਆਦਿ ਗੁਰ ਦੇ ਨਾਲ ਜੋ 'ਗੋਬਿੰਦ' ਨਾਮ ਕਿਹਾ ਹੈ,ਇਸ ਤੋਂ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ, ਭਾਵੇਂ ਉਸ ਵੇਲੇ ਦਸਮੇਸ਼ ਸਵਾਮੀ ਜੀ ਦਾ ਅਵਤਾਰ ਨਹੀਂ ਹੋਇਆ ਸੀ, ਪਰ ਭਾਈ ਸਾਹਿਬ ਦਿਬ ਦ੍ਰਿਸ਼ਟੀ ਨਾਲ ਵੇਖਕੇ ਕਹਿ ਰਹੇ ਹਨ, ਜੋ ਵਾਰਾਂ ਵਿਚ ਸਾਹਿਬ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਚਨਾਂ ਤੋਂ ਭੀ ਕਹਾਇਆ ਹੈ, ਜੈਸਾ ਕਿ–

'ਪੁਛਣ ਸਿਖ ਅਰਦਾਸ ਕਰਿ ਛਿਅ ਮਹਿਲਾਂ ਤਕ ਦਰਸ ਨਿਹਾਰੀ ।। ਅਗਮ ਅਗੋਚਰੁ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ।। ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰ ਖਿਲਾਰੀ ।। ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ।।

ਸਿਖਾਂ ਨੇ ਬੇਨਤੀ ਕਰਕੇ ਪੁਛਿਆ–ਹੇ ਗੁਰੂ ਜੀ ! ਅਸਾਂ ਛੇ ਮਹਿਲਾਂ ਤਕ (ਸਤਿਗੁਰੂ ਜੀ ਦਾ) ਦਰਸ਼ਨ ਕੀਤਾ ਹੈ, ਹੋਰ ਕਿਨੇ ਗੁਰੂ ਹੋਣਗੇ ? ਇਸਦੇ ਉਤਰ ਵਿਚ ਗੁਰੂ ਜੀ ਨੇ ਕਿਹਾ–ਹੇ ਸੰਸਾਰੀ ਲੋਕੋ !ਧਿਆਨ ਦੇ ਕੇ ਸੁਣੋ, ਕਲਿਜੁਗ ਵਿਚ ਸੋਢੀ ਬੰਸ ਦੀ ਨੀਂਹ ਅਚੱਲ ਹੈ ਅਤੇ ਇਹ ਬਹੁਤ ਦੂਰ ਤਕ ਫੈਲੇਗੀ ਪਰ (ਜੁਗ=ਦੋ+ਜੁਗ=ਦੋ) ਸਤਿਗੁਰੂ ਚਾਰ ਅਵਤਾਰ ਹੋਰ ਧਰੇਗਾ। ਬਸ ! ਛੇ ਤੇ ਚਾਰ ਦਸ। ਸਤਿਗੁਰੂ ਜੀ ਦੇ ਸਾਰੇ ਦਸ ਅਵਤਾਰ ਹੋਣਗੇ ਤੇ ਦਸਵਾਂ ਅਵਤਾਰ ਹੀ 'ਗੋਬਿੰਦ' ਨਾਮ ਤੋਂ ਪ੍ਰਗਟ ਹੋਣਾ ਹੈ, ਇਸ ਕਥਨ ਵਿਚ ਰਤੀ ਭਰ ਵੀ ਸੰਦੇਹ ਨਹੀ ਹੈ।

**ਜੈਸੇ ਬੀਜ ਬੋਏ ਹੋਤ ਬਿਰਖ ਬਿਥਾਰ ਗੁਰ ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ ।।**

ਜਿਸ ਤਰਾਂ ਬੀਜ ਦੇ ਬੀਜਣ ਤੋਂ ਦਰਖਤ ਪੈਦਾ ਹੁੰਦਾ(ਤੇਫਿਰਉਹ)ਵਿਸਥਾਰਵਾਲਾਹੋਜਾਂਦਾਹੈ,(ਇਸੇ ਤਰਾਂ ਪਾਰਬ੍ਰਹਮ ਰੂਪ ਬੀਜ ਤੋਂ)ਪੂਰਨ ਬ੍ਰਹਮ (ਰੂਪ ਦਰੱਖਤ ਹੋਇਆ ਹੈ, ਅਰਥਾਤ) 'ਨਿਰਾ+ਅਕਾਰ' ਨੇ 'ਇਕ+ਅਕਾਰ' ਗੁਰੂ (ਰੂਪ) ਧਾਰਿਆ ਹੈ।

**ਜੈਸੇ ਏਕ ਬਿਰਖ ਸੈ ਹੋਤ ਹੈ ਅਨੇਕ ਫ਼ਲ ਤੈਸੇ ਗੁਰ ਸਿਖ ਸਾਧ ਸੰਗਤਿ ਅਕਾਰ ਹੈ ।।**

(ਫਿਰ) ਜਿਸ ਤਰਾਂ ਇਕ ਦਰੱਖਤਵਿਚ ਅਨੇਕਾਂ

ਫਲ ਹੁੰਦੇ ਹਨ,ਉਸੇ ਤਰਾਂ ਗੁਰੂ (ਰੂਪ ਦਰੱਖਤ ਨਾਲ ਅਨੇਕਾਂ) ਸਿਖ ਤੇ ਸਾਧ ਸੰਗਤ ਦੇ ਅਕਾਰ ਹਨ ।

**ਦਰਸ ਧਿਆਨ ਗੁਰ ਸ਼ਬਦ ਗਿਆਨ ਗੁਰ ਨਿਰਗੁਨ ਸਰਗੁਨ ਬ੍ਰਹਮ ਬੀਚਾਰ ਹੈ ॥**

(ਜੋ) ਗੁਰ ਦਰਸ਼ਨ ਦਾ ਧਿਆਨ ਹੈ,(ਇਹ ਤਾਂ) ਬ੍ਰਹਮ ਦਾ 'ਸਰਗੁਨ' (ਰੂਪ ਹੈ,ਅਤੇ ਜੋ) ਗੁਰ ਸ਼ਬਦ ਦਾ ਗਿਆਨ ਹੈ, (ਏਹ) ਬ੍ਰਹਮ ਦਾ ਨਿਰਗੁਨ ਰੂਪ ਵੀਚਾਰ (ਲੈਣਾ ਚਾਹੀਦਾ) ਹੈ ।

**ਗਯਾਨ ਧਯਾਨ ਬ੍ਰਹਮ ਸਥਾਨ ਸਾਵਧਾਨ ਸਾਧ ਸੰਗਤਿ ਪੰਗਤ ਪ੍ਰੇਮ ਭਗਤਿ ਉਧਾਰ ਹੈ ॥ ੨੧ ॥ ੫੫ ॥**

(ਜੋ) ਗਿਆਨ ਧਿਆਨ (ਹੈ, ਇਹ ਨਿਰਗੁਨ) ਬ੍ਰਹਮ (ਦਾ ਨਿਵਾਸ) ਸਥਾਨ ਹੈ, (ਅਤੇ ਜੋ) ਸਾਧ ਸੰਗਤ ਹੈ, (ਏਹ ਸਰਗੁਨ ਬ੍ਰਹਮ ਰੂਪ ਸਤਿਗੁਰੂ ਦਾ ਨਿਵਾਸ) ਸਥਾਨ ਹੈ, (ਇਸ) ਪੰਗਤ (ਵਿਚ ਜੋ ਮਨ ਦਾ) ਸਾਵਧਾਨ (ਰਹਿਣਾ ਹੈ, ਏਹੋ ਹੀ(ਪ੍ਰੇਮਾ ਭਗਤੀ (ਜੀਵ ਦਾ) ਉਧਾਰ (ਕਰਨ ਵਾਲੀ) ਹੈ ।੨੧।੫੫।

**ਫਲ ਮੂਲ ਮੂਲ ਫਲ ਮੂਲ ਫਲ ਫਲ ਮੂਲ ਆਦਿ ਪਰਮਾਦਿ ਅਰੁ ਅੰਤ ਕੈ ਅਨੰਤ ਹੈ ॥**

ਮੂਲ=ਬੀਜ । ਪਰਮਾਦਿ=ਆਦ ਤੋਂ ਪਰੇ । ਅਨੰਤ—ਅੰਤ ਨਹੀਂ । ਪਥਿਕ—ਰਾਹੀ, ਮੁਸਾਫਰ । ਇਤ ਉਤ—ਇਧਰ ਉਧਰ। ਵਾਰ ਪਾਰ—ਉਰਾਰ ਪਾਰ । ਸਰਿਤਾ—ਨਦੀ। ਸਿਧੰਤ=ਲੰਘ ਜਾਂਦਾ।

(ਜਿਵੇਂ) ਫਲ ਵਿਚ ਬੀਜ ਤੇ ਬੀਜ ਤੋਂ ਫਲ (ਫਿਰ) ਬੀਜ ਤੋਂ ਫਲ ਤੇ ਫਲ ਬੀਜ (ਵਿਚ ਹੁੰਦਾ ਹੈ, ਇਨ੍ਹਾਂ ਵਿਚੋਂ) ਪਹਿਲੇ (ਕੀ ਚੀਜ ਹੈ, ਉਸਦੀ) ਪਹਿਲ (ਦਾ ਵਿਚਾਰ) ਆਦਿ ਤੋਂ ਪਰੇ ਹੈ ਅਤੇ (ਇਨ੍ਹਾਂ ਦੋਹਾਂ ਵਿਚੋਂ)ਅੰਤ (ਵਿਚ ਕੌਣ ਹੈ,ਇਸਦਾ) ਅੰਤ ਨਹੀਂ (ਲੱਭਦਾ ਹੈ)।

**ਪਿਤ ਸੁਤ ਸੁਤ ਪਿਤ ਸੁਤ ਪਿਤ ਪਿਤ ਸੁਤ ਉਤਪਤਿ ਗਤਿ ਅਤਿ ਗੂੜ੍ਹ ਮੂਲ ਮੰਤ ਹੈ ॥**

(ਜਿਵੇਂ)ਪਿਉ ਤੋਂ ਪੁਤ੍ਰ ਹੁੰਦਾ ਹੈ ਤੇ ਫਿਰ ਉਹ) ਪੁਤ੍ਰ ਪਿਤਾ (ਹੋਕੇ) ਪੁਤ੍ਰ (ਪੈਦਾ ਕਰਦਾ ਹੈ, ਜੋ) ਪਿਤਾ(ਹੋ ਜਾਂਦਾ ਹੈ,ਅਤੇ ਪਿਤਾ(ਫਿਰ) ਪੁਤ੍ਰ (ਪੈਦਾ ਕਰਦਾ ਹੈ, ਇਸਦੀ) ਉਤਪਤੀ ਦੀ ਦਸ਼ਾ ਅਤਯੰਤ ਗੂੜ੍ਹ (ਹੈ, ਜੋ ਜਾਣੀ ਨਹੀਂ ਜਾ ਸਕਦੀ, ਅਤੇ ਇਹੋ ਹੀ ਸਾਰੀਆਂ ਵਿਚਾਰਾਂ ਦਾ) ਮੂਲ ਮੰਤ੍ਰ ਹੈ ।

**ਪਥਿਕ ਬਸੇਰਾ ਕੋ ਨਿਬੇਰਾ ਜਿਉ ਨਿਕਸ ਬੈਠ ਇਤ ਉਤ ਵਾਰ ਪਾਰ ਸਰਿਤਾ ਸਿਧੰਤ ਹੈ॥**

ਜਿਵੇਂ ਰਾਹੀ ਦੇ ਬਸੇਰੇ ਦਾ ਨਬੇੜਾ (ਨਹੀਂ ਜਾਣਿਆ ਜਾਂਦਾ,ਕਿਉਂਕਿ ਜਦ ਬੇੜੀਤੋਂ)ਨਿਕਲਕੇ ਰਾਹੀ (ਜਿਥੇ)ਬੈਠਦਾ ਹੈ,(ਉਸਨੂੰ)ਉਰਾਰ(ਤੇ ਜਦ) ਨਦੀ ਤੋਂ ਲੰਘਜਾਂਦਾ ਹੈ [ਤਾਂ ਉਸੇ ਨੂੰ ਪਾਰਕਹਿੰਦਾ ਹੈ, ਅਰਥਾਤ ਪਹਿਲੇ ਜਿਸ ਕਿਨਾਰੇ ਨੂੰ ਉਰਾਰ ਕਹਿੰਦਾ ਸੀ,ਨਦੀ ਤੋਂ ਲੰਘ ਜਾਣ ਮਗਰੋਂ ਫਿਰ ਉਸ ਤੋਂ ਕੋਈ ਪੁਛੇ ਕਿਥੋਂ ਆਇਆ ਹੈਂ ਤਾਂ ਕਹਿੰਦਾ ਹੈ-ਪਾਰੋਂ ਆਇਆ ਹਾਂ । ਜਿਸ ਕਿਨਾਰੇ ਨੂੰ ਬੇੜੀ ਤੇ ਸਵਾਰ ਹੋਣ ਤੋਂ ਪਹਿਲਾ ਪਾਰ ਕਹਿੰਦਾ ਸੀ, ਬੇੜੀ ਤੋਂ ਉਤਰਨ ਮਗਰੋਂ ਉਹ ਉਰਾਰ ਹੋ ਜਾਂਦਾ ਹੈ ਅਤੇ ਉਰਾਰ ਵਾਲਾ ਕੰਢਾ 'ਪਾਰ' ਕਹਾਉਣ ਲੱਗ ਜਾਂਦਾ ਹੈ, ਇਸ ਉਰਾਰ-ਪਾਰ ਨੂੰ ਕੋਈ (ਨਿਰਸੰਦੇਹ ਨਹੀਂ ਕਰ ਸਕਦਾ, ਫਲ ਬੀਜ ਵਾਂਗੂ ਹੀ ਇਹ ਕੋਈ ਨਹੀਂ ਦਸ ਸਕਦਾ ਕਿ ਪਹਿਲੇ ਫਲ ਸੀ ਜਾਂ ਬੀਜ ?

**ਪੂਰਨ ਬ੍ਰਹਮ ਗੁਰ ਗੋਬਿੰਦ ਗੁਬਿੰਦ ਗੁਰ ਅਬਿਗਤਿ ਗਤਿ ਸਿਮਰਤ ਸਿਖ ਸੰਤ ਹੈ ॥ ੨੨ ॥ ੫੬ ॥**

ਪੂਰਨ ਬ੍ਰਹਮ [ਸਰੂਪ] ਗੁਰੂ ਹੀ ਗੋਬਿੰਦ ਹੈ ਤੇ ਗੋਬਿੰਦ ਹੀ ਗੁਰੂ ਹੈ, [ਇਸ] ਗਤੀ [ਦਾ ਜਾਣਨਾ] ਬੜਾ ਹੀ ਅਬਗਤ ਹੈ, (ਜਿਸਨੂੰ ਕੇਵਲ ]ਸਿਖ ਸੰਤ ਸਮਝ ਸਕਦੇਹਨ[ਕਥਨ ਨਹੀਂ ਕਰ ਸਕਦੇ,ਜਿਵੇਂ-

ਗੂੰਗਾ, ਗੁੜ ਦੇ ਸਵਾਦ ਨੂੰ ਅਨਭਵ ਕਰ ਸਕਦਾਹੈ, ਪਰ ਕਥਨ ਨਹੀਂ ਕਰ ਸਕਦਾ) ॥ ੨੨ ॥ ੫੬ ॥

**ਗੁਰਮੁਖਿ ਪੰਥ ਗਹੇ ਜਮਪੁਰ ਪੰਥ ਮੇਟੇ ਗੁਰ ਸਿਖ ਸੰਗ ਪੰਚ ਦੂਤ ਸੰਗਿ ਤਿਆਗੇ ਹੈ ॥**

ਸਤਿਗੁਰੂ ਦੇ ਮਾਰਗ ਨੂੰ (ਜੋ ਜੀਵ) ਫੜੇਗਾ, (ਉਹ) ਜਮਪੁਰੀ (ਦੇ ਜਾਣ ਵਾਲੇ) ਰਾਹ ਨੂੰ ਮੇਟ ਦੇਵਗਾ, (ਕਿਉਂਕਿ) ਗੁਰ ਸਿਖਾਂ ਦਾ ਸੰਗ (ਕਰਨ ਵਾਲਾ ਕਾਮਾਦਿਕ) ਪੰਜਾਂ ਦੂਤਾਂ ਦਾ ਸਾਥ ਛਡ ਦੇਂਦਾ ਹੈ।

**ਚਰਨ ਸਰਨਿ ਗੁਰ ਕਰਮ ਭਰਮ ਖੋਏ ਦਰਸ ਅਕਾਲ ਕਾਲ ਕੰਟਕ ਭੈ ਭਾਗੇ ਹੈ ॥**

(ਜੋ) ਗੁਰੂ ਦੀ ਚਰਨ ਸਰਨ ਹੋਇਆ (ਹੈ, ਉਸ ਨੇ) ਕਰਮਾਂ ਦਾ ਭਰਮ ਨਾਸ ਕਰ ਲਿਆ ਹੈ, [ਇਸ ਲਈ ਉਸਨੂੰ] ਅਕਾਲ (ਪੁਰਖ ਦਾ) ਦਰਸ਼ਨ (ਹੋ ਗਿਆ ਹੈ ਤੇ) ਦੁਖਦਾਈ ਕਾਲ ਦਾ ਡਰ ਨਾਸ ਹੋ ਗਿਆ ਹੈ।

**ਗੁਰ ਉਪਦੇਸ਼ ਵੇਸ ਬਜਰ ਕਪਾਟ ਖੁਲੇ ਸ਼ਬਦੁ ਸੁਰਤਿ ਮੂਰਛਤ ਮਨ ਜਾਗੇ ਹੈ ॥**

ਗੁਰ ਉਪਦੇਸ਼ ਵਿਚ ਪ੍ਰਵੇਸ਼ (ਕਰਨ ਵਾਲੇ ਦੇ ਬੱਜਰ ਵਰਗੇ ਦਰਵਾਜ਼ੇ ਖੁਲ੍ਹ ਗਏ ਹਨ—(ਕਿਉਂਕਿ (ਅਨਹਦ) ਸ਼ਬਦ ਵਿਚ ਸੁਰਤਿ (ਦੇ ਜੁੜ ਜਾਣ ਕਰਕੇ) ਮੂਰਛਿਤ (ਹੋਇਆ) ਮਨ ਜਾਗ ਪਿਆ ਹੈ।

**ਕਿੰਚਤ ਕਟਾਛ ਕ੍ਰਿਪਾ ਸਰਬ ਨਿਧਾਨ ਪਾਏ ਜੀਵਨ ਮੁਕਤਿ ਗੁਰੁ ਗਯਾਨ ਲਿਵ ਲਾਗੇ ਹੈ ॥੨੩॥੫੭॥**

(ਗੁਰੂ ਜੀ ਦੀ) ਰੱਤੀ ਜਿੰਨੀ ਕ੍ਰਿਪਾ ਕਟਾਖਯ ਹੋ ਜਾਣ ਨਾਲ (ਉਸਨੇ) ਸਾਰੇ ਖਜ਼ਾਨੇ ਪਾ ਲਏ ਹਨ, (ਉਹ) ਜੀਵਨ ਮੁਕਤਿ ਹੈ, (ਜਿਸ ਦੀ) ਗੁਰੂ ਦੇ ਗਿਆਨ ਵਿਚ ਲਿਵ ਲਗੀ ਹੋਈ ਹੈ ॥੨੩॥੫੭॥

**ਗੁਰਮੁਖਿ ਪੰਥ ਸੁਖ ਚਾਹਤ ਸਕਲ ਪੰਥ ਸਗਲ ਦਰਸ ਗੁਰ ਦਰਸ ਅਧੀਨ ਹੈ ॥**

ਸਤਿਗੁਰੂ ਦੇ ਪੰਥ ਦੇ ਸੁਖ ਨੂੰ ਸਾਰੇ ਪੰਥ ਚਾਹੁੰਦੇ ਹਨ,(ਕਿਉਂਕਿ) ਸਾਰੇ ਦਰਸ਼ਨ[ਮਤ-ਮਤਾਂਤ੍ਰ]ਗੁਰ ਦਰਸ਼ਨ [ਗੁਰੂਮਤ] ਦੇ ਅਧੀਨ ਹਨ, (ਅਥਵਾ ਜੋ ਜਗਜਾਸੂ ਗੁਰ ਦਰਸ਼ਨ ਦੇ ਅਧੀਨ ਹੋਇਆ ਹੈ) ਸਾਰੇ ਸੰਸਾਰੀ ਉਸਦਾ ਦਰਸ਼ਨ ਕਰਨਾਲੋੜਦੇ ਹਨ।

**ਸੁਰ ਸੁਰਸਰਿ ਗੁਰੁ ਚਰਨ ਸਰਨਿ ਚਾਹੈ ਬੇਦ ਬ੍ਰਹਮਾਦਿਕ ਸ਼ਬਦ ਲਿਵ ਲੀਨ ਹੈ ॥**

ਦੇਵਤੇ ਤੇ ਦੇਵ ਨਦੀ[ਗੰਗਾ]ਗੁਰੂ ਜੀ ਦੀ ਚਰਨ ਸ਼ਰਨ ਚਾਹੁੰਦੇ ਹਨ, ਅਤੇ ਵੇਦ ਤੇ ਬ੍ਰਹਮਾਂ ਵਰਗੇ (ਵੇਦ ਪਾਠੀ) ਗੁਰ ਸ਼ਬਦ ਵਿਚ ਲਿਵ ਲੀਨ ਹੋ ਰਹੇ ਹਨ।

**ਸਰਬ ਗਿਆਨ ਗੁਰ ਗਯਾਨ ਅਵਗਾਹਨ ਮੈ ਸਰਬ ਨਿਧਾਨ ਗੁਰ ਕ੍ਰਿਪਾ ਜਲ ਮੀਨ ਹੈ ॥**

ਗੁਰੂ ਦੇ ਗਿਆਨ ਨੂੰ (ਅਵਗਾਹਨ) ਵਿਚਾਰਨ ਵਿਚ ਹੀ ਸਾਰੇ ਗਿਆਨ ਹਨ, (ਅਤੇ ਰਿਧੀਆਂ, ਸਿਧੀਆਂ ਤੇ ਨਿਧੀਆਂ ਰੂਪ) ਸਾਰੇ ਖਜ਼ਾਨੇ ਗੁਰੂ ਦੀ ਕ੍ਰਿਪਾ ਰੂਪ ਜਲ ਦੇ ਮਛ ਹਨ, (ਅਰਥਾਤ ਜਿਵੇਂ ਪਾਨੀ ਵਿਚ ਮਛੀ ਦਾ ਹੋਣਾ ਲਾਜਮੀ ਹੈ, ਇਵੇਂ ਹੀ ਜਿਸ ਉਤੇ ਗੁਰੂ ਦੀ ਕ੍ਰਿਪਾ ਹੋ ਜਾਵੇ, ਉਸ ਕੋਲ ਰਿਧਾਂ, ਸਿਧਾਂ ਤੇ ਨਿਧਾਂ ਰੂਪ ਖਜਾਨੇ ਆਪਣੇ ਆਪ ਆ ਜਾਂਦੇ ਹਨ)।

**ਜੋਗੀ ਜੋਗ ਜੁਗਤਿ ਮੈ ਭੋਗੀ ਭੋਗ ਭੁਗਤਿ ਮੈ ਗੁਰਮੁਖਿ ਨਿਜ ਪਦ ਕੁਲ ਅਕੁਲੀਨ ਹੈ ॥ ੨੪ ॥ ੫੮ ॥**

ਗੁਰਸਿਖ ਜੋਗ ਦੀ ਜੁਗਤੀ ਵਿਚ ਪੂਰਨ ਹੋਣ ਕਰਕੇ ਜੋਗੀ ਹਨ, ਭੋਗਾਂ ਦੇ ਭੋਗਨ ਵਿਚ ਚਤਰ ਭੋਗੀ ਹਨ, (ਅਥਵਾ-ਭੋਗਾਂ ਨੂੰ ਭੋਗਨ ਵਾਲੇ ਭੋਗੀ ਹੋਕੇ ਭੀ) ਗੁਰ ਸਿਖ ਜੋਗ ਦੀ ਜੁਗਤੀ ਵਾਲੇ ਪੂਰਨ ਜੋਗੀ ਹਨ ਅਤੇ ਗੁਰਸਿਖ ਆਤਮ ਪਦ (ਨੂੰ ਪ੍ਰਾਪਤ ਕਰਕੇ)ਕੁਲ(ਵਿਚ ਰਹਿੰਦੇਹੋਏ ਭੀ)ਕੁਲ ਤੋਂ ਰਹਿਤ ਹਨ, (ਅਰਥਾਤ ਗੁਰਸਿਖ ਨੇ) ਆਪਣੀ ਜਾਤ-ਗੋਤ ਦਾ ਤਿਆਗ ਨਹੀਂ ਕੀਤਾ ਸਗੋਂ ਜਾਤ ਗੋਤ ਦੇ ਅਭਿਮਾਨ ਦਾ ਤਿਆਗ ਕਰ ਦਿਤਾ ਹੈ॥੨੪॥੫੮॥

**ਉਲਟਿ ਪਵਨ ਮਨ ਮੀਨ ਕੀ ਚਪਲ ਗਤਿ ਸੁਖਮਨਾ ਸੰਗਮ ਕੈ ਬ੍ਰਹਮ ਸਥਾਨ ਹੈ ॥**

ਸੁਖਮਨਾ=ਇਕ ਨਾੜੀ ਦਾ ਨਾਮ ਹੈ, ਜੋ ਇੜਾ ਤੇ ਪਿੰਗਲਾ ਤੋਂ ਉਪਰ ਹੈ ॥ ਸੰਗਮ=ਮਿਲਾਪ ਦੀ ਜਗ੍ਹਾ ॥ ਬ੍ਰਹਮ ਸਥਾਨ=ਬ੍ਰਹਮ ਦੀ ਜਗ੍ਹਾ, ਦਸਮ ਦ੍ਵਾਰ ॥ ਸਾਗਰ=ਸਮੁੰਦਰ ॥ ਸਲਿਲ=ਪਾਣੀ ॥ ਘਟਾ ਘਮੰਡ=ਕਾਲੇ ਬਦਲਾਂ ਦਾ ਜਮਘਟ ਦਾਮਿਨੀ=ਬਿਜਲੀ ॥ ਗਰਜਤ=ਗੂੰਜ ਕਰਦਾ ਹੋਇਆ ॥ ਨੀਸ਼ਾਨ=ਪ੍ਰਗਟ ਹੋਵੇਗਾ ॥

ਮਛੀ ਜੇਹੀ ਗਤੀ ਵਾਲੇ ਚੰਚਲ ਮਨ ਤੇ ਸੁਾਸਾਂ ਨੂੰ ਉਲਟਾਕੇ, ਸੁਖਮਨਾ ਦੇ ਮਿਲਾਪ ਦੀ ਜਗ੍ਹਾ ਜੋ ਦਸਮ ਦ੍ਵਾਰ ਹੈ, (ਉਥੇ ਜਾਕੇ)ਸੁਾਸ, ਮਨ ਤੇ ਸੁਰਤਿ ਨੂੰ ਟਿਕਾ ਲਵੇ।

**ਸਾਗਰ ਸਲਿਲ ਗਹਿ ਗਗਨ ਘਟਾ ਘਮੰਡ ਉਨਮਨ ਮਗਨ ਲਗਨ ਗੁਰੁ ਗਯਾਨ ਹੈ ॥**

(ਜਿਵੇਂ) ਸਮੁੰਦਰ ਵਿਚੋਂ ਪਾਣੀ ਗ੍ਰਹਿਣ ਕਰਨ ਵੇਲੇ ਅਕਾਸ਼ ਵਿਚ ਘਟਾਂ ਦਾ ਘਮੰਡ [ਜਮਘਟ] (ਹੋ ਜਾਂਦਾ ਹੈ, ਇਸੇ ਤਰ੍ਹਾਂ ਸਾਗਰ ਰੂਪ ਜੋ ਨਾਭੀ ਸਥਾਨ ਹੈ, ਉਥੋਂ ਸੁਾਸਾਂ ਰੂਪ ਜਲ ਨੂੰ ਧੀਰੇ ਧੀਰੇ ਗ੍ਰਹਨ ਕਰੇ, ਅਤੇ) ਗੁਰ ਗਿਆਨ [ਗੁਰ ਮੰਤ੍ਰ] ਦੀ ਲਗਨ ਸੰਜੁਗਤ ਉਨਮਨੀ ਵਿਚ ਮਗਨ ਹੋ ਜਾਵੇ (ਅਰਥਾਤ ਸੁਰਤਿ ਨੂੰ ਗੁਰ ਮੰਤ੍ਰ ਵਿਚ ਜੋੜੀ ਰਖਦੇ ਹੋਇਆਂ, ਸੁਾਸਾਂ ਨੂੰ ਨਾਭੀ ਸਥਾਨ ਤੋਂ ਉਤਾਂਹ ਨੂੰ ਧੀਰੇ ਧੀਰੇ ਲਿਜਾਂਦਿਆਂ ਹੋਇਆਂ, ਸੁਖਮਨਾਂ ਦੇ ਰਸਤੇ ਤੁਰੀਆ ਪਦ ਵਿਚ ਜਾਕੇ ਮਸਤ ਹੋ ਜਾਵੇ ਭਾਵ ਇਹ ਹੈ ਕਿ ਆਪਾ ਭੁਲਾਕੇ ਉਥੇ ਹੀ ਸੁਰਤਿ ਟਿਕ ਜਾਵੇ)।

**ਜੋਤਿ ਮੈ ਜੋਤੀ ਸਰੂਪ ਦਾਮਿਨੀ ਚਮਤਕਾਰ ਗਰਜਤ ਅਨਹਦ ਸ਼ਬਦ ਨੀਸਾਨ ਹੈ ॥**

(ਫਿਰ ਜਦ) ਜੋਤੀ ਵਿਚ ਜੋਤੀ ਸਰੂਪ (ਹੋਕੇ ਮਿਲੇਗਾ ਤਾਂ) ਬਿਜਲੀ ਦੇ ਚਮਤਕਾਰ(ਜੇਹਾ ਪ੍ਰਕਾਸ਼ ਹੋਵੇਗਾ, ਅਤੇ) ਬਦਲਾਂ ਦੇ ਗਰਜਨ ਜੇਹਾ ਅਨਹਦ ਸ਼ਬਦ ਪ੍ਰਗਟ ਹੋਵੇਗਾ।

**ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ ਸੇਵਕ ਸਫ਼ਲ ਫਲ ਸਰਬ ਨਿਧਾਨ ਹੈ॥੨੫॥੫੯॥**

(ਉਸ ਵੇਲੇ) ਜਲ ਦੀ ਨਿਝਰ ਬਰਖਾ (ਹੋਣ ਵਾਂਗੂ) ਅੰਮ੍ਰਿਤ ਜਲ ਦੀ ਅਪਾਰ ਧਾਰਾ ਰੂਪ ਲਗਾਤਾਰ ਬਰਖਾ (ਹੋਵੇਗੀ, ਜਿਸ ਕਰਕੇ) ਸੇਵਕ ਨੂੰ ਸਾਰੇ ਫਲ ਤੇ ਸਾਰੇ ਖਜ਼ਾਨੇ (ਸੁਤੇ ਹੀ ਪ੍ਰਾਪਤ ਹੋ ਜਾਣਗੇ) ॥੨੫॥੫੯॥

**ਲੋਗਨ ਮੈ ਲੋਗਾਚਾਰ ਬੇਦਨ ਮੈ ਬੇਦ ਬੀਚਾਰ ਲੋਗ ਬੇਦ ਬੀਸ ਇਕ ਈਸ ਗੁਰ ਗਯਾਨ ਹੈ ॥**

(ਗੁਰ ਸਿਖ) ਲੋਗਾਂ ਵਿਚ (ਮਿਲਕੇ) (ਲੋਗ+ ਆਚਾਰ) ਜਗਤ ਦੀ ਮਰਯਾਦਾ ਦੇ ਹੁਕਮ ਕਰਦਾਹੈ ਅਤੇ ਬੇਦਾਂ ਦੀ ਬੀਚਾਰ (ਵਾਲੇ ਪੰਡਿਤਾਂ ਨਾਲ ਮਿਲਕੇ)ਵੇਦ ਦੀ ਵੀਚਾਰ(ਅਨੁਸਾਰ ਧਰਮ ਦੇਕਰਮ ਕਰਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ) ਲੋਕਾਂ ਦੀ(ਮਰਯਾਦਾ ਤੇ)ਵੇਦ(ਦੀ ਮਰਯਾਦਾ ਰੂਪ ਕਰਮ-ਧਰਮ) (ਬੀਸ)ਸੰਸਾਰ ਦੀਵਰਤਣ ਹੈ,(ਇਸ ਕਰਕੇ ਉਸਦਾ ਮਨ) ਗੁਰੂ ਦੇ ਗਿਆਨ ਦ੍ਵਾਰਾ ਇਕ ਈਸ਼੍ਰ

(ਵਿਚ ਜੁੜਿਆ ਰਹਿੰਦਾ ਹੈ)।

**ਜੋਗ ਮੈ ਨ ਜੋਗ ਭੋਗ ਮੈ ਨ ਭੋਗ ਖਾਨ ਪਾਨ ਜੋਗ ਭੋਗਾਤੀਤ ਉਨਮਨ ਉਨਮਾਨ ਹੈ ॥**

(ਇਸੇ ਕਰਕੇ) ਜੋਗ (ਦੀ ਸਾਧਨਾ)ਵਿਚ(ਲਗਾ ਹੋਯਾ ਪ੍ਰਤੀਤ ਹੁੰਦਾ ਭੀ)ਜੋਗ ਨਹੀਂ (ਕਰਦਾ,ਅਤੇ ਖਾਨ-ਪਾਨ(ਆਦਿਕ ਵਿਹਾਰ ਕਰਦਾ ਹੋਇਆ ਭੀ) ਭੋਗ ਨਹੀਂ ਕਰਦਾ, (ਸਗੋਂ) ਉਹ ਜੋਗ ਤੇ ਭੋਗ (ਦੋਹਾਂ ਤੋਂ) ਅਤੀਤ ਹੋਕੇ ਤੁਰੀਆ ਪਦ (ਦੇ ਅਨੰਦ ਨੂੰ) ਮਾਣਦਾ ਹੈ।

**ਦ੍ਰਿਸ਼ਟਿ ਦਰਸ ਧਿਆਨ ਸਬਦ ਸੁਰਤਿ ਗਿਆਨ ਗਿਆਨ ਧਿਆਨ ਲਖ ਪ੍ਰੇਮ ਪਰਮ ਨਿਧਾਨ ਹੈ ॥**

(ਉਨ੍ਹਾ ਦੀ) ਦ੍ਰਿਸ਼ਟੀ (ਵਿਚ ਗੁਰ)ਦਰਸ਼ਨ ਦਾ ਧਿਆਨ (ਹੈ, ਉਨ੍ਹਾਂ ਦੀ) ਸੁਰਤ ਵਿਚ(ਗੁਰ) ਸਬਦ ਦਾ ਗਿਆਨ ਹੈ, (ਇਸ ਤਰਾਂ ਨਾਲ) ਧਿਆਨ ਤੇ ਗਿਆਨ(ਉਨ੍ਹਾਂ ਦਾ) ਲੱਖਸ਼ [ਨਿਸ਼ਾਨਾ] ਹੈ, (ਐਸੇ ਗੁਰ ਸਿਖ)ਪ੍ਰੇਮ ਦੇ ਪਰਮ ਨਿਧਾਨ ਹਨ,(ਅਰਥਾਤ) ਪ੍ਰੇਮ ਪਦਾਰਥ ਦੇ ਨਕੋ ਨਕ ਭਰੇ ਹੋਏ ਖਜ਼ਾਨੇ ਹਨ।

**ਮਨ ਬਚ ਕ੍ਰਮ ਸ੍ਰਮ ਸਾਧਨਾ ਧਯਾਤਮ ਕ੍ਰਮ ਗੁਰਮੁਖਿ ਸੁਸ ਸਰਬੋਤਿਮ ਨਿਧਾਨ ਹੈ ॥ ੨੯ ॥ ੯੦ ॥**

ਮਨ,ਬਾਣੀ, ਸਰੀਰ (ਕਰਕੇ ਜੋ ਭੀ) ਕਸ਼ਟ (ਜਾਂ ਜਤਨ)ਸਾਧਨਾ(ਕਰਦੇ ਹਨ,ਉਹ ਸਭ) ਅਧਯਾਤਮ ਕਰਮ (ਹੀ ਹੁੰਦਾ ਹੈ) ਇਸ ਤਰਾਂ ਨਾਲ ਗੁਰਮੁਖ ਸਾਰਿਆਂ ਤੋਂ ਉਤਮ ਸੁਖਦੇ ਖਜ਼ਾਨੇਹਨ॥੨੯॥੯੦॥

**ਸ਼ਬਦ ਸੁਰਤਿ ਲਿਵ ਧਾਵਤ ਬਰਜ ਰਾਖੈ ਨਿਹਚਲ ਮਤਿ ਮਨ ਉਨਮਨ ਭੀਨ ਹੈ ॥**

(ਜਦ) ਸ਼ਬਦ ਵਿਚ ਸੁਰਤ ਦੀ ਲਿਵ (ਜੁੜਦੀ ਹੈ,ਤਾਂ ਸਿਖ)ਭਜੇ ਜਾਂਦੇ (ਮਨ ਆਦਿਕ ਇੰਦ੍ਰੇ ਜਾਂ ਸਵਾਸਾਂ) ਨੂੰ ਰੋਕ ਰਖਦਾ ਹੈ, (ਜਿਸ ਕਰਕੇ) ਬੁਧੀ ਅਚੱਲ(ਹੋ ਜਾਂਦੀ ਹੈ ਅਤੇ)ਮਨ (ਉਨਮਨ)ਤੁਰੀਆ ਪਦ ਵਿਚ ਭਿੱਜ ਜਾਂਦਾਹੈ(ਅਥਵਾ ਉਨਮਨ ਭੀਨ= ਤੁਰੀ ਅਵਸਥਾ ਨਾਲ ਅਭੇਦ ਹੋ ਜਾਂਦਾ ਹੈ)।

**ਸਾਗਰ ਲਹਰਿ ਗਤਿ ਆਤਮ ਤਰੰਗ ਰੰਗ ਪਰਮਦਭੁਤ ਪਰਮਾਰਥ ਪ੍ਰਬੀਨ ਹੈ ॥**

(ਜਿਵੇਂ)ਸਮੁੰਦਰ ਵਿਚਲਹਿਰਾਂਦੀਗਤੀ[ਅਨੇਕ ਤਰਾਂ ਦੀ ਆਵਾ-ਜਾਈ] ਹੁੰਦੀ ਹੈ, (ਇਸੇ ਤਰਾਂ) ਆਤਮਾ ਵਿਚ ਰੰਗਾਂ ਰੰਗਾਂ ਦੇ ਤਰੰਗ (ਫੁਰਨੇ) (ਉਠਦੇ ਹਨ,ਜੋ)ਬੜੇ ਹੀ ਅਚਰਜ ਹਨ,(ਜਿਨ੍ਹਾਂ ਨੂੰ) ਪਰਮਾਰਥ ਪ੍ਰਬੀਨ(ਪੁਰਸ਼ ਹੀ ਜਾਣ ਸਕਦਾ ਹੈ)।

**ਗੁਰ ਉਪਦੇਸ਼ ਨਿਰਮੋਲਕ ਰਤਨ ਧਨ ਪਰਮ ਨਿਧਾਨ ਗੁਰ ਗਯਾਨ ਲਿਵ ਲੀਨ ਹੈ ॥**

(ਜਿਸਨੂੰ)ਗੁਰ ਉਪਦੇਸ਼ ਰੂਪਅਮੋਲਕਰਤਨਾਂਰੂਪ ਧਨ(ਪ੍ਰਾਪਤ ਹੋਇਆ ਹੈ, ਅਤੇ ਜੋ) ਪਰਮ ਨਿਧਾਨ ਰੂਪ ਗੁਰ ਗਿਆਨ ਵਿਚ ਲਿਵ ਲੀਨ(ਰਹਿੰਦਾ)ਹੈ।

**ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ ਸੋਹੰ ਹੰਸੋ ਏਕ ਮੇਕ ਆਪਾ ਆਪ ਚੀਨ ਹੈ ॥ ੩੦॥੯੧॥**

(ਉਸ) ਗੁਰਸਿਖ ਦੀ ਸੁਰਤਿ ਦੀ ਲਿਵ ਸ਼ਬਦ ਦੀ ਸੰਧੀ ਵਿਚ ਮਿਲੀ ਹੈ,ਅਤੇ (ਉਸਨੇ) 'ਸੋਹੰ-ਹੰਸੋ' (ਜਾਪ ਵਿਚ) ਇਕ-ਮਿਕ ਹੋਕੇ ਆਪਣਾ ਆਪ ਪਛਾਣ ਲਿਆ ਹੈ ॥ ੩੦ ॥ ੯੧ ॥

ਭਾਵ—ਜਿਵੇਂ ਬਾਲਮੀਕ ਦਾ ਸਿਮਰਨ 'ਮਰਾ ਮਰਾ' ਤੋਂ 'ਰਾਮ ਰਾਮ'ਹੋ ਗਿਆ ਸੀ,ਇਵੇਂ ਹੀਇਸ ਅਜਪਾ ਜਾਪ ਦੀ ਰੀਤੀ ਭੀ ਏਹੋ ਹੈ ਕਿ ਸੋਹੰ' ੨ ਜਪਦਿਆਂ ੨ 'ਹੰਸੋ' ਜਾਪ ਹੋ ਜਾਏ, ਇਸ ਦਾ ਨਾਮ ਹੀ 'ਹਸ' ਪ੍ਰਾਣਾਯਾਮ ਕਿਹਾ ਹੈ,ਏਹ ਜਾਪ ਸਹਿਜੇਹੀ ਕੁੰਡਲਨੀ ਨੂੰ ਸੁਲਝਾ ਦੇਂਦਾ ਹੈ। ਜਦ 'ਸੋਹੰ-ਹੰਸੋ'ਹੋ ਜਾਏ ਤਾਂ ਸਮਝਣਾ ਚਾਹੀਦਾ ਹੈ,ਜੋ ਜੀਵ-ਈਸ ਏਕ-ਮੇਕ ਹੋ ਗਏ,ਇਸ ਦੀ ਇਕ-ਮਿਕ ਅਵਸਥਾ ਤੋਂ ਹੀ

ਆਪਣਾ ਆਪ ਪਛਾਣਿਆ ਜਾਂਦਾ ਹੈ ।

**ਸ਼ਬਦ ਸੁਰਤਿ ਅਵਗਾਹਨ ਬਿਮਲ ਮਤਿ ਸ਼ਬਦ ਸੁਰਤਿ ਗੁਰ ਗਿਆਨ ਕੋ ਪ੍ਰਗਾਸ ਹੈ ॥**

ਸ਼ਬਦ ਨੂੰ ਸੁਰਤ ਨਾਲ ਵਿਚਾਰਨੇ ਕਰਕੇ ਨਿਰ-ਮਲ ਬੁਧੀ (ਪ੍ਰਗਟ ਹੁੰਦੀ ਹੈ,ਅਤੇ) ਸ਼ਬਦ ਨੂੰ ਸੁਰਤ ਕਰਕੇ ਗੁਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ।

**ਸ਼ਬਦ ਸੁਰਤਿ ਸਮਦ੍ਰਿਸ਼ਟਿ ਕੈ ਦਿਬਿ ਜੋਤਿ ਸ਼ਬਦ ਸੁਰਤਿ ਲਿਵ ਅਨਭੈ ਅਭਿਆਸ ਹੈ ॥**

ਸ਼ਬਦ ਸੁਰਤਿ (ਦੀ ਵੀਚਾਰ ਕਰਕੇ) ਸਮ ਦ੍ਰਿਸ਼ਟੀ (ਪ੍ਰਾਪਤ) ਹੋ ਕੇ ਦਿੱਬ ਜੋਤੀ (ਪ੍ਰਗਟ ਹੁੰਦੀ ਹੈ ਅਤੇ) ਸ਼ਬਦ ਸੁਰਤ ਦੀ ਲਿਵ ਤੋਂ ਅਨਭਉ (ਗਿਆਨ) ਅਭਯਾਸ ਪ੍ਰਗਟ ਹੁੰਦਾ ਹੈ ।

**ਸ਼ਬਦ ਸੁਰਤਿ ਪਰਮਾਰਥ ਪਰਮ ਪਦ ਸ਼ਬਦ ਸੁਰਤਿ ਸੁਖ ਸਹਜ ਨਿਵਾਸ ਹੈ ॥**

ਸ਼ਬਦ ਸੁਰਤ ਦੇ ਪਰਮਾਰਥ (ਸਿਧਾਂਤ) ਤੋਂ ਪਰਮਪਦ (ਮਿਲਦਾ ਹੈ ਅਤੇ) ਸ਼ਬਦ ਸੁਰਤ ਤੋਂ ਹੀ ਸਹਿਜ ਸੁਖ ਵਿਚ ਨਿਵਾਸ (ਹੁੰਦਾ ਹੈ)।

**ਸ਼ਬਦ ਸੁਰਤਿ ਲਿਵ ਪ੍ਰੇਮ ਰਸ ਰਸਕਿ ਹੁਇ ਸ਼ਬਦ ਸੁਰਤਿ ਲਿਵ ਬਿਸਮ ਬਿਸ੍ਵਾਸ ਹੈ ॥ ੨੮ ॥ ੬੨ ॥**

ਸ਼ਬਦ ਸੁਰਤ ਦੀ ਲਿਵ ਹੀ ਪ੍ਰੇਮ ਰਸ ਦਾ ਰਸਿਕ ਹੁੰਦਾ ਹੈ ਅਤੇ ਸ਼ਬਦ ਸੁਰਤ ਦੀ ਲਿਵ ਹੀ ਅਚਰਜ ਵਿਸ਼ਵਾਸ ਜਾਂ ਭਰੋਸਾ ਹੈ ॥ ੨੮ ॥ ੬੨ ॥

**ਦ੍ਰਿਸ਼ਟਿ ਦਰਸ ਲਿਵ ਗੁਰਸਿਖ ਸੰਧਿ ਮਿਲੇ ਘਟ ਘਟਾਕਾਸ ਜਲ ਅੰਤਰਿ ਧਿਆਨ ਹੈ ॥**

ਗੁਰੂ ਤੇ ਸਿਖ ਦੀ ਸੰਧੀ ਮਿਲ ਜਾਵੇ ਤਾਂ ਦ੍ਰਿਸ਼ਟੀ ਦੀ ਲਿਵ ਦਰਸ਼ਨ (ਵਿਚ ਲਗ ਜਾਂਦੀ ਹੈ, ਅਰਥਾਤ ਜੋ ਕੁਝ ਭੀ ਵੇਖਦਾ ਹੈ, ਸਭ ਕੁਝ ਗੁਰੂ ਰੂਪ ਦਿਸਦਾ ਹੈ, ਜਿਵੇਂ) ਘੜੇ ਵਿਚ ਘਟਾਕਾਸ ਤੇ ਜਲ (ਵਿਚ ਜਲਾਕਾਸ਼ ਹੁੰਦਾ ਹੈ, ਪਰ ਜੇ ਘਟ ਤੇ ਜਲ ਬਾਹਰਲੇ ਪਦਾਰਥ ਜੋ ਉਪਾਧੀ ਰੂਪ ਹਨ, ਛੱਡ ਦਿਤੇ ਜਾਣ ਤਾਂ ਫਿਰ 'ਅਕਾਸ਼' ਹੀ ਰਹਿ ਜਾਂਦਾ ਹੈ, ਇਸੇ ਤਰ੍ਹਾਂ ਸਿਖ ਦੀ ਨਜ਼ਰ ਉਪਾਧੀ ਰੂਪ ਬਾਹਰਲੇ ਪਦਾਰਥਾਂ ਵਲ ਨਾ ਵੇਖਦੀ ਹੋਈ) ਅੰਦਰਲੇ ਦਾ ਧਿਆਨ (ਕਰਦੀ ਹੈ, ਤਦੇ ਹੀ ਉਸਨੂੰ ਸਭ ਜਗ੍ਹਾ ਤੇ ਗੁਰੂ ਰੂਪ ਹੀ ਦਿਸਦਾ ਹੈ)।

**ਸ਼ਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ ਜੰਤ੍ਰ ਧੁਨਿ ਜੰਤ੍ਰੀ ਉਨਮਨ ਉਨਮਾਨ ਹੈ ॥**

ਗੁਰੂ ਤੇ ਸਿਖ ਦੀ ਸੰਧੀ ਮਿਲ ਜਾਵੇ (ਤਾਂ)ਸ਼ਬਦ ਸੁਰਤ ਦੀ ਲਿਵ ਨੂੰ ਜੰਤ੍ਰ ਦੀ ਧੁਨਿ ਨੂੰ ਜੰਤ੍ਰੀ ਦੀ ਧੁਨਿ ਦੀ ਵੀਚਾਰ ਨੂੰ ਵਿਚਾਰਦਾ ਹੈ, (ਅਰਥਾਤ ਜਿਵੇਂ ਵਾਜੇ ਤੋਂ ਓਹੀ ਅਵਾਜ਼ ਨਿਕਲਦੀ ਹੈ, ਜੋ ਵਾਜਾ ਵਜਾਉਣ ਵਾਲੇ ਦੀ ਆਵਾਜ਼ ਹੁੰਦੀ ਹੈ, ਇਵੇ ਹੀ ਸਾਰੇ ਸ਼ਬਦ ਉਸੇ ਸ਼ਬਦੀ ਦੇ ਕੀਤੇ ਹੀ ਹੁੰਦੇ ਹਨ ਉਸ ਤੋਂ ਬਿਨਾਂ ਕੁਝ ਭੀ ਨਹੀਂ ਹੁੰਦਾ)।

**ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ ਤਨ ਤ੍ਰਿਭਵਨ ਗਤਿ ਗੰਮਿਤਾ ਗਿਆਨ ਹੈ ॥**

(ਜਦ) ਗੁਰਮੁਖ ਦਾ ਮਨ,ਬਾਣੀ, ਸਰੀਰ ਇਕਤ੍ਰ ਹੁੰਦਾ ਹੈ,ਤਾਂ ਸਰੀਰ ਤਿੰਨਾਂ ਲੋਕਾਂ ਵਿਚ ਗਤੀਕਰਦਾ ਹੋਇਆ ਭੀ ਗਿਆਨ ਵਿਚ ਗੰਮਤਾ ਰਖਦਾ ਹੈ ।

**ਏਕ ਅਉ ਅਨੇਕ ਮੇਕ ਬ੍ਰਹਮ ਬਿਬੇਕ ਟੇਕ ਸ੍ਰੋਤ ਸਰਿਤਾ ਸਮੁੰਦ੍ਰ ਆਤਮ ਸਮਾਨ ਹੈ ॥੨੯॥੬੩॥**

ਇਕ ਅਤੇ ਅਨੇਕ ਵਿਚ ਬ੍ਰਹਮ ਹੀ ਮਿਲਿਆ ਹੋਇਆ ਹੈ, ਜਿਵੇਂ ਚਸ਼ਮਾ, ਨਦੀ ਤੇ ਸਮੁੰਦਰ ਇਕੋ ਹੀ ਵਸਤੂ ਹੈ, ਇਸ ਦੇ ਸਮਾਨ ਹੀ ਆਤਮਾ ਦੀ ਬਿਬੇਕ ਦੀ ਟੇਕ ਹੈ,(ਅਰਥਾਤ ਸਮੁੰਦਰ ਦਾਜਲ

ਹੀ ਸੂਰਜ ਦੇ ਰਾਹੀਂ ਅਕਾਸ਼ ਵਿਚ ਜਾਕੇ, ਬਾਰਸ਼ ਰੂਪ ਹੋਕੇ ਹੇਠਾਂ ਡਿੱਗਦਾ ਹੈ ਤਾਂ ਉਹ ਨਦੀ ਬਣ ਜਾਂਦਾ ਹੈ, ਅਤੇ ਓਹੀ ਜਲ ਪਹਾੜਾਂ ਵਿਚ ਬਰਫ ਰੂਪ ਹੋਕੇ ਰਹਿੰਦਾ ਹੈ ਤਾਂਫਿਰ ਸਹਿਜੇ ਸਹਿਜੇਚਸ਼ਮਾ ਹੋਕੇ ਵਗਦਾ ਹੈ) ॥ ੨੯ ॥ ੬੩ ॥

**ਗੁਰਮੁਖਿ ਮਨ ਬਚ ਕਰਮ ਇਕਤ੍ਰ ਭਏ ਪਰਮਦ ਭੁਤਿ ਗਤਿ ਅਲਖ ਲਖਾਏ ਹੈ ॥**

(ਜਿਸ) ਗੁਰ ਸਿਖ ਦਾ ਮਨ, ਬਾਣੀ, ਸਰੀਰ ਇਕੱਤ੍ਰ ਹੋਇਆ ਹੈ,(ਉਸਦੀ)ਗਤੀ ਪਰਮ ਅਦਭੁਤ ਹੈ, ਅਤੇ ਨਾਂ ਜਾਣੇ ਜਾਣ ਵਾਲੇ ਨੇ(ਉਸਨੂੰ)ਆਪਣਾ ਆਪ ਜਣਾ ਦਿਤਾ ਹੈ ।

**ਅੰਤਰਿ ਧਿਆਨ ਦਿਬਿ ਜੋਤਿ ਕੋ ਉਦੋਤੁ ਭਇਓ ਤ੍ਰਿਭਵਨ ਰੂਪ ਘਟ ਅੰਤਰਿ ਦਿਖਾਏ ਹੈ ॥**

(ਜਿਸਨੂੰ) ਧਿਆਨ ਅੰਦਰ ਦਿਬ ਜੋਤੀ ਦਾ ਉਦੇ ਹੋਣ, ਪ੍ਰਗਟ ਹੋਇਆ ਹੈ, (ਉਸਨੂੰ) ਹਿਰਦੇ ਅੰਦਰੋਂ ਹੀ ਤਿੰਨਾਂ ਲੋਕਾਂ ਦਾ ਰੂਪ ਨਜ਼ਰ ਆ ਗਿਆ ਹੈ ।

**ਪਰਮ ਨਿਧਾਨ ਗੁਰ ਗਿਆਨ ਕੋ ਪ੍ਰਗਾਸੁ ਭਇਓ ਗੰਮਿਤਾ ਤ੍ਰਿਕਾਲ ਗਤਿ ਜਤਨ ਜਤਾਏ ਹੈ ॥**

(ਜਿਸ ਨੂੰ) ਪਰਮ ਨਿਧਾਨ ਰੂਪ ਗੁਰ ਗਿਆਨ ਦਾ ਪ੍ਰਕਾਸ਼ ਹੋਇਆ ਹੈ, (ਉਹ) ਤਿੰਨਾਂ ਕਾਲਾਂ ਦੀ ਗਤੀ ਦੀ ਗੰਮਤਾ ਦੇ ਜਤਨ ਨੂੰ ਜਤਲਾਉਂਦਾ ਹੈ ।

**ਆਤਮ ਤਰੰਗ ਪ੍ਰੇਮ ਰਸ ਮਧੁ ਪਾਨ ਮਤਿ ਅਕਥ ਕਥਾ ਬਿਨੋਦ ਹੇਰਤ ਹਿਰਾਏ ਹੈ ॥ ੩੦ ॥ ੬੪ ॥**

(ਜੋ) ਆਤਮ ਤਰੰਗ ਰੂਪ ਪ੍ਰੇਮ ਰਸ ਦੇ ਅੰਮ੍ਰਿਤ ਨੂੰ ਪੀਕੇ ਮਸਤ ਹੋਇਆ ਹੈ, (ਉਸਦੀ) ਕਥਾ ਅਕਥ ਹੈ,(ਅਤੇ) ਉਸਦੇ ਕੌਤਕ ਵੇਖਦੇ ਵੇਖਦੇ ਹੈਰਾਨ ਹੋ ਰਹੇ ਹਾਂ ॥ ੩੦ ॥ ੬੪ ॥

**ਬਿਨੁ ਰਸ ਰਸਨਾ ਬਕਤ ਹੀ ਬਹੁਤ ਬਾਤੈ ਪ੍ਰੇਮ ਰਸਿ ਬਸਿ ਭਏ ਮੋਨਿ ਬ੍ਰਤ ਲੀਨ ਹੈ ॥**

ਸੁਾਦ ਤੋਂ ਹੀਣੀ ਜੀਭ ਬਹੁਤ ਗੱਲਾਂ ਬੋਲਦੀ ਹੈ, ਪ੍ਰੇਮ ਰਸ ਦੇ ਵਸ ਹੋ ਜਾਏ ਤਾਂ ਮੋਨ ਧਾਰੀ ਰਖਣ ਦਾ ਬ੍ਰਤ ਧਾਰ ਲੈਂਦੀ ਹੈ (ਅਰਥਾਤ 'ਗਲੀ ਸਾਦ ਨ ਪਾਈਐ ਜਿਚਰ ਮੂੰਹ ਖਾਲੀ । ਮੂੰਹ ਭਰੀਐ ਬੋਲ ਨ ਹੰਗੀਐ ਰਸ ਜੀਭ ਰਸਾਲੀ ॥' ਜੋ ਜੀਭ ਸਵਾਦ ਨਹੀਂ ਲੈਂਦੀ,ਉਹ ਗਲਾਂ ਕਰਦੀ ਹੈ, ਗਲਾਂ ਵਿਚ ਸਵਾਦ ਨਹੀਂ ਹੈ, ਜਦ ਜੀਭ ਸਵਾਦ ਲੈਣ ਲਗਦੀ ਹੈ ਤਾਂ ਬੋਲ ਨਹੀਂ ਸਕਦੀ, ਮਾਨੋ ਇਸ ਨੇ ਚੁਪ ਰਹਿਣ ਦਾ ਪ੍ਰਣ ਕਰ ਲਿਆ ਹੈ ।

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਮਦੋਨ ਅੰਤਰ ਨਿਧਾਨ ਦ੍ਰਿਗ ਦੁਤੀਆ ਨ ਚੀਨ ਹੈ ॥**

(ਜੋ) ਪ੍ਰੇਮ ਰਸ ਅੰਮ੍ਰਿਤ ਨਿਧਾਨ ਨੂੰ ਪੀਕੇ ਮਸਤ ਹੋ ਗਿਆ ਹੈ, (ਉਸ ਦੇ) ਧਿਆਨ ਅੰਦਰ (ਇਕ ਹੀ ਇਕ ਹੈ) ਅਖਾਂ ਵਿਚ ਦੂਜੇ ਦੀ ਪਛਾਣ ਨਹੀਂਹੈ

**ਪ੍ਰੇਮ ਨੇਮ ਸਹਜ ਸਮਾਧਿ ਅਨਹਦ ਲਿਵ ਦੁਤੀਆ ਸਬਦ ਸ੍ਰਵਨੰਤਰਿ ਨ ਕੀਨ ਹੈ ॥**

(ਜਿਨ੍ਹਾਂ ਨੂੰ) ਅਨਹਦ (ਸ਼ਬਦ ਦੀ) ਲਿਵ ਦੇ ਪ੍ਰੇਮ ਨੇਮ (ਕਰਕੇ) ਸਹਜ ਸਮਾਧੀ (ਪ੍ਰਾਪਤ ਹੋਈ ਹੈ, ਉਨ੍ਹਾਂ ਨੇ) ਦੂਜੇ (ਹੋਰ ਕਿਸੇ) ਸ਼ਬਦ ਨੂੰ ਕੰਨਾਂ ਅੰਦਰ ਸੁਣਨਾ ਨਹੀਂ ਕੀਤਾ ।

**ਬਿਸਮ ਬਿਦੇਹ ਜਗ ਜੀਵਨ ਮੁਕਤਿ ਭਏ ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ ॥੩੧॥੬੫॥**

(ਉਹ) ਬਿਸਮਾਦ (ਅਵਸਥਾ ਨੂੰ ਪਾ ਕੇ)ਬਿਦੇਹ ਹੋ ਕੇ ਜਗਤ ਵਿਚ ਜੀਵਨ ਮੁਕਤ ਹੋ ਗਏ ਹਨ ਅਤੇ ਤਿੰਨਾਂ ਲੋਕਾਂ ਤੇ ਤਿੰਨਾਂ ਕਾਲਾਂ ਦੀ ਪਹੁੰਚ ਵਿਚ

ਚਤਰ ਹਨ ।।੩੧।।੬੫।।

**ਸਕਲ ਸੁਗੰਧਤਾ ਮਿਲਤ ਅਰ- ਗਜਾ ਹੋਤ ਕੋਟਿ ਅਰਗਜਾ ਮਿਲ ਬਿਸਮ ਸੁ ਬਾਸ ਕੈ ॥**

ਸਾਰੀਆਂ ਸੁਗੰਧੀਆਂ—ਕਸਤੂਰੀ, ਚੰਦਨ, ਕੇਸਰ ਅੰਬਰ, ਮੁਸ਼ਕ ਬਿਲਾਈ, ਗੋਰੋਚਨ, ਕਪੂਰ, ਕੱਠੀਆਂ ਮਿਲ ਜਾਣ ਤਾਂ 'ਅਰਗਜਾ ਹੁੰਦਾ ਹੈ,(ਇਸ ਤਰਾਂ ਦੇ) ਕਰੋੜਾਂ ਅਰਗਜੇ ਮਿਲ ਜਾਣ, (ਜੋ) ਅਚਰਜ ਹੀ ਸੁੰਦਰ ਵਾਸ਼ਨਾ ਕਰਦੀਆਂ ਹਨ (ਪਰ ਗੁਰਸਿੱਖ ਦੇ ਅੰਦਰ ਜੋ ਸੁਬਾਸ਼ ਹੈ, ਉਸਨੂੰ ਨਹੀਂ ਪੁਜਦੀ ਹੈ) ।

**ਸਕਲ ਅਨੂਪ ਰੂਪ ਕਮਲਾ ਬਿਖੈ ਸਮਾਤ ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ ॥**

(ਉਪਮਾਂ ਤੋਂ ਰਹਿਤ ਮਹਾਨ ਸੁੰਦਰ ਰੂਪ ਜਿੰਨੇ ਭ ਹਨ, ਉਹ) ਸਾਰੇ ਅਨੂਪ ਕਮਲਾ (ਲਛਮੀ) ਵਿਚ ਸਮਾਏ ਹੋਏ ਹਨ, (ਪਰ ਇਸ ਤਰਾਂ ਦੀਆਂ) ਕਰੋੜਾਂ ਕਮਲਾਂ (ਗੁਰਸਿਖ ਦੇ) ਪ੍ਰਕਾਸ਼ ਨੂੰ ਵੇਖ ਵੇਖਕੇ ਹੈਰਾਨ ਹੋ ਰਹੀਆਂ ਹਨ ।

**ਸਰਬ ਨਿਧਾਨ ਮਿਲਿ ਪਰਮ ਨਿਧਾਨ ਭਏ ਕੋਟਿਕ ਨਿਧਾਨ ਹੋਇ ਚਕਿਤ ਬਿਲਾਸ ਕੈ ॥**

ਸਾਰੇ ਨਿਧਾਨ [ਖਜ਼ਾਨੇ] ਮਿਲਕੇ, (ਇਕ) ਪਰਮ ਨਿਧਾਨ ਬਣਿਆਂ ਹੈ, (ਪਰ ਗੁਰਸਿਖ ਦੇ) ਬਿਲਾਸ (ਨੂੰ ਵੇਖ) ਕਰਕੇ ਕਰੋੜਾਂ ਹੀ ਨਿਧਾਨ ਭੀ ਚਕ੍ਰਤ [ਹੈਰਾਨ-ਪਰੇਸ਼ਾਨ] ਹੋ ਰਹੇ ਹਨ ।

**ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ ਗੁਰਸਿਖ ਮਧੁਕਰਿ ਅਨਭੈ ਅਭਿਆਸ ਕੈ ॥ ੩੨ ॥ ੬੬ ॥**

ਗੁਰੂ ਦੇ ਚਰਨਾਂ ਰੂਪ ਕਮਲ ਦੀ ਮਹਿਮਾਂ ਦਾ ਬੋਧ [ਗਿਆਨ] ਅਗਾਧ ਹੈ, ਗੁਰਸਿਖ ਭੌਰਾ ਹੀ (ਉਸ ਦਾ) ਅਨਭਵ ਦਵਾਰੇ ਅਭਿਆਸ ਕਰਦਾ ਹੈ ।। ੩੨ ।। ੬੬ ।।

**ਰਤਨ ਪਾਰਖ ਮਿਲਿ ਰਤਨ ਪਰੀਖਾ ਹੋਤ ਗੁਰਮੁਖ ਹਾਟ ਸਾਟ ਰਤਨ ਬਿਉਹਾਰ ਹੈ ॥**

ਰਤਨਾਂ ਦੇ ਪਾਰਖੂ ਮਿਲ (ਜਾਣ ਤਾਂ) ਰਤਨਾਂ ਦੀ ਪਰੀਖਿਆ ਹੋ ਸਕਦੀ ਹੈ, ਸਤਿਗੁਰੂ ਰੂਪ ਹਟੀ (ਉਤੇ ਇਨ੍ਹਾਂ ਸਿਖਾਂ ਰੂਪ) ਰਤਨਾਂ ਦੇ [ਸਾਟ] ਬਦਲੇ ਦਾ ਵਿਵਹਾਰ ਹੈ ॥

**ਮਾਣਕ ਹੀਰਾ ਅਮੋਲ ਮਨਿ ਮੁਕਤਾਹਾਲ ਕੈ ਗਾਹਕ ਚਾਹਕ ਲਾਭ ਲਭਤਿ ਅਪਾਰ ਹੈ ॥**

ਮਾਣਕ, ਹੀਰਾ, ਮਣੀ, ਮੋਤੀਆਂ ਦੇ ਹਾਰ ਅਮੋਲਕ ਰਤਨ ਹਨ,ਜਿਨ੍ਹਾਂ ਦੇ ਚਾਹਕ [ਲੋੜਵੰਦ] ਗ੍ਰਾਹਕਾਂ ਪਾਸੋਂ ਅਪਾਰ ਹੀ ਲਾਭ ਲੱਭਦਾ ਹੈ,(ਅਰ ਥਾਤ ਵੈਰਾਗ, ਵਿਵੇਕ,ਸਮ-ਦਮ, ਸਤ-ਸੰਤੋਖ ਤੇਗੁਰ ਉਪਦੇਸ਼ ਰੂਪ ਅਮੋਲਕ ਰਤਨ ਹਨ,ਜਿਨ੍ਹਾਂ ਨੂੰਚਾਹੁੰਣ ਵਾਲੇ ਜਗਯਾਸੂਆਂਪਾਸੋਂ ਅਪਾਰਹੀਲਾਭਮਿਲਦਾਹੈ।

**ਸ਼ਬਦ ਸੁਰਤਿ ਅਵਗਾਹਨ ਬਿਸਾ- ਹਨ ਕੈ ਪਰਮ ਨਿਧਾਨ ਪ੍ਰੇਮ ਨੇਮ ਗੁਰ ਦੁਆਰ ਹੈ ॥**

(ਜੋ) ਸੁਰਤ ਨਾਲ (ਗੁਰ)ਸ਼ਬਦ ਦਾ ਵਿਚਾਰਨਾ ਕਰਦੇ ਹਨ, (ਉਹ ਇਨ੍ਹਾਂ ਰਤਨਾਂ ਦਾ) ਖਰੀਦਣਾ ਕਰਦੇ ਹਨ, (ਜਿਨ੍ਹਾਂ ਕੋਲ) ਪ੍ਰੇਮ ਨੇਮ ਰੂਪ ਪਰਮ ਖਜਾਨਾ ਹੈ,(ਓਹੀ) ਗੁਰਾਂ ਦਵਾਰੇ(ਇਨ੍ਹਾਂ ਰਤਨਾਂ ਨੂੰ ਲੈ ਸਕਦੇ ਹਨ) ।

**ਗੁਰਸਿਖ ਸੰਧਿ ਮਿਲਿ ਸੰਗਮ ਸਮਾਗਮ ਕੈ ਮਾਇਆ ਮੈ ਉਦਾਸ ਭਵ ਤਰਤ ਸੰਸਾਰ ਹੈ ॥ ੩੩ ॥ ੬੭ ॥**

(ਜੋ) ਗੁਰਸਿਖਾਂ ਦੇ ਜੋੜ ਵਿਚ ਮਿਲਿਆ ਹੈ, (ਉਹ) ਸੰਗਮ ਦਾ ਸਮਾਗਮ ਕਰਕੇ, (ਭਾਵ ਸਾਧ ਸੰਗਤ ਨਾਲ ਹਿਲ-ਮਿਲਕੇ)ਮਾਇਆ ਵਿਚ ਉਦਾਸ

ਰਹਿਕੇ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ॥ ੩੩ ॥ ੬੭ ॥

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਨਿਜ ਘਰਿ ਸਹਜ ਸਮਾਧਿ ਲਿਵ ਲਾਗੀ ਹੈ ॥**

(ਜੋ ਗੁਰੂ ਜੀ) ਚਰਨ ਕਮਲਾਂ ਦੀ ਮਕਰੰਦ [ਧੂੜੀ] ਰਸ ਦਾ ਲੋਭੀ ਹੋਇਆ ਹੈ,(ਉਸਦੀ) ਨਿਜ ਘਰ ਅੰਦਰ ਸਹਜ ਸਮਾਧੀ 'ਚ ਲਿਵ ਲਗ ਗਈ ਹੈ।

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਗੁਰਮਤਿ ਰਿਦੈ ਜਗਮਗ ਜੋਤਿ ਜਾਗੀ ਹੈ ॥**

(ਜੋ ਗੁਰੂ ਜੀ ਦੇ) ਚਰਨ ਕਮਲਾਂ ਦੀ ਮਕਰੰਦ ਰਸ ਦਾ ਲੋਭੀ ਹੋਇਆ ਹੈ,ਗੁਰਮਤ ਕਰਕੇ(ਉਸਦੇ) ਹਿਰਦੇ ਅੰਦਰ ਲਟ-ਲਟ ਕਰਕੇ ਜੋਤ ਜਗ ਪਈ ਹੈ।

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ॥**

(ਜੋ ਗੁਰੂ ਜੀ ਦੇ) ਚਰਨ ਕਮਲਾਂ ਦੀ ਮਕਰੰਦ ਰਸ ਦਾ ਲੋਭੀ ਹੋਇਆ ਹੈ, (ਉਜਨੇ) ਅਮ੍ਰਿਤ ਨਿਧਾਨ ਰੂਪ ਆਤਮ ਰਸ ਪੀਤਾ ਹੈ ਜਿਸ ਕਰਕੇ ਉਸਦੀ ਖੋਟੀ ਬੁਧੀ ਰਾਸ ਹੋ ਗਈ ਹੈ।

**ਚਰਨ ਕਮਲ ਮਕਰੰਦ ਰਸ ਲੁਭਤ ਹੁਇ ਮਾਇਆ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥ ੩੪ ॥ ੬੮ ॥**

(ਜੋ ਗੁਰੂ ਜੀ ਦੇ) ਚਰਨ ਕਮਲਾਂ ਦੀ ਮਕ੍ਰੰਦ ਰਸ ਦਾ ਲੋਭੀ ਹੋਇਆ ਹੈ। (ਉਹ) ਮਾਇਆ ਵਿਚ ਉਦਾਸ ਹੋ ਕੇ ਵਸਦਾ ਹੈ, (ਇਸ ਤਰਾਂ ਦਾ ਕੋਈ) ਵਿਰਲਾ ਹੀ ਵੈਰਾਗੀ(ਹੋਜਾ)ਹੈ। ਅਰਥਾਤ ਮਾਇਆ ਵਿਚ ਰਹਿੰਦਾ ਹੋਇਆ ਮਾਇਆ ਤੋਂ ਉਦਾਸ ਹੋਨ ਵਾਲਾ ਵਿਰਲਾ ਵੈਰਾਗੀ ਹੈ ॥ ੩੪॥ ੬੮॥

**ਜੈਸੇ ਨਾਉ ਬੂਡਤ ਸੈ ਜੋਊ ਬਚੈ ਸੋਊ ਭਲੋ ਬੂਡ ਗਏ ਪਾਛੈਪਛੁਤਾਇਓ ਰਹਿ ਜਾਤ ਹੈ ॥**

ਜਿਸ ਤਰਾਂ ਡੁਬਦੀ ਹੋਈ ਬੇੜੀ ਤੋਂ ਜੋ ਕੁਝ ਭੀ ਬਚ ਸਕੇ, ਓਹੀ ਚੰਗਾ ਹੈ, ਬੇੜੀ ਦੇ ਡੁੱਬ ਜਾਣ ਮਗਰੋਂ ਪਛਤਾਵਾ ਹੀ ਰਹਿ ਜਾਂਦਾ ਹੈ।

**ਜੈਸੇ ਘਰ ਲਾਗੈ ਆਗਿ ਜੋਈ ਬਚੈ ਸੋਈ ਭਲੋ ਜਰਿ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ ॥**

ਜਿਸ ਤਰਾਂ ਘਰਨੂੰ ਅੱਗ ਲੱਗ ਜਾਵੇ,(ਉਸ ਤੋਂ) ਜੋ ਕੁਝ ਬਚ ਜਾਵੇ ਉਹੀ ਚੰਗਾ ਹੈ,(ਜੋ ਘਰ)ਸੜ ਕੇ (ਆਪੇਹੀ ਅੱਗ)ਬੁਝ ਜਾਵੇਤਾਂ ਮਗਰੋਂ ਕੁਝਵਸਨਹੀਂ ਚਲਦਾ (ਅਰਥਾਤ ਫੇਰ ਕੁਝ ਭੀ ਨਹੀਂ ਹੋ ਸਕਦਾ)

**ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ ॥**

ਜਿਮ ਤਰਾਂ (ਘਰ ਨੂੰ)ਚੋਰ ਲੱਗ ਜਾਵੇ (ਤੇ ਘਰ ਦਾ ਮਾਲਕ)ਜਾਗ ਪਵੇ ਅਤੇ ਡੰਡ ਰੌਲਾ ਮਚਾ ਦੇਵੇ, ਇਸ ਤਰਾਂ ਕਰਨ ਨਾਲ) ਜੋ ਕੁਝ ਭੀ ਬਚ ਜਾਏ, ਓਹੀ ਚੰਗਾ ਹੈ ਅਤੇ ਜੇ ਮਾਲਕ ਸੁਤਾ ਹੀ ਪਿਆ ਰਹੇ ਤਾਂ ਸਵੇਰੇ ਉਠਦਾ ਹੀ ਘਰ ਨੂੰ ਸੁੰਞਾਂ ਸਖਣਾ ਹੋਇਆ ਵੇਖੇਗਾ।

**ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ ਪਾਵੈ ਮੋਖ ਪਦਵੀ ਨਾਤਰੁ ਬਿਲਲਾਤ ਹੈ॥੩੫॥੬੯॥**

ਇਸੇਤਰਾਂ ਜੇਹੜਾ ਕੋਈ ਮਰਨ ਦੇ ਸਮੇਂ ਆਪਣੇ ਅੰਤਦੇ ਸਮੇਂ ਵਿਚ ਭੀ ਗੁਰੂ ਜੀਦੀ ਸ਼ਰਨ ਵਿਚ ਆ ਜਾਵੇ,ਤਾਂਉਹ ਜ਼ਰੂਰ ਹੀਮੁਕਤ ਪਦਵੀ ਪਾ ਲਵੇਗਾ, (ਜੇ ਗੁਰ ਚਰਨ ਸ਼ਰਨ ਨਹੀਂ ਆਵੇਗਾ ਤਾਂ ਰੋਂਦਾ ਢਾਹ ਮਾਰਦਾ ਹੀਸੰਸਾਰ ਤੋਂ ਜਾਵੇਗਾ।੩੫॥੬੯॥

**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ ਧੰਨਿ ਧੰਨਿ ਕਹਤ ਹੈ ਸਕਲ ਸੰਸਾਰ ਜੀ ॥**

(ਜਿਸ ਤਰਾਂ ਕਿ)ਅੰਤ ਦੇ ਸਮੇਂ ਇਕ ਘੜੀ ਭਰ (ਨਿਗ੍ਰਹ ਕੈ)ਹਠ ਕਰਕੇ(ਇਸਤ੍ਰੀ ਮੁਰਦਾ-ਪਤੀਨਾਲ ਸੜ-ਮਰਕੇ) ਸਤੀ ਹੋ ਜਾਂਦੀ ਹੈ, (ਤਾ ਉਸਨੂੰ) ਸਾਰੇ ਸੰਸਾਰ ਦਾ ਜੀਅ ਜੀਅ ਧੰਨ ਧੰਨ ਕਹਿੰਦਾ ਹੈ।

**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਜੋਧਾ ਜੂਝੈ ਇਤ ਊਤ ਜਤ ਕਤ ਹੋਤ ਜੈ ਜੈ ਕਾਰ ਜੀ ॥**

(ਜਿਸ ਤਰਾਂ) ਅੰਤ ਦੇ ਸਮੇਂ ਇਕ ਘੜੀ ਹਠ ਕਰਕੇ ਸੂਰਮਾ (ਜੁਧ ਕਰਦਾ ੨) (ਜੂਝੈ) ਸ਼ਹੀਦ ਹੋ ਜਾਂਦਾ ਹੈ, (ਤਾਂ ਉਸਦਾ) ਲੋਕ-ਪ੍ਰਲੋਕ ਵਿਚ ਜਿਥੇ ਕਿਥੇ (ਭਾਵ ਥਾਂ-ਪਰ-ਥਾਂ) ਜੀ-ਜੀ(ਜਣੇ-ਖਣੇ)ਵਿਚ ਜੈ ਜੈ ਕਾਰ ਹੁੰਦਾ ਹੈ।

**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਚੋਰੁ ਮਰੈ ਫਾਸੀ ਕੈ ਸੂਰੀ ਚਢਾਇ ਜਗ ਮੈ ਧਿਕਾਰ ਜੀ ॥**

(ਜਿਸ ਤਰਾਂ) ਅੰਤ ਦੇ ਸਮੇਂ ਇਕ ਘੜੀ ਹਠ ਕਰਕੇ ਚੋਰ ਫਾਂਸੀ ਦੇਣ ਜਾਂ ਸੂਲੀ ਉਤੇ ਚੜ੍ਹਾਏ (ਜਾਣ ਨਾਲ) ਮਰਦਾ ਹੈ, (ਉਸਨੂੰ) ਜਗਤ ਵਿਚ ਬੰਦਾ-ਬੰਦਾ ਧ੍ਰਿਕਾਰਾਂ ਦੇਂਦਾ ਹੈ।

**ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ ਸੰਗਤਿ ਸੁਭਾਵ ਗਤਿ ਮਾਨਸ ਅਉਤਾਰ ਜੀ ॥੩੬॥੭੦॥**

(ਇਹ) ਮਨੁਖ (ਅਉਤਾਰ) ਜਨਮ ਦੁਰਲੱਭ ਹੈ (ਇਸ ਨੂੰ ਪਾਕੇ)ਉਸੇ ਤਰਾਂ ਖੋਟੀ ਮਤ ਵਾਲੇਅਸਾਧਾਂ ਦੀ ਸੰਗਤ (ਕਰਕੇ, ਇਸਨੂੰ) ਅਸਾਧਾਂ ਦਾ ਸੁਭਾਵ (ਗਤਿ) ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੀ ਮਤ ਵਾਲੇ ਸੰਤਾਂ ਦੀ ਸੰਗਤ (ਕਰਕੇ ਇਸਨੂੰ ਸਾਧਾਂ ਦਾ)ਸੁਭਾਵ ਪ੍ਰਾਪਤ ਹੁੰਦਾ ਹੈ, (ਜਿਸ ਸੁਭਾਵ ਦੇ ਵਸ ਹੋਕੇ ਇਹ ਭਲੇ-ਬੁਰੇ ਕਰਮ ਕਰਦਾ ਹੈ, ਜਿਨ੍ਹਾਂ ਦੇ ਫਲ ਭੋਗਣ ਲਈ ਇਸ ਨੂੰ ਮੁਕਤ ਪ੍ਰਾਪਤ ਰੂਪ ਆਤਮ ਸੁਖ ਮਿਲਦਾ ਹੈ ਜਾਂ ਅਨੇਕਾਂ ਜੂਨਾਂ ਵਿਚ ਫਿਰ ਫਿਰਕੇ ਅਨੇਕ ਤਰਾਂ ਦੇ ਦੁਖ-ਕਲੇਸ਼ ਪਾਂਦਾ ਹੈ) ॥ ੩੬ ॥ ੭੦ ॥

**ਆਦਿ ਕੈ ਅਨਾਦਿ ਅਰੁ ਅੰਤ ਕੈ ਅਨੰਤ ਅਤਿ ਪਾਰ ਕੈ ਅਪਾਰ ਨ ਅਥਾਹ ਥਾਹ ਪਾਈ ਹੈ ॥**

ਆਦਿ=ਅਰੰਭ, ਸਤਿਗੁਰੂ ਦਾ ਮੁਢਲਾ ਸਮਾ। ਅਨਾਦਿ=ਅਰੰਭ ਨਹੀਂ। ਅੰਤ=ਅਖੀਰ। ਅਨੰਤ=ਅਖੀਰ ਨਹੀਂ। ਅਪਾਰ=ਪਾਰ ਨਹੀਂ। ਮਿਤਿ=ਮੇਣਤੀ। ਅਮਿਤਿ=ਮੇਣਤੀ ਨਹੀਂ। ਅਸੰਖ=ਗਿਣਤੀ ਨਹੀਂ। ਅਰਧ=ਹੇਠਾਂ। ਉਰਧ=ਉਤਾਂਹ। ਪਰਜੰਤ=ਤੱਕ, ਹੱਦ। ਅਪਾਰ ਜੰਤ=ਹਦ ਨਹੀਂ।

(ਸਤਿਗੁਰੂ)ਆਦਿ ਕਰਕੇ ਅਨਾਦ ਹੈ ਅਤੇ ਅੰਤ ਕਰਕੇ ਅਨੰਤ ਹੈ, ਪਾਰ ਕਰਕੇ ਅਪਾਰ ਹੈ, (ਇਵੇਂ) ਅਥਾਹ(ਹੋਣ ਕਰਕੇ ਉਸਦੀ)ਥਾਹ ਨਹੀਂ ਪਾਈਹੈ।

**ਮਿਤਿ ਕੈ ਅਮਿਤਿ ਅਰੁ ਸੰਖ ਕੈ ਅਸੰਖ ਪੁਨਿ ਲੇਖ ਕੈ ਅਲੇਖ ਨਹੀ ਤੋਲ ਕੈ ਤੁਲਾਈ ਹੈ ॥**

ਮੇਣਤੀ ਕਰਕੇ ਅਮੇਣਤੀ ਹੈ, ਗੇਣਤੀ ਕਰਕੇ ਅਗੇਣਤੀ ਹੈ, ਫਿਰ ਲੇਖ ਕਰਕੇ ਅਲੇਖ ਹੈ ਤੇ ਤੋਲ ਕਰਕੇ ਤੋਲਿਆ ਨਹੀਂ ਗਿਆ ਹੈ।

**ਅਰਧ ਉਰਧ ਪਰਜੰਤ ਕੈ ਅਪਾਰ ਜੰਤ ਅਗਮ ਅਗੋਚਰ ਨ ਮੋਲ ਕੈ ਮੁਲਾਈ ਹੈ ॥**

ਹੇਠਾਂ ਦੀ ਹੱਦ ਅਗਮ ਹੈ,ਉਤਾਂਹ(ਦੀ ਹਦ ਤੋਂ) ਅਗੋਚਰ ਹੈ, ਪਰਜੰਤ ਕਰਕੇ ਅਪਰਜੰਤ ਹੈ, ਅਤੇ ਮੁਲ ਕਰਕੇ ਮੁਲ ਨਹੀਂ ਆਉਂਦਾ ਹੈ।

**ਪਰਮਦਭੁਤ ਅਸਚਰਜ ਬਿਸਮ ਅਤਿ ਅਬਿਗਤਿ ਗਤਿ ਸਤਿਗੁਰ ਕੀ**

**ਬਡਾਈ ਹੈ ॥ ੩੭ ॥ ੭੧ ॥**

ਸਤਿਗੁਰੂ ਦੀ ਵਡਿਆਈ [ਉਪਮਾ] ਦੀ ਗਤੀ ਅਬਗਤ ਹੈ, ਪਰਮ ਅਦਭੁਤ ਹੈ, ਅਚਰਜ ਹੈ ਅਤੇ ਮਹਾਂ ਬਿਸਮਾਦ ਹੈ ॥ ੩੭ ॥ ੭੧ ॥

**ਚਰਨ ਸਰਨਿ ਗੁਰ ਤੀਰਥ ਪੂਰਬ ਕੋਟਿ ਦੇਵੀ ਦੇਵ ਸੇਵ ਗੁਰ ਚਰਨਿ ਸਰਨਿ ਹੈ॥**

ਸਤਿਗੁਰੂ ਜੀ ਦੀ ਚਰਨ ਸ਼ਰਨ (ਪ੍ਰਾਪਤ ਕਰਨ ਵਾਲੇ ਨੂੰ) ਕ੍ਰੋੜਾਂ ਤੀਰਥਾਂ ਦੇ ਪੁਰਬੀ (ਇਸ਼ਨਾਨ ਦਾ ਪੁੰਨ ਪ੍ਰਾਪਤ ਹੁੰਦਾ ਹੈ) ਅਤੇ ਗੁਰੂ ਜੀ ਦੀ ਚਰਨ ਸ਼ਰਨ (ਪ੍ਰਾਪਤ ਕਰਨ ਵਾਲੇ ਨੂੰ ਸਾਰੇ) ਦੇਵੀਆਂ ਦੇਵਤਿਆਂ (ਦੀ ਪੂਜਾ) ਸੇਵਾ (ਕਰਨ ਦਾ ਮਹਾਤਮ ਮਿਲ ਜਾਂਦਾ ਹੈ)।

**ਚਰਨ ਸਰਨਿ ਗੁਰ ਕਾਮਨਾ ਸਕਲ ਫਲ ਰਿਧ ਸਿਧਿ ਨਿਧਿ ਅਵਤਾਰ ਅਮਰਨ ਹੈ ॥**

ਗੁਰੂ ਜੀ ਦੀ ਚਰਨ ਸ਼ਰਨ(ਪ੍ਰਾਪਤ ਕਰਨ ਵਾਲੇ ਦੀਆਂ) ਸਾਰੀਆਂ ਕਾਮਨਾ ਫਲ ਦਾਤੀਆਂ ਹੁੰਦੀਆਂ ਹਨ, (ਅਰਥਾਤ ਉਸਦੀਆਂ ਸਾਰੀਆਂ ਇਛਾਂ ਫਲਾਂ ਨਾਲ ਫਲਦੀਆਂ ਹਨ) ਅਤੇ ਰਿਧੀਆਂ, ਸਿਧੀਆਂਤੇ ਨਿਧੀਆਂ (ਅਵਤਾਰ)ਦੇਹ ਧਾਰਨ ਕਰਕੇ (ਉਸਦੀ ਸੇਵਾ ਵਿਚਹਾਜ਼ਰ ਹੁੰਦੀਆਂ ਹਨ.ਜੋਫਿਰ(ਮਰਦੀਆਂ ਨਹੀਂ ਹਨ.(ਅਰਥਾਤ ਜਿਵੇਂ ਨੌਕਰ ਸਾਹਮਣੇ ਖੜਾ ਹੁੰਦਾ ਹੈ,ਇਵੇਂ ਹੀ ਰਿਧਾਂ, ਸਿਧਾਂ ਤੇ ਨਿਧਾਂ ਹਾਜ਼ਰ ਰਹਿੰਦੀਆਂ ਜੋ ਕਦੇ ਭੀ ਨਾਸ ਨਹੀਂ ਹੁੰਦੀਆਂ)।

**ਚਰਨ ਸਰਨਿ ਗੁਰ ਨਾਮ ਨਿਹਕਾਮ ਧਾਮ ਭਗਤਿ ਜੁਗਤਿ ਕਰਿ ਤਾਰਨ ਤਰਨ ਹੈ॥**

(ਜੋ) ਗੁਰੂ ਜੀ ਦੀ ਚਰਨ ਸ਼ਰਨ (ਹੋਇਆ ਹੈ ਉਸਨੂੰ ਉਹ) ਧਾਮ (ਮਿਲਦਾ ਹੈ, ਜਿਸਦਾ) ਨਾਮ 'ਨਿਹਕਾਮ ਧਾਮ' ਹੈ ਅਤੇ ਭਗਤੀ ਦੀ ਜੁਗਤੀ (ਪ੍ਰਾਪਤ) ਕਰਕੇ(ਲੋਕਾਂ ਨੂੰ) ਤਾਰਨ ਵਾਲਾ 'ਤਰਨ' ਜਹਾਜ਼(ਬਣ ਜਾਂਦਾ ਹੈ,ਅਰਥਾਤ ਗੁਰੂ ਜੀ ਦੀਸ਼ਰਨ ਸ਼ਰਨ ਪ੍ਰਾਪਤ ਕਰਨ ਵਾਲੇ ਨੂੰ ਕਾਮਨਾ ਤੋਂ ਰਹਿਤ ਸਥਾਨ ਮਿਲ ਜਾਂਦਾ ਹੈ, ਜਿਸ ਕਰਕੇ ਭਗਤੀ ਦੀ ਜੁਗਤੀ ਨੂੰ ਪਾਕੇ ਭਗਤੀ ਕਰਦਾ ਹੈ,ਅਤੇ ਜਗਤ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਜਹਾਜ਼ ਬਣ ਜਾਂਦਾ ਹੈ)।

**ਕਰਨ ਸਰਨਿ ਗੁਰ ਮਹਿਮਾ ਅ.ਗਾਧਿ ਬੋਧਿ ਹਰਨ ਭਰਨ ਗਤਿ ਕਾਰਨ ਚਰਨ ਹੈ॥ ੩੮ ॥ ੭੨ ॥**

ਗੁਰੂ ਦੀ ਚਰਨ ਸ਼ਰਨ (ਹੋਣ ਦੀ) ਮਹਿਮਾ ਦਾ ਗਿਆਨ ਅਗਾਧ ਹੈ, (ਔਗੁਣਾਂ ਨੂੰ) ਹਰਨ ਦੀ ਗਤੀ ਵਾਲੀ ਹੈ, (ਸ਼ੁਭ ਗੁਣਾਂ ਨੂੰ) ਭਰਨ ਦੀ ਗਤੀ ਵਾਲੀ ਹੈ (ਅਤੇ ਭਲਿਆਈ ਦੇ) ਕਾਰਣਾਂ ਦੇ ਕਰਨ ਵਾਲੀ ਹੈ,(ਅਰਥਾਤ ਗੁਰੂ ਜੀ ਦੀ ਚਰਨ ਸ਼ਰਨ ਦਾ ਐਜਾ ਫਲ ਹੈ, ਜਿਸਦੀ ਮਹਿਮਾਂ ਦਾ ਜਾਣਨਾ ਹੀ ਅਗਾਧ ਹੈ. ਚਰਨ ਸ਼ਰਨ ਔਗੁਣਾ ਦਾ ਨਾਸ ਕਰਨ ਵਾਲੀ ਹੈ ਤੇ ਸ਼ੁਭ ਗੁਣਾਂ ਦੀ ਪਾਲਨਾ ਕਰਨ ਵਾਲੀ ਹੈ, ਅਤੇ ਕਾਰਨਾਂ ਦੇ ਕਰਨ ਵਾਲੀ ਹੈ ॥੩੮॥੭੨॥

**ਗੁਰਸਿਖ ਏਕ ਮੇਕ ਰੋਮ ਮਹਿਮਾ ਅਨੰਤ ਅਗਮ ਅਪਾਰ ਗੁਰੁ ਮਹਿਮਾਂ ਨਿਧਾਨ ਹੈ॥**

(ਜੋ) ਗੁਰ ਤੇ ਸਿਖ ਇਕ-ਮਿਕ (ਹੋ ਗਏ ਹਨ, ਉਨ੍ਹਾਂ ਦੇ ਇਕ) ਰੋਮ ਦੀ ਮਹਿਮਾ ਦਾ ਅੰਤ ਨਹੀਂ (ਜਾਣਿਆ ਜਾਂਦਾ) ਅਗਮ ਤੇ ਅਪਾਰ (ਹੈ, ਇਸ ਤਰ੍ਹਾਂ) ਗੁਰੂ ਮਹਿਮਾ ਦਾ ਖਜ਼ਾਨਾ ਹੈ।

**ਗੁਰਸਿਖ ਏਕ ਮੇਕ ਬੋਲ ਕੋ ਨ ਤੋਲ ਮੋਲ ਸ੍ਰੀ ਗੁਰ ਸ਼ਬਦ ਅਗਿਮਿਤ ਗਯਾਨ ਧਯਾਨ ਹੈ॥**

(ਜੋ) ਗੁਰ ਸਿਖ ਨਾਲ ਇਕ-ਮਿਕ ਹੋ ਗਿਆ ਹੈ, (ਉਸਦੇ ਇਕ) ਬੋਲ ਦਾ (ਭੀ) ਤੋਲ ਤੇ ਮੁਲ ਨਹੀਂ ਹੈ, ਸ੍ਰੀ ਗੁਰੂ ਜੀ ਦੇ ਸ਼ਬਦ ਦਾ ਗਿਆਨ ਧਿਆਨ ਅਗਮਿਤ ਹੈ, (ਅਰਥਾਤ ਸ੍ਰੀ ਗੁਰੂ ਜੀ ਦੇ ਸ਼ਬਦ ਦੇ

ਗਿਆਨ ਤੇ ਧਿਆਨ ਦੀ ਹੱਦ ਅਗੰਮ ਹੈ।

**ਗੁਰਸਿਖ ਏਕ ਮੇਕ ਦ੍ਰਿਸ਼ਟਿ ਦ੍ਰਿਸ਼ਟਿ ਤਾਰੇ ਸ੍ਰੀ ਗੁਰ ਕਟਾਛ ਕ੍ਰਿਪਾ ਕੇ ਨ ਪਰਮਾਨ ਹੈ ॥**

(ਜੋ) ਸਿਖ ਗੁਰੂ ਨਾਲ ਇਕ ਮਿਕ ਹੋ ਗਿਆ ਹੈ, (ਉਹ) ਅਖ ਦੀ ਨਜ਼ਰ ਨਾਲ ਹੀ ਤਾਰ ਲੈਂਦਾ ਹੈ, (ਤਾਂ ਫਿਰ) ਗੁਰੂ ਜੀ ਦੀ ਕ੍ਰਿਪਾ ਕਟਾਖਸ਼ ਦਾ ਪ੍ਰਮਾਣ ਨਹੀਂ ਹੈ।

**ਗੁਰਸਿਖ ਏਕ ਮੇਕ ਪਲ ਸੰਗ ਰੰਗ ਰਸ ਅਬਿਗਤਿ ਗਤਿ ਸਤਿਗੁਰ ਨਿਰਬਾਨ ਹੈ ॥੩੯॥੭੩॥**

(ਜੋ) ਸਿਖ ਗੁਰੂ ਨਾਲ ਇਕ ਮਿਕ ਹੋਇਆ ਹੈ, (ਉਸਦੇ ਨਾਲ ਇਕ) ਪਲ (ਜਿੰਨਾ ਸਮਾਂ ਭੀ) ਸਾਥ (ਕਰਨ ਦਾ ਜੋ) ਰੰਗ ਰਸ (ਹੈ, ਉਹ) ਗਤੀ ਅਬਗਤ ਹੈ, (ਇਸ ਤਰ੍ਹਾਂ) ਸਤਿਗੁਰੂ ਬਾਨ ਤੋਂ ਰਹਿਤ ਹੈ ॥ ੩੯ ॥ ੭੩ ॥

**ਬਰਨ ਬਰਨ ਬਹੁ ਬਰਨ ਘਟਾ ਘਮੰਡ ਬਸੁਧਾ ਬਿਰਾਜਮਾਨ ਬਰਖਾ ਅਨੰਦ ਕੈ ॥**

ਰੰਗਾ-ਰਗ (ਦੇ ਬੱਦਲ ਕਠੇ ਹੋ ਕੇ) ਬਹੁਤ ਰੰਗਾਂ ਦੀਆਂ ਘਟਾਂ ਦਾ ਜਮਘਟ (ਹੋ ਜਾਂਦਾ ਹੈ, ਜਦ ਉਨਾਂ ਤੋਂ ਬਰਖਾ (ਹੁੰਦੀ ਹੈ, ਤਾਂ) ਧਰਤੀ ਉਪਰ ਬਿਰਾਜ ਮਾਂਨ (ਹੋਣ ਵਾਲਿਆਂ ਨੂੰ) ਅਨੰਦ ਹੁੰਦਾ ਹੈ।

**ਬਰਨ ਬਰਨ ਹੋਇ ਪ੍ਰਫੁਲਿਤ ਬਨਾਸਪਤੀ ਬਰਨ ਬਰਨ ਫਲ ਫੂਲ ਮੂਲ ਕੰਦ ਕੈ ॥**

(ਜਿਸ ਨਾਲ) ਰੰਗਾਂ ਰੰਗਾਂ ਦੀ ਬਨਾਸਪਤੀ ਪ੍ਰਫੁਲਤ ਹੋ ਜਾਂਦੀ ਹੈ, (ਜਿਸ ਨਾਲ) ਰੰਗ ਰੰਗ ਦੇ ਫੂਲ, ਫਲ ਤੇ ਕੰਦ (ਪੈਦਾ ਹੁੰਦੇ) ਹਨ।

**ਬਰਨ ਬਰਨ ਖਗ ਬਿਬਿਧ ਭਾਖਾ ਪ੍ਰਗਾਸ ਕੁਸਮ ਸੁਗੰਧ ਪਉਨ ਗਉਨ ਸੀਤ ਮੰਦ ਕੈ ॥**

(ਰਿਰ) ਰੰਗਾਂ ਰੰਗਾਂ ਦੇ ਪੰਛੀ ਅਨੇਕ ਤਰ੍ਹਾਂ ਦੀ ਬੋਲੀ ਦਾ ਉਜਾਲਾ ਕਰਦੇ ਹਨ, ਅਤੇ ਫੁਲਾਂ (ਦੇ ਸਬੰਧ ਕਰਕੇ) ਹਵਾ ਸੁਗੰਧੀ ਵਾਲੀ, ਠੰਡੀ ਤੇ ਮੰਦ ਮੰਦ ਚਲਦੀ ਹੈ।

**ਰਵਨ ਗਵਨ ਜਲ ਥਲ ਤ੍ਰਿਨ ਸੋਭਾ ਨਿਧਿ ਸਫਲ ਹੁਇ ਚਰਨ ਕਮਲ ਮਕਰੰਦ ਕੈ ॥੪੦॥੭੪॥**

(ਜਿਸ ਕਰਕੇ) [ਰਵਨ] ਸੁੰਦਰ (ਹੋ ਜਾਂਦਾ ਹੈ) [ਗਵਨ=ਗਗਨ] ਆਕਾਸ਼ ਅਤੇ ਜਲ, ਥਲ ਤੇ ਘਾਹ (ਆਦਿਕ ਸਾਰੇ ਹੀ) ਸੋਭਾ ਦੀ ਨਿਧੀ (ਹੋ ਕੇ) ਸਫਲ ਹੁੰਦੇ ਹਨ, (ਪਰ ਇਨਾਂ ਸਭਨਾਂ ਨੂੰ) ਸਫਲ (ਕਰਨ ਵਾਲੀ ਸ੍ਰੀ ਗੁਰੂ ਜੀ) ਚਰਨ ਕਮਲਾਂ ਦੀ ਮਕਰੰਦ [ਧੂੜੀ] ਹੈ ਅਰਥਾਤ (ਗੁਰੂ ਚਰਨ ਕਮਲਾਂ ਦੀ ਮਕਰੰਦ ਨੇ ਹੀ ਇਨਾਂ ਸਾਰੇ ਪਦਾਰਥਾਂ ਨੂੰ ਸਫਲ ਤੇ ਸੋਭਾ ਦੀ ਨਿਧੀ ਕੀਤਾ ਹੈ) ॥੪੦॥੭੪॥

**ਚੀਟੀ ਕੇ ਉਦਰ ਬਿਖੈ ਹਸਤੀ ਸਮਾਇ ਕੈਸੇ ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ ॥**

ਜਿਸ ਤਰ੍ਹਾਂ) ਕੀੜੀ ਦੇ ਪੇਟ ਵਿਚ ਹਾਥੀ ਕਿਸ ਤਰ੍ਹਾਂ ਸਮਾ ਸਕਦਾ ਹੈ? ਅਤੇ ਨਾ ਤੋਲੇ ਜਾਣ ਵਾਲੇ ਅਪਾਰ ਭਾਰ ਨੂੰ ਭ੍ਰਿੰਗੀ (ਘਰੀਨ ਕੀੜੀ) ਨਹੀਂ ਚੁਕ ਸਕਦੀ।

**ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ ਮਕਰੀ ਨ ਚੀਤੈ ਜੀਤੈ ਸਰਿ ਨ ਪੁਜਾਵਈ ॥**

(ਜਿਸ ਤਰ੍ਹਾਂ) ਮੱਛਰ ਦੇ ਡੰਗ ਨਾਲ ਬਾਸ਼ਕਨਾਗ ਨਹੀਂ ਮਰਦਾ ਅਤੇ ਮਕੜੀ ਚਿਤਰੇ ਨੂੰ ਜਿਤ ਨਹੀਂ ਸਕਦੀ, (ਮਕੜੀ ਦਾ ਭੀ ਲੱਕ ਪਤਲਾ ਹੁੰਦਾ ਹੈ) ਲੱਕ ਪਤਲੇ ਹੋਣ ਕਰਕੇ ਮਕੜੀ-ਚਿਤਰੇ ਦੇ ਬਰਾਬਰ

ਨਹੀਂ ਪੁਜ ਸਕਦੀ, (ਅਰਥਾਤ ਮਕੜੀ ਤੇ ਚਿੱਤਰੇ ਦੀ ਬਰਾਬਰੀ ਨਹੀਂ ਹੋ ਸਕਦੀ)।

**ਤਮਚਰ ਉਡਤ ਨ ਪਹੁਚੈ ਆਕਾਸ਼ ਬਾਸ ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ॥**

(ਜਿਸ ਤਰਾਂ) ਅਕਾਸ਼ ਵਿਚ ਵਸਣ ਵਾਲੇ [ਅਨਿਲ ਮਨਿਲ] ਪੰਛੀ ਦੇ ਬਰਾਬਰ [ਤਮਚਰ] *ਉਲੂ, ਉਡਕੇ ਨਹੀਂ ਪੁਜ ਸਕਦਾ ਅਤੇ ਮੂਸਾ ਤਰ ਕੇ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ।

**ਤੈਸੇ ਪ੍ਰਿਆ ਪ੍ਰੇਮ ਨੇਮ ਅਗਮ ਅਗਾਧਿ ਬੋਧਿ ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ॥ ੪੧॥ ੭੫॥**

ਉਸੇ ਤਰ੍ਹਾਂ ਪ੍ਰੀਤਮ ਦਾ ਪ੍ਰੇਮ ਨੇਮ ਹੈ (ਜਿਸਦਾ) ਬੋਧ ਅਗਮ ਤੇ ਅਗਾਧ ਹੈ,(ਉਸਦੇ ਬਰਾਬਰਮਨਮੁਖ ਨਹੀਂ ਪੁਜ ਸਕਦਾ, ਪਰ)ਗੁਰਸਿਖ(ਉਸ ਵਿਚ ਇਸ ਤਰਾਂ ਸਮਾ ਜਾਂਦਾ ਹੈ) ਜਿਵੇਂ ਸਮੁੰਦਰ ਵਿਚ ਬੂੰਦ ਸਮਾ ਜਾਂਦੀ ਹੈ॥ ੪੧॥ ੭੫॥

ਭਾਵ-ਕੀੜੀ ਸਮਾਨ ਛੋਟੇ ਦਿਲ ਵਾਲੇ ਦੇਹਿਰਦੇ ਵਿਚ ਚੇਤਨ ਸੱਤਾ ਦਾ ਸਾਖਯਾਤਕਾਰ ਕਿਵੇਂ ਹੋ ਸਕਦਾ ਹੈ? ਅਤੇ ਭ੍ਰਿੰਗੀ ਸਮਾਨ ਚਪਲ ਮਨ ਵਾਲੇ ਪੁਰਸ਼ ਨੂੰ ਖੰਡਾਂ-ਬ੍ਰਹਮੰਡਾਂ ਦੇ ਆਸਰਾ ਰੂਪ ਵਾਹਿਗੁਰੂ ਦਾ ਗਿਆਨ ਕਿਵੇਂ ਹੋ ਸਕਦਾ ਹੈ।

ਮਛਰ ਦੇ ਡੰਗ ਸਮਾਨ ਜੋਈਰਖਾ,ਦ੍ਵੈਖਆਦਿਕਾਂ ਵਿਚ ਫਸਿਆ ਹੋਇਆ ਹੈ, ਉਹ ਵਾਸ਼ਨਾਂ ਰੂਪ ਨਾਗ ਨੂੰ ਕਿਵੇਂ ਮਾਰ ਸਕਦਾ ਹੈ, ਮਕਰੀ-ਫਰੇਬੀ ਪੁਰਸ਼ ਬਗਲ ਸਮਾਧੀਆਂ ਲਾ ਲਾ ਕੇ ਸਹਜ ਸਮਾਧੀ ਦਾ ਰਸ ਕਿਵੇਂ ਪਾਇਗਾ।

ਅਗਿਆਨ ਰੂਪ ਹਨੇਰੇ ਵਿਚ ਵਿਚਰਨ ਵਾਲਾ ਤਮੋਗੁਣੀ ਜੀਵ ਬ੍ਰਹਮ ਰੂਪ ਗਗਨ ਵਿਚਉਡਾਰੀਆਂ ਲਾਣ ਵਾਲੇ ਬ੍ਰਹਮ ਗਿਆਨੀ ਦੇ ਬਰਾਬਰਕਿਸਤਰਾਂ ਪੁਜੇਗਾ ਅਤੇ ਜੋ ਮੋਹ ਦਾ ਮੂਸਿਆ ਹੋਇਆ ਹੈ, ਉਹ ਸੰਸਾਰ ਸਮੁੰਦਰ ਤੋਂ ਤਰਕੇ ਕਿਸ ਤਰਾਂ ਨਾਲ ਪਾਰ ਉਤਰੇਗਾ? ਕੇਵਲ ਸਤਿਗੁਰੂ ਦੀ ਕ੍ਰਿਪਾ ਕਟਾਖਛਸ ਨੂੰ ਪ੍ਰਾਪਤ ਕਰਨ ਵਾਲਾ ਹੀ ਵਾਹਿਗੁਰੂ ਸਮੁੰਦਰ ਵਿਚ ਬੂੰਦ ਰੂਪ ਹੋ ਕੇ ਸਮਾ ਜਾਇਗਾ।

*ਤਾਮ੍ਰਚੂੜ=ਕੁਕੜ।

**ਸ਼ਬਦ ਸੁਰਤਿ ਅਵਗਾਹਨ ਕੈ ਸਾਧ ਸੰਗਿ ਆਤਮ ਤਰੰਗ ਗੰਗ ਸਾਗਰ ਲਹਿਰ ਹੈ॥**

ਸਾਧ ਸੰਗ (ਕਰਦਾ ਹੋਇਆ ਜਗਯਾਸੂ) ਸੁਰਤ ਨਾਲ ਸ਼ਬਦ ਦੀ ਵੀਚਾਰ ਕਰਨ ਕਰਕੇ ਆਤਮ ਸਰੂਪ ਵਿਚ ਇਸ ਤਰਾਂ ਅਭੇਦ ਹੋ ਜਾਂਦਾ ਹੈ,ਜਿਵੇ) ਸਮੁੰਦਰ ਵਿਚ ਗੰਗਾ(ਆਦਿਕ ਨਦੀਆਂ ਅਤੇ)ਗੰਗਾ ਵਿਚ ਲਹਿਰਾਂ ਤੇ ਤਰੰਗ (ਸਮਾ ਜਾਂਦੇ ਹਨ)।

**ਅਗਮ ਅਥਾਹ ਆਹਿ ਅਪਰ ਅਪਾਰ ਅਤਿ ਰਤਨ ਪ੍ਰਗਾਸ ਨਿਧਿ ਪੂਰਨ ਗਹਿਰ ਹੈ॥**

(ਜੋ) ਅਗਮ ਅਥਾਹ ਹੈ,(ਜਿਸਦਾ)ਉਰਾਰ ਨਹੀ ਪਾਰ ਨਹੀਂ ਅਤੇ ਜੋ ਅਤਯੰਤ ਪ੍ਰਕਾਸ਼ ਸਰੂਪ ਰਤਨ ਤੇ (ਗੁਹਿਰ=ਗੌਹਰ) ਮੋਤੀ ਦੀ ਪੂਰਨ ਨਿਧੀ (ਅਰਥਾਤ ਰਤਨ ਤੇ ਮੋਤੀਆਂ ਦਾ ਨਕੋਨੱਕਭਰਿਆ ਹੋਇਆ ਖਜਾਨਾ ਹੈ)।

**ਹੰਸ ਮਰਜੀਵਾ ਗੁਨ ਗਾਹਕ ਚਾਹਕ ਸੰਤ ਨਿਸਿ ਦਿਨ ਘਟਿਕਾ ਮਹੂਰਤ ਪਹਿਰ ਹੈ॥**

(ਉਹ) ਸੰਤ ਰੂਪ ਹੰਸ(ਇਸ ਮੋਤੀ ਨੂੰ)(ਚਾਹਕ) ਖਾਂਦਾ ਹੈ, (ਜੋ) ਦਿਨ-ਰਾਤ, ਘੜੀ, ਮਹੂਰਤ ਤੇ ਪਹਰ (ਸ਼ਬਦ ਸੁਰਤ ਵਿਚ ਲਗਾ ਰਹਿੰਦਾ ਹੈ, ਅਤੇ ਗੁਣਾਂ ਦਾ ਗ੍ਰਾਹਕ (ਰੂਪ ਜਗਯਾਸੂ ਹੀ) ਮਰਜੀਵੜਾ (ਹੈ, ਜੋ ਇਸ ਬੂੰਦ ਨੂੰ ਟੁਬੀ ਮਾਰਕੇ ਕਢਦਾ ਹੈ)।

**ਸ੍ਵਾਂਤਿ ਬੂੰਦ ਬਰਖਾ ਜਿਉ ਗਵਨ ਘਟਾ ਘਮੰਡ ਹੋਤ ਮੁਕਤਾਹਲ ਅਉ ਨਰ ਨਰਹਰ ਹੈ॥ ੪੨॥ ੭੬॥**

ਜਿਵੇਂ (ਗਵਨ)ਗਗਨ(ਅਕਾਸ਼)ਵਿਚ ਕਾਲੀਆਂ ਘਟਾਂ ਦਾ (ਘਮੰਡ) ਜਮਘਟ ਹੋ ਕੇ ਸ੍ਵਾਂਤੀ ਬੂੰਦ ਦੀ

ਬਰਖਾ (ਦਾ ਕਾਰਨ) [ਮੁਕਤਾਹਲ] ਮੋਤੀਆਂ (ਦੇ ਪੈਦਾ ਕਰਨ ਦਾ) [ਹੇਤ] ਕਾਰਣ ਹੈ, (ਇਵੇਂ ਹੀ) [ਨਰ ਨਰਹਰ] ਜੀਵ ਤੇ ਈਸ਼ਰ(ਦੀ ਏਕਤਾ ਰੂਪਜੋ ਗਿਆਨ ਹੈ) ਓਹੀ ਆਤਮ ਗਿਆਨ ਹੈ।੪੨।੭੬॥

**ਸਬਦ ਸੁਰਤਿ ਲਿਵ ਜੋਤਿ ਕੋ ਉਦੋਤੁ ਭਇਓਤ੍ਰਿਭਵਨ ਅਉ ਤ੍ਰਿਕਾਲ ਅੰਤਰਿ ਦਿਖਾਏ ਹੈ॥**

ਸ਼ਬਦ ਵਿਚ ਸੁਰਤ ਦੀ ਲਿਵ (ਜੁੜ ਜਾਣ ਕਰਕੇ) ਜੋਤੀ ਉਦੇ ਹੋ ਆਉਂਦਾ ਹੈ (ਅਰਥਾਤ ਪ੍ਰਕਾਸ਼ ਪੁੰਜ ਆਤਮ ਸਰੂਪ ਪ੍ਰਗਟ ਹੋ ਆਉਂਦਾ ਹੈ, ਜਿਸ ਧਰਕੇ ਤਿੰਨੇ ਲੋਕ ਤੇ ਤਿੰਨੇ ਕਾਲ(ਆਦਿਕ) ਸਭ (ਕੁਝ ਆਪਨੇ) ਅੰਦਰੋਂ ਹੀ ਦਿਸ ਆਉਂਦੇ (ਭਾਵ ਨਜ਼ਰ ਆ ਜਾਂਦੇ) ਹਨ।

**ਸ਼ਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ ਅਕਥ ਕਥਾ ਬਿਨੋਦ ਅਲਖ ਲਖਾਏ ਹੈ॥**

[ਗੁਰ] ਸ਼ਬਦ ਵਿਚ ਸੁਰਤ ਦੀ [ਲਿਵ] ਲਗ ਜਾਣ ਕਰਕੇ] ਗੁਰਮਤ ਦਾ ਪ੍ਰਕਾਸ਼ [ਹੋ ਜਾਂਦਾ ਹੈ, ਜਿਸਦੀ] ਕਥਾ ਅਕਥ ਹੈ, ਅਤੇ ਨਾਂ ਜਾਣੇ ਜਾਣ ਵਾਲੇ ਕੌਤਕ ਜਾਣੇ ਜਾਂਦੇ ਹਨ।

**ਸ਼ਬਦ ਸੁਰਤਿ ਲਿਵ ਨਿਝਰ ਅਪਾਰ ਧਾਰ ਪ੍ਰੇਮ ਰਸ ਰਸਿਕ ਹੁਇ ਅਪਿਅ ਪੀਆਏ ਹੈ॥**

[ਗੁਰ] ਸ਼ਬਦ ਵਿਚ ਸੁਰਤ ਦੀ ਲਿਵ [ਲੱਗ ਜਾਣ ਕਰਕੇ] ਇਕ ਰਸ ਅਪਾਰ ਧਾਰ [ਝਰਨ ਲਗ ਪੈਂਦੀ ਹੈ, ਤਾਂ ਮਨ] ਪ੍ਰੇਮ ਰਸ ਦਾ ਰਸੀਆ ਹੋ ਕੇ ਅੰਮ੍ਰਿਤ ਨੂੰ ਪੀਂਦਾ ਹੈ।

**ਸ਼ਬਦ ਸੁਰਤਿ ਲਿਵ ਸੋਹੰ ਸੋ ਅਜਪਾ ਜਾਪ ਸਹਿਜ ਸਮਾਧਿ ਸੁਖ ਸਾਗਰ ਸਮਾਏ ਹੈ॥੪੩॥੭੭॥**

[ਗੁਰ] ਸ਼ਬਦ ਵਿਚ ਸੁਰਤ ਦੀ ਲਿਵ [ਲਗ ਜਾਣ ਕਰਕੇ] 'ਸੋਹੰ-ਹੰਸੋ' [ਰੂਪ] ਅਜਪਾ ਜਾਪ [ਕਰਦੇ ਹੋਇਆਂ] ਸਹਜ ਸਮਾਧੀ [ਲਗ ਜਾਂਦੀ ਹੈ ਅਤੇ ਆਤਮ] ਸੁਖਾਂ ਦੇ ਸਮੁੰਦਰ ਵਿਚ ਸਮਾ ਜਾਂਦਾ ਹੈ ॥ ੪੩ ॥ ੭੭ ॥

**ਆਧਿ ਕੈ ਬਿਆਧਿ ਕੈ ਉਪਾਧਿ ਕੈ ਤ੍ਰਿਦੋਖਹੁ ਤੇ ਗੁਰਸਿਖ ਸਾਧ ਗੁਰ ਬੈਦ ਪੈ ਲੈ ਆਏ ਹੈ॥**

ਆਧਿ [ਮਾਨਸਿਕ ਰੋਗਾਂ] ਕਰਕੇ [ਦੁਖੀ], ਬਿਆਧਿ [ਸਰੀਰਕ ਰੋਗਾਂ] ਕਰਕੇ (ਦੁਖੀ) ਤੇ ਉਪਾਧਿ [ਲੌਕਿਕ ਜਾਂ ਦੈਵਿਕ ਬਖੇੜਿਆਂ] ਕਰਕੇ [ਦੁਖੀ] ਅਤੇ ਤਿੰਨਾ ਦੋਖਾਂ [ਮਨ, ਬਾਣੀ ਤੇ ਸਰੀਰ ਦੇ ਰੋਗਾਂ] ਕਰਕੇ ਜੋ ਦੁਖੀ ਹਨ, (ਇਸ ਤਰਾਂ ਦੇ ਪੁਰਸਾਂ ਨੂੰ) ਗੁਰੂ ਦੇ ਸਿਖ (ਪ੍ਰੇਰ ਪ੍ਰੇਰ ਕੇ) ਗੁਰੂ ਰੂਪ ਸਰੇਸ਼ਟ ਵੈਦ ਦੇ ਕੋਲ ਲੈਕੇ ਆਏ ਹਨ।

**ਅੰਮ੍ਰਿਤ ਕਟਾਖ੍ਯ ਪੇਖਿ ਜਨਮ ਮਰਨ ਮੇਟੇ ਜੋਨਿ ਜਮ ਭੈ ਨਿਵਾਰੇ ਅਭੈ ਪਦ ਪਾਏ ਹੈ॥**

(ਗੁਰੂ ਰੂਪ ਵੈਦ ਨੇ)ਅੰਮ੍ਰਿਤ ਭਰੀ ਨਜ਼ਰ ਨਾਲ ਵੇਖਕੇ ਹੀ ਜਨਮ ਮਰਨ ਰੂਪ ਰੋਗ ਨੂੰ ਮੇਟ ਦਿਤਾ ਹੈ, (ਅਤੇ ਅਗੇ ਲਈ ਭੀ) ਜੂਨਾਂ ਤੇ ਜਮਾਂ ਦਾ ਡਰ ਮੇਟ ਦਿਤਾ ਹੈ (ਤੇ ਉਨ੍ਹਾਂ ਨੇ) ਡਰ ਤੋਂ ਰਹਿਤ ਸਥਾਨ ਪਾ ਲਿਆ ਹੈ।

**ਚਰਨ ਕਮਲ ਮਕਰੰਦ ਰਜ ਲੇਪਨ ਕੈ ਦੀਖਯਾ ਸੀਖਯਾ ਸੰਜਮ ਕੈ ਅਉਖਧਿ ਖਵਾਏ ਹੈ॥**

(ਗੁਰੂ ਜੀ ਨੇ) ਚਰਨ ਕਮਲਾਂ ਦੀ ਮਕਰੰਦ ਰੂਪ ਧੂੜੀ ਦਾ ਲੇਪ ਕਰ ਦਿਤਾ ਹੈ, ਗੁਰਮੰਤ੍ਰ ਦੇਣ ਰੂਪ ਦਵਾਈ ਖੁਆ ਦਿਤੀ ਹੈ, ਅਤੇ ਦੀਖਯਾ ਰਹਿਤ ਵਿਚ ਰਹਿਣਾ ਹੀ ਪਰਹੇਜ਼ ਦਸ ਦਿਤਾ ਹੈ।

**ਕਰਮ ਭਰਮ ਖੋਏ ਧਾਵਤ ਬਰਜ ਰਾਖੇ ਨਿਹਚਲ ਮਤਿ ਸੁਖ ਸਹਜ**

**ਸਮਾਏ ਹੈ॥੪੪॥੭੯॥**

(ਹਰ ਵੇਲੇ)ਧਾਈ ਕਰਦੇ ਰਹਿਣ ਵਾਲੇ ਮਨ ਨੂੰ (ਉਨ੍ਹਾਂ ਨੇ) ਰੋਕਕੇ ਰਖਿਆ ਹੈ,(ਇਸ ਕਰਕੇ)ਕਰਮ ਭਰਮ ਨਾਸ ਕਰ ਲਿਆ ਹੈ ਅਤੇ ਅਚੱਲ ਮਤ ਵਾਲੇ ਹੋਕੇ ਸਹਿਜ ਸੁਖ ਵਿਚ ਸਮਾ ਗਏ ਹਨ ॥੪੪॥੭੯॥

**ਬੋਹਿਥ ਪ੍ਰਵੇਸ ਭਏ ਨਿਰਭੈ ਹੁਇ ਪਾਰਗ੍ਰਾਮੀ ਬੋਹਿਥ ਸਮੀਪ ਬੂਡ ਮਰਤ ਅਭਾਗੇ ਹੈ ॥**

ਬੋਹਿਬ – ਜਹਾਜ਼ । ਪ੍ਰਵੇਸ਼ – ਵੜਕੇ, ਚੜ੍ਹਕੇ । ਪਾਰਗ੍ਰਾਮੀ–ਪਾਰ ਪਹੁੰਚ ਜਾਂਦਾ । ਸਮੀਪ – ਕੋਲ, ਨੇੜੇ । ਦੂਰੰਤਰ–[ਦੂਰ+ਅੰਤਰ] ਵਿਥ ਉਤੇ ਦੂਰ, ਫਾਸਲੇ ਉਪਰ ਦੂਰ । ਤਰੂ – ਬ੍ਰਿਛ । ਗੰਧ ਮਾਰਤ – ਸੁਗੰਧ ਵਾਲੀ ਹਵਾ, ਚੰਦਨ ਦੀ ਵਾਸ਼ਨਾ ਵਾਲੀ ਹਵਾ । ਕੁਲ – [ਕੁੱਲਾ] ਘਰ (ਜਾਂ) ਪਰਵਾਰ ।

(ਜੇਹੜਾ ਕੋਈ ਜਹਾਜ਼ ਵਿਚ ਸਵਾਰ ਹੋਗਿਆਹੈ, (ਉਹੀ)ਡਰ ਤੋਂ ਰਹਿਤ ਹੋਕੇ(ਸਮੁੰਦਰੋਂ) ਪਾਰ ਲੰਘ ਗਿਆ ਹੈਅਤੇ ਜਹਾਜ਼ ਦੇਕੋਲ ਖੜਾ ਹੋਕੇ ਭੀ ਭਾਗਾਂ ਤੋਂ ਹੀ ਹੀਣਾ (ਉਸ ਵਿਚ ਸਵਾਰ ਨਹੀਂ ਹੋਇਆ ਤੇ ਸਮੁੰਦਰ ਵਿਚ) ਡੁਬਕੇ ਮਰ ਗਿਆ ਹੈ(ਅਰਥਾਤ ਪੁਜਾਰੀ,ਗ੍ਰੰਥੀ ਆਦਿਕ ਸਤਿਗੁਰੂ ਜੀ ਦੇ ਚਰਨਾਂ ਦੇ ਵਿਚ ਰਹਿੰਦੇ ਹੋਏ ਭੀ ਗੁਰ ਸ਼ਬਦ ਦੇ ਭੇਦੀ ਨਹੀਂ ਹੋਏ ਤੇ ਸੰਸਾਰ ਸਮੁੰਦਰ ਵਿਚ ਡੁਬ ਮੋਏ ਹਨ)

**ਚੰਦਨ ਸਮੀਪ ਦੁਰਗੰਧ ਸੋ ਸੁਗੰਧ ਹੋਇ ਦੂਰੰਤਰ ਤਰੁ ਗੰਧ ਮਾਰੁਤ ਨ ਲਾਗੇ ਹੈ ॥**

ਚੰਦਨ ਦਰੱਖਤ ਦੇ ਕੋਲ (ਵਸਣ ਵਾਲਾ) ਬਦਬੂਦਾਰ ਦਰੱਖਤ ਭੀ ਸੁਗੰਧੀ ਵਾਲਾ [ਚੰਦਨ ਦਾ ਦਰੱਖਤ ਹੀ]ਹੋ ਜਾਂਦਾ ਹੈ, (ਪਰ ਚੰਦਨ ਤੋਂ) ਬਹੁਤ ਫਾਸਲੇ ਉਤੇ ਰਹਿਣ ਵਾਲੇ ਦਰੱਖਤ ਨੂੰ ਚੰਦਨ ਦੀ ਵਾਸ਼ਨਾ ਵਾਲੀ ਹਵਾ ਨਹੀਂ ਲੱਗਦੀ (ਜਿਸ ਕਰਕੇ ਉਹ ਚੰਦਨ ਨਹੀਂ ਹੁੰਦਾ ਹੈ)

**ਸਿਹਜਾ ਸੰਜੋਗ ਭੋਗ ਨਾਰਿ ਗਰ ਹਾਰ ਹੋਤ ਪੁਰਖ ਬਿਦੇਸ ਕੁਲ ਦੀਪਕ ਨ ਜਾਗੇ ਹੈ ॥**

ਸੇਜ ਉਤੇ ਭੋਗ ਦੇ ਸਮੇਂ ਇਸਤ੍ਰੀ ਪਤੀ ਦੇ ਗਲ ਦਾ ਹਾਰ ਹੋ ਜਾਂਦੀ ਹੈ (ਅਰਥਾਤ ਇਸਤ੍ਰੀ ਪਤੀ ਨੂੰ ਜੱਫੀ ਪਾਕੇ ਪਤੀ ਦੇ ਗਲ ਨਾਲ ਲਿਪਟ ਜਾਂਦੀ ਹੈ, ਪਰ ਜਦੋਂ) ਪੁਰਖ ਪ੍ਰਦੇਸ (ਚਲਾ ਜਾਵੇ ਤਾਂ ਉਸਦੇ) ਕੁਲ [ਘਰ] ਵਿਚ ਦੀਵਾ ਭੀ ਨਹੀਂ ਜਗਦਾ ਹੈ।

**ਸ੍ਰੀ ਗੁਰ ਕ੍ਰਿਪਾ ਨਿਧਾਨ ਸਿਮਰਨ ਗਯਾਨ ਧਯਾਨ ਗੁਰਮੁਖਿ ਸੁਖ ਫਲ ਪਲ ਅਨੁਰਾਗੇ ਹੈ ॥ ੪੫ ॥ ੭੯ ॥**

(ਇਸੇ ਤਰਾਂ) ਸ੍ਰੀ ਗੁਰੂ ਸਾਹਿਬ ਜੀ ਕ੍ਰਿਪਾ ਦੇ ਭੰਡਾਰੇ ਹਨ, (ਜੇਹੜਾ) ਗੁਰਸਿਖ [ਅਨੁਰਾਗੇ] ਪ੍ਰੇਮ ਨਾਲ ਪਲ (ਭਰ ਵੀ ਗੁਰ ਸ਼ਬਦ ਦਾ) ਸਿਮਰਨ (ਕਰਦਾ ਹੈ,ਜਾਂ ਗੁਰ ਸ਼ਬਦ ਦਾ) ਗਿਆਨ (ਪ੍ਰਾਪਤ ਕਰਦਾ ਹੈ,ਜਾਂ ਸ੍ਰੀ ਗੁਰੂ ਜੀ ਦਾ[ਧਿਆਨ]ਧਰਦਾਹੈ, ਉਸਨੂੰ] ਸੁਖ ਨਾਲ [ਮਿਲ ਜਾਂਦਾ ਹੈ]॥੪੫॥੭੯॥

**ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ॥**

ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੇ ਮਹਾਤਮ ਦਾ [ਬੋਧ] ਗਿਆਨ ਅਗਾਧ ਹੈ, ਅਤੇ ਰੂਪ ਵਡਾ ਹੀ ਅਚਰਜ ਹੈ, (ਤਾਂਤੇ ਮਨ, ਬਾਣੀ, ਸਰੀਰ ਕਰਕੇ ਸ੍ਰੀ ਗੁਰਦੇਵ ਜੀ ਨੂੰ] ਨਮਸ਼ਕਾਰ ਹੈ।

**ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ ॥**

[ਸੰਸਾਰ ਦੀ ਸਾਰੀ] ਕੋਮਲਤਾ ਨਾਲੋਂ ਕੋਮਲ ਹਨ, ਸੀਤਲਤਾ ਨਾਲੋਂ ਸੀਤਲ ਹਨ, ਵਾਸਨਾ [ਭੀ ਚਰਨ ਕਮਲਾਂ ਦੀ] ਗੁਰ ਵਾਸ਼ਨਾ ਹੈ, ਉਨ੍ਹਾਂ ਦੇ

ਸਮਾਨ (ਹੋਰ ਕੋਈ)ਦੂਜੀ ਵਸਤੂ ਨਹੀਂ ਹੈ।

**ਸਹਜ ਸਮਾਧਿ ਸਾਧ ਨਿਜ ਆਸਨ ਸਿੰਘਾਸਨ ਸ੍ਵਾਦ ਬਿਸਮਾਦ ਰਸ ਗੰਮਤਾ ਅਗਮ ਹੈ ॥**

(ਜਿਨਾਂ ਪ੍ਰੇਮੀਆਂ ਨੇ) ਸਹਜ ਸਮਾਧੀ ਦਵਾਰਾ ਨਿਜ ਆਸਨ ਤਖਤ ਵਿਚ(ਅਰਥਾਤ ਆਪਣੇਆਤਮ ਸਰੂਪ ਵਿਚ) ਨਿਵਾਸ ਕੀਤਾ ਹੈ(ਉਨਾਂ ਨੂੰ)ਬਿਸਮਾਦ ਰਸ ਦਾ ਸਵਾਦ ਤੇ ਅਗਮ(ਪਦਵਿਚ)ਗੰਮਤਾਪ੍ਰਾਪਤ ਹੋ ਗਈ ਹੈ, (ਅਰਥਾਤ ਉਹ ਅਚਰਜ ਰਸ ਨੂੰ ਮਾਣਦੇ ਹੋਏ ਅਗਨ ਪਦ ਵਿਚ ਜਾ ਬਿਰਾਜੇ ਹਨ)।

**ਰੂਪ ਕੈ ਅਨੂਪ ਰੂਪ ਮਨ ਮਨਸਾ ਬਕਤ ਅਕਥ ਕਥਾ ਬਿਮੋਦ ਬਿਸਮੈ ਬਿਸਮ ਹੈ ॥ ੪੬ ॥ ੯੦॥**

ਰੂਪ ਕਰਕੇ (ਉਨਾਂ ਦਾ) ਅਨੂਪ ਰੂਪ ਹੈ,ਮਨ ਤੇ (ਮਨਸਾ) ਬੁਧੀ ਥਕ ਗਈ ਹੈ, (ਉਨਾਂ ਦੀ) ਕਥਾ ਅਕਥ ਹੈ (ਅਤੇ ਉਨਾਂ ਦੇ) ਕੌਤਕ ਅਚਰਜ ਤੋਂ ਅਚਰਜ ਹਨ ॥ ੪੬ ॥ ੯੦ ॥

**ਸਤਿਗੁਰ ਦਰਸ਼ਨ ਸ਼ਬਦ ਅਗਾਧਿ ਬੋਧਿ ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ ॥**

ਸਤਿਗੁਰੂ ਦਾ ਦਰਸ਼ਨ (ਮੱਤ) ਦੇ ਸ਼ਬਦ (ਗੁਰ ਮੰਤ੍ਰ ਰੂਪ ਉਪਦੇਸ਼) ਦਾ ਬੋਧ ਜਾਨਣਾ ਜਾਂ ਸਮਝਣਾ ਅਗਾਧ ਹੈ (ਅਤੇ ਗੁਰੂ ਘਰ ਦੀ) ਮੁਕਤੀ ਦਾ ਵਰਣਨ ਕਰਨਾ) (ਅਬਿਗਤ) ਮਹਾਨ ਕਠਨ ਹੈ (ਤਾਂਤੇ ਐਸੇ ਸਤਿਗੁਰ ਨੂੰ) ਬੇਅੰਤ ਵੇਰੀ ਨਮਸ਼ਕਾਰ ਹੈ, ਬੇਅੰਤ ਵੇਰੀ ਨਮਸ਼ਕਾਰ ਹੈ।

**ਦਰਸ ਧਿਆਨ ਅਰੁ ਸ਼ਬਦ ਗਿਆਨ ਲਿਵ ਗੁਪਤ ਪ੍ਰਗਟ ਠਾਟ ਪੂਰਨ ਬ੍ਰਹਮ ਹੈ ॥**

(ਜਿਨਾਂ ਨੇ ਗੁਰੂ ਦੇ) ਦਰਸ਼ਨ ਦੇ ਧਿਆਨ ਵਿਚ ਲਿਵ (ਜੋੜੀ ਹੈ, ਅਤੇ ਜਿਨਾਂ ਨੇ ਗੁਰ) ਸ਼ਬਦ ਦੇ ਗਿਆਨ ਵਿਚ ਲਿਵ (ਲਾਈ ਹੈ, ਉਨਾਂ ਨੂੰ) ਗੁਪਤ ਤੇ ਪ੍ਰਗਟ ਰੂਪ ਠਾਟ [ਪਸਾਰਾ] ਪੂਰਨ ਬ੍ਰਹਮ (ਹੀ ਦਿਸ ਪਿਆ ਹੈ]।

**ਨਿਰਗੁਣ ਸਰਗੁਣ ਕੁਸਮਾਵਲੀ ਸੁਗੰਧਿ ਸੰਧਿ ਏਕ ਅਉ ਅਨੇਕ ਰੂਪ ਗੰਮਿਤਾ ਅਗਮ ਹੈ ॥**

[ਕੁਸਮਾਵਲੀ=ਕੁਸਮ+ਆਵਲੀ] ਫੁਲਾਂ ਦੀ ਕਤਾਰ ਅਨੇਕਾਂ ਸ਼ਕਲਾਂ ਵਾਲੀ ਸਰਗੁਣ ਰੂਪ ਹੈ ਅਤ ਵਾਸ਼ਨਾ ਇਕ ਰੂਪ ਵਾਲੀ 'ਨਿਰਗੁਣ' ਰੂਪ ਹੈ, (ਇਸੇ ਤਰਾਂ ਹੀ ਜਗਤ ਵਿਚ) ਅਗੰਮ ਦੀ ਗੰਮਤਾਹੈ

**ਪਰਮਦਭੁਤ ਅਸਚਰਜੈ ਅਸਚਰਜ ਮੈ ਅਕਥ ਕਥਾ ਅਲਖ ਬਿਸਮੈ ਬਿਸਮ ਹੈ ॥ ੪੭॥ ੯੧ ॥**

ਉਸ ਅਗੰਮ ਗੰਮਤਾ ਦਾ ਵਰਨਨ ਕਰਨਾ ਵਡਾ ਅਦਭੁਤ ਹੈ, ਅਸਚਰਜ ਤੋਂ ਅਸਚਰਜ ਰੂਪ ਹੈ,ਉਸ ਦੀ ਕਥਾ ਅਕਥ ਹੈ, ਨਾ ਜਾਣੇ ਜਾਣ ਵਾਲਾ ਬਿਸਮਾਦ ਤੋਂ ਬਿਸਮਾਦ ਹੈ ॥ ੪੭ ॥ ੯੧ ॥

ਭਾਵ—[ਇਸਦਾ ਭਾਵ ਇਹ ਹੈ ਕਿ ਅਗੰਮ ਪ੍ਰਭੂ ਸੰਸਾਰ ਵਿਚ ਨਿਰਗੁਣ ਤੇਸਰਗੁਣ ਰੂਪ ਹੋਕੇ ਗੰਮਤਾ ਕਰ ਰਿਹਾ ਹੈ,ਉਸਦੇ ਨਿਰਗੁਣ ਤੇ ਸਰਗੁਣ ਰੂਪ ਨੂੰ ਸਮਝਣ ਵਾਸਤੇ ਫੁਲਾਂ ਤੇ ਵਾਸ਼ਨਾਂ ਦਾ ਦ੍ਰਿਸ਼ਟਾਂਤ ਦਿਤਾ ਹੈ,ਜੈਸਾ ਕਿ ਫੁਲਾਂਦੀ ਕਤਾਰ ਅਨੇਕਾਂਸ਼ਕਲਾਂ ਤੇ ਅਨੇਕਾਂ ਕਿਸਮਾਂ ਵਾਲੀ ਹੈ, ਪਰ ਉਨ੍ਹਾਂ ਸਾਰਿਆਂ ਵਿਚ ਵਾਸ਼ਨਾਂ ਇਕੋ ਹੈ,ਭਾਵੇਂ ਉਹ ਵਾਸ਼ਨਾਂ ਮੰਦੀਤੇ ਤੇਜ਼ ਰੂਪ ਹੋਕੇ ਵਖਰੀ ੨ ਭਾਸਦੀ ਹੈ, ਪਰ ਵਾਸਤਵ ਵਿਚ ਵਾਸ਼ਨਾਂ ਇਕੋ ਹੈ,ਉਸ ਵਿਚ ਕੋਈ ਭਿੰਨ ਭੇਦ ਨਹੀਂ ਹੈ ਅਤੇ ਫੁਲਾਂ ਦੀ ਕਤਾਰ ਵਿਚ ਅਨੇਕਾਂ ਹੀ ਫੁਲ ਅਨੇਕ ਤਰਾਂ ਦੀ ਸ਼ਕਲ ਵਾਲੇ ਹਨ,ਇਸੇ ਤਰਾਂ ਅਨੇਕ ਜੀਵਾਂ ਦੇ ਅਨੇਕ ਤਰਾਂ ਦੇ ਸਰੀਰ ਬਣੇ ਹੋਏ ਹਨ, ਉਨ੍ਹਾਂ ਸਾਰਿਆਂ ਸਰੀਰਾਂ ਵਿਚ ਚੇਤਨ ਸਤਾ ਇਕੋ ਹੈ, ਉਸ ਚੇਤਨ ਸਤਾ ਵਿਚ ਕੋਈ ਬ੍ਰਾਹਮਣ, ਖੱਤ੍ਰੀ ਜਾਂ ਚੂਹੜਾ ਚੁਮਾਰ ਪੁਣਾ ਨਹੀਂ ਹੈ, ਮਾਨੋਂ ਸਾਰੀਆਂ ਦੇਹਾਂ ਤਾਂ ਪ੍ਰਭੂ ਦਾ ਸਰਗੁਣ ਰੂਪ ਹਨ ਅਤੇ ਸਾਰਿਆਂ ਵਿਚ ਵਿਆਪਕ ਚੇਤਨ ਸ਼ਕਤੀ

ਨਿਰਗੁਨ ਰੂਪ ਹੈ।

**ਸਤਿਗੁਰ ਦਰਸ ਧਿਆਨ ਗਯਾਨ ਅੰਜਨ ਕੇ ਮਿਤ੍ਰ ਸਤ੍ਰਤਾ ਨਿਵਾਰੀ ਪੂਰਨ ਬ੍ਰਹਮ ਹੈ ॥**

(ਜਿਨਾਂ ਨੇ) ਸਤਿਗੁਰੂ ਜੀ ਦੇ ਦਰਸ਼ਨ ਦਾ ਧਿਆਨ ਧਰਦਿਆਂ ਹੋਇਆਂ ਬੁਧੀ ਰੂਪ ਅੱਖਾਂ ਵਿਚ ਗਿਆਨ ਰੂਪ ਸੁਰਮਾ (ਪਾ ਲਿਆ ਹੈ, ਉਸ) ਕਰਕੇ ਮਿੱਤ੍ਰਾਂ (ਵਿਚੋਂ ਮਿਤ੍ਰਤਾ ਤੇ ਵੈਰੀਆਂ ਵਿਚੋਂ) ਸ਼ਤ੍ਰਤਾ ਦੂਰ ਕਰ ਦਿਤੀ ਹੈ (ਅਤੇ ਸਭਨਾਂ ਨੂੰ) ਪੂਰਨ ਬ੍ਰਹਮ (ਸਰੂਪ ਕਰਕੇ ਤਕਿਆ ਹੈ।

**ਗੁਰ ਉਪਦੇਸ਼ ਆਦਿ ਕਉ ਅਦੇਸ ਉਸਤਤਿ ਨਿੰਦਾ ਮੇਟਿਗੰਮਿਤਾ ਅਗਮ ਹੈ ॥**

(ਜਿਨਾਂ ਨੇ) ਗੁਰ ਉਪਦੇਸ ਵਿਚ ਪ੍ਰਵੇਸ਼ ਕਰਕੇ ਆਦਿ (ਪੁਰਖ)ਨੂੰ ਨਮਸ਼ਕਾਰ ਕੀਤੀ ਹੈ,(ਉਨਾਂ ਨੇ) ਉਸਤਤਿ-ਨਿੰਦਾ ਨੂੰ ਮੇਟ ਕਰਕੇ ਅਗਮ ਵਿਚਗੰਮਤਾ (ਪਾ ਲਈ ਹੈ)।

**ਚਰਨ ਸਰਨਿ ਗਹੇ ਧਾਵਤ ਬਰਜ ਰਾਖੇ ਆਸਾ ਮਨਸਾ ਥਕਤ ਸਫਲ ਜਨਮ ਹੈ ॥**

(ਜਿਨਾਂ ਨੇ ਗੁਰੂ) ਚਰਨ ਕਮਲ ਫੜੇ ਹਨ, (ਉਨਾਂ ਨੇ) ਦੌੜਨ ਵਾਲੇ ਮਨ ਨੂੰ ਰੋਕ ਰਖਿਆ ਹੈ, (ਉਨਾਂ ਦੀ) ਆਸਾ ਤ੍ਰਿਸ਼ਨਾ ਥਕ ਗਈ ਹੈ ਤੇ ਜਨਮ ਸਫਲ ਹੋ ਗਿਆ ਹੈ।

**ਸਾਧ ਸੰਗਿ ਪ੍ਰੇਮ ਨੇਮ ਜੀਵਨ ਮੁਕਤਿ ਗਤਿ ਕਾਮ ਨਿਹਕਾਮ ਨਿਹ ਕਰਮ ਕਰਮ ਹੈ ॥ ੪੯ ॥ ੯੨ ॥**

(ਜਿਸਨੇ)ਸਾਧ ਸੰਗ ਨਾਲ ਪ੍ਰੇਮ ਦਾ ਨੇਮ (ਕੀਤਾ ਹੈ, ਉਹ) ਕਾਮ ਤੋਂ ਨਿਹਕਾਮ ਤੇ ਕਰਮ ਤੋਂ ਨਿਹਕਰਮ ਗਤੀ (ਨੂੰ)ਪ੍ਰਾਪਤ ਕਰਕੇ ਜੀਵਨ ਮੁਕਤ ਹੋਇਆ ਹੈ ॥ ੪੯ ॥ ੯੨ ॥

**ਸਤਿਗੁਰ ਦੇਵ ਸੇਵ ਅਲਖ ਅਭੇਵ ਗਤਿ ਸਾਵਧਾਨ ਸਾਧ ਸੰਗਿ ਸਿਮਰਨ ਮਾਤ੍ਰ ਕੈ ॥**

ਸਾਧ ਸੰਗਤ ਵਿਚ ਸਾਵਧਾਨ ਹੋਕੇ ਸਤਿਗੁਰੂ ਦੇਵ ਜੀ [ਮਾਤ੍ਰ] ਕੇਵਲ ਸੇਵਾ ਤੇ ਸਿਮਰਨ (ਕਰਨ ਕਰਕੇ) ਅਲਖ ਅਭੇਵ ਗਤੀ (ਨੂੰ ਪ੍ਰਾਪਤ ਹੋ ਜਾਂਦਾ ਹੈ)। ਅਰਥਾਤ:—

**ਪਤਿਤ ਪੁਨੀਤ ਰੀਤਿ ਪਾਰਸ ਕਰੈ ਮਨੂਰ ਬਾਸੁ ਮੈ ਸੁਬਾਸੁ ਦੈ ਕੁਪਾਤ੍ਰਹਿ ਸੁਪਾਤ੍ਰ ਕੈ ॥**

(ਉਸਨੂੰ) ਪਤਿਤ ਨੂੰ ਪਵਿਤ੍ਰ (ਨੀਚ ਨੂੰ ਊਚ) ਕਰਨ ਦੀ ਰੀਤੀ (ਜਿਹਾ ਕਿ) ਪਾਰਸ ਮਨੂਰ (ਨੂੰ ਸੋਨਾ ਕਰਦਾ ਹੈ ਅਤੇ ਵਾਂਸ ਵਿਚ ਸ਼ੁਭ ਵਾਸ਼ਨਾਬ੍ਰਹਾ ਦੇਂਦਾ ਹੈ (ਇਸੇ ਤਰਾਂ) ਕੁਪਾਤ੍ਰ ਹੈ ਸੁਪਾਤ੍ਰ (ਭਾਵ ਅਨਅਧਿਕਾਰੀ ਨੂੰ ਅਧਿਕਾਰੀ ਕਰ ਦੇਂਦਾ ਹੈ। (ਇਥੇ ਹੀ ਬਸ ਨਹੀਂ, ਸਗੋਂ):—

**ਪਤਿਤ ਪੁਨੀਤ ਕਰਿ ਪਾਵਨ ਪਵਿਤ੍ਰ ਕੀਨੇ ਪਾਰਸ ਮਨੂਰ ਬਾਸੁ ਬਾਂਸੈ ਦ੍ਰੁਮ ਜਾਤ੍ਰ ਕੈ ॥**

(ਜਿਸ) ਪਤਿਤ ਨੂੰ ਪਵਿਤ੍ਰ ਕਰਦਾ ਹੈ(ਅਰਥਾਤ ਜਿਸ ਨੀਚ ਨੂੰ ਊਚ ਕਰਦਾ ਹੈ, ਉਹ ਐਸਾ) ਪਾਵਨ ਹੋਇਆ ਹੈ, ਜੋ ਉਸ ਨੇ ਅਗੇ(ਪਤਿਤਪੁਰਸ਼)ਪਵਿਤ੍ਰ ਕੀਤੇ ਹਨ (ਜਾਂ) ਮਨੂਰ ਪਾਰਸ (ਹੋਇਆ ਹੈ ਅਤੇ) ਵਾਂਸਨੇ ਦ੍ਰੁਮ ਜਾਤੀ ਨੂੰ ਵਾਂਸ਼ਨਾਂ ਵਾਲਾ ਕਰ ਦਿਤਾ ਹੈ (ਅਰਥਾਤ ਪਾਰਸ ਲੋਹੇ ਨੂੰ ਸੋਨਾਂ ਕਰਦਾ ਹੈ, ਮਨੂਰ ਨੂੰ ਨਹੀਂ ਕਰ ਸਕਦਾ, ਚੰਦਨ ਵਾਂਸ ਦੇ ਦਰਖਤ ਤੋਂ ਇਲਾਵਾ ਬਾਕੀ ਦੇ ਸਾਰੇ ਦਰਖਤਾਂ ਨੂੰ ਸੁਗੰਧਤ ਕਰ ਸਕਦਾ ਹੈ, ਅਤੇ ਸਤਿਗੁਰੂ ਦੀ ਸੇਵਾ ਦਾ ਅਜੇਹਾ ਪ੍ਰਤਾਪ ਹੈ ਕਿ ਸੇਵਾ ਤੇ ਸਿਮਰਨ ਕਰਨ ਵਾਲਾ ਆਪ ਐਸਾ ਪਾਰਸ ਹੋ ਜਾਂਦਾ ਹੈ, ਜੋ ਮਨੂਰ ਵਰਗੇ ਮਹਾਨ ਨੀਚਾਂ ਨੂੰ ਭੀ ਪਾਰਸ ਕਰ ਦੇਂਦਾ ਹੈ, ਅਤੇ ਵਾਂਸ ਨੂੰ ਕੇਵਲ ਸੁਗੰਧੀ ਵਾਲਾਹੀਨਹੀਂਕਰਦਾ ਸਗੋਂ ਵਾਂਸ ਅਗੋਹੋਰਨਾਂ ਨੂੰ ਭੀ ਸੁਗੰਧੀ ਵਾਲਾਕਰਨ

ਦੀ ਸਮਰਥਾ ਵਾਲਾਹੋ ਜਾਂਦਾਹੈ, ਤਦੇ ਤਾਂ ਲਿਖਿਅ–

"ਪਾਰਸੁ ਮੈ ਅਰ ਸੰਤ ਮੈ ਬਡੋ ਅੰਤਰੋ ਜਾਨ ॥
ਵੈਲੋਹਾ ਕੰਚਨ ਕਰੇ ਵੈ ਕਰ ਹੈ ਆਪ ਸਮਾਨ ॥'

## ਸਰਿਤਾ ਸਮੁੰਦ੍ਰ ਸਾਧ ਸੰਗਿ ਤ੍ਰਿਖਾ ਵੰਤ ਜੀਅ ਕ੍ਰਿਪਾ ਜਲ ਦੀਜੈ ਮੋਹਿ ਕੰਠ ਛੇਦ ਚਾਤ੍ਰ ਕੈ ॥੪੯॥੯੩॥

ਸਾਧ ਸੰਗਤ ਨਦੀ ਤੇ ਸਮੁੰਦਰ (ਸਮਾਨ) ਤ੍ਰੇਹ ਵਾਲਿਆਂ ਦੀ ਤ੍ਰੇਹ ਮਿਟਾਵਣ ਵਾਲਾ ਹੈ,(ਪਰ ਜਿਸ) ਚਾਤ੍ਰਿਕ ਦੇ ਕੰਠ ਵਿਚ ਛੇਕ ਹੈ,ਉਸਦੀ ਤ੍ਰੇਹ ਨਹੀਂ ਮਿਟਾ ਸਕਦਾ,ਉਸਦੀ ਪਿਆਸ ਬੱਦਲ ਬੁਝਾਂਦਾ ਹੈ, ਇਸੇ ਤਰਾਂ ਜਿਨ੍ਹਾਂ ਦੇ ਹਿਰਦੇ ਵਿਚ ਮੋਹ ਦਾਛੇਕ ਹੈ, ਉਨ੍ਹਾਂਚਾਤ੍ਰਕਾਂਦੀ ਪਿਆਸ ਮਿਟਾਵਨਲਈਗੁਰੂਬੱਦਲ ਰੂਪ ਹੋਕੇ ਜਲ ਬਖਸ਼ਦਾ ਹੈ,ਜਿਸ ਕਰਕੇ ਉਸ ਜੀਵ ਦੀ ਭੀ ਕਲਿਆਨ ਹੋ ਜਾਂਦੀ ਹੈ ॥੪੩॥੩੩॥

ਸੁਨੈਹਰੀ ਉਪਦੇਸ਼–ਇਸ ਕਬਿੱਤ ਵਿਚ ਭਾਈ ਸਾਹਿਬ ਜੀ ਨੇ ਗੁਰੂ ਘਰ ਦੇ ਇਕ'ਸੁਨੈਹਰੀ ਅਸੂਲ' ਦਾ ਵਰਨਨ ਬੜੇ ਸੋਹਣੇ ਤਰੀਕੇ ਨਾਲ ਕੀਤਾ ਹੈ, ਉਹ ਏਹ ਕਿ ਜਿਵੇਂ ਪਾਰਸ ਨਾਲ ਛੋਹਕੇ ਮਨੂਰ ਆਪ ਪਾਰਸ ਹੋਕੇ ਅਗੇ ਫੇਰਪਾਰਸ ਪੈਦਾ ਕਰਦਾ ਹੈ, ਜੋ ਪਾਰਸ ਫੇਰ ਅਗੇ ਸੋਨਾ ਪੈਦਾ ਕਰਦੇ ਹਨ। ਇਸ ਤੋਂ ਸੂਚਨ ਕੀਤਾ ਹੈ ਕਿ ਗੁਰੂ ਪਾਰਸ ਦੀ ਛੋ ਪ੍ਰਾਪਤ ਕਰਕੇ ਮਹਾਨ ਨੀਚ ਤੋਂ ਨੀਚ ਪੁਰਸ਼ ਏਨੇ ਉਚੇ ਹੋ ਗਏ ਹਨ ਕਿ ਗੁਰੂ ਜੀਨੇ ਉਨ੍ਹਾਂ ਨੂੰਆਪ ਮੰਜੀ ਬਖਸ਼ ਦਿਤੀ ਹੈ, ਉਨ੍ਹਾਂ ਮੰਜੀ ਪ੍ਰਾਪਤ ਗੁਰਮੁਖਾਂ ਨੇ ਉਸੇ ਤਰਾਂ ਅਗੇ ਨਾਮ, ਬਾਣੀ ਤੇ ਉਪਦੇਸ਼ ਦਾ ਲੰਗਰ ਚਲਾ ਦਿਤਾ ਹੈ, ਜਿਨ੍ਹਾਂ ਤੋਂ ਦਾਤ ਪਾਉਣ ਵਾਲੇ ਗੁਰਸਿਖਾਂ ਨੇ ਓਹੀ ਪਦਵੀ ਪਾ ਲਈਹੈ,ਜੋ ਆਪ ਭੀ ਅਗੇ ਨਾਮ, ਬਾਣੀ ਤੇ ਉਪਦੇਸ਼ ਦਾ ਲੰਗਰ ਲਾ ਬੈਠੇ ਹਨ,ਜਾਂ ਇਉਂ ਕਹੋ,ਸਿਖਅਗੇ ਸਿਖ ਪਰਸਿਖ ਪੈਦਾ ਕਰੀ ਜਾਂਦੇ ਹਨ,ਪਰ ਉਨ੍ਹਾਂਸਾਰਿਆਂ ਵਿਚੋਂ ਆਪਣੇ ਆਪ ਨੂੰ ਗੁਰੂ ਕਿਸੇਨੇ ਭੀ ਨਹੀਂ ਕਹਾਇਆ ਹੈ,ਸਾਰੇ ਆਪਣੇ ਆਪ ਨੂੰ ਸਿਖ ਹੀ ਕਹਾਂਦੇ ਰਹੇ ਹਨ, ਪਰ ਅਜ ਆਪਣੇ ਆਪ ਨੂੰ ਉਪਦੇਸ਼ ਦਾਤੇ ਗੁਰੂ ਸਮਝਣ ਲਗ ਪਏ ਹਨ, ਜ਼ਰਾ ਮਨ ਵਿਚ ਵਿਚਾਰ ਕਰਨ ਦੀ ਲੋੜ ਹੈ।

## ਬੀਸ ਕੇ ਬਰਤਮਾਨ ਭਏ ਨ ਸੁਬਾਸ ਬਾਸੁ ਹੇਮ ਨ ਭਏ ਮਨੂਰ ਲੋਗ ਬੇਦ ਗਿਆਨ ਹੈ ॥

ਬੀਸ ਕੇ ਬਰਤਮਾਨ = [ਪੰਜ ਗਿਆਨ ਇੰਦ੍ਰ੍ਯ, ਪੰਜ ਕਰਮ ਇੰਦ੍ਰ੍ਯ, ਪੰਜ ਪ੍ਰਾਣ, ਚਾਰ ਅੰਤਹ ਕਰਣ ਤੇ ਵੀਹਵਾਂ ਇਨ੍ਹਾਂ ਦਾ ਅਭਿਮਾਨੀ ਰੂਪ ਜੀਵ]ਵੀਹਾਂ ਵਿਚ ਵਰਤਣ ਵਾਲੇ, ਭਾਵ ਸੰਸਾਰੀ ਲੋਕ।

ਸੁਬਾਸ=ਸ਼ੁਭ ਵਾਸ਼ਨਾ ਵਾਲਾ ਚੰਦਨ। ਹੇਮ = ਸੋਨਾ। ਮਨੂਰ = ਮੈਲ ਰੂਪ ਲੋਹਾ, ਜੋ ਲੋਹਾ ਗਲਦਾ-ਪਿੰਘਲਦਾ ਨਹੀਂ ਸਗੋਂ ਸਟ ਲਾਉਣ ਨਾਲ ਕੱਚ ਵਾਂਗ ਚਿਣੀਚਿਣੀ ਹੋ ਜਾਂਦਾ ਹੈ, ਉਸਦਾ ਨਾਮ 'ਮਨੂਰ' ਹੈ। ਦ੍ਰੁਮ=ਦਰਖਤ।

ਵੀਹਾਂ [ਸੰਸਾਰ]ਦੇ ਵਰਤਾਰੇ ਵਿਚ ਵਾਂਸ ਚੰਦਨ ਨਹੀਂ ਹੁੰਦਾ, ਲੋਕਾ ਦੇ ਗਿਆਨ ਅਤੇ ਵੇਦਾਂ ਦੇ ਗਿਆਨ (ਵਿਚ ਇਹ ਗਲ ਮਸ਼ਹੂਰ) ਹੈ।

## ਗੁਰਮੁਅ ਪੰਥ ਇਕ ਈਸ ਕੋ ਬਰਤਮਾਨੁ ਚੰਦਨ ਸੁਬਾਸੁ ਬਾਸੁ ਬਸੈ ਦ੍ਰੁਮ ਆਨ ਹੈ ॥

ਇਕ ਈਸ਼ਵਰ ਵਿਚ ਵਰਤਣ ਵਾਲੇ ਗੁਰਸਿਖੀ ਮਾਰਗ ਵਿਚ ਚੰਦਨ ਦੀ ਸ਼ੁਭ ਵਾਸ਼ਨਾਂ ਵਾਂਸ ਵਿਚ ਵਸ ਜਾਂਦੀ ਹੈ, ਹੋਰਨਾਂ ਦਰਖਤਾਂ ਦੇ (ਵਾਂਗ ਹੀ। ਅਰਥਾਤ ਸਿਖ ਪੰਥ ਵਿਚ ਇਹ ਗਲ ਮੰਨੀ ਗਈ ਹੈ, ਜਿਵੇਂ ਹੋਰਨਾਂ ਦਰਖਤਾਂ ਵਿਚ ਚੰਦਨ ਦੀ ਵਾਸ਼ਨਾਂ ਵਧ ਜਾਂਦੀ ਹੈ, ਇਸੇ ਤਰਾਂ ਵਾਂਸ ਵਿਚ ਵੀ ਵਧ ਜਾਂਦੀ ਹੈ)।

## ਕੰਚਨ ਮਨੂਰ ਹੋਇ ਪਾਰਸ ਪਰਸ ਭੇਟਿ ਪਾਰਸ ਮਨੂਰ ਕਰੈ ਅਉਰ ਠਉਰ ਮਾਨ ਹੈ ॥

(ਜੇਹੜਾ ਗੁਰੂ) ਪਾਰਸ ਨਾਲ ਪਰਸਕੇ ਮਨੂਰ ਸੋਨਾ ਹੋਇਆ ਹੈ(ਉਸਦੀ) ਭੇਟ [ਛੋਹ] ਮਨੂਰ ਨੂੰ

ਪਾਰਸ ਕਰ ਦੇਂਦੀ ਹੈ(ਜੋ ਅਗੇ|ਦੂਜੀਜਗ੍ਹਾ ਤੇ ਮਾਨ (ਪਾਂਦਾ)ਹੈ(ਅਰਥਾਤ ਗੁਰੂ ਨਾਲ ਮਿਲਕੇ ਜੋਭੀ ਊਰੇ ਮਨ ਵਾਲਾ ਸਿਖ ਹੋਇਆਹੈ ਉਹ ਅਗੇ ਫਿਰ ਮਨੂਰ ਨੂੰ ਪਾਰਸ ਕਰ ਦੇਂਦਾ ਹੈ,ਜੋ ਅਗੇ ਜਾਕੇ ਮਾਣਪਾਂਦਾ ਹੈ,ਜਿਵੇਂ ਗੁਰੂ ਨਾਨਕ ਜੀ ਦੇ ਸਿਖਾਂ ਦੇ ਸਿਖਾਂ ਨੇ ਜਿਨ੍ਹਾਂ ਨੂੰ ਉਪਦੇਸ਼ ਦੇ ਕੇ ਸਿਖ ਕੀਤਾਜੀ,ਉਹ ਨਾਮ ਸਿਮਰਨ ਦੀ ਕਮਾਈ ਕਰਕੇ ਐਸੀ ਪਦਵੀ ਵਾਲੇ ਹੋ ਗਏ ਕਿ ਉਨਾਂ ਨੇ ਅਗੇ ਅਨੇਕਾਂ ਸਿਖ ਸਜਾਏ ਹਨ।

**ਗੁਰਸਿਖ ਸਾਧ ਸੰਗਿ ਪਤਿਤ ਪੁਨੀਤ ਰੀਤਿ ਗੁਰਸਿਖ ਸੰਧਿ ਮਿਲੇ ਗੁਰਸਿਖ ਜਾਨਿ ਹੈ ॥ ੫੦ ॥ ੯੪ ॥**

ਗੁਰਸਿਖਾਂ ਦੀ ਸਾਧ ਸੰਗਤ ਵਿਚ ਪਾਪੀਆਂ ਨੂੰ ਪਵਿਤ੍ਰ ਕਰਨ ਦੀ ਰੀਤੀ [ਅਰਥਾਤ ਨੀਚਾਂ ਨੂੰ ਊਚ ਕਰਨ ਦੀ ਮਰਯਾਦਾ] ਹੈ(ਇਸੇ ਕਰਕੇ ਹੀ ਜੋ ਭੀ) ਗੁਰਸਿਖਾਂ ਦੀ ਸੰਧੀ ਵਿਚ ਮਿਲਦਾ ਹੈ(ਓਹੀ) ਗੁਰਸਿਖ ਜ ਣਿਆ ਜਾਂਦਾ ਹੈ ॥੫੦॥੯੪॥

**ਚਰਨਿ ਸਰਨਿ ਗੁਰ ਭਈ ਨਿਹ ਚਲ ਮਤਿ ਮਨ ਉਨਮਨ ਲਿਵ ਸਹਜ ਸਮਾਏ ਹੈ ॥**

ਜੋ(ਸਿਖ)ਗੁਰੂ ਚਰਨ ਸਰਨ ਆਯਾ ਹੈ(ਉਸਦੀ) ਬੁੱਧੀ ਅਚੱਲ ਹੋਈ ਹੈ, ਮਨ ਦੀ ਲਿਵ ਤੁਰੀਆ ਪਦ (ਤੇ ਟਿਕ ਜਾਣ ਕਰਕੇ ਆਤਮਾ) ਸਹਿਜ ਵਿਚਸਮਾ ਗਿਆ ਹੈ।

**ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ ਪਰਮਦਭੁਤ ਪ੍ਰੇਮ ਨੇਮ ਉਪਜਾਏ ਹੈ ॥**

ਦਰਸ਼ਨ ਵਿਚ ਦ੍ਰਿਸ਼ਟੀ ਅਤੇ ਸ਼ਬਦ ਵਿਚ ਸੁਰਤੀ ਮਿਲ ਗਏ ਹਨ (ਇਸ ਤਰਾਂ ਨਾਲ) ਪਰਮ ਅਦਭੁਤ (ਰੂਪ) ਪ੍ਰੇਮ ਦਾ ਨੇਮ ਪੈਦਾ ਹੋ ਗਿਆ ਹੈ।

**ਗੁਰ ਸਿਖ ਸਾਧ ਸੰਗਿ ਰੰਗ ਹੋਇ ਤੰਬੋਲ ਰਸ ਪਾਰਸ ਪਰਸਿ ਧਾਤੁ ਕੰਚਨ ਦਿਖਾਏ ਹੈ ॥**

ਗੁਰਸਿਖਾਂ ਦੀ ਸਾਧ ਸੰਗਤ ਤੰਬੋਲ ਦੇ ਰੰਗ (ਸਮਾਨ ਦੇਣੀ) ਹੋਈ ਹੈ (ਅਰਥਾਤ ਜਿਵੇਂ ਪਾਨ, ਸੁਪਾਰੀ, ਚੂਨਾ ਤੇ ਕੱਥ ਦੇ ਸੰਜੋਗ ਤੋਂ ਪੰਜਵਾਂ ਲਾਲ ਰੰਗ ਪ੍ਰਗਟ ਹੁੰਦਾ ਹੈ, ਇਸੇ ਤਰਾਂ ਬ੍ਰਾਹਮਣ ਖੱਤ੍ਰੀ ਵੈਸ਼ ਤੇ ਸ਼ੂਦਰ, ਇਹ ਚਾਰੇ ਆਪਣਾ ਵਰਨ ਗੁਆ ਕੇ ਮਿਲਦੇ ਹਨ ਤਾਂ ਸਿਖ ਬਣ ਜਾਂਦੇ ਹਨ ਅਥਵਾ ਜਿਵੇਂ ਪਾਰਸ ਨਾਲ ਪਰਸ ਕੇ (ਅਠੇ) ਧਾਤਾਂ ਸੋਨਾ (ਰੂਪ ਹੋ ਕੇ) ਨਜ਼ਰ ਆਉਂਦੀਆਂ ਹਨ,[ਇਸੇ ਤਰਾਂ ਗੁਰੂ ਨਾਲ ਮਿਲ ਕੇ ਚਾਰੇ ਵਰਣ ਤੇ ਚਾਰੇ ਮਜ਼ਹਬ ਸਿਖ ਸਰੂਪ ਹੋ ਕੇ ਨਜਰ ਆਉਂਦੇ ਹਨ]।

**ਚੰਦਨ ਸੁਗੰਧ ਸੰਧਿ ਬਾਸਨਾ ਸੁਬਾਸ ਤਾਸ ਅਕਥ ਕਥਾ ਬਿਨੋਦ ਕਹਿਤ ਨ ਆਏ ਹੈ ॥ ੫੧ ॥ ੯੫ ॥**

ਚੰਦਨ ਦੀ ਸੁਗੰਧੀ ਦੀ ਸੰਧੀ [ਪ੍ਰਾਪਤ ਕਰਕੇ] ਬਾਂਸ ਭੀ ਸ਼ੁਭ ਵਾਸ਼ਨਾਂ ਦਾ [ਤਾਸ] ਭੰਡਾਰ [ਹੋ ਜਾਂਦਾ ਹੈ ਜਿਸਦੀ] ਕਥਾ ਅਕਥ ਹੈ ਤੇ ਬਿਨੋਦ ਭੀ ਕਥਨ ਵਿਚ ਨਹੀਂ ਆਉਂਦੇ ਹਨ [ਅਰਥਾਤ ਗੁਰੂ ਚੰਦਨ ਦੀ ਸਿਖੀ ਰੂਪ ਸੁਗੰਧੀ ਨਾਲ ਜੁੜਕੇ ਵਾਂਸ ਵਰਗੇ ਮਹਾਂ ਹੰਕਾਰੀ ਕਪਟੀ ਪੁਰਸ਼ ਭੀ ਸਿਖੀ ਰੂਪ ਸੁਗੰਧੀ ਦਾ ਭੰਡਾਰਾ ਹੋ ਗਏ ਹਨ ਫਿਰ ਉਨ੍ਹਾਂ ਨੇ ਜੋ ਜੋ ਕਰਮ ਕੀਤੇ ਹਨ ਉਸ ਕਥਾ ਦਾ ਕਥਨ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਉਨਾਂ ਦੇ ਵਰਤਾਏ ਹੋਏ ਕੌਤਕਾਂ ਦਾ ਵਰਨਣ ਹੋ ਸਕਦਾ ਹੈ ਭਾਵ ਗੁਰ-ਸਿਖੀ ਦੇ ਪ੍ਰਚਾਰ ਲਈ ਫਿਰ ਉਨਾਂ ਨੇ ਉਹਅਦਭੁਤ ਕਰਨੀਆਂ ਕੀਤੀਆਂ ਹਨ ਜਿਨਾਂ ਨੂੰ ਸੁਣ ਸੁਣ ਕੇ ਹੀ ਮਨ ਹੈਰਾਨ ਹੁੰਦਾ ਹੈ)॥੫੧॥੯੫॥

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ ਅਕਥ ਕਥਾ ਬਿਨੋਦ ਕਹਤ ਨ ਆਏ ਹੈ ॥**

ਅਮ੍ਰਿਤ ਦਾ [ਨਿਧਾਨ] ਖਜ਼ਾਨਾ(ਰੂਪ ਗੁਰੂ ਦੀ ਚਰਨ ਸ਼ਰਨ ਵਿਚੋਂ ਜਿਸ ਨੇ)ਪ੍ਰੇਮ ਰਸ ਪਾਨ(ਕੀਤਾ ਹੈ, ਉਹ) ਪੂਰਨ (ਅਨੰਦ) ਹੋ ਗਿਆ ਹੈ, (ਉਸਦੀ) ਕਥਾ ਅਕਥ ਹੈ (ਤੇ ਉਸਦੇ)ਕੌਤਕ ਭੀ ਕਹਿਣਵਿਚ

ਨਹੀਂ ਆਉਂਦੇ ਹਨ।

**ਗਿਆਨ ਧਿਆਨ ਸਿਆਨ ਸਿਮਰਨ ਬਿਸਿਮਰਨਕੈਬਿਸਮ ਬਿਦੇਹ ਬਿਸਮਾਦੀ ਬਿਸਮਾਏ ਹੈ॥**

(ਉਹ ਦੁਨਿਆਵੀ)ਗਿਆਨ,ਧਿਆਨ,ਸਿਆਣਪ ਤੇ ਸਿਮਰਨ ਨੂੰ ਬਿਸਿਮਰਨ ਕਰਕੇ ਅਸਚਰਜ ਬਿਦੇਹ (ਨੂੰ ਪ੍ਰਾਪਤ ਕਰਕੇ) ਬਿਸਮਾਦੀ ਪਦ ਵਿਚ ਸਮਾ ਗਿਆ ਹੈ।

**ਆਦਿ ਪਰਮਾਦਿ ਅਰੁ ਅੰਤ ਕੈ ਅਨੰਤਭਏ ਥਾਹ ਕੈ ਅਥਾਹ ਨ ਅਪਾਰ ਪਾਰ ਪਾਏ ਹੈ॥**

(ਉਹ) ਆਦ ਤੋਂ ਪਰਮ ਆਦ ਹੈ ਅਤੇ ਅੰਤ ਕਰਕੇ ਅਨੰਤ ਹੋ ਗਿਆ ਹੈ, ਥਾਹ ਕਰਕੇ ਅਥਾਂਹ ਹੈ (ਅਤੇ ਐਸਾ) ਅਪਾਰ (ਹੈ, ਜਿਸਦਾ) ਪਾਰ (ਕਿਸੇ ਨੇ ਭੀ) ਨਹੀਂ ਪਾਇਆ ਹੈ।

**ਗੁਰਸਿਖ ਸੰਧਿ ਮਿਲੇ ਬੀਸ ਇਕ ਈਸ ਈਸ ਸੋਹੰ ਦੀਪਕਸੈ ਦੀਪਕ ਜਗਾਏ ਹੈ॥ ੫੨॥ ੯੬॥**

(ਜੋ) ਗੁਰ ਸਿਖਾਂ ਦੀ ਸੰਧੀ ਵਿਚ ਮਿਲਿਆ ਹੈ, (ਉਹ) 'ਸੋਹੰ ਸੋ' (ਜਾਪ ਨੂੰ)(ਬੀਸ) ਨਿਸਚੇ ਪੂਰਬਕ (ਜਪਦਾ ਹੋਇਆ)ਇਕ ਈਸ-ਨਾਲ ਈਸ(ਹੋਕੇ ਇਸ ਤਰਾਂ ਅਭੇਦ ਹੋ ਗਿਆ ਹੈ,ਮਾਨੋ)ਦੀਵੇ ਤੋਂਹੀ ਦੀਵਾ ਜਗਾਇਆ ਗਿਆ ਹੈ। ਅਰਥਾਤ ਜਿਵੇਂ ਦੀਵੇ ਤੋਂ ਦੀਵੇ ਜਗਾਏ ਗਏ ਵਿਚ ਕੋਈ ਭੇਦ ਨਹੀਂ ਹੁੰਦਾ, ਇਸ ਗਲਨੂੰ ਕੋਈ ਨਹੀਂ ਜਾਣ ਸਕਦਾ ਜੋ ਇਨ੍ਹਾਂ ਦੋਹਾਂ ਵਿਚੋਂ ਪਹਿਲੇ ਕੇਹੜਾ ਜਗਦਾ ਸੀ ਤੇ ਮਗਰੋਂ ਕੇਹੜਾ ਜਗਿਆਹੈ,ਇਸੇ ਤਰਾਂ ਗੁਰੂ ਸਿਖ ਆਪੋਵਿਚ ਇਕ ਰੂਪ ਹੋ ਜਾਂਦੇ ਹਨ,ਕੋਈ ਨਹੀਂ ਪਛਾਣ ਸਕਦਾ ਜੋ ਗੁਰੂ ਕੌਣ ਹੈ ਤੇ ਸਿਖ ਕੌਣ) ॥੫੨॥੯੬॥

**ਸਤਿਗੁਰ ਚਰਨ ਸ਼ਰਨਿ ਚਲਿ ਜਾਇ ਸਿਖ ਚਰਨ ਸ਼ਰਨ ਤਾਕੀ ਜਗ ਚਲਿ ਆਵਈ॥**

(ਜੇਹੜਾ) ਸਿਖ ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਤੁਰਕੇ ਜਾਂਦਾ ਹੈ, ਸਾਰਾ ਜਗਤ ਉਸਦੀ ਚਰਨ ਸ਼ਰਨ ਵਿਚ ਤੁਰਕੇ ਚਲਾ ਆਉਂਦਾ ਹੈ।

**ਸਤਿਗੁਰ ਆਗਿਆ ਸਤਿ ਸਤਿ ਕਰਿ ਮਾਨੈ ਸਿਖ ਆਗਿਆ ਤਾਹਿ ਸਕਲ ਸੰਸਾਰਹਿ ਹਿਤਾਵਈ॥**

(ਜੇਹੜਾ) ਸਿਖ ਸਤਿਗੁਰੂ ਜੀ ਦੀ ਆਗਯਾ ਨੂੰ ਸੱਤ ਸੱਤ ਕਰਕੇ ਮੰਨਦਾ ਹੈ, ਸਾਰਾ ਜਗਤ ਉਸਦੀ ਆਗਿਆ ਮੰਨਣ ਵਿਚ ਹਿਤ ਕਰਦਾ ਹੈ (ਅਰਥਾਤ ਸੰਸਾਰੀ ਲੋਕ ਪ੍ਰੇਮਨਾਲ ਉਸਦਾ ਹੁਕਮ ਮੰਨਦੇ ਹਨ)

**ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ ਸਰਬ ਨਿਧਾਨ ਅਗ੍ਰ ਭਾਗ ਲਿਵ ਲਾਵਈ॥**

(ਜੇਹੜਾ) ਸਿਖ ਸਤਿਗੁਰੂ ਜੀ ਦੀ ਸੇਵਾ (ਪ੍ਰਾਣ) ਮਨ ਦੇ ਪ੍ਰੇਮ ਨਾਲ ਕਰਦਾ ਹੈ, ਸਾਰੇ ਪਦਾਰਥਾਂ ਦੇ ਭੰਡਾਰੇ ਉਸਦੇ ਸਾਹਮਣੇ ਆਕੇ ਪ੍ਰੀਤ ਲਾਂਦੇ ਹਨ।

**ਸਤਿਗੁਰ ਸੀਖਿਆ ਦੀਖਿਆ ਹਿਰਦੈ ਪ੍ਰਵੇਸ਼ ਜਾਹਿ ਤਾਕੀ ਸੀਖ ਸੁਨਤ ਪਰਮਪਦ ਪਾਵਈ॥ ੫੩॥ ੯੭॥**

ਸਤਿਗੁਰੂ ਜੀ ਦੀ ਸਿਖਿਆ ਤੇ ਦੀਖਿਆ ਅਰਥਾਤ ਉਪਦੇਸ਼ ਤੇ ਰਹਿਤ ਮਰਯਾਦਾ) ਦਾ ਜਿਸ ਸਿਖ ਦੇ ਹਿਰਦੇ ਵਿਚ ਨਿਵਾਸ ਹੈ,ਉਸਦੀ ਸਿਖਿਆ ਸੁਨਣ ਵਾਲੇ ਪਰਮ ਪਦ [ਮੁਕਤਿ ਸਥਾਨ] ਪਾ ਲੈਂਦੇ ਹਨ ॥੫੩॥੯੭॥

**ਗੁਰ ਸਿਖ ਸਾਧ ਸੰਗ ਰੰਗ ਮੈ ਰੰਗੀਲੇ ਭਏ ਬਾਰੁਨੀ ਬਿਗੰਧ ਗੰਗ ਸੰਗ ਮਿਲੇ ਗੰਗ ਹੈ॥**

ਗੁਰ ਸਿੱਖਾਂ ਦੀ ਸਾਧ ਸੰਗ (ਕਰਣ ਵਾਲੇ ਪੁਰਖ ਆਤਮ)ਰੰਗ ਵਿਚ(ਰੰਗੇ ਜਾਕੇ, ਇਸ ਤਰਾਂ) ਰੰਗੀਲੇ ਹੋ ਗਏ ਹਨ,(ਜਿਸ ਤਰਾਂ) [ਬਿਗੰਧ ਬਾਰਨੀ)ਬਦਬੂ

ਵਾਲੀਸ਼ਰਾਬ ਗੰਗਾ ਨਾਲ ਮਿਲਕੇ ਗੰਗਾ ਹੋਜਾਂਦੀਹੈ।

**ਸੁਰਸਰੀ ਸੰਗਮ ਹੁਇ ਪ੍ਰਬਲ ਪ੍ਰਵਾਹ ਲਿਵ ਸਾਗਰ ਅਥਾਹ ਸਤਿਗੁਰ ਸੰਗਿ ਸੰਗ ਹੈ ॥**

(ਜਿਵੇਂ ਪਾਣੀ ਦਾ) ਪ੍ਰਬਲ ਪ੍ਰਵਾਹ ਗੰਗਾ ਨਾਲ ਮਿਲ ਕਰਕੇ ਅਥਾਹ, ਸਮੁੰਦਰ ਵਿਚ ਲਿਵਲੀਣ [ਅਭੇਦ] ਹੋ ਜਾਂਦਾ ਹੈ, ਇਸ ਤਰਾਂ ਸਤਿਗੁਰੂ ਦੇ ਸੰਗ [ਸੰਗ] ਨਾਲ (ਮਿਲਣ ਵਾਲਾ ਆਤਮ ਸਰੂਪ ਵਿਚ ਅਭੇਦ ਹੋ ਜਾਂਦਾ ਹੈ)।

**ਚਰਨ ਕਮਲ ਮਕਰੰਦ ਨਿਹਚਲ ਚਿਤ ਦਰਸ਼ਨ ਸੋਭਾ ਨਿਧਿ ਲਹਿਰ ਤਰੰਗ ਹੈ ॥**

(ਸਤਿਗੁਰੂ ਜੀ ਦੇ) ਚਰਨ ਕਮਲਾਂ ਦੀ ਮਕਰੰਦ (ਵਿਚ ਜਿਸਦਾ) ਚਿੱਤ ਅਚਲ (ਹੋਇਆ ਹੈ, ਉਹ ਗੁਰ)ਦਰਸ਼ਨ ਦੇਸੋਭਾ ਨਿਧੀ[ਸਮੁੰਦਰ]ਵਿਚ ਲਹਿਰ ਤਰੰਗ (ਵਾਂਗੂ ਵਿਚੇ ਸਮਾ ਗਿਆ)ਹੈ,ਜਿਵੇਂ ਸਮੁੰਦਰ ਵਿਚੋਂ ਪੈਦਾ ਹੋਣ ਵਾਲੀਆਂ ਲਹਿਰਾਂ ਤੇ ਤਰੰਗ ਸਮੁੰਦਰ ਦੇ ਵਿਚ ਹੀ ਸਮਾ ਜਾਂਦੇ ਹਨ, ਇਸੇ ਤਰਾਂ ਗੁਰ ਦਰਸ਼ਨ ਦੀਆਂ ਲਹਿਰਾਂ ਤੇ ਤਰੰਗ ਰੂਪ ਗੁਰ ਸਿਖ ਗੁਰ ਦਰਸ਼ਨ ਦੇ ਵਿਚ ਹੀ ਸਮ ਜਾਂਦੇ ਹਨ)।

**ਅਨਹਦ ਸ਼ਬਦ ਕੈ ਸਰਬ ਨਿਧਾਨ ਦਾਨ ਗਿਆਨ ਅੰਸ ਹੰਸ ਗਤਿ ਸੁਮਤਿ ਸ੍ਰਬੰਗ ਹੈ ॥ ੫੪ ॥ ੯੮ ॥**

ਅਨਹਦ ਸ਼ਬਦ ਕਰਕੇ (ਗੁਰ ਸਿਖ ਨੇ) ਸਰਬ ਨਿਧਾਨ [ਦਾਨ] ਦੇਣ ਵਾਲੇ [ਪ੍ਰਭੂ] ਦੇ ਗਿਆਨ ਨੂੰ ਸਾਰੇ ਅੰਗਾਂ [ਸਰੀਰਾਂ] ਵਿਚ ਸ਼ੁਭ ਮਤ ਦਵਾਰੇ (ਇਉਂ ਜਾਣਿਆਂ ਹੈ,ਜਿਵੇਂ [ਹੰਸ] ਸੂਰਜ ਦੀ ਅੰਸ [ਕਿਰਣ](ਸੂਰਜ ਤੋਂ ਵਖਰੀ ਨਹੀਂ ਹੈ),ਇਸੇ ਤਰਾਂ ਇਹ ਸਾਰੇ ਸਰੀਰ ਉਸ ਸਰੀਰਾਂ ਦੇ ਅਧਾਰ ਰੂਪ ਤੋਂ ਵਖਰੇ ਨਹੀਂ ਹਨ ॥੫੪॥੯੮॥

**ਗੁਰਮੁਖ ਮਾਰਗ ਹੁਇ ਦੁਬਿਧਾ ਭਰਮ ਖੋਏ ਚਰਨ ਸਰਨਿ ਗਹੇ ਨਿਜ ਘਰਿ ਆਏ ਹੈ ॥**

(ਜਿਸਨੇ) ਗੁਰਸਿਖੀ ਮਾਰਗ (ਵਿਚ ਪ੍ਰਾਪਤ) ਹੋਕੇ ਗੁਰੂ ਦੀ)ਚਰਨ ਸ਼ਰਨ ਗ੍ਰਹਣ ਕੀਤੀ ਹੈ,(ਉਹ ਦ੍ਵੈਤ ਤੇ ਭਰਮ ਨੂੰ ਨਾਸ ਕਰਕੇ ਆਪਣੇ ਘਰ [ਸਰੂਪ] ਵਿਚ ਆ (ਟਿਕਿਆ) ਹੈ।

**ਦਰਸ ਦਰਸਿ ਦਿਬ ਦ੍ਰਿਸਟਿ ਪ੍ਰਗਾਸ ਭਈ ਅੰਮ੍ਰਿਤ ਕਟਾਛ ਕੈ ਅਮਰਪਦ ਪਾਏ ਹੈ ॥**

(ਗੁਰੂ ਜੀ ਦੇ) ਦਰਸ਼ਨੀਕ ਦਰਸ਼ਨ (ਕਰਨ ਕਰਕੇ, ਅੱਖਾਂ ਵਿਚ) ਦਿਬ ਦ੍ਰਿਸ਼ਟੀ [ਪ੍ਰਕਾਸ਼]ਰੋਸ਼ਨ ਹੋ ਗਈ ਹੈ,(ਅਤੇ ਗੁਰੂ ਜੀ ਦੇ)ਅਮ੍ਰਿਤ ਕਟਾਖਛਯ, (ਪ੍ਰਾਪਤ) ਕਰਕੇ ਅਮਰ ਪਦ ਪਾ ਲਿਆ ਹੈ।

**ਸ਼ਬਦ ਸੁਰਤਿ ਅਨਹਦ ਨਿਝਰ ਝਰਨ ਸਿਮਰਨਿ ਮੰਤ੍ਰ ਲਿਵ ਉਨਮਨ ਛਾਏ ਹੈ ॥**

ਅਨਹਦ ਸ਼ਬਦ ਦੀ (ਸੁਰਤਿ) ਸਰੋਤ [ਸੁਣਨੇ] ਕਰਕੇ,ਇਸ ਰਸ [ਅਮ੍ਰਿਤ ਦਾ] ਝਰਨਾ ਝਰਣ ਲਗ ਪਿਆ ਹੈ ਅਤੇ (ਗੁਰ) ਮੰਤ੍ਰ ਦਾ ਸਿਮਰਨ [ਕਰਨ ਕਰਕੇ] ਲਿਵ [ਸੁਰਤਿ] ਤੁਰੀਆ ਪਦ ਵਿਚ ਟਿਕ ਗਈ ਹੈ।

**ਮਨ ਬਚ ਕ੍ਰਮ ਹੁਇ ਇਕਤ੍ਰ ਗੁਰਮੁਖ ਸੁਖ ਪ੍ਰੇਮ ਨੇਮਬਿਸਮ ਬਿਸ੍ਵਾਸ ਉਪਜਾਏ ਹੈ ॥ ॥ ੫੫ ॥ ੯੯ ॥**

(ਜਿਸ) ਗੁਰਮੁਖ ਦਾ ਮਨ, ਬਾਣੀ ਤੇ ਸਰੀਰ ਇਕਤ੍ਰ ਹੋਇਆ ਹੈ, [ਉਸਨੂੰ] ਅਸਚਰਜ ਸੁਖ ਰੂਪ ਪ੍ਰੇਮ ਨੇਮ ਦਾ ਬਿਸਵਾਸ [ਭਰੋਸਾ] ਪੈਦਾ ਹੋ ਗਿਆ ਹੈ ॥ ੫੫ ॥ ੯੯ ॥

**ਗੁਰਮੁਖਿ ਆਪਾ ਖੋਇ ਜੀਵਨ ਮੁਕਤਿ ਗਤਿ ਬਿਸਮ ਬਿਦੇਹ ਗੇਹ ਸਮਤ ਸੁਭਾਉ ਹੈ ॥**

(ਜਿਸ)ਗੁਰਮੁਖ ਨੇ ਆਪਾ [ਹੰਕਾਰ]ਨਾਸ ਕੀਤਾ ਹੈ,(ਉਸਨੇ) ਜੀਵਨ ਮੁਕਤ ਗਤੀ (ਪਾਈ ਹੈ, ਅਤੇ) ਅਚਰਜ ਰੂਪ ਬਿਦੇਹ ਗੇਹ–ਘਰ (ਨੂੰ ਪਾਕੇ)ਸਮਤਾ ਸੁਭਾਵ (ਵਾਲਾ ਹੋਇਆ) ਹੈ। (ਅਰਥਾਤ):–

**ਜਨਮ ਮਰਨ ਸਮ ਨਰਕ ਸੁਰਗ ਅਰੁ ਪੁੰਨ ਪਾਪ ਸੰਪਤਿ ਬਿਪਿਤ ਚਿੰਤਾ ਚਾਉ ਹੈ॥**

ਜਨਮ-ਮਰਨ, ਨਰਕ ਸੁਰਗ, ਪਾਪ-ਪੁੰਨ ਅਤੇ ਸੰਪਦਾ ਤੇ ਬਿਪਦਾ, ਚਿੰਤਾ ਤੇ ਚਾਉ [ਉਤਸ਼ਾਹ) ਸਮਾਨ ਹੈ।

**ਬਨ ਗ੍ਰਿਹ ਜੋਗ ਭੋਗ ਲੋਗ ਬੇਦ ਗਿਆਨ ਧਿਆਨ ਦੁਖ ਸੁਖ ਸੋਗਾਨੰਦ ਮਿਤ੍ਰ ਸਤ੍ਰ ਤਾਉ ਹੈ॥**

ਘਰ ਤੇ ਬਨ, ਜੋਗ ਤੇ ਭੋਗ, ਲੋਗ ਤੇ ਵੇਦ, ਗਿਆਨ ਤੇ ਧਿਆਨ,ਦੁਖ ਤੇ ਸੁਖ, ਸੋਗ ਤੇ ਅਨੰਦ, ਵੈਰੀ ਤੇ ਮਿਤ੍ਰ ਇਕੋ ਜੇਹੇ ਹਨ।

**ਲੋਸਟ ਕਨਿਕ ਬਿਖੁ ਅੰਮ੍ਰਿਤ ਅਗਨਿਜਲ ਸਹਜਿ ਸਮਾਧਿ ਉਨਮਨ ਅਨੁਰਾਉ ਹੈ॥ ੫੬॥ ੯੦॥**

ਲੋਹਾ ਤੇ ਸੋਨਾਂ ਜ਼ੇਹਰ ਤੇ ਅਮ੍ਰਿਤ,ਅਗ ਤੇ ਪਾਣੀ ਸਹਜ ਸਮਾਧੀ ਦੀ[ਉਨਮਨ]ਮਸਤੀ ਤੇ[ਅਨੁਰਾਉ] ਪ੍ਰੇਮ (ਸਭ ਇਕੋ ਜੇਹੇ ਹਨ) ॥੫੬॥੯੦॥

**ਸਫਲ ਜਨਮ ਗੁਰਮੁਖ ਹੁਇ ਜਨਮੁ ਜੀਤਿਓ ਚਰਨ ਸਫਲ ਗੁਰ ਮਾਰਗ ਰਵਨ ਕੈ॥**

(ਉਸਦਾ) ਜਨਮ ਸਫਲ (ਹੈ, ਜਿਸਨੇ) ਗੁਰਮੁਖ ਹੋਕੇ ਜਨਮ ਜਿਤ ਲਿਆ ਹੈ,(ਅਰਥਾਤ)ਗੁਰਮਾਰਗ ਉਤੇ [ਰਵਨ]ਚਲਣ ਕਰਕੇ ਪੈਰ ਸਫਲ ਹਨ।

**ਲੋਚਨ ਸਫਲ ਗੁਰ ਦਰਸ ਬਿਲੋਕਨ ਕੈ ਮਸਤਕ ਸਫਲ ਰਜ ਪਦ ਗਵਨ ਕੈ॥**

ਗੁਰੂ ਜੀ ਦਾ ਦਰਸ਼ਨ[ਬਿਲੋਕਨ] ਵੇਖਣ ਕਰਕੇ ਅੱਖਾਂ ਸਫਲ ਹਨ। ਅਤੇ ਜਿਥੇ (ਗੁਰੂ ਜੀ ਦੇ) [ਪਦ ਗਵਨ ਕੈ]ਚਰਨਾ ਨੇ ਚਲਣਾ ਕੀਤਾ ਹੈ,(ਭਾਵ ਜਿਸ ਜਗਾ ਨੂੰ ਗੁਰ ਚਰਨਾਂ ਦੀ ਛੋਹ ਹਾਸਲ ਹੋਈ ਹੈ, ਉਥੋਂ ਦੀ) ਰਜ [ਧੂੜੀ] ਲਾਉਣ ਕਰਕੇ ਮਥਾ ਸਫਲ ਹੈ। ਯਥਾ–"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨ ਭਾਲਿਆ ਲੈ ਧੂੜਿ ਮੁਖਿ ਲਾਵਾ ॥ ਗੁਰ ਸਿਖਾ ਕੀ ਘਾਲ ਥਾਇ ਪਈ........."

**ਹਸਤ ਸਫਲ ਨਮ ਸਤਿਗੁਰ ਬਾਨੀ ਲਿਖ ਸੁਰਤਿ ਸਫਲ ਗੁਰ ਸ਼ਬਦ ਸ੍ਰਵਣ ਕੈ॥**

ਸਤਿਗੁਰੂ ਜੀ ਨੂੰ ਨਮਸ਼ਕਾਰ ਕਰਨ ਕਰਕੇ ਜਾਂ ਸਤਿਗੁਰੂ ਜੀ ਦੀ ਬਾਨੀ ਲਿਖਣ ਕਰਕੇ ਹਥ ਸਫਲੇ ਹਨ,ਅਤੇ ਗੁਰੂ ਜੀ ਦੇ ਸ਼ਬਦ ਸੁਣਨ ਕਰਕੇ ਸੁਰਤਨ [ਸਰੋਤ ਸ਼ਕਤੀ] ਸਫਲ ਹੈ।

**ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭਵਨ ਕੈ॥ ੫੭॥ ੯੧॥**

ਗੁਰਸਿਖਾਂ, ਸਾਧਾਂ ਨਾਲ ਮਿਲਾਪ ਕਰਨ ਕਰਕੇ ਸੰਗਤਿ ਸਫਲ ਹੈ,(ਕਿਉਂਕਿ ਇਸ)ਪ੍ਰੇਮ ਨੇਮ(ਕਰਕੇ ਹੀ) ਤਿੰਨਾਂ ਲੋਕਾਂ ਤੇ ਤਿੰਨਾਂ ਕਾਲਾਂ (ਵਿਚ ਪਹੁੰਚਣ ਦੀ) ਗੰਮਤਾ ਪ੍ਰਾਪਤ ਹੋ ਜਾਂਦੀ ਹੈ ॥੫੭॥੯੧॥

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈ॥**

(ਜੋ ਗੁਰੂ ਜੀਦੇ)ਚਰਨ ਕਮਲਾਂ ਦੀ ਮਕਰੰਦ ਰਸ ਦਾਲੋਭੀ ਹੋਇਆ ਹੈ,(ਉਹ) ਸੁਖਾਂ ਦੇ ਸੰਪਟ[ਡੱਬਾ] (ਰੂਪ) ਸਹਿਜ ਸਮਾਧੀ ਵਿਚ ਸਮਾ ਗਿਆ ਹੈ।

**ਭੈ ਜਲ ਭਿਆਨਕ ਲਹਿਰ ਨਾ**

ਬਿਆਪਿ ਸਕੈ ਦੁਬਿਧਾ ਨਿਵਾਰਿ ਏਕ ਟੇਕ ਠਹਿਰਾਨੇ ਹੈ ॥

(ਉਸਨੂੰ ਸੰਸਾਰ)[ਭੌਜਲ] ਸਮੁੰਦਰ (ਦੀ ਆਸ਼ਾ-ਤ੍ਰਿਸ਼ਨਾ ਰੂਪ) ਡਰਾਉਣੀ ਲਹਿਰ ਨਹੀਂ ਵਿਆਪ ਸਕਦੀ, (ਕਿਉਂਕਿ ਉਸਨੇ) ਦ੍ਵੈਤ ਨੂੰ ਦੂਰ ਕਰਕੇ (ਮਨ ਨੂੰ)ਇਕ ਦੀ ਓਟ ਵਿਚ ਠਹਿਰਾ ਰਖਿਆ ਹੈ।

ਦ੍ਰਿਸਟਿ ਸ਼ਬਦ ਸੁਰਤਿ ਬਰਜਿ ਬਿਸਰਜਿਤ ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰ ਆਨੇ ਹੈ ॥

ਦਿਸ਼ਟੀ(ਨੂੰ ਪਰਾਏ ਰੂਪ ਵਲੋਂ,ਕੰਨਾਂ ਨੂੰਉਸਤਤਿ ਨਿੰਦਾ ਰੂਪ)ਸ਼ਬਦ(ਵਲੋਂ ਤੇਵਿਕਾਰ ਰੂਪ ਫੁਰਨਿਆਂ ਵਲੋਂ) ਸੁਰਤ ਨੂੰ ਰੋਕ ਰਖਕੇ (ਦੇਹ ਅਧਯਾਸ ਦਾ) ਵਿਸਰਜਨ (ਕਰ ਦਿਤਾ ਹੈ, ਅਤੇ) ਅਸਚਰਜ ਪ੍ਰੇਮ ਨੇਮ ਦਾ ਬਿਸ਼ਵਾਸ਼ ਹਿਰਦੇ ਵਿਚ ਲੈ ਆਂਦਾ ਹੈ।

ਜੀਵਨ ਮੁਕਤਿ ਜਗਿ ਜੀਵਨ ਜੀਵਨ ਮੂਲ ਆਪਾ ਖੋਇ ਹੋਇ ਅਪਰੰ ਪਰ ਪਰਾਨੇ ਹੈ ॥ ੫੯ ॥ ੬੨॥

ਜੀਵਨ ਮੁਕਤ ਹੋ ਕੇ ਜਗਤ ਵਿਚ ਜੀਉਂਦੇ ਹਨ ਅਤੇ ਆਪਾ ਭਾਵ ਨਾਸ ਕਰਕੇ ਜੀਵਨ ਦੇ ਮੂਲ ਰੂਪ ਪ੍ਰਭੂ ਨੂੰ ਹੀ [ਅਪਰੰ+ਪਰ] ਉਰੇ ਤੇ ਪਰੇ [ਪਰਾਨੇ ਪਛਾਣਿਆ ਹੈ। ੫੯ ॥ ੬੨ ॥

ਸਰਿਤਾ ਸਰੋਵਰ ਸਲਿਲ ਮਿਲਿ ਏਕ ਭਏ ਏਕ ਸੈਂ ਅਨੇਕ ਹੋਤ ਕੈਸੇ ਨਿਰਵਾਰੋ ਜੀ ॥

(ਜਿਸ ਤਰਾ) ਨਦੀ ਤੇ ਤਲਾਉ ਦਾ ਪਾਣੀ ਮਿਲ ਕੇ ਇਕ (ਰੂਪ) ਹੋ ਗਏ, (ਤਾਂ ਫਿਰ ਜੇ ਕੋਈ ਉਨ੍ਹਾਂ ਨੂੰ ਵਖੋ ਵਖਰਾ ਕਰਨਾ ਚਾਹੇ,ਤਾਂ) ਇਕ ਤੋਂ ਅਨੇਕਾਂ (ਰੂਪ) ਕਿਸ ਤਰ੍ਹਾਂ ਹੋਵੇਗਾ, (ਇਸ ਗਲ ਨੂੰ) ਜੀ ਵਿਚ ਨਿਰਣਾ ਕਰਕੇ ਵੇਖੋ।

ਪਾਨ ਚੂਨਾ ਕਾਬਾ ਸੁਪਾਰੀ ਖਾਏ ਸੁਰੰਗ ਭਏ ਬਹੁਰਿ ਨ ਚਤੁਰ ਬਰਨ ਬਿਸਥਾਰੋ ਜੀ ॥

ਪਾਨ, ਚੂਨਾ,ਕਥਾ ਤੇ ਸੁਪਾਰੀ (ਇਨ੍ਹਾਂ ਚੌਹਾਂ ਦੇ) ਖਾਣ ਤੋਂ ਸੁੰਦਰ ਲਾਲ ਰੰਗ ਹੋ ਜਾਂਦਾ ਹੈ, ਮੁੜਕੇ (ਉਨ੍ਹਾਂ ਨੂੰ)ਚਾਰ ਰੰਗ(ਵਖੋ ਵਖਰਾ ਕਰਨਾ ਚਾਹੀਏ) ਤਾਂ (ਉਨ੍ਹਾਂ ਦਾ) ਵਿਸਥਾਰ ਨਹੀਂ (ਹੁੰਦਾ ਹੈ)।

ਪਾਰਸ ਪਰਸਿ ਹੋਤ ਕਨਿਕ ਅਨਿਕ ਧਾਤ ਕਨਿਕ ਸੈ ਅਨਿਕ ਨ ਹੋਤ ਗੋਤਾ ਚਾਰੋ ਜੀ ॥

ਪਾਰਸ ਨੂੰ ਪ੍ਰਸਕੇ (ਲੋਹਾ-ਤਾਂਬਾ ਆਦਿਕ) ਅਨੇਕਾਂ ਧਾਤਾਂ ਸੋਨਾ ਹੋ ਜਾਂਦੀਆਂ ਹਨ,(ਪਰ ਫਿਰ) ਸੋਨੇ ਤੋਂ ਅਨੇਕਾਂਗੋਤਾ ਚਾਰ ਨਹੀਂਹੁੰਦਾਹੈ(ਅਰਥਾਤ ਪਾਰਸ ਨਾਲ ਛੋਹ ਕੇ ਜੋ ਅਠਾਂ ਧਾਤਾਂ ਤੋਂ ਸੋਨਾ ਹੋਇਆ ਹੈ,ਉਹ ਮੁੜ ਕੇ ਸੋਨੇ ਤੋਂ ਅਠ ਧਾਤਾਂ ਨਹੀਂ ਹੋ ਸਕਦੀਆਂ ਤੇ ਨਾਂ ਹੀ ਕੋਈ ਉਨ੍ਹਾਂ ਦੀ 'ਗੋਤ' ਜਾਤ ਦਾ ਨਾਮ ਹੀ ਲੈਂਦਾ ਹੈ ਭਾਵ ਇਹ ਕੋਈ ਨਹੀ ਕਹਿੰਦਾ ਜੋ ਇਹ ਸੋਨਾ ਲੋਹੇ ਤੋਂ ਹੋਇਆਂ ਹੈ, ਆਦਿਕ)।

ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ ਭਗਤ ਜਗਤ ਪਤਿ ਬਿਸਮ ਬਿਚਾਰੋ ਜੀ ॥੬੦॥੬੩॥

ਚੰਦਨ ਦੀ ਸੁਭਵਾਸ਼ਨਾ ਕਰਕੇਸਾਰੇ ਬਨਾਸਪਤੀ ਸੁਬਾਸਨਾ [ਚੰਦਨ] ਰੂਪ ਹੋ ਜਾਂਦੀ ਹੈ, (ਜੋ ਫਿਰ ਚੰਦਨ ਤੋਂ ਪੂਰਬ ਰੂਪ ਵਾਲੀ ਬਨਾਸਪਤੀ ਨਹੀਂ ਹੁੰਦੀ ਹੈ, ਇਸੇ ਤਰ੍ਹਾਂ ਹੀ) ਭਗਤ ਤੇ ਜਗਤਪਤੀ [ਪ੍ਰਭੂ-ਸ੍ਵਾਮੀ](ਦੀ ਏਕਤਾ ਦਾ)ਵਿਚਾਰ ਅਸਰਜ ਹੈ ॥ ੬੦ ॥ ੬੩ ॥

ਭਾਵ—ਜਿਵੇਂ ਨਦੀ ਨਾਲਿਆਂ ਦਾ ਪਾਣੀ ਇਕ ਮਿਕਹੋਕੇ,ਫਿਰ ਵਖ ਵਖ ਨਹੀਂਹੁੰਦਾ ਹੈ ਇਵੇਂ ਹੀ ਜੇਹੜੇ ਗੁਰੂ ਤੇ ਸਿਖ ਆਪੋ ਵਿਚ ਮਿਲ ਗਏ ਹਨ ਉਹ ਮੁੜਕੇ ਵਖਰੇ ਵਖਰੇ ਨਹੀਂ ਹੁੰਦੇ।

ਜਿਵੇਂ ਪਾਨ ਆਦਿਕ ਚਾਰ ਰੰਗਾਂ ਨੂੰ ਮਿਲਾਕੇ ਚਬਾਉਣ ਤੋਂ ਪੰਜਵਾਂ ਸ੍ਰੇਸ਼ਟ ਰੰਗ ਪੈਦਾ ਹੁੰਦਾ ਹੈ ਤੇ ਫਿਰ ਉਹ ਵਖਰਾਵਖਰਾਰੂਪ ਨਹੀਂਹੁੰਦੇ ਹਨ। ਇਸੇ ਤਰ੍ਹਾਂ ਬ੍ਰਾਹਮਣ ਆਦਿਕ ਚਾਰੇ ਵਰਨਾਂ ਤੋਂ ਸਿਖ ਪੰਥ

ਪ੍ਰਗਟ ਹੁੰਦਾ ਹੈ, ਪਰ ਫਿਰ ਪੰਥ ਮੁੜਕੇ ਚਾਰ ਵਰਨ ਰੂਪ ਨਹੀਂ ਹੁੰਦਾ ਹੈ।

ਜਿਵੇਂ ਗੁਰੂਰੂਪ ਪਾਰਸਨਾਲ ਛੋਹਕੇ ਚਾਰ ਵਰਨ ਤੇ ਚਾਰੇ ਮਜ਼ਹਬ ਰੂਪ ਅਠੇ ਧਾਤਾਂ ਮਿਲਕੇ ਸਿਖ ਪੰਥ ਰੂਪ ਸੋਨਾ ਹੋਇਆ ਹੈ,ਉਹ ਮੁੜਕੇ ਚਾਰ ਵਰਨ ਤੇ ਚਾਰ ਮਜ਼ਹਬ ਰੂਪ ਨਹੀਂ ਹੁੰਦਾ ਹੈ। ਇਸੇ ਤਰ੍ਹਾਂ ਭਗਤ ਤੇ ਭਗਵੰਤ ਦੇ ਮਿਲਾਪ ਦੀ ਅਵਸਥਾ ਹੈ, ਜੋ ਮੁੜਕੇ ਵਖੋ ਵਖਰੇ ਨਹੀਂ ਹੁੰਦੇ ਹਨ।

**ਚਤਰ ਬਰਨ ਮਿਲਿ ਸੁਰੰਗ ਤੰਬੋਲ ਰਸ ਗੁਰ ਸਿਖ ਸਾਧ ਸੰਗ ਰੰਗ ਮੈਂ ਰੰਗੀਲੇ ਹੈ ॥**

ਜਿਵੇਂ ਪਾਨ,ਸੁਪਾਰੀ,ਚੂਨਾ ਤੇ ਕੱਥਾ) ਚਾਰ ਰੰਗ ਮਿਲਕੇ ਤੰਬੋਲ (ਬਣਦਾਹੈ,ਤੇ ਉਸਦੇ) ਰਸ (ਚੂਸਨ ਤੋਂ) ਸੁੰਦਰ ਲਾਲ ਰੰਗ (ਪ੍ਰਗਟ ਹੁੰਦਾ ਹੈ, ਇਵੇਂ ਚਾਰੇ ਵਰਨ) ਸਾਧ ਸੰਗ ਦੇ ਰੰਗ ਵਿਚ ਰੰਗੇ ਜਾਕੇ ਗੁਰਸਿਖ (ਹੋ ਗਏ ਹਨ)।

**ਖਾਂਡ ਘ੍ਰਿਤ ਚੂਨ ਜਲ ਮਿਲੈ ਬਿੰਜਨਾਦਿ ਸ੍ਵਾਦ ਪ੍ਰੇਮ ਰਸ ਅੰਮ੍ਰਿਤ ਮੈ ਰਸਿਕ ਰਸੀਲੇ ਹੈ ॥**

(ਜਿਵੇਂ) ਖੰਡ, ਘਿਉ, ਆਟਾ ਤੇ ਪਾਣੀ ਮਿਲਕੇ ਸ੍ਵਾਦ ਪੂਰਤ ਭੋਜਨ ਆਦਿਕ (ਬਣ ਜਾਂਦਾ ਹੈ, ਇਸੇ ਤਰ੍ਹਾਂ) ਅੰਮ੍ਰਿਤ ਰੂਪ ਪ੍ਰੇਮ ਰਸ ਦੇ ਰਜਿਕ (ਹੋਕੇ) [ਰਸ+ਈਲੇ] ਰਸ ਰੂਪ ਹੀ ਹੋ ਜਾਂਦੇ ਹਨ।

**ਸਕਰ ਸੁਗੰਧ ਸਨਬੰਧ ਅਰਗਜਾ ਹੋਇ ਸ਼ਬਦ ਸੁਰਤਿ ਲਿਵ ਬਾਸਨਾ ਬਸੀਲੇ ਹੈ ॥**

(ਜਿਵੇਂ ਸਾਰੀਆਂ ਸੁਗੰਧੀਆਂ ਦੇ [ਸਨਬੰਧ] ਮਿਲਾਪ ਤੋਂ ਅਰਗਜਾ (ਨਾਮ ਦਾ ਮਹਾਂ ਸੁਗੰਧਤ ਪਦਾਰਥ) ਤਿਆਰ ਹੁੰਦਾ ਹੈ, (ਇਵੇਂ ਹੀ ਗੁਰਸਿਖ) ਸ਼ਬਦ ਸੁਰਤਿ ਦੀ ਲਿਵ (ਵਿਚਲਗਕੇ) ਵਾਸ਼ਨਾਂ ਦੇ ਵਸੀਭੂਤ ਹੋ ਜਾਂਦੇ ਹਨ (ਭਾਵ ਸਾਰੀਆਂ ਸੁਗੰਧਾਂ ਦੇ ਮਿਲਾਪ ਤੋਂ ਅਰਗਜਾ ਹੁੰਦਾ ਹੈ,ਇਵੇਂ ਹੀ ਸਾਰੀਆਂ ਜਾਤਾਂ-ਪਾਤਾਂ ਮੇਟ ਕੇ ਸਿਖ ਹੋ ਜਾਂਦਾ ਹੈ।

**ਪਾਰਸ ਪਰਸ ਜੈਸੇ ਕਨਿਕ ਅਨਿਕ ਧਾਤੁ ਦਿਬਿ ਦੇਹ ਮਨ ਉਨਮਨ ਉਨਮੀਲੇ ਹੈ ॥੬੦॥੬੪॥**

ਜਿਸ ਤਰ੍ਹਾਂ ਪਾਰਸ ਨੂੰ ਪਰਸਕੇ ਅਨੇਕਾਂ ਧਾਤਾਂ ਸੋਨਾ ਹੋ ਜਾਂਦੀਆਂ ਹਨ,(ਇਸੇ ਤਰ੍ਹਾਂ ਅਨੇਕਾਂ ਵਰਨ ਤੇ ਮਜ਼ਹਬ ਗੁਰੂ ਪਾਰਸ ਨਾਲ ਛੋਹਕੇ ਸਿਖ ਪੰਥ ਰੂਪ ਸੋਨਾ ਹੋ ਜਾਂਦੇ ਹਨ, ਜਿਨ੍ਹਾਂ ਦੀ) ਦਿਬ ਦੇਹ ਤੇ ਮਨ ਉਨਮਨੀ ਅਵਸਥਾ ਦਾ ਉਨਮੀਲਤ ਹੁੰਦਾ ਹੈ ॥ ੬੦ ॥ ੬੪ ॥

ਨੋਟ—ਅਮਲ ਦੇ ਖਾਣ ਮਗਰੋਂ ਅਮਲੀ ਦੀਆਂ ਅਖਾਂ ਵਿਚ ਜਅਮਲ ਦੀ ਖੁਮਾਰੀ ਆਜਾਂਦੀ ਹੈ,ਜਿਸ ਨਾਲਅਖਾਂਅਧ-ਮੀਟੀਜੇਹੀਹਾਲਤ ਵਿਚ ਰਹਿੰਦੀਆਂ ਹਨ,ਇਸਅਵਸਥਾਦਾਨਾਮ'ਉਨਮੀਲਤ'ਕਿਹਾਜਾਂਦਾ ਹੈ, ਇਸੇ ਤਰ੍ਹਾਂ ਮਨ ਨੂੰ ਤੁਰੀਆ ਅਵਸਥਾ ਦੀ ਮਸਤੀ ਚੜੀ ਰਹੇ, ਜਿਸ ਕਰਕੇ ਮਨ ਨੂੰ ਆਪਣੇ ਸਰੂਪ ਦਾ ਗਿਆਨ ਭੁਲਾ ਰਹੇ ਤੇਉਸਦੇ ਫੁਰਨੇ ਮਿਟ ਜਾਣ,ਅਜੇਹੀ ਦਸ਼ਾ ਦਾ ਨਾਮ'ਉਨਮਨ ਉਨਮੀਲਤ' ਕਿਹਾ ਜਾਂਦਾ ਹੈ।

**ਪਵਨ ਗਵਨ ਜੈਸੇ ਗੁਡੀਆ ਉਡਤ ਰਹੈ ਪਵਨ ਰਹਿਤ ਗੁਡੀ ਉਡ ਨ ਸਕਤ ਹੈ ॥**

ਜਿਸ ਤਰ੍ਹਾਂ [ਪਵਨ ਗਵਨ] ਹਵਾ ਦੇ ਚਲਨ ਨਾਲ ਗੁਡੀ [ਗਵਨ-ਗਗਨ] ਅਕਾਸ਼ ਵਿਚ ਉਡਦੀ ਰਹਿੰਦੀ ਹੈ, ਪਰ ਹਵਾ ਤੋਂ ਰਹਿਤ ਹੋਕੇ ਗੁਡੀ ਉਡ ਨਹੀਂ ਸਕਦੀ।

**ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ ਤਾਉ ਹਾਉ ਮਿਟੈ ਗਿਰਿ ਪਰੈ ਹੁਇ ਥਕਤ ਹੈ ॥**

ਜਿਸ ਤਰ੍ਹਾਂ ਡੋਰੀ [ਜਾਲੀ] ਦੀ ਮਰੋਰ [ਲਪੇਟ] ਨਾਲ ਲਾਟੂ ਫਿਰਦਾ [ਭੌਂਦੇ] ਰਹਿੰਦਾ ਹੈ,(ਪਰ ਜੇ) [ਤਾਉ ਹਾਉ ਮਿਟੈ] ਡੋਰੀਦੇ ਪ੍ਰਭਾਉ ਦਾ ਤੇਜ਼ ਮਠਾ ਪੈ ਜਾਵੇ (ਤਾਂ ਲਾਟੂ) ਡਿਗ ਪੈਂਦਾ ਹੈ ਤੇ ਭੌਣ ਵਲੋਂ

ਥਕ ਪੈਂਦਾ [ਜਾਂ ਰਹਿਤ ਹੋ ਜਾਂਦਾ] ਹੈ।

**ਕੰਚਨ ਅਸੁਧ ਜਿਉ ਕੁਠਾਰੀ ਠਹਰਾਤ ਨਾਹੀ ਸੁੱਧ ਭਏ ਨਿਹਚਲ ਛਬਿ ਕੈ ਛਕਤ ਹੈ ॥**

ਜਿਸ ਤਰਾਂ ਖੋਟ ਵਾਲਾ ਸੋਨਾ ਕੁਠਾਲੀ ਵਿਚ ਠਹਿਰ ਨਹੀਂ ਸਕਦਾ ਤੇ ਚਕਰ ਹੀ ਖਾਈ ਜਾਂਦਾਹੈ, (ਪਰ ਜਦੋਂ ਉਸ ਦਾ ਖੋਟ ਸੜ ਜਾਂਦਾ ਹੈ ਤੇ) ਸੋਨਾ ਸੁਧ ਹੋ ਜਾਂਦਾ ਹੈ ਤਾਂ ਕੁਠਾਲੀ ਵਿਚ ਅਚੱਲ ਹੋ ਜਾਂਦਾ ਹੈ ਅਤੇ ਛਬ ਕਰਕੇ ਛਕਤ (ਚਮਕ ਦਮਕ ਨਾਲ ਦਮਕਨ ਤੇ ਚਮਕਨ ਲਗ ਜਾਂਦਾ) ਹੈ।

**ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ ਗੁਰਮਤਿ ਏਕ ਟੇਕ ਮੋਨਿ ਨ ਬਕਤ ਹੈ ॥੬੧॥੯੫॥**

ਖੋਟੀ ਮਤ ਤੇ ਦ੍ਵੈਤ ਕਰਕੇ ਜੀਵ ਚੋਹਾਂ ਕੁੰਟਾਂ ਵਿਚ ਰੋਂਦਾ ਰਹਿੰਦਾ ਹੈ ਪਰ ਜਦ ਗੁਰ ਸਿਖਯਾ ਦੀ ਇਕ ਓਟ ਲੈ ਲੈਂਦਾ ਹੈ ਤਾਂ ਚੁਪ ਸਾਧ ਲੈਂਦਾ ਹੈ ਅਤੇ ਇਸ ਦਾ ਬੋਲਨਾ ਮਿਟ ਜਾਂਦਾ ਹੈ॥੬੧॥੯੫॥

ਭਾਵ-ਕਰਮਾਂ ਰੂਪ ਹਵਾ ਨਾਲ ਜੀਵ ਰੂਪ ਗੁਡੀ ਉਡਦੀ ਰਹਿੰਦੀ ਹੈ,ਜੇ ਗੁਰ ਕ੍ਰਿਪਾ ਨਾਲ ਕਰਮਾਂਦਾ ਚੱਕ੍ਰ ਕਟਿਆ ਜਾਏ ਤਾਂ ਜੀਵ ਦੀ ਚੁਰਾਸੀ ਮਿਟ ਜਾਂਦੀ ਹੈ।

ਮਨ ਦੇ ਸੰਕਲਪਾਂ ਰੂਪ ਜਾਲੀ ਦੇ ਲਪੇਟੇ ਵਿਚ ਆ ਕੇ ਜੀਵ ਚੋਹਾਂ ਕੁੰਟਾਂ ਵਿਚ ਭਜਾ ਭਿਰਦਾ ਹੈ, ਜਦੋਂ ਸੰਤ ਸੰਗ ਦੇ ਪ੍ਰਭਾਵ ਕਰਕੇ ਫੁਰਨੇ ਮਿਟ ਜਾਂਦੇ ਹਨ ਤਾਂ ਮਨ ਸਥਿਰ ਹੋ ਜਾਂਦਾ ਹੈ ਅਤੇ ਇਸਦਾ ਫਿਰਨਾ ਹਟ ਜਾਂਦਾ ਹੈ।

ਅਸ਼ੁਧ ਸੋਨੇ ਵਰਗਾ ਸੰਸਿਆਂ ਵਾਲਾ ਜੀਵ ਆਤਮਾ ਹਰ ਵੇਲੇ ਹਟਕਦਾ ਹੀ ਰਹਿੰਦਾ ਹੈ, ਪਰ ਜਦ ਗੁਰੂ ਜੀ ਦੀ ਮੇਹਰ ਹੋਣ ਕਰਕੇ ਸੰਸੇ ਮਿਟ ਜਾਂਦੇ ਹਨ ਤਾਂ ਮਨ ਸਿਥਰ ਹੋਕੇ ਸ਼ੁਭ ਗੁਣਾਂ ਦੀ ਚਮਕ ਦਮਕ ਨਾਲ ਸੋਭਾ ਪਾਨ ਲਗ ਲੈਂਦਾ ਹੈ।

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ ਪਰਮਦ ਭੁਤ ਗਤਿ ਆਤਮ ਤਰੰਗ ਹੈ ॥**

(ਜਦੋਂ) ਅੰਮ੍ਰਿਤ ਦੇ ਨਿਧਾਨ ਰੂਪ ਸਤਿਗੁਰੂ ਪਾਸੋਂ ਪ੍ਰੇਮ ਰਸ ਪੀਣਾ ਕਰਦਾ ਹੈ, (ਤਦ ਸਿਖ) ਆਤਮ ਤਰੰਗ ਵਿਚ ਪੂਰਨ (ਅਨੰਦ) ਹੋ ਜਾਂਦਾ ਹੈ, ਉਸ ਵੇਲੇ ਇਸਦੀ) ਗਤੀ ਪਰਮ ਅਦਭੁਤ(ਹੁੰਦੀ)ਹੈ

**ਇਤ ਤੇ ਦ੍ਰਿਸ਼ਟਿ ਸੁਰਤਿ ਸ਼ਬਦ ਬਿਸਰਜਤ ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ ॥**

(ਉਸੇ ਵੇਲੇ) ਇਸ ਲੋਕ ਤੋਂ ਦ੍ਰਿਸ਼ਟੀ ਨੂੰ (ਸਮੇਟ ਲੈਂਦਾ ਹੈ, ਅਤੇ) ਸੁਰਤੀ ਨੂੰ ਸ਼ਬਦ (ਵਿਚ ਭੁਲਾ ਲੈਂਦਾ ਹੈ, ਜਿਸ ਕਰਕੇ) ਉਸ (ਪ੍ਰਲੋਕ) ਦੇ ਅਚਰਜ ਤੋਂ ਅਚਰਜ ਪ੍ਰਸੰਗ (ਪ੍ਰਾਪਤ ਕਰਦਾ) ਹੈ।

**ਦੇਖੈ ਜੋ ਦਿਖਾਵੈ ਕੈਸੇ ਸੁਨੈ ਸੁ ਸੁਨਾਵੈ ਕੈਸੇ ਚਾਖੈ ਸੁ ਬਤਾਬੈ ਕੈਸੇ ਰਾਗ ਰਸ ਰੰਗ ਹੈ ॥**

(ਜੋ ਕੁਝ) ਵੇਖਦਾ ਹੈ, ਉਹ ਕਿਸ ਤਰਾਂ ਵਿਖਾਵੇ (ਜੋ ਕੁਝ)ਸੁਣਦਾ ਹੈ, ਉਹ ਕਿਸ ਤਰਾਂ ਸੁਣਾਵੇ? (ਜੋ (ਕੁਝ) ਚਖਿਆ ਹੈ,ਉਹ ਸਵਾਦ ਕਿਸ ਤਰਾਂ ਦਸੇ ? (ਕਿਉਂਕਿ ਉਸ ਵਸਤੂ ਦਾ)ਰੰਗ, ਰਸ ਤੇ ਰਾਗ (ਹੀ ਐਸਾ ਹੈ,ਜੋ ਕਹਿਣ ਸੁਣ ਵਿਚ ਆ ਨਹੀਂ ਸਕਦਾਹੈ

**ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹੁਇ ਹੈਰਤ ਹਿਰਾਨੀ ਬੂੰਦ ਸਾਗਰ ਪ੍ਰਸੰਗ ਹੈ ॥ ੬੨॥੯੬॥**

(ਉਸਦੇ) ਕੌਤਕਾਂ ਦੀ ਕਥਾ ਅਕਥ ਹੈ, ਰੋਮ ਰੋਮ ਕਰਕੇ ਥਕਤ ਹੋ ਰਿਹਾ ਹੈ, ਵੇਖਦੇ ਵੇਖਦੇ ਹੈਰਾਨ ਹੈ, (ਜਿਵੇਂ) ਬੂੰਦ ਤੇ ਸਾਗਰ (ਦੀ ਅਵਸਥਾ ਹੈ, ਇਸੇ ਤਰਾਂ) ਸਾਰੇ ਅੰਗ ਬੂੰਦ ਹਨ ਅਤੇ ਉਹ ਸਾਗਰ ਰੂਪ ਹੋਕੇ ਸਾਰੇ ਸਰੀਰਾਂ ਵਿਚ ਸਮਾਇਆ ਹੋਇਆ ਹੈ ॥ ੬੨ ॥ ੯੬ ॥

**ਸਾਧ ਸੰਗ ਗੰਗ ਮਿਲਿ ਸ੍ਰੀ ਗੁਰ ਸਾਗਰ ਮਿਲੇ ਗਿਆਨ ਧਿਆਨ ਪਰਮ**

**ਨਿਧਾਨ ਲਿਵ ਲੀਨ ਹੈ ॥**

(ਜੋ) ਸਾਧ ਸੰਗ ਰੂਪ ਗੰਗਾ ਨਾਲ ਮਿਲਿਆ ਹੈ (ਉਹ) ਸ੍ਰੀ ਗੁਰੂ (ਰੂਪ) ਸਮੁੰਦਰ ਵਿਚ ਮਿਲ ਗਿਆ ਹੈ, (ਅਰਥਾਤ ਉਹ) ਗਿਆਨ ਧਿਆਨ ਕਰ ਕੇ ਪਰਮ ਨਿਧਾਨ (ਰੂਪ ਪ੍ਰਭੂ ਨਾਲ) ਲਿਵ ਲੀਨ (ਹੋ ਰਿਹਾ) ਹੈ ।

**ਚਰਨ ਕਮਲ ਮਕਰੰਦ ਮਧੁਕਰ ਗਤਿ ਚੰਦ੍ਰਮਾ ਚਕੋਰ ਗੁਰ ਧਿਆਨ ਰਸ ਭੀਨ ਹੈ ॥**

(ਗੁਰੂ ਦੇ) ਚਰਨ ਕਮਲਾਂ ਦੀ ਮਕਰੰਦ (ਵਾਸਤੇ ਉਸਦੀ) ਭੌਰੇ ਵਰਗੀ ਗਤੀ ਹੈ, ਅਤੇ ਗੁਰੂ ਰੂਪ ਚੰਦ੍ਰਮਾਂ ਦੇ ਧਿਆਨ ਰਸ ਵਿਚ ਚਕੋਰ ਵਾਂਗ ਭਿਜ ਗਿਆ ਹੈ ।

**ਸ਼ਬਦ ਸੁਰਤਿ ਮੁਕਤਾਹਲ ਅਹਾਰ ਹੰਸ ਪ੍ਰੇਮ ਪਰਮਾਰਥ ਬਿਮਲ ਜਲ ਮੀਨ ਹੈ ॥**

ਸ਼ਬਦ ਰੂਪ [ਮੁਕਤਾਹਲ[ ਮੋਤੀਆਂ ਦਾ ਭੋਜਨ (ਕਰਨ ਲਈ ਉਸਦੀ) ਸੁਰਤੀ ਹੰਸ (ਰੂਪ ਹੈ ਅਤੇ) ਪ੍ਰੇਮ ਪਰਮਾਰਥ (ਰੂਪ) ਨਿਰਮਲ ਜਲ(ਵਿਚ ਰਹਿਣ ਵਾਲਾ) ਮੱਛ ਹੈ ।

**ਅੰਮ੍ਰਿਤ ਕਟਾਖਛ ਅਮਰਾਪਦੁ ਕ੍ਰਿਪਾ ਕ੍ਰਿਪਾਲ ਕਮਲਾ ਕਲਪਤਰੁ ਕਾਮਧੈਨਾਧੀਨ ਹੈ ॥ ੬੩ ॥ ੯੭ ॥**

ਕ੍ਰਿਪਾਲੂ (ਸਤਿਗੁਰੂ ਜੀ ਦੀ) ਕ੍ਰਿਪਾ ਅਮ੍ਰਿਤ (ਦੀ ਭਰੀ ਹੋਈ ਜੋ) ਕਟਾਖਛਯ ਹੈ, (ਉਹ)ਅਮਰ-ਪਦ (ਬਖਸ਼ਣ ਵਾਲੀ ਹੈ ਅਤੇ) ਕਮਲਾ [ਲਛਮੀ], ਕਲਪ ਬ੍ਰਿਛ ਤੇ ਕਾਮਧੇਨ (ਉਸ ਅਮਰਪਦ ਦੇ) ਅਧੀਨ ਹਨ ॥੬੩॥੯੭॥

**ਏਕ ਬ੍ਰਹਮੰਡ ਕੇ ਬਿਥਾਰ ਕੀ ਅਪਾਰ ਕਥਾ ਕੋਟਿ ਬ੍ਰਹਮੰਡ ਕੋ ਨਾਇਕ ਕੈਸੇ ਜਾਨੀਐ ॥**

ਇਕ ਬ੍ਰਹਮੰਡ ਦੇ ਵਿਸਥਾਰ ਦੀ ਕਥਾ ਦਾ ਪਾਰ ਨਹੀਂ ਪਾਇਆ ਜਾਂਦਾ ਤਾਂ ਕ੍ਰੋੜਾਂ ਬ੍ਰਹਮੰਡਾਂ ਦੇ ਮਾਲਕ (ਨੂੰ ਕੋਈ) ਕਿਸ ਤਰਾਂ ਜਾਣ ਸਕਦਾ ਹੈ ?

**ਘਟਿ ਘਟਿ ਅੰਤਰਿ ਅਉ ਸਰਬ ਨਿਰੰਤਰਿ ਹੈ ਸੂਖਮ ਸਥੂਲ ਮੂਲ ਕੈਸੇ ਪਹਿਚਾਨੀਐ ॥**

(ਜੋ) ਘਟ ਘਟ ਅੰਦਰ (ਵਿਆਪਕ ਹੈ) ਅਤੇ ਸਾਰਿਆਂ ਦੇ ਅੰਦਰ ਇਕ ਰਸ (ਪੂਰਨ) ਹੈ ਅਤੇ ਸੂਖਮ ਤੇ ਅਸਥੂਲ ਦਾ ਮੂਲ [ਮੁਢ] ਹੈ (ਉਸਨੂੰ) ਕਿਸ ਤਰਾਂ ਪਛਾਣ ਸਕੀਦਾ ਹੈ ?

**ਨਿਰਗੁਨ ਅਦ੍ਰਿਸਟਿ ਸ੍ਰਿਸਟਿ ਮੈ ਨਾਨਾ ਪ੍ਰਕਾਰ ਅਲਖ ਲਖਿਓ ਨ ਜਾਇ ਕੈਸੇ ਉਰ ਆਨੀਐ ॥**

(ਜੋ) ਨਿਰਗੁਣ (ਰੂਪ ਹੋਣ ਕਰਕੇ) ਨਜ਼ਰ ਨਹੀ ਆਉਂਦਾ ਹੈ ਅਤੇ ਅਨੇਕ ਤਰਾਂ ਦੇ ਰੂਪ ਧਾਰੀ (ਸਰਗੁਣ ਰੂਪ ਹੋ ਕੇ)ਨਜ਼ਰ ਆਉਂਦਾ ਹੈ ਤੇ ਅਲਖ (ਹੋਣ ਕਰਕ) ਲਖਿਆ ਨਹੀਂ ਜਾਂਦਾ ਹੈ (ਉਸਨੂੰ) ਹਿਰਦੇ ਵਿਚ ਕਿਸ ਤਰਾਂ ਲਿਆਈਏ ?

**ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ ॥੬੪॥੯੮॥**

(ਉਸਦਾ) ਰੂਪ ਸੱਤ ਹੈ ਨਾਮ ਸੱਤ ਹੈ ਅਤੇ ਗਿਆਨ ਧਿਆਨ ਸਤਿਗੁਰੂ ਹੈ, (ਉਸ) ਪੂਰਨ ਬ੍ਰਹਮ ਨੂੰ ਹੀ ਸਾਰੇ ਆਤਮਾ ਕਰਕੇ ਮੰਨਣਾਚਾਹੀਦਾ ਹੈ ॥੬੪॥੯੮॥

**ਪੂਰਨ ਬ੍ਰਹਮ ਗੁਰ ਪੂਰਨ ਸਰਬਮਈ ਪੂਰਨ ਕ੍ਰਿਪਾ ਕੈ ਪਰ ਪੂਰਨ ਕੈ ਜਾਨੀਐ ॥**

ਪੂਰਨ ਗੁਰੂ ਦੀ ਪੂਰਨ ਕ੍ਰਿਪਾ ਕਰਕੇਪੂਰਨਬ੍ਰਹਮ ਨੂੰ ਸਾਰੇ ਰੂਪਾਂ ਵਿਚ ਪਰੀ ਪੂਰਨ ਕਰਕੇ ਜਾਣਿਆਹੈ।

**ਦਰਸ ਧਿਆਨ ਲਿਵ ਏਕ ਅਉ**

**ਅਨੇਕ ਮੇਕ ਸ਼ਬਦ ਬਿਬੇਕ ਟੇਕ ਏਕੈ ਉਰ ਆਨੀਐ ॥**

(ਇਸ ਕਰਕੇ ਜੋ ਭੀ) ਦ੍ਰਿਸ਼ਯ (ਰੂਪ ਪਦਾਰਥ) ਧਿਆਨ ਦੀ ਲਿਵ (ਵਿਚ ਆਯਾ ਹੈ, ਉਨਾਂ)ਅਨੇਕਾਂ ਵਿਚ ਇਕ ਮਿਲਿਆ ਹੈ ਅਤੇ ਇਕ ਵਿਚ ਅਨੇਕਾਂ ਮਿਲੇ ਹੋਏ ਧਿਆਨ ਅੰਦਰ ਆਏ ਹਨ ਅਤੇ(ਜੋ ਭੀ) ਸ਼ਬਦ(ਸੁਣਿਆ ਜਾਂਦਾਹੈ ਉਸਦੀ)ਵਿਵੇਕ[ਵੀਚਾਰ] (ਕੀਤੀ ਜਾਂਦੀ ਹੈ) ਤਾਂ ਸਾਰੇ ਸ਼ਬਦਾਂ ਦੀ ਵੀਚਾਰਦੀ ਓਟ ਭੀ ਇਕ ਟਿਕਾਣੇ ਪਰ ਹੀ ਆਉਂਦੀ ਹੈ। (ਅਰਥਾਤ ਜਿਵੇਂ ਦਿਸਣਵਾਲੇ ਪਦਾਰਥਾਂਵਿਚਇਕੋ ਨਜ਼ਰ ਆਉਂਦਾ ਹੈ ਇਵੇਂ ਸੁਣੇ ਜਾਣ ਵਾਲੇ ਸ਼ਬਦਾਂ ਵਿਚ ਭੀ ਇਕੋ ਦੀ ਓਟ ਵਿਚਾਰੀ ਜਾਂਦੀ ਹੈ)।

**ਦ੍ਰਿਸ਼ਟਿ ਦਰਸ ਅਰੁ ਸ਼ਬਦ ਸੁਰਤਿ ਮਿਲਿ ਪੇਖਤਾ ਬਕਤਾ ਸ੍ਰੋਤਾ ਏਕੈ ਪਹਿਚਾਨੀਐ ॥**

ਦ੍ਰਿਸ਼ਟੀ ਤੇ ਦਰਸ਼ਨ ਵਿਚ, ਸ਼ਬਦ ਤੇ ਸੁਰਤ ਵਿਚ ਵੇਖਣ ਵਾਲਾ ਤੇ ਦਿਸਣ ਵਾਲੇ ਵਿਚ, ਸਰੋਤਾ ਤੇ ਵਕਤਾ ਵਿਚ (ਅਰਥਾਤ ਸਾਰੇ ਰੂਪਾਂ ਵਿਚ) ਇਕੋ ਨੂੰ ਹੀ ਪਛਾਣੀਦਾ ਹੈ।

**ਸੂਖਮ ਸਥੂਲ ਮੂਲ ਗੁਪਤ ਪ੍ਰਗਟਿ ਨਟ ਨਟਵਟ ਸਿਮਰਨ ਮੰਤ੍ਰ ਮਨੁ ਮਾਨੀਐ ॥੬੫॥੯੯॥**

(ਜੋ) ਸੂਖਮ ਤੇ ਸਥੂਲ ਦਾ [ਮੂਲ] ਕਾਰਨ ਹੈ, (ਉਹੀ) ਗੁਪਤ ਤੇ ਪ੍ਰਗਟ ਰੂਪ ਠਾਠ (ਬਣਾ ਕੇ) ਨਟੂਏ ਵਾਂਗ (ਸਾਰੇ ਖੇਲ ਕਰ ਰਿਹਾ ਹੈ, ਪਰ ਗੁਰ) ਮੰਤਰ ਦਾ ਸਿਮਰਨ (ਕਰਨ ਕਰਕੇ ਉਸਨੂੰ) ਮਨ ਅੰਦਰ ਮੰਨ ਲਈਦਾ ਹੈ ॥੬੫॥੯੯॥

**ਨਹੀ ਦਦਸਾਰ ਪਿਤਾ ਪਿਤਾਮਾ ਪਰਪਿਤਾਮਾ ਸਜਨੁ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ ॥**

ਦਦਸਾਰ = ਦਾਦਕਾ ਘਰ। ਪਿਤਾਮਾ= ਬਾਬਾ। ਪਰ ਪਿਤਾਮਾ = ਪੜਬਾਬਾ। ਨਨਸਾਰ=ਨਾਨਕਾ ਘਰ। ਪਰਮਾਤਾ = ਨਾਨੀ। ਬ੍ਰਿਧ ਮਾਤਾ = ਪੜਨਾਨੀ। ਮਮੂ= ਮਾਮਾ, ਮਾਂ ਦਾ ਭਰਾ। ਮਾਸੀ=ਮਾਂ ਦੀ ਭੈਣ ਮੌਸਾ=ਨਾਸੜ,ਮਾਸੀ ਦਾ ਪਤੀ। ਸਸਰਾਰ= ਸੌਹਰਾ ਘਰ। ਸਾਰੋ=ਸਾਲਾ, ਵਹੁਟੀ ਦਾ ਭਰਾ। ਸਾਰੀ=ਸਾਲੀ, ਵਹੁਟੀ ਦੀ ਭੈਣ। ਵਿਰਤੀਸਰ = ਪ੍ਰੋਹਤ। ਅਸਨ = ਭੋਜਨ। ਬਸਨ=ਬਸਤ੍ਰ ਕਪੜੇ। ਨਾਤਾ = ਰਿਸ਼ਤਾ, ਸਬੰਧ।

ਦਾਦਕੇ ਘਰ (ਦਾ ਐਸਾ ਸਬੰਧ) ਨਹੀਂ ਹੈ,ਪਿਤਾ ਬਾਬਾ, ਪੜਬਾਬਾ, ਸੱਜਣ ਮਿਤ੍ਰ ਪ੍ਰਵਾਰ ਦੇ ਲੋਕ, ਪੁਤ੍ਰ ਸੰਬੰਧੀ ਤੇ ਭਰਾ [ਦਾ ਪਿਆਰ ਐਸਾ]ਨਹੀਂ ਹੈ।

**ਨਹੀ ਨਨਸਾਰ ਮਾਤਾ ਪਰਮਾਤਾ ਬ੍ਰਿਧਮਾਤਾ ਮਾਮੂ ਮਾਮੀ ਮਾਸੀ ਮੌਸਾ ਬਿਬਿਧਿ ਬਿਖਯਾਤਾ ਹੈ ॥**

ਨਾਨਕੇ ਘਰ (ਦਾ ਭੀ ਕੋਈ) ਨਹੀਂ ਹੈ, ਮਾਂ, ਨਾਨੀ, ਪੜਨਾਨੀ, ਮਾਮਾ, ਮਾਮੀ, ਮਾਸੀ, ਮਾਸੜ, [ਆਦਿਕ] ਅਨੇਕਾਂ [ਸਬੰਧੀ] ਪ੍ਰਗਟ ਹੀ ਹੁੰਦੇ ਹਨ

**ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ ਨਹੀ ਬਿਰਤੀਸੁਰ ਔ ਜਾਚਿਕ ਨ ਦਾਤਾ ਹੈ ॥**

ਸਹੁਰੇ ਘਰ ਦੇ ਭੀ ਨਹੀਂ ਹਨ, ਸਸ, ਸਹੁਰਾ ਤੇ ਸਾਲਾ, ਸਾਲੀ, ਨਾ ਹੀ ਵਿਰਤੀਸੁਰ ਅਤੇ ਨਾ ਕੋਈ ਮੰਗਤਾ ਤੇ ਨਾ ਹੀ ਕੋਈ [ਐਸਾ] ਦਾਤਾ ਹੈ।

**ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ ਜੈਸਾ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ ॥੬੬॥੧੦੦॥**

ਅੰਨ, ਕਪੜੇ, ਧਨ ਤੇ ਘਰ (ਆਦਿਕ) ਕਿਸੇ ਵਿਚ (ਭੀ ਇਸ ਤਰਾਂ ਦਾ ਕੋਈ) ਨਹੀਂ ਦਿਸਦਾ ਹੈ ਜਿਸਤਰਾਂ ਦਾ ਗੁਰਸਿਖਾਂ ਤੇ ਸਾਧ ਸੰਗਤ ਦਾ ਨਾਤਾ (ਰਿਸ਼ਤਾ ਸਬੰਧ) ਹੈ ॥੬੬॥੧੦੦॥

**ਜੈਸੇ ਮਾਤ ਪਿਤਾ ਪਾਲਤ ਅਨੇਕ**

**ਸੁਤ ਅਨਿਕ ਸੁਤਨ ਪੈ ਨ ਤੈਸੇ ਹੋਇ ਆਵਈ ॥**

ਜਿਸ ਤਰਾਂ ਮਾਤਾ ਪਿਤਾ ਅਨੇਕਾਂ ਪੁਤ੍ਰਾਂ ਦੀ ਪ੍ਰਤਿਪਾਲਾ ਕਰਦੇ ਹਨ, ਪਰ ਅਨੇਕਾਂ ਪੁਤ੍ਰਾਂ ਪਾਸੋਂ ਮਾਤਾ-ਪਿਤਾ ਦੀ ਸੇਵਾ ਉਸ ਤਰਾਂ ਦੀ ਨਹੀਂ ਹੋ ਆਉਂਦੀ ਹੈ।

**ਜੈਸੇ ਮਾਤ ਪਿਤਾ ਚਿਤ ਚਾਹਤ ਹੈ ਸੁਤਨ ਕਉ ਤੈਸੇ ਨ ਸੁਤਨ ਚਿਤ ਚਾਹ ਉਪਜਾਵਈ ॥**

ਮਾਤਾ ਪਿਤਾ ਜਿਸ ਤਰਾਂ ਦਾ ਪੁਤ੍ਰਾਂ ਨੂੰ ਚਿਤ ਵਿਚ ਚਾਹੁੰਦੇ ਹਨ, ਉਸ ਤਰਾਂ ਦੀ ਚਾਹ ਮਾਤਾ ਪਿਤਾ ਵਾਸਤੇ ਪੁਤ੍ਰਾਂ ਦੇਚਿੱਤਵਿਚ ਪੈਦਾਨਹੀਂ ਹੁੰਦੀ।

**ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ ਸੁਖ ਦੁਖ ਮੈ ਨ ਤੈਸੇ ਸੁਤ ਠਹਿਰਾਵਈ ॥**

ਜਿਸ ਤਰਾਂ ਦਾ ਮਾਤਾ-ਪਿਤਾ ਨੂੰ ਪੁਤ੍ਰਾਂ ਦੇ ਸੁਖ ਦੁਖ ਕਰਕੇ ਹਰਖ ਤੇ ਸੋਗ ਹੁੰਦਾ ਹੈ, ਪੁਤ੍ਰਾਂ ਦੇ ਚਿਤ ਵਿਚ ਮਾਤਾ-ਪਿਤਾ ਦੇ ਸੁਖ ਦੁਖ ਦਾ ਉਸ ਤਰਾਂ ਦਾ ਖਿਆਲ ਆਉਂਦਾ ਹੀ ਨਹੀਂ ਹੈ।

**ਜੈਸੇ ਮਨ ਬਚ ਕ੍ਰਮ ਸਿਖਨ ਲਡਾਵੈ ਗੁਰ ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ ॥ ੬੭ ॥ ੧੦੧**

ਜਿਸ ਤਰਾਂ ਨਾਲ ਗੁਰੂ ਮ.ਨ,ਬਾਣੀ,ਸਰੀਰ ਕਰਕੇ ਸਿਖਾਂ ਨਾਲ ਲਾਡ-ਪਿਆਰ ਕਰਦਾ ਹੈ, ਉਸ ਤਰਾਂ ਦੇ ਪਿਆਰ ਨਾਲ ਗੁਰੂ ਦੀ ਸੇਵਾ ਸਿਖਾਂ ਕੋਲੋਂ ਨਹੀਂ ਹੋ ਆਉਂਦੀ ॥੬੭॥੧੦੧॥

**ਜੈਸੇ ਕਛਪ ਧਰਿ ਧਿਆਨ ਸਾਵਧਾਨ ਕਰੈ ਤੈਸੇ ਮਾਤ ਪਿਤਾ ਪ੍ਰੀਤਿ ਸੁਤੁ ਨ ਲਗਾਵਈ ॥**

ਕੱਛਪ = ਕੱਛੂ ਕੁੰਮਾ, ਕਛੂ ਕੁੰਮੀ। ਧਰਿ ਧਿਆਨ=ਚਿਤ ਵਿਚ ਧਿਆਨ ਰਖ ਕੇ। ਕਛੂ ਕੁੰਮੀ ਬਰੇਤੇ ਵਿਚ ਬਚੇ ਦੇ ਕੇ ਆਪ ਪਾਣੀ ਵਿਚ ਚਲੀ ਜਾਂਦੀ ਹੈ ਅਤੇ ਅਪਨੇ ਚਿਤ ਵਿਚ ਬਚਿਆਂ ਦਾ ਧਿਆਨ ਰਖਦੀ ਹੈ, ਜੋ ਮੇਰੇ ਏਨੇ ਬਚੇ ਹਨ, ਉਸਦੇ ਧਿਆਨ ਨਾਲ ਹੀ ਬਚੇ ਪਲਦੇ ਹਨ।

ਜਿਸਤਰਾਂ ਕਛੂ ਕੁੰਮੀ ਧਿਆਨ ਧਰਕੇ (ਅਪਣੇ ਪੁਤ੍ਰ ਨੂੰ)ਤਿਆਰ ਬਰ ਤਿਆਰ ਕਰਦੀ ਹੈ, ਉਸਤਰਾਂ ਦੀ ਪ੍ਰੀਤੀ ਮਾਤਾ ਪਿਤਾ ਨਾਲ ਪੁਤ੍ਰ ਨਹੀਂ ਲਗਾਂਦਾਹੈ

**ਜੈਸੇ ਸਿਮਰਨ ਕਰਿ ਕੂੰਜ ਪਰਪੱਕ ਕਰੈ ਤੈਸੋ ਸਿਮਰਨੁ ਸੁਤ ਪੈ ਨ ਬਨਿ ਆਵਈ ॥**

ਜਿਸ ਤਰਾਂ ਦਾ ਕੂੰਜ ਬਚੇ ਦਾ ਸਿਮਰਨ ਕਰਕੇ ਬੱਚੇ ਨੂੰ ਪਾਲ ਲੈਂਦੀ ਹੈ ਉਸ ਤਰਾਂ ਦਾ ਮਾਪਿਆਂ ਦਾ ਸਿਮਰਨ ਪੁਤ੍ਰ ਪਾਸੋਂ ਨਹੀਂ ਹੋ ਆਉਂਦਾ ਹੈ।

**ਜੈਸੇ ਗਊ ਬਛਰਾ ਕੋ ਦੁਗਧੁ ਪੀਆਇ ਪੋਖੈ ਤੈਸੇ ਬਛਰਾ ਨ ਗਊ ਪ੍ਰੀਤਿ ਹਿਤੁ ਲਾਵਈ ॥**

ਜਿਸਤਰਾਂ ਗਊ ਦੁਧ ਪਿਆ ਪਿਆ ਕੇ ਵਛੇ ਦੀ ਪਾਲਣਾ ਕਰਦੀ ਹੈ,ਉਸਤਰਾਂ ਦੀ ਗਊ ਨਾਲ ਪ੍ਰੀਤੀ ਦੇ ਹਿਤ ਵਿਚ ਵੱਛਾ ਦਿਲ ਨਹੀਂ ਲਾਂਦਾ ਹੈ।

**ਜੈਸੇ ਗਿਆਨ ਧਿਆਨ ਸਿਮਰਨ ਗੁਰ ਸਿਖ ਪ੍ਰੀਤਿ ਤੈਸੇ ਕੈਸੇ ਸਿਖੁ ਗੁਰ ਸੇਵਾ ਠਹਿਰਾਵਈ ॥ ੬੮ ॥ ੧੦੨ ॥**

ਜਿਸ ਤਰਾਂ ਦਾ ਗਿਆਨ (ਸਿਖਾਲਣ), ਧਿਆਨ (ਲਾਉਣ) ਤੇ ਸਿਮਰਨ (ਕਰਨ ਦੀ ਜਾਚ) ਗੁਰੂ ਪ੍ਰੀਤੀ ਨਾਲ ਸਿਖ (ਨੂੰ ਦਸਦਾ ਹੈ) ਉਸ ਤਰਾਂ ਦੀ (ਪ੍ਰੀਤੀ ਨਾਲ) ਸੇਵਾ ਕਰਨ ਵਿਚ ਸਿਖ ਕਿਸ ਤਰਾਂ ਠਹਿਰ ਸਕਦਾ ਹੈ ? ॥੬੮॥੧੦੨॥

**ਜੈਸੇ ਮਾਤ ਪਿਤਾ ਕੇਰੀ ਸੇਵਾ ਸਰਵਨ ਕੀਨੀ ਸਿਖ ਬਿਰਲੋਈ ਗੁਰ**

**ਸੇਵਾ ਠਹਿਰਾਵਈ॥**

ਜਿਸ ਤਰਾਂ ਨਾਲ (ਅੰਨ੍ਹੇ)ਮਾਤਾ ਪਿਤਾ ਦੀ ਸੇਵਾ ਸਰਵਣ ਨੇ ਕੀਤੀ ਸੀ, (ਉਸ ਤਰਾਂ ਨਾਲ)ਗੁਰੂ ਦੀ ਸੇਵਾ ਕਰਨ ਵਿਚ ਕੋਈ ਵਿਰਲਾ ਸਿਖ ਹੀ ਠਹਿਰ ਸਕਦਾ ਹੈ।

**ਜੈਸੇ ਲਛਮਨ ਰਘੁਪਤ ਭਾਇ ਭਗਤਿ ਮੈ ਕੋਟਿ ਮਧੇ ਕਾਹੂ ਗੁਰਭਾਈ ਬਨਿ ਆਵਈ॥**

ਜਿਸ ਤਰਾਂ ਨਾਲ ਲਛਮਣ ਨੇ ਸ੍ਰੀ ਰਾਮਚੰਦ੍ਰ ਜੀ ਦੀ ਪ੍ਰੇਮਾ ਭਗਤੀ 'ਚ (ਉਮਰ ਗੁਜ਼ਾਰੀ, ਉਸ ਤਰਾਂ) ਦੀ ਪ੍ਰੇਮਾ ਭਗਤੀ) ਕਰੋੜਾਂ ਵਿਚੋਂ ਕਿਸੇ ਵਿਰਲੇ ਗੁਰਭਾਈਆਂ ਵਿਚ ਬਣ ਆਈ ਹੈ।

**ਜੈਸੇ ਜਲ ਬਰਨ ਬਰਨ ਸਰਬੰਗ ਰੰਗ ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਈ॥**

ਜਿਸ ਤਰਾਂ ਨਾਲ ਪਾਣੀ ਰੰਗਾਂ ਰੰਗਾਂ (ਨਾਲ ਮਿਲਕੇ) ਸਾਰੇ ਰੰਗ (ਹੋਕੇ) ਰੰਗਿਆ (ਜਾਂਦਾ ਹੈ, ਕੋਈ) ਵਿਰਲਾ ਵਿਚਾਰਵਾਨ (ਹੀ ਉਸ ਤਰਾਂ ਨਾਲ ਸਾਧ ਸੰਗਤ ਵਿਚ ਸਮਾਉਂਦਾ ਹੈ।

**ਗੁਰ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ ਪੂਰਨ ਕ੍ਰਿਪਾ ਕੈ ਕਾਹੂ ਅਲਖ ਲਖਾਵਈ॥ ੬੯॥ ੧੦੩॥**

(ਇਸ ਤਰਾਂ ਦੇ ਪ੍ਰੇਮ ਸਪੰਨ ਹੋਕੇ ਜੀਵ) ਗੁਰ ਸਿਖ ਦੀ ਸੰਧੀ ਵਿਚ 'ਮਿਲੇ ਤਾਂ (ਬੀਸ) ਲੋਕ [ਇਕ-ਈਸ] ਪ੍ਰਲੋਕ ਵਿਚ ਪੂਰਨ ਈਸ [ਜੀਵਨ ਮੁਕਤ] (ਹੋ ਜਾਂਦਾ ਹੈ, ਪਰ ਗੁਰੂ) ਕ੍ਰਿਪਾ ਕਰਕੇ ਕਿਸੇ ਵਿਰਲੇ ਨੂੰ ਹੀ ਇਹ (ਅਲਖ) ਅਵਸਥਾ ਲਖਾਉਂਦਾ ਹੈ॥ ੬੯॥ ੧੦੩॥

**ਲੋਚਨ ਧਿਆਨ ਸਮ ਲੋਸਟ ਕਨਿਕ ਤਾਕੈ ਸ੍ਰਵਨ ਉਸਤਤਿ ਨਿੰਦਾਸਮਸਰਿ ਜਾਨੀਐ॥**

ਉਸ ਦੀਆਂ ਅੱਖਾਂ ਦੇ ਧਿਆਨ ਵਿਚ ਲੋਹਾ ਤੇ ਸੋਨਾ ਸਮਾਨ ਹੈ, ਨਿੰਦਾ-ਉਸਤਤਿ (ਦੇ ਸ਼ਬਦਾਂ ਨੂੰ) ਸਮਾਨ ਜਾਣ ਕੇ ਕੰਨਾਂ ਨਾਲ ਸੁਣਦਾ ਹੈ।

**ਨਾਸਕਾ ਸੁਗੰਧ ਬਿਰਗੰਧ ਸਮ ਤੁਲਿ ਤਾਕੈ ਰਿਦੈ ਮਿਤ੍ਰ ਸਤ੍ਰ ਸਮਸਰਿ ਉਨਿਮਾਨੀਐ॥**

ਸੁਗੰਧੀ ਤੇ ਦੁਰਗੰਧੀ ਨੂੰ ਇਕ ਸਮਾਨ ਸਮਝਕੇ ਨੱਕ (ਸੁੰਘਦਾ ਹੈ), ਉਹ (ਆਪਣੇ) ਹਿਰਦੇ ਵਿਚ ਦੁਸ਼ਮਨ ਤੇ ਸਜਣ ਨੂੰ ਇਕ ਸਮਾਨ ਹੀਵਿਚਾਰਦਾਹੈ

**ਰਸਨ ਸੁਆਦ ਬਿਖੁ ਅੰਮ੍ਰਿਤੁ ਸਮਾਨਿ ਤਾਕੈ ਕਰਿ ਸਪਰਸ਼ ਜਲ ਅਗਨਿ ਸਮਾਨੀਐ॥**

ਉਸਦੀ ਜੀਭ ਵਿਚ ਕੌੜਾ ਤੇ ਮਿਠਾ ਸਵਾਦ ਇਕ ਸਮਾਨ ਹੈ, ਹੱਥਾਂ ਨੂੰ ਅੱਗ ਪਾਣੀ ਦਾ ਸਪਰਸ਼ ਇਕੋ ਜੇਹਾ ਲਗਦਾ ਹੈ।

**ਦੁਖ ਸੁਖ ਸਮਸਰਿ ਬਿਆਪੇ ਨ ਹਰਖ ਸੋਗੁ ਜੀਵਨ ਮੁਕਤਿ ਗਤਿ ਸਤਿਗੁਰ ਗਜ਼ਾਨੀਐ॥ ੭੦॥ ੧੦੪॥**

ਦੁਖ ਸੁਖ ਇਕੋ ਜੇਹਾ ਜਾਣਕੇ ਹਰਖ-ਸੋਗ ਨਹੀਂ ਵਿਆਪਦਾ ਹੈ, (ਇਸ ਤਰਾਂ ਦੀ) ਗਤੀ ਵਾਲਾ, ਜੀਵਨ ਮੁਕਤ ਸਤਿਗੁਰ ਗਿਆਨੀ ਹੈ।੭੦॥੧੦੪।

ਭਾਵ–ਸਤਿਗੁਰੂ ਗਿਆਨੀ ਦੇ ਲਛਣ ਦਸੇ ਹਨ, ਜਿਸ ਵਿਚ ਏਹ ਲਛਣ ਘਟਦੇ ਹਨ, ਓਹੋ ਜੀਵਨ ਮੁਕਤ ਹੈ ਤੇ ਓਹੋ ਹੀ ਸਤਿਗੁਰੂ ਗਿਆਨੀ ਹੈ।

**ਚਰਨ ਸ਼ਰਨਿ ਗਹੇ ਨਿਜ ਘਰ ਮੈ ਨਿਵਾਸ ਆਸਾ ਮਨਸਾ ਥਕਤਿ ਅਨਤ ਨ ਧਾਵਈ॥**

(ਜਿਸਨੇ ਸਤਿਗੁਰੂ ਜੀ ਦੇ) ਚਰਣ ਸ਼ਰਨ ਫੜੇ ਹਨ, (ਉਸਦਾ) ਆਪਣੇ ਘਰ [ਆਤਮ ਸਰੂਪ]ਵਿਚ ਨਿਵਾਸ (ਹੋ ਗਿਆ ਹੈ, ਮਨ ਵਿਚੋਂ] ਆਸਾਤ੍ਰਿਸ਼ਨਾ ਥੱਕ ਗਈ ਹੈ, (ਇਸ ਕਰਕੇ ਮਨ) ਹੋਰ ਕਿਤ

ਨਹੀਂ ਜਾਂਦਾ।

**ਦਰਸ਼ਨ ਮਾਤ੍ਰ ਆਨ ਧਿਆਨ ਸੈ ਰਹਤ ਹੋਇ ਸਿਮਰਨ ਆਨ ਸਿਮਰਨੁ ਬਿਸਰਾਵਈ ॥**

ਕੇਵਲ (ਗੁਰੂ ਜੀ ਦਾ) ਦਰਸ਼ਨ (ਕਰਦਾ ਹੈ) ਹੋਰਨਾਂ ਧਿਆਨਾ ਤੋਂ ਰਹਿਤ ਹੋ ਗਿਆ ਹੈ. (ਗੁਰ ਮੰਤ੍ਰ ਦਾ) ਸਿਮਰਨ(ਕਰਦਾ ਹੈ, ਇਸ ਕਰਕੇ) ਹੋਰ ਸਾਰੇ ਸਿਮਰਣ ਭੁਲ ਗਏ ਹਨ।

**ਸ਼ਬਦ ਸੁਰਤਿ ਮੋਨ ਬ੍ਰਤ ਕਉ ਪ੍ਰਾਪਤਿ ਹੋਇ ਪ੍ਰੇਮ ਰਸ ਅਕਥ ਕਥਾ ਨ ਕਹਿ ਆਵਈ ॥**

(ਗੁਰ)ਸ਼ਬਦ ਵਿਚ ਸੁਰਤ ਦੇ(ਲੱਗ ਜਾਣਕਰਕੇ ਹੋਰਨਾਂ ਸ਼ਬਦਾਂ ਵਲੋਂ) ਮੋਨ ਬ੍ਰਤ ਪ੍ਰਾਪਤ ਹੋ ਗਿਆ ਹੈ। (ਇਸ ਤਰਾਂ ਦੇ ਪ੍ਰੇਮ ਰਸ ਵਾਲੇ ਦੀ ਕਥਾ ਅਕਥ ਹੈ (ਜੋ) ਕਹਿਣ ਵਿਚ ਨਹੀਂ ਆਉਂਦੀ ਹੈ।

**ਕਿੰਚਤ ਕਟਾਛ ਕ੍ਰਿਪਾ ਪਰਮ ਨਿਧਾਨ ਦਾਨ ਪਰਮਦਭੁਤ ਗਤਿਅਤਿ ਬਿਸਮਾਵਈ ॥ ੭੧ ॥ ੧੦੫ ॥**

(ਸਤਿਗੁਰੂ ਜੀ ਦੀ) ਰਤੀ ਭਰ ਜਿੰਨੀ ਕ੍ਰਿਪਾ ਕਟਾਛਜ ਪਰਮ ਭੰਡਾਰੇ ਬਖਸ਼ ਦੇਂਦੀ ਹੈ, (ਜਿਸ ਕਰਕੇ ਉਸਦੀ) ਪਰਮ ਅਦਭੁਤ ਗਤੀ,ਵਡਾ ਹੈਰਾਨ ਕਰਨ ਵਾਲੀ ਹੈ ॥ ੭੧ ॥ ੧੦੫ ॥

**ਸ਼ਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ ਬਰਤੈ ਬਰਤਮਾਨਿ ਗੁਰ ਉਪਦੇਸ਼ ਕੈ ॥**

(ਜੋ ਗੁਰ) ਸ਼ਬਦ ਵਿਚ ਸੁਰਤੀ (ਜੋੜਕੇ) ਆਪਾ ਭਾਵ ਨਾਸ ਕਰਕੇ ਗੁਰੂ ਦਾ ਦਾਸ ਹੋਇਆਹੈ,(ਉਹ) ਗੁਰ ਉਪਦੇਸ਼ ਕਰਕੇ ਵਰਤਮਾਨ (ਸੰਸਾਰ ਵਿਚ) ਵਰਤਦਾ ਹੈ। (ਅਰਥਾਤ)=

**ਹੋਨਹਾਰੁ ਹੋਇ ਜੋਈ ਜੋਈ ਸੋਈ ਸੋਈ ਭਲੋ ਪੂਰਨ ਬ੍ਰਹਮ ਗਿਆਨ ਧਿਆਨ ਪਰਵੇਸ਼ ਕੈ ॥**

ਹੋਣਹਾਰ ਨਾਲ ਜੋ ਜੋ ਕੁਝ ਹੁੰਦਾ ਹੈ,(ਉਹ ਉਸ ਨੂੰ) ਭਲਾ ਕਰਕੇ ਮੰਨਦਾ ਹੈ ਅਤੇ ਪੂਰਨ ਬ੍ਰਹਮ ਦੇ ਗਿਆਨ ਧਿਆਨ ਵਿਚ ਪ੍ਰਵੇਸ਼ ਰਖਦਾ ਹੈ।

**ਨਾਮ ਨਿਹਕਾਮ ਧਾਮ ਸਹਜ ਸੁਭਾਇ ਚਾਇ ਪ੍ਰੇਮ ਰਸ ਰਸਿਕ ਹੁਇ ਅੰਮ੍ਰਿਤ ਅਵੇਸ਼ ਕੈ ॥।**

(ਜਿਸ ਧਾਮ ਦਾ) ਨਾਮ 'ਨਿਹਕਾਮ' ਹੈ, ਸਹਜ ਸੁਭਾਵ ਹੀ ਚਾਉ(ਨਾਲ ਉਸ ਕਿਚ ਨਿਵਾਸ ਕਰਦਾ ਹੈ ਅਤੇ) ਪ੍ਰੇਮ ਰਸ ਦਾ ਰਸੀਆ ਹੋਕੇ (ਅੰਮ੍ਰਿਤ) ਮੁਕਤੀ ਵਿਚ ਪ੍ਰਵੇਸ਼ (ਕਰ ਲੈਂਦਾ ਹੈ)

**ਸਤਿ ਰੂਪ ਸਤਿ ਨਾਮੁ ਸਤਿਗੁਰ ਗਿਆਨ ਧਿਆਨੁ ਪੂਰਨ ਸਰਬ ਮਈ ਆਦਿ ਕਉ ਅਦੇਸ਼ ਕੈ॥੭੨॥੧੦੬॥**

(ਜਿਸ ਦਾ)ਰੂਪ ਸੱਤ ਹੈ, ਨਾਮ ਸੱਤ ਹੈ,ਸਤਿਗੁਰੂ ਦੇ ਗਿਆਨ ਧਿਆਨ (ਦੁਆਰੇ ਉਸ) ਆਦਿ (ਪੁਰਖ) ਨੂੰ ਹੀ ਸਾਰੇ ਰੂਪਾਂ ਵਿਚ ਪੂਰਨ ਜਾਣ ਕਰਕੇ ਨਮਸ-ਕਾਰ ਕਰਦਾ ਹੈ ॥ ੭੨ ॥ ੧੦੬ ॥

**ਸ਼ਬਦ ਸੁਰਤਿ ਆਪਾ ਖੋਇ ਗੁਰ ਦਾਸੁ ਹੋਇ ਬਾਲ ਬੁਧਿ ਸੁਧਿ ਨ ਕਰਤ ਮੋਹ ਦ੍ਰੋਹ ਕੀ ॥**

(ਜਿਸ ਨੇ ਗੁਰ) ਸ਼ਬਦ ਵਿਚ ਸੁਰਤੀ(ਜੋੜੀ ਤੇ) ਆਪਾ ਭਾਵ ਖੋਇਆ ਹੈ, (ਉਹ) ਗੁਰੂ ਦਾ ਦਾਸ ਹੋਇਆ ਹੈ, (ਉਸਦੀ) ਬਾਲ ਵਰਗੀ ਬੁਧੀ ਹੈ, (ਜੋ) ਮੋਹ ਤੇ [ਦ੍ਰੋਹ] ਛਲ ਦੀ ਸੁਧ [ਖਬਰ] ਨਹੀਂ ਰਖਦਾ ਹੈ।

**ਸ੍ਰਵਨ ਉਸਤਤਿ ਨਿੰਦਾ ਸਮਤੁ ਸੁਰਤ ਲਿਵ ਲੋਚਨ ਧਿਆਨ ਲਿਵ ਕੰਚਨ ਅਉ ਲੋਹ ਕੀ ॥**

ਉਸਤਤਿ ਨਿੰਦਾ ਦੇ ਬਚਨਾਂ ਨੂੰ ਸੁਣ ਕੇ ਇਕ ਸਮਾਨ [ਤੁਲ] ਵਿਚਾਰਦਾ ਹੈ ਅਤੇ ਅਖਾਂ ਦੀ ਲਿਵ ਲੋਹੇ ਅਤੇ ਸੋਨੇ ਨੂੰ ਸਮਾਨ ਕਰਕੇ [ਧਿਆਨ] ਵੇਖਦੀ ਹੈ।

**ਨਾਸਕਾ ਸੁਗੰਧ ਬਿਰਗੰਧਿ ਸਮਸਰਿ ਤਾਕੈ ਜਿਹਬਾ ਸਮਾਨਿ ਬਿਖੁ ਅੰਮ੍ਰਿਤੁ ਨ ਬੋਹ ਕੀ ॥**

ਨ ਸਾਂ ਕਰਕੇ ਸੁਗੰਧੀ ਅਤੇ ਦੁਰਗੰਧੀ ਉਸ ਦੇ ਵਾਸਤੇ ਸਮਾਨ ਹੈ ਤੇ ਜੀਭ ਨਾਲ ਜ਼ਹਿਰ ਤੇ ਅੰਮ੍ਰਿਤ ਨੂੰ ਸਮਾਨ ਕਰਕੇ (ਜਾਣਦਾ ਹੈ, ਦਵੈਤ ਦੀ) ਬੋ (ਉਸ ਵਿਚ) ਨਹੀਂ ਹੈ।

**ਕਰ ਚਰ ਕਰਮ ਅਕਰਮ ਅਪਥ ਪਥ ਕਿਰਤਿ ਬਿਰਤਿ ਸਮ ਉਕਤਿ ਨ ਟੋਹ ਕੀ ॥ ੭੩ ॥ ੧੦੭ ॥**

ਹਥਾਂ ਪੈਰਾਂ (ਵਾਸਤੇ) ਕਰਮ ਤੇ ਅਕਰਮ, ਅਪਥ ਤੇ ਪਥ, ਕਿਰਤ ਤੇ ਬਿਰਤਿ (ਆਦਿਕ ਸਭਨਾਂ) ਨੂੰ ਇਕ ਸਮਾਨ ਜਾਣਦਾ ਹੈ ਅਤੇ ਟੋਹ (ਲਾਣ ਵਾਲੀ) [ਉਕਤਿ] ਚਤੁਰਾਈ ਨਹੀਂ ਕਰਦਾ (ਅਰਥਾਤ ਉਸਦੀ ਦਲੀਲ ਵਿਚ ਕੋਈ ਕਰਮ ਚੰਗਾ ਨਹੀਂ ਤੇ ਨਾਂ ਹੀ ਕਿਸੇ ਨਾਲ ਘਟਦਾ ਹੈ, (ਇਤਾਦਿਕ ਗਲਾਂ ਦਾ) ਕਿਆਸ ਕਰਨ ਵਾਲੀ ਉਸ ਦੀ ਬੁੱਧੀ ਨਹੀਂ ਹੈ ॥੭੩॥੧੦੭॥

**ਸ਼ਬਦ ਸੁਰਤਿ ਆਪਾ ਖੋਇ ਗੁਰਦਾਸੁ ਹੋਇ ਸਰਬ ਮੈ ਪੂਰਨ ਬ੍ਰਹਮ ਕਰਿ ਮਾਨੀਐ ॥**

(ਜੋ ਗੁਰ) ਸ਼ਬਦ ਵਿਚ ਸੁਰਤੀ (ਜੋੜ ਕੇ) ਆਪਾ ਭਾਵ ਨਾਸ ਕਰਕੇ ਗੁਰੂ ਦਾ ਦਾਸ ਹੋਇਆ ਹੈ (ਉਹ) ਸਾਰੇ ਰੂਪਾਂ ਨੂੰ ਪੂਰਨ ਬ੍ਰਹਮ ਕਰਕੇ ਹੀ ਜਾਣਦਾ ਹੈ।

**ਕਾਸਟਿ ਅਗਨਿ ਮਾਲਾ ਸੂਤ੍ਰ ਗੋਰਸ ਗੋਬੰਧ ਏਕ ਅਉ ਅਨੇਕ ਕੋ ਬਿਬੇਕੁ ਪਹਿਚਾਨੀਐ ॥**

(ਜਿਵੇਂ ਅਨੇਕਾਂ ਤਰਾਂ ਦੀਆਂ) ਲਕੜਾਂ ਵਿਚ ਅਗ (ਇਕੋ ਹੈ, ਜਿਵੇਂ) ਮਾਲਾ (ਦੇ ਅਨੇਕ ਮਣਕਿਆਂ ਰੂਪ ਗੰਢਾਂ ਵਿਚ ਇਕੋ) ਸੂਤ੍ਰ (ਹੈ, ਜਿਵੇਂ ਅਨੇਕ ਰੰਗਾਂ ਦੀਆਂ) [ਗੋਬੰਸ] ਗਊਆਂ ਵਿਚ [ਗੋਰਸ] ਦੁਧ (ਇਕੋ ਰੰਗ ਵਾਲਾ ਹੈ, ਇਸੇ ਤਰਾਂ) ਇਕ ਅਤੇ ਅਨੇਕ ਦੇ ਵਿਵੇਕ ਨੂੰ (ਉਸਨੇ) ਪਛਾਣ ਲਿਆ ਹੈ।

**ਲੋਚਨ ਸ੍ਰਵਨ ਮੁਖ ਨਾਸਕਾ ਅਨੇਕ ਸੋਤ੍ਰ ਦੇਖੈ ਸੁਨੈ ਬੋਲੈ ਮਨ ਮੇਕ ਉਰ ਆਨੀਐ ॥**

(ਜਿਵੇਂ) ਅਖਾਂ, ਕੰਨ, ਮੂੰਹ ਤੇ ਨਾਸਾਂ (ਆਦਿਕ) ਅਨੇਕਾਂ [ਸੋਤ੍ਰ] ਇੰਦਰੇ ਹਨ ਪਰ ਇਨਾਂ ਸਭਨਾਂ ਵਿਚ ਇਕੋ ਮਨ ਹੀ ਵੇਖਦਾ ਹੈ, ਸੁਣਦਾ ਹੈ, ਬੋਲਦਾ ਹੈ ਤੇ ਸੁੰਘਨ ਵਾਲਾ ਸਮਝਿਆ ਜਾਂਦਾ ਹੈ।

**ਗੁਰ ਸਿਖ ਸੰਧਿ ਮਿਲੇ ਸੋਹੰ ਸੋਈ ਓਤਿਪੋਤਿ ਜੋਤੀ ਜੋਤਿ ਮਿਲਿਤ ਜੋਤੀ ਸਰੂਪ ਜਾਨੀਐ ॥ ੭੪ ॥ ੧੦੮ ॥**

ਗੁਰੂ ਤੇ ਸਿਖ ਦੀ ਸੰਧੀ ਮਿਲ ਜਾਣ ਕਰ ਕੇ 'ਸੋਹੰ' ਉਹ ਆਤਮਾਂ ਹੀ ਮੈਂ ਹਾਂ (ਇਹ ਨਿਸਚਾ ਹੋ ਜਾਂਦਾ ਹੈ) ਤਾਣੇ ਪੇਟੇ (ਦੇ ਇਕੋ ਸੂਤ੍ਰ ਵਾਂਗ) ਓਹੀ ਮੈਂ ਹਾਂ ਤੇ ਮੈਂ ਹੀ ਓਹ ਹਾਂ (ਇਉਂ) ਜੋਤੀ [ਪ੍ਰਮਾਤਮਾਂ] ਨਾਲ ਜੋਤਿ (ਜੀਵ) ਦੇ ਮਿਲਦਿਆਂ (ਹੀ ਜੀਵ ਆਪ ਨੂੰ) ਜੋਤੀ ਸਰੂਪ ਜਾਣ ਲੈਂਦਾ ਹੈ ॥੭੪॥੧੦੮॥

**ਗਾਂਡਾ ਮੈ ਮਿਠਾਸੁ ਤਾਸੁ ਛਿਲਕਾ ਨ ਲੀਓ ਜਾਇ ਦਾਰਮ ਅਉ ਦਾਖ ਬਿਖੈ ਬੀਜ ਗਹਿਡਾਰੀਐ ॥**

ਗਾਂਡਾ=ਗੰਨਾ, ਕਮਾਦ। ਦਾਰਮ=ਅਨਾਰ। ਦਾਖ=ਅੰਗੂਰ। ਗਹਿ=ਫੜ ਕੇ ਕੱਢ ਕੇ। ਮਾਂਝ=ਵਿਚ। ਗੁਠਲੀ=ਗਿਟਕ।ਕਲੀਦਾ= ਤਰਬੂਜ, ਹਦਵਾਣਾ। ਸਜਲ = ਪਾਨੀ ਸ਼ਹਿਦ। ਗੰਨੇ ਵਿਚਮਿਠਾਸਹੈ,(ਪਰ)ਉਸਦਾਛਿਲੜ

ਨਹੀਂ ਲਿਆ ਜਾਂਦਾ ਅਤੇ ਅਨਾਰ ਤੇ ਅੰਗੂਰ ਵਿਚੋਂ ਬੀਜ ਕੱਢਕੇ ਸੁਟ ਦੇਈਦਾ ਹੈ।

**ਆਂਬ ਖਿਰਨੀ ਛੁਹਾਰਾ ਮਾਂਝ ਗੁਠਲੀਕਠੋਰ ਖਰਬੂਜਾ ਅਉ ਕਲੀਦਾ ਸਜਲ ਬਿਕਾਰੀਐ॥**

ਅੰਬ, ਖਿਰਨੀ ਤੇ ਛੁਹਾਰੇ (ਭੀ ਮਿਠੇ ਹਨ, ਪਰ ਉਨ੍ਹਾਂ) ਵਿਚ ਗਿਟਕ ਕਰੜੀ (ਹੁੰਦੀ ਹੈ,) ਖਰਬੂਜਾ ਤੇ ਹਦਵਾਨਾ (ਭੀ ਮਿਠੇ ਹਨ, ਪਰ ਕੁਝ ਸਮਾ ਰਖ ਛਡੀਏਤਾਂ)ਪਾਣੀ ਵਾਲੇ(ਹੋਕੇ)ਖਰਾਬ ਹੋ ਜਾਂਦੇ ਹਨ।

**ਮਧੁ ਮਾਖੀ ਮੈ ਮਲੀਨ ਸਮੈ ਪਾਇ ਸਫਲ ਹੁਇ ਰਸ ਬਸਿ ਭਏ ਨਹੀ ਤ੍ਰਿਸਨਾ ਨਿਵਾਰੀਐ॥**

ਸ਼ਹਿਦ (ਭੀ ਮਿਠਾ ਹੈ,ਪਰ ਉਸ)ਵਿਚ ਮਖੀ ਦੀ ਗੰਦਗੀ (ਹੁੰਦੀ ਹੈ, ਜੋ) ਸਮਾ ਪਾਕੇ ਸਫਲ ਹੁੰਦਾ ਹੈ, (ਅਰਥਾਤ ਤਾਜ਼ਾ ਸ਼ਹਿਦ ਖਾਣ ਦੇ ਜੋਗ ਨਹੀਂ ਮਖੀ ਦੀ ਹਗੇਰ ਸ਼ਹਿਦ ਵਿਚ ਮਿਲੀ ਹੋਣ ਕਰਕੇ ਵਿਕਾਰੀ ਹੁੰਦਾ ਹੈ, ਕੁਝ ਚਿਰ ਸ਼ਹਿਦ ਰਖ ਛਡੀਏ ਤਾਂ ਖਾਣ ਦੇ ਜੋਗ ਹੋ ਜਾਂਦਾ ਹੈ, ਪਰ ਫੇਰ ਭੀ ਜੇਹੜੇ ਲੋਕ) ਸਵਾਦ ਦੇ ਵੱਸ ਹੋਏ ਹੋਏ ਹਨ, (ਇਹ ਪਦਾਰਥ ਉਨ੍ਹਾਂ ਦੀ ਤ੍ਰਿਸ਼ਨਾ ਨਹੀਂ ਮਿਟਾਉਂਦੇ ਹਨ (ਭਾਵ ਇਨ੍ਹਾਂ ਮਿਠੀਆਂ ਚੀਜ਼ਾਂ ਖਾਣ ਵਾਲੇ, ਭਾਵੇਂ ਇਨ੍ਹਾਂ ਨੂੰ ਖਾਕੇ ਰੋਗੀ ਹੋ ਜਾਣ, ਤਦ ਭੀ ਇਨ੍ਹਾਂ ਵਲੋਂ ਤ੍ਰਿਪਤ ਨਹੀਂ ਹੁੰਦੇ ਹਨ, ਇਨ੍ਹਾਂ ਦੇ ਖਾਣ ਦੀ ਚਾਹ ਰੋਜ਼ ਦੀ ਰੋਜ਼ ਵਧਦੀ ਜਾਂਦੀ ਹੈ)।

**ਸ੍ਰੀ ਗੁਰ ਸ਼ਬਦ ਰਸ ਅੰਮ੍ਰਿਤ ਨਿਧਾਨ ਪਾਨ ਗੁਰਸਿਖ ਸਾਧ ਸੰਗਿ ਜਨਮੁ ਸਵਾਰੀਐ॥ ੭੫ ॥ ੧੦੯ ॥**

ਸ੍ਰੀ ਗੁਰੂ ਜੀ ਦੇ ਸ਼ਬਦ ਦਾ ਰਸ ਅਮ੍ਰਿਤ ਦਾ ਨਿਸ਼ਾਨ ਹੈ, ਸਾਧ ਸੰਗਤ ਵਿਚੋਂ (ਇਸ ਸ਼ਬਦ ਰਸ ਨੂੰ) ਪਾਨ (ਕਰਕੇ) ਗੁਰਸਿਖ(ਨੂੰ ਆਪਣਾ ਮਨੁਖਾ) ਜਨਮ ਸਵਾਰ ਲਿਆ ਹੈ॥ ੭੫ ॥ ੧੦੯ ॥

ਭਾਵ—ਜਿਤਨੇ ਭੀ ਮਿਠੇ ਪਦਾਰਥ ਹਨ, ਉਨ੍ਹਾਂ ਸਭਨਾਂ ਨਾਲੋਂ ਗੁਰ ਸ਼ਬਦ ਰਸ ਮਿਠਾ ਹੈ,ਨਿਰਾਮਿਠਾ ਹੀ ਨਹੀਂ ਸਗੋਂ ਅਮ੍ਰਿਤ ਦਾ ਨਿਧਾਨ ਹੈ, ਤਦੇ ਤਾਂ ਭਗਤ ਜੀ ਨੇ ਕਿਹਾ ਹੈ –

ਫਰੀਦਾ! ਸਕਰ ਖੰਡ ਨਿਵਾਤ ਗੁੜ
ਮਾਖਿਉ ਮਾਝਾ ਦੁਧ। ਸਭੇ ਵਸਤੂ
ਮਿਠੀਆ ਰਬ ਨ ਪੁਜਨਿ ਤੁਧ।

ਫਿਰ ਉਨਾਂ ਪਦਾਰਥਾਂ ਨੂੰ ਖਾਂਦਿਆਂ ਤ੍ਰਿਸ਼ਨਾਂ ਮਿਟਦੀ ਨਹੀਂ ਹੈ, ਸਗੋਂ ਤ੍ਰਿਸ਼ਨਾਂ ਵਧਦੀ ਹੀਵਧਦੀ ਹੈ, ਜਿਉਂ ਜਿਉਂ ਉਨਾਂ ਦਾ ਸੇਵਨ ਕਰੋ, ਅੰਤ ਨੂੰ ਸਰੀਰ ਰੋਗੀ ਹੋ ਜਾਂਦਾ ਹੈ। ਇਸ ਲਈ ਗੁਰ ਸ਼ਬਦ ਸਾਰੀਆਂ ਮਿਨਾਸਾਂ ਦਾ ਸਰਦਾਰ ਹੈ, ਅਮ੍ਰਿਤ ਦਾ ਨਿਧਾਨ ਹੈ, ਅਤੇ ਇਸਨੂੰ ਛਕਣ ਵਾਲੇ ਦਾ ਜਨਮ ਸਫਲ ਹੁੰਦਾ ਹੈ, ਪਰ ਇਹ ਸ਼ਬਦ ਰਸ ਸਾਧ ਸੰਗਤ ਵਿਚੋਂ ਮਿਲ ਸਕਦਾ ਹੈ।

**ਸਲਿਲ ਮੈ ਧਰਨਿ ਧਰਨਿ ਮੈ ਸਲਿਲ ਜੈਸੇ ਕੂਪ ਅਨੁਰੂਪ ਕੈ ਬਿਮਲ ਜਲ ਛਾਏ ਹੈ॥**

ਸਲਿਲ - ਪਾਣੀ । ਧਰਨਿ - ਧਰਤੀ ।
ਅਨੁਰੂਪ = ਸ਼ਕਲ। ਬਿਮਲ= ਨਿਰਮਲ।
ਘਟ = ਸਾਰੇ। ਘਟ = ਹਿਰਦਾ, ਅੰਦਰ।
(੨) ਘੜਾ। ਘਟਿਕਾ = ਘੜੀ, ਝਜਰੀ।
ਆਪਾ ਆਪ = ਆਪਨਾ ਸਰੂਪ, ਆਪਣੀ ਸ਼ਕਲ, [ਪ੍ਰਤਿਬਿੰਬ]

(ਵੇਖੋ!) ਜਿਸ ਤਰਾਂ ਪਾਨੀ ਵਿਚ ਧਰਤੀ ਹੈ ਤੇ ਧਰਤੀ ਵਿਚ ਪਾਨੀ ਹੈ, ਕਿਉਂਕਿ ਜਦ ਧਰਤੀ ਨੂੰ ਖੂਹ ਦੀ ਸ਼ਕਲ ਕਰਕੇ (ਵੇਖੀਏ ਤਾਂ ਵਿਚ)ਨਿਰਮਲ ਜਲ ਭਰਿਆ ਹੁੰਦਾ (ਦਿਸਦਾ) ਹੈ।

**ਤਾਂਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ ਏਕੈ ਜਲੁ ਘਟ ਘਟ ਘਟਿਕਾ ਸਮਾਏ ਹੈ॥**

(ਜਦ ਫਿਰ) ਉਸੇ ਹੀ ਪਾਨੀ ਤੇ ਮਿਟੀ ਨੂੰ ਮੇਲ ਕਰਕੇ ਅਨੇਕਾਂ ਘੜੀਆਂ ਘੜੇ ਬਣਾਏ ਜਾਂਦੇ ਹਨ, (ਤਾਂ ਉਨਾਂ) ਸਾਰੇ ਘੜੇ ਘੜੀਆਂ ਵਿਚ ਇਕੋ ਪਾਣੀ ਭਰਿਆ ਜਾਂਦਾ ਹੈ।

**ਜਾਹੀ ਜਾਹੀ ਘਟਿਕਾ ਮੈ ਦ੍ਰਿਸ਼ਟਿ ਕੈ ਦੇਖੀਅਤ ਪੇਖੀਅਤ ਆਪੁ ਆਪੁ ਆਨ ਨ ਦਿਖਾਏ ਹੈ ॥**

(ਫਿਰ) ਜਿਸ ਜਿਸ (ਘੜੇ ਜਾਂ) ਘੜੀ ਵਿਚੋਂ ਨਿਗਾਹ ਕਰਕੇ ਵੇਖਿਆ ਜਾਂਦਾ ਹੈ, (ਉਸੇ ਉਸੇ) ਘੜੀ ਵਿਚੋਂ ਆਪਣਾ ਆਪ ਹੀ ਦਿਸਦਾ ਹੈ, (ਕੁਝ) ਹੋਰ ਨਹੀਂ ਦਿਸਦਾ ਹੈ ।

**ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ ਬ੍ਰਹਮ ਬਿਬੇਕ ਟੇਕ ਏਕ ਠਹਿਰਾਏ ਹੈ ॥੭੬॥੧੧੦॥**

(ਇਸੇ ਤਰਾਂ) ਪੂਰਨ ਬ੍ਰਹਮ ਨੇ (ਅਪਣਾ) ਇਕ ਅਕਾਰ 'ਗੁਰੂ' (ਰੂਪ) ਕਰਕੇ, (ਫਿਰ) ਇਕ ਇਕ ਅਕਾਰ ਵਿਚ 'ਬ੍ਰਹਮ' ਵਿਚਾਰ ਨੂੰ ਠਹਿਰਾ ਰਖਿਆ ॥੭੬॥੧੧੦॥

ਭਾਵ ਧਿਆਨ ਨਾਲ ਦੇਖੋ, ਜਲ ਵਿਆਪਕ ਹੈ; ਉਸਦੇ ਵਿਚ ਧਰਤੀ ਟਿਕੀ ਹੈ,ਨੌ ਹਿਸੇ ਪਾਣੀ, ਇਕ ਹਿਸਾ ਧਰਤੀ ਹੈ ਧਰਤੀ ਨੂੰ ਪੁਟ ਕੇ ਖੂਹ ਦੀ ਸ਼ਕਲ ਵਰਗੀ ਕਰ ਦਿਓ ਤਾਂਵਿਚੋਂਪਾਣੀ ਨਿਕਲੇਗਾ,ਅਗੇ ਧਰਤੀ ਤੇ ਪਾਣੀ ਇਕਠੇ ਰਹਿੰਦੇ ਸਨ,ਪਰ ਕਠੇ ਹੋਕੇ ਵੀ ਵਖੋ ਵਖ ਸਨ । ਹੁਣ ਇਨਾਂ ਦੋਹਾਂ ਨੂੰ ਮੇਲਿਆ ਗਿਆ,ਦੋਵੇਂ ਇਕ ਮਿਕ ਹੋ ਗਏ ਤਾਂ ਘੜੇ ਘੜੀਆਂ ਬਣ ਗਈਆਂ । ਇਹ ਬਣ ਗਈਆਂ ਦੋਹਾਂ ਦੇ ਸੰਜੋਗ ਤੋਂ ਪਰ ਨਿਗਾਹ ਆਉਂਦੀ ਹੈ ਕੇਵਲ ਮਿਟੀ ਰੂਪ ਧਰਤੀ । ਫਿਰ ਸਭਨਾਂ ਵਿਚ ਪਾਣੀ ਆ ਸਮਾਇਆ ਸਾਰੇ ਘੜੇ ਘੜੀਆਂ ਵਿਚ ਪਾਣੀ ਹੈ ਪਰ ਜਿਸ ਵਿਚ ਨਜ਼ਰ ਭਰ ਕੇ ਤਕੋ ਓਥੇ ਹੀ ਸਾਡਾ ਆਪਣਾ ਆਪ ਹੈ, ਸਭ ਵਿਚ ਵੇਖਣ ਵਾਲੇ ਦਾ ਹੀ ਰੂਪ ਦਿਸਦਾਹੈ, ਇਸੇ ਤਰਾਂ ਬ੍ਰਹਮ ਨੇ ਆਪਣਾ ਹੀ ਰੂਪ ਗੁਰੂ ਬਨਾਯਾ ਹੈ,ਪਾਣੀ ਨੇ ਘੜੇ ਬਨਾਣ ਵਾਂਗ ਫਿਰ ਆਪ ਹੀਘੜੇ ਵਿਚ ਬੈਠਾ ਹੈ ਪਰ ਵੇਖਣ ਵਾਲੇ ਨੂੰ ਉਸਦਾ ਅਪਣਾ ਰੂਪ ਵਿਖਾਂਦਾ ਹੈ, ਇਵੇਂ ਬ੍ਰਹਮ ਰੂਪ ਗੁਰੂ ਸਿਖ ਨੂੰ ਆਪਣਾ ਆਪ ਬ੍ਰਹਮ ਰੂਪ ਨਹੀਂ ਵਿਖਾਂਦਾ,ਜਗਯਾਸੂ ਨੂੰ ਅਪਣਾ ਆਤਮਾਂ ਹੀ ਬ੍ਰਹਮ ਰੂਪ ਵਿਖਾਦੇਂਦਾ ਹੈ।

**ਚਰਨ ਸਰਨ ਗੁਰ ਏਕ ਪੈਂਡ ਜਾਇ ਚਲਿ ਸਤਿਗੁਰੂ ਕੋਟਿ ਪੈਂਡ ਆਗੇ ਹੋਇ ਲੇਤ ਹੈ ॥**

ਪੈਂਡ=ਕਦਮ । ਭਾਵਨੀ=ਸਰਧਾ । ਹੇਤ = ਪਿਆਰ । ਅਗ੍ਰਭਾਗ = ਸਾਹਮਣੇ, ਭੇਟਾ ਸਰੂਪ ।

(ਜੋ ਕੋਈ)ਗੁਰੂ ਜੀ ਦੀ ਚਰਨ ਸ਼ਰਨ ਵਲ ਇਕ ਕਦਮ ਤੁਰ ਕੇ ਜਾਂਦਾ ਹੈ,ਸਤਿਗੁਰੂ ਜੀ ਕਰੋੜ ਕਦਮ ਅਗੋਂ ਦੀ (ਜਾ ਕੇ ਉਸਨੂੰ) ਲਿਆਉਂਦੇ ਹਨ ।

**ਏਕ ਬਾਰ ਸਤਿਗੁਰੂ ਮੰਤ੍ਰ ਸਿਮਰਨ ਮਾਤ੍ਰ ਸਿਮਰਨ ਤਾਹਿ ਬਾਰੰਬਾਰ ਗੁਰੂ ਹੇਤ ਹੈ ॥**

(ਜੇਹੜਾ ਕੋਈ) ਸਤਿਗੁਰੂ ਜੀ ਦੇ ਮੰਤਰ ਨੂੰ ਇਕ ਵੇਰੀ ਵੀ ਸਿਮਰਨ ਕਰਦਾ ਹੈ ਸਤਿਗੁਰੂ ਉਸ ਨੂੰ ਮੁੜ ਮੁੜ ਕੇ ਪ੍ਰੇਮ ਨਾਲ ਯਾਦ ਕਰਦੇ ਹਨ ।

**ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ ਤਾਹਿ ਗੁਰ ਸਰਬਨਿਧਾਨ ਦਾਨ ਦੇਤ ਹੈ ॥**

(ਜਹੜਾ ਕੋਈ) ਸ਼ਰਧਾ,ਭਗਤੀ ਤੇ ਪ੍ਰੇਮ ਨਾਲ ਇਕ ਕੋਡੀ ਭੀ(ਗੁਰੂ ਜੀ)ਅਗੇ ਲਿਆਕੇ ਭੇਟਾਰਖਦਾ ਹੈ ਸਤਿਗੁਰੂ ਉਸ ਨੂੰ ਸਾਰੀਆਂ ਨਿਧੀਆਂ ਦਾ ਦਾਨ ਦੇਂਦੇ ਹਨ ।

**ਸਤਿਗੁਰੂ ਦਇਆ ਨਿਧਿ ਮਹਿਮਾ ਅਗਾਧਿ ਬੋਧਿ ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥੭੭॥੧੧੧॥**

ਸਤਿਗੁਰੂ ਦਯਾ ਦੀ ਨਿਧੀ ਹਨ (ਉਨਾਂ ਦੀ) ਮਹਿਮਾਂ ਦਾ ਜਾਨਣਾ ਅਗਾਧ ਹੈ, (ਇਸ ਲਈ ਐਸੇ ਗੁਰੂ ਜੀ ਨੂੰ ਮਨ ਕਰਕੇ) ਬੇਅੰਤ ਵੇਰੀ ਨਮਸਕਾਰ ਹੈ (ਬਾਨੀ ਕਰਕੇ) ਬੇਅੰਤ ਵੇਰੀ ਨਮਸਕਾਰ ਹੈ (ਅਤੇ ਸਰੀਰ ਕਰਕੇ ਭੀ) ਬੇਅੰਤ ਵੇਰੀ ਨਮਸਕਾਰ ਹੈ ॥੭੭॥੧੧੧॥

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ ਉਨਮਨ ਉਨਮਤ ਬਿਸਮ ਬਿਸ੍ਵਾਸ ਹੈ॥**

(ਜਿਨ੍ਹਾਂ ਨੇ ਗੁਰੂ ਰੂਪ) ਅੰਮ੍ਰਿਤ ਨਿਧਾਨ ਵਿਚੋਂ ਪ੍ਰੇਮ ਰਸ ਪਾਨ (ਕੀਤਾ ਹੈ, ਉਹ) ਪੂਰਨ (ਤ੍ਰਿਪਤ) ਹੋਕੇ ਉਨਮਨੀ (ਅਵਸਥਾ ਨੂੰ ਪਾਕੇ)ਉਨਮਤ[ਪੂਰਨ ਮਸਤ] (ਰਹਿੰਦੇ ਹਨ, ਇਸ ਕਰਕੇ ਉਨ੍ਹਾਂ ਦਾ) ਅਚਰਜ ਭਰੋਸਾ ਹੈ।

**ਆਤਮ ਤਰੰਗ ਬਹੁ ਰੰਗ ਅੰਗ ਅੰਗ ਛਬਿ ਅਨਿਕ ਅਨੂਪ ਰੂਪ ਊਪ ਕੋ ਪ੍ਰਗਾਸੁ ਹੈ॥**

(ਉਨ੍ਹਾਂ ਨੂੰ) ਬਹੁਤ ਰੰਗਾਂ ਦੇ ਆਤਮ ਤਰੰਗ [ਹੁਲਾਰੇ] (ਪੈਦਾ ਹੁੰਦੇ ਹਨ,ਜਿਸ ਕਰਕੇ ਉਨ੍ਹਾਂ ਦੇ) ਅੰਗ ਸੰਗ ਦੀ ਅਨੇਕ ਗੁਣਾਂ ਛਬ [ਸੁੰਦਰਤਾ] ਹੋ ਗਈ ਹੈ, ਅਤੇ) ਉਪਮਾਂ ਤੋਂ ਰਹਿਤ ਉਪਮਾਂ ਵਾਲੇ ਰੂਪ ਦਾ ਪ੍ਰਕਾਸ਼ ਜਾਂ ਉਜਾਲਾ (ਹੋ ਗਿਆ) ਹੈ।

**ਸ੍ਵਾਦ ਬਿਸਮਾਦ ਬਹੁ ਬਿਬਿਧ ਸੁਰਤਿ ਸਰਬ ਰਾਗ ਨਾਦ ਬਾਦ ਬਹੁ ਬਾਸਨਾ ਸੁਬਾਸ ਹੈ॥**

ਉਸਨੂੰ ਅੰਦਰੋਂ ਹੀ) ਬਹੁਤ ਅਸਚਰਜ ਸ੍ਵਾਦ (ਆਉਂਦਾ ਹੈ) ਅਨੇਕ ਤਰ੍ਹਾਂ ਦੀ [ਸੁਰਤ] ਸੁੱਧ (ਸੁਣਾਈ ਦੇਂਦਾ ਹੈ, ਜਿਸ ਵਿਚ) ਸਾਰੇ ਰਾਗਾਂ ਤੇ ਵਾਜਿਆਂ ਦਾ ਸ਼ਬਦ (ਪ੍ਰਤੀਤ ਹੁੰਦਾ ਹੈ,ਅਤੇ) ਬਹੁਤ ਸਾਰੀ ਵਾਸ਼ਨਾ ਦੀ ਸ਼ੁਭ ਵਾਸ਼ਨਾ (ਆਉਂਦੀ )ਹੈ।

**ਪਰਮਦਭੁਤ ਬ੍ਰਹਮਾਸਨ ਸਿੰਘਾਸਨ ਮੈ ਸੋਭਾ ਸਭਾ ਮੰਡਲ ਅਖੰਡਲ ਬਿਲਾਸ ਹੈ॥੭੮॥੧੧॥**

(ਉਹ) [ਬ੍ਰਹਮਾਸਨ] ਬ੍ਰਹਮ ਦੇ ਸਥਾਨ (ਰੂਪ ਦਸਮ ਦੁਆਰ) 'ਤਖਤ' ਸਾਰੀਆਂ ਸੋਭਾ ਦਾ ਰੂਪ ਹੈ, (ਜਿਥੇ) ਸਾਰੇ ਮੰਡਲਾਂ ਤੇ [ਅਖੰਡਲ] ਇੰਦ੍ਰ ਲੋਕ (ਜੇਹਾ) ਪਰਮ ਅਦਭੁਤ ਬਿਲਾਸ (ਹੋ ਰਿਹਾ ਹੈ) ॥੭੮॥੧੧੨॥

**ਬਜ਼ਥਾਵੰਤੈ ਜੰਤੈ ਜੈਸੇ ਬੈਦ ਉਪਚਾਰੁ ਕਰੈ ਬਜ਼ਥਾ ਬਿਰਤਾਂਤੁ ਸੁਨਿ ਹਰੇ ਦੁਖ ਰੋਗ ਕਉ॥**

[ਬਜ਼ਥਾਵੰਤੈ = ਪੀੜ ਵਾਲਾ, ਰੋਗੀ ॥ ਉਪਚਾਰ=ਇਲਾਜ ।ਬਜ਼ਥਾ ਬਿਰਤਾਂਤ= ਪੀੜਾ ਦੀ ਵਾਰਤਾ, ਦੁਖ ਦਾ ਕਾਰਣ ਰੂਪ ਵਾਰਤਾ ॥ ਤੋਖ=ਪ੍ਰਸੰਨ ਹੋਕੇ ॥ ਪੋਖ= ਪਾਲਦੇ ਹਨ ॥ ਸੋਗ=ਗਮ ॥ ਬਿਰਹਨੀ ਬਨਿਤਾ = ਪਤੀ ਤੋਂ ਛਿਵੜੀ ਹੋਈ ਇਸਤਰੀ ॥ ਭਰਤਾਰ=ਪਤੀ ]

ਜਿਸ ਤਰ੍ਹਾਂ ਰੋਗੀ ਪੁਰਸ਼ ਦਾ ਵੈਦ ਇਲਾਜ ਕਰਦਾ ਹੈ, (ਤਾਂ ਪਹਿਲੋਂ) ਰੋਗ ਦਾ ਕਾਰਣ ਰੂਪ ਵਾਰਤਾ ਨੂੰ ਸੁਣ ਕੇ (ਫਿਰ) ਰੋਗ ਨੂੰ ਨਾਸ ਕਰਦਾ ਹੈ।

**ਜੈਸੇ ਮਾਤਾ ਪਿਤਾ ਹਿਤ ਚਿਤ ਕੈ ਮਿਲਤ ਸੁਤੈ ਖਾਨ ਪਾਨ ਤੋਖਿ ਪੋਖਿ ਹਰਤ ਹੈ ਸੋਗ ਕਉ॥**

ਜਿਸ ਤਰ੍ਹਾਂ ਮਾਤਾ-ਪਿਤਾ ਚਿਤ ਦੇ ਹਿਤ ਨਾਲ ਪੁਤ੍ਰ ਨੂੰ ਮਿਲਦੇ ਹੈਨ (ਤਾਂ) ਪ੍ਰਸੰਨ ਹੋ ਕੇ ਖਾਣ ਪੀਣ (ਦੇ ਪਦਾਰਥ) ਖੁਆ ਪਿਆਕੇ ਪਾਲਦੇ ਹਨ (ਅਤੇ ਉਸਦੇ ) ਸੋਗ ਨੂੰ ਨਾਸ ਕਰਦੇ ਹਨ।

**ਬਿਰਹਨੀ ਬਨਿਤਾ ਕਉ ਜੈਸੇ ਭਰਤਾਰੁ ਮਿਲੈ ਪ੍ਰੇਮ ਰਸ ਕੈ ਹਰਤ ਬਿਰਹ ਬਿਓਗ ਕਉ॥**

ਜਿਸ ਤਰ੍ਹਾਂ ਪਤੀ ਤੋਂ ਵਿਛੜੀ ਹੋਈ ਇਸਤਰੀ ਨੂੰ ਪਤੀ ਮਿਲਦਾ ਹੈ, (ਤਾਂ ਉਹ) ਪ੍ਰੇਮ ਰਸ (ਦਾ ਵਰਤਾਵ) ਕਰਕੇ (ਉਸਦੇ) ਵਿਛੋੜੇ ਦੇ ਦੁਖ ਨੂੰ ਨਾਸ ਕਰਦਾ ਹੈ।

**ਤੈਸੇ ਹੀ ਬਿਬੇਕੀ ਜਨ ਪਰ ਉਪਕਾਰ ਹੇਤ ਮਿਲਤ ਸਲਿਲ ਗੀਤ**

**ਸਹਜ ਸੰਜੋਗ ਕਉ ॥੭੯॥੧੧੩॥**

ਉਸੇ ਤਰ੍ਹਾਂ ਹੀ ਵਿਵੇਕੀ ਪੁਰਸ਼ ਪਰ ਉਪਕਾਰ (ਕਰਨ) ਵਾਸਤੇ (ਆਪ ਜਾਕੇ, ਇਸ ਤਰ੍ਹਾਂ) ਮਿਲਦੇ ਹਨ,(ਜਿਸ ਤਰ੍ਹਾਂ ਪਾਣੀ ਦੀ ਗਤਿ ਹੈ,(ਅਤੇ ਜਾਕੇ) ਸਹਜ ਸੰਜੋਗ ਨੂੰ (ਕਰਾਉ ਦੇ ਹਨ) ਅਰਥਾਤ ਜਿਵੇਂ ਪਾਣੀ ਨਦੀ-ਨਾਲੇ ਰੂਪ ਹੋਕੇ ਆਪੇ ਤੁਰਕੇ ਜਾਂਦਾ ਤੇ ਲੋਕਾਂ ਦੇ ਕੰਮ ਸੁਆਰਦਾ ਹੈ, ਇਸ ਤਰ੍ਹਾਂ ਵਿਵੇਕੀ ਮਹਾਤਮਾਂ ਪਰ ਉਪਕਾਰ ਕਰਨ ਦੇ ਵਾਸਤੇ ਆਪੇ ਤੁਰ ਕੇ ਜਾਂਦੇ ਹਨ ਤੇ ਜਾਕੇ ਉਨ੍ਹਾਂ ਦਾ ਸਹਜ ਸੰਜੋਗ ਕਰਾ ਦੇਂਦਾ ਹਨ ॥੭੯॥੧੧੩॥

**ਬਰਥਾ ਵੰਤੈ ਬੈਦ ਰੂਪ ਜਾਚਿਕ ਦਾਤਾਰ ਗਤਿ ਗਾਹਕੈ ਬਿਪਾਰੀ ਹੋਇ ਮਾਤਾਪਿਤਾ ਪੂਤ ਕਉ ॥**

(ਜੇ ਕੋਈ) ਰੋਗੀ ਪੁਰਸ਼ ਆ ਮਿਲੇ (ਤਾਂ) ਵੈਦ ਰੂਪ (ਹੋਕੇ ਉਸਦੇ ਰੋਗ ਦੂਰ ਕਰਨ ਦੇ ਯਤਨ ਵਿਚ ਲਗ ਜਾਂਦੇ ਹਨ, (ਜੇ ਕੋਈ) ਲੋੜਵੰਦ (ਪੁਰਸ਼ ਆ ਮਿਲੇ, ਤਾਂ) ਦਾਤਿਆਂ ਦੀ ਰੀਤੀ (ਅਨੁਸਾਰ ਉਸ ਦੀ ਲੋੜ ਪੂਰੀ ਕਰਨ ਦਾ ਯਤਨ ਕਰਨ ਲਗ ਜਾਂਦੇ ਹਨ, ਜੇ ਕੋਈ) ਸੌਦਾ ਖਰੀਦ ਵਾਲਾ ਗ੍ਰਾਹਕ ਮਿਲ ਜਾਵੇ (ਤਾਂ ਉਸਦੀ ਇਛਾ ਪੂਰੀ ਕਰਨ ਲਈ) ਸੌਦਾਗਰ (ਰੂਪ ਹੋ ਜਾਂਦੇ ਹਨ ਅਤੇ ਧੀਆਂ)ਪੁਤ੍ਰਾਂ ਨੂੰ ਮਾਤਾ ਪਿਤਾ (ਰੂਪ ਹੋਕੇ ਲਾਡ ਲਡਾਉਂਦੇ ਹਨ)।

**ਨਾਰਿ ਭਰਤਾਰਿ ਬਿਧਿ ਮਿਤ੍ਰ ਮਿਤ੍ਰਤਾਈ ਰੂਪ ਸੁਜਨ ਕੁਟੰਬ ਸਖਾ ਭਾਇ ਚਾਇ ਸੂਤ ਕਉ ॥**

(ਜੇ ਗ੍ਰਹਸਥੀ ਹਨ, ਤਾਂ) ਇਸਤ੍ਰੀ ਨਾਲ ਪਤੀ ਦੀ ਬਿਧੀ(ਵਰਤਦੇ ਹਨ)[ਮਿਤ੍ਰਾਈ-ਮਿਤ+ਤਾਈ] ਮਿਤ੍ਰਾਂ ਨਾਲ ਮਿਤ੍ਰ ਰੂਪ (ਹੋਕੇ ਨਿਭਦੇ ਹਨ, ਅਤੇ) ਸਜਣਾਂ, ਕੁਟੰਬੀਆਂ, ਅੰਗਾਂ'ਸਾਕਾਂ ਤੇ ਭਰਾਵਾਂ(ਨਾਲ ਮੇਲ ਹੁੰਦਾ ਹੈ, ਤਾਂ ਉਨਾਂ ਨਾਲ ਓਹੋ ਜੇਹੇ) ਚਾਉ [ਉਤਸ਼ਾਹ] (ਭਰੇ ਮਨ ਦੀ) (ਸੂਤ ਕਉ)ਮਰਯਾਦਾ ਨੂੰ (ਵਰਤਦੇ ਹਨ)।

**ਲੋਗਨ ਮੈ ਲੋਗਾਚਾਰ ਬੇਦ ਕੈ ਬੇਦ ਬੀਚਾਰ ਗਿਆਨ ਗੁਰ ਏਕੰਕਾਰ ਅਵਧੂਤ ਅਵਧੂਤ ਕਉ ॥**

(ਗਲ ਕੀ ?) ਲੋਗਾਂ ਵਿਚ ਲੋਗਾਂ ਵਰਗੇ ਕਰਮ ਕਰਦੇ ਹਨ, ਵੇਦਾਂ ਦੀ ਵੀਚਾਰ ਕਰਨ ਵਾਲਿਆਂ ਵਿਚ ਵੇਦ ਦੀ ਵੀਚਾਰ ਕਰਨ ਵਾਲੇ ਹਨ (ਅਤੇ ਜੇ ਕੋਈ) ਅਵਧੂਤ [ਵਿਰਕਤ ਮਹਾਤਮਾ](ਮਿਲਜਾਂਦਾ ਹੈ ਤਾਂ ਉਸ) ਨੂੰ [ਗੁਰੂ] ਸੁਧ ਸਰੂਪ ਏਕੰਕਾਰ ਦੇ ਗਿਆਨ ਸਰੂਪ ਅਵਧੂਤ (ਰੂਪ ਹੋ ਕੇ ਮਿਲਦੇ ਹਨ)।

**ਬਿਰਲੋ ਬਿਬੇਕੀ ਜਨ ਪਰਉਪਕਾਰ ਹੇਤ ਮਿਲਤ ਸਲਿਲ ਗਤਿ ਸਰਬੰਗ ਭੂਤ ਕਉ ॥ ੮੦ ॥ ੧੧੪ ॥**

(ਪਰ ਇਸਤਰਾਂ ਦੇ) ਵਿਵੇਕੀ ਪੁਰਸ਼ ਵਿਰਲੇ ਹਨ, (ਜੋ) ਪਰਉਪਕਾਰ (ਕਰਨ) ਵਾਸਤੇ ਜੀਵਾਂ ਨੂੰ [ਸਰਬੰਗ) ਸਰਬ ਰੰਗੀ (ਹੋ ਜਾਣ ਵਾਲੇ)ਪਾਣੀ ਦੀ ਗਤੀ ਵਾਂਗ ਮਿਲਦੇ ਹਨ (ਅਰਥਾਤ ਜਿਵੇਂ ਪਾਣੀ ਜਿਸ ਰੰਗ ਨਾਲ ਮਿਲਦਾ ਹੈ, ਉਸੇ ਹੀ ਰੰਗ ਦਾ ਆਪ ਹੋ ਜਾਂਦਾ ਹੈ, ਇਸੇ ਤਰਾਂ ਵਿਰਲੇ ਵਿਵੇਕੀ ਮਹਾਤਮਾਂ ਪਰਉਪਕਾਰ ਦੇ ਵਾਸਤੇ ਮੇਲੀ ਦਾ ਹੀ ਰੂਪ ਹੋ ਜਾਂਦੇ ਹਨ) ॥੮੦॥੧੧੪॥

**ਦਰਸ਼ਨ ਧਿਆਨ ਦਿਬਿ ਦੇਹ ਕੈ ਬਿਦੇਹ ਭਏ ਦ੍ਰਿਗ ਦਿਬ ਦ੍ਰਿਸ਼ਟਿ ਬਿਖੈ ਭਾਉ ਭਗਤਿ ਚੀਨ ਹੈ ॥**

ਦਿਬ ਦੇਹ-ਦਿਬ ਸਰੂਪ, ਮਹਾਂ ਤੇਜਸਵੀ ਸੁੰਦਰ ਸਰੂਪ ਪਰਮਾਤਮਾਂ ਦੇ ਦਰਸ਼ਨ ਦਾ ਧਿਆਨ ਕਰਕੇ ਬਿਦੇਹ ਦੇਹ ਦੇ ਵਿਚ ਹੁੰਦੇ ਹੋਏ ਭੀ ਦੇਹ ਦੇ ਭਾਵ ਤੋਂ ਰਹਿਤ) ਹੋ ਗਏ ਹਨ,(ਕਿਉਂਕਿ ਉਨਾਂ ਦੀਆਂ) ਅਖਾਂ ਦੀ ਦ੍ਰਿਸ਼ਟੀ [ਨਜ਼ਰ] ਵਿਖੇ ਪ੍ਰੇਮਾ ਭਗਤੀ (ਦੀ ਹੀ) ਪਛਾਣ (ਰਹਿੰਦੀ) ਹੈ।

**ਅਧਿਆਤਮ ਕਰਮ ਕਰਿ ਆਤਮ ਪ੍ਰਵੇਸ਼ ਪਰਮਾਤਮ ਪ੍ਰਵੇਸ਼ ਸਰਬਾਤਮ ਲਿਉ ਲੀਨ ਹੈ ॥**

ਆਤਮਾ ਦੇ ਆਸਰਾ (ਰੂਪ ਨੂੰ ਜਾਣਨ ਦੇ)ਕਰਮ

ਕਰਕੇ, ਆਤਮਾ ਵਿਚ ਪ੍ਰਵੇਸ਼ ਪਾਕੇ ਪ੍ਰਮਾਤਮਾ ਵਿਚ ਭੀ ਪ੍ਰਵੇਸ਼(ਕਰ ਲਿਆ ਹੈ,ਇਸ ਤਰਾਂ)ਸਾਰੇ ਆਤਮਾ (ਨਾਲ)[ਲਿਉਲੀਨ]ਅਭੇਦਰੂਪ ਹੋਕੇ ਮਿਲਰਹੇਹਨ

## ਸ਼ਬਦ ਗਿਆਨ ਪਰਵਾਨ ਹੁਇ ਨਿਧਾਨ ਪਾਏ ਪਰਮਾਰਥ ਸ਼ਬਦਾਰਥ ਪ੍ਰਬੀਨ ਹੈ ॥

(ਗੁਰ) ਸ਼ਬਦ ਦੇ ਗਿਆਨ ਦਵਾਰੇ ਨਿਧੀਆਂ ਦਾ ਆਸਰਾ ਰੂਪ ਪਰਮਾਤਮਾ ਨੂੰ ਪਾਕੇ ਪਰਵਨ (ਪੁਰਖ) ਹੋਏ ਹਨ, (ਅਤੇ ਗੁਰ) ਸ਼ਬਦ ਦੇ ਅਰਥ ਪਰਮਾਰਥ ਵਿਚ ਮਹਾਂ ਚਤੁਰ ਹਨ ।

## ਤਤੈ ਮਿਲੇ ਤਤ ਜੋਤੀ ਜੋਤਿ ਕੈ ਪਰਮ ਜੋਤਿ ਪ੍ਰੇਮ ਰਸ ਬਸਿ ਭਏ ਜੈਸੇ ਜਲ ਮੀਨ ਹੈ ॥ ੯੧ ॥ ੧੧੫ ॥

(ਜਿਵੇਂ) ਤੱਤ ਵਿਚ ਤੱਤ ਮਿਲਦਾ ਹੈ, ਤੇ ਜੋਤੀ [ਦੀਵੇ] ਦੇ [ਜੋਤਿ] ਪ੍ਰਕਾਸ਼ ਕਰਕੇ ਪਰਮ ਜੋਤਿ (ਪ੍ਰਗਟ ਹੁੰਦੀ ਹੈ ਅਤੇ ਪ੍ਰੇਮ ਰਸ (ਵਿਚ ਇਸ ਤਰਾਂ) ਵਸ ਗਏ ਹਨ, ਜਿਸ ਤਰਾਂ ਜਲ ਵਿਚ ਮੱਛ (ਦਾ ਨਿਵਾਸ) ਹੈ । ਜਿਵੇਂ ਜਲ ਤੋਂ ਵਿਛੜਕੇ ਮੱਛ ਇਕ ਮਿੰਟ ਵੀ ਜੀਉਂਦਾ ਨਹੀਂ ਰਹਿ ਸਕਦਾ ਇਸੇ ਤਰਾਂ ਉਹ ਗੁਰਮੁਖ ਪ੍ਰੇਮ ਰਸ ਤੋਂ ਬਿਨਾਂ ਜੀਉਂਦੇ ਨਹੀਂ ਹਨ ॥ ੯੧ ॥ ੧੧੫ ॥

## ਅਧਿਆਤਮ ਕਰਮ ਪਰਮਾਤਮ ਪਰਮ ਪਦ ਤਤ ਮਿਲਿ ਤਤਹਿ ਪਰਮ ਤਤ ਵਾਸੀ ਹੈ ॥

ਅਧਯਾਤਮ ਕਰਮ (ਕਰਨ ਕਰਕੇ) ਪਰਮਾਤਮਾ (ਦੀ ਪ੍ਰਾਪਤੀ ਰੂਪ) ਪਰਮਪਦ (ਮਿਲਦਾ ਹੈ, ਜਿਸ ਕਰਕੇ) [ਤਤ] ਜੀਵ [ਤਤਹਿ] ਈਸ਼ਰ ਨਾਲ ਮਿਲਕੇ ਪਰਮ ਤਤ[ਪਰਮਾਤਮਾ]ਵਿਚਵਸ ਜਾਂਦਾਹੈ।

## ਸ਼ਬਦ ਬਿਬੇਕ ਟਕ ਏਕ ਹੀ ਅਨੇਕ ਮੇਕ ਜੰਤ੍ਰ ਧੁਨਿ ਰਾਗ ਨਾਦ ਅਨਭੈ ਅਭਿਆਸੀ ਹੈ ॥

(ਗੁਰ) ਸ਼ਬਦ ਦੇ ਵਿਵੇਕ ਦੀ ਓਟ (ਲੈਕੇ ਜਾਣ ਲੈਂਦਾ ਹੈ ਕਿ) ਇਕੋ ਹੀ ਅਨੇਕਾਂ ਵਿਚ ਮਿਲ ਰਿਹਾ ਹੈ, (ਜਿਵੇਂ) ਜੰਤ੍ਰਾਂ ਵਿਚ ਰਾਗ ਦੀ ਧੁਨੀ ਤੇ [ਨਾਦ] ਸ਼ਬਦ ਦੀ ਧੁਨੀ (ਮਿਲ ਰਹੀ ਹੈ,ਇਸ) ਅਨਭਵ ਦਾ ਅਭਿਆਸੀ (ਹੋ ਰਹਿੰਦਾ ਹੈ, ਅਰਥਾਤ ਜਿਵੇਂ ਵਾਜੇ ਵਿਚ ਆਸਾ ਰਾਗ ਦੀ ਸੁਰ ਤੇ ਨਾਲ ਹੀ "ਹਰਿ ਅੰਮ੍ਰਿਤ ਭਿੰਨੇ ਲੋਇਣਾ" ਦੀ ਧੁਨੀ, ਦੋਵੇਂ ਧੁਨਾਂ ਇਕੱਠੀਆਂ ਹੀ ਪ੍ਰਗਟ ਹੁੰਦੀਆਂ ਹਨ, ਜੇ ਉਸ ਵਿਚ ਦੋ ਵਸਦੀਆਂ ਹਨ ਤਾਂ ਹੀ ਪ੍ਰਗਟ ਹੁੰਦੀਆਂ ਸਨ, ਫਿਰ ਅਨੇਕਾਂ ਰਾਗ-ਰਾਗਣੀਆਂ ਹਨ ਤੇ ਅਨੇਕਾਂ ਹੀ ਸ਼ਬਦ ਹਨ, ਸਾਰੀਆਂ ਧੁਨਾਂ ਇਕ ਵਾਜੇ ਵਿਚ ਵਸ ਰਹੀਆਂ ਹਨ, ਇਵੇਂ ਹੀ ਅਨੇਕਾਂ ਰੂਪਾਂ ਵਿਚ ਇਕੋ ਆਤਮਾ ਮਿਲ ਰਹੀ ਹੈ) ।

## ਦਰਸ ਧਿਆਨ ਉਨਮਾਨ ਪ੍ਰਾਨ ਪ੍ਰਾਨਪਤਿ ਅਬਗਤਿ ਗਤਿ ਅਤਿ ਅਲਖ ਬਿਨਾਸੀ ਹੈ ॥

(ਇਸ ਦਾ ਭਾਵ ਏਹ ਹੈ) ਪ੍ਰਾਣਾਂ (ਦੀ ਗਤਾ ਗਤੀ ਵਿਚ) ਪ੍ਰਾਣਪਤੀ ਦੇ ਦਰਸ਼ਨ ਦਾ ਧਿਆਨ [ਉਨਮਾਨ ਵੀਚਾਰਦੇ ਹਨ(ਅਰਥਾਤ ਉਹ ਸਮਝਦੇ ਹਨ ਕਿ ਜੋ ਪ੍ਰਾਣ ਚਲ ਰਹੇ ਹਨ, ਏਹੋ ਹੀ ਜੀਵਣ ਦਾ ਮੂਲ ਪ੍ਰਾਣ ਪਤੀ ਹੈ, ਅਤੇ (ਇਸਦੀ) [ਗਤੀ] ਪ੍ਰਾਪਤੀ ਮਹਾਂ [ਅਬਗਤਿ] ਕਠਨ ਤੇ ਨਾ ਜਾਣ ਜਾਣ ਵਾਲੇ ਬਿਲਾਸ ਵਾਲੀ ਹੈ ।

## ਅੰਮ੍ਰਿਤ ਕਟਾਛ ਦਿਬਿ ਦੇਹ ਕੈ ਬਿਦੇਹ ਭਏ ਜੀਵਨ ਮੁਕਤਿ ਕੋਊ ਬਿਰਲੋ ਉਦਾਸੀ ਹੈ ॥ ੯੨ ॥ ੧੭੬ ॥

(ਗੁਰੂ ਜੀ ਦੀ) ਅਮ੍ਰਿਤ ਦ੍ਰਿਸ਼ਟੀ ਦੇ ਕਟਾਖਸ਼ ਨਾਲ, ਦਿਬ ਦੇਹ (ਨੂੰ ਪ੍ਰਾਪਤ) ਕਰਕੇ ਬਿਦੇਹ ਹੋ ਗਏ ਹਨ(ਇਸਤਰਾਂ ਦੇ) ਜੀਵਨ ਮੁਕਤ ਕੋਈ ਕੋਈ ਵਿਰਲਾ ਹੀ ਉਦਾਸੀ (ਪੁਰਸ਼) ਹੈ ॥੯੨॥੧੭੬॥

## ਸੁਪਨ ਚਰਿਤ੍ਰ ਚਿਤ੍ਰ ਜਾਗਤ ਨ ਦੇਖੀਅਤ ਤਾਰਕਾ ਮੰਡਲੁ ਪਰਭਾਤ ਨ ਦਿਖਾਈਐ ॥

[ਚਰਿਤ੍ਰ–ਕੌਤਕ । ਚਿਤ੍ਰ–ਤਸਵੀਰ ।]
[ਤਾਰਕਾ ਮੰਡਲ – ਤਾਰਿਆਂ ਦਾ ਗੋਲ]
ਚੱਕਰ ਵਰਗਾ ਘੇਰਾ । ਪਰਭਾਤ–ਸਵੇਰੇ,
ਦਿਨੇ । ਲਘੁ–ਛੋਟੀ । ਦੀਰਘ–ਵਡੀ ।
[ਚਪਲ – ਚੰਚਲ । ਬਲ – ਬਿਜਲੀ ।]
[ਨਾਵ ਕੋ ਸੰਜੋਗ – ਬੇੜੀ ਦਾ ਪੂਰ ।]
[ਗੰਧਰਬ ਨਗਰ -- ਹਰਚੰਦੌਰੀ, ਮਿਥਯਾ
[ਨਗਰ,ਛਲ ਛਲੇਟੀ ਨੱਗਰ।ਕਹਿੰਦੇ ਹਨ]
[ਰਾਜਾ ਹਰੀ ਚੰਦ ਦਾਨ ਦੇ ਪ੍ਰਭਾਵ ਕਰਕੇ]
[ਆਪਣੇ ਨਗਰ ਸਮੇਤ ਸਵਰਗ ਨੂੰ ਜਾ]
[ਰਿਹਾ ਸੀ. ਜਦ ਅਧ ਵਿਚਾਲੇ ਪੁਜਾ ਤਾਂ]
[ਸਵਰਗ ਨੂੰ ਜਾ ਰਹੀ ਨਗਰੀ ਵਿਚੋਂ ਇਕ]
[ਖੋਤਾ ਹੀਂਗਣ ਲੱਗਾ, ਉਸਦੀ ਆਵਾਜ਼]
[ਸੁਣਦਿਆਂ ਹੀ ਹਰੀ ਚੰਦ ਦੇ ਮਨ ਵਿਚ]
[ਮਾਣ ਹੋ ਗਿਆ ਕਿ ਮੇਰੇ ਦਾਨ ਦੇ ਪ੍ਰਤਾਪ[
[ਕਰਕੇ ਖੋਤੇ ਭੀ ਸਵਰਗਨੂੰ ਜਾ ਰਹੇ ਹਨ,]
[ਇਸ ਹੰਕਾਰ ਦੇ ਹੁੰਦੇ ਹੀ ਉਹ ਨਗਰੀ]
[ਉਥੇ ਹੀ ਰੋਕੀ ਗਈ, ਜੋ ਅਧ ਅਕਾਸ਼]
[ਵਿਚ ਅਜ ਤਕ ਹਵਾ ਦੇ ਜ਼ੋਰ ਨਾਲ]
[ਇਧਰ ਉਧਰ ਉੱਡਦੀ ਰਹਿੰਦੀ ਹੈ । ]
[ਮੀਂਹ ਪੈ ਚੁਕਣ ਮਗਰੋਂ ਰਾਹੀਆਂ ਪਾਂਧੀਆਂ]
[ਨੂੰ ਦਰਖਤਾਂ ਦੇ ਝੁੰਡ ਵਿਚਕੁਝ ਵਿੱਥ ਉਤੇ]
[ਨਗਰ ਜੇਹਾ ਵਸਦਾ ਪ੍ਰਤੀਤ ਹੁੰਦਾ ਹੈ, ਜੋ]
[ਕਈਵੇਰੀ ਅਸਾਂ ਭੀ ਡਿਠਾ ਹੈ,ਭ੍ਰਮ ਮਾਤ੍ਰ]
( ਨਗਰੀ । )
(ਮ੍ਰਿਗ ਤ੍ਰਿਸ਼ਨਾ – ਗਰਮੀ ਦੇ ਦਿਨਾਂ)
(ਵਿਚ ਹਰਨ ਪਿਆਸ ਨਾਲ ਵਿਆਕੁਲ)
(ਹੋਕੇ, ਉਚੀ ਜਗ੍ਹਾ ਤੇ ਖਲੋਕੇ ਪਾਣੀ)
(ਦੀ ਢੂੰਡ ਕਰਦਾ ਹੈ, ਤਾਂ ਸੂਰਜ ਦੀਆਂ)
(ਕਿਰਣਾਂ ਦੇ ਸਬੰਧ ਕਰਕੇ ਰੇਤਲੇ ਸਥਾਨ)
(ਪਾਣੀ ਦੀਆਂ ਲਹਿਰਾਂ ਵਾਂਗੂੰ ਮਲੂਮ ਹੁੰਦੇ)
(ਹਨ ਹਰਨਉਨ੍ਹਾਂਨੂੰ ਪਾਣੀਸਮਝਕੇਥਲੀਆਂ)
ਵਿਚ ਦੌੜਦਾ ਦੌੜਦਾ ਹੀ ਮਰ ਜਾਂਦਾ ਹੈ,)
(ਪਰ ਉਸ ਨੂੰ ਪਾਣੀ ਨਹੀਂ ਮਿਲਦਾ।ਇਸੇ)
(ਤਰਾਂ ਇਹਜੀਵ ਮੋਹ ਵੱਸਹੋਕੇ ਪ੍ਰਵਾਰ ਜਾਂ)
(ਵਿਹਾਰਤੋਂ ਸੁਖ ਦੀ ਆਸ਼ਾ ਵਿਚ ਅਗਾਂਹ)
(ਹੀ ਅਗਾਂਹਤੁਰਿਆ ਜਾਕੇ ਮਰ ਜਾਂਦਾ ਹੈ,)
(ਪਰ ਇਸ ਨੂੰ ਸੁਖ ਪ੍ਰਾਪਤ ਨਹੀਂ ਹੁੰਦਾ ।)
(ਬਿਲਾਈਐ=ਨਾਸ ਹੋ ਜਾਂਦੀ ਹੈ।ਸੁਪਨਾ–)
(ਜਾਗ੍ਰਤ, ਸੁਪਨ ਤੇ ਸੁਖੋਪਤੀ, ਨਾਮ)
(ਵਾਲੀਆਂ ਤਿੰਨ ਨਾੜੀਆਂ ਦਿਮਾਗ ਵਿਚ)
(ਹਨ,ਇਨ੍ਹਾਂ ਵਿਚੋਂ ਸੁਪਨ ਨਾੜੀ ਦਾ ਨਾਮ)
'ਪੁਰੀਤਤ' ਨਾਮਾ ਨਾੜੀ ਲਿਖਿਆ ਹੈ,)
(ਜਿਵੇਂ ਚਿੜੀਆ ਘਰ ਵਿਚ ਜੀਊਂਦੇ)
(ਜਾਨਵਰ ਹੁੰਦੇ ਹਨ ਪਰ ਅਜੈਬ ਘਰ)
(ਵਿਚ ਮੋਏ ਹੋਏ ਜਾਨਵਰ ਤੇ ਬੀਤੀਆਂ)
(ਹੋਈਆਂ ਵਸਤਾਂ ਦੇ ਹੀ ਨਜ਼ਾਰੇ ਹੁੰਦੇ)
(ਹਨ । ਇਸੇ ਤਰਾਂ ਪੁਰੀਤਤ ਨਾੜੀ)
(ਵਿਚ ਬਿਲਕੁਲ ਹੀ ਜਾਗਰਤ ਦੇ ਉਲਟ)
(ਹੁੰਦਾ ਹੈ । ਜਾਗਰਤ ਵਿਚ ਜੋ ਕਰਮ)
(ਕੀਤੇ ਗਏ ਹਨ, ਉਨ੍ਹਾਂ ਦੀ ਤਸਵੀਰ)
(ਪੁਰੀਤਤ ਵਿਚ ਬਣ ਗਈ ਹੈ ਅਤੇ ਜੋ)
(ਕਰਮ ਕੀਤੇਜਾਂਦੇ ਹਨ ਉਨ੍ਹਾਂਦੀ ਤਸਵੀਰ)
(ਬਣਦੀ ਜਾ ਰਹੀ ਹੈ ਅਤੇ ਕੋਈ ਕੋਈ)
(ਅਜੇਹੀ ਤਸਵੀਰ ਭੀਹੈ ਜੋ ਕਿਸੇ ਪੂਰਬਲੇ)
(ਜਨਮ ਵਿਚ ਕਰਮ ਕੀਤਾ ਸੀ, ਜਾਂ ਕਿਸੇ)
(ਅਗਲੇ ਜਨਮ ਵਿਚ ਕੀਤਾ ਜਾਏਗਾ)
(ਅਤੇ ਕੋਈ ਕੋਈ ਅਜੇਹੀ ਤਸਵੀਰ ਭੀ)
(ਹੁੰਦੀ ਹੈ, ਜਿਸ ਦਾ ਸਾਡੇ ਨਾਲ ਤਾਂ ਕੋਈ)
(ਸੰਬੰਧ ਨਹੀਂ, ਪਰ ਸਾਡੇ ਕਿਸੇ ਆਂਢੀ)
(ਗੁਆਂਢੀ ਜਾਂ ਸਜਣ-ਮਿਤ੍ਰ ਨਾਲ ਹੁੰਦਾ)
(ਹੈ, ਕਦੀ ਕਦੀ ਮਨ ਜਾਗ੍ਰਤ ਨਾੜੀ)
(ਵਿਚੋਂ ਨਿਕਲਕੇ ਆਰਾਮ ਕਰਨ ਲਈ)
(ਸਖੋਪਤੀ ਵਿਚ ਜਾਣ ਲਗਦਾ ਹੈ ਤਾਂ)
(ਭੁਲੇਖੇ ਨਾਲ ਜਾਂ ਜਾਣ-ਬੁਝਕੇ ਸ਼ੌਂਕ)
(ਨਾਲ ਭੀ (ਜਿਵੇਂ ਅਸੀਂ ਅਜੈਬ ਘਰ)
(ਵੇਖਣ ਲਈ ਸ਼ੌਂਕ ਨਾਲ ਚਲੇ ਜਾਇਆ)
(ਕਰਦੇ ਹਾਂ) ਪੁਰੀਤਤ ਨਾੜੀ ਵਿਚ ਚਲਾ)
(ਜਾਂਦਾ ਹੈ । ਜਿੰਨਾਂ ਚਿਰ ਮਨ ਉਸ ਨਾੜੀ)
(ਵਿਚ ਰਹਿੰਦਾ ਹੈ, ਗੁਜ਼ਰਿਆਂ ਹੋਇਆਂ)
(ਕੌਤਕਾਂ ਦੀਆਂ ਤਸਵੀਰਾਂ ਵੇਖਦਾ ਹੈ;)
(ਉਨ੍ਹਾਂ ਤਸਵੀਰਾਂ ਦੇ ਵੇਖਣ ਦਾ ਨਾਮ ਹੀ)
( 'ਸੁਪਨਾ' ਜਾਂ 'ਸੁਫਨਾ' ਹੈ । )
(ਜਿਸਤਰ੍ਹਾਂ ਸੁਪਨੇ (ਵਿਚ ਜਿਨ੍ਹਾਂ) ਕੌਤਕਾਂ ਦੇ

ਚਿੱਤ੍ਰ ਵੇਖੀਦੇ ਹਨ, ਜਾਗਦਿਆਂ (ਹੋਇਆਂ ਉਨ੍ਹਾਂ ਵਿਚੋਂ ਕੁਝ ਭੀ) ਨਹੀਂ ਦਿਸਦਾ ਹੈ। (ਦੂਜਾ ਰਾਤ ਦੇ ਸਮੇਂ ਜੋ) ਤਾਰਾ ਮੰਡਲ ਦਿਸਦਾ ਹੈ ਦਿਨ ਚੜ੍ਹਦਿਆਂ ਉਹ ਭੀ ਨਹੀਂ ਦਿਸਦਾ ਹੈ।

**ਤਰਵਰ ਛਾਇਆ ਲਘੁ ਦੀਰਘੁ ਚਪਲ ਬਲ ਤੀਰਥ ਪੂਰਬ ਜਾਤ੍ਰਾ ਥਿਰੁ ਨ ਰਹਾਈਐ ॥**

(ਜਿਵੇਂ) ਦਰਖਤ ਦੀ ਛਾਂ(ਧੁਪ ਦੇ ਚੜ੍ਹਨ ਉਤਰਨ ਨਾਲ) ਛੋਟੀ-ਵਡੀ (ਹੁੰਦੀ ਦਿਸਦੀ ਹੈ ਤੇ) ਬਿਜਲੀ ਦੀ ਚੰਚਲਤਾ ਤੇ ਤੀਰਥਾਂ ਦੇ ਪੁਰਬੀ (ਸ਼ਨਾਨ ਸਮੇਂ) ਜਾਣ ਵਾਲੀ ਯਾਤਰਾ (ਭੀ ਸਦਾ) ਸਥਿਰ ਨਹੀਂ ਰਹਿੰਦੀ ਹੈ।

**ਨਦੀ ਨਾਵ ਕੋ ਸੰਜੋਗ ਲੋਗ ਬਹੁਰਿਓ ਨ ਮਿਲੈ ਗੰਧ੍ਰਬ ਨਗਰ ਮ੍ਰਿਗ ਤ੍ਰਿਸਨਾ ਬਿਲਾਈਐ॥**

(ਜਿਵੇਂ) ਨਦੀ ਉਤੇ ਬੇੜੀ ਦਾ ਪੂਰ ਲੋਗ (ਜੋ ਇਕ ਵੇਰੀ ਇਕਠੇ ਹੋਕੇ ਪਾਰ ਲੰਘੇ ਹਨ) ਮੁੜ ਕਦੇ ਭੀ ਉਹ ਨਹੀਂ ਮਿਲਦੇ ਹਨ, (ਜਿਵੇਂ) ਗੰਧਰਬ ਨਗਰੀ ਤੇ ਮ੍ਰਿਗ ਤ੍ਰਿਸ਼ਨਾਂ (ਰੂਪ ਜਲ ਭੀ ਇਕ ਛਿਨ ਵਿਚ) ਵਿਲਾ [ਨਾਸ ਹੋ] ਜਾਂਦਾ ਹੈ।

**ਤੈਸੇ ਮਾਇਆ ਮੋਹ ਧ੍ਰੋਹ ਕੁਟੰਬ ਸਨੇਹ ਦੇਹ ਗੁਰਮੁਖਿ ਸ਼ਬਦ ਸੁਰਤਿ ਲਿਵ ਲਾਈਐ ॥ ੮੩ ॥੧੧੭ ॥**

ਉਸ ਤਰਾਂ ਮਾਯਾ ਦਾ ਮੋਹ, ਪਰਵਾਹ ਦਾ ਸਨੇਹ ਤੇ (ਇਹ ਆਪਣੀ) ਦੇਹ-ਛਲ ਰੂਪ ਹੈ, (ਅਜੇਹਾ ਨਿਸਚਾ ਕਰਕੇ) ਗੁਰਮੁਖਾਂ ਨੇ ਸ਼ਬਦ ਸੁਰਤ ਵਿਚ ਲਿਵ ਲਾਈ ਹੈ॥ ੮੩ ॥੧੧੭॥

ਭਾਵ–ਮਿਥਯਾ ਵਸਤਾਂ ਦਾ ਦ੍ਰਿਸ਼ਟਾਂਤ ਦੇਕੇ ਉਪਦੇਸ਼ ਦਿਤਾ ਹੈ ਕਿ ਜਿਸ ਤਰਾਂ ਏਹ ਵਸਤਾਂ ਦਿਸਦੀਆਂ ਜ਼ਰੂਰ ਹਨ, ਪਰ ਵਾਸਤਵ ਵਿਚ ਨਹੀਂ ਹਨ,ਇਸੇ ਤਰਾਂ ਤੇਰਾ ਇਹ ਸਰੀਰ ਤੈਨੂੰ ਭਾਸ ਰਿਹਾ ਹੈ, ਪਰ ਇਹ ਸਥਿਰ ਨਹੀਂ ਹੈ, "ਸਗਲ ਜਗਤ ਮਿਥਿਆ ਏਹ ਜਾਨੋ।" "ਆਦਿ ਅੰਤੇ ਨਾਸਤੀ ਮਧੇ ਆਸਤੀ ਸਾ ਮਿਥਯਾ"। ਜੋ ਸ਼ੁਰੂ ਤੇ ਅੰਤ ਵਿਚ ਨਹੀਂ ਹੈ ਤੇ ਵਿਚ ਵਿਚਾਲੇ ਭਾਸ ਰਹੀ ਹੈ, ਉਹ ਵਸਤੂ ਮਿਥਯਾ ਹੁੰਦੀ ਹੈ, ਇਸ ਤਰਾਂ ਅਸਾਡੀ ਦੇਹ ਪਹਿਲੇ ਨਹੀਂ ਸੀ, ਅੰਤ ਵਿਚ ਨਹੀਂ ਰਹਿੰਦੀ। ਕੇਵਲ ਅਜ ਕਲ ਕੁਝ ਦਿਨਾਂ ਲਈ ਭਾਸ ਰਹੀ ਹੈ। ਇਹ ਭਾਸਨਾਂ ਦਿਸਦਾ ਛਲ ਰੂਪ ਹੈ।

**ਨੈਹਰ ਕੁਆਰਿਕੰਨਿਆਂ ਲਾਡਿਲੀ ਕੈ ਮਾਨੀਅਤ ਬਿਆਹੇ ਸਸੁਰਾਰ ਜਾਇ ਗੁਨਨ ਕੈ ਮਾਨੀਐ ॥**

[ਨੈਹਰ=ਪੇਕੇ ਘਰ, ਮਾਂ ਬਾਪ ਦੇ ਘਰ ॥ ਸਸੁਰਾਰ=ਸਹੁਰੇ ਘਰ,ਪਤੀ ਦੇ ਪਿਤਾ ਦੇ ਘਰ ॥ ਮਾਨੀਐ=ਮਾਣ ਪਾਂਦੀ ਹੈ ॥ ਬਿਦੇਸ=ਪ੍ਰਦੇਸ, ਕਿਸੇ ਹੋਰ ਦੇਸ਼ ॥ ਲਾਭ ਲਭਤ=ਖਟੀ ਖੱਟਕੇ॥ ਸੰਗ੍ਰਾਮ=ਲੜਾਈ ਫੌਜ ॥ ਸੁਭਟ=ਬਹਾਦਰ ਜੋਧਾ ]

ਜਿਸ ਤਰ੍ਹਾਂ ਪੇਕੇ ਘਰ ਵਿਚ ਕੁਆਰੀ ਕੰਨਿਆਂ (ਮਾਪਿਆਂ ਦੀ) ਲਾਡਲੀ ਹੋਣ ਕਰਕੇ ਮਾਣ ਪਾਂਦੀ ਹੈ, (ਪਰ) ਵਿਆਹੀ (ਜਾਣ ਮਗਰੋਂ) ਸਹੁਰੇ ਘਰ ਵਿਚ ਗੁਣਾਂ (ਵਾਲੀ ਹੋਣ) ਕਰਕੇ ਮਾਣ ਪਾਂਦੀ ਹੈ।

**ਬਨਜ ਬਿਉਹਾਰ ਲਗਿ ਜਾਤ ਹੈ ਬਿਦੇਸਿ ਪ੍ਰਾਨੀ ਕਹੀਐ ਸਪੂਤ੍ਰ ਲਾਭ ਲਭਤ ਕੈ ਆਨੀਐ ॥**

ਜਿਸ ਤਰ੍ਹਾਂ (ਬਨਜ ਬਪਾਰ ਵਿਚ ਲਗਕੇ ਬੰਦਾ ਪ੍ਰਦੇਸ ਚਲਾ ਜਾਂਦਾ ਹੈ, (ਪਰ ਜੇਹੜਾ) ਖੱਟੀ ਖੱਟਕੇ (ਘਰ) ਲਿਆਉਂਦਾ ਹੈ, (ਸਾਰੇ ਉਸਨੂੰ) ਸਪੁਤ੍ਰ ਸਪੂਤ ਕਹਿੰਦੇ ਹਨ।

**ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ ਜੀਤਿ ਆਵੈ ਸੋਈ ਸੂਰੋ ਸੁਭਟ ਬਖਾਨੀਐ ॥**

ਜਿਸ ਤਰ੍ਹਾਂ ਮਚੀ ਹੋਈ ਲੜਾਈ ਵੇਲੇ (ਕੋਈ) ਯੋਧਾ ਦੁਸਮਨ ਦੀ ਫੌਜ ਵਿਚ ਇਕਲਾ ਹੀ

(ਤਲਵਾਰ ਫੜਕੇ) ਧਸ ਜਾਵੇ, (ਤੇ ਦੁਸ਼ਮਨਾਂ ਨੂੰ) ਜਿਤ ਕੇ (ਜੀਊਂਦਾ ਮੁੜ ਆਵੇ ਤਾਂ ਉਸ ਸੂਰਮੇ ਨੂੰ (ਸਾਰੇ ਲੋਕੀ) ਬੜਾ ਬਹਾਦਰ ਆਖਿਆ ਕਰਦੇ ਹਨ।

**ਮਾਨਸ ਜਨਮੁ ਪਾਇ ਚਰਨਿ ਸਰਨਿ ਗੁਰ ਸਾਧ ਸੰਗਿ ਮਿਲੈ ਗੁਰ ਦੁਆਰਿ ਪਹਿਚਾਨੀਐ ॥ ੯੪ ॥ ੧੧੯ ॥**

ਇਸੇ ਤਰ੍ਹਾਂ (ਜਿਸਨੇ) ਮਨੁਖ ਜਨਮ ਪਾਕੇ, ਗੁਰੂ ਦੀ ਚਰਨ ਸ਼ਰਨ ਪਾਈ ਹੈ ਅਤੇ ਸਾਧ ਸੰਗ ਵਿਚ ਮਿਲਿਆ ਹੈ, (ਉਸੇ ਨੂੰ) ਗੁਰੂ ਦੇ ਰਾਹੀ (ਜਨਮ ਨੂੰ ਸਫਲ ਕਰਨ ਵਾਲਾ) ਪਛਾਣੀਦਾ ਹੈ।੯੪॥੧੧੯॥

**ਨੈਹਰ ਕੁਟੰਬੁ ਤਜਿ ਬਿਆਹੇ ਸਸੁਰਾਰ ਜਾਇ ਗੁਨਨ ਕੈ ਕੁਲਾ ਬਧੂ ਬਿਰਦੁ ਕਹਾਵਈ ॥**

ਕੁਲਾ ਬਧੂ=ਨੂੰਹ ॥ ਬਿਰਦ=ਧਰਮ, ਜਾਂ ਨਾਮ ॥ ਗੁਰ ਜਨਾ=ਵਡੇ ਪੁਰਸ਼ਾਂ, ਸਹੁਰਾ ਪਤਿਔਰਾ, ਜੇਠ ਆਦਿਕ ॥ ਗ੍ਰਿਹੇਸੁਰ= ਘਰ ਦੀ ਰਾਣੀ ਜਾਂ ਘਰ ਦੀ ਮਾਲਕ ॥ ਸਹ ਗਾਮਿਨੀ=ਨਾਲ ਜਾਣ ਵਾਲੀ ਸਾਥਨ ॥

(ਕੁਆਰੀ ਕੰਨਯਾ) ਪਿਤਾ ਦੇ ਘਰ ਦੇ ਪਰਵਾਰ ਨੂੰ ਛਡਕੇ ਵਿਆਹੇ ਜਾਣ ਕਰਕੇ ਸਹੁਰੇ ਘਰ ਚਲੀ ਜਾਂਦੀ ਹੈ) ਤਾਂ ਆਪਨੇ ਉਚ) ਗੁਣਾਂ ਕਰਕੇ ਸ੍ਰੇਸ਼ਟ ਕੁਲ ਦੀ ਬਹੂ ਨਾਮ ਕਹਾਉਂਦੀ ਹੈ, (ਅਰਥਾਤ ਸੱਸ ਆਦਿਕ ਸਾਰੀਆਂ ਤੀਵੀਆਂ ਉਸਦੀ ਕੀਰਤੀ ਕਰਦੀਆਂ ਹਨ ਕਿ ਸਾਡੀ ਬਹੂ ਤਾਂ ਚੰਗੀ ਕੁਲ ਦੀ ਹੈ ਆਦਿਕ)।

**ਪੂਰਨ ਪਤਿਬ੍ਰਤਿ ਅਉ ਗੁਰ ਜਨ ਸੇਵਾ ਭਾਇ ਗ੍ਰਿਹ ਮੈ ਗ੍ਰਿਹੇਸੁਰਿ ਸੁਜਸੁ ਪ੍ਰਗਟਾਵਈ ॥**

ਪੂਰਨ ਪਤਿਬ੍ਰਤਾ (ਹੋਕੇ ਪਤੀ ਦੀ ਸੇਵਾ ਭਗਤੀ ਕਰਦੀ ਹੈ) ਅਤੇ ਸਹੁਰਾ, ਪਤਿਔਰਾ, ਜੇਠ ਆਦਿਕ ਵਡੇ ਪੁਰਸ਼ਾਂ ਦੀ ਸੇਵਾ (ਭੀ ਆਪਨੇ ਪਿਤਾ, ਚਾਚੇ ਤੇ ਭਰਾਵਾਂ ਸਮਾਨ) ਭਗਤੀ ਭਾਵ ਨਾਲ (ਕਰਦੀ ਹੈ ਇਸ ਤਰ੍ਹਾਂ) ਘਰ ਦੇ ਵਿਚ ਘਰ ਦੀ ਰਾਣੀ (ਹੋਕੇ ਜਗਤ ਵਿਚ ਆਪਨਾ) ਸੁਜਸ ਪ੍ਰਗਟਾਉਂਦੀ ਹੈ।

**ਅੰਤ ਕਾਲਿ ਜਾਇ ਪ੍ਰਿਅ ਸੰਗਿ ਸਹ ਗਾਮਿਨੀ ਹੁਇ ਲੋਕ ਪਰਲੋਕ ਬਿਖੈ ਊਚ ਪਦੁ ਪਾਵਈ ॥**

(ਇਸੇ ਤਰ੍ਹਾਂ) ਅੰਤ ਦੇ ਸਮੇਂ ਭੀ ਪਤੀ ਦੇ ਨਾਲ (ਹੀ ਉਸਦੀ) ਸਾਥਨ ਹੋ ਕੇ ਜਾਂਦੀ ਹੈ,(ਜਿਸ ਕਰਕੇ ਲੋਕ ਪਰਲੋਕ ਵਿਚ ਉਚੀ ਪਦਵੀ ਪਾ ਲੈਂਦੀ ਹੈ।

**ਗੁਰਮੁਖਿ ਮਾਰਗ ਭੈ ਭਾਇ ਨਿਰਦਾਹੁ ਕਰੈ ਧੰਨਿ ਗੁਰ ਸਿਖ ਆਦਿ ਅੰਤਿ ਠਹਰਾਵਈ ॥੯੫॥੧੧੯॥**

(ਇਸੇ ਤਰ੍ਹਾਂ ਹੀ ਜੇਹੜਾ ਕੋਈ) ਗੁਰਸਿਖੀ ਮਾਰਗ ਵਿਚ ਪ੍ਰੇਮ ਤੇ ਭਗਤੀ ਨਾਲ ਨਿਰਬਾਹ ਕਰਦਾ ਹੈ,ਅਤੇ ਸ਼ੁਰੂ ਤੋਂ ਅਖੀਰ ਤਕ(ਸੇਵਾ ਭਗਤੀ ਵਿਚ ਮਨ ਨੂੰ) ਠਹਰਾਈ ਰਖਦਾ ਹੈ, (ਉਹ) ਗੁਰ ਸਿਖ ਧੰਨ ਧੰਨ ਹੈ ॥ ੯੫ ॥ ੧੧੯ ॥

**ਜੈਸੇ ਨ੍ਰਿਪ ਧਾਮ ਭਾਮ ਏਕ ਸੈ ਅਧਿਕ ਏਕ ਨਾਇਕਾ ਅਨੇਕ ਰਾਜਾ ਸਭਨ ਲਡਾਵਈ ॥**

[ਭਾਮ=ਇਸਤ੍ਰੀ। ਧਾਮ=ਘਰ। ਨਾਇਕ- ਸ੍ਵਾਮੀ, ਮਾਲਕ। ਲਡਾਵਈ ਪਿਆਰ ਕਰਦਾ ਹੈ। ਪਟਰਾਣੀ-(ਪਟ ਤਖਤ) ਤਖਤ ਉਤੇ ਰਾਜੇ ਦੇ ਨਾਲ ਬੈਠਨ ਵਾਲੀ ਰਾਣੀ। ਪਹਿਲੇ ਸਮਿਆਂ ਵਿਚ ਪਟਰਾਣੀ =ਤਖਤ ਉਤੇ ਬੈਠਨ ਵਾਲੀ ਰਾਣੀ। ਰਾਜ ਦਰਬਾਰ ਸਮੇਂ ਰਾਣੀ ਭੀ ਰਾਜੇ ਦੇ ਨਾਲ ਤਖਤ ਉਤੇ ਬੈਠਿਆ ਕਰਦੀ ਸੀ, ਜੈਸਾ ਕਿ ਸੀਤਾ ਸ੍ਰੀ ਰਾਮ ਚੰਦ੍ਰ ਜੀ ਨਾਲ ਬੈਠਦੀ ਸੀ ਆਦਿ। ਮੁਸਲਮਾਨਾਂ ਦੇ ਹਮਲੇ ਤੋਂ ਬਾਦ ਇਸਤ੍ਰੀਆਂ ਲਈ ਪਰਦਾ ਕੀਤਾ ਗਿਆ ਤਾਂ ਰਾਣੀਆਂ ਨੂੰ ਮਹਲਾਂ ਅੰਦਰ ਲੁਕ ਕੇ ਬੈਠਣਾ ਪਿਆ।]

ਜਿਸ ਤਰ੍ਹਾਂ ਰਾਜੇ ਦੇ ਘਰ ਵਿਚ ਇਸਤ੍ਰੀ ਇਕ ਤੋਂ ਇਕ ਵਧੀਕ(ਰੂਪ ਰੰਗ ਤੇ ਗੁਣਾਂ ਵਿਚ) ਚੜ੍ਹਦੀ ਹੁੰਦੀ ਹੈ, ਅਤੇ ਸੁਾਮੀ ਰਾਜਾ (ਉਨ੍ਹਾਂ) ਸਭਨਾਂ ਨਾਲ ਲਾਡ ਪਿਆਰ ਕਰਦਾ ਹੈ।

**ਜਨਮਤ ਜਾਂਕੈ ਸੁਤੁ ਵਾਹੀ ਕੈ ਸੁਹਾਗੁ ਭਾਗੁ ਸਕਲ ਰਾਨੀ ਮੈ ਪਟਰਾਣੀ ਸੋ ਕਹਾਵਈ॥**

(ਪਰ) ਜਿਸ ਰਾਣੀ ਦੇ (ਗਰਭ ਤੋਂ) ਪੁਤਰ ਜੰਮਦਾ ਹੈ, ਉਸੇ ਦੇ (ਘਰ) ਸਾਰਾ ਸੁਹਾਗ ਭਾਗ (ਆ ਜਾਂਦਾ ਹੈ, ਅਤੇ) ਸਾਰੀਆਂ ਰਾਣੀਆਂ ਵਿਚੋਂ ਉਹ ਪਟਰਾਣੀ ਕਹਾਉਂਦੀ ਹੈ।

**ਅਸਨ ਬਸਨ ਸਿਹਜਾਸਨ ਸੰਜੋਗੀ ਸਭੈ ਰਾਜ ਅਧਿਕਾਰ ਤਉ ਸਪੂਤੀ ਗ੍ਰਿਹ ਆਵਈ॥**

ਅਸਨ(ਖਾਣ ਪੀਣ ਦੇ ਪਦਾਰਥ) ਬਸਨ(ਗਹਣੇ ਕਪੜੇ ਆਦਿ ਪਹਿਨਣ ਦੇ ਪਦਾਰਥ) ਤੇ ਸੇਜਾ ਦੇ ਭੋਗ ਆਦਿਕ ਵਿਚ ਸਾਰੀਆਂ (ਰਾਣੀਆਂ ਰਾਜੇ ਦੀਆਂ) ਸੰਜੋਗੀ (ਸਾਥਣਾਂ) ਹੁੰਦੀਆਂ ਹਨ, ਪਰ ਰਾਜ ਦਾ ਅਧਿਕਾਰ ਤਾਂ ਪੁਤ੍ਰ ਵਾਲੀ ਦੇ ਘਰ ਹੀ ਆਉਂਦਾ ਹੈ।

**ਗੁਰ ਸਿਖ ਸਭੈ ਗੁਰ ਚਰਨਿ ਸਰਨਿ ਲਿਵ ਗੁਰ ਸਿਖ ਸੰਧਿ ਮਿਲੈ ਨਿਜ ਪਦੁ ਪਾਵਈ॥੯੬॥ ੧੨੦॥**

(ਇਸੇ ਤਰ੍ਹਾਂ)ਸਾਰੇ ਹੀ ਗੁਰਸਿਖ ਗੁਰੂ ਦੀ ਚਰਨ ਸ਼ਰਨ ਦੀ ਪ੍ਰੀਤ ਵਾਲੇ ਹਨ, (ਪਰ ਜੇਹੜਾ) ਸਿਖ ਗੁਰੂ ਦੀ ਸੰਧੀ ਵਿਚ ਮਿਲ ਗਿਆ ਹੈ (ਉਹ ਹੀ) ਨਿਜ ਪਦ [ਆਤਮ ਸਰੂਪ] ਦਾ ਗਿਆਨ ਪਾਂਦਾ ਹੈ॥੯੬॥੧੨੧॥

**ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ ਦੇਹ ਧਾਰਿ ਕਰਤ ਹੈ ਪਰਉਪਕਾਰ ਜੀ॥**

[ਤੁਸ=ਤੋਹ, ਚੋਲਾਂ ਉਪਰਲਾ ਪੜਦਾ ਰੂਪ ਛਿਲਕਾ ਜੋ ਫੱਕ ਰੂਪ ਹੋਕੇ ਉਤਰ ਜਾਂਦਾ ਹੈ। ਨਿਪਜੈ=ਪੈਦਾ ਹੁੰਦਾ ਹੈ। ਘੁਨ-ਇਕ ਤਰ੍ਹਾਂ ਦਾ ਕੀੜਾ, ਜੋ ਅੰਨ ਨੂੰ ਤੇ ਲਕੜੀ ਨੂੰ ਨਾਸ ਕਰਦਾ ਹੈ। ਭਗਨ-ਟੋਟੇ ਟੋਟੇ। ਸ੍ਵਾਦਿ ਕਰਵਾਏ-ਸ੍ਵਾਦ ਵਿਚ ਕੁੜੱਤਣ ਵਾਲਾ। ਰਾਧੇ-ਰਿੰਨ੍ਹਣ ਕਰਕੇ।]

(ਜਿਸ ਤਰਾਂ) ਤੋਹਾਂ ਵਿਚ (ਹੁੰਦਾ ਹੋਇਆ) ਚਾਵਲ ਬੀਜਿਆ ਜਾਏ (ਤਾਂ) ਹਜ਼ਾਰ ਗੁਣਾਂ ਹੋ ਕੇ ਉਗਾਂਦਾ ਹੈ, (ਮਾਨੋ ਚਾਵਲ ਹੋਰ) ਦੇਹਾਂ ਧਾਰਨ ਕਰਕੇ ਪਰਉਪਕਾਰ ਕਰਦਾ ਹੈ।

**ਤੁਸ ਮੈ ਤੰਦੁਲ ਨਿਰਬਿਘਨ ਨ ਲਾਗੈ ਘੁਨੁ ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ॥**

ਤੋਹਾਂ ਵਿਚ (ਹੁੰਦਾ ਹੋਇਆ) ਚਾਵਲ ਨਿਰ-ਬਿਘਨ (ਰਹਿੰਦਾ ਹੈ, ਉਸਨੂੰ) ਘੁਣ ਨਹੀਂ ਲਗਦਾ, ਜੇ ਰਖਣਾ ਚਾਹੋ ਤਾਂ ਬਹੁਤ ਚਿਰ ਤਕ ਰਹਿੰਦਾ ਹੈ, (ਬਿ+ਕਾਰ) ਨਿਕੰਮਾਂ ਨਹੀਂ ਹੁੰਦਾ ਹੈ।

**ਤੁਸ ਸੈ ਨਿਕਸਿ ਹੋਇ ਭਗਨ ਮਲੀਨ ਰੂਪ ਸ੍ਵਾਦ ਕਰਵਾਇ ਰਾਧੇ ਰਹੈ ਨ ਸੰਸਾਰ ਜੀ॥**

ਤੋਹਾਂ ਵਿਚੋਂ ਨਿਕਲਕੇ (ਚਾਵਲ) ਟੋਟੇ ਟੋਟੇ ਹੋ ਜਾਂਦਾ ਹੈ, ਮੈਲੇ ਰੂਪ ਵਾਲਾ (ਬਦਸ਼ਕਲ ਜੇਹਾ) ਹੋ ਜਾਂਦਾ ਹੈ, ਸ੍ਵਾਦ ਵਿਕ ਕੁੜੱਤਣ (ਜੇਹੀ ਹੋ ਜਾਂਦੀ ਹੈ, ਭਲਾ ਜੇ) ਰਿੰਨ੍ਹਲਿਆ ਜਾਏ (ਫਿਰ ਤਾਂ) ਸੰਸਾਰ ਤੇ ਰਹਿੰਦਾ ਹੀ ਨਹੀਂ ਹੈ।

**ਗੁਰ ਉਪਦੇਸ਼ ਗੁਰ ਸਿਖ ਗ੍ਰਿਹ ਮੈ ਬੈਰਾਗੀ ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ॥੯੭॥੧੨੧॥**

(ਇਸੇ ਤਰ੍ਹਾਂ) ਗੁਰ ਸਿਖ ਗੁਰ ਉਪਦੇਸ਼ ਲੈਕੇ ਘਰ ਦੇ ਵਿਚ ਹੀ ਵੈਰਾਗੀ (ਹੋਕੇ ਰਹਿੰਦਾ ਹੈ, ਪਰ ਜੋ ਪੁਰਸ਼) ਘਰ ਨੂੰ ਛਡਕੇ (ਬਨਖੰਡ)ਜੰਗਲਾਂ ਵਿਚ

(ਚਲਾ ਜਾਂਦਾ ਹੈ, ਉਸ ਦਾ ਕਦੇ ਭੀ) ਉਧਾਰ ਨਹੀਂ ਹੁੰਦਾ ਹੈ ॥੯੭॥੧੨੧॥

ਭਾਵ–'ਗੁਰਮੁਖਿ ਮਾਇਆ ਵਿਚ ਉਦਾਸੀ ਜਿਉਂ ਕਮਲ ਰਹੇ ਵਿਚ ਪਾਨੀ ਹੇ॥' ਤੇਹ ਤੇ ਚਾਵਲ ਦਾ ਦ੍ਰਿਸ਼ਟਾਂਤ ਦੇਕੇ ਉਪਦੇਸ਼ ਦਿਤਾ ਹੈ– "ਗ੍ਰਹਸਤ ਵਿਚ ਪੁਰਸ਼ ਨੂੰ ਦੁਖ ਕੋਈ ਨਹੀਂ ਹੁੰਦਾ, ਸਗੋਂ ਅਨੇਕਾਂ ਲਾਭ ਪਰਾਪਤ ਹੁੰਦੇ ਹਨ।"

**ਹਰਦੀ ਅਉ ਚੂਨਾ ਮਿਲਿ ਅਰੁਨ ਬਰਨ ਜੈਸੇ ਚਤੁਰ ਬਰਨ ਕੈ ਤੰਬੋਲ ਰਸ ਰੂਪ ਹੈ ॥**

ਜਿਸ ਤਰਾਂ ਹਲਦੀ ਤੇ ਚੂਨਾ ਮਿਲ ਕੇ ਲਾਲ ਰੰਗ (ਬਣ ਜਾਂਦਾ ਹੈ,ਅਤੇ) ਜਿਸ ਤਰਾਂ ਤੰਬੋਲ ਦੇ ਚਾਰ ਸਾਵਾ, ਚਿੱਟਾ,ਚਿਤ ਮਿਤਾਲ ਤੇ ਭੁਸਲਾ-ਰੰਗਾਂ (ਦੇ ਮੇਲ) ਕਰਕੇ ਰਸ ਰੂਪ, (ਗੁਲਾਲ ਰੰਗ) (ਬਣ ਜਾਂਦਾ) ਹੈ।

**ਦੂਧ ਮੈ ਜਾਮਨੁ ਮਿਲੈ ਦਧਿ ਕੈ ਬਖਾਨੀਅਤ ਖਾਂਡ ਘ੍ਰਿਤ ਚੂਨ ਮਿਲਿ ਬਿੰਜਨ ਅਨੂਪ ਹੈ ॥**

(ਜਿਸ ਤਰਾਂ ਦੁਧ ਵਿਚ ਜਮਨ (ਜਾਗ) ਮਿਲਾ ਦੇਈਏ (ਤਾਂ ਉਸਦਾ) ਦਹੀਂ ਕਰਕੇ ਨਾਮ ਕਿਹਾ ਜਾਂਦਾ ਹੈ ਅਤੇ ਖੰਡ,ਘਿਉ, ਆਟਾ(ਮਿਲ ਜਾਣ ਤੋਂ) ਮਹਾਂ ਸਵਾਦੀ ਖਾਣ ਯੋਗ ਪਦਾਰਥ (ਕੜਾਹ) ਬਣ ਜਾਂਦਾ ਹੈ।

**ਕੁਸਮ ਸੁਗੰਧਿ ਮਿਲਿ ਤਿਲ ਸੈ ਫੁਲੇਲ ਹੋਤ ਸਕਲ ਸੁਗੰਧਿ ਮਿਲਿ ਅਰਗਜਾ ਧੂਪ ਹੈ ॥**

(ਜਿਸ ਤਰਾਂ) ਫੁਲਾਂ ਦੀ ਸੁਗੰਧੀ ਵਿਚ ਮਿਲੇ ਹੋਏ ਤਿਲਾਂ ਤੋਂ ਫੁਲੇਲ (ਪੈਦਾ) ਹੁੰਦੀ ਹੈ ਅਤੇ ਜਿਸ ਤਰਾਂ ਸਾਰੀਆਂ ਸੁਗੰਧੀਆਂ ਮਿਲਕੇ ਅਰਗਜਾ (ਜਾਂ ਲਖਲਖਾ) ਨਾਮ ਕਰਕੇ (ਧੂਪ) ਮਸ਼ਹੂਰ ਹੁੰਦਾ ਹੈ।

**ਦੋਇ ਸਿਖ ਸਾਧ ਸੰਗੁ ਪੰਚ ਪਰਮੇਸੁਰ ਹੈ ਦਸ ਬੀਸ ਤੀਸ ਮਿਲੇ ਅਬਿਗਤਿ ਊਪ ਹੈ ॥ ੯੮ ॥ ੧੨੨ ॥**

(ਇਸੇ ਤਰਾਂ) ਦੋ ਸਿਖ (ਕਠੇ ਮਿਲ ਬੈਠਣ ਤਾਂ ਉਨਾਂ ਦਾ ਨਾਮ) 'ਸਾਧ ਸੰਗ' ਹੈ, ਪੰਜ (ਸਿਖ ਕਠੇ ਹੋ ਬੈਠਨ ਤਾਂ ਮਾਨੋ ਸਾਖਸ਼ਾਤ) ਪਰਮੇਸ਼ਰ ਹੈ (ਅਤੇ ਜੇ) ਦਸ, ਵੀਹ ਜਾਂ ਤੀਹ(ਸਿਖ ਇਕਠੇ ਹੋ ਬੈਠਣਤਾਂ ਉਨਾਂ ਦੀ) ਉਪਮਾ ਅਬਗਤ ਹੈ ॥ ੯੮ ॥ ੧੨੨ ॥

**ਏਕ ਹੀ ਗੋਰਸ ਮੈ ਅਨੇਕ ਰਸ ਕੋ ਪ੍ਰਕਾਸ਼ ਦਹਿਓ ਮਹਿਓ ਮਾਖਨ ਅਉ ਘ੍ਰਿਤ ਉਨਮਾਨੀਐ ॥**

ਗੋਰਸ=ਦੁਧ। ਮਹਿਓ=ਮੱਠਾ।ਉਖਾਰੀ= ਕਮਾਦ । ਕਲੀ=ਕੂਜਾ । ਕੰਦ=ਕੁਲਫ਼ ਦੀ ਸ਼ਕਲ ਵਿਚ ਜਮਾਈ ਹੋਈ ਖੰਡ (ਜੋ ਅਜਕਲ ਕਾਬਲ ਆਦਿਕ ਦੇਸਾਂ ਵਿਚ ਬਣਦੀ ਹੈ) । ਗੇਹੂ=ਕਣਕ । ਉਸੇਈ= ਉਬਾਲੇ ਹੋਏ । ਪਾਵਕਿ = ਅਗਨੀ । ਸਲਲਿ = ਪਾਣੀ । ਪੰਚਾਮ੍ਰਿਤ = ਕੜਾਹ ਜਾਂ ਲਾਪਸੀ ॥

(ਜਿਸ ਤਰਾਂ) ਇਕ ਦੁਧ ਵਿਚੋਂ ਹੀ ਅਨੇਕਾਂ ਸੁਆਦ ਦਾ ਪ੍ਰਕਾਸ਼ ਹੁੰਦਾ ਹੈ, (ਜਿਹਾ ਕਿ) ਦਹੀਂ, ਮੱਠਾ,ਮਖਨ ਅਤੇ ਘਿਉ(ਤੇਲਸੀ)ਵਿਚਾਰੀ ਜਾਂਦੀਹੈ।

**ਏਕ ਹੀ ਉਖਾਰੀ ਮੈ ਮਿਠਾਸ ਕੋ ਨਿਵਾਸ ਗੁੜ ਖਾਂਡੁ ਮਿਸ਼ਰੀ ਅਉ ਕਲੀਕੰਦ ਪਹਿਚਾਨੀਐ ॥**

(ਜਿਸ ਤਰਾਂ) ਇਕੋ ਹੀ ਕਮਾਦ ਵਿਚ ਮਿਠਾਸ ਦਾ ਨਿਵਾਸ ਹੈ, (ਜਿਹਾ ਕਿ) ਗੁੜ, ਖੰਡ. ਮਿਸ਼ਰੀ ਅਤੇ ਕੂਜੀ ਤੇ ਕੰਦ ਕਰਕੇ ਪਛਾਣੀਦਾ ਹੈ।

**ਏਕ ਹੀ ਗੇਹੂ ਸੈ ਹੋਤ ਨਾਨਾ ਬਿੰਜਨਾਦਿ ਸ੍ਵਾਦਿ ਭੂੰਨੇ ਭੀਜੇ ਪੀਸੇ ਅਉ ਉਸੇਈ ਬਿਬਿਧਾਨੀਐ ॥**

(ਜਿਸ ਤਰਾਂ) ਇਕੋ ਹੀ ਕਣਕ ਤੋਂ ਅਨੇਕਾਂ ਬਿੰਜਨ ਆਦਿਕ ਸਵਾਦੀ (ਪਦਾਰਥ ਤਿਆਰ) ਹੁੰਦੇ ਹਨ, (ਜਿਹਾ ਕਿ) ਭੁਜੇ ਹੋਏ ਦਾਣੇ, ਭਿਜੇ ਤੇ

ਪੀਸੇ ਹੋਏ ਸਤੂ ਅਤੇ ਉਬਲੇ ਹੋਏ ਘੁੰਗਣੀਆਂ (ਆਦਿਕ) ਅਨੇਕਾਂ ਕਿਸਮਾਂ ਕਹਾਉਂਦੀਆਂ ਹਨ।

**ਪਾਵਕਿ ਸਲਲਿ ਏਕ ਏਕਹਿ ਗੁਣ ਅਨੇਕ ਪੰਚ ਕੈ ਪੰਚਾਮ੍ਰਿਤ ਸੁ ਸਾਧ ਸੰਗੁ ਜਾਨੀਐ॥੮੯॥੧੨੩॥**

(ਇਸੇ ਤਰਾਂ) ਅਗ ਤੇ ਪਾਣੀ ਇਕ ਇਕ ਵਿਚ ਅਨੇਕਾਂ ਗੁਣ ਹਨ, (ਪਰ) ਪੰਜਾਂ ਕਰਕੇ (ਇਕ) ਪੰਚਾਮ੍ਰਿਤ ਸਰੂਪ ਸਾਧ ਸੰਗਤ ਹੀ ਜਾਣੀ ਜਾਂਦੀ ਹੈ ॥੮੯॥ ੧੨੩॥

ਭਾਵ–ਇਹ ਹੈ,ਕਿ ਉਪਰ ਦਸੇ ਇਕ੨ ਪਦਾਰਥ ਵਿਚ ਅਨੇਕਾਂ ਅਨੇਕ ਰੂਪ, ਰਸ ਤੇ ਸਵਾਦ ਹਨ, ਪਰ ਸਾਧ ਸੰਗਤ ਵਿਚ ਜੋ ਪ੍ਰਸ਼ਾਦ ਵਰਤਦਾ ਹੈ,ਉਹ ਪੰਜਾਂ 'ਅਗ,ਪਾਣੀ, ਘਿਉ, ਖੰਡ ਤੇ ਆਟਾ ਤੋਂ ਇਕ ਪੰਚਾਮ੍ਰਿਤ [ਕੜਾਹ ਪ੍ਰਸ਼ਾਦ] ਬਣਦਾ ਹੈ। ਉਪਰਲੇ ਕਬਿਤ ਦੀਆਂ ਤਿੰਨਾਂ ਤੁਕਾਂ ਵਿਚ 'ਘਿਉ' ਖੰਡ ਤੇ ਆਟਾ ਕਥਨ ਕਰਕੇ ਚੌਥੀ ਤੁਕ ਵਿਚ ਅਗ-ਪਾਣੀ ਕਥਨ ਕਰਕੇ 'ਪੰਚ ਕੈ ਪੰਚਾਮ੍ਰਿਤ' ਸਪਸ਼ਟ ਕਰ ਦਿਤਾ ਹੈ, ਇਸ ਤੋਂ ਧੁਨਿ ਸੂਚਨ ਉਪਦੇਸ਼ ਏਹ ਦਿਤਾ ਹੈ ਕਿ ਹੋਰ ਪਦਾਰਥ ਤਾਂ ਏਕਤਾ ਵਲੋਂ ਅਨੇਕਤਾ ਵਲ ਲਿਜਾਣ ਵਾਲੇ ਹਨ, ਜੋ ਮਨ ਨੂੰ ਅਨੇਕਤਾ ਵਿਚ ਫਸਾਂਦੇ ਹਨ, ਪਰ ਕੜਾਹ ਪ੍ਰਸ਼ਾਦ ਅਨੇਕਤਾ ਵਲੋਂ ਏਕਤਾ ਵਲ ਆਉਂਦਾ ਹੈ। ਸੋ ਮਨ ਨੂੰ ਏਕਤਾ ਕਰਨ ਦਾ ਸਾਧਨ ਰੂਪ ਕਰਮ ਸਾਧ ਸੰਗਤ ਹੈ, ਇਸ ਲਈ ਜੋ ਭੀ ਸਾਧ ਸੰਗਤ ਕਰੇਗਾ, ਨਿਰਸੰਦੇਹ ਉਸਦਾ ਮਨ ਅਨੇਕਤਾ ਵਲੋਂ ਏਕਤਾ ਵਲ ਆਕੇ ਅੰਤ ਨੂੰ ਸਥਿਰ ਹੋ ਜਾਏਗਾ।

**ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ ਪੰਚ ਮਿਲੇ ਪ੍ਰਗਟ ਪੰਚਾਮ੍ਰਿਤ ਪ੍ਰਗਾਸ਼ ਹੈ॥**

ਜਿਸ ਤਰਾਂ–ਖੰਡ, ਘਿਉ, ਆਟਾ,ਪਾਣੀ ਤੇ ਅੱਗ ਇਕੱਠੇ ਹੋ ਗਏ (ਤਾਂ) ਪੰਜਾਂ ਦੇ ਮੇਲ ਤੋਂ ਪਰਗਟ ਹੀ ਪੰਚਾਮ੍ਰਿਤ ਜਾਂ ਕੜਾਹ (ਨਾਮ ਦਾ ਭੋਜਨ) ਪ੍ਰਕਾਸ਼ ਹੁੰਦਾ ਹੈ।

**ਮ੍ਰਿਗਮਦ ਗਉਰਾ ਚੋਆ ਚੰਦਨ ਕੁਸਮ ਦਲ ਸਕਲ ਸੁਗੰਧਿ ਕੈ ਅਰਗਜਾ ਸੁਬਾਸ ਹੈ॥**

(ਜਿਸ ਤਰਾਂ) ਮ੍ਰਿਗਮਦ [ਕਸਤੂਰੀ] [ਗਉਰਾ] ਗੋਰੋਚਨ, ਚੋਆ [ਅਤਰ], ਚੰਦਨ, ਫੁਲ-ਪੱਤ੍ਰ ਹੂਪ ਕੇਸਰ, (ਇਤਾਦਿਕ) ਸਾਰੀਆਂ ਸੁਗੰਧੀਆਂ ਕਰਕੇ 'ਅਰਗਜ' (ਨਾਮ ਵਾਲੀ) ਸ਼ੁਭ ਵਾਸ਼ਨਾ (ਹੁੰਦੀ ਹੈ)।

**ਚਤੁਰ ਬਰਨ ਪਾਨ ਚੂਨਾ ਅਉ ਸੁਪਾਰੀ ਕਾਥਾ ਆਪਾ ਖੋਇ ਮਿਲਤ ਅਨੂਪ ਰੂਪ ਤਾਸ ਹੈ॥**

(ਜਿਸ ਤਰਾਂ) ਚਾਰੇ ਰੰਗ-ਪਾਨ, ਚੂਨਾ, ਸੁਪਾਰੀ ਤੇ ਕੱਥਾ-ਆਪਣਾ ਆਪ ਨਾਸ ਕਰਕੇ ਮਿਲਦੇ ਹਨ, ਤਾਂ ਉਨ੍ਹਾਂ ਦਾ ਉਪਮਾਂ ਤੋਂ ਰਹਿਤ ਮਹਾਂ ਸੁੰਦਰ ਰੂਪ (ਪ੍ਰਗਟ ਹੁੰਦਾ ਹੈ।

**ਤੈਸੇ ਸਾਧ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਸਾਵਧਾਨ ਪੂਰਨ ਬ੍ਰਹਮ ਕੋ ਨਿਵਾਸ ਹੈ॥ ੯੦॥ ੧੨੪**

ਉਸੇ ਤਰਾਂ ਸਾਧ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ, (ਅਰਥਾਤ ਬ੍ਰਹਮਣ, ਖਤ੍ਰੀ, ਵੈਸ਼ ਤੇ ਸ਼ੂਦਰ ਮਿਲਕੇ ਸਾਰੇ ਹੀ ਸਤਸੰਗੀ ਹੋ ਜਾਂਦੇ ਹਨ) ਤਾਂਤੇ ਇਸਤਰਾਂ ਸਾਵਧਾਨ(ਹੋਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਸਾਧ ਸੰਗਤ ਹੀ) ਪੂਰਨ ਬ੍ਰਹਮ ਦੇ ਨਿਵਾਸ (ਦੀ ਜਗ੍ਹਾ ਸਚਖੰਡ ਹੈ) ॥੯੦॥ ੧੨੪॥

**ਸਹਜ ਸਮਾਧਿ ਸਾਧ ਸੰਗਤਿ ਮੈ ਸਚੁ ਖੰਡ ਸਤਿਗੁਰ ਪੂਰਨ ਬ੍ਰਹਮ ਕੋ ਨਿਵਾਸ ਹੈ॥**

ਸਾਧ ਸੰਗਤ ਕਰਦਿਆਂ ਸਹਜ ਸਮਾਧੀ (ਲੱਗ ਜਾਂਦੀ ਹੈ, ਕਿਉਂਕਿ) ਸਾਧ ਸੰਗਤ (ਰੂਪ) ਸਚ ਖੰਡ ਵਿਚ ਸਤਿਗੁਰੂ ਰੂਪ ਪੂਰਨ ਬ੍ਰਹਮ ਦਾ ਨਿਵਾਸ ਹੈ।

**ਦਰਸ ਧਿਆਨ ਸਰਗੁਨ ਅਕਾਲ ਮੂਰਤਿ ਪੂਜਾ ਫੂਲ ਫਲ ਚਰਨਾਮ੍ਰਿਤ**

**ਬਿਸ੍ਵਾਸ ਹੈ ॥**

ਅਕਾਲ ਪੁਰਖ ਦੀ ਸਰਗੁਣ ਮੂਰਤੀ(ਜੋਸਤਿਗੁਰੂ ਜੀ ਦੇ) ਦਰਸ਼ਨ ਦਾ ਧਿਆਨ (ਹੈ,ਇਹ ਅਕਾਲ ਦਾ ਧਿਆਨ ਹੈ,ਤਾਂਤੇ) ਫਲ, ਫੁਲ ਕਰਕੇ ਪੂਜਾ (ਕਰਨੀ ਤੇ)ਭਰੋਸੇ ਨਾਲ ਚਰਨਾਮ੍ਰਿਤ (ਲੈਣਾ ਚਾਹੀਦਾ ਹੈ)।

**ਨਿਰੰਕਾਰ ਚਾਰ ਪਰਮਾਰਥ ਪਰਮ ਪਦ ਸ਼ਬਦ ਸੁਰਤਿ ਅਵਗਾਹਨ ਅਭਿਆਸ ਹੈ ॥**

(ਜੋ ਗੁਰ)ਸ਼ਬਦ ਨੂੰ ਸੁਰਤ ਵਿਚ ਵਿਚਾਰਨ ਦਾ ਅਭਿਆਸ (ਕਰਨਾ ਹੈ, ਏਹ) ਚਾਰ (ਕਰਮ ਹੀ) ਪਰਮਾਰਥ (ਹਨ, ਜੋ)ਨਿਰੰਕਾਰ (ਦੀ ਪ੍ਰਾਪਤੀ ਰੂਪ) ਪਰਮਪਦ (ਸਰੂਪ ਹਨ ਅਰਥਾਤ ਸਾਧ ਸੰਗਤ ਕਰਨੀ ਗੁਰਦਰਸ਼ਨ ਦਾ ਧਿਆਨ, ਚਰਨਾਮ੍ਰਿਤ ਦਾ ਛਕਣਾ ਤੇ ਸੁਰਤ ਨਾਲ ਸ਼ਬਦ ਦਾ ਅਵਗਾਹਨ ਏਹੋ ਚਾਰ ਪਰਮ ਹੀ ਪਰਮਾਰਥ ਹਨ ਤੇ ਏਹੋ ਹੀ ਪਰਮਪਦ ਦੀ ਪ੍ਰਾਪਤੀ ਰੂਪ ਮੁਕਤੀ ਹੈ)।

**ਸਰਬ ਨਿਧਾਨ ਦਾਨ ਦਾਇਕ ਭਗਤਿ ਭਾਇ ਕਾਮ ਨਿਹਕਾਮ ਧਾਮ ਪੂਰਨ ਪ੍ਰਗਾਸ ਹੈ॥ ੯੧ ॥ ੧੨੫ ॥**

(ਜੋ) ਸਾਰੇ ਨਿਧਾਨਾਂ ਦਾ ਦਾਨ ਤੇ ਪ੍ਰੇਮਾ ਭਗਤੀ ਦੇਣ ਵਾਲਾ ਹੈ, (ਉਹ) ਕਾਮਨਾਂ ਤੋਂ ਨਿਹਕਾਮ (ਕਰਨ ਵਾਲਾ) ਪੂਰਨ ਗਿਆਨ ਹੈ ॥੯੧॥੧੨੫॥

**ਸਹਜ ਸਮਾਧਿ ਸਾਧ ਸੰਗਤਿ ਸੁਕ੍ਰਿਤ ਭੂਮਿ ਚਿਤ ਚਿਤਵਤ ਫਲ ਪ੍ਰਾਪਤਿ ਉਧਾਰ ਹੈ ॥**

ਸਹਜ ਸਮਾਧੀ (ਦਾ ਕਾਰਣ ਰੂਪ) ਸਾਧ ਸੰਗਤ ਪੁੰਨ ਭੂਮੀਹੈ,(ਜਿਸ ਵਿਚ)ਚਿਤ ਦੀ ਚਿਤਵਨ ਕਰਨ ਦਾ ਫਲ (ਮਨੁਖ ਜਨਮ ਦਾ) ਉਧਾਰ ਪ੍ਰਾਪਤ ਹੋ ਜਾਂਦਾ ਹੈ,(ਅਰਥਾਤ ਧਰਤੀ ਵਿਚ ਤਾਂ ਬੀਜ ਬੀਜਣ ਤੋਂ ਫਲ ਮਿਲਦਾ ਹੈ, ਪਰ ਸਾਧ ਸੰਗਤ ਰੂਪ ਪੁੰਨ ਭੂਮੀ ਵਿਚ ਬੀਜ ਬੀਜਣ ਦਾ ਚਿੱਤ ਵਿਚ ਇਰਾਦਾ ਕਰਨ ਤੋਂ ਹੀ ਫਲ ਮਿਲ ਜਾਂਦਾ ਹੈ, ਉਹ ਫਲ ਭੀ ਮਨੁਖ ਜਨਮ ਦਾ ਉਧਾਰ ਹੋਣਾ ਹੈ)।

**ਬਜਰ ਕਪਾਟ ਖੁਲੇ ਹਾਟ ਸਾਧ ਸੰਗਤਿ ਮੈ ਸ਼ਬਦ ਸੁਰਤਿ ਲਾਭ ਰਤਨ ਬਿਓਹਾਰ ਹੈ ॥**

ਸਾਧ ਸੰਗਤ ਕਰਦਿਆਂ (ਆਗ੍ਯਾ ਅੰਦੇਸ ਰੂਪ) ਬਜਰ ਕਪਾਟ ਖੁਲ੍ਹ ਜਾਂਦੇ ਹਨ, ਅਤੇ ਗੁਰੂ ਰੂਪ) ਹਟੀ ਤੋਂ ਸ਼ਬਦ ਸੁਰਤ ਦੀ (ਵਿਚਾਰ ਰੂਪ) ਵਾਪਾਰ (ਕਰਨ ਕਰਕੇ ਗਿਆਨ ਰੂਪ) ਰਤਨ ਦੀ ਪ੍ਰਾਪਤੀ ਰੂਪ ਲਾਭ (ਨਫ਼ਾ) (ਮਿਲਦਾ ਹੈ)।

**ਸਾਧ ਸੰਗਿ ਬ੍ਰਹਮ ਸਥਾਨ ਗੁਰ ਦੇਵ ਸੇਵ ਅਲਖ ਅਭੇਵ ਪਰਮਾਰਥ ਆਚਾਰ ਹੈ ॥**

ਸਾਧ ਸੰਗਤ ਗੁਰਦੇਵ ਰੂਪ ਬ੍ਰਹਮ ਦਾ ਸਥਾਨ ਹੈ, (ਇਸਦੀ ਜੋ) ਸੇਵਾ (ਕਰਨੀ ਹੈ, ਏਹੋ ਹੀ) ਅਲਖ ਅਭੇਵ ਰੂਪ ਪਰਮਾਰਥ ਦਾ ਕਰਤਬ ਹੈ।

**ਸੁਫਲ ਸੁਖੇਤ ਹੇਤ ਬਣਤ ਅਮਿਤਿ ਲਾਭ ਸੇਵਕ ਸਹਾਈ ਬਰਦਾਈ ਉਪਕਾਰ ਹੈ ॥ ੯੨ ॥ ੧੨੬ ॥**

ਉਹ (ਸਾਧ ਸੰਗਤ) ਸੁਫਲ ਖੇਤ (ਅਰਥਾਤ ਸ਼ੁਭ ਫਲ ਦੇਣ ਵਾਲਾ ਖੇਤ) ਹੈ, ਜੋ ਅਮਿਤ ਲਾਭ ਦੀ ਬਜੋਂਤ ਬਨਾਤ ਦਾ ਹੇਤੂ (ਕਾਰਣ) ਹੈ, ਸੇਵਕਾਂ ਦੀ ਸਹਾਇਤਾ ਕਰਣ ਵਾਲਾ ਹੈ, ਵਰ ਦੇਣ ਵਾਲਾ ਤੇ ਉਪਕਾਰ (ਕਰਨ ਵਾਲਾ) ਹੈ ॥੯੨॥ ੧੨੬॥

**ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ ਕਾਲ ਮੈ ਅਕਾਲ ਕਾਲ ਬਿਆਲ ਬਿਖੁ ਮਾਰੀਐ ॥**

ਸਤਿਗੁਰੂ ਸੰਤ ਦਾ ਚਰਨਾਮ੍ਰਿਤ (ਜੋ) ਨਿਧੀਆਂ ਦਾ ਘਰ ਰੂਪ ਹੈ, (ਉਸਨੂੰ) ਪਾਨ (ਕਰਕੇ ਸਿਖ) ਕਾਲ ਵਿਚ (ਰਹਿੰਦਾ ਹੋਇਆ ਭੀ) ਅਕਾਲ (ਰੂਪ ਹੈ, ਕਿਉਂਕਿ ਉਸਨੇ) ਕਾਲ (ਰੂਪ) (ਬਯਾਲ) ਸਪ ਦੀ ਜ਼ਹਿਰ ਮਾਰ ਲਈ ਹੈ।

**ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ ਕੁਲ ਅਕੁਲੀਨ ਭਏ ਦੁਬਿਧਾ ਨਿਵਾਰੀਐ ॥**

ਸਤਿਗੁਰੂ ਸੰਤ ਦੇ ਨਿਧਾਨ ਰੂਪ ਚਰਨਾਮ੍ਰਿਤ ਨੂੰ ਪਾਨ (ਕਰਕੇ ਸਿਖ) ਕੁਲ ਤੋਂ ਅਕੁਲੀਨ ਹੋ ਗਏ ਹਨ, (ਕਿਉਂਕਿ ਰਾਗਦ੍ਵੈਖ ਰੂਪ) ਦੁਬਿਧਾ ਨਾਸ ਕਰ ਦਿਤੀ ਹੈ।

**ਗੁਰਮੁਖਿ ਸਾਧ ਚਰਨਾਮ੍ਰਿਤ ਨਿਧਾਨ ਪਾਨ ਸਹਜ ਸਮਾਧਿ ਨਿਜ ਆਸਨ ਕੀ ਤਾਰੀਐ ॥**

ਸਤਿਗੁਰੂ ਸਾਧੂ ਦੇ ਨਿਧਾਨ ਰੂਪ ਚਰਨਾਮ੍ਰਿਤ ਨੂੰ ਛਕ ਕਰਕੇ ਸਹਿਜ ਸਮਾਧੀ (ਲਾਕੇ) ਨਿਜ ਸਥਾਨ ਤੇ ਤਾੜੀ ਲਾ ਲਈ ਹੈ।

**ਗੁਰਮੁਖਿ ਸਾਧ ਚਰਨਾਮ੍ਰਿਤ ਪਰਮ ਪਦ ਗੁਰਮੁਖਿ ਪੰਥ ਅਬਗਤਿ ਗਤਿ ਨਯਾਰੀ ਹੈ ॥ ੯੩॥ ੧੨੮॥**

ਸਤਿਗੁਰੂ ਸਾਧੂ ਦੇ ਚਰਨਾਮ੍ਰਿਤ (ਨੂੰ ਛਕਕੇ) ਪਰਮਪਦ (ਪਾ ਲਿਆ ਹੈ, ਕਿਉਂਕਿ) ਸਤਿਗੁਰੂ ਦੇ ਪੰਥ ਦੀ ਗਤਿ ਅਬਗਤ ਤੇ ਨਿਆਰੀਹੈ।੯੩।੧੨੮।

**ਸਹਜਿ ਸਮਾਧਿ ਸਾਧ ਸੰਗਤਿ ਸਖਾ ਮਿਲਾਪ ਗਗਨ ਘਟਾ ਘਮੰਡ ਜੁਗਤਿ ਕੈ ਜਾਨੀਐ ॥**

ਸਾਧ ਸੰਗਤ ਕਰਦਿਆਂ (ਜੋ) ਸਹਿਜ ਸਮਾਧੀ ਦਵਾਰਾ ਮਿਤ੍ਰ-ਮਿਲਾਪ ਹੈ। ਮਾਨੋਂ ਅਕਾਸ਼ ਵਿਚ ਘਟਾਂ ਦੇ ਘਮੰਡ ਦੀ ਜੁਗਤੀ ਕਰਕੇ ਜਾਣੀਦੀ ਹੈ।

**ਸਹਿਜ ਸਮਾਧਿ ਕੀਰਤਨ ਗੁਰ ਸ਼ਬਦ ਕੈ ਅਨਹਦ ਸ਼ਬਦ ਨਾਦ ਗਰਜਤ ਉਨਮਾਨੀਐ ॥**

ਸਹਿਜ ਸਮਾਧੀ ਦਵਾਰਾ (ਜੋ) ਗੁਰ ਸ਼ਬਦ ਦਾ ਕੀਰਤਨ ਕਰਣਾ ਹੈ, (ਉਹ ਮਾਨੋਂ) ਅਨਹਦ ਸ਼ਬਦ ਦੀ ਗਰਜਨਾ ਵਿਚਾਰ ਕਰਨੀ ਚਾਹੀਦੀ ਹੈ।

**ਸਹਜ ਸਮਾਧਿ ਸਾਧ ਸੰਗਤਿ ਜੋਤੀ ਸਰੂਪ ਦਾਮਿਨੀ ਚਮਤਕਾਰ ਉਨਮਨ ਮਾਨੀਐ ॥**

ਸਾਧ ਸੰਗਤ ਦਵਾਰੇ (ਜੋ) ਸਹਿਜ ਸਮਾਧੀ ਵਿਚ ਜੋਤੀ ਸਰੂਪ (ਦਾ ਪ੍ਰਕਾਸ਼ ਹੁੰਦਾ ਹੈ, ਉਹ ਮਾਨੋ) ਬਿਜਲੀ ਦੇ ਚਮਤਕਾਰ ਦੀ ਵਿਚਾਰ ਹੀ ਮੰਨਣਾ ਚਾਹੁੰਦਾ ਹੈ।

**ਸਹਜ ਸਮਾਧਿ ਲਿਵ ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ ਸਰਬ ਨਿਧਾਨੀਐ ॥੯੪॥੧੨੯॥**

ਸਹਿਜ ਸਮਾਧੀ ਦੀ ਲਿਵ ਵਿਚ (ਜੋ) ਇਕ ਰਸ ਅਪਾਰਧਾਰ(ਦਾ ਝਰਨਾ ਝਰਦਾ ਹੈ,ਉਹ ਮਾਨੋ)ਸਾਰੇ ਨਿਧਾਨ (ਬਖਸ਼ਨ ਵਾਲੇ) ਅਮ੍ਰਿਤ ਜਲ ਦੀ ਬਰਖਾ (ਹੋ ਰਹੀ)ਹੈ (ਅਰਥਾਤ ਸਹਿਜ ਸਮਾਧੀ ਦਾਵਰਨਣ ਕਥਨ ਸੁਣਨ ਤੋਂ ਬਾਹਰ ਹੈ॥ ੯੪॥ ੧੨੯॥

**ਜੈਸੇ ਤਉ ਗੋ ਬੰਸ ਤ੍ਰਿਨ ਖਾਇ ਦੁਹੇ ਗੋਰਸ ਦੈ ਗੋਰਸ ਅਉਟਾਏ ਦਧਿ ਮਾਖਨ ਪ੍ਰਗਾਸ ਹੈ ॥**

ਜਿਸ ਤਰ੍ਹਾਂ (ਗੋਬੰਸ) ਗਊਆਂ ਘਾਹ ਖਾਂਦੀਆਂ ਹਨ, ਚੋਣ ਨਾਲ ਦੁਧ ਦੇਂਦੀਆਂ ਹਨ, (ਉਸ ਦੁਧ ਨੂੰ) ਉਬਾਲ ਕੇ (ਜਾਗ ਲਾਕੇ ਰਖ ਦੇਈਏ ਤਾਂ ਉਸਦੀ) ਦਹੀਂ (ਬਣ ਜਾਂਦੀ ਹੈ, ਉਸ ਦਹੀਂ ਨੂੰ ਰਿੜਕੀਏ ਤਾਂ ਲਸੀ ਬਣ ਜਾਂਦੀ ਹੈ, ਜਿਸ ਵਿਚੋਂ) ਮਖਨ ਪ੍ਰਗਟ ਹੁੰਦਾ ਹੈ।

**ਊਖ ਮੈ ਪਿਯੂਖ ਤਨ ਖੰਡ ਖੰਡ ਕੈ ਪਿਰਾਏ ਰਸ ਕੇ ਅਉਟਾਏ ਖੰਡ ਮਿਸਰੀ ਮਿਠਾਸ ਹੈ ॥**

(ਜਿਸ ਤਰ੍ਹਾਂ) ਕਮਾਦ ਵਿਚ (ਪਯੂਖ-ਅੰਮ੍ਰਿਤ) ਰਸ-ਰਹੁ ਹੈ, (ਕਮਾਦ ਦੇ)ਸਰੀਰ ਨੂੰ ਟੋਟੇ ਟੋਟੇ ਕਰ ਕੇ ਪੀੜਿਆ ਜਾਏ(ਤਾਂ ਉਹ) ਰਸ (ਦੇਂਦਾ ਹੈ,ਉਸ)

ਰਸ ਨੂੰ ਕਾੜ੍ਹਨੇ ਕਰਕੇ ਮਿਠਾਸ ਤੋਂ ਖੰਡ ਤੇ ਮਿਸਰੀ (ਆਦਿਕ ਚੀਜਾਂ ਬਣ ਜਾਂਦੀਆਂ ਹਨ)

**ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ ਢਾਕ ਅਉ ਪਲਾਸ ਜੈਸੇ ਚੰਦਨ ਸੁ ਬਾਸ ਹੈ॥**

ਜਿਸ ਤਰਾਂ ਚੰਦਨ ਦੀ ਵਾਸ਼ਨਾਂ ਦੇ ਸਬੰਧ ਕਰਕੇ ਢਕ ਤੇ ਪਲਾਸ (ਆਦਿਕ) ਬਨਾਸਪਤੀ ਵਿਚ ਚੰਦਨ ਦੀ ਸ਼ੁਭ ਵਾਸ਼ਨਾ (ਪ੍ਰਵੇਸ਼ ਕਰ ਜਾਂਦੀ) ਹੈ।

**ਸਾਧ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ ਗੁਰਮਤਿ ਪਰਉਪਕਾਰ ਕੈ ਨਿਵਾਸ ਹੈ ॥੯੫॥੧੨੯॥**

(ਇਸੇ ਤਰਾਂ)ਸਾਧ ਸੰਗ ਨਾਲ ਮਿਲਦਿਆਂ(ਹੀ) ਸੰਸਾਰੀਪੁਰਸ਼ ਭੀ ਨਿਰੰਕਾਰੀ ਹੋ ਜਾਂਦਾ ਹੈ(ਕਿਉਂਕਿ ਗੁਰ ਉਪਕਾਰ ਕਰਕੇ (ਉਸਦੇ ਹਿਰਦੇ ਵਿਚ) ਪਰ ਉਪਦੇਸ਼ ਦਾ ਨਿਵਾਸ ਹੋ ਜਾਂਦਾ ਹੈ ॥੯੫॥੧੨੯॥

**ਕੋਟਿਨਿ ਕੋਟਾਨਿ ਮਿਸਟਾਨ ਪਾਨ ਸੁਧਾ ਰਸ ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ ॥**

ਕ੍ਰੋੜ ਕ੍ਰੋੜ (ਕਿਸਮ ਦੇ) ਮਿਠੇ ਮਿਠੇ ਪਦਾਰਥ (ਖਾਣ) ਪੀਣ ਦੇ ਅੰਮ੍ਰਿਤ ਵਰਗੇ ਸੁਆਦ ਵਾਲੇ ਹੋਣ, (ਤਾਂ ਉਹ) ਸੰਤਾਂ ਦੇ ਮੂੰਹ ਤੋਂ ਨਿਕਲੇ ਹੋਏ ਬਚਨਾਂ ਦੀ ਮਿਠਾਸ ਦੇ ਬਰਾਬਰ ਨਹੀਂ ਪੁਜਦੇ ਹਨ, (ਕਿਉਂਕਿ ਮਠਿਆਈਆਂ ਆਦਿਕ ਮਿਠੇ ਪਦਾਰਥਾਂ ਦੇ ਖਾਣ ਨਾਲ ਮਨ ਤੇ ਸਰੀਰ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ ਅਤੇ ਸੰਤਾਂ ਮਹਾਂ ਪੁਰਸ਼ਾਂ ਦੇ ਮਿਠੇ ੨ ਬਚਨਾਂ ਨੂੰ ਸੁਣ ਸੁਣਕੇ ਮਨ ਵਿਕਾਰਾਂ ਵਲੋਂ ਹਟਕੇ ਸ਼ੁਭ ਕਾਰ-ਵਿਹਾਰ ਵਿਚ ਲਗ ਜਾਂਦਾ ਹੈ, ਜਿਸ ਕਰ ਕੇ ਲੋਕ-ਪਰਲੋਕ ਵਿਚ ਮੁਖ ਉਜਲਾ ਹੁੰਦਾ ਹੈ)।

**ਸੀਤਲ ਸੁਗੰਧਿ ਚੰਦ੍ਰ ਚੰਦਨ ਕੋਟਾਨਿ ਕੋਟਿ ਪੂਜਸਿ ਨ ਸਾਧ ਮਤਿ ਨਿੰਮ੍ਰਤਾ ਸਚਨ ਕਉ ॥**

ਕਰੋੜਾਂ ਕਰੋੜ ਕਿਸਮ ਦੀਆਂ ਠੰਢਕ ਤੇ ਸੁਗੰਧੀ ਵਾਲੀਆਂ ਚੰਦਨ ਤੇ ਚੰਦ੍ਰਮਾਂ (ਆਦਿਕ ਵਸਤਾਂ ਹੋਣ, ਉਹ ਭੀ) ਸੰਤਾਂ ਦੇ ਉਪਦੇਸ਼ ਨਾਲ (ਜੋ) ਨਿਮ੍ਰਤਾ [ਸਚਨ] ਪ੍ਰਾਪਤ ਹੁੰਦੀ ਹੈ, (ਉਸਦੇ) ਬਰਾਬਰ ਨਹੀ ਪੁਜਦੀਆਂ ਹਨ, (ਕਿਉਂਕਿ—

"ਚੰਦਨ ਚੰਦੁ ਨ ਸਰਦ ਰੁਤਿ ਮੂਲ ਨ ਮਿਟਈ ਘਾਮ ॥ ਸੀਤਲ ਥੀਵੈ ਨਾਨਕਾ ਜਪੰਦੜੋ ਹਰਿ ਨਾਮ ॥"

ਚੰਦਨ, ਚੰਦ੍ਰਆ ਤੇ ਸਰਦ ਰੁਤ ਨਾਲ ਸਰੀਰ ਨੂੰ ਠੰਢ ਜਰੂਰ ਪੁਜਦੀ ਹੈ, ਪਰ ਮਨ ਨੂੰ ਜੋ ਕਾਮ ਕਰੋਧ ਦੀ ਅਗ ਸਾੜ ਰਹੀ ਹੈ, ਉਸਦੀ ਗਰਮੀ ਇਨ੍ਹਾਂ ਨਾਲ ਨਹੀਂ ਮਿਟਦੀ ਹੈ, ਉਸ ਤਪਸ਼ ਦੇ ਮਿਟਾਉਣ ਵਾਲਾ 'ਹਰਿ ਨਾਮ' ਹੈ, ਜੋ ਸੰਤਾਂ=ਗੁਰ ਸਿਖਾਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ, ਇਸ ਕਰਕੇ ਚੰਦ੍ਰਮਾ ਵਗੈਰਾ ਨਾਲੋਂ ਸੰਤਾਂ ਪਾਸੋਂ ਪ੍ਰਾਪਤ ਹੋਣ ਵਾਲੀ ਨਿਮ੍ਰਤਾ ਕਰੋੜ ਗੁਣਾਂ ਵਧੀਕ ਹੈ।

**ਕੋਟਿਨਿ ਕੋਟਾਨਿ ਕਾਮਧੇਨੁ ਅਉ ਕਲਪਤਰੁ ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ ॥**

ਕ੍ਰੋੜਾਂ ਕੋੜ ਕਾਮਧੇਨਾਂ ਤੇ ਕਲਪ ਬ੍ਰਿਛ (ਪ੍ਰਾਪਤ ਹੋ ਜਾਣ, ਪਰ) ਸੰਤਾਂ ਦੀ ਕ੍ਰਿਪਾ ਕਟਾਖਛ ਦੀ ਇਕ ਰਤੀ ਜਿੰਨਾ ਰਚਨਾ ਦੇ ਬਰਾਬਰ ਉਹ ਨਹੀਂ ਪੁਜ ਸਕਦੇ (ਕਿਉਂਕਿ ਕਲਪ ਬ੍ਰਿਛ ਤੇ ਕਾਮ ਧੇਨਾਂ ਸੰਸਾਰਕ ਪਦਾਰਥ ਦੇ ਸਕਦੇ ਹਨ. ਪਰਮਾਰਥ ਦੇ ਰਾਹ ਦਾ ਉਹਨਾਂ ਨੂੰ ਕੁਝ ਭੀ ਪਤਾ ਨਹੀਂ ਹੈ, ਸੰਤਾਂ ਨੇ ਕ੍ਰਿਪਾ ਭਰੀ ਨਜ਼ਰ ਨਾਲ ਪੁਰਸ਼ ਨੂੰ ਗੁਰ ਗਲੀ ਦਾ ਪਾਂਧੀਊ ਬਣਾ ਦੇਣਾ ਹੈ, ਇਸ ਕਰਕੇ ਕਾਮ ਧੇਨ ਤੇ ਕਲਪ ਬ੍ਰਿਛ ਨਾਲੋਂ ਸੰਤ ਜਨਾਂ ਦੀ ਕ੍ਰਿਪਾ ਦ੍ਰਿਸ਼ਟੀ ਬੜੀ ਉਤਮ ਵਸਤੂ ਹੈ, ਅਤੇ ਬੜੇ ਉਤਮ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ।

**ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ ਪੁਜਸਿ ਨ ਪਰਉਪਕਾਰ ਕੈ ਖਚਨ ਕਉ ॥੯੬॥੧੩੦॥**

ਸਾਰੇ ਖਜ਼ਾਨੇ ਤੇ ਸਾਰੇ ਹੀ ਫਲ ਕ੍ਰੋੜਾਂ ਕ੍ਰੋੜ ਗੁਣਾ ਪ੍ਰਾਪਤ ਹੋ ਜਾਣ, (ਪਰ ਜੋ) ਪਰ ਉਪਕਾਰ ਵਿਚ ਖਰਚ ਹੋ ਜਾਣਾ ਹੈ, (ਇਸ ਦੇ ਫਲ ਦੇ ਬਰਾਬਰ, ਸਾਰੇ ਖਜ਼ਾਨੇ ਤੇ ਕ੍ਰੋੜਾਂ ਕ੍ਰੋੜ ਗੁਣਾ ਸਾਰੇ ਫਲ ਭੀ ਨਹੀਂ ਪੁਜਦੇ ਹਨ ॥ ੯੬॥੧੩੦॥

**ਕੋਟਿਨਿ ਕੋਟਾਨਿ ਰੂਪ ਰੰਗ ਅੰਗ ਅੰਗ ਛਬਿ ਕੋਟਿਨਿ ਕੋਟਾਨਿ ਸ੍ਵਾਦ ਰਸ ਬਿੰਜਨਾਦਿ ਕੈ ॥**

ਕ੍ਰੋੜਾਂ ਕ੍ਰੋੜ ਗੁਣਾਂ ਰੂਪ ਤੇ ਰੰਗ (ਜਿਸ ਕਰਕੇ) ਅੰਗ ੨ ਦੀ (ਛਬਿ) ਸ਼ੋਭਾ ਪ੍ਰਗਟ ਹੋ ਰਹੀ ਹੋਵੇ,ਅਤੇ ਕ੍ਰੋੜ ਕ੍ਰੋੜ (ਤਰਾਂ ਦੇ) ਸਵਾਦ ਤੇ ਰਸ (ਭਰੇ) (ਬਿੰਜਨ)ਖਟੇ-ਮਿਠੇ ਤੇ ਸਲੂਣੇ ਭੋਜਨ ਵਗੈਰਾ ਹੋਣ।

**ਕੋਟਿਨਿ ਕੋਟਾਨਿ ਕੋਟਿ ਬਾਸਨਾ ਸੁਬਾਸ ਰਸਿ ਕੋਟਿਨ ਕੋਟਾਨਿ ਕੋਟਿ ਰਾਗ ਨਾਦ ਬਾਦ ਕੈ ॥**

ਕ੍ਰੋੜ ਕ੍ਰੋੜ (ਕੋਟੀ) ਕਿਸਮਾਂ ਦੇ ਚੰਦਨ ਵਰਗੀ ਸ਼ੁਭ ਵਾਸ਼ਨਾਂ ਦਾ ਰਸ(ਹੋਵੇਅਤੇ)ਕ੍ਰੋੜਕ੍ਰੋੜ ਤਰਾਂ ਦੇ ਰਾਗਾਂ ਦੇ ਨਾਦ ਤੇ ਵਾਜਿਆਂ ਦੇ ਨਾਦ (ਹੁੰਦੇ ਹੋਨ)।

**ਕੋਟਿਨਿ ਕੋਟਾਨਿ ਕੋਟਿ ਰਿਧਿ ਸਿਧਿ ਨਿਧਿ ਸੁਧਾ ਕੋਟਿਨਿ ਕੋਟਾਨਿ ਗਿਆਨ ਧਿਆਨ ਕਰਮਾਦ ਕੈ ॥**

ਕ੍ਰੋੜਾਂ ਕ੍ਰੋੜ ਕੋਟੀ [ਕਿਸਮਾਂ] ਦੀਆਂ ਰਿਧੀਆਂ, ਸਿਧੀਆਂ, ਨਿਧੀਆਂ ਤੇ ਅਮ੍ਰਿਤ (ਪ੍ਰਾਪਤ ਹੋ ਜਾਣ ਅਤੇ) ਕ੍ਰੋੜਾਂ ਕ੍ਰੋੜ (ਤਰਾਂ ਦੇ) ਗਿਆਨ ਧਿਆਨ ਤੇ ਕਰਮ ਆਦਿਕ (ਮਿਲੇ ਹੋਏ ਹੋਣ)।

**ਸਗਲ ਪਦਾਰਥ ਹੁਇ ਕੋਟਿਨ ਕੋਟਾਨਿ ਗੁਣ ਪੁਜਸਿ ਨ ਸਾਧ ਉਪਕਾਰ ਬਿਸਮਾਦਕੈ॥੯੭॥੧੩੧॥**

ਕ੍ਰੋੜਾਂ ਕ੍ਰੋੜ ਗੁਣਾਂ ਹੀ ਸਾਰੇ ਪਦਾਰਥ (ਕੱਠੇ ਹੋਕੇ ਭੀ) ਗੁਰ ਸਿਖ ਦੇ ਉਪਕਾਰ ਬਰਾਬਰ ਨਹੀਂ ਪੁਜ ਸਕਦੇ (ਸਾਧ) ਗੁਰ ਸਿਖ ਦਾ ਉਪਕਾਰ ਅਚਰਜ ਰੂਪ ਹੈ ॥ ੯੭ ॥ ੧੩੧ ॥

**ਅਜਯਾ ਅਧੀਨਤਾ ਤੇ ਪਰਮ ਪਵਿਤ੍ਰ ਭਈ ਗਰਬ ਕੈ ਸਿੰਘ ਦੇਹ ਮਹਾਂ ਅਪਵਿਤ੍ਰ ਹੈ ॥**

ਅਜਯਾ=ਬਕਰੀ । ਅਧੀਨਤਾ=ਗਰੀਬੀ । ਸਿੰਘ=ਸ਼ੇਰ । ਊਖ=ਕਮਾਦ । ਪਯੂਖ=ਅਮ੍ਰਿਤ, ਰਸ, ਰਹੁ । ਬਕਬਾਨੀ=ਬਕਵਾਦੀ, ਬੜਬੋਲਾ । ਸਿਤ੍ਰ = ਪ੍ਰਵੇਸ਼, ਨਿਵਾਸ ਕਰਨਾ । ਮੂਲ = ਜੜ੍ਹ, ਧਰਤੀ ਵਿਚ ਰਹਿਣ ਵਾਲੀ ਗੰਢੀ । ਸੰਗਾਤੀ=ਸਾਥੀ । ਦਾਦਰ=ਡੱਡੂ ।

(ਜਿਸ ਤਰਾਂ) ਗਰੀਬੀ ਨੂੰ ਧਾਰਨ ਕਰਨ ਕਰਕੇ ਬਕਰੀ ਪਰਮ ਪਵਿਤ੍ਰ ਹੋਈ ਹੈ ਅਤੇ ਹੰਕਾਰ ਨੂੰ ਧਾਰਨ ਕਰਨ ਕਰਕੇ ਸ਼ੇਰ ਦੀ ਦੇਹ ਮਹਾਂ ਅਪਵਿਤ੍ਰ ਹੈ, (ਭਾਵ ਏਹ ਹੈ, ਬਕਰੀ ਦਾ ਮਾਸ ਖਾਧਾ ਜਾਂਦਾ ਹੈ, ਆਂਦ੍ਰਾਂ ਦੀਆਂ ਤਾਰਾਂ ਰਬਾਬ ਵਗੈਰਾ ਤੇ ਲਗਦੀਆਂ ਹਨ,ਪਰ ਸ਼ੇਰ ਦਾ ਮਾਸ ਨਾ ਖਾਂਧਾ ਜਾਂਦਾ ਹੈ ਨਾਂ ਕੁਝ ਹੋਰਥੇ ਵਰਤੀਂਦਾ ਹੈ)।

**ਮੋਨਿ ਬ੍ਰਤ ਗਹੇ ਜੈਸੇ ਊਖ ਮੈ ਪਯੂਖ ਰਸ ਬਾਂਸ ਬਕਬਾਨੀ ਕੈ ਸੁਗੰਧਤਾ ਨ ਸਿਤ੍ਰ ਹੈ॥**

ਜਿਸ ਤਰਾਂ ਮੋਨ ਬਰਤ ਗ੍ਰਹਨ ਕਰਨ ਕਰਕੇ ਕਮਾਦ ਵਿਚ ਅਮ੍ਰਿਤ ਜੇਹੀ ਰਸ (ਪੈ ਗਈ ਹੈ,ਪਰ) ਬਾਂਸ ਦੇ ਬਕਵਾਦੀ ਹੋਣ ਕਰਕੇ (ਉਸ ਵਿਚ) ਸੁਗੰਧੀ ਪਰਵੇਸ਼ ਨਹੀਂ ਕਰਦੀ ਹੈ (ਅਰਥਾਤ ਕਮਾਦ ਅਜੇਹਾ ਚੁਪ ਕੀਤਾ ਹੁੰਦਾ ਹੈ ਕਿ ਜੇ ਕੋਈ ਆਦਮੀ ਉਸ ਵਿਚ ਲੁਕ ਜਾਵੇ ਤਾਂ ਉਸਨੂੰ ਬਾਹਰਲੀ ਕੋਈ ਗਲ ਨਹੀ ਸੁਣੀਦੀ ਹੈ, ਪਰ ਵਾਂਸ ਅਜੇਹਾ ਬਕਵਾਦੀ ਹੈ ਜੋ ਹਰ ਵੇਲੇ ਸਾਂ-ਸਾਂ ਕਰਦਾ ਰਹਿੰਦਾ ਹੈ, ਇਸੇ ਚੁਪ ਕਰਣ ਕਰਕੇ ਕਮਾਦ ਵਿਚ ਅੰਮ੍ਰਿਤ ਰੂਪ ਰਸ ਪਈ ਹੈ ਅਤੇ ਚੁਪ ਨਾਂ ਰਹਿਣ ਕਰਕੇ ਵਾਂਸਵਿਚਸੁਗੰਧੀ ਦਾਨਿਵਾਸਨਹੀਂ ਹੁੰਦਾ ਹੈ)।

**ਮੂਲ ਹੁਇ ਮਜੀਠ ਰੰਗ ਸੰਗਮ ਸੰਗਾਤੀ ਭਏ ਫੂਲ ਹੋਇ ਕੁਸੰਭ ਰੰਗ ਚੰਚਲ ਚਰਿਤ੍ਰ ਹੈ ॥**

(ਜਿਸ ਤਰਾਂ) ਮਜੀਠ ਜੜ੍ਹ ਹੈ, (ਜੋ ਧਰਤੀ ਦੇ ਵਿਚ ਲੁਕੀ ਰਹਿੰਦੀ ਹੈ, ਇਸ ਕਰਕੇ ਉਸਦਾ) ਰੰਗ (ਪੱਕਾ ਹੈ, ਕਿਉਂਕਿ ਉਹ) ਸੰਗ ਕਰਣ ਵਾਲੇ ਦਾ ਸਾਥੀ ਹੋ ਜਾਂਦਾ ਹੈ, (ਪਰ) ਕਸੁੰਭਾ 'ਫੁੱਲ' ਹੈ (ਜੋ ਧਰਤੀ ਤੋਂ ਉੱਚਾ ਹੋ ਹੋ ਕੇ ਆਪਾ ਵਿਖਾਉਂਦਾ ਹੈ, ਇਸ ਕਰਕੇ ਉਸਦੇ) ਰੰਗ ਦਾ ਚੰਚਲ ਚਰਿਤ੍ਰ ਹੈ, [ਭਾਵ ਮਜੀਠ ਨੀਵੀਂ ਹੈ, ਆਪ ਜ਼ਾਹਰ ਨਹੀਂ ਕਰਦੀ ਹੈ, ਇਸ ਕਰਕੇ ਉਸਦਾ ਰੰਗ ਪੱਕਾ ਹੈ, ਜੋ ਕਪੜੇ ਦਾ ਪੂਰਾ ੨ ਸਾਥੀ ਹੋ ਜਾਂਦਾ ਹੈ,ਪਰ ਕਸੁੰਭਾ ਹੰਕਾਰੀ ਹੋਣ ਕਰਕੇ 'ਉਚਾ'ਹੋਕੇ ਆਪਾ ਵਿਖਾਉਂਦਾ ਹੈ, ਇਸ ਕਰਕੇ ਉਸਦਾ ਰੰਗ ਚੰਚਲ ਰਹਿੰਦਾ ਹੈ]

**ਤੈਸੇ ਹੀ ਅਸਾਧ ਸਾਧ ਦਾਦਰ ਅਉ ਮੀਨ ਗਤਿ ਗੁਪਤ ਪ੍ਰਗਟ ਮੋਹ ਦ੍ਰੋਹ ਕੈ ਬਚਿਤ੍ਰ ਹੈ ॥੯੨॥੧੩੨॥**

[ਜਿਸ ਤਰਾਂ] ਡੱਡੂ ਤੇ ਮੱਛੀ ਦੀ ਗਤੀ ਹੈ [ਡੱਡੂ ਗੁੜੈਂ ਗੁੜੈਂ ਕਰਕੇ ਆਪਾ ਵਿਖਾਂਦਾ ਹੈ,ਜੋ ਕਿਸੇ ਕੰਮ ਨਹੀਂ ਆਉਂਦਾ ਪਰ ਮੱਛੀ ਚੁਪ ਕਰਕੇ ਪਾਣੀ ਵਿਚ ਰਹਿੰਦੀ ਹੈ; ਉਸਦੇ ਸਰੀਰ ਦੀ ਹਰ ਇਕ ਚੀਜ਼ ਕੰਮ ਆਉਂਦੀ ਹੈ ਅਤੇ ਬੜੇ ਬੜੇ ਕੰਮ ਸੁਆਰਦੀ ਹੈ] ਇਸੇ ਤਰਾਂ ਅਸਾਧ ਤੇ ਸਾਧ ਹੈ, ਗੁਪਤ [ਰਹਿਣ ਵਾਲੇ ਸਾਧ ਦੇ ਕਰਮ] ਬੜੇ ਬਚਿਤ੍ਰ ਹਨ, [ਪਰ] ਪਰਗਟ ਹੋਕੇ ਰਹਿਣ ਵਾਲੇ ਅਸਾਧ ਦਾ ਮੋਹ ਭੀ ਧਰੋਹ ਕਰਣ ਵਾਲਾ ਹੈ ॥੯੨॥ ੧੩੨॥

ਭਾਵ-ਬਕਰੀ, ਕਮਾਦ, ਮਜੀਠ ਤੇ ਮੱਛੀ ਇਹ ਆਪਾ ਜ਼ਾਹਰ ਨਹੀਂ ਕਰਦੇ ਹਨ, ਨੇਕੀ ਦੇ ਕੰਮਾਂ ਲਈ ਆਪਾ ਵਾਰ ਦੇਂਦੇ ਹਨ ਪਰ ਸ਼ੇਰ, ਬਾਂਸ, ਕਸੁੰਭਾ ਤੇ ਡੱਡੂ, ਹਮੇਸ਼ਾਂ ਹੀ ਆਪਣਾ ਆਪ ਜ਼ਾਹਰ ਕਰਦੇ ਹਨ, ਅਣਸੁਣਿਆਂ ਨੂੰ ਭੀ ਆਪਾ ਸੁਣਾਉਂਦੇ ਹਨ, ਇਸ ਕਰਕੇ ਇਨ੍ਹਾਂ ਦਾ ਜੋ ਭੀ ਵਰਤਾਉ ਹੈ, ਉਹ ਦਗੇ ਫਰੇਬ ਵਾਲਾ ਹੈ,ਇਨ੍ਹਾਂ ਵਾਂਗੂ ਹੀ ਮਨਮੁਖ ਹੈਅਤੇ ਪਹਿਲੇ ਵਰਨਣ ਕੀਤੇ ਹੋਏ ਚੌਹਾਂ ਵਾਂਗੂ ਗੁਰ ਸਿਖ ਗੁਰਮੁਖ ਹਨ।

**ਪੂਰਨ ਬ੍ਰਹਮ ਧਿਆਨ ਪੂਰਨ ਬ੍ਰਹਮ ਗਿਆਨ ਪੂਰਨਭਗਤਿਸਤਿਗੁਰੂ ਉਪਦੇਸ਼ ਹੈ ॥**

[ਜਿਨ੍ਹਾਂ ਨੇ] ਸਤਿਗੁਰੂ ਜੀ ਦੇ ਉਪਦੇਸ਼ [ਲੈਕੇ] ਉਸਦਾ ਅਭਿਆਸ ਕਮਾਉਂਦਿਆਂ, ਪੂਰਨ ਭਗਤੀ [ਕੀਤੀ ਹੈ,ਉਨ੍ਹਾਂ ਨੂੰ] ਪੂਰਨ ਬ੍ਰਹਮ ਗਿਆਨ ਪ੍ਰਾਪਤ ਹੋ ਗਿਆ, ਇਸ ਕਰਕੇ ਉਹ ਸੰਸਾਰ ਵਿਚ]ਬ੍ਰਹਮ ਨੂੰ ਪੂਰਨ [ਜਾਣਕੇ ਉਸੇਦਾ ਹੀ]ਧਿਆਨ[ਧਰਦੇ ਹਨ]।

**ਜੈਸੇ ਜਲੁ ਆਪਾ ਖੋਇ ਬਰਨ ਬਰਨ ਮਿਲੈ ਤੈਸੇ ਹੀ ਬਿਬੇਕੀ ਪਰਮਾਤਮ ਪ੍ਰਵੇਸ਼ ਹੈ ॥**

ਜਿਸ ਤਰਾਂ ਪਾਣੀ ਆਪਣਾ ਆਪ ਨਾਸ਼ ਕਰਕੇ [ਹਰੇਕ] ਰੰਗ [ਨਾਲ ਓਹੀ] ਰੰਗ [ਹੋਕੇ] ਮਿਲ ਜਾਂਦਾ ਹੈ, ਉਸੇ ਤਰਾਂ ਹੀ [ਉਹ] ਬਿਬੇਕੀ [ਪੁਰਸ਼ ਜਾਣਦਾ ਹੈ, ਕਿ] ਪਰਮਾਤਮਾਂ ਨੇ ਹੀ ਪਰਵੇਸ਼ [ਕੀਤਾ ਹੋਇਆ ਹੈ]।

**ਪਾਰਸਿ ਪਰਸ ਜੈਸੈ ਕਨਿਕ ਅਨਿਕ ਧਾਤੁ ਚੰਦਨ ਬਨਾਸਪਤੀ ਬਾਸਨਾ ਅਵੇਸ਼ ਹੈ ॥**

ਜਿਸਤਰਾਂ ਪਾਰਸ ਨੂੰਪਰਸਕੇਅਨੇਕਾਂ ਧਾਤਾਂ ਸੋਨਾ (ਹੋ ਜਾਂਦੀਆਂ ਹਨ,ਜਿਸ ਤਰਾਂ) ਚੰਦਨ ਦੀ ਵਾਸ਼ਨਾਂ ਦੇ ਅਵੇਸ਼ ਕਰਕੇ ਬਨਾਸਪਤੀ (ਚੰਦਨ ਹੋ ਜਾਂਦੀ ਹੈ, ਇਸ ਤਰਾਂ ਹੀ ਅਨੇਕਾਂ ਹੀ ਕੌਮਾਂ ਦੇ ਪੁਰਸ਼ ਗੁਰੂ ਨਾਲ ਮਿਲਕੇ ਗੁਰਸਿਖ ਹੋਜਾਂਦੇਹਨ ਅਤੇ ਗੁਰ ਸਿਖਾਂ ਦੀ ਸੰਗਤ ਕਰਕੇ ਉਨ੍ਹਾਂ ਵਿਚਭਗਤੀ ਤੇ ਪਰ ਉਪਕਾਰਰੂਪ ਸੁਗੰਧੀਦਾਵਾਸਾ ਹੋ ਜਾਂਦਾ ਹੈ]ਤਾਂਤੇ:-

**ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤਿ ਪੋਤਿ ਭਾਵਨੀ ਭਗਤਿ ਭਾਇ ਆਦਿ ਕਉ ਅਦੇਸ਼ ਹੈ ॥੯੩॥੧੩੩॥**

[ਸਾਰੇ ਜੀਵਾਂ ਦੇ] ਘਟ ਘਟ [ਹਿਰਦੇ] ਵਿਚ

(ਜਿਸ) ਪੂਰਨ ਬ੍ਰਹਮ ਦੀ ਜੋਤ (ਪ੍ਰਕਾਸ਼ ਕਰ ਰਹੀ ਹੈ) ਅਤੇ ਤਾਣੇ ਪੇਟੇ (ਦੇ ਇਕੋ ਸੂਤ੍ਰ ਵਾਂਗੂ ਜੋ) ਇਕੋ ਬ੍ਰਹਮ ਹੀ ਸਾਰੇ ਰੂਪ ਹੋ ਰਿਹਾ ਹੈ, 'ਉਸ) ਆਦ (ਪੁਰਖ) ਨੂੰ (ਮੈਂ) ਸ਼ਰਧਾ, ਭਗਤੀ ਤੇ ਪ੍ਰੇਮ ਨਾਲ ਨਮਸਕਾਰ ਕਰਦਾ ਹਾਂ ॥ ੯੩ ॥ ੧੩੩ ॥

**ਜੈਸੇ ਕਰਪੂਰ ਮੈ ਉਡਨ ਕੌ ਸੁਭਾਉ ਤਾਤੇ ਅਉਰ ਬਾਸਨਾ ਨ ਤਾਕੇ ਆਗੈ ਠਹਿਰਾਵਈ ॥**

ਜਿਸ ਤਰਾਂ ਕਪੂਰ ਵਿਚ ਉਡਣ ਦਾ ਸੁਭਾਉ ਹੈ ਇਸੇਕਰਕੇ ਉਸਦੇ ਸਾਹਮਣੇ ਹੋਰ ਕੋਈ ਭੀ ਵਾਸ਼ਨਾ ਟਿਕ ਨਹੀਂ ਸਕਦੀ ਹੈ, (ਸਾਰੀਆਂ ਵਾਸ਼ਨਾ ਉਤੇ ਕਪੂਰ ਦੀ ਵਾਸ਼ਨਾਂ ਦਾ ਜ਼ੋਰ ਚੜ ਜਾਂਦਾ ਹੈ)।

**ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ ਤਾਹੀ ਤੇ ਸੁਗੰਧਤਾ ਸਕਲ ਮੈ ਸਮਾਵਈ ॥**

ਜਿਸ ਤਰਾਂ ਚੰਦਨ ਦੀ ਸੁੰਦਰ ਵਾਸ਼ਨਾਂ (ਉਸਦੇ ਵਿਚ ਹੀ ਥਿਰ ਰਹਿੰਦੀਹੈ),ਉਸੇਕਰਕੇ ਵਾਸ਼ਨਾਸਾਰੀ ਬਨਾਸਪਤੀ ਵਿਚ ਸਮਾ ਜਾਂਦੀ ਹੈ ਅਤੇ ਫਿਰ ਸਾਰੀ ਬਨਾਸਪਤੀ ਹੀ ਚੰਦਨ ਕਹਾਉਣ ਲਗ ਜਾਂਦੀ ਹੈ।

**ਜੈਸੇ ਜਲ ਮਿਲਤ ਸੁਬੰਗ ਸੰਗ ਰੰਗੁ ਰਾਖੈ ਅਗਨਿ ਜਰਾਇ ਸਭ ਰੰਗਨੁ ਮਿਟਾਵਈ ॥**

ਜਿਸ ਤਰਾਂ ਜਲ ਸਭਣਾਂ ਰੰਗਾਂ ਦੇ ਨਾਲ ਮਿਲ ਜਾਂਦਾ ਹੈ, ਅਤੇ (ਸਭਨਾਂ ਨਾਲ) ਪ੍ਰੇਮ ਰਖਦਾ ਹੈ, (ਪਰ)ਅਗ ਸਾੜਕੇ ਸਾਰੇ ਰੰਗਾਂ ਨੂੰ ਮਿਟਾ ਦੇਂਦੀ ਹੈ। (ਅਰਥਾਤ ਪਾਣੀ ਵਾਂਗੂ ਜੋ ਆਪਾ ਗੁਆਕੇ ਦੂਜੇ ਦਾ ਰੂਪ ਹੋ ਜਾਂਦੇ ਹਨ, ਉਹ ਸਾਰ ਗ੍ਰਾਹੀ ਮਹਾਂ ਪੁਰਖ ਜਲ ਵਾਂਗੂ ਜੀਵਨ ਰੂਪ ਹੋ ਜਾਂਦੇ ਹਨ ਪਰ ਜੋ ਅਗ ਵਾਂਗੂ ਆਪਾ ਵਿਖਾਉਣ ਵਾਲੇ ਹਨ, ਉਹ ਸਭ ਕੁਝ ਸਾੜ ਫੂਕਕੇ ਸੁਆਹ ਕਰ ਵਿਖਾਉਂਦੇ ਹਨ)।

**ਜੈਸੇ ਰਵਿ ਸਸਿ ਸ਼ਿਵ ਸ਼ਕਤਿ ਸੁਭਾਵ ਗਤਿ ਸੰਜੋਗੀ ਬਿਓਗੀ ਦ੍ਰਿਸ਼ਟਾਂਤ ਕੈ ਦਿਖਾਵਈ ॥੯੪॥੧੩੪॥**

ਜਿਸਤਰਾਂ ਸੂਰਜ ਤੇ ਚੰਦ੍ਰਮਾਂ ਵਿਚ ਸ਼ਿਵ ਸ਼ਕਤੀ ਦੇ ਸੁਭਾਵ ਦੀ ਗਤੀ ਹੈ, (ਇਸ ਕਰਕੇ) ਸੰਜੋਗੀ ਤੇ ਵਿਜੋਗੀ ਹੈ, (ਇਹ ਸਾਰੀ ਗਲ) ਦ੍ਰਿਸ਼ਟਾਂਤ ਕਰਕੇ ਵਿਖਾ ਦਿਤੀ ਹੈ(ਅਰਥਾਤ ਸੂਰਜ ਵਿਚ ਸ਼ਿਵਸੁਭਾਵ ਦੀ ਗਤੀ ਹੈ ਇਸ ਕਰਕੇ ਉਹ ਸੰਜੋਗੀ ਹੈ ਅਤੇ ਚੰਦ੍ਰਮਾਂ ਵਿਚ ਸ਼ਕਤੀ ਸੁਭਾਵ ਦੀ ਗਤੀ ਹੈ, ਤਦੇ ਹੀਉਹ ਵਿਜੋਗੀ ਹੈ, ਭਾਵ ਇਉਂ ਸਮਝੋ, ਸ਼ਿਵ ਨਾਮ ਕਲਿਆਨ ਪੁਰਖ ਦਾ ਹੈ, ਜੋ ਜਗਤ ਦੀ ਪਾਲਨਾ ਕਰਨ ਵਾਲਾ ਤੇ ਦਾਤਾ ਹੈ, ਇਸੇ ਤਰਾਂ ਸੂਰਜ ਦਾ ਸੁਭਾਵ ਹੈ,ਜੋ ਆਪਣੀਆਂ ਕਿਰਨਾ ਦਵਾਰੇ ਫਲਾਂ ਤੇ ਖੇਤੀਆਂ ਵਗੈਰਾ ਨੂੰ ਪਕਾ ਕੇ ਜਗਤ ਦੀ ਪਾਲਣਾ ਕਰਦਾ ਹੈ,ਫਿਰ ਸੂਰਜ ਦੇ ਚੜਦਿਆਂ ਸਜਣਾ ਮਿਤ੍ਰਾਂ ਦਾ ਮੇਲ ਮਿਲਾਪ ਹੁੰਦਾ ਹੈ, ਚੋਰਾਂ ਚੋਰਾਂ ਦਾ, ਕਾਰੀਗਰਾਂ-ਕਾਰੀਗਰਾਂ ਦਾ, ਠੱਗਾਂ ਠੱਗਾਂ ਦਾ, ਸਾਧਾਂ-ਸਾਧਾਂ ਦਾ,ਗਲ ਕੀ ਸੂਰਜਦੇ ਚੜਦਿਆਂ ਸਭਨਾਂ ਦਾ ਸੰਜੋਗ ਹੋ ਜਾਂਦਾ ਹੈ, ਤਾਂਤੇ ਸੂਰਜ ਸੰਜੋਗੀ ਹੈ। ਦੂਜੇ ਪਾਸੇ ਚੰਦ੍ਰਮਾਂ ਵਿਚ ਸ਼ਕਤੀ ਸੁਭਾਵ ਹੈ,ਭਾਵੇਂ ਸ਼ਕਤੀ ਭੀ ਜਗਤ ਦੀਰਚਨਾ ਕਰਦੀ ਹੈ,ਪਰ ਸ਼ਿਵ ਦੀਸੱਤਾ ਪਾਕੇ ਹੀ ਇਸੇ ਤਰਾਂ ਭਾਵੇਂ ਚੰਦ੍ਰਮਾਂ ਭੀ ਫਲਾਂ ਵਿਚ ਮਿਠਾਸ ਤੇ ਰਸ ਅਤੇ ਅਨਾਜਾਂ ਵਿਚ ਭੀ ਰਜੇਵਾਂ ਤੇ ਸੁਆਦ ਪਾਂਦਾ ਹੈ, ਪਰ ਉਸਨੇ ਏਹ ਸ਼ਕਤੀ ਸੂਰਜ ਪਾਸੋਂ ਲਈ ਹੈ, ਚੰਦ੍ਰਮਾਂ ਵਿਚ ਗ੍ਰਹਨ ਗੁਣ ਹੈ ਅਤੇ ਸੂਰਜ ਵਿਚ ਦੇਵ ਗੁਣ,ਸੂਰਜ ਦੀ ਦਿਤੀਹੋਈਰੋਸ਼ਨੀ ਚੰਦ੍ਰਮਾਂ ਨੇ ਗ੍ਰਹਣ ਕੀਤੀ ਹੈ, ਫਿਰ ਚੰਦ੍ਰਮਾਂ ਰਾਤ ਨੂੰ ਉਦੇ ਹੁੰਦਾ ਹੈਤੇ ਰਾਤ ਨੇ ਸਭਨਾ ਨੂੰ ਕਾਰ ਵਿਹਾਰ ਤੋਂ ਛੁਡਾਕੇ ਆਰਾਮ ਕਰਨ ਲਈ ਸੁਆ ਦੇਣਾ ਹੈ, ਇਸ ਕਰਕੇ ਚੰਦ੍ਰਮਾਂ ਵਿਜੋਗੀ ਹੈ,ਇਹ ਸਜਣਾਂਮਿਤ੍ਰਾਂ ਵਿਚ ਵਿਯੋਗ ਕਰਾ ਦੇਂਦਾ ਹੈ। ਇਸ ਦ੍ਰਿਸ਼ਟਾਂਤ ਤੋਂ ਇਹ ਗਲ ਸਪਸ਼ਟ ਸਮਝ ਵਿਚ ਆ ਜਾਂਦੀ ਹੈ ਕਿ ਜੇਹੜੇ ਸੂਰਜ ਤੋਂ ਭਾਵ ਗਿਆਨ ਨੂੰ ਪ੍ਰਾਪਤ ਕਰਕੇ ਸਾਧ ਸੰਗਤ ਕਰਦੇ ਹਨ, ਉਹ ਸਹਜੇ ਹੀ ਵਾਹਿਗੁਰੂ ਦੇ ਸੰਜੋਗੀ ਹੋਕੇ ਉਸ ਵਿਚ ਅਭੇਦ ਹੋ ਜਾਂਦੇ ਹਨ ਅਤੇ ਜੋ ਸ਼ਕਤੀ [ਮਾਯਾ] ਨੂੰ ਪਰਾਪਤ ਕਰਦੇ ਹਨ, ਉਹ ਵਾਹਿਗੁਰੂ ਤੋਂ ਵਿਜੋਗੀ ਹੋ ਕੇ ਜੰਮਣ-ਮਰਨ ਦਾ ਦੁਖ ਪਾਂਦੇ ਹਨ) ॥੯੪॥ ੧੩੪ ॥

**ਸ੍ਰੀ ਗੁਰ ਦਰਸ ਧਿਆਨ ਸ੍ਰੀ ਗੁਰ ਸ਼ਬਦ ਗਿਆਨ ਸ਼ਸਤ੍ਰ ਸਨਾਹ ਪੰਚ ਦੂਤ ਬਸਿ ਆਏ ਹੈ ॥**

(ਜੋ) ਸ੍ਰੀ ਗੁਰੂ ਜੀ ਦੇ ਦਰਸ਼ਨ ਦਾ ਧਿਆਨ (ਕਰਨਾ ਹੈ, ਇਹ ਸਨਾਹ ਹੈ ਅਤੇ ਜੋ) ਸ੍ਰੀ ਗੁਰੂ ਜੀ ਦੇ ਸ਼ਬਦ ਦਾ ਗਿਆਨ (ਹੈ ਇਹ ਸ਼ਸਤ੍ਰ-ਖੜਗ ਹੈ, ਇਸ ਗਿਆਨ)ਸ਼ਸਤ੍ਰ (ਨੂੰ ਫੜ ਲੈਣ ਕਰਕੇ ਤੇ ਗੁਰ ਦਰਸ਼ਨ ਧਿਆਨ ਰੂਪ) ਸਨਾਹ(ਨੂੰ ਪਾ ਲੈਣ ਕਰਕੇ) ਪੰਜ (ਕਾਮਾਦਿਕ) ਦੂਤ ਵਸ ਵਿਚ ਆ ਗਏ ਹਨ।

**ਸ੍ਰੀ ਗੁਰ ਚਰਨ ਰੇਨੁ ਸ੍ਰੀ ਗੁਰ ਸ਼ਰਨਿ ਧੇਨੁ ਕਰਮ ਭਰਮ ਕਾਟਿ ਅਭੈ ਪਦ ਪਾਏ ਹੈ ॥**

ਸ੍ਰੀ ਗੁਰੂ ਜੀ ਦੇ ਚਰਨਾਂ ਦੀ ਰੇਨ [ਧੂੜੀ] (ਮਥੇ ਉਤੇ ਲਾਣ ਕਰਕੇ ਤੇ) ਸ੍ਰੀ ਗੁਰੂ ਜੀ ਦੀ ਸ਼ਰਨ ਦੀ [ਧੇਨ] ਧਾਵਨਾ (ਸੇਵਾ) ਕਰਨ ਕਰਕੇ ਕਰਮਾਂ ਦਾ ਭਰਮ ਕਟ ਕੇ ਅਭੈ ਪਦ ਪਾ ਲਿਆ ਹੈ, (ਅਰਥਾਤ ਗੁਰੂ ਜੀ ਦੀ ਚਰਨ ਸ਼ਰਨ ਹੋ ਕੇ ਚਰਨ ਧੂੜੀ ਦੇ ਸੇਵਨ ਕਰਕੇ ਕਰਮਾਂ ਦਾ ਭਰਮ ਜੈਸਾਕਿ ਇਹਕਰਮ ਕਰਨ ਕਰਕੇ ਇਹ ਸੁਖ ਹੋਵੇਗਾ ਜਾਂ ਇਹ ਕਰਨ ਨਾਲ ਅਜੇਹਾ ਵਿਘਨ ਪਵੇਗਾ, ਇਤਿਆਦ ਜੋ ਵਿਧੀ ਨਿਖੇਧੀ ਰੂਪ ਭਰਮ ਹੈ, ਉਹ ਮਿਟ ਜਾਂਦਾ ਤੇ ਮਨ ਨਿਰਭੈ ਪਦ ਵਿਚ ਜਾ ਕੇ ਅਚਲ ਹੋ ਜਾਂਦਾ ਹੈ।

**ਸ੍ਰੀ ਗੁਰ ਬਚਨ ਲੇਖ ਸ੍ਰੀ ਗੁਰ ਸੇਵਕ ਭੇਖ ਅਚਲ ਅਲੇਖ ਪ੍ਰਭੁ ਅਲਖ ਲਖਾਏ ਹੈ ॥**

ਸ੍ਰੀ ਗੁਰੂ ਜੀ ਦੇ ਬਚਨਾਂ (ਨੂੰ ਹਿਰਦੇ ਵਿਚ)ਲਿਖ ਲੈਣ ਕਰਕੇ ਅਤੇ ਸ੍ਰੀ ਗੁਰੂ ਜੀ ਦੇ ਸੇਵਕ ਦਾ ਭੇਖ ਸਰੀਰ ਉਤੇ ਧਾਰ ਲੈਣ ਕਰਕੇ) ਅਚਲ, ਅਲੇਖ ਤੇ ਅਲਖ ਪ੍ਰਭੂ(ਨੇ ਆਪਣਾ ਸਰੂਪ) ਲਖਾ ਦਿਤਾ ਹੈ, (ਅਰਥਾਤ ਸਤਿਗੁਰੂ ਜੀ ਦੇ ਹੁਕਮ ਨੂੰ ਚੰਗੀ ਤਰਾਂ ਮਨ'ਚ ਧਾਰ ਲੈਣ ਨਾਲ ਤੇ ਗੁਰਸਿਖ ਦੀ ਧਾਰਨੀ ਧਾਰ ਲੈਣ ਨਾਲ ਪ੍ਰਭੂ ਆਪਣਾ ਆਪ ਪ੍ਰਗਟ ਕਰ ਦੇਂਦਾ ਹੈ।

**ਗੁਰਸਿਖ ਸਿਖ ਸਾਧ ਸੰਗ ਗੋਸਟਿ ਪ੍ਰੇਮ ਪ੍ਰਸੰਗ ਨਿੰਮ੍ਰਤਾ ਨਿਰੰਤਾਰੀ ਕੈ ਸਹਜ ਸਮਾਏ ਹੈ॥ ੯੫॥ ੧੩੫॥**

ਗੁਰਸਿਖ ਸਾਧ ਸੰਗ (ਭਾਵ ਗੁਰੂ ਨਾਲ) ਮਿਲਕੇ ਪਰੇਮ ਪ੍ਰਸੰਗ ਦੀ ਗੋਸ਼ਟ [ਚਰਚਾ] (ਕਰਦਾ ਹੈ ਤੇ) ਸਦਾ ਦੀ ਨਿਮਰਤਾ (ਧਾਰਨ) ਕਰਕੇ ਸਹਜ ਅਵ-ਸਥਾ [ਬ੍ਰਹਮ ਸਰੂਪ] ਵਿਚ ਸਮਾਇਆ ਰਹਿੰਦਾ ਹੈ। ॥੯੫॥੧੩੫॥

**ਜੈਸੇ ਤਉ ਮਜੀਠ ਬਸੁਧਾ ਸੈ ਖੋਦਿ ਕਾਢੀਅਤ ਅੰਬਰੁ ਸੁ ਰੰਗ ਭਏ ਸੰਗੁ ਨ ਤਜਤ ਹੈ ॥**

ਜਿਸ ਤਰਾਂ ਕਿ ਧਰਤੀ ਨੂੰ ਪੁਟ ਪੁਟ ਕੇ ਮਜੀਠ ਨੂੰ ਕਢ ਲਈਦਾ ਹੈ ਅਤੇ ਕਪੜੇ ਨੂੰ ਉਸ ਦਾ ਰੰਗ ਚਾੜ ਲਈਦਾ ਹੈ, (ਪਰ ਉਹ ਕਪੜੇ ਦਾ) ਸਾਥ ਨਹੀਂ ਤਿਆਗਦਾ ਹੈ।

**ਜੈਸੇ ਤਉ ਕਸੁੰਭ ਤਜਿ ਮੂਲ ਫੂਲ ਆਨੀਅਤ ਜਾਨੀਅਤ ਸੰਗੁ ਛਾਡਿ ਤਾਹੀ ਤੇ ਭਜਤ ਹੈ ॥**

ਜਿਸ ਤਰਾਂ ਕਸੁੰਭੇ ਦੀ ਜੜ੍ਹ ਤਿਆਗ ਕੇ (ਉਸ ਦੇ) ਫੁਲ ਲਿਆਈਦੇ ਹਨ(ਤੇ ਉਨਾਂ ਦੇ ਰੰਗ ਵਿਚ ਕਪੜਾ ਰੰਗ ਲਈਦਾ ਹੈ) ਇਉਂ ਜਾਣੀਦਾ ਹੈ ਕਿ ਉਸੇ ਕਰਕੇ ਰੰਗ ਕਪੜੇ ਦਾ ਸਾਥ ਛਡ ਕੇ ਭਜ ਜਾਂਦਾ ਹੈ (ਅਰਥਾਤ ਮਜੀਠ ਨੂੰ ਧਰਤੀ ਵਿਚੋਂ ਪੁਟ ਕੇ ਲਿਆਈਦਾ ਹੈ ਤਦੇ ਉਸਦਾ ਰੰਗ ਪੱਕਾ ਹੈ ਅਤੇ ਕਸੁੰਭੇ ਦੇ ਫੁਲਾਂ ਨੂੰ ਲਿਆ ਕੇ ਕਪੜਾ ਰੰਗਿਆ ਜਾਂਦਾ ਹੈ, ਤਦੇ ਹੀ ਰੰਗ ਕੱਚਾ ਹੈ।

**ਅਰਧ ਉਰਧ ਮੁਖ ਸਲਿਲ ਸੂਚੀ ਸੁਭਾਉ ਤਾਤੇ ਸੀਤ ਤਪਤਿ ਮਲ ਜਮਲ ਸਜਤ ਹੈ ॥**

ਅਰਧਮੁਖ ਸਲਿਲ ਸੁਭਾਉ ਤੇ ਉਰਧ ਮੁਖ ਸੂਚੀ

ਸੁਭਾਉ'' ਨੀਵੇਂ ਮੂੰਹ ਰਖਣਾ ਪਾਣੀ ਦਾ ਸੁਭਾਵ ਹੈ ਅਤੇ ਉਚੀ ਮੂੰਹ ਰਖਣਾ ਅੱਗ ਦਾ ਸੁਭਾਵ ਹੈ, ਇਸੇ ਕਰਕੇ ਹੀ (ਪਾਣੀ) ਠੰਢਾ ਤੇ ਮਲ ਤੋਂ ਰਹਿਤ ਸਜਦਾ ਹੈ ਅਤੇ (ਅਗਨੀ) ਤੱਤੀ ਤੇ ਮੈਲੀ ਸੋਭਦੀ ਹੈ (ਅਰਥਾਤ ਪਾਣੀ ਦਾ ਮੂੰਹ ਨੀਵਾਂ ਹੈ,ਇਸੇ ਕਰਕੇ ਆਪ ਠੰਢਾ ਹੈ ਸਾਥ ਕਰਨ ਵਾਲੇ ਨੂੰ ਠੰਢ ਪਾਂਦਾਹੈ, ਆਪ ਨਿਰਮਲ ਹੈਤੇ ਸਾਥ ਕਰਨ ਵਾਲਿਆਂ ਦੀਮੈਲ ਨੂੰ ਆਪ ਲੈਕੇ ਉਨ੍ਹਾਂ ਨੂੰ ਨਿਰਮਲ ਕਰ ਦੇਂਦਾ ਹੈ ਤੇ ਆਪ ਭੀ ਝਟ ਪਟ ਹੀ ਨਿਰਮਲ ਹੋ ਜਾਂਦਾ ਹੈ, ਪਰ ਅੱਗ ਦਾ ਮੂੰਹ ਉਚਾ ਹੈ, ਇਸ ਕਰਕੇ ਉਹ ਤੱਤੀ ਤੇ ਮੈਲੀ ਹੈ. ਸਗੋਂ ਜੋ ਕੋਈ ਉਸਦੀ ਸੰਗਤ ਕਰਦਾ ਹੈ, ਉਸਨੂੰ ਭੀ ਤੱਤਾ ਕਰ ਦੇਂਦੀ ਹੈ।

**ਗੁਰਮਤਿ ਦੁਰਮਤਿ ਊਚ ਨੀਚ ਨੀਚ ਊਚ ਜੀਤ ਹਾਰ ਹਾਰ ਜੀਤ ਲਜਾ ਨ ਲਜਤ ਹੈ ॥ ੯੬ ।੧੩੬।**

(ਇਸੇ ਤਰਾਂ) ਗੁਰਮਤ ਨੀਚ ਨੂੰ ਉਚ (ਕਰਨ ਵਾਲੀ) ਤੇ ਹਾਰ ਨੂੰ ਜਿੱਤ (ਦਿਵਾਣ ਵਾਲੀ)ਹੈ ਅਤੇ ਦੁਰਮਤਿ ਉਚ ਨੂੰ ਨੀਚ (ਕਰਨ ਵਾਲੀ ਤੇ)ਜਿਤ ਨੂੰ ਹਾਰ (ਦਿਵਾਨ ਵਾਲੀ ਹੈ) ਗੁਰਮਤ ਵਿਚ ਲੱਜਾ ਹੈ (ਤੇ) ਦੁਰਮਤਿ ਵਿਚ [ਨ ਲਜਤ] ਬੇਸ਼ਰਮੀ ਹੈ (ਅਰਥਾਤ ਗੁਰਮਤੀਆ ਪੁਰਸ਼ ਹਰ ਸਮੇਂ ਬੁਰੇ ਪੁਰਸ਼ਾਂ ਤੇ ਬੁਰੇ ਕਰਮਾਂ ਤੋਂ ਲੱਜਾ ਕਰਦਾ ਰਹਿਦਾ ਹੈ, ਪਰ ਦੁਰਮਤੀਏ ਵਿਚ ਲੱਜਾ ਨਹੀਂ ਹੈ,ਉਹ ਬੁਰੇ ਕਰਮਾਂ ਨੂੰ ਨਿਸ਼ੰਗ ਹੋਕੇ ਕਰਦਾ ਹੈ, ਕਿਸੇ ਪਾਸੋਂ ਭੀ ਸ਼ਰਮ ਹਯਾ ਨਹੀਂ ਕਰਦਾ ਹੈ) ॥੯੬॥੧੩੬॥

**ਗੁਰਮੁਖਿ ਸਾਧ ਸੰਗੁ ਸ਼ਬਦ ਸੁਰਤਿ ਲਿਵ ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ ॥**

ਗੁਰਮੁਖਾਂ ਨੇ ਸਾਧ ਸੰਗ (ਕਰਦੇ ਹੋਇਆਂ ਗੁਰ) ਸ਼ਬਦ ਵਿਚ ਸੁਰਤ ਦੀਲਿਵ (ਜੋੜਕੇ)[ਸਰਬਾਤਮ] ਸਾਰੇ ਜੀਵਾਂ ਨੂੰ ਪੂਰਨ ਬ੍ਰਹਮ ਕਰਕੇ ਜਾਣਿਆ ਹੈ।

**ਸਹਜਿ ਸੁਭਾਇ ਰਿਦੈ ਭਾਵਨੀ ਭਗਤਿ ਭਾਇ ਬਿਹਿਸਿ ਮਿਲਨ ਸਮ ਦਰਸ ਧਿਆਨੀਐ॥**

(ਉਨ੍ਹਾਂ ਦੇ) ਹਿਰਦੇ ਵਿਚ (ਸ਼ਾਂਤੀ ਸੁਭਾਵ ਹੈ, ਸ਼ਰਧਾ ਹੈ, ਭਗਤੀ ਹੈ, ਪ੍ਰੇਮ ਹੈ, (ਉਹ ਸਭਨਾਂ ਨੂੰ) ਹਸ ਹਸ ਕੇ ਮਿਲਦੇ ਹਨ ਅਤੇ (ਉਹ) ਸਮ ਦਰਸ਼ਨ ਧਿਆਨੀ ਹਨ, (ਅਰਥਾਤ ਸਭਨਾਂ ਨੂੰ ਇਕ ਸਮਾਨ ਕਰਕੇ ਵੇਖਦੇ ਹਨ)।

**ਨਿੰਮ੍ਰਤਾ ਨਿਵਾਸ ਦਾਸ ਦਾਸਨ ਦਾਸਾਨੁ ਮਤਿ ਮਧੁਰ ਬਚਨ ਮੁਖਿ ਬੇਨਤੀ ਬਖਾਨੀਐ ॥**

(ਉਨ੍ਹਾਂ ਵਿਚ) ਨਿਮ੍ਰਤਾ ਦਾ ਨਿਵਾਸ ਹੈ, ਦਾਸਾਂ ਦੇ ਦਾਸਾਂ ਦਾ ਦਾਸ (ਆਪਣੇ ਆਪ ਨੂੰ)ਮੰਨਦੇ ਹਨ, (ਇਸ ਕਰਕੇ) ਮਿਠੇ ਬਚਨ (ਬੋਲਦੇ ਹੋਏ) ਮੂੰਹੋਂ ਬੇਨਤੀ ਦੇ ਬਚਨ ਕੀਤਾ ਕਰਦੇ ਹਨ।

**ਪੂਜਾ ਪ੍ਰਾਨ ਗਿਆਨਗੁਰ ਆਗਿਆ ਕਾਰੀਅਗ੍ਰਭਾਗ ਆਤਮ ਅਵੇਸ ਪਰਮਾ ਤਮ ਨਿਧਾਨੀਐ ॥ ੯੭ ॥ ੧੩੭**

ਗਿਆਨ (ਦੀ ਪ੍ਰਾਪਤੀ ਲਈ) [ਪ੍ਰਾਨ] ਸ੍ਵਾਸ ਸ੍ਵਾਸ [ਪੂਜਾ] ਅਰਾਧਨਾ ਕਰਦੇ ਹਨ,ਆਗਯਾਕਾਰੀ (ਹੁਕਮੀ ਬੰਦੇ) ਹੋਕੇ ਗੁਰੂ ਦੇ (ਅਗ੍ਰਭਾਗ) ਸਾਂਹਮਣੇ ਖੜੇ ਰਹਿੰਦੇ ਹਨ ਅਤੇ ਪਰਮਾਤਮਾ ਰੂਪ (ਨਿਧਾਨ) ਭੰਡਾਰੇ ਵਿਚ (ਉਨ੍ਹਾਂ ਨੇ) (ਆਤਮਾ ਅਵੇਸ)ਆਪਣੇ ਆਪ ਨੂੰ ਲੀਨ ਕਰ ਦਿਤਾ ਹੈ ॥੯੭॥ ੧੩੭॥

**ਸਤਿ ਰੂਪ ਸਤਿਨਾਮ ਸਤਿਗੁਰੁ ਗਿਆਨ ਧਿਆਨ ਸਤਿਗੁਰੁ ਮਤਿ ਸੁਨਿ ਸਤਿ ਕਰ ਮਾਨੀ ਹੈ ॥**

(ਜਿਸਦਾ) ਨਾਮ ਸਤ ਹੈ,ਰੂਪ ਸੱਤ ਹੈ,(ਉਸਦਾ) ਗਿਆਨ ਧਿਆਨ ਸਤਿਗੁਰੂ (ਨੇ ਜਿਸਨੂੰ ਬਖਸ਼ਿਆ ਹੈ,ਉਸਨੇ) ਸਤਿਗੁਰੂ ਦੀ ਸਿਖਿਆ ਸੁਣਕੇ ਸੱਤ ਸੱਤ ਕਰਕੇ ਮੰਨੀ ਹੈ।

**ਦਰਸ ਧਿਆਨ ਸਮਦਰਸੀ ਬ੍ਰਹਮ ਧਿਆਨੀ ਸ਼ਬਦ ਗਿਆਨ ਗੁਰ ਬ੍ਰਹਮ**

**ਗਿਆਨੀ ਹੈ ॥**

(ਉਹ ਸਾਰੇ) ਦਰਸ਼ਨਾਂ (ਵਿਚ ਬ੍ਰਹਮ ਦਾ) ਧਿਆਨ (ਕਰਨ ਵਾਲਾ) ਸਮਦਰਸੀ ਬ੍ਰਹਮ ਧਿਆਨੀ ਹੈ, ਅਤੇ ਗੁਰ ਸ਼ਬਦ (ਦਵਾਰਾ) ਗਿਆਨ (ਨੂੰ ਪ੍ਰਾਪਤ ਕਰਕੇ) ਬ੍ਰਹਮ ਗਿਆਨੀ ਹੈ।

**ਗੁਰਮਤਿ ਨਿਹਚਲ ਪੂਰਨ ਪ੍ਰਗਾਸ ਰਿਦੈ ਮਾਨੇ ਮਨ ਮਾਨੇ ਉਨਮਨ ਉਨਮਾਨੀ ਹੈ ॥**

(ਉਸਦਾ ਹਿਰਦਾ) ਗੁਰਮਤ ਵਿਚ ਅਚੱਲ (ਹੈ, ਇਸ ਕਰਕੇ) ਹਿਰਦੇ ਵਿਚ ਪੂਰਨ ਪ੍ਰਗਾਸ (ਹੋ ਗਿਆ ਹੈ, ਜਿਸਦੇ ਅਨੰਦ ਨੂੰ) ਮਾਣਦਾ ਹੈ, (ਉਨ੍ਹਾਂ ਦਾ) ਮਨ, ਅਤੇ ਉਨਮਨ (ਸਥਾਨ ਦੇ ਅਨੰਦ ਨੂੰ) ਮਾਣਨ ਵਾਲੇ (ਉਨਮਾਨੀ) ਵੀਚਾਰੇ ਜਾਂਦੇ ਹਨ।

**ਬਿਸਮੈ ਬਿਸਮ ਅਸਚਰਜੈ ਅਸ ਚਰਜ ਮੈ ਅਦਭੁਤ ਪਰਮਦਭੁਤ ਗਤਿ ਠਾਨੀ ਹੈ ॥ ੯੮ ॥ ੧੩੮ ॥**

(ਉਨ੍ਹਾਂ ਦਾ ਮਨ) ਬਿਸਮ ਤੋਂ ਬਿਸਮ ਹੈ, (ਬਾਣੀ) ਅਸਚਰਜ ਤੋਂ ਅਸਚਰਜ ਰੂਪ ਹੈ (ਅਤੇ ਉਨ੍ਹਾਂ ਦੇ ਸਰੀਰ ਨੇ) ਅਦਭੁਤ ਗਤੀ ਠਾਨੀ ਹੋਈ ਹੈ ॥ ੯੮ ॥ ੧੩੮ ॥

**ਪੂਰਨ ਪਰਮ ਜੋਤਿ ਸਤਿਗੁਰ ਸਤਿ ਰੂਪ ਪੂਰਨ ਗਿਆਨ ਸਤਿਗੁਰ ਸਤਿਨਾਮ ਹੈ ॥**

(ਜੋ) ਪੂਰਨ ਸੱਤ ਹੈ, (ਉਸ) ਪਰਮ ਜੋਤੀ ਦਾ ਰੂਪ ਸਤਿਗੁਰੂ ਹੈ, (ਉਸ) ਪੂਰਨ ਦਾ ਗਿਆਨ (ਕਰਾਉਣ ਲਈ) ਸਤਿਗੁਰੂ ਨੇ ਸਤਿਨਾਮ (ਦਾ ਉਪਦੇਸ਼ ਦਿਤਾ) ਹੈ।

**ਪੂਰਨ ਜੁਗਤਿ ਸਤਿ ਸਤਿ ਗੁਰੁ ਮਤਿ ਰਿਦੈ ਪੂਰਨ ਸੁ ਸੇਵ ਸਾਧ ਸੰਗਤਿ ਬਿਸ੍ਰਾਮ ਹੈ ॥**

(ਜਿਸਨੇ) ਸਤਿਗੁਰੂ (ਦੀ ਦਸੀ ਹੋਈ, ਇਸ) ਪੂਰਨ ਜੁਗਤੀ ਨੂੰ ਸੱਤ ਸੱਤ ਕਰਕੇ ਹਿਰਦੇ ਵਿਚ (ਜਾਣਿਆ ਹੈ), ਸਾਧ ਸੰਗਤ ਦੀ ਸੇਵਾ ਵਿਚ ਪੂਰਨ ਬਿਸਰਾਮ (ਪਾਇਆ) ਹੈ।

**ਪੂਰਨ ਪੂਜਾ ਪਦਾਰਬਿੰਦ ਮਧੁਕਰ ਮਨ ਪ੍ਰੇਮ ਰਸ ਪੂਰਨ ਹੁਇ ਕਾਮ ਨਿਹਕਾਮ ਹੈ ॥**

(ਜਿਨ੍ਹਾਂ ਨੇ) ਪੂਰਨ ਗੁਰੂ ਦੀ ਪੂਜਾ (ਕੀਤੀ ਹੈ, ਉਨ੍ਹਾਂ ਦਾ) ਮਨ (ਮਧੁਕਰ) ਭੌਰਾ (ਪਦਾਰਬਿੰਦ) ਚਰਨ ਕਮਲਾਂ ਦੇ ਪ੍ਰੇਮ ਰਸ ਨਾਲ ਪੂਰਨ (ਤ੍ਰਿਪਤ) ਹੋਕੇ ਕਾਮਨਾ ਤੋਂ ਨਿਹਕਾਮ (ਹੋ ਗਿਆ) ਹੈ।

**ਪੂਰਨ ਬ੍ਰਹਮ ਗੁਰੁ ਪੂਰਨ ਪਰਮ ਨਿਧਿ ਪੂਰਨ ਪ੍ਰਗਾਸ ਬਿਸਮ ਸਥਲ ਧਾਮ ਹੈ ॥ ੯੯ ॥ ੧੩੯ ॥**

ਪੂਰਨਬ੍ਰਹਮ ਦਾ ਪੂਰਨ ਸਰੂਪ ਗੁਰੂ ਹੈ, (ਜੋ) ਪਰਮ ਨਿਧੀ ਨਾਲ ਪੂਰਨ ਹੈ,ਅਸਚਰਜ ਪ੍ਰਕਾਸ਼ ਦਾ ਸਥਾਨ (ਉਸ ਗੁਰੂ ਦਾ) ਘਰ ਹੈ ॥ ੯੯ ॥ ੧੩੯॥

**ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈ ਤਾ ਮੈ ਤਿਲ ਛਬਿ ਪਰਮਦਭੁਤ ਛਬਿ ਹੈ ॥**

(ਜਿਥੋਂ) ਜੋਤੀ ਦਾ ਦਰਸ਼ਨ (ਉਦੋਤ) ਪਰਗਟ ਹੁੰਦਾ ਹੈ ਅਸਚਰਜ ਰੂਪ, ਉਸਦੇ ਵਿਚ ਤਿਲ ਦੀ ਛਬੀ[ਸੁੰਦਰਤਾ] ਪਰਮ ਅਦਭੁਤ[ਛਬ]ਦਮਕਦੀਹੈ।

**ਦੇਖਬੇ ਕਉ ਦ੍ਰਿਸਟਿ ਨ ਸੁਨਬੇ ਕਉ ਸੁਰਤਿ ਹੈ ਕਹਿਬੇ ਕਉ ਜਿਹਬਾ ਨ ਗਿਆਨ ਮੈ ਉਕਤਿ ਹੈ ॥**

(ਜਿਸਦੇ) ਵੇਖਣ ਨੂੰ ਨਜ਼ਰ ਨਹੀਂ ਹੈ, ਸੁਣਨ ਨੂੰ ਸੁਰਤੀ ਨਹੀਂ ਹੈ, (ਉਸਦੇ ਰੂਪ) ਕਹਿਣ ਨੂੰ ਜੀਭ ਨਹੀਂ ਹੈ ਅਤੇ ਗਿਆਨ ਵਿਚ ਦਲੀਲ ਜਾਂ ਦਲੀਲ ਵਿਚ ਗਿਆਨ ਨਹੀਂ ਹੈ।

**ਸੋਭਾ ਕੋਟਿ ਸੋਭ ਲੋਭ ਲੁਭਿਤ ਹੁਇ**

**ਲੋਟ ਪੋਟ ਜਗ ਮਗ ਜੋਤਿ ਕੋਟਿ ਓਟ ਲੈ ਛਿਪਤਿ ਹੈ ॥**

ਸੋਭਾ ਦੇ ਲੋਭ ਵਿਚ ਕ੍ਰੋੜ ਤਰਾਂ ਦੀ ਸੋਭਾ ਲੁਭਾ ਕੇ ਲੋਟ ਪੋਟ(ਹੋ ਰਹੀ ਹੈ ਅਤੇ) ਜਗ ਮਗਕਰਦੀਆਂ ਹੋਈਆਂ ਕ੍ਰੋੜਾਂ ਜੋਤਾਂ (ਉਸ ਤਿਲ ਦੀ) ਓਟ ਲੈ ਕੇ ਛਿਪ ਜਾਂਦੀਆਂ ਹਨ।

**ਅੰਗ ਅੰਗ ਪੇਖਿ ਮਨ ਮਨਸਾ ਥਕਤ ਭਈ ਨੇਤਿ ਨੇਤਿ ਨਮੋ ਨਮੋ ਅਤਿਹੂ ਤੇ ਅਤਿ ਹੈ ॥੧੦੦॥੧੪੦॥**

(ਉਸ ਤਿਲ ਦੇ) ਅੰਗ ਅੰਗ ਨੂੰ ਵੇਖ ਵੇਖ ਕੇ ਮਨ ਤੇ ਬੁਧੀ ਥਕਤ ਹੋ ਗਈ ਹੈ, (ਤਾਂ ਤੇ) ਬੇਅੰਤ ਵੇਰੀ (ਉਸ ਨੂੰ) ਨਮਸਕਾਰ ਹੈ, ਬੇਅੰਤ ਵੇਰੀ (ਉਸ ਨੂੰ) ਨਮਸਕਾਰ ਹੈ, (ਉਹ) ਅਤੀ ਤੋਂ ਭੀ ਅਤੀ (ਭਾਵ ਮਹਾਨ ਤੋਂ ਵੀ ਮਹਾਨ) ਹੈ ॥ ੧੦੦॥੧੪੦।

ਨੋਟ—ਗੁਰਬਾਣੀ ਵਿਚ ਜੋ 'ਤਾਰਾ ਚੜਿਆਲੰਮਾ ਕੀ ਨਦਰਿ ਨਿਹਾਲਿਆ ਰਾਮ' ਕਿਹਾ ਹੈ,ਉਸੇ ਤਾਰੇ ਦਾ ਨਾਮ ਇਥੇ ਤਿਲ ਕਿਹਾ ਹੈ। ਕਿਸੇ ਕਿਸੇ ਅਭਿਆਸੀ ਨੂੰ ਇਸਦਾ ਦਰਸ਼ਨ ਜੋਤਿ ਦੇ ਦਰਸ਼ਨ ਤੋਂ ਪਹਿਲੋਂ ਹੁੰਦਾ ਹੈ ਤੇ ਕਿਸੇ ਨੂੰ ਪਿਛੋਂ, ਇਹ ਕੋਈ ਨਿਸਚਿਤ ਨਹੀਂ, ਜੋ ਪਹਿਲੋਂ ਜੋਤੀ ਤੇ ਮਗਰੋਂ ਤਿਲ ਜਾਂ ਪਹਿਲੋਂ ਤਿਲ ਤੇ ਮਗਰੋਂ ਜੋਤਿ। ਪਰ ਇਹ ਜਰੂਰੀ ਹੈ ਜੋ ਜਿੰਨਾ ਚਿਰ ਜੋਤਿ ਅਤੇ ਤਿਲ ਦਾ ਦਰਸ਼ਨ ਨਹੀਂ ਹੁੰਦਾ ਹੈ,ਉਨਾ ਚਿਰ ਪੂਰਨਗਿਆਨ ਨਹੀਂ ਹੁੰਦਾ।

**ਛਬਿ ਕੈ ਅਨੇਕ ਛਬਿ ਸੋਭਾ ਕੈ ਅਨੇਕ ਸੋਭਾ ਜੋਤਿ ਕੈ ਅਨੇਕ ਜੋਤਿ ਨਮੋ ਨਮੋ ਨਮ ਹੈ ॥**

ਰਬੀ ਕਰਕੇ ਅਨੇਕਾਂ ਛਬੀ, ਸੋਭਾ ਕਰਕੇ ਅਨੇਕ ਸੋਭਾ, ਜੋਤਿ ਕਰਕੇ ਅਨੇਕ ਜੋਤਾਂ, ਛਬਾਂ (ਕਰਦੀਆਂ ਹਨ) ਨਮਸਕਾਰ, ਸੋਭਾ ਕਰਕੇ ਅਨੇਕਾਂ ਸੋਭਾ ਨਮਸ਼ਕਾਰ(ਕਰਦੀਆਂ ਹਨ), ਜੋਤਿ ਕਰਕੇ ਅਨੇਕਾਂ ਜੋਤਾਂ ਨਮਸਕਾਰ (ਕਰਦੀਆਂ ਹਨ)।

**ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ ਏਕ ਤਿਲ ਕਥਾ ਅਤਿ ਅਗਮ ਅਗਮ ਹੈ ॥**

ਅਨੇਕਾਂ ਉਸਤਤਾਂ, ਅਨੇਕਾਂ ਉਪਮਾ, ਅਨੇਕਾਂ ਮਹਾਤਮ ਤੇ ਅਨੇਕਾਂ ਮਹਿਮਾਂ (ਮਿਲਕੇ, ਉਸ) ਇਕ ਤਿਲ ਦੀ ਕਥਾ ਨੂੰ ਅਤ ਅਗਮ(ਕਹਿੰਦੀਆਂ)ਹਨ।

**ਬੁਧਿ ਬਲਿ ਬਚਨ ਬਿਬੇਕ ਕਉ ਅਨੇਕ ਮਿਲੇ ਏਕ ਤਿਲ ਆਦਿ ਬਿਸਮਾਦ ਕੈ ਬਿਸਮ ਹੈ ॥**

ਅਨੇਕਾਂ ਬੁਧਾਂ ਦਾ ਬਿਬੇਕ ਮਿਲ ਜਾਵੇ, ਅਨੇਕਾਂ ਬਲਾਂ ਦਾ ਬਿਬੇਕ ਮਿਲ ਜਾਵੇ, ਅਨੇਕਾਂ ਬਚਨਾਂ ਦਾ ਬਿਬੇਕ ਮਿਲ ਜਾਵੇ,(ਇਹ ਸਾਰੇ) ਇਕ ਤਿਲ ਨੂੰ ਆਦ (ਕਾਲ) ਤੋਂ ਹੀ ਬਿਸਮਾਦ ਤੋਂ ਬਿਬੇਕ ਕਰਕੇ (ਕਹਿੰਦੇ ਹਨ।

**ਏਕ ਤਿਲ ਕੈ ਅਨੇਕ ਭਾਂਤਿ ਨਿਹਕ੍ਰਾਂਤਿ ਭਈ ਅਬਿਗਤਿ ਗਤਿ ਗੁਰ ਪੂਰਨ ਬ੍ਰਹਮ ਹੈ ॥ ੧੦੧॥ ੧੪੧ ॥**

ਇਕ ਤਿਲ ਕਰਕੇ (ਜੋ ਕ੍ਰਾਂਤੀ ਪ੍ਰਾਪਤ ਹੋਈ ਹੈ, ਉਸਦੇ ਸਾਹਮਣੇ) ਅਨੇਕ ਤਰਾਂ (ਦੀ ਕ੍ਰਾਂਤੀ ਹੀ) ਨਿਹਕ੍ਰਾਂਤੀ ਹੋ ਗਈ ਹੈ, ਜਿਸ ਤੋਂ ਨਿਸਚੇ ਕੀਤਾ ਹੈ ਜੁ (ਜਿਸਦੀ) ਗਤੀ ਅਬਗਤੀ (ਹੈ, ਉਸ) ਪੂਰਨ ਬ੍ਰਹਮ (ਦਾ ਰੂਪ ਹੀ) ਗੁਰੂ ਹੈ ॥੧੦੧॥੧੪੧॥

**ਦਰਸ਼ਨ ਜੋਤਿ ਕੋ ਉਦੋਤਿ ਅਸਚਰਜ ਮੈ ਕਿੰਚਤ ਕਟਾਛ ਕੈ ਬਿਸਮ ਕੋਟਿ ਧਿਆਨ ਹੈ ॥**

(ਜੋ) ਗੁਰ ਦੇ ਦਰਸ਼ਨ ਦੀ ਜੋਤ ਪ੍ਰਗਟ ਹੋਈ ਹੈ ਉਹ) ਅਚਰਜ ਰੂਪ ਹੈ, (ਗੁਰੂ ਜੀ ਦੀ) ਰਤਾ ਮਾਤ੍ਰ ਕ੍ਰਿਪਾ ਕਟਾਖਸ (ਪ੍ਰਾਪਤ ਹੋਣ) ਕਰਕੇ ਕਰੋੜਾਂ ਬਿਸਮਾਦ ਧਯਾਨ (ਪ੍ਰਗਟ ਹੁੰਦੇ) ਹਨ।

**ਮੰਦ ਮੁਸਕਾਨਿ ਬਾਨਿ ਪਰਮਦਭੁਤ**

**ਗਤਿ ਮਧੁਰ ਬਚਨ ਕੈ ਬਕਤਿ ਕੋਟਿ ਗਯਾਨ ਹੈ ॥**

(ਗੁਰੂ ਜੀ ਨੂੰ ਜੋ) ਮਠਾ ਮਠਾ ਸੁਸਕਾਉਣ ਦੀ ਬਾਨ [ਸੁਭਾਵ] ਹੈ,(ਉਸਦੀ) ਪਰਮ ਅਦਭੁਤ ਗਤੀ ਹੈ, (ਗੁਰੂ ਜੀ ਦੇ) ਮਿਠੇ ਬਚਨਾਂ (ਨੂੰ ਸੁਣ) ਕਰਕੇ ਕਰੋੜਾਂ ਗਿਆਨ ਥਕਤ ਹੁੰਦੇ ਹਨ।

**ਏਕ ਉਪਕਾਰ ਕੇ ਬਿਥਾਰ ਕੋ ਨ ਪਾਰਾਵਾਰੁ ਕੋਟਿ ਉਪਕਾਰ ਸਿਮਰਨ ਉਨਮਾਨ ਹੈ ॥**

(ਗੁਰੂ ਜੀ ਦੇ) ਇਕ ਉਪਕਾਰ ਦੇ ਪਸਾਰੇ ਦਾ ਆਰ ਪਾਰ ਨਹੀਂ (ਮਿਲਦਾ ਹੈ, ਤਾਂ ਉਨ੍ਹਾਂ ਦੇ ਕੀਤੇ ਹੋਏ) ਕ੍ਰੋੜਾਂ ਉਪਕਾਰਾਂ ਦੇ ਸਿਮਰਨ (ਮਾਤ੍ਰ ਦਾ) ਵਿਚਾਰ (ਕਿਵੇਂ ਹੋ ਸਕਦਾ) ਹੈ।

**ਦਇਆ ਨਿਧਿ ਕ੍ਰਿਪਾ ਨਿਧਿ ਸੁਖ ਨਿਧਿ ਸੋਭਾ ਨਿਧਿ ਮਹਿਮਾ ਨਿਧਾਨ ਗੰਮਿਤਾਨਕਾਹੂਆਨਹੈ।੧੦੨।੧੪੨।**

(ਗੁਰੂ ਜੀ) ਦਯਾ ਦੇ ਸਮੁੰਦਰ ਹਨ, ਕ੍ਰਿਪਾ ਦੇ ਸਮੁੰਦਰ ਹਨ, ਸੁਖ ਦੇ ਸਮੁੰਦਰ ਹਨ, ਸੋਭਾ ਦੇ ਸਮੁੰਦਰ ਹਨ,ਮਹਿਮਾਂ ਦੇ ਭੰਡਾਰ ਹਨ,(ਉਨ੍ਹਾਂ ਵਿਚ) ਕਿਸੇ ਹੋਰ ਦੀ ਗੰਮਤਾ ਨਹੀਂ ਹੈ ॥੧੨੦ ॥ ੧੪੨॥

ਭਾਵ–ਗੁਰੂ ਜੀ ਨੂੰ ਜੋਤਿ ਸਰੂਪ ਵਿਚ ਦਰਸ਼ਨ ਕੀਤਾ ਹੈ,ਉਨ੍ਹਾਂਦੀ ਉਪਮਾਂ ਕਰਨ ਦੇ ਵਿਚਾਰ ਨਾਲ ਵਰਨਣ ਕਰਦੇ ਹੋਏ, ਉਪਮਾ ਦੇ ਵਿਚ ਹੀ ਲੀਨ ਹੋ ਗਏ ਹਨ ਤੇ ਕਹਿੰਦੇ ਹਨ, ਗੁਰ ਉਪਮਾਂ ਮਨ,ਬਾਣੀ ਤੇ ਸਰੀਰ ਦੀ ਗੰਮਤਾ ਤੋਂ ਅਤਿਅੰਤ ਪਰੇ ਹੈ।

**ਕੋਟਿਨ ਕੋਟਾਨਿ ਆਦਿ ਬਾਦਿ ਪਰਮਾਦਿ ਬਿਖੈ ਕੋਟਨਿ ਕੋਟਾਨਿਅੰਤ ਬਿਸਮ ਅਨੇਤਮੈ ॥**

(ਜੋ ਸੰਸਾਰ ਦੀ) 'ਆਦਿ' (ਵਸਤੂ ਹੈ. ਉਹ) ਕ੍ਰੋੜਾਨ ਕ੍ਰੋੜ ਭੀ [ਬਾਦਿ] ਬਿਅਰਥ ਹਨ, ਪਰਮਾਦ (ਸਰੂਪ)ਪ੍ਰਭੂ ਵਿਖੇ ਅਤੇ ਕ੍ਰੋੜਾਨ ਕ੍ਰੋੜ ਅੰਤਭੀ 'ਅੰਤ ਜਾਣਨ) ਵਿਚ ਅਸਚਰਜ (ਹਨ, ਅਤੇ ਕਹਿੰਦੇ ਹਨ ਜੋ) 'ਅਨ+ਅੰਤ' ਅੰਤ ਨਹੀਂ (ਆਉਂਦਾ) ਹੈ।

**ਕੋਟਿ ਪਾਰਾਵਾਰ ਪਾਰਾਵਾਰ ਨ ਅਪਾਰੁ ਪਾਵੈ ਥਾਹ ਕੋਟਿ ਥਕਤ ਅਥਾਹ ਅਪਰਜੰਤ ਮੈ ॥**

(ਜੋ ,ਵਸਤੂ) 'ਪਾਰ-ਉਰਾਰ' ਨਹੀਂ ਪਾ ਸਕੇ ਹਨ,ਅਤੇ ਕਰੋੜਾਂ ਹੀ 'ਥਾਹ' (ਪਦਾਰਥ)ਭੀ ਅਥਾਹ (ਨੂੰ ਲਭਦਿਆਂ) ਥਕ ਗਏ ਹਨ,(ਅਤੇ ਕਹਿਣ ਲਗੇ ਹਨ ਜੋ) 'ਅ-ਪਰਜੰਤ' ਬੇਹਦ ਹਨ।

**ਅਬਿਗਤਿ ਗਤਿ ਗਤਿ ਅਗਮ ਅਗਾਧਿ ਬੋਧਿ ਗੰਮਿਤਾ ਗਿਆਨ ਧਿਆਨ ਸਿਮਰਨ ਮੰਤ ਮੈ ॥**

[ਜਿਸ ਗੁਰੂ ਦੀ] ਗਤੀ ਅਬਗੱਤ ਹੈ, [ਜਿਸਦਾ] ਬੋਧ ਅਗਾਧ ਅਤੇ ਅਗੰਮਹੈ[ਜਿਸਦੇ]ਮੰਤ੍ਰ ਦੇ ਸਿਮ੍ਰਨ ਵਿਚ ਗਿਆਨ ਧਿਆਨ ਵਿਚ ਗੰਮਤਾ ਨਹੀ ਹੈ।

**ਅਲਖ ਅਭੇਵ ਅਪਰੰਪਰ ਦੇਵਾਧਿ ਦੇਵ ਐਸੇ ਗੁਰਦੇਵ ਸੇਵ ਗੁਰੁਸਿਖ ਸੰਤ ਮੈ ॥ ੧੦੩ ॥ ੧੪੩ ॥**

[ਜੋ] ਅਲਖ ਹੈ, ਅਭੇਵ ਹੈ, ਅਪਰੰਪਰ ਹੈ; ਦੇਵਤਿਆਂ ਦਾ ਆਸਰਾ ਰੂਪ ਦੇਵ ਹੈ, ਐਸੇ ਗੁਰਦੇਵ ਜੀ ਦੀ ਸੇਵਾ ਵਿਚ ਗੁਰਸਿਖ ਸੰਤ [ਜੀਵਨ ਸਫਲ ਕਰਦੇ ਹਨ] ॥੧੦੩] ੧੪੩॥

**ਝੂਲਨਾ ਛੰਦ ॥ ਆਦਿ ਧਰਮਾਦਿ ਬਿਸਮਾਦਿ ਗੁਰ ਏ ਨਮਹ ਪ੍ਰਗਟ ਪੂਰਨ ਬ੍ਰਹਮ ਜੋਤਿ ਰਾਖੀ ॥**

[ਜੋ] ਧਰਮ, ਅਰਥ, ਕਾਮ ਤੇ ਮੋਖ [ਇਨ੍ਹਾਂ ਚੋਹਾਂ ਪਦਾਰਥਾਂ ਦਾ] ਆਦ ਹੈ, [ਜੋ] ਬਿਸਮਾਦ ਸਰੂਪ ਹੈ, [ਉਸ] ਗੁਰੂ ਤਾਈਂ ਨਮਸ਼ਕਾਰ ਹੈ,[ਜਿਸ ਵਿਚ] ਪੂਰਨ ਬ੍ਰਹਮ ਨੇ ਪ੍ਰਗਟ (ਹੀ ਆਪਣੀ) ਜੋਤਿ ਰਖੀ ਹੈ।

**ਮਿਲਿ ਚਤੁਰ ਬਰਨ ਇਕ ਬਰਨ ਹੁਇ ਸਾਧ ਸੰਗ ਸਹਜਿ ਧੁਨਿ ਕੀਰਤਨ ਸ਼ਬਦ ਸਾਖੀ ॥**

(ਜਿਸ) ਸਾਧ ਸੰਗਤ ਵਿਚ ਸ਼ਬਦ ਕੀਰਤਨ ਦੀ ਸਹਿਜੇ ੨ ਧੁਨੀ (ਹੁੰਦੀ ਹੈ, ਤੇ ਗੁਰ) ਸਾਖੀ (ਪ੍ਰਸੰਗ ਦੀ ਵਿਚਾਰ ਹੁੰਦੀ ਹੈ,ਉਸ ਸਾਧ ਸੰਗ ਵਿਚ ਬ੍ਰਾਹਮਣ ਖਤ੍ਰੀ, ਵੈਸ਼ ਤੇ ਸ਼ੂਦਰ) ਚਾਰੇ ਵਰਨ ਮਿਲਕੇ ਇਕ ਵਰਨ [ਇਕ-ਰੰਗ]-ਗੁਰੂ ਕੇ ਸਿਖ-(ਹੋ ਗਏ ਹਨ)।

**ਨਾਮ ਨਿਹਕਾਮ ਨਿਜ ਧਾਮ ਗੁਰ ਸਿਖ ਸ੍ਰਵਨ ਧੁਨਿ ਗੁਰ ਸਿਖ ਸੁਮਤਿ ਅਲਖ ਲਾਖੀ ॥**

(ਜਿਸਦਾ) ਨਾਮ 'ਨਿਹਕਾਮ' (ਕਾਮਨਾ ਤੋਂ ਰਹਿਤ) ਹੈ,(ਉਹ ਜਗ੍ਹਾ)ਗੁਰ ਸਿਖਾਂ ਦਾ ਨਿਜ ਧਾਮ (ਆਪਣਾ ਘਰ) ਹੈ, (ਸ਼ਬਦ ਕੀਰਤਨ ਦੀ) ਧੁਨੀ ਸ੍ਰਵਨ (ਕਰਕੇ) ਗੁਰ ਸਿਖ ਨੇ ਸ਼ੁਭ ਮੱਤ ਦਵਾਰੇ ਅਲਖ ਨੂੰ ਲਖ ਲਿਆ ਹੈ।

**ਕਿੰਚਤ ਕਟਾਖਛ ਕਰਿ ਕ੍ਰਿਪਾ ਦੈ ਜਾਹਿ ਲੈ ਤਾਹਿ ਅਵਗਾਹਿ ਪ੍ਰਿਅ ਪ੍ਰੀਤਿ ਚਾਖੀ ॥੧੦੪॥੧੩੪॥**

ਜਿਨ੍ਹਾਂ ਉਪਰ ਕਿੰਚਤ ਮਾਤ੍ਰ ਭੀ ਕ੍ਰਿਪਾ ਕਟਾਖ-ਛਜ ਕਰਕੇ ਦੇਖਦੇ ਹਨ, (ਉਹ) ਉਸ ਕ੍ਰਿਪਾ ਨੂੰ ਲੈਕੇ ਤੇ (ਅਵਗਾਹਿ) ਵਿਚਾਰ ਵਿਚਾਰਕੇ ਪਿਆਰੇ (ਪ੍ਰਭੂ ਦੀ) ਪ੍ਰੀਤੀ ਨੂੰ ਚਖਦਾ ਹੈ।੧੦੪॥ ੧੪੪॥

**ਸ਼ਬਦ ਕੀ ਸੁਰਤਿ ਅਸਫੁਰਤਿ ਹੁਇ ਤੁਰਤ ਹੀ ਜੁਗਤ ਹੈ ਸਾਧ ਸੰਗ ਮੁਰਤ ਨਾਹੀ ॥**

(ਜੋ ਪੁਰਸ਼ ਐਸੀ ਸਾਧ ਸੰਗਤ ਨਾਲ) ਜੁੜ ਜਾਂਦੇ ਹਨ, (ਉਨ੍ਹਾਂ ਨੂੰ) ਤੁਰਤ ਹੀ ਸ਼ਬਦ ਦੀ ਸੁਰਤੀ (ਅਸ+ਫੁਰਤਿ ਹਵੈ) ਅਜੇਹੀ ਫੁਰ ਆਉਂਦੀ ਹੈ, (ਜੋ ਫਿਰ ਕਦੇ ਭੀ) ਮੁੜਦੀ ਨਹੀਂ ਹੈ।

**ਪ੍ਰੇਮ ਪਰਤੀਤ ਕੀ ਰੀਤਿ ਹਿਤ ਚੀਤ ਕਰਿ ਜੀਤਿ ਮਨ ਜਗਤ ਮਨਿ ਦੁਰਤ ਨਾਹੀ ॥**

(ਉਹ)ਚਿਤ ਦੇ ਹਿਤ ਨਾਲ ਪ੍ਰਤੀਤ(ਭਰੋਸੇ) ਦੀ ਰੀਤੀ [ਮਰਯਾਦਾ] ਨਾਲ ਪ੍ਰੇਮ ਕਰਦਾ ਹੈ, (ਇਸ ਤਰਾਂ) ਮਨ ਨੂੰ ਜਿੱਤਕੇ (ਉਸਨੇ) ਜਗਤ ਨੂੰ ਜਿਤ ਲਿਆ ਹੈ, (ਇਸ ਕਰਕੇ) ਮਨ ਵਿਖੇ ਪਾਪ ਨਹੀਂ ਹੈ ਅਥਵਾ ਮਨ ਵਿਚ [ਦੁਰਤ] ਲੁਕਾਉ ਨਹੀਂ ਹੈ।

**ਕਾਮ ਨਿਹਕਾਮ ਨਿਹਕਰਮ ਹੁਇ ਕਰਮ ਕਰ ਆਸਾ ਨਿਰਾਸ ਹੁਇ ਝੁਰਤ ਨਾਹੀ ॥**

ਕਾਮਨਾ (ਵਿਚ ਰਹਿੰਦਾ ਹੋਯਾ) ਕਾਮਨਾ ਤੋਂ ਰਹਿਤ ਹੈ, ਕਰਮ ਕਰਦਾ ਹੋਇਆ ਕਰਮਾਂ ਤੋਂ ਰਹਿਤ ਹੈ, ਆਸਾ (ਵਿਚ ਹੁੰਦਾ ਹੋਯਾ) ਨਿਰਾਸ ਹੋ ਰਿਹਾ ਹੈ ਅਤੇ ਝੁਰਦਾ ਨਹੀਂ ਹੈ।

**ਗਿਆਨ ਗੁਰੁ ਧਿਆਨ ਉਰ ਮਾਨਿ ਪੂਰਨ ਬ੍ਰਹਮ ਜਗਤ ਮਹਿ ਭਗਤ ਮਤਿ ਛਰਤ ਨਾਹੀ ॥੧੦੫॥ ੧੪੫॥**

ਗੁਰੂ ਦੇ ਗਿਆਨ ਨੂੰ ਹਿਰਦੇ ਦੇ ਧਿਆਨ ਵਿਚ ਮਾਂਨਦਾ ਹੈ, ਬ੍ਰਹਮ ਨੂੰ ਜਗਤ ਵਿਚ ਪੂਰਨ (ਵੇਖਕੇ) ਭਗਤੀ ਨੂੰ ਬੁਧੀ ਵਿਚ (ਧਾਰਨ ਕਰਕੇ) ਛਲਿਆ ਨਹੀਂ ਜਾਂਦਾ ਹੈ, (ਅਰਥਾਤ ਮਾਯਾ ਠਗਣੀ ਕਰਕੇ ਭੀ ਉਹ) "ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰ ਸਕੈ" ਅਵਸਥਾ ਤੇ ਪੁਜ ਚੁਕਾ ਹੈ ॥੧੦੫॥੧੪੫॥

**ਕਬਿੱਤ ॥ ਕੋਟਨਿ ਕੋਟਾਨਿ ਗਿਆਨ ਗਿਆਨ ਅਵਗਾਹਨ ਕੈ ਕੋਟਨਿ ਕੋਟਾਨਿ ਧਯਾਨ ਧਯਾਨ ਉਰਧਾਰਹੀ ॥**

ਕਰੋੜਾਂ ਕਰੋੜਾਂ ਗਿਆਨ ਗੁਰ ਸ਼ਬਦ ਦੇਗਿਆਨ ਨੂੰ ਅਵਗਾਹਨ (ਵਿਚਾਰਨਾ) ਕਰਦੇ ਹਨ, ਕਰੋੜਾਂ ਕਰੋੜ ਧਿਆਨ ਗੁਰ ਸ਼ਬਦ ਦੇ ਧਿਆਨ ਨੂੰ ਹਿਰਦੇ ਵਿਚ ਧਾਰ ਰਹੇ ਹਨ।

**ਕੋਟਨਿ ਕੋਟਾਨਿ ਸਿਮਰਨ ਸਿਮਰਨ**

**ਕਰਿ ਕੋਟਿਨ ਕੋਟਾਨਿ ਉਨਮਾਨ ਬਾਰੰ ਬਾਰ ਹੀ ॥**

ਕਰੋੜਾਂ ਕਰੋੜ ਸਿਮਰਨ ਗੁਰ ਸ਼ਬਦ ਦਾਸਿਮਰਨ ਕਰਦੇ ਹਨ, ਕਰੋੜਾਂ ਕਰੋੜ (ਉਨਮਾਨ) ਵਿਚਾਰਾਂ ਗੁਰ ਸ਼ਬਦ ਨੂੰ ਬਾਰੰਬਾਰ ਚਾਰਦੀਆਂ ਹਨ।

**ਕੋਟਿਨ ਕੋਟਾਨਿ ਸੁਰਤਿ ਸ਼ਬਦ ਅਉ ਦ੍ਰਿਸਟਿ ਕੈ ਕੋਟਿਨ ਕੋਟਾਨਿ ਰਾਗ ਨਾਦ ਝੁਨਕਾਰ ਹੀ ॥**

ਕਰੋੜਾਂ ਕਰੋੜ ਸ਼ਬਦ ਨੂੰ ਸੁਣਨ ਵਾਲੀਆਂ ਸੁਰਤਾਂ ਗੁਰ ਸ਼ਬਦ ਨੂੰ (ਸੁਣਦੀਆਂ ਹਨ) ਅਤੇ (ਦ੍ਰਿਸ਼ਟਿ) ਨਜ਼ਰਾਂ ਗੁਰ ਸ਼ਬਦ ਨੂੰ (ਵੇਖਣਾ) ਕਰਦੀਆਂ ਹਨ, ਕਰੋੜਾਂ ਕਰੋੜਾਂ ਰਾਗਾਂ ਦੇ ਨਾਦ ਗੁਰ ਸ਼ਬਦ ਨੂੰ ਝਨਕਾਰਦੇ ਹਨ।

**ਕੋਟਿਨ ਕੋਟਾਨਿ ਪ੍ਰੇਮ ਨੇਮ ਗੁਰ ਸ਼ਬਦ ਕਉ ਨੇਤਿ ਨੇਤਿ ਨਮੋ ਨਮੋ ਕੈ ਨਮਸ਼ਕਾਰ ਹੀ ॥੧੦੬॥੧੪੬॥**

ਕਰੋੜਾਂ ਕਰੋੜ ਪ੍ਰੇਮ ਤੇ ਨੇਮ ਗੁਰ ਸ਼ਬਦ ਨੂੰ(ਪ੍ਰੇਮ ਤੇ ਨੇਮ ਅਰਾਧਦੇ ਹਨ, ਤਾਂਤੇ ਐਸੇ ਗੁਰ ਸ਼ਬਦ ਨੂੰ ਬੇਅੰਤਵਾਰੀ ਨਮਸ਼ਕਾਰ ਹੈ,ਬੇਅੰਤ ਵਾਰੀ ਨਮਸ਼ਕਾਰ ਹੈ,(ਬੇਅੰਤ ਵੇਰੀ) ਨਮਸ਼ਕਾਰ ਹੈ ॥੧੦੬॥੧੪੬॥

ਨੋਟ–ਇਸ ਕਬਿਤ ਦੀ ਚੌਥੀ ਤੁਕ ਦੇ ਪਹਿਲੇ ਚਰਨ ਵਿਚ ਜੋ 'ਗੁਰ ਸ਼ਬਦ ਕਉ' ਪਾਠ ਹੈ, ਇਸ 'ਗੁਰ ਸ਼ਬਦ ਕਉ' ਦਾ ਅਰਥ ਹਰੇਕ ਤੁਕ ਨਾਲ ਸਬੰਧਤ ਕਰਨ ਕਰਕੇ ਬਿਵਸਥਾ ਠੀਕ ਲਗਦੀ ਹੈ।

**ਸ਼ਬਦ ਸੁਰਤਿ ਲਿਵ ਲੀਨ ਅਕੁਲੀਨ ਭਏ ਚਤੁਰ ਬਰਨ ਮਿਲਿ ਸਾਧ ਸੰਗ ਜਾਨੀਐ ॥**

(ਜਿਨ੍ਹਾਂ ਦੀ) ਸੁਰਤੀ ਸ਼ਬਦ ਵਿਚ ਲਿਵ ਲੀਨ (ਹੋ ਗਈ ਹੈ,ਉਹ)ਮਹਾਂ ਉਚੀ ਕੁਲ ਦੇ ਹੋਗਏ ਹਨ, (ਅਰਥਾਤ ਉਨ੍ਹਾਂ ਪੁਰਸ਼ਾਂ ਦੇ) ਚੌਹਾਂ ਵਰਨਾਂ ਦੇ ਮੇਲ (ਇਕੱਠ) ਨੂੰ ਹੀ ਸਾਧ ਸੰਗ ਜਾਣੀਦਾ ਹੈ,(ਅਰਥਾਤ ਜਿਨ੍ਹਾਂ ਪੁਰਸ਼ਾਂ ਦੀ ਸੁਰਤੀ ਦੀ ਲਿਵ ਸ਼ਬਦ ਵਿਚ ਲੀਨ ਹੋ ਗਈ ਹੈ, ਉਹ ਭਾਵੇਂ ਕਿਸੇ ਭੀ ਵਰਨ ਦਾ ਹੈ, ਮਹਾਨ ਉਤਮ ਕੁਲ ਹੋ ਗਿਆ ਹੈ ਉਸਦਾ ਨਾਮ ਮਸ਼ਹੂਰ ਹੋ ਗਿਆ ਹੈ। 'ਸਾਧ' ਐਸੇ ਪੁਰਸ਼ਾਂ ਦੇ ਮੇਲ ਦਾ ਨਾਮ ਹੀ ਸਾਧ ਸੰਗ ਜਾਣੀਦਾ ਹੈ, (ਉਹ ਸਾਧ ਭਾਵੇਂ ਕਿਸੇ ਭੀ ਵਰਨ ਦਾ ਕਿਉਂ ਨਾ ਹੋਵੇ)।

**ਸ਼ਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ ਗੁਹਜ ਗਵਨ ਜਲ ਪਾਨ ਉਨਮਾਨੀਐ ॥**

(ਜਿਨ੍ਹਾਂ ਦੀ) ਸੁਰਤੀ ਦੀ ਲਿਵ ਸ਼ਬਦ ਵਿਚ ਲੀਣ (ਹੋ ਗਈ ਹੈ, ਉਨ੍ਹਾਂ ਦੀ) ਜਲ ਤੇ ਮਛੀ ਵਰਗੀ ਗੁਪਤ ਗਤੀ ਹੈ, (ਜਿਵੇਂ) ਮਛੀ ਦਾ ਗਵਨ [ਜਾਣਾ] ਗੁਪਤ (ਹੈ ਅਤੇ ਮਛੀ ਦਾ) ਪਾਣੀ ਪੀਣਾ ਗੁਪਤ ਹੈ, (ਏਹੋ) ਵਿਚਾਰ ਉਸਦੇ ਲਈ ਵਿਚਾਰਨੀ ਚਾਹੀਦੀ ਹੈ। ਯਥਾ–'ਜਿਉ ਜਲ ਮਾਝੈ ਮਾਛਲੋ ਮਾਰਗ ਪੇਖਨੋ ਨ ਜਾਈ ॥'

**ਸ਼ਬਦ ਸੁਰਤਿ ਲਿਵ ਲੀਨ ਪਰ ਬੀਨ ਭਏ ਪੂਰਨ ਬ੍ਰਹਮ ਏਕੈ ਏਕ ਪਹਿਚਾਨੀਐ ॥**

(ਜਿਨ੍ਹਾਂ ਦੀ) ਸੁਰਤਿ ਦੀ ਲਿਵ ਸ਼ਬਦ ਵਿਚ ਲੀਨ (ਹੋਈ ਹੈ, ਉਹ) ਚਤੁਰ ਹੋ ਗਏ ਹਨ, (ਉਹ ਹਰ) ਇਕ (ਵਸਤੂ ਵਿਚ) ਇਕ ਬ੍ਰਹਮ ਨੂੰ ਹੀ ਪੂਰਨ ਪਛਾਣਦੇ ਹਨ।

**ਸ਼ਬਦ ਸੁਰਤਿ ਲਿਵ ਲੀਨ ਪਗ ਰੀਨ ਭਏ ਗੁਰਮੁਖਿ ਸਬਦ ਸੁਰਤਿ ਉਰ ਆਨੀਐ ॥੧੦੭॥੧੪੭॥**

(ਜਿਨ੍ਹਾਂ ਦੀ) ਸੁਰਤੀ ਦੀ ਲਿਵ ਸ਼ਬਦ ਵਿਚ ਲੀਨ [ਹੋਈ ਹੈ, ਉਹ ਸਭਨਾਂ ਦੇ) ਪੈਰਾਂ ਦੀ (ਰੀਨ) ਧੂੜੀ [ਖਾਕ] ਹੋ ਗਏ ਹਨ, (ਤਾਂਤੇ) ਹੇ ਗੁਰਮੁਖੋ! (ਇਸ ਤਰਾਂ ਦੀ) ਸ਼ਬਦ ਸੁਰਤਿ ਨੂੰ ਹਿਰਦੇ ਵਿਚ ਲਿਆਉਣਾ ਕਰੋ ॥੧੦੭॥ ੧੪੭॥

**ਗੁਰਮੁਖਿ ਧਿਆਨ ਕੈ ਪਤਿਸਟਾ ਸੁਖੰਬਰ ਲੈ ਅਨਿਕ ਪਟੰਬਰ ਕੀ**

**ਸੋਭਾ ਨ ਸੁਵਾਹਈ ॥**

[ਪਤਿਸ਼ਟਾਂ–ਆਦਰ, ਸਤਿਕਾਰ, ਇੱਜ਼ਤ, ਵਡਿਆਈ ॥ ਸੁਖੰਬਰ–(ਸੁਖ+ਅੰਬਰ) ਸੁਖ ਰੂਪ ਕਪੜਾ ॥ ਪਟੰਬਰ–(ਪਟ+ਅੰਬਰ) ਰੇਸ਼ਮੀ ਕਪੜੇ ॥ ਸੋਭਾ–ਉਪਮਾ, ਸੁੰਦਰ ॥ ਮਿਸਟਾਨ ਪਾਨ–ਪੀਣ ਵਾਲਾ ਮਿਠਾ ਰਸ, ਸ਼ਰਬਤ ਦਾ ਪੀਣਾ।]
[ਬਿੰਜਨਾਦਿ–ਖਾਣਵਾਲੇ ਸੁਾਦਿਸ਼ਟ ਭੋਜਨ ਵਗੈਰਾ।]

(ਜਿਨ੍ਹਾਂ ਨੇ) [ਗੁਰਮੁਖ] ਸਤਿਗੁਰ ਦਾ ਧਿਆਨ ਕਰਕੇ ਇੱਜ਼ਤ ਪ੍ਰਾਪਤ ਰੂਪ ਸੁਖਦਾਈ ਕਪੜਾ ਲੈ [ਲਿਆ ਹੈ, ਉਨ੍ਹਾਂ ਨੂੰ) ਅਨੇਕਾਂ ਰੇਸ਼ਮੀ ਕਪੜੇ ਦੀ ਸੋਭਾ ਭੀ ਸੁਹਾਂਵਦੀ ਨਹੀਂ ਹੈ, [ਅਰਥਾਤ ਅਨੇਕ ਤਰਾਂ ਦੇ ਰੇਸ਼ਮੀ ਕਪੜਿਆਂ ਦੇ ਪਿਹਰਨ ਨਾਲੋਂ ਗੁਰ ਚਰਨਾਂ ਦੇ ਧਿਆਂਨ ਨੂੰ ਸਰੇਸ਼ਟ ਜਾਣਦੇ ਹਨ]।

**ਗੁਰਮੁਖ ਸੁਖਿ ਫਲ ਗਿਆਨ ਮਿਸ਼ਟਾਨ ਪਾਨ ਨਾਨਾ ਬਿੰਜਨਾਦਿ ਸੁਾਦ ਲਾਲਸਾ ਮਿਟਾਵਈ ॥**

[ਜਿਨ੍ਹਾਂਨੇ] ਸਤਿਗੁਰ ਦੀ[ਸੇਵਾ ਕਰਕੇ]ਸੁਖਫਲ [ਬਖਸ਼ਨ ਵਾਲੇ] ਗਿਆਨ [ਰੂਪ]ਸ਼ਰਬਤ ਪੀਤਾ ਹੈ, [ਉਨ੍ਹਾਂ ਦੇ ਮਨ ਵਿਚੋਂ] ਅਨੇਕ ਤਰਾਂ ਦੇ ਸੁਾਦਿਸ਼ਟ ਖਾਣਿਆਂ ਦੇ ਸਵਾਦ ਦੀ ਲਾਲਸਾ ਮਿਟ ਗਈ ਹੈ।

**ਪਰਮ ਨਿਧਾਨ ਪ੍ਰਿਅ ਪ੍ਰੇਮ ਪਰਮਾਰਥ ਕੈ ਸਰਬ ਨਿਧਾਨ ਕੀ ਇਛਾ ਨ ਉਪਜਾਵਈ ॥**

[ਜਿਨ੍ਹਾਂ ਨੇ] ਪਰਮ ਧਿਆਨ [ਸਰੂਪ] ਪ੍ਰੀਤਮ ਗੁਰੂ ਦੇ ਪ੍ਰੇਮ ਰੂਪ ਪਰਮ+ਅਰਥ [ਉਤਮ+ਧਨ] [ਨੂੰ ਪ੍ਰਾਪਤ] ਕਰ ਲਿਆ ਹੈ, [ਉਨ੍ਹਾਂ ਦੇ ਮਨ ਵਿਚ] ਸਾਰੇ ਖਜਾਨਿਆਂ [ਦੇ ਪ੍ਰਾਪਤ ਕਰਨ ਦੀ] ਇਛਾ ਪੈਦਾ ਹੀ ਨਹੀਂ ਹੁੰਦੀ।

**ਪੂਰਨ ਬ੍ਰਹਮ ਗੁਰੂ ਕਿੰਚਤ ਕ੍ਰਿਪਾ ਕਟਾਖਯ ਮਨ ਮਨਸਾ ਥਕਤ ਅਨਤ ਨ ਧਾਵਈ ॥ ੧੦੮ ॥ ੧੪੮ ॥**

[ਜਿਨ੍ਹਾਂ ਉਤੇ] ਪੂਰਨ ਬ੍ਰਹਮ [ਸਰੂਪ] ਗੁਰੂ ਜੀ ਦੀ ਕਿੰਚਤ ਮਾਤ੍ਰ ਭੀ ਕ੍ਰਿਪਾ ਕਟਾਖਛ [ਦ੍ਰਿਸ਼ਟੀ] ਹੋਈ ਹੈ, [ਉਨ੍ਹਾਂ ਦਾ] ਮਨ-ਬੁੱਧਿ ਥੱਕ ਗਈ ਹੈ, [ਗੁਰ ਚਰਨਾਂ ਦਾ ਤਿਆਗ ਕਰਕੇ] ਹੋਰ ਕਿਧਰੇ ਜਾਂਦੀ ਹੀ ਨਹੀਂ ਹੈ।੧੦੮ ॥ ੧੪੮॥

**ਧੰਨਿ ਧੰਨਿ ਗੁਰ ਸਿਖ ਸੁਨਿ ਗੁਰ ਸਿਖ ਭਏ ਗੁਰੂ ਸਿਖ ਮਨ ਗੁਰੂ ਸਿਖ ਮਨ ਮਾਨੇ ਹੈ ॥**

[ਉਹ]ਧੰਨ ਧੰਨ ਹੈ,(ਜੋ) ਗੁਰ ਸਿਖਯਾਨੂੰ ਸੁਣਕੇ ਗੁਰ ਸਿਖ ਹੋਇਆ ਹੈ, (ਅਤੇ ਉਹ ਧੰਨ ਧੰਨ ਹੈ, ਜਿਸਨੇ)ਗੁਰ ਸਿਖਯਾ ਨੂੰ ਮੰਨਣ (ਕੀਤਾ ਹੈ,ਕਿਉਂਕਿ ਉਸ)ਗੁਰਸਿਖ ਦਾ ਮਨ (ਉਸਦਾ ਕਿਹਾ)ਮੰਨਦਾ ਹੈ (ਅਰਥਾਤ ਗੁਰ ਸਿਖਯਾ ਨੂੰ ਮਨਨ ਕਰਨ ਵਾਲੇ ਗੁਰਸਿਖ ਦਾ ਮਨ ਬੀਬੇ ਬਾਲਕ ਵਾਂਗੂ ਉਸਦੇਹੁਕਮ ਵਿਚ ਤੁਰਦਾ ਹੈ, ਕਦੇ ਭੀ ਉਸਦੇ ਕਹਿਣ ਤੋਂਬਾਹਰ ਨਹੀਂ ਜਾਂਦਾ ਹੈ, ਕਿਉਂਕਿ ਉਹ ਹਰ ਵੇਲੇ ਮਨ ਨੂੰ ਏਹੋ ਉਪਦੇਸ਼ ਦੇਂਦੇ ਰਹਿੰਦੇ ਹਨ, ਕਿ 'ਘਰ ਰਹੁ ਰੇ ਮਨ! ਮੁਗਧ ਇਆਨੇ।'

**ਗੁਰ ਸਿਖ ਭਾਇ ਗੁਰ ਸਿਖ ਭਾਉ ਚਾਉ ਰਿਦੈ ਗੁਰ ਸਿਖ ਜਾਨਿ ਗੁਰੂ ਸਿਖ ਜੁਗ ਜਾਨੇ ਹੈ ॥**

(ਉਹ ਧੰਨ ਧੰਨ ਹਨ, ਜੋ) ਗੁਰ ਸਿਖਯਾ ਦੇ (ਭਾਇ) ਆਸ਼ੇ ਅਨੁਸਾਰ ਗੁਰਸਿਖਾਂ ਨਾਲ ਹਿਰਦੇ ਦੇ (ਚਾਉ) ਉਤਸ਼ਾਹ ਨਾਲ ਪ੍ਰੇਮ ਕਰਦਾ ਹੈ ਸਿਖਾਂ ਨੂੰ ਗੁਰੂ ਕਰਕੇ ਜਾਣਦਾ ਹੈ, ਜਗਤ (ਉਸ) ਸਿਖ ਨੂੰ ਗੁਰੂ ਕਰਕੇ ਜਾਣਦਾ ਹੈ (ਅਰਥਾਤ ਜੋ ਗੁਰਸਿਖਾਂ ਨੂੰ ਗੁਰੂ ਰੂਪ ਜਾਣਕੇ, ਦਿਲ ਉਤਸ਼ਾਹ ਤੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਦਾ ਹੈ, ਜਗਤ ਉਸਦੀ ਗੁਰੂ ਸਮਾਨ ਸੇਵਾ ਭਗਤੀ ਕਰਦਾ ਹੈ)।

**ਗੁਰੁ ਸਿਖ ਸੰਧਿ ਮਿਲੇ ਗੁਰ ਸਿਖ ਪੂਰਨ ਹੋਇ ਗੁਰ ਸਿਖ ਪੂਰਨ ਬ੍ਰਹਮ**

**ਪਹਿਚਾਨੇ ਹੈ ॥**

(ਜੇਹੜਾ) ਸਿਖ ਗੁਰੂ ਦੀ ਸੰਧੀ ਵਿਚ ਮਿਲਿਆ ਹੈ, (ਉਹ) ਗੁਰਸਿਖ ਪੂਰਨ (ਮਹਾਂ ਪੁਰਸ਼) ਹੈ, (ਕਿਉਂਕਿ) (ਉਸਨੇ) ਗੁਰ ਸਿਖਾਂ ਨੂੰ ਪੂਰਨ ਬ੍ਰਹਮ (ਰੂਪ ਕਰਕੇ) ਪਛਾਨ ਲਿਆ ਹੈ।

**ਗੁਰ ਸਿਖ ਪ੍ਰੇਮ ਨੇਮ ਗੁਰ ਸਿਖ ਸਿਖ ਗੁਰ ਸੋਹੰ ਸੋਈ ਬੀਸ ਇਕ ਈਸ ਉਰ ਆਨੇ ਹੈ ॥੧੦੯॥੧੪੯॥**

(ਜਿਸ) ਗੁਰ ਸਿਖ ਦਾ ਪ੍ਰੇਮ ਨੇਮ ਗੁਰ ਸਿਖਾਂ (ਨਾਲ ਹੈ, ਉਹ) ਸਿਖ ਤੇ ਗੁਰੂ (ਇਸ ਤਰਾਂ ਅਭੇਦ ਹਨ, ਜਿਵੇਂ) 'ਸੋਹੰ-ਹੰਸੋ' (ਜਾਪ ਅਭੇਦ ਹੈ,ਕਿਉਂਕਿ ਉਸਨੇ ਇਕ ਈਸ਼ਰ ਦਾ (ਬੀਸ) ਨਿਸਚਾ ਹਿਰਦੇ ਵਿਚ ਲਿਆਂਦਾ ਹੋਯਾ ਹੈ ॥੧੦੯॥ ੧੪੯॥

ਭਾਵਾਰਥ– "ਸੋਹੰ = [ਸੋ-ਬ੍ਰਹਮ + ਹੰ=ਜੀਵ] ਜੀਵ=ਬ੍ਰਹਮ ਦੀ ਅਭੇਦਤਾ ਦਾ ਬੋਧਕ ਏਹ 'ਸੋਹੰ ਜਾਪ ਹੈ, ਇਸ ਜਾਪ ਤੋਂ ਦੋਹਾਂ ਦਾ ਅਭੇਦ ਗਿਆਨ ਹੁੰਦਾ ਹੈ, ਪਰ 'ਸੋਹੰ' ਜਾਪ ਵਯੱਪ-ਵਿਆਪਕ ਦਾ ਬੋਧ ਹੋਣ ਕਰਕੇ ਛੋਟੇ ਵਡੇ ਦਾ ਭੁਲੇਖਾ ਜੇਹਾ ਪੈ ਜਾਂਦਾ ਹੈ ਇਹ ਫੁਰਨਾ ਹੋ ਜਾਂਦਾ ਹੈ,ਕਿ ਇਨ੍ਹਾਂ ਦੋਹਾਂ ਵਿਚੋਂ ਇਕ ਛੋਟਾ ਹੈ ਤੇ ਦੂਜਾ ਵੱਡਾ ਪਰ ਜਦੋਂ 'ਸੋਹੰ-ਸੋਹੰ' ਅਵਸਥਾ ਤੇ ਜਾਪਕ ਪੁਜ ਜਾਂਦਾ ਹੈ, ਤਾਂ ਜਾਪਕ ਭੀ ਜਾਪ ਜਪਨ ਦੇ ਪ੍ਰਤਾਪ ਨਾਲ ਆਪਾ ਭੁਲਾਕੇਜਾਪ ਨਾਲ ਅਭੇਦ ਹੋਜਾਂਦਾ ਹੈ,ਇਸ ਪਦ ਤੇ ਪੁਜਨ ਨਾਲ ਉਹਜੇਹੜਾ ਵਯੱਪ ਵਿਆਪਕ ਦਾ ਭ੍ਰਮ ਜੇਹਾ ਪਿਆ ਸੀ,ਉਹਭੀ ਦੂਰ ਹੋਜਾਂਦਾ ਹੈ,ਇਸੇਕਰਕੇ ਭਾਈ ਸਾਹਿਬ ਜੀ ਨੇ 'ਸੋਹੰ ਸੋ' ਉਚਾਰਿਆ ਹੈ,ਇਸ ਜਾਪ ਵਿਚ 'ਹੰ' ਦਹਲੀ ਦੀਪਕ ਰੂਪ ਹੈ, ਜੋ ਅਰਥ ਕਰਨ ਵੇਲੇ ਤਾਂ ਪ੍ਰਤੀਤ ਕਰ ਲਿਆ ਜਾਂਦਾ ਹੈ, ਪਰ ਜਾਪਕ ਦੇ ਜਾਪ ਸਮੇਂ ਅਭੇਦਤਾ ਦਾ ਬੋਧਕ ਹੋਣ ਕਰਕੇ ਇਕਸਮੇਂ ਆਪਹੀ ਲੋਪ ਹੋਇਆ ਰਹਿੰਦਾਹੈ, ਇਸਦੀ ਇਹ ਲੋਪਤਾ ਪਾਨੀ ਵਿਚ ਬਰਫ ਦੀ ਲੋਪ ਹੋ ਜਾਨ ਵਾਲੀ ਅਵਸਥਾ ਵੀ ਨਹੀਂ ਹੈ, ਸਗੋਂ ਦੁਧ ਵਿਚ ਮਿਸ਼ਰੀ ਦੇ ਲੋਪ ਹੋ ਜਾਣ ਵਾਂਗੂ ਹੈ, ਲੋਪ ਤਾਂ ਹੋ ਗਈ ਹੈ ਪਰ ਆਪਣੀ ਹੋਂਦ ਜਤਾ ਰਹੀ ਹੈ, ਇਸ ਤਰਾਂ 'ਸੋਹੰ ਸੋ' ਵਿਚ 'ਹੰ' ਲੋਪ ਤਾਂ ਹੋ ਰਿਹਾ ਹੈ,ਪਰ ਆਪਣੀ ਹੋਂਦ ਨੂੰ ਜਤਾ ਰਿਹਾ ਹੈ।

**ਸਤਿਗੁਰ ਸਤਿ ਸਤਿਗੁਰ ਮਤਿ ਸਤਿ ਰਿਦੈ ਭਿਦੈ ਨ ਦੁਤੀਆ ਭਾਉ ਤ੍ਰਿਗੁਨ ਅਤੀਤ ਹੈ ॥**

ਸਤਿਗੁਰੂ ਸੱਤ (ਸਰੂਪ) ਹੈ, ਸਤਿਗੁਰੂ ਦੀ ਮੱਤ ਸੱਤ ਹੈ, (ਕਿਉਂਕਿ ਉਨ੍ਹਾਂ ਦੇ) ਹਿਰਦੇ ਵਿਚ ਦ੍ਵੈਤ ਭਾਉ ਭਿਦੈ (ਮਿਲਿਆ) ਨਹੀਂ ਹੈ, (ਇਸ ਕਰਕੇ ਸਤਿਗੁਰੂ) ਤਿੰਨ ਗੁਣਾਂ ਤੋਂ ਅਤੀਤ ਹੈ।

**ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ ਏਕ ਹੀ ਅਨੇਕ ਮੇਕ ਸਗਲ ਕੇ ਮੀਤ ਹੈ ॥**

ਪੂਰਨ ਬ੍ਰਹਮ (ਸਰੂਪ) ਗੁਰੂ ਸਾਰੇ ਰੂਪਾਂ ਵਿਚ ਪੂਰਨ ਹੈ, ਇਕੋ ਹੀ ਅਨੇਕਾਂ ਵਿਚ ਮਿਲ (ਰਿਹਾ) ਹੈ ਅਤੇ ਸਾਰਿਆਂ ਦਾ ਮਿੱਤ੍ਰ ਹੈ।

**ਨਿਰਵੈਰ ਨਿਰਲੇਪ ਨਿਰਾਧਾਰ ਨਿਰਾਲੰਭ ਨਿਰੰਕਾਰ ਨਿਰਬਿਕਾਰ ਨਿਹਚਲ ਚੀਤ ਹੈ ॥**

(ਗੁਰੂ) ਵੈਰ ਤੋਂ ਰਹਿਤ ਹੈ, (ਮੋਹ-ਮਮਤਾ ਦੇ) ਲੇਪ ਤੋਂ ਰਹਿਤ ਹੈ, ਨਿਆਸਰਿਆਂ (ਦਾ ਆਸਰਾ ਹੈ ਤੇਆਪ ਕਿਸੇ ਦੇ)ਆਸਰੇ ਨਹੀਂ (ਰਹਿੰਦਾਹੈ,ਅਕਾਰ ਵਾਲਾ ਹੋਕੇ ਭੀ)ਅਕਾਰ ਤੋਂ ਰਹਿਤ ਹੈ,ਵਿਕਾਰਾਂ ਤੋਂ ਰਹਿਤ ਹੈ (ਗੁਰੂ ਜੀ ਦਾ) ਚਿੱਤ ਅਚੱਲ ਹੈ (ਭਾਵ ਗੁਰੂ ਜੀ ਦਾ ਹਿਰਦਾ ਡਾਵਾਂ ਡੋਲ ਨਹੀਂ ਹੁੰਦਾ)।

**ਨਿਰਮਲ ਨਿਰਮੋਲ ਨਿਰੰਜਨ ਨਿਰਾਹਾਰ ਨਿਰਮੋਹ ਨਿਰਭੇਦ ਅਛਲ ਅਜੀਤ ਹੈ ॥੧੧੦॥੧੫੦॥**

(ਮਾਯਾ ਅਵਿਦਯਾ ਦੀ) ਮਲ ਤੋਂ ਰਹਿਤ ਹੈ, ਮੁਲ ਨਹੀਂ (ਪਾਯਾ ਜਾਂਦਾ),ਮਾਯਾ ਰੂਪ ਕਾਲਖ ਤੋਂ ਰਹਿਤ ਹੈ, ਅਹਾਰ ਤੋਂ ਰਹਿਤ ਹੈ, ਮੋਹ ਤੋਂ ਰਹਿਤ ਹੈ, ਛਲ ਤੋਂ ਰਹਿਤ ਹੈ, ਜਿਤਿਆ ਨਹੀਂ (ਜਾ ਸਕਦਾ) ॥ ੧੫੦ ॥

**ਸਤਿਗੁਰ ਸਤਿ ਸਤਿਗੁਰ ਕੇ ਸਬਦੁ ਸਤਿ ਸਤਿ ਸਾਧ ਸੰਗਤਿ ਹੈ ਗੁਰਮੁਖਿ ਜਾਨੀਐ ॥**

ਸਤਿਗੁਰੂ ਸੱਤ ਹੈ, ਸਤਿਗੁਰੂ ਦਾ ਉਪਦੇਸ਼ ਸੱਤ ਹੈ, (ਸਤਿਗੁਰੂ ਦੇ ਰਹਿਣ ਦੀ ਜਗ੍ਹਾ) ਸਾਧ ਸੰਗਤ ਸੱਤ ਹੈ, (ਇਹ ਵਾਰਤਾ ਕਿਸੇ ਵਿਰਲੇ) ਗੁਰਮੁਖ ਨੇ ਜਾਣੀ ਹੈ।

**ਦਰਸਨ ਧਿਆਨ ਸਤਿ ਸਬਦ ਸੁਰਤਿ ਸਤਿ ਗੁਰ ਸਿਖ ਸੰਗੁ ਸਤਿ ਸਤਿ ਕਰਿ ਮਾਨੀਐ ॥**

(ਸਤਿਗੁਰੂ ਦੇ) ਦਰਸ਼ਨ ਦਾ ਧਿਆਨ ਸੱਤ ਹੈ, (ਸਤਿਗੁਰੂ ਦੇ) ਉਪਦੇਸ਼ ਨੂੰ (ਸੁਣਨ ਵਾਲੀ) ਸੁਰਤਿ ਸੱਤ ਹੈ, ਗੁਰਸਿਖਾਂ ਦਾ ਸੰਗ (ਮੇਲ-ਮਿਲਾਪ) ਸੱਤ ਹੈ,(ਇਹ ਗਲ ਜਗਜਾਸੂ ਨੇ) ਸੱਤ ਕਰਕੇ ਮੰਨੀ ਹੈ।

**ਦਰਸ ਬ੍ਰਹਮ ਧਿਆਨ ਸਬਦ ਬ੍ਰਹਮ ਗਿਆਨ ਸੰਗਤਿ ਬ੍ਰਹਮ ਥਾਨ ਪ੍ਰੇਮਿ ਪਹਿਚਾਨੀਐ॥**

(ਸਤਿਗੁਰੂ ਦਾ) ਦਰਸ਼ਨ ਬ੍ਰਹਮ ਦਾ ਧਿਆਨ ਹੈ, (ਸਤਿਗੁਰੂ ਦਾ) ਉਪਦੇਸ਼ ਬ੍ਰਹਮ ਦਾ ਗਿਆਨ ਹੈ, (ਸਤਿਗੁਰੂ ਦੀ ਸਾਧ) ਸੰਗਤ ਬ੍ਰਹਮ ਦਾ (ਨਿਵਾਸ) ਸਥਾਨ ਹੈ, ਪ੍ਰੇਮ ਕਰਕੇ (ਇਹ ਵਸਤੂ) ਪਛਾਣੀ (ਜਾਂਦੀ) ਹੈ।

**ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ ਕਾਮ ਨਿਹਕਾਮ ਉਨਮਨ ਉਨਮਾਨੀਐ॥੧੫੧॥**

ਸਤਿਗੁਰੂ ਦੇ 'ਸਤਿ ਰੂਪ' ਦਾ ਧਿਆਨ (ਧਰਕੇ, ਜਗਿਆਸੂ ਨੇ) 'ਸਤਿਨਾਮ' (ਉਪਦੇਸ਼ ਦਵਾਰੇ) ਗਿਆਨ (ਪਾ ਲਿਆ ਹੈ, ਜਿਸ ਕਰਕੇ) ਕਾਮਨਾ (ਸਰੂਪ ਸੰਸਾਰ ਵਿਚ) ਕਾਮਨਾ ਤੋਂ ਰਹਿਤ (ਹੋ ਕੇ) ਉਨਮਨ (ਪਦ ਦੀ ਪ੍ਰਾਪਤੀ ਵਾਲਾ) [ਉਨਮਾਨੀ] ਵਿਚਾਰਿਆ ਜਾਂਦਾ ਹੈ ॥੧੫੧॥

**ਗੁਰਮੁਖਿ ਪੂਰਨ ਬ੍ਰਹਮ ਦੇਖੇ ਦ੍ਰਿਸਟਿ ਕੈ ਗੁਰਮੁਖਿ ਸਬਦਿ ਕੈ ਪੂਰਨ ਬ੍ਰਹਮ ਹੈ ॥**

ਗੁਰਮੁਖ ਅੱਖਾਂ ਕਰਕੇ (ਸਭਨਾਂ ਵਿਚ) ਪੂਰਨ ਬ੍ਰਹਮ ਨੂੰ ਵੇਖਦਾ ਹੈ, ਗੁਰਮੁਖ ਸ਼ਬਦ ਕਰਕੇ (ਹਰ ਸਮੇਂ) ਪੂਰਨ ਬ੍ਰਹਮ (ਦੀ ਵਿਚਾਰ ਬੋਲਦਾ) ਹੈ। ਯਥਾ-"ਗਲੀ ਗਲਾ ਸਿਰਜਨ ਹਾਰ"

ਅਥਵਾ-ਗੁਰਮੁਖ ਨੇ (ਜਾਣਿਆਂ ਹੈ) ਪੂਰਨ ਬ੍ਰਹਮ ਹੀ ਅੱਖਾਂ ਹੋ ਕਰਕੇ ਵੇਖਦਾ ਹੈ, ਗੁਰਮੁਖ ਨੇ (ਨਿਸਚੇ ਕੀਤਾ ਹੈ ਕਿ) ਪੂਰਨ ਬ੍ਰਹਮ ਹੀ ਸ਼ਬਦ ਕਰਕੇ (ਬੋਲ ਰਿਹਾ ਹੈ)।

**ਗੁਰਮੁਖਿ ਪੂਰਨ ਬ੍ਰਹਮ ਸ੍ਰੁਤਿ ਸ੍ਰਵਨ ਕੈ ਮਧੁਰ ਬਚਨ ਕਹਿ ਬੇਨਤੀ ਬਿਸਮ ਹੈ॥**

ਗੁਰਮੁਖ ਨੇ (ਅਨੁਭਵ ਕੀਤਾ ਹੈ ਕਿ) ਪੂਰਨ ਬ੍ਰਹਮ ਹੀ ਕੰਨਾਂ (ਵਿਚ ਹੋ) ਕਰਕੇ ਸੁਣਦਾ ਹੈ, ਮਿਠੇ ਬਚਨ ਕਹਿੰਦਾ ਹੈ, (ਅਤੇ ਉਸ) ਬੇਨਤੀ (ਨੂੰ ਸੁਣਕੇ) ਅਚਰਜ ਹੁੰਦਾ ਹੈ।

**ਗੁਰਮੁਖਿ ਪੂਰਨ ਬ੍ਰਹਮ ਰਸ ਗੰਧ ਸੰਧ ਪ੍ਰੇਮ ਰਸ ਚੰਦਨ ਸੁਗੰਧ ਗਮਾਗਮ ਹੈ ॥**

ਗੁਰਮੁਖ ਨੇ (ਨਿਸਚੇ ਕਰ ਲਿਆ ਹੈ, ਕਿ)ਪੂਰਨ ਬ੍ਰਹਮ (ਹੀ ਜੀਭ ਵਿਚ) ਰਸ, (ਨੱਕ ਵਿਚ) ਗੰਧ [ਵਾਸ਼ਨਾ] (ਤਵੱਚਾ [ਖਲੜੀ] ਵਿਚ) ਸੰਧ=ਮੇਲ (ਸਪਰਸ), (ਆਤਮਾ ਵਿਚ) ਪ੍ਰੇਮ-ਰਸ ਤੇ ਚੰਦਨ ਵਿਚ ਸੁਗੰਧੀ (ਰੂਪ ਹੋਕੇ) ਆਉਂਦਾ-ਜਾਂਦਾ ਹੈ।

**ਗੁਰਮੁਖਿ ਪੂਰਨ ਬ੍ਰਹਮ ਗੁਰ ਸਰਬ ਮੈ ਗੁਰਮੁਖਿ ਪੂਰਨ ਬ੍ਰਹਮ ਨਮੋ ਨਮ ਹੈ ॥੧੫੨॥**

ਗੁਰਮੁਖ ਨੇ ਪੂਰਨ ਬ੍ਰਹਮ(ਨੂੰ ਸਭਨਾਂ ਤੋਂ)'ਗੁਰ-ਵਡਾ' ਤੇ ਸਰਬ ਰੂਪ (ਜਾਣ ਲਿਆ ਹੈ,ਤਾਂਤੇ ਐਸੇ)

ਪੂਰਨ ਸਰੂਪ ਗੁਰਮੁਖ ਤਾਈਂ ਨਮਸ਼ਕਾਰ ਹੈ, ਨਮਸ਼ਕਾਰ ਹੈ ॥ ੧੫੨ ॥

**ਦਰਸ ਅਦਰਸ ਦਰਸ ਅਸਚਰਜ ਮੈ ਹੇਰਤ ਹਿਰਾਨੇ ਦ੍ਰਿਗ ਦ੍ਰਿਸਟਿ ਅਗਮ ਹੈ ॥**

ਦ੍ਰਿਸ਼ਜ ਤੋਂ ਅਦ੍ਰਿਸ਼ਜ (ਹੋਣ ਮਗਰੋਂ ਜੋ) ਦਰਸ਼ਨ (ਹੁੰਦਾ ਹੈ, ਉਸ) ਅਚਰਜ ਰੂਪ ਨੂੰ ਵੇਖਦੇ ੨ ਅੱਖਾਂ ਹੈਰਾਨ ਹੋ ਜਾਂਦੀਆਂ ਹਨ, (ਕਿਉਂਕਿ ਉਹ) ਦ੍ਰਿਸ਼ਟੀ ਦੀ ਪਹੁੰਚ ਤੋਂ ਪਰੇ ਹੈ (ਅਰਥਾਤ ਬਾਹਰਲੇ ਦਿਸਣ ਵਾਲੇ ਪਦਾਰਥਾਂ ਵਲੋਂ ਨਜ਼ਰ ਮੋੜੀਏ ਤਾਂ ਦਰਸ਼ਨ ਹੁੰਦਾ ਹੈ)।

**ਸ਼ਬਦ ਅਗੋਚਰ ਸ਼ਬਦ ਪਰਮਦਭੁਤ ਅਕਥ ਕਥਾ ਕੈ ਸ੍ਰੁਤਿ ਸ੍ਰਵਨ ਬਿਸਮ ਹੈ ॥**

(ਜੋ) ਸ਼ਬਦ ਤੋਂ ਅਗੋਚਰ ਹੈ, (ਤੇ) ਪਰਮ ਅਦਭੁਤ ਸ਼ਬਦ ਹੈ, ਕਥਾ ਕਰਕੇ ਅਕਥ ਹੈ, (ਜਿਸ ਸ਼ਬਦ ਨੂੰ) ਸੁਣ ਕਰਕੇ, ਕੰਨ ਭੀ ਅਚਰਜ ਹੋ ਜਾਂਦੇ ਹਨ।

**ਸ੍ਵਾਦ ਰਸ ਰਹਿਤ ਅਪਿਅ ਪੀਆ ਪ੍ਰੇਮ ਰਸ ਰਸਨਾ ਥਕਤ ਨੇਤਿ ਨੇਤਿ ਨਮੋ ਨਮ ਹੈ ॥**

(ਜਿਸ ਦਾ) ਸ੍ਵਾਦ (ਛੇ) ਰਸਾਂ (ਦੇ ਸਵਾਦ ਤੋਂ) ਰਹਿਤ (ਹੈ, ਉਸ) ਨਾ ਪੀਤੇ (ਜਾ ਸਕਣ ਵਾਲੇ) ਪ੍ਰੇਮ ਰਸ (ਨੂੰ ਜਿਨ੍ਹਾਂ ਨੇ) ਪੀਤਾ ਹੈ, (ਉਨ੍ਹਾਂ ਦੀ) ਰਸਨਾ ਥਕਤ (ਹੋ ਕੇ) ਬੇਅੰਤ ਬੇਅੰਤ ਤੇ ਨਮਸ਼ਕਾਰ ਨਮਸ਼ਕਾਰ (ਹੀ ਕਹਿੰਦੀ) ਹੈ।

**ਨਿਰਗੁਨ ਸਰਗੁਨ ਅਬਿਗਤਿ ਨ ਗਹਿਨ ਗਤਿ ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ ॥੧੫੩॥**

(ਜੋ) ਨਿਰਗੁਨ ਤੋਂ ਸਰਗੁਨ (ਹੋਕੇ ਭੀ) ਨਾਗ੍ਰਹਿਣ (ਕੀਤੀ ਜਾਣ ਵਾਲੀ) ਗਤੀ ਵਾਲਾ ਅਬਿਗਤਿ ਹੈ, ਸੂਖਮ ਤੇ ਸਥੂਲ (ਪਦਾਰਥਾਂ ਦਾ) ਮੂਲ (ਰੂਪ) ਪੂਰਨ ਬ੍ਰਹਮ ਹੈ ॥੧੫੩॥

**ਖੁਲੇ ਸੈ ਬੰਧਨ ਬਿਖੈ ਭਲੋ ਹੈ ਸੀਚਾਨੋ ਜਾਤੇ ਜੀਵ ਘਾਤ ਕਰੈ ਨ ਬਿਕਾਰ ਹੋਇ ਆਵਈ ॥**

ਸੀਚਾਨੋ=ਬਾਜ਼, ਇਕ ਸ਼ਿਕਾਰੀ ਜਾਨਵਰ ਦਾ ਨਾਮ ਹੈ। ਨਿਸਿ=ਰਾਤ ਸਮੇਂ। ਸੂਆ=ਤੋਤਾ। ਰਾਮ ਰੇਖ=ਰਾਮ ਦੀ ਲੀਕ, ਭਾਵ ਰਾਮ ਦਾ ਸਰਾਪ। ਜਦ ਸ੍ਰੀ ਰਾਮ ਜੀ ਦੀ ਪਤਨੀ ਸੀਤਾ ਨੂੰ ਰਾਵਨ ਚੁਰਾ ਕੇ ਲੈ ਗਿਆ ਤਾਂ ਉਸ ਦੇ ਵਿਯੋਗ ਵਿਚ ਰਾਮ ਜੀ ਉਸ ਨੂੰ ਲਭਦੇ ੨ ਬਨਾਂ, ਬੂਟਿਆਂ, ਵੇਲਾਂ, ਪਤਿਆਂ, ਪਾਸੋਂ ਸੀਤਾ ਦਾ ਪਤਾ ਪੁਛ ਰਹੇ ਸਨ, ਉਨ੍ਹਾਂ ਦੀ ਅਜਿਹੀ ਉਨਮਾਦੀ ਦਸ਼ਾ ਵੇਖਕੇ ਚਕਵੀ—ਜੋ ਨਦੀ ਦੇ ਕੰਢੇ ਆਪਣੇ ਪਤੀ ਨਾਲ ਮਿਲਕੇ ਅਨੰਦ ਮਾਣ ਰਹੀ ਸੀ—ਨੇ ਰਾਮ ਜੀ ਨੂੰ ਤਰਕ ਕੀਤੀ, ਉਸ ਦੀ ਤਰਕ ਬਾਣੀ ਸੁਣਕੇ ਰਾਮ ਜੀ ਨੇ ਕਿਹਾ—ਅਜ ਤੋਂ ਮਗਰੋਂ ਕਦੇ ਭੀ 'ਚਕਵੀ-ਚਕਵਾ' ਰਾਤ ਸਮੇਂ ਇਕੱਠੇ ਨਹੀਂ ਰਹਿਣਗੇ, ਇਸ ਸ੍ਰਾਪ ਵੱਲ ਇਸ਼ਾਰਾ ਕੀਤਾ ਹੈ।

ਖੁਲ੍ਹੇ ਰਹਿਣ ਨਾਲੋਂ ਬੰਧਨ ਵਿਚ ਰਹਿਣਾ ਹੀ ਚੰਗਾ ਹੁੰਦਾ ਹੈ, (ਵੇਖੋ!) ਬਾਜ਼ ਵੱਲ, ਜਿਹੜਾ (ਆਪਣੇ ਪੇਟ ਲਈ) ਜੀਵ ਘਾਤ ਨਹੀਂ ਕਰਦਾ. (ਅਤੇ ਬੱਧਾ ਹੋਣ ਕਰਕੇ ਮਾਲਕ ਉਸ ਨੂੰ ਪ੍ਰੇਮ ਨਾਲ ਤਾਮ ਖੁਆਂਦਾ ਹੈ, ਬਾਜ਼ ਪਾਸੋਂ ਹੋਰ ਭੀ ਕੋਈ (ਕਿਸੇ ਤਰ੍ਹਾਂ ਦਾ) ਵਿਕਾਰ ਨਹੀਂ ਹੋ ਆਉਂਦਾ ਹੈ।

**ਖੁਲੇ ਸੈ ਬੰਧਨ ਬਿਖੈ ਚਕਈ ਭਲੀ ਸੁ ਜਾਤੇ ਰਾਮ ਰੇਖ ਮੇਟਿ ਨਿਸਿ ਪ੍ਰਿਅ ਸੰਗੁ ਪਾਵਈ ॥**

ਖੁਲ੍ਹੇ ਰਹਿਣ ਨਾਲੋਂ ਬੰਧਨ ਵਿਚ (ਰਹਿਣਾ) ਚਕਵੀ (ਵਾਸਤੇ ਭੀ) ਚੰਗੀ [ਗੱਲ ਹੈ,] ਜਿਸ ਕਰਕੇ ਰਾਮ ਦਾ ਸ੍ਰਾਪ ਮਿਟ ਜਾਣ ਕਰਕੇ ਰਾਤ ਦੇ ਸਮੇਂ ਪਤੀ ਦਾ ਮਿਲਾਪ ਪਾਈ ਰਹਿੰਦੀ ਹੈ।

**ਖੁਲੇ ਸੇ ਬੰਧਨ ਬਿਖੈ ਭਲੋ ਹੈ ਸੂਆ ਪ੍ਰਸਿਧ ਸੁਨਿ ਉਪਦੇਸੁ ਰਾਮ ਨਾਮ ਲਿਵ ਲਾਵਈ ॥**

ਖੁਲੇ ਰਹਿਣ ਨਾਲੋਂ ਬੰਧਨ ਵਿਚ (ਰਹਿਣਾ) ਤੋਤੇ (ਵਾਸਤੇ ਭੀ) ਚੰਗਾ ਹੈ, (ਕਿਉਂਕਿ ਪਿੰਜਰੇ ਵਿਚ ਪਿਆ ਹੋਇਆ ਤੋਤਾ) ਪ੍ਰਸਿਧ (ਮਹਾਂ ਪੁਰਖਾਂ ਦੇ) ਉਪਦੇਸ਼ ਸੁਣ ਸਕਦਾ ਹੈ ਅਤੇ ਰਾਮ ਨਾਮ ਵਿਚ ਲਿਵ ਲਾਈ [ਰਖਦਾ ਹੈ]

**ਮੋਖ ਪਦਵੀ ਸੈ ਤੈਸੇ ਮਾਨਸ ਜਨਮੁ ਭਲੋ ਗੁਰਮੁਖਿ ਹੋਇ ਸਾਧ ਸੰਗਿ ਪ੍ਰਭੁ ਧਿਆਵਈ ॥ ੧੫੪ ॥**

ਇਸੇ ਤਰਾਂ ਹੀ ਮੋਖ ਪਦਵੀ (ਪ੍ਰਾਪਤ ਕਰਨ) ਨਾਲੋਂ ਮਨੁਖ (ਦੇਹ ਵਿਚ) ਜਨਮ (ਲੈਣਾ ਹੀ) ਚੰਗਾ ਹੈ, (ਕਿਉਂਕਿ ਮਨੁਖ) ਗੁਰਸਿਖ ਹੋ ਕੇ ਸਾਧ ਸੰਗ ਕਰਦਾ ਹੋਯਾ ਪ੍ਰਭੂ ਨੂੰ ਧਿਆਉਂਦਾ ਹੈ ॥੧੫੪॥

ਉਪਦੇਸ਼ ਇਹ ਮਿਲਦਾ ਹੈ ਕਿ ਮੁਕਤੀ ਪ੍ਰਾਪਤ ਕਰਨ ਨਾਲੋਂ, ਮੁੜ ਮੁੜ ਕੇ ਮਨੁਖ ਦੇਹ ਵਿਚ ਜਨਮ ਲੈ ਕੇ, ਗੁਰਸਿਖ ਹੋ ਕੇ ਸਾਧ ਸੰਗ ਕਰਨਾ ਅਤੇ ਪ੍ਰਭੂ ਦਾ ਸਿਮਰਨ ਕਰਨਾ ਮਹਾਨ ਸਰੇਸ਼ਟ ਹੈ।

[ਸੰਗਤ ਦਾ ਫਲ—ਜੇਹੀ ਸੰਗਤ ਤੇਹਾ ਫਲ

**ਜੈਸੇ ਸੂਆ ਉਡਤ ਫਿਰਤ ਬਨ ਬਨ ਪ੍ਰਤਿ ਜੈਸੇ ਈ ਬਿਰਖ ਬੈਠੇ ਤੈਸੋ ਫਲੁ ਚਾਖਈ ॥**

ਜਿਸਤਰਾਂ ਤੋਤਾ ਬਨ ਬਨ ਵਿਚ ਉਡਦਾਫਿਰਦਾ ਹੋਇਆ (ਇਕ ਬਨ ਤੋਂ ਦੂਜੇ) ਨੂੰ (ਤੇ ਦੂਜੇ ਤੋਂ ਤੀਜੇ) ਨੂੰ ਜਾਂਦਾ ਹੈ ਅਤੇ ਜਿਸ ਜਿਸ ਤਰਾਂ ਦੇ ਦਰਖਤ ਉਤੇ ਬੈਠਦਾ ਹੈ, ਉਸੇ ਉਸੇ ਤਰਾਂ (ਖਟੇ ਮਿਠੇ, ਬੇਰ-ਅੰਬ ਆਦਿਕ) ਫਲ ਖਾਂਦਾ ਤੇ ਚਖਦਾ ਹੈ।

**ਪਰ ਬਸਿ ਹੋਇ ਜੈਸੀ ਜੈਸੀਐ ਸੰਗਤਿ ਮਿਲੈ ਸੁਨਿ ਉਪਦੇਸ ਤੈਸੀ ਭਾਖਾ ਲੈ ਸੁ ਭਾਖਈ ॥**

(ਭਲਾ ਜੇ ਫੜਿਆ ਜਾਏ ਤਾਂ) ਪਰਾਏ ਵਸ ਹੋਕੇ ਜਿਸ ਜਿਸ ਤਰਾਂ ਦੀ ਸੰਗਤਵਿਚ ਮਿਲਦਾ ਹੈ, (ਜਿਸ ਜਿਸ ਤਰਾਂ ਦਾ) ਉਪਦੇਸ਼ ਸੁਣਦਾ ਹੈ, ਉਸੇ ਤਰਾਂ ਦੀ ਬੋਲੀ [ਤੇ ਸਿਖਯਾ] ਲੈਕੇ, ਉਹ ਬੋਲਦਾ ਹੈ।

**ਤੈਸੇ ਚਿਤ ਚੰਚਲ ਚਪਲ ਜਲ ਕੋ ਸੁਭਾਉ ਜੈਸੇ ਰੰਗ ਸੰਗ ਮਿਲੈ ਤੈਸੋ ਰੰਗ ਰਾਖਈ ॥**

ਉਸੇ ਤਰਾਂ ਹੀ ਚਿਤ ਚੰਚਲ ਹੈ, ਜਲ ਦੇ ਸੁਭਾ ਵਾਲਾ ਚਪਲ ਹੈ, ਜਿਸ ਤਰਾਂ ਦੇ ਰੰਗ ਨਾਲ [ਜਲ ਤੇ ਚਿਤ] ਮਿਲਦਾ ਹੈ। [ਜਲ ਤੇ ਚਿਤ] ਉਸੇ ਤਰਾਂ ਦਾ ਰੰਗ [ਅਪਨੇ ਵਿਚ] ਰਖ ਲੈਂਦਾ ਹੈ।

**ਅਧਮ ਅਸਾਧ ਜੈਸੇ ਬਾਰੁਨੀ ਬਿਨਾਸ ਕਾਲ ਸਾਧ ਸੰਗ ਰੰਗ ਮਿਲਿ ਸੁਜਨ ਭਿਲਾਖਈ ॥੧੫੫॥**

ਜਿਸ ਤਰਾਂ ਨੀਚ ਤੇ ਭੈੜਾ ਆਦਮੀ ਮਰਨ ਦੇ ਸਮੇਂ ਭੀ ਸ਼ਰਾਬ ਦੇ ਮਿਲਣ ਦੀ ਅਭਿਲਾਖਾ ਕਰਦਾ ਹੈ, ਅਤੇ ਸਾਧ ਸੰਗ ਦਾ ਮੇਲੀ ਸਜਣ ਪੁਰਸ਼ ਗੰਗਾ ਜਲ ਦੀ ਇਛਾ ਕਰਦਾ ਹੈ ॥੧੫੫॥

ਭਾਵ—ਜਿਸ ਤਰਾਂ ਦੀ ਸੰਗਤ ਮਿਲਦੀ ਹੈ, ਚਿਤ ਨੂੰ ਉਸੇ ਤਰਾਂ ਦਾ ਰੰਗ ਚੜ੍ਹਦਾ ਹੈ ਅਤੇ ਉਹ ਰੰਗ ਅੰਤ ਕਾਲ ਤਕ ਆਪਣਾ ਅਸਰ ਰਖਦਾ ਹੈ, ਵੇਖੋ ਨੀਚਾਂ ਦਾ ਸੰਗੀ ਭੈੜਾ ਪੁਰਸ਼ ਮਰਨ ਵੇਲੇ ਭੀ ਇਹੋ ਇਛਾ ਕਰਦਾ ਹੈ, 'ਜੋ ਮੈਨੂੰ ਦੋ ਘੁਟ ਸ਼ਰਾਬ ਮਿਲ ਜਾਂਦੀ ਤਾਂ ਮੈਂ ਚੈਨ ਨਾਲ ਟਿਕ ਜਾਂਦਾ, ਇਸ ਪੀੜ ਨੇ ਮੈਨੂੰ ਮਾਰ ਮੁਕਾਇਆ ਹੈ, ਓਇ! ਮੁੰਡਿਓ, ਦਿਓ, ਮੈਨੂੰ ਦੋ ਘੁਟ ਸ਼ਰਾਬ!" ਇਸੇ ਮੰਦੀ ਵਾਸ਼ਨਾ ਵਿਚ ਉਸਦੇਪ੍ਰਾਣ ਨਿਕਲ ਜਾਂਦੇ ਹਨ, ਪਰ ਦੂਜੇ ਪਾਸੇ ਓਸੇ ਪੁਰਸ਼ ਦਾ ਹੀ ਸਕਾ ਭਰਾ, ਇਕੋ ਮਾਤਾ ਪਿਤਾ ਦੀ ਉਲਾਦ, ਇਕ ਤਾਂ ਸ਼ਰਾਬ ਨੂੰ ਸਹਿਕਦਾ ੨ ਮਰ ਗਿਆ ਅਤੇ ਦੂਜਾ ਆਪਣੇ ਸਜਣਾਂ ਮਿਤ੍ਰਾਂ ਨੂੰ ਕਹਿੰਦਾ ਹੈ, ਮੇਰੇ ਮੂੰਹ ਵਿਚ ਗੰਗਾ ਜਲ ਪਾਓ, ਮੇਰੇ ਕੋਲ ਗੀਤਾ ਦਾ ਪਾਠ ਕਰੋ, ਭਾਈ ਜੀ ਨੂੰ ਸੱਦਕੇ ਸੁਖਮਨੀ ਦਾ ਪਾਠ ਕਰਾਓ ਤਾਂਕਿ ਮੈਂ ਉਹ ਸੁਣ ਸਕਾਂ ਆਦਿਕ। ਐਸਾ ਕਿਉਂ ਹੈ? ਇਕ ਭਲੇ ਕੰਮ ਵਿਚ ਤੇ ਦੂਜਾ

ਬੁਰਿਆਂ ਦਾ ਸੰਗੀ ਕਿਉਂ ਹੈ, ਇਹ ਸਭ ਸੰਗਤ ਦਾ ਫਲ ਹੈ, ਸੰਗਤ ਨੇ ਹੀ ਵਿਗਾੜਨਾ ਤੇ ਸੁਧਾਰਨਾ ਹੈ।

**ਜੈਸੇ ਜੈਸੇ ਰੰਗ ਸੰਗ ਮਿਲਤ ਸੇਤਾਂਬਰ ਹੁਇ ਤੈਸੋ ਤੈਸੋ ਰੰਗ ਅੰਗ ਅੰਗ ਲਪਟਾਇ ਹੈ॥**

ਸੇਤਾਂਬਰ=[ਸੇਤ+ਅੰਬਰ] ਚਿੱਟਾ ਕਪੜਾ॥ ਅੰਗ ਅੰਗ=ਲੂੰ ਲੂੰ, ਤੰਦ ਤੰਦ। ਕ੍ਰਿਤਾਸ ਪਤ੍ਰ= ਕਾਗਜ਼ ਦਾ ਪਤਰਾ। ਸੀਤ = ਸਿਆਲਾ। ਗ੍ਰੀਖਮ = ਹੁਨਾਲੀ, ਗਰਮੀ। ਬਰਖਾ = ਚੁਮਾਸਾ, ਬਰਸਾਤ । ਲਘੁ ਦੀਰਘ = ਛੋਟਾ ਵਡਾ।

ਜਿਸ ਜਿਸ ਤਰਾਂ ਦੇ [ਲਾਲ, ਕਾਲਾ, ਨੀਲਾ, ਪੀਲਾ, ਖਟਾ, ਊਦਾ, ਸਾਵਾ ਆਦਿਕ] ਰੰਗ ਨਾਲ ਮਿਲਦਾ ਹੈ ਚਿਟਾ ਕਪੜਾ, ਉਸੇ ਉਸੇ ਰੰਗ (ਦਾ ਉਹ ਕਪੜਾ) ਹੋ ਜਾਦਾ ਹੈ, (ਕਿਉਂਕਿ ਉਹ ਰੰਗ ਉਸਦੀ) ਤੰਦ ਤੰਦ ਵਿਚ ਰਚ ਜਾਂਦਾ ਹੈ।

**ਭਗਵਤ ਕਥਾ ਅਰਾਧਨ ਕਉ ਧਾਰਨੀਕ ਲਿਖਿਤ ਕ੍ਰਿਤਾਸ ਪੱਤ੍ਰ ਬੰਧ ਮੋਖਦਾਇ ਹੈ॥**

(ਮਹਾਂ ਗੰਦੀਆਂ ਗਲੀਆਂ ਸੜੀਆਂ ਕੂੜੇ ਅਤੇ ਅਰੂੜੀ ਤੋਂ ਚੁਣੀਆਂ ਹੋਈਆਂ ਲੀਰਾਂ ਕਤੀਰਾਂ ਨੂੰ ਗਾਲ ਗਲਾਕੇ ਤੇ ਕੁਟ ਕੁਟ ਕੇ ਬਣਾਇਆ ਗਿਆ ਜੋ) ਕਾਗਤ ਦਾ ਪਤਰਾ (ਮਹਾਂ ਗੰਦਾ ਹੈ ਪਰ ਉਸ ਉਤੇ) ਲਿਖੀ ਗਈ ਹੈ ਭਗਵੰਤ ਦੀ ਕਥਾ, ਜੋ ਅਰਾਧਨ ਨੂੰ ਧਾਰਨੀਕ ਹੈ ਅਤੇ ਬੰਧ (ਪੁਰਸ਼ਾਂ ਨੂੰ) ਮੁਕਤੀ ਦਿਵਾਨ ਦਾ ਕਾਰਣ ਹੈ(ਇਸ ਕਰਕੇ ਮਹਾਂ ਗੰਦਾ ਹੋ ਕੇ ਭੀ ਕਾਗਤ ਪਵਿਤ੍ਰ ਤੋਂ ਪਵਿਤਰ ਹੋ ਕੇ ਮਹਾਤਮਾ ਦੇ ਪੂਜਨ ਜੋਗ ਹੋ ਜਾਂਦਾ ਹੈ।

**ਸੀਤ ਗ੍ਰੀਖਮਾਦਿ ਬਰਖਾ ਤ੍ਰਿਬਿਧ ਬਰਖ ਮੈ ਨਿਸਿ ਦਿਨ ਹੋਇ ਲਘੁ ਦੀਰਘ ਦਿਖਾਇ ਹੈ॥**

(ਜਿਸ ਤਰਾਂ) ਵਰੇ ਵਿਚ ਸਿਆਲ, ਹੁਨਾਲ ਤੇ ਬਰਸਾਤ, ਤਿੰਨ ਤਰਾਂ ਦੇ ਮੌਸਮ ਹੁੰਦੇ ਹਨ(ਜਿਨ੍ਹਾਂ'ਚ) ਰਾਤਾਂ ਤੇ ਦਿਨ ਛੋਟੇ ਵਡੇ ਹੋਏ ਹੋਏ ਨਜ਼ਰ ਆਉਂਦੇ ਹਨ।

**ਤੈਸੇ ਚਿਤ ਚੰਚਲ ਚਪਲ ਪਉਨ ਗਉਨ ਗਤਿ ਸੰਗਮ ਸੁਗੰਧਬਿਰਗੰਧ ਪ੍ਰਗਟਾਇ ਹੈ॥੧੫੬॥**

ਉਸੇ ਤਰਾਂ ਚਿਤ ਚੰਚਲ ਹੈ (ਤੇ ਉਸਦੀ) ਗਤੀ ਭੀ ਚਪਲ ਹੈ(ਜਿਸ ਤਰਾਂ) ਹਵਾ ਚਲਣ ਦੀ ਗਤੀ ਹੈ,(ਜੋ ਸੁਗੰਧਤ ਪਦਾਰਥ ਦੇ) ਸੰਗਮ ਕਰਕੇ ਸੁਗੰਧ ਪ੍ਰਗਟਾਉਂਦੀ ਹੈ(ਤੇ ਦੁਰਗੰਧਤ ਪਦਾਰਥ ਦੇ)ਸੰਗਮ ਕਰਕੇ ਦੁਰਗੰਧ ਪ੍ਰਗਟਾਉਂਦੀ ਹੈ (ਅਰਥਾਤ ਜਿਸ ਤਰਾਂ ਹਵਾ ਚਲਦੀ ਹੋਈ, ਅਤਰ ਤੇ ਫੁਲਾਂ ਆਦਿਕ ਸੁਗੰਧੀ ਵਾਲੇ ਪਦਾਰਥਾਂ ਨਾਲ ਛੋਹ ਕੇ ਲੰਘਦੀ ਹੈ ਤਾਂ ਅਪਨੇ ਵਿਚੋਂ ਸੁਗੰਧੀ ਪ੍ਰਗਟਾਂਦੀ ਹੈ, ਪਰ ਜੇ ਗੰਦਗੀ ਜਾਂ ਦੁਰਗੰਧੀ ਵਾਲੇ ਕਿਸੇ ਪਦਾਰਥ ਨਾਲ ਛੋਹ ਕੇ ਜਾਂਦੀ ਹੈ ਤਾਂ ਅਪਨੇ ਵਿਚੋਂ ਬਦਬੂ ਖਲੇਰਦੀ ਜਾਂਦੀ ਹੈ, ਏਹੋ ਹੀ ਚਾਲ ਚਿਤ ਦੀ ਚੰਚਲਤਾ ਦੀ ਹੈ, ਜਿਸ ਜਿਸ ਤਰਾਂ ਦੀ ਸੰਗਤ ਵਿਚ ਮਿਲਦਾ ਹੈ, ਹੂ ਬਹੂ ਉਸੇ ਹੀ ਤਰਾਂ ਦਾ ਹੋ ਜਾਂਦਾ ਹੈ।

**ਚਤੁਰ ਪਹਿਰ ਦਿਨ ਜਗਤਿ ਚਤੁਰ ਜੁਗ ਨਿਸਿ ਮਹਾ ਪਰਲੈ ਸਮਾਨਿ ਦਿਨ ਪ੍ਰਤਿ ਹੈ॥**

ਦਿਨ ਦੇ ਚਾਰ ਪੈਹਰ, ਜਗਤ ਚਾਰ ਜੁਗਾਂ (ਦੇ ਸਮਾਨ ਹਨ) 'ਰਾਤ' ਮਹਾਂ ਪਰਲੋ ਦੇ ਸਮਾਨ ਹੈ, (ਜੋ) ਪ੍ਰਤੀਦਿਨ ਅਰਥਾਤ ਹਰਰੋਜ਼ ਵਰਤ ਰਹੀ ਹੈ

**ਉਤਮ ਮਧਿਸ ਨੀਤ ਤ੍ਰਿਗੁਨਿ ਸੰਸਾਰ ਗਤਿ ਲੋਗ ਬੇਦ ਗਿਆਨ ਉਨਮਾਨ ਆ ਸਕਤਿ ਹੈ॥**

ਉਤਮ,ਮਧਮ ਤੇ ਨੀਚ,(ਇਹ) ਤ੍ਰਿਗੁਣੀ ਸੰਸਾਰ ਦੀ ਗਤੀ ਹੈ,(ਜੋ)ਲੋਕ ਗਿਆਨ ਤੇ ਵੇਦ ਗਿਆਨ ਦੀ ਵਿਚਾਰ ਵਿਚ ਫਸਿਆ ਹੋਇਆ ਹੈ।

**ਰਜਿ ਤਮਿ ਸਤਿ ਗੁਨ ਅਉਗੁਨ ਮਿਸ੍ਰਤ ਚਿਤ ਤ੍ਰਿਗੁਨ ਅਤੀਤ ਬਿਰਲੋ**

**ਈ ਗੁਰਮਤਿ ਹੈ ।**

ਰਜੋ, ਤਮੋ ਤੇ ਸਤੋ (ਇਨ੍ਹਾਂ ਤਿੰਨਾਂ) ਗੁਣਾ (ਤੇ ਇਨ੍ਹਾਂ ਇਨ੍ਹਾਂ ਉਲਟ ਪੁਲਟ ਰੂਪ) ਔਗੁਣਾਂ ਮਿਸ੍ਰਤ (ਅਰਥਾਤ ਗੁਣਾਂ-ਔਗੁਣਾਂ ਦਾ ਮਿਲਗੋਭਾ ਮਿਲਾਪ) ਹੀ ਚਿੱਤ ਹੈ, (ਪਰ ਕੋਈ) ਵਿਰਲਾ ਹੀ ਗੁਰਮਤੀਆ (ਇਨ੍ਹਾਂ) ਤਿੰਨਾਂ ਗੁਣਾਂ ਤੋਂ ਅਤੀਤ ਹੈ ।

**ਚਤੁਰ ਬਰਨ ਸਾਰ ਚਉਪਰ ਕੋ ਖੇਲੁ ਜਗੁ ਸਾਧ ਸੰਗੁ ਜੁਗਲ ਹੁਇ ਜੀਵਨ ਮੁਕਤਿ ਹੈ ॥ ੧੫੮ ॥**

ਚਾਰ ਵਰਨ[ਸਾਰ]ਨਰਦਾਂ [ਗੋਟਾਂ] ਹਨ, ਚੌਪੜ ਦੀ ਖੇਡ(ਰੂਪ)ਜਗਤ ਹੈ,(ਜੋ) ਸਾਧ ਸੰਗ ਕਰਦਾਹੈ, ਉਹ (ਜੁਗਲ)ਜੋੜਾ ਹੋਗਿਆ ਹੈ,(ਇਸ ਤਰ੍ਹਾਂ ਉਹ) ਜੀਵਨ ਮੁਕਤ (ਦਾ ਅਨੰਦ ਮਾਣਦਾ ਹੈ ॥ ੧੫੮॥

ਭਾਵ–ਜਿਵੇਂ ਚੌਪੜ ਦੇ ਚਾਰ ਪਲੜੇ ਹੁੰਦੇ ਹਨ, ਇਸੇ ਤਰ੍ਹਾਂ ਜਗਤ ਦੇ ਚਾਰ ਜੁਗ ਹਨ, ਚਾਰ ਰੰਗਾਂ ਦੀਆਂ ਚਾਰ ਚਾਰ(ਕੁਲ ਸੋਲਾਂ) ਗੋਟਾਂ ਹੁੰਦੀਆਂਹਨ, ਸੋ ਚਾਰ ਵਰਨ ਹੀ ਗੋਟਾਂ ਹਨ, ਹਰੇਕ ਗੋਟ ਚੋਹਾਂ ਪਲਿਆਂ ਤੇ ਫਿਰਦੀ ਰਹਿੰਦੀ ਹੈ,ਜਿੰਨਾਂ ਚਿਰ ਪੁੱਗਕੇ ਵਿਚਲੇ ਖਾਨੇ ਵਿਚ ਨਾ ਜਾ ਪਵੇ,ਓਨਾ ਚਿਰ ਹਰੇਕ ਗੋਟ ਨੂੰ ਆਪਣੇ ਆਪਣੇ ਤੋਂ ਪਿਛਲੀ ਗੋਟ ਦਾ ਡਰ ਬਣਿਆ ਰਹਿੰਦਾ ਹੈ । ਪਿਛਲੀ ਗੋਟ ਅਪਣੇ ਤੋਂ ਅਗਲੀ ਗੋਟ ਨੂੰ ਮਾਰਕੇ ਹੀ ਅਗੇ ਜਾ ਸਕਦੀ ਹੈ । ਇਸਤਰ੍ਹਾਂ ਹਰੇਕ ਗੋਟ ਨੂੰ ਚੋਹਿਆਂ ਪਲਿਆਂ ਤੇ ਡਰ ਬਣਿਆ ਰਹਿੰਦਾ ਹੈ,ਪਰ ਜਦ ਦੋ ਗੋਟਾਂ ਕੱਠੀਆਂ ਹੋ ਜਾਣ ਤਾਂ ਉਨ੍ਹਾਂ ਨੂੰ ਦੁਸ਼ਮਨ ਦੀ ਗੋਟ ਮਾਰ ਨਹੀਂ ਸਕਦੀ । ਇਸ਼ ਲਈ ਭਾਈ ਸਾਹਿਬ ਜੀਨੇ ਕਿਹਾ ਹੈ, ਸਾਧ ਸੰਗਤਨਾਲ ਮਿਲ ਜਾਣ ਵਾਲਾ ਪ੍ਰਾਣੀਗੋਟ ਦਾ ਜੋੜਾ ਹੋਕੇ ਜੀਵਨ ਮੁਕਤ ਦਾ ਅਨੰਦ ਮਾਣਦਾ ਹੈ ।

**ਜੈਸੇ ਰੰਗ ਸੰਗ ਮਿਲਤ ਸਲਿਲ ਮਿਲਿ ਹੋਇ ਤੈਸੋ ਤੈਸੋ ਰੰਗੁ ਜਗਤ ਮੈ ਜਾਨੀਐ ॥**

ਜਿਸ ਜਿਸ ਰੰਗ ਨਾਲ ਪਾਣੀ ਮਿਲਦਾ ਹੈ, ਮਿਲਦਿਆਂ ਹੀ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ, ਅਤੇ ਜਗਤ ਵਿਚ ਉਸੇ ਰੰਗ ਦਾ ਜਾਣਿਆਂ ਜਾਂਦਾ ਹੈ ।

**ਚੰਦਨ ਸੁਗੰਧ ਮਿਲਿ ਪਵਨ ਸੁਗੰਧ ਸੰਗਿ ਮਲ ਮੂਤ੍ਰ ਸੂਤ੍ਰ ਬ੍ਰਿਗੰਧਿ ਉਨਮਾਨੀਐ ॥**

(ਜਿਸ ਤਰ੍ਹਾਂ) ਚੰਦਨ ਦੀ ਸੁਗੰਧੀ ਨਾਲ ਮਿਲਕੇ ਪਵਨ ਸੁਗੰਧੀ (ਵਾਲੀ ਹੋ ਜਾਂਦੀ ਹੈ)ਅਤੇ ਗੂੰਹ ਮੂਤ੍ਰ ਆਦਿਕ ਦੁਰਗੰਧੀ (ਨਾਲ ਮਿਲਕੇ) ਦੁਰਗੰਧੀ ਮਰਯਾਦਾ ਵਾਲੀ ਵਿਚਾਰੀ ਜਾਂਦੀ ਹੈ ।

**ਜੈਸੇ ਜੈਸੇ ਪਾਕ ਸਾਕ ਬਿੰਜਨ ਮਿਲਤ ਘ੍ਰਿਤ ਤੈਸੇ ਤੈਸੇ ਸ੍ਵਾਦੁ ਰਸੁ ਰਸਨਾ ਕੈ ਮਾਨੀਐ ॥**

ਜਿਸ ਜਿਸ ਤਰ੍ਹਾਂ ਦੇ (ਪਾਕ) ਰਿਧੇ ਹੋਏ ਸਾਗ (ਭਾਜੀ ਆਦਿਕ) ਖਾਣਿਆਂ ਨਾਲ ਘਿਉ ਮਿਲਦਾ ਹੈ, ਉਸੇ ਉਸੇ ਤਰ੍ਹਾਂ ਦਾ ਸ੍ਵਾਦ ਤੇ ਰਸ ਰਸਨਾ [ਜੀਭ] ਕਰਕੇ ਮਾਣਿਆਂ ਜਾਂਦਾ ਹੈ ।

**ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ ਮੂਰੀ ਅਉ ਤੰਬੋਲ ਰਸ ਖਾਏ ਤੇ ਪਹਿਚਾਨੀਐ ॥੧੫੯॥**

ਉਸੇਤਰ੍ਹਾਂ ਹੀ ਅਸਾਧਾਂ [ਬੁਰੇ ਪੁਰਸ਼ਾਂ] ਤੇ ਸਾਧਾਂ [ਭਲੇ ਪੁਰਸ਼ਾਂ]ਦੀ ਸੰਗਤ ਦੇ ਸਵਭਾਵ ਦੀ ਗਤੀਹੈ। ਮੂਲੀ ਪਤ੍ਰ ਅਤੇ ਪਾਨ ਪਤ੍ਰ (ਦਿਸਣ ਨੂੰ ਭਾਵੇਂ ਇਕੋ ਜੇਹੇ ਪ੍ਰਤੀਤ ਹੁੰਦੇ ਹਨ, ਪਰ) ਸਵਾਦ ਦਾ ਰਸ ਖਾਣ ਤੋਂ ਹੀ ਪਛਾਣਿਆ ਜਾਂਦਾ ਹੈ, (ਇਸੇ ਤਰ੍ਹਾਂ ਸਾਧ-ਅਸਾਧ ਦਿਸਣ ਨੂੰ ਇਕੋ ਜੇਹੇ ਹਨ, ਪਰ ਇਨ੍ਹਾਂ ਦੇ ਸਵਭਾਵ ਤੇ ਗੁਣ ਦਾ ਪਤਾ ਮਿਲ ਕੇ ਵਰਤਨ ਤੋਂ ਹੀ ਮਿਲਦਾ ਹੈ) ॥੧੫੯॥

**ਬਾਲਕ ਕਿਸ਼ੋਰ ਜੋਬਨਾਦਿ ਅਉ ਜਰਾ ਬਿਵਸਥਾ ਏਕ ਹੀ ਜਨਮ ਹੋਤ ਅਨਿਕ ਪ੍ਰਕਾਰ ਹੈ ॥**

(ਜਿਸਤਰ੍ਹਾਂ ਦਸ ਵਰ੍ਹਿਆਂ ਤਕ) ਬਾਲਕ,(ਵੀਹਾਂ ਵਰ੍ਹਿਆਂ ਤਕ)ਕਿਸ਼ੋਰ,(ਚਾਲੀਆਂ ਤਕ)ਜੁਆਨਅਤੇ (ਸੱਠਾਂ ਵਰ੍ਹਿਆਂ ਤੋਂ) ਬੁਢੇਪਾ (ਇਸ ਤਰ੍ਹਾਂ ਦੀਆਂ)

ਅਨੇਕ ਤਰ੍ਹਾਂ ਦੀਆਂ ਅਵਸਥਾਂ ਇਕੋ ਹੀ ਜਨਮ ਵਿਚ ਹੁੰਦੀਆਂ ਹਨ। ਯਥਾ–'ਦਸ ਬਾਲਤਨਿ ਬੀਸ ਰਵਨ ਤੀਸਾ ਕਾ ਸੁੰਦਰ ਕਹਾਵੈ॥ ਚਾਲੀਸੀ ਪੁਰ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੁਢੇਪਾ ਆਵੈ॥''

**ਜੈਸੇ ਨਿਸਿ ਦਿਨਿ ਤਿਥਿ ਵਾਰ ਪਛ ਮਾਸੁ ਰੁਤਿ ਚਤੁਰ ਮਾਸਾ ਤ੍ਰਿਬਿਧਿ ਬਰਖ ਬਿਥਾਰ ਹੈ॥**

ਜਿਸ ਤਰ੍ਹਾਂ ਰਾਤ ਤੇ ਦਿਨ. ੧੫ ਤਿੱਥਾਂ, ਸੱਤ ਵਾਰ, ਦੋ ਪੱਖ, ਬਾਰਾਂ ਮਹੀਨੇ, ਛੇ ਰੁੱਤਾਂ ਤਿੰਨ ਤਰ੍ਹਾਂ ਦੇ ਚਤੁਰ ਮਾਸੇ–(ਸਿਆਲ,ਹੁਨਾਲ ਤੇ ਬਰਸਾਤ) (ਇਸ ਤਰ੍ਹਾਂ ਦਾ) ਵਰ੍ਹੇ ਦਾ ਵਿਸਥਾਰ ਹੈ।

**ਜਾਗ੍ਰਤਿ ਸੁਪਨ ਅਉ ਸਖੋਪਤਿ ਅਵਸਥਾ ਕੈ ਤੁਰੀਆ ਪ੍ਰਗਾਸ ਗੁਰ ਗਿਆਨ ਉਪਕਾਰ ਹੈ॥**

ਜਾਗ੍ਰਤ, ਸੁਪਨ ਤੇ ਸਖੋਪਤੀ ਅਵਸਥਾ ਕਰਕੇ 'ਤੁਰੀਆ ਪਦ' ਦਾ ਪ੍ਰਕਾਸ਼ ਗੁਰੂ ਦੇ 'ਗਿਆਨ ਦਾ ਉਪਕਾਰ ਹੈ (ਅਰਤਾਤ ਤਿੰਨ ਅਵਸਥਾ ਤਾਂ ਸਭ ਨੂੰ ਪ੍ਰਾਪਤ ਹੁੰਦੀਆਂ ਹਨ, ਪਰ ਤੁਰੀਆ ਪਦ ਦਾਪ੍ਰਕਾਸ਼ ਉਸਨੂੰ ਹੁੰਦਾ ਹੈ,ਜਿਸ ਨੂੰ ਗੁਰੂ ਮੇਹਰ ਕਰਕੇਗਿਆਨ ਬਖਸ਼ਦਾ ਹੈ, ਭਾਵ ਗੁਰ ਗਿਆਨ ਦੇ ਉਪਕਾਰ ਤੋਂ ਹੀ ਤੁਰੀਆ ਪਦ ਦਾ ਉਜਾਲਾ ਹੁੰਦਾ ਹੈ।

**ਮਾਨਸ ਜਨਮ ਸਾਧ ਸੰਗਿ ਮਿਲਿ ਸਾਧ ਸੰਤ ਭਗਤ ਬਿਬੇਕੀ ਜਨ ਬ੍ਰਹਮ ਬਿਚਾਰ ਹੈ ॥੧੫੯॥**

(ਇਸੇ ਤਰ੍ਹਾਂ) ਮਾਨਸ ਜਨਮ (ਪਾ ਕੇ, ਜੋ) ਸਾਧ ਸੰਗ ਵਿਚ ਮਿਲਿਆ ਹੈ, (ਓਹੀ) ਸਾਧ,ਸੰਤ, ਭਗਤ ਤੇ ਬਿਬੇਕੀ ਪੁਰਸ਼ ਬ੍ਰਹਮ ਦੀ ਵੀਚਾਰ ਵਾਲਾ ਹੈ, (ਅਰਥਾਤ ਜਿਵੇਂ ਇਕੋ ਸਰੀਰ ਦੀਆ ਬਾਲਾਦਿਕ ਅਨੇਕਾਂ ਉਮਰਾਂ ਹਨ, ਜਿਵੇਂ ਇਕੋ ਹੀ ਵਰ੍ਹੇ ਦੀਆਂ ਅਨੇਕਾਂ ਸ਼ਕਲਾਂ-ਸੂਰਤਾਂ ਹਨ,ਜਿਸਤਰ੍ਹਾਂ ਇਕਸਰੀਰ ਉਤੇ ਤਿੰਨ ਚਾਰ ਅਵਸਥਾਂ ਗੁਜ਼ਰਦੀਆਂ ਹਨ, ਇਸੇ ਤਰ੍ਹਾਂ ਇਕੋ ਮਨੁਖ ਜਨਮ ਦੇ ਹੀ ਸੰਤ, ਸਾਧ, ਭਗਤ ਆਦਿਕ ਨਾਮ ਹਨ,ਪਰ ਇਹ ਪ੍ਰਾਪਤ ਹੁੰਦੇਹਨ ਸਾਧ ਸੰਗਤ ਵਿਚੋਂ) ॥੧੫੯॥

**ਜੈਸੇ ਚਕਈ ਮੁਦਿਤ ਰੇਖਿ ਪ੍ਰਤਿਬਿੰਬ ਨਿਸਿ ਸਿੰਘ ਪ੍ਰਤਿਬਿੰਬ ਦੇਖਿ ਕੂਪ ਮੈ ਪਰਤ ਹੈ॥**

ਜਿਸ ਤਰ੍ਹਾਂ ਚਕਵੀ ਰਾਤ ਦੇ ਸਮੇ (ਦਰਿਆ ਦੇ ਪਾਣੀ ਵਿਚ)ਆਪਣਾ ਪਰਛਾਵਾਂ ਵੇਖ ਕੇ,(ਪਰਛਾਵੇਂ ਨੂੰ ਚਕਵਾ ਸਮਝ ਕੇ ਖੁਸ਼ ਹੁੰਦੀ ਹੈ ਅਤੇ ਸ਼ੇਰ (ਖੂਹ ਵਿਚ) ਆਪਣੇ ਪਰਛਾਵੇਂ ਨੂੰ ਵੇਖ ਕੇ (ਪਰਛਾਵੇਂ ਨੂੰ ਦੂਜਾ ਸ਼ੇਰ ਸਮਝ ਕੇ, ਉਸ ਨਾਲ ਜੁਧ ਕਰਨ ਲਈ) ਖੂਹ ਵਿਚ ਡਿੱਗ ਪੈਂਦਾ ਹੈ।

**ਜੈਸੇ ਕਾਚ ਮੰਦਰ ਮੈ ਮਾਨਸ ਆਨੰਦ ਮਈ ਸ੍ਵਾਨ ਪੇਖਿ ਆਪਾ ਆਪੁ ਭੂਸਿ ਕੈ ਮਰਤ ਹੈ॥**

ਜਿਸ ਤਰ੍ਹਾਂ [ਕਾਚ ਮੰਦਰ] ਸ਼ੀਸ਼ ਮਹਲ ਵਿਚ (ਜਾ ਕੇ) ਮਨੁਖ ਅਨੰਦ ਰੂਪ (ਹੋ ਜਾਂਦਾ ਹੈ ਪਰ ਉਸੇ ਹੀ ਸ਼ੀਸ਼ ਮਹੱਲ ਵਿਚ ਜਾ ਕੇ) ਕੁੱਤਾ ਆਪਣਾ (ਪਰਛਾਵਾਂ) ਵੇਖ ਕੇ ਆਪ ਨੂੰ (ਭੁਲ ਜਾਂਦਾ ਹੈ ਅਤੇ ਪਰਛਾਵੇਂ ਨੂੰ ਹੋਰ ਦੂਜਾ ਕੁਤਾ ਸਮਝ ਕੇ) ਭੌਂਕ ਭੌਂਕ ਕੇ ਹੀ ਮਰ ਜਾਂਦਾ ਹੈ।

**ਜੈਸੇ ਰਵਿ ਸੁਤ ਜਮ ਰੂਪ ਅਉ ਧਰਮ ਰਾਇ ਧਰਮਿ ਅਧਰਮਿ ਕੈ ਭਾਉ ਭੈ ਭਰਤ ਹੈ॥**

ਜਿਸ ਤਰ੍ਹਾਂ [ਰਵਿ ਸੁਤ] ਸੂਰਜ ਦਾ ਪੁਤ੍ਰ 'ਜਮ ਰੂਪ' ਅਤੇ 'ਧਰਮ ਰਾਇ' (ਨਾਮ ਕਰਕੇ ਕਿਹਾ ਜਾਂਦਾ ਹੈ, ਜੋ) ਧਰਮੀ (ਪੁਰਸ਼ਾਂ ਨਾਲ) [ਭਾਉ ਭਰਤ] ਪਰੇਮ ਭਰਿਆ ਵਰਤਾਉ ਕਰਦਾ ਹੈ ਅਤੇ ਅਧਰਮੀ (ਪੁਰਸ਼ਾਂ ਨਾਲ) [ਭੈ ਭਰਤ] ਡਰ ਦਾ ਭਰਿਆ ਵਰਤਾਉ ਕਰਦਾ ਹੈ।

**ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ ਆਪਾ ਆਪੁ ਚੀਨਤੁ ਨ ਚੀਨਤ ਚਰਤ ਹੈ ॥੧੬੦॥**

ਇਸੇ ਤਰਾਂ ਹੀ ਬੁਰਾ ਪੁਰਸ਼ ਖੋਟੀ ਮਤ ਕਰਕੇ ਆਪਣਾ ਆਪ ਨਹੀਂ ਪਛਾਣਦਾ ਹੈ ਤੇ ਭਲਾ ਪੁਰਸ਼ ਗੁਰਮਤ ਕਰਕੇ ਆਪਣੇ ਚਰਿਤਰਾਂ ਨੂੰ ਆਪ ਹੀ ਪਛਾਣਦਾ ਹੈ ॥੧੬੦॥

**ਜੈਸੇ ਤਉ ਸਲਿਲ ਮਿਲਿ ਬਰਨ ਬਰਨ ਬਿਖੈ ਜਾਹੀ ਜਾਹੀ ਰੰਗ ਮਿਲੈ ਸੋਈ ਹੁਇ ਦਿਖਾਵਈ ॥**

ਜਿਸ ਤਰਾਂ ਕਿ ਪਾਣੀ ਰੰਗ ਰੰਗ ਵਿਚ ਮਿਲਦਾ ਜਾਂਦਾ ਹੈ, ਜਿਸ ਜਿਸ ਰੰਗ ਨਾਲ ਮਿਲਦਾ ਹੈ ਓਹੀ ਓਹੀ (ਰੰਗ) ਹੋ ਕੇ (ਆਪਣਾ ਆਪ) ਵਿਖਾਂਦਾ ਹੈ।

**ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੇ ਤੈਸੋ ਤੈਸੋ ਸ੍ਵਾਦ ਰਸ ਰਸਨਾ ਚਖਾਵਈ ॥**

ਜਿਸ ਤਰਾਂ ਕਿ ਘਿਓ, ਜਿਸ ਜਿਸ ਸਾਗ ਭਾਜੀ ਨਾਲ ਮਿਲਦਾ ਹੈ ਉਸੇ ਉਸੇ ਤਰਾਂ ਦਾ ਸਵਾਦ ਅਤੇ ਰਸ ਜੀਭ ਨੂੰ ਚਖਾਉਂਦਾ ਹੈ।

**ਜੈਸੇ ਸ੍ਵਾਂਗੀ ਏਕ ਹੁਇ ਅਨੇਕ ਭਾਂਤ ਭੇਖ ਧਾਰੈ ਜੋਈ ਜੋਈ ਸ੍ਵਾਂਗ ਕਾਛੈ ਸੋਈ ਤਉ ਕਹਾਵਈ ॥**

ਜਿਸ ਤਰਾਂ ਬਹੁਰੂਪੀਆ ਇਕ ਹੋ ਕੇ ਅਨੇਕ ਤਰਾਂ ਦੇ ਭੇਖ ਧਾਰ ਲੈਂਦਾ ਹੈ, ਜੇਹੜਾ ਜੇਹੜਾ ਸਵਾਂਗ ਉਤਾਰਦਾ ਹੈ ਓਹੀ ਨਾਮ ਕਹਾਉਂਦਾ ਹੈ।

**ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ ਗੁਰਮੁਖਿ ਹੋਇ ਏਕ ਟੇਕ ਠਹਿਰਾਵਈ ॥੧੬੧॥**

ਉਸੇ ਤਰਾਂ ਹੀ ਚੰਚਲ ਚਿਤ (ਜਿਸ ਦੇ) ਸੰਗ (ਮਿਲਦਾ ਹੈ, ਉਸ ਦੇ) ਦੋਖ ਦਾ ਲੇਪ (ਆਪਣੇ ਉਤੇ ਕਰਾ ਕੇ) ਚਪਲ [ਚਲਾਯਮਾਨ] ਹੋ ਜਾਂਦਾ ਹੈ, (ਅਰਥਾਤ ਚੰਚਲ ਚਿਤ ਜਿਸ ਦਾ ਸੰਗ ਕਰਦਾ ਹੈ, ਉਸਦੇ ਸੰਗ ਲੇਪ ਕਰਕੇ ਆਪ ਵੀ ਉਸੇ ਦਾ ਰੂਪ ਹੋ ਜਾਂਦਾ ਹੈ, ਪਰ ਜੋ)ਗੁਰਮੁਖ ਹੋਇਆਹੈ,ਉਸਦਾ ਚਿਤ ਇਕ ਟੇਕ ਤੇ ਟਿਕਿਆ ਰਹਿੰਦਾ ਹੈ ॥ ੧੬੧ ॥

**ਸਾਗਰ ਮਥਤ ਜੈਸੇ ਨਿਕਸੇ ਅੰਮ੍ਰਿਤੁ ਬਿਖੁ ਪਰਉਪਕਾਰ ਨ ਬਿਕਾਰ ਸਮਸਰਿ ਹੈ ॥**

ਜਿਸ ਤਰਾਂ(ਦੇਵਤਿਆਂ ਤੇ ਦੈਂਤਾਂ ਨੇ ਰਲ ਕੇ) ਸਮੁੰਦਰ ਰਿੜਕਿਆ ਸੀ(ਤਾਂ ਉਸ ਵਿਚੋਂ) ਅੰਮ੍ਰਿਤ ਤੇ ਕਾਲ ਕੂਟ ਨਾਮਦੀ ਜ਼ਹਿਰ ਨਿਕਲੀਸੀ(ਅੰਮ੍ਰਿਤ) ਪਰਉਪਕਾਰ(ਕਰਦਾ ਤੇ ਜ਼ਹਿਰ) ਵਿਗਾੜ (ਕਰਦੀ ਹੈ,ਇਸ ਕਰਕੇ ਇਹ ਦੋਵੇਂ ਭਾਵੇਂ ਇਕੋ ਪਿਓ ਦੇ ਪੁਤ੍ਰ ਹਨ ਪਰ)ਇਕ ਸਮਾਨ ਨਹੀਂ ਹਨ(ਕਿਉਂਕਿ)

**ਬਿਖੁ ਅਚਵਤ ਹੋਤ ਰਤਨ ਬਿਨਾਸ ਕਾਲ ਅਚਏ ਅੰਮ੍ਰਿਤ ਮੂਏ ਜੀਵਤ ਅਮਰ ਹੈ ॥**

ਜ਼ਹਿਰ ਦੇ ਖਾਂਦਿਆਂ ਹੀ [ਰਤਨ] ਪ੍ਰਾਣਾਂ ਦਾ ਅੰਤ ਸਮਾਂ ਹੋ ਜਾਂਦਾ ਹੈ ਅਤੇ ਅੰਮ੍ਰਿਤ ਦੇ [ਅਚਏ] ਪੀਣ ਨਾਲ ਮੋਇਆ (ਹੋਇਆ) ਜੀਊ ਪੈਂਦਾ ਹੈ ਤੇ (ਜੀਊਂਦਾ ਪੀਏ ਤਾਂ) ਅਮਰ ਹੋ ਜਾਂਦਾ ਹੈ।

**ਜੈਸੇ ਤਾਰੇ ਤਾਰੀ ਏਕ ਲੋਸਟ ਸੈ ਪ੍ਰਗਟ ਹੁਇ ਬੰਧ ਮੋਖ ਪਦਵੀ ਸੰਸਾਰ ਬਿਸਥਰਿ ਹੈ ॥**

ਜਿਸ ਤਰਾਂ [ਤਾਰੋ=ਤਾਲਾ]ਜੰਦਰਾ ਤੇ[ਤਾਰੀ-ਤਾਲੀ] ਕੁੰਜੀ ਇਕੋ ਲੋਹੇ ਵਿਚੋਂ ਪ੍ਰਗਟ ਹੁੰਦੇ ਹਨ, (ਪਰ ਜੰਦਰਾ) ਬੰਨਣ ਦੀ ਪਦਵੀ (ਤੇ ਕੁੰਜੀ) ਮੋਖ ਦੀ ਪਦਵੀ(ਦੇਣ ਵਾਲੀ ਹੈ ਇਹ) ਸੰਸਾਰ ਦਾ ਵਿਸਥਾਰ ਹੈ।

**ਤੈਸੇ ਹੀ ਅਸਾਧ ਸਾਧ ਸਣ ਅਉ ਮਜੀਠ ਗਤਿ ਗੁਰਮਤਿ ਦੁਰਮਤਿ ਟੇਵ ਸੈ ਨ ਟਰਿ ਹੈ ॥੧੬੨॥**

ਉਸੇ ਤਰਾਂ ਹੀ ਸਣ ਅਤੇ ਮਜੀਠ ਦੀ ਗਤੀਵਾਂਗ ਬੁਰੇ ਪੁਰਸ਼ ਤੇ ਭਲੇ ਪੁਰਸ਼ ਸਨ(ਸਣ ਸਮਾਨ ਬੁਰਾ ਪੁਰਸ਼ ਫਾਹੀ ਰੂਪ ਹੋ ਜਾਂਦਾ ਹੈ ਅਤੇ ਭਲਾ ਪੁਰਸ਼

ਮਜੀਠ ਵਾਂਗੂ ਪ੍ਰੇਮ ਤੇ ਸਿਮਰਨ ਦਾ ਰਗ ਚਾੜ੍ਹ ਕੇ ਮੁਕਤੀ ਦਾ ਕਾਰਨ ਹੁੰਦਾ ਹੈ, ਭਲਾ ਪੁਰਸ਼) ਗੁਰਮਤ ਦੀ ਟੇਵ [ਬਾਨ, ਸੁਭਾਵ,ਵਾਦੀ] ਤੋਂ ਨਹੀਂ ਟਲਦਾ ਹੈ ਅਤੇ ਬੁਰਾ ਪੁਰਸ਼ ਖੋਟੀ ਮਤ ਦੀ ਟੇਵ ਤੋਂ ਨਹੀਂ ਟਲਦਾ ਹੈ (ਜਿਵੇਂ ਮਜੀਠ ਆਪਣਾ ਕੰਮ ਕਰਦੀ ਹੈ ਤੇ ਸਣ ਆਪਣਾ ਕੰਮ ਕਰਦੀ ਹੈ, ਇਵੇਂ ਸਾਧ ਤੇ ਅਸਾਧ ਹਨ) ॥੧੬੨॥

**ਬਰਖਾ ਸੰਜੋਗੁ ਮੁਕਤਾਹਲ ਓਰਾ ਪ੍ਰਗਾਸ ਪਰਉਪਕਾਰੀ ਅਉ ਬਿਕਾਰੀ ਕਹਾਵਈ ॥**

(ਸ੍ਵਾਂਤੀ ਨਛਤ੍ਰ ਦੇ) ਸੰਜੋਗ ਕਰਕੇ ਬਾਰਸ਼ (ਦੀ ਰਾਂਹੀ) ਮੋਤੀਆਂ ਤੇ ਗੜਿਆਂ ਦਾ [ਪ੍ਰਕਾਸ਼] ਜਨਮ ਹੁੰਦਾ ਹੈ, (ਮੋਤੀ) ਪਰਉਪਕਾਰੀ ਅਤੇ (ਗੜਾ) ਵਿਕਾਰੀ [ਵਿਗਾੜ ਕਰਨ ਵਾਲਾ]ਕਹਾਉਂਦੇ ਹਨ।

**ਓਰਾ ਬਰਕਤ ਜੈਸੇ ਧਾਨ ਪਾਨ ਕੋ ਬਿਨਾਸ ਮੁਕਤ ਅਨੂਪ ਰੂਪ ਸਭਾਸੋਭਾ ਪਾਵਈ ॥**

ਜਿਸ ਤਰ੍ਹਾਂ ਗੜਿਆਂ ਦੀ ਬਾਰਸ਼ ਹੁੰਦਿਆਂ ਹੀ [ਧਾਨ]ਅੰਨ ਦੇਖੇਤਾਂ ਤੇ ਪਾਨਾਂ (ਦੀਆਂਬਗੀਚੀਆਂ) ਦਾ ਨਾਸ ਹੋ ਜਾਂਦਾ ਹੈ, ਅਤੇ ਮੋਤੀ ਮਹਾਂ ਸੁੰਦਰ ਰੂਪ ਵਾਲਾ ਹੋਕੇ ਸਭਾ ਵਿਚ ਸੋਭਾ ਪਾਉਂਦਾ ਹੈ।

**ਓਰਾ ਤਉ ਬਿਕਾਰਿ ਧਾਰਿ ਦੇਖਤ ਬਿਲਾਇ ਜਾਇ ਪਰਉਪਕਾਰ ਮੁਕਤਾ ਜਿਉ ਠਹਰਾਵਈ ॥**

ਗੜਾ ਤਾਂ ਬਿਕਾਰ [ਦੂਜਿਆਂ ਦਾ ਬੁਰਾ ਕਰਨ ਵਾਲਾ ਸੁਭਾਵ] ਧਾਰਨ ਕਰਨ ਕਰਕੇ ਵੇਖਦਿਆਂ ਵੇਖਦਿਆਂ ਹੀ ਬਿਲਾ (ਨਸ਼ਟ ਹੋ) ਜਾਂਦਾ ਹੈ, ਅਤੇ ਪ੍ਰਉਪਕਾਰ(ਕਰਨ ਵਾਲਾ) ਮੋਤੀ ਜਿਉਂ ਦਾ ਤਿਉਂ (ਆਪਣਾ ਆਪ) ਟਿਕਾਈ ਰਖਦਾ ਹੈ (ਅਰਥਾਤ ਮੋਤੀ ਸਥਿਰ ਕਾਇਮ ਰਹਿੰਦਾ ਹੈ)।

**ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ ਗੁਰਮਤਿ ਦੁਰਮਤਿ ਦੁਰੇ ਨ ਦੁਰਾਵਈ ॥ ੧੬੩ ॥**

ਉਸੇ ਤਰ੍ਹਾਂ ਹੀ ਬੁਰੇ ਪੁਰਸ਼ਾਂ ਦੀ ਖੋਟੀ ਬੁਧੀ ਦੇ ਸੁਭਾਵ ਦੀ ਗਤੀ ਜਗਤ ਵਿਚ ਲੁਕਾਇਆਂ ਲੁਕਦੀ ਨਹੀਂ ਹੈ, ਅਤੇ ਭਲੇ ਪੁਰਸ਼ਾਂ ਦੀ ਗੁਰਮਤਿ ਵਾਲੇ ਸੁਭਾਵ ਦੀ ਗਤੀ ਭੀ ਲੁਕਾਇਆਂ ਲੁਕਦੀ ਨਹੀਂ ਹੈ (ਉਸ ਤੋਂ ਸਦਾ ਹੀ ਬੁਰਾ ਹੁੰਦਾ ਹੈ ਅਤੇ ਉਸ ਤੋਂ ਸਦਾ ਹੀ ਭਲਾ ਹੁੰਦਾ ਹੈ) ॥੧੬੩॥

**ਲਜਾ ਕੁਲ ਅੰਕਸੁ ਅਉ ਗੁਰਜਨ ਸੀਲ ਡੀਲ ਕੁਲਾ ਬਧੂ ਬ੍ਰਤ ਕੈ ਪਤਿ ਬ੍ਰਤਾ ਕਹਾਵਈ ॥**

ਅੰਕਸ=ਕੁੰਡਾ, ਜਿਸ ਨਾਲ ਹਾਥੀ ਵਸ ਰਖਿਆ ਜਾਂਦਾ ਹੈ। ਗੁਰ ਜਨ=ਸਹੁਰਾ ਜੇਠ ਆਦਿਕ ਵਡੇ ਪੁਰਸ਼। ਗਨਿਕਾ= ਵੇਸਵਾ, ਕੰਜਰੀ। ਸੁਅੰਨ=ਪੁਤ੍ਰ। ਸੀਲ= ਧਰਮ। ਡੀਲ=ਵਜੋਤ, ਢੰਗ, ਮਰਯਾਦਾ।

ਕੁਲ ਦੀ ਲੱਜਾ ਅਤੇ ਪਰਵਾਰ ਦੇ ਵਡੇ ਪੁਰਸ਼ਾਂ ਦੀ ਲੱਜਾ ਦਾ ਕੁੰਡਾ (ਸਿਰ ਉਤੇ ਹੋਣ ਕਰਕੇ ਅਤੇ) ਓਹ ਧਰਮ ਦੀ ਮਰਯਾਦਾ ਦੇ ਬ੍ਰਤ ਕਰਕੇ [ਕੁਲਾ ਬਧੂ]ਭਲੀ ਕੁਲ ਦੀ ਨੂੰਹ-ਧੀ ਪਤਿਬ੍ਰਤਾ ਕਹਾਉਂਦੀ ਹੈ (ਅਰਥਾਤ ਜੇ ਇਸਤ੍ਰੀ ਕੁਲ ਦੀ ਸ਼ਰਮ, ਵਡਿਆਂ ਦਾ ਡਰ ਤੇ ਧਰਮ ਦੀ ਮਰਯਾਦਾ ਦਾ ਬ੍ਰਤ ਦਾ ਖਿਆਲ ਨਾ ਰਖੇਅਤੇ ਹਰ ਤਰ੍ਹਾਂਦੀ ਆਜ਼ਾਦੀ ਧਾਰ ਲਵੇਤਾਂਉਹ ਕਦੇਭੀ ਪਤਿਬ੍ਰਤਾ ਨਹੀਂ ਰਹਿਸਕਦੀ, ਇਸਨੇ ਇਨ੍ਹਾਂ ਦਾ ਧਿਆਨ ਨਹੀਂ ਰਖਿਆ ਹੈ।

**ਦੁਸਟ ਸਭਾ ਸੰਜੋਗ ਅਧਮ ਅਸਾਧ ਸੰਗੁ ਬਹੁ ਬਿਧਿ ਚਾਰਿ ਧਾਰਿ ਗਨਿਕਾ ਬੁਲਾਵਈ ॥**

ਬੁਰੀ ਸਭਾ ਦੇ ਸੰਜੋਗ ਕਰਕੇ, ਨੀਚ ਤੇ ਬੁਰੇ ਪੁਰਸ਼ਾਂ ਦੇ ਸੰਗ ਕਰਕੇ ਅਤੇ (ਮਨ ਵਿਚ) ਵਿਭਚਾਰ (ਦੀ ਇਛਾ)ਬਹੁਤ ਧਾਰ (ਲੈਣ ਕਰਕੇ ਹੀ ਇਸਤ੍ਰੀ) ਕੰਜਰੀ ਕਹਾਉਣ ਲਗ ਜਾਂਦੀ ਹੈ।

**ਕੁਲਾ ਬਧੂ ਸੁਤ ਕੋ ਬਖਾਨੀਅਤ ਗੋਤ੍ਰਾਚਾਰ ਗਨਿਕਾ ਸੁਅੰਨ ਪਿਤਾ**

**ਨਾਮ ਕੋ ਬਤਾਵਈ ॥**

ਭਲੇ ਘਰ ਦੀ ਨੂੰਹ-ਧੀ ਦੇ ਗੋਤ੍ਰਾਚਾਰ [ਵੰਸ ਪ੍ਰਨਾਲੀ] ਪੜ੍ਹੀ ਜਾਂਦੀ ਜਾਂ ਉਚਾਰੀ ਜਾਂਦੀ ਹੈ, (ਪਰ) ਕੰਜਰੀ ਦੇ ਪੁਤ੍ਰ ਦੇ ਪਿਉ ਦਾ ਨਾਮ ਕੌਣ ਦਸ ਸਕਦਾ ਹੈ ?

**ਦੁਰਮਤਿ ਲਾਗਿ ਜੈਸੇ ਕਾਗੁ ਬਨ ਬਨ ਫਿਰੈ ਗੁਰਮਤਿ ਹੰਸੁ ਏਕ ਟੇਕ ਜਸੁ ਪਾਵਈ ॥੧੬੪॥**

ਖੋਟੀ ਮਤ ਵਿਚ ਲਗਾ ਪੁਰਸ਼ ਕਾਂ ਵਾਂਗੂ ਬਨ ਬਨ ਵਿਚ ਭਟਕਦਾ ਫਿਰਦਾ ਹੈ ਅਤੇ ਗੁਰਮਤ ਵਿਚ ਲਗਾ ਪੁਰਸ਼ ਹੰਸ ਵਾਂਗੂ ਇਕੋ ਦੀ ਓਟ ਰਖਕੇ (ਜਗਤ ਵਿਚ) ਜਸ ਪਾਂਦਾ ਹੈ ॥੧੬੪॥

ਭਾਵ—ਇਸਤ੍ਰੀ ਜਾਤੀ ਇਕੋ ਹੈ, ਇਨ੍ਹਾਂ ਸਭਨਾਂ ਇਸਤ੍ਰੀਆਂ ਦਾ ਧਰਮ ਕਰਮ ਇਕੋ ਹੈ। ਜਿਨ੍ਹਾਂ ਨੇ ਆਪਣੇ ਧਰਮ ਕਰਮ ਦੀ ਮਰਯਾਦਾਨੂੰ ਪਾਲਿਆਹੈ, ਉਹ ਪਤਿਬ੍ਰਤਾ ਹੋ ਕੇ ਲੋਕ-ਪ੍ਰਲੋਕ ਵਿਚ ਜਸ ਪਾਂਦੀਆਂ ਹਨ, ਉਨ੍ਹਾਂ ਦੇ ਪੁਤ੍ਰਾਂ ਦੀ ਬੰਸ ਪ੍ਰਨਾਲੀ ਬੜੀ ਆਨ ਸ਼ਾਨ ਨਾਲ ਗਾਂਵੀ ਜਾਂ ਪੜ੍ਹੀ ਜਾਂਦੀ ਹੈ, ਪਰ ਜਿਸਨੇ ਧਰਮ ਕਰਮ ਤੋਂ ਆਜ਼ਾਦੀ ਧਾਰ ਲਈ ਹੈ, ਘਰ ਦੇ ਜਠੇਰੇ ਦੀ ਜਿਸਨੂੰ ਕਾਨ ਚੁਕ ਗਈ ਹੈ, ਉਹ ਨਿਡਰ ਹੋ ਗਈ, ਜਗਤ ਨੇ ਉਸਦਾ ਨਾਮ ਕੰਜਰੀ ਰਖ ਦਿਤਾ ਹੈ। ਉਸਦਾ ਪੁਤ੍ਰ ਜੰਮਦਾ ਹੈ, ਇਸ ਗਲ ਦਾ ਕਿਸੇਨੂੰ ਪਤਾ ਨਹੀਂ ਜੋ ਇਸ ਕੰਜਰੀ ਦੇ ਲੜਕੇ ਦੇ ਪਿਉ ਦਾ ਕੀ ਨਾਮ ਹੈ ? ਬਸ! ਏਹੋ ਦਸ਼ਾ ਗੁਰਮੁਖਾਂ ਤੇ ਮਨਮੁਖਾਂ ਦੀ ਹੈ। ਗੁਰਮੁਖ ਪਤਿਬ੍ਰਤਾ ਵਾਂਗੂ ਲੋਕ ਪ੍ਰਲੋਕ ਵਿਚ ਜਸ ਖਟਦੇ ਹਨ, ਪਰ ਖੋਟੀ ਮਤ ਵਾਲੇ ਮਨਮੁਖ ਹਰ ਥਾਂ ਤੇ ਹੀ ਆਪਣਾ ਮੂੰਹ ਕਾਲਾ ਕਰਾਉਂਦਾ ਹੈ।

**ਮਾਨਸ ਜਨਮ ਧਾਰਿ ਸੰਗਤਿ ਸੁਭਾਵ ਗਤਿ ਗੁਰਮਤਿ ਦੁਰਮਤਿ ਬਿਬਿਧ ਬਿਧਾਨੀ ਹੈ ॥**

ਮਨੁਖ ਜਨਮ ਧਾਰਕੇ,ਸੰਗਤ ਕਰਨ ਤੋਂ ਸੁਭਾਵ ਦੀ ਗਤੀ ਹੁੰਦੀ ਹੈ,(ਜੋ)ਗੁਰਮਤ ਕਰਕੇ ਤੇਖੋਟੀ ਮਤ ਕਰਕੇਅਨੇਕ ਤਰ੍ਹਾਂਦੀ ਪ੍ਰਗਟ ਹੁੰਦੀ ਹੈ।(ਜੈਸਾਕਿ)—

**ਸਾਧ ਸੰਗ ਪਦਵੀ ਭਗਤਿ ਅਉ ਬਿਬੇਕੀ ਜਨ ਜੀਵਨ ਮੁਕਤਿ ਸਾਧੂ ਬ੍ਰਹਮ ਗਿਆਨੀ ਹੈ ॥**

ਸਾਧ ਸੰਗ (ਕਰਨ ਵਾਲੇ ਨੂੰ ਏਹ) ਪਦਵੀ (ਮਿਲਦੀ ਹੈ, ਕਿ) ਭਗਤ, ਵਿਵੇਕੀ ਪੁਰਸ਼, ਜੀਵਨ ਮੁਕਤ, ਸਾਧੂ ਅਤੇ ਬ੍ਰਹਮ ਗਿਆਨੀ (ਆਦਿਕ ਨਾਮ ਪੈ ਜਾਂਦਾ) ਹੈ।

**ਅਧਮ ਅਸਾਧ ਸੰਗਿ ਚੋਰ ਜਾਰਿ ਅਉ ਜੂਆਰੀ ਠਗ ਬਟਵਾਰਾ ਮਤਵਾਰਾ ਅਭਿਮਾਨੀ ਹੈ ॥**

ਨੀਚ ਬੁਰੇ ਪੁਰਸ਼ਾਂ ਦਾ ਸੰਗ (ਕਰਨ ਕਰਕੇ) ਚੋਰ, ਯਾਰ ਤੇ ਜੁਆਰੀ, ਠਗ, ਡਾਕੂ, ਮਤਵਾਲਾ [ਸ਼ਰਾਬੀ] ਤੇ ਅਭਿਮਾਨੀ (ਆਦਿਕ ਨਾਮ ਹੋ ਜਾਂਦਾ) ਹੈ।

**ਅਪੁਨੇ ਅਪੁਨੇ ਰੰਗ ਸੰਗ ਸੁਖ ਮਾਨੈ ਬਿਸੁ ਗੁਰਮਤਿ ਗਤਿ ਗੁਰਮੁਖਿ ਪਹਿਚਾਨੀ ਹੈ ॥੧੬੫॥**

[ਬਿਸੁ] ਸਾਰਾ ਸੰਸਾਰ ਆਪਣੇ ਆਪਣੇ ਰੰਗ ਸੰਗ ਹੀ ਸੁਖ ਮਾਣ ਰਿਹਾ ਹੈ,(ਪਰ) ਗੁਰਮਤ ਕਰਕੇ (ਜੋ) ਗਤਿ ਪ੍ਰਾਪਤ ਹੁੰਦੀ ਹੈ, (ਉਹ ਗਲ) ਗੁਰਮੁਖ ਨੇ ਹੀ ਪਛਾਣੀ ਹੈ ॥੧੬੫॥

**ਜੈਸੇ ਤਉ ਅਸਟ ਧਾਤੁ ਡਾਰੀਅਤ ਨਾਉ ਬਿਖੈ ਪਾਰਿ ਪਰੈ ਤਾਹਿ ਤਉ ਵਾਰ ਪਾਰ ਸੋਈ ਹੈ ॥**

ਜਿਸ ਤਰ੍ਹਾਂ ਕਿ ਅਠ ਧਾਤਾਂ ਬੇੜੀ ਵਿਚ ਸੁਟ ਦੇਈਏ(ਤਾਂ ਉਹ)ਪਾਰ ਤਾਂ ਲੰਘ ਜਾਂਦੀਆਂਹਨ,ਪਰ (ਜੋ ਕੁਝ ਉਹ) ਉਰਾਰ ਸਨ,ਪਾਰ ਭੀ ਓਹੀ(ਰਹਿੰਦੀਆਂ ਹਨ,ਇਸੇਤਰ੍ਹਾਂ ਜੇਹੜੇ ਵਰਨਾਭਿਮਾਨੀ ਕਿਸੇ ਮਹਾਂ ਪੁਰਸ਼ ਦੇ ਚਰਨੀਂ ਪੈ ਕੇ ਆਪਾ ਭਾਵ ਨਹੀਂ ਗੁਆਂਦੇ ਹਨ ਜੋ ਉਹ ਮਹਾਂ ਪੁਰਸ਼ ਦੀ ਕ੍ਰਿਪਾ ਨਾਲ ਇਸ ਸੰਸਾਰ ਤੋਂ ਪਾਰ ਲੰਘ ਭੀ ਜਾਣ ਤਾਂ ਰਹਿੰਦੇ

ਓਹੀ ਦੇ ਓਹੀ ਹਨ, ਉਨ੍ਹਾਂ ਨੂੰ ਆਤਮ ਅਨੰਦਰਤਾ ਭਰ ਵੀ ਪ੍ਰਾਪਤ ਨਹੀਂ ਹੁੰਦਾ ਹੈ)।

**ਸੋਈ ਧਾਤੁ ਅਗਨਿ ਮੈ ਹੋਤ ਹੈ ਅਗਨਿ ਰੂਪ ਤਉ ਜੋਈ ਸੋਈ ਪੈ ਸੁ ਘਾਤ ਠਾਟ ਹੋਈ ਹੈ ॥**

(ਪਰ ਜਦ) ਓਹੀ ਧਾਤ ਅਗ ਵਿਚ ਅਗ ਦਾਰੂਪ ਹੋ ਜਾਂਦੀਹੈ, ਤਦ ਉਸਤੋਂ ਜੋ ਭੀ ਘਾੜ ਘੜਨੀਚਾਹੋ ਓਹੋ ਥਾਟ ਉਸਦਾ ਹੋਜਾਂਦਾ ਹੈ, (ਇਸੇ ਤਰ੍ਹਾਂ ਜੇਹੜਾ ਭੀ ਜੀਵ ਗੁਰੂਰੂਪ ਅਗਨੀ ਨਾਲ ਆਪਾ ਭਾਵਭੁਲਕੇ ਗੁਰੂ ਦੇ ਰੂਪ ਵਿਚ ਹੀ ਮਿਲ ਗਿਆ ਹੈ, ਉਹ ਸਰਬ ਰੂਪ ਧਾਰ ਲੈਣ ਵਾਲੇ ਪ੍ਰਭੂ ਦਾ ਹੀਰੂਪ ਹੋ ਜਾਂਦਾਹੈ)।

**ਸੋਈ ਧਾਤੁ ਪਾਰਸਿ ਪਰਸਿ ਪੁਨਿ ਕੰਚਨ ਹੁਇ ਮੋਲ ਕੈ ਅਮੋਲਾਨੂਪ ਰੂਪ ਅਵਲੋਈ ਹੈ ॥**

(ਜੇ) ਓਹੀ ਧਾਤ ਪਾਰਸਨੂੰ ਪਰਸ ਜਾਵੇ ਤਾਂਸੋਨਾ ਹੋ ਜਾਂਦੀ ਹੈ, (ਜੋ) ਮੋਲ ਕਰਕੇ (ਅਮੋਲ ਹੈ, ਮੁਲ ਕਰਕੇ) ਅਮੋਲ ਹੈ, ਰੂਪ ਕਰਕੇ ਅਨੂਪ ਹੀ ਵੇਖੀ ਜਾਂਦੀ ਹੈ (ਅਰਥਾਤ ਉਸ ਦੀ ਕੋਈ ਭੀ ਬਰਾਬਰੀ ਨਹੀਂ ਕਰ ਸਕਦਾ।

**ਪਰਮ ਪਾਰਸ ਗੁਰ ਪਰਸਿ ਪਾਰਸ ਹੋਤ ਸੰਗਤਿ ਹੁਇ ਸਾਧ ਸੰਗ ਸੰਤਸੰਗ ਪੋਈ ਹੈ ॥੧੬੬॥**

ਪਰਮ ਪਾਰਸ ਰੂਪ ਗੁਰੂ ਨੂੰ ਪਰਸ ਕੇ (ਜੋ) ਪਾਰਸ ਹੋ ਗਿਆ ਹੈ, (ਉਸ ਦੀ) ਸੰਗਤ ਕਰਨ ਵਾਲਾ ਸਤਸੰਗੀ ਸਾਧ ਸੰਗ (ਰੂਪ ਮਾਲਾ ਵਿਚ ਮਣਕੇ ਵਾਂਗੂੰ ਪ੍ਰੋਇਆ ਗਿਆ ਹੈ) ॥੧੬੬॥

**ਜੈਸੇ ਘਰਿ ਲਾਗੈ ਆਗਿ ਭਾਗਿ ਨਿਕਸਤ ਖਾਨ ਪ੍ਰੀਤਮ ਪਰੋਸੀ ਧਾਇ ਜਰਤ ਬੁਝਾਵਈ ॥**

ਖਾਨ–ਘਰ ਦਾ ਮਾਲਕ, ਸਰਦਾਰ। ਪਰੋਸੀ ਗੁਆਂਢੀ। ਗੋਧਨ–ਗਊਆਂ ਦਾ ਵਗ। ਗੋਪ–ਗੁਆਲਾ, ਵਾਗੀ। ਗੋਹਾਰ–ਵਾਹਰ, ਮਦਦ। ਪੈਰਊਆਂ–ਤਾਰੂ ਪੁਰਖ। ਬਿਆਲ–ਸਪ।

ਜਿਸ ਤਰ੍ਹਾਂ ਘਰ ਨੂੰ ਅਗ [ਲਗ ਜਾਂਦੀ ਹੈ, ਤਾਂ) ਘਰ ਦਾ ਮਾਲਕ (ਘਰ ਵਿਚੋਂ) ਭਜ ਕੇ ਨਿਕਲ ਆਉਂਦਾ ਹੈ (ਤਾਂ ਉਸਦੇ) ਪਿਆਰੇ ਪੜੋਸੀ ਭਜ ਕੇ (ਪੈਂਦੇ ਹਨ ਤੇ) ਸੜਦੇ (ਘਰ ਨੂੰ) ਬੁਝਾ ਲੈਂਦੇ ਹਨ।

**ਗੋਧਨ ਹਰਤ ਜੈਸੇ ਕਰਤ ਪੁਕਾਰ ਗੋਪ ਗਾਉ ਮੈ ਗੁਹਾਰ ਲਾਗਿ ਤੁਰਤ ਛਡਾਵਈ ॥**

ਜਿਸ ਤਰ੍ਹਾਂ ਗਊਆਂ ਦੇ ਵਗ ਨੂੰ ਲੁਟੇਰੇ ਲੁਟ ਲਿਜਾਂਦੇ ਹਨ, (ਤਾਂ) ਵਾਗੀ ਪੁਕਾਰ ਕਰਦਾ ਹੈ, (ਜਿਸ ਕਰਕੇ) ਪਿੰਡ ਵਿਚੋਂ ਮਦਦ ਉਸਦੇਨਾਲ ਵਗਤੁਰਦੀ ਹੈ, (ਜੋ ਜਾਕੇ) ਵਗ ਨੂੰ ਛੁਡਾ ਲਿਆਉਂਦੇ ਹਨ।

**ਬੂਡਤ ਅਥਾਹ ਜੈਸੇ ਪ੍ਰਬਲ ਪ੍ਰਵਾਹ ਬਿਖੈ ਪੇਖਤ ਪੈਰਊਆ ਵਾਰ ਪਾਰ ਲੈ ਲਗਾਵਈ ॥**

ਜਿਸ ਤਰ੍ਹਾਂ ਅਥਾਹ ਪਾਣੀ ਦੇ ਬੜੇ ਤੇਜ਼ ਪ੍ਰਵਾਹ ਵਿਚ (ਕੋਈ) ਡੁਬਣ ਲਗਦਾ ਹੈ. (ਤਾਂ) ਤਾਰੂ ਪੁਰਸ਼ ਵੇਖਦਾ (ਹੀ ਜਾਕੇ ਫੜ) ਲੈਂਦਾ ਹੈ ਤੇ ਉਰਾਰ ਜਾਂ ਪਾਰਲੇ ਕੰਢੇ ਲਗਾ ਦੇਂਦਾ ਹੈ।

**ਤੈਸੇ ਅੰਤਕਾਲ ਜਮ ਜਾਲ ਕਾਲ ਬਿਆਲ ਗ੍ਰਸੇ ਗੁਰ ਸਿਖ ਸਾਧ ਸੰਤ ਸੰਕਟ ਮਿਟਾਵਈ ॥੧੬੭॥**

ਇਸੇ ਤਰ੍ਹਾਂ (ਜੇਹੜੇ ਪੁਰਸ਼) ਜਮਾਂ ਦੇ ਜਾਲ ਵਿਚ ਗ੍ਰਸੇ ਹੋਏ ਜਾਂ ਕਾਲ ਰੂਪ ਸਪ ਦੇ ਫੜੇ ਹੋਏ ਅੰਤ ਸਮੇਂ ਭੀ ਪੁਕਾਰਦੇ ਹਨ) ਗੁਰ ਸਿਖ ਸਾਧ ਸੰਗਤ (ਉਨ੍ਹਾਂ ਦੇ) ਦੁਖਾਂ ਨੂੰ ਮਿਟਾ ਦੇਂਦੇ ਹਨ (ਅਰਥਾਤ ਗੁਰਸਿਖ ਸਾਧ ਸੰਗਤ ਉਨ੍ਹਾਂ ਨੂੰ ਜਮਾਂ ਦੇ ਜਾਲ ਵਿਚੋਂ ਜਾਂ ਮੌਤ ਰੂਪ ਸਪ ਦੇ ਮੂੰਹ ਵਿਚੋਂ ਛੁਡਾ ਕੇ ਸਰੂਪ ਵਿਚ ਜਾਂ ਸਥਿਰ ਕਰਦੇ ਹਨ) ॥੧੬੭॥

**ਨਿਹ ਕਾਮ ਨਿਹ ਕ੍ਰੋਧ ਨਿਰਲੋਭ**

**ਨਿਰਮੋਹ ਨਿਹੰਮੇਵ ਨਿਹਟੇਵ ਨਿਰਦੋਖ ਵਾਸੀ ਹੈ ॥**

(ਜੋ ਸਥਾਨ) ਕਾਮ ਤੋਂ ਰਹਿਤ ਹੈ, ਕ੍ਰੋਧ ਤੋਂ ਰਹਿਤ ਹੈ, ਲੋਭ ਤੋਂ ਰਹਿਤ ਹੈ, ਮੋਹ ਤੋਂ ਰਹਿਤ ਹੈ, ਹੰਕਾਰ ਤੋਂ ਰਹਿਤ ਹੈ, (ਟੇਵ) ਸੁਭਾਵ ਤੋਂ ਰਹਿਤ ਹੈ, ਦੋਖ ਤੋਂ ਰਹਿਤ (ਉਥੋਂ ਦਾ) ਵਾਸੀ ਹੈ।

**ਨਿਰਲੇਪ ਨਿਰਬਾਣ ਨਿਰਮਲ ਨਿਰਵੈਰ ਨਿਰਬਿਘਨਾਇ ਨਿਰਲੰਬ ਅਬਿਨਾਸੀ ਹੈ ॥**

(ਜੋ) ਲੇਪ ਤੋਂ ਬਿਨਾਂ ਹੈ, ਬਾਨ ਤੋਂ ਬਿਨਾਂ ਹੈ, ਮੈਲ ਤੋਂ ਰਹਿਤ ਹੈ,ਵੈਰਤੋਂ ਰਹਿਤ ਹੈ,ਵਿਘਨਾਦਕਾਂ ਤੋਂ ਰਹਿਤ ਹੈ, ਆਸਰੇ ਤੋਂ ਬਿਨਾਂ ਅਬਿਨਾਸੀ ਹੈ।

**ਨਿਰਾਹਾਰ ਨਿਰਾਧਾਰ ਨਿਰੰਕਾਰ ਨਿਰਬਿਕਾਰ ਨਿਹਚਲ ਨਿਹਭ੍ਰਾਂਤਿ ਨਿਰ ਭੈ ਨਿਰਾਸੀ ਹੈ ॥**

ਅਹਾਰ ਤੋਂ ਰਹਿਤ ਹੈ, ਅਧ ਰ ਤੋਂ ਰਹਿਤ ਹੈ, ਅਕ ਰ ਤੋਂ ਰਹਿਤ ਹੈ, ਵਿਕਾਰ ਤੋਂ ਰਹਿਤ ਹੈ, ਚਲਾਇਮਾਨ ਨਹੀਂ ਹੈ, ਭ੍ਰਾਂਤੀ ਤੋਂ ਰਹਿਤ ਹੈ, ਡਰ ਰਹਿਤ ਅਤੇ ਨਿਰਾਸੀ ਹੈ।

**ਨਿਹਕਰਮ ਨਿਹਭਰਮ ਨਿਹਸ਼ਰਮ ਨਿਹ ਸੁਆਦ ਨਿਰ ਬਿਵਾਦ ਨਿਰੰਜਨ ਸੁੰਨਿ ਮੈ ਸੰਨਿਆਸੀ ਹੈ ॥ ੧੬੮ ॥**

ਕਰਮ ਤੋਂ ਰਹਿਤ ਹੈ, ਭਰਮ ਤੋਂ ਰਹਿਤ ਹੈ, ਥਕੇਵੇਂ ਰਹਿਤ ਹੈ, ਸੁਆਦ ਤੋਂ ਰਹਿਤ ਹੈ, ਝਗੜੇ ਤੋਂ ਰਹਿਤ ਹੈ,ਮਾਯਾ-ਅੰਜਨ ਤੋਂ ਰਹਿਤ ਸੁੰਨ ਸੰਨਿਆਸੀ ਹੈ ॥ ੧੬੮ ॥

**ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗਿ ਪਰਮਦਭੁਤ ਪ੍ਰੇਮ ਪੂਰਨ ਪ੍ਰਗਾਸੇ ਹੈ ॥**

(ਜਿਸ ਦੀ) ਸਾਧ ਸੰਗ ਕਰਦਿਆਂ ਸਤਿਗੁਰੂ ਦੇ ਸ਼ਬਦ ਵਿਚ ਸੁਰਤ ਦੀ ਲਿਵ (ਜੁੜ ਗਈ ਹੈ, ਉਸਨੂੰ) ਪਰਮ ਅਦਭੁਤ ਰੂਪ ਪੂਰਨ ਪ੍ਰੇਮ ਦਾ ਪ੍ਰਗਾਸ ਹੋਇਆ ਹੈ।

**ਪ੍ਰੇਮ ਰੰਗ ਮੈ ਅਨੇਕ ਰੰਗ ਜਿਉ ਤਰੰਗ ਗੰਗ ਪ੍ਰੇਮ ਰਸ ਮੈ ਅਨੇਕ ਰਸ ਹੁਇ ਬਿਲਾਸੇ ਹੈ ॥**

ਪ੍ਰੇਮ ਰੰਗ ਵਿਚ ਅਨੇਕ ਰੰਗ (ਇਸ ਤਰਾਂ ਭਾਸਦੇ ਹਨ) ਜਿਵੇਂ ਗੰਗਾ ਵਿਚ ਅਨੇਕਾਂ ਤਰੰਗ (ਉਠਦੇ ਹਨ),ਪ੍ਰੇਮ ਦੇ ਰਸ ਵਿਚ ਅਨੇਕਾਂ ਰਸਾਂ ਦਾ ਬਿਲਾਸ [ਕੌਤਕ] ਹੁੰਦਾ ਹੈ।

**ਪ੍ਰੇਮ ਗੰਧਿ ਸੰਧਿ ਮੈ ਸੁਗੰਧ ਸਨਬੰਧ ਕੋਟਿ ਪ੍ਰੇਮ ਸੂਤਿ ਅਨਿਕ ਅਨਾਹਦ ਉਲਾਸੇ ਹੈ ॥**

ਪ੍ਰੇਮ ਦੀ ਗੰਧੀ [ਵਾਸ਼ਨਾ] ਦੀ ਸੰਧੀ [ਮੇਲ] ਵਿਚ ਕ੍ਰੋੜਾਂ ਸੁਗੰਧੀਆਂ ਦਾ ਸਨਬੰਧ [ਜੋੜ ਹੈ, ਪ੍ਰੇਮ ਦੀ ਸੁਰਤ [ਸੂਤ] ਵਿਚ ਅਨੇਕਾਂ ਅਨਾਹਦ (ਸਬਦਾਂ) ਦਾ ਬਿਲਾਸ ਹੈ।

**ਪ੍ਰੇਮ ਅਸਪਰਸ ਕੋਮਲਤਾ ਸੀਤਲਤਾ ਕੈ ਅਕਥ ਕਥਾ ਬਿਨੋਦ ਬਿਸਮ ਬਿਸ੍ਵਾਸੇ ਹੈ ॥ ੧੬੯ ॥**

ਪ੍ਰੇਮ ਕੋਮਲਤਾ ਤੇ ਸੀਤਲਤਾ ਕਰਕੇ ਅਸਪਰਸ਼ ਹੈ,(ਅਰਥਾਤ ਪ੍ਰੇਮਦੀ ਕੋਮਲਤਾ ਦਾ ਸਪਰਸ਼ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਉਸਦੀ ਸੀਤਲਤਾ ਨੂੰ ਛੋਹਿਆ ਜਾ ਸਕਦਾ ਹੈ) (ਅਤੇ ਉਸ ਦੇ) ਅਚਰਜ ਬਿਸ੍ਵਾਸ [ਭਰੋਸਾ] ਦੀ ਕਥਾ ਅਕਥ ਹੈ ॥੧੬੯॥

**ਪ੍ਰੇਮ ਰੰਗ ਸਮਸਰਿ ਪੁਜਸਿ ਨ ਕੋਊ ਰੰਗ ਪ੍ਰੇਮ ਰਸ ਪੁਜਸਿ ਨ ਅਨ ਰਸ ਸਮਾਨਿ ਕੈ ॥**

ਪ੍ਰੇਮ ਦੇ ਰੰਗ ਬਰਾਬਰ ਕੋਈ ਭੀ ਰੰਗ ਨਹੀਂ ਪੁਜਦਾ ਹੈ, ਪ੍ਰੇਮ ਦੇ ਰਸ ਸਮਾਨ ਹੋਰ ਕੋਈ ਭੀ ਰਸ ਨਹੀਂ ਪੁਜ ਸਕਦਾ ਹੈ।

**ਪ੍ਰੇਮ ਗੰਧ ਪੁਜਸਿ ਨ ਆਨ ਕੋਊ ਐ ਸੁਗੰਧ ਪ੍ਰੇਮ ਪ੍ਰਭਤਾ ਪੁਜਸਿ ਪ੍ਰਭਤਾ ਨ ਆਨ ਕੈ ॥**

ਪ੍ਰੇਮ ਦੀ ਵਾਸ਼ਨਾ ਦੇ ਬਰਾਬਰ ਕੋਈ ਭੀ ਸੁਗੰਧ ਨਹੀਂ ਪੁਜਦੀ ਹੈਅਤੇ ਪ੍ਰੇਮ ਦੀ ਪ੍ਰਭਤਾ(ਵਡਿਆਈ) ਦੇ ਬਰਾਬਰ ਹੋਰ ਕੋਈ ਪ੍ਰਭਤਾ ਨਹੀਂ ਪੁਜਦੀ ਹੈ।

**ਪ੍ਰੇਮ ਤੋਲ ਤੁਲਿ ਨ ਪੁਜਸਿ ਤੋਲ ਤੁਲਾਧਾਰ ਮੋਲ ਪ੍ਰੇਮ ਪੁਜਸਿ ਨ ਸਰਬ ਨਿਧਾਨ ਕੈ ॥**

ਪ੍ਰੇਮ ਦੇ ਤੋਲ ਦੇ ਬਰਾਬਰ ਕੋਈ (ਤੋਲ)ਵੱਟਾ ਤੇ [ਤੁਲਾਧਾਰ]ਤਕੜੀ ਨਹੀਂ ਪੁਜ ਸਕਦੀ ਹੈ,ਅਤੇਪ੍ਰੇਮ ਦੇ ਮੁਲ ਬਰਾਬਰ ਸਾਰੇ ਖਜ਼ਾਨੇ ਨਹੀਂ ਪੁਜਦੇ ਹਨ।

**ਏਕ ਬੋਲ ਪ੍ਰੇਮ ਕੈ ਪੁਜਸਿ ਨਹੀ ਬੋਲ ਕੋਊ ਗਿਆਨ ਉਨਮਾਨ ਅਸ ਥਕਤ ਕੋਟਾਨ ਕੈ ॥ ੧੭੦ ॥**

ਪ੍ਰੇਮ ਦੇ ਇਕ ਬੋਲ ਦੇ [ਸਮਾਨ] ਕੋਈ ਭੀ ਬੋਲ ਨਹੀਂ ਪੁਜਦਾ ਹੈ, ਕ੍ਰੋੜਾਂ ਹੀ ਗਿਆਨ ਤੇ ਕ੍ਰੋੜਾਂ ਹੀ ਉਨਮਾਨ [ਵਿਚਾਰ] ਥਕਤ ਹੋ ਰਹੇ ਹਨ ॥੧੭੦॥

**ਪੂਰਨ ਬ੍ਰਹਮ ਗੁਰ ਚਰਨ ਕਮਲ ਜਸ ਆਨਦ ਸਹਜ ਸੁਖ ਬਿਸਮ ਕੋਟਾਨਿ ਹੈ ॥**

ਪੂਰਨ ਬ੍ਰਹਮ ਸਰੂਪ ਗੁਰੂ ਜੀ ਦੇ ਚਰਨ ਕਮਲਾ ਦੇ ਜਸ ਵਿਚ ਕਰੋੜਾ ਤਰ੍ਹਾ ਦੇ ਸਹਜ ਅਨੰਦ ਦਾ ਅਚਰਜ ਸੁਖ [ਵਸੇਬਾ ਕਰ ਰਿਹਾ ਹੈ]।

**ਕੋਟਨਿ ਕੋਟਾਨਿ ਸੋਭ ਲੋਭ ਕੈ ਲੁਭਤਿ ਹੋਇ ਕੋਟਨਿ ਕੋਟਾਨਿ ਛਬਿ ਛਬਿ ਕੈ ਲੁਭਾਨ ਹੈ ॥**

ਕ੍ਰੋੜਾਂ ਤਰ੍ਹਾਂ ਦੀਆਂ ਕਰੋੜਾਂ ਹੀਸੋਭਾ[ਉਸ ਚਰਨ ਕਮਲਾਂ ਦੇ ਜਸ ਦਾ] ਲੋਭ ਕਰਕੇ ਲੁਭਾਇਮਾਨ ਹੋ ਰਹੀਆਂ ਹਨ,ਅਤੇ ਕ੍ਰੋੜ ਤਰ੍ਹਾਂ ਦੀਆਂ ਛਬਾਂ[ਭੀਉਸ ਜਸ ਦੀ) ਛਬੀ ਨੂੰ (ਪ੍ਰਾਪਤ ਹੋਣ ਦਾ) ਲੋਭ ਕਰਦੀਆਂ ਹਨ।

**ਕੋਮਲਤਾ ਕੋਟਿ ਲੋਟ ਪੋਟ ਹੁਇ ਕੋਮਲਤਾ ਕੈ ਸੀਤਲਤਾ ਕੋਟਿ ਓਟ ਚਾਹਤ ਹਿਰਾਨ ਹੈ ॥**

ਕਰੋੜਾਂ ਕੋਮਲਤਾਈਆਂ (ਉਸ ਦੀ) ਕੋਮਲਤਾ ਤੋਂ ਲੋਟ ਪੋਟ (ਕੁਰਬਾਨ) ਹੁੰਦੀਆਂ ਹਨ ਅਤੇ ਕਰੋੜਾਂ ਸੀਤਲਤਾਈਆਂ (ਉਸ ਦੀ ਸੀਤਲਤਾ ਦੀ) ਓਟ ਨੂੰ ਹੈਰਾਨ ਹੋ ਕੇ ਚਾਹੁੰਦੀਆਂ ਹਨ।

**ਅੰਮ੍ਰਿਤ ਕੋਟਾਨਿ ਅਨਹਦ ਗਦ ਗਦ ਹੋਤ ਮਨ ਮਧੁਕਰਿ ਤਿਹ ਸੰਪਟ ਸਮਾਨ ਹੈ ॥ ੧੭੧ ॥**

ਕ੍ਰੋੜਾਂ ਹੀ ਅੰਮ੍ਰਿਤ (ਉਸ ਸੋਭਾ ਨੂੰ ਵੇਖ ਕੇ) [ਅਨ+ਹਦ] ਬੇਹੱਦ ਹੀ (ਗਦ ਗਦ) ਪ੍ਰਸੰਨ ਹੁੰਦੇ ਹਨ,(ਅਤੇ ਮੇਰੇ) ਮਨ ਰੂਪ [ਮਧੁਕਰ] ਭੌਰੇ ਨੂੰ ਉਹ (ਚਰਨ ਕਮਲਾਂ ਦਾ ਜਸ) ਸੰਪਟ ਦੇ ਸਮਾਨ ਹੈ, (ਅਰਥਾਤ ਜਿਸ ਤਰਾਂ ਸੰਪਟ [ਡਬੇ] ਵਿਚ ਪਏ ਹੋਏ ਪਦਾਰਥ ਨੂੰ ਕੋਈ ਖਤਰਾ ਨਹੀਂ ਹੁੰਦਾ ਹੈ,ਇਵੇ ਮੇਰੇ ਮਨ ਰੂਪ ਭੌਰੇ ਨੂੰ ਗੁਰ ਚਰਨਾਂ ਦੇ ਆਸਰੇ ਹੋਣ ਕਰਕੇ ਕਾਲ ਤੇ ਜਮਕਾਲ ਦਾ ਖਤਰਾ ਨਹੀਂ।੧੭੧

**ਸੋਵਤ ਪੈ ਸੁਪਨ ਚਰਿਤ੍ਰ ਚਿਤ੍ਰ ਦੇਖਿਓ ਚਾਹੈ ਸਹਜਿ ਸਮਾਧਿ ਬਿਖੈ ਉਨਮਨੀ ਜੋਤਿ ਹੈ ॥**

(ਜਿਸ ਤਰਾਂ) ਸੁਤਾ ਪਿਆ (ਪੁਰਸ਼)ਸੁਪਨੇ ਵਿਚ ਕੌਤਕ ਵੇਖਦਾ ਹੈ ਅਤੇ ਉਨਾਂ ਚਿਤ੍ਰਾਂ ਨੂੰ ਚਾਹੁੰਦਾ ਹੈ, (ਇਸੇ ਤਰਾਂ ਹੀ) ਸਹਜ ਸਮਾਧੀ ਵਿਚ ਉਨਮਨੀ ਜੋਤਿ (ਦਾ ਦਰਸ਼ਨ ਹੁੰਦਾ ਹੈ, ਜਿਵੇਂ ਸੁਪਨੇ ਦੇ ਪਦਾਰਥ ਜਾਗਰਤ ਸਮੇਂ ਵਿਚ ਦਿਸਦੇ ਨਹੀਂ ਹਨ, ਇਸੇ ਤਰਾਂ ਉਨਮਨੀ ਜੋਤਿ ਸਮਾਧੀ ਅਵਸਥਾ ਤੋਂ ਬਿਨਾਂ ਪ੍ਰਤਖ ਨਹੀਂ ਹੁੰਦੀ ਹੈ)।

**ਸੁਰਾਪਾਨ ਸ੍ਵਾਦ ਮਤਵਾਰਾ ਪ੍ਰਤਿ ਪ੍ਰਸੰਨ ਜਿਉ ਨਿਝਰ ਅਪਾਰ ਧਾਰ**

**ਅਨਭੈ ਉਦੋਤੁ ਹੈ ॥**

ਜਿਸ ਤਰਾਂ [ਸੁਰਾਪਾਨ] ਸ਼ਰਾਬ ਦੇ ਸਵਾਦ ਨੇ (ਸ਼ਰਾਬੀ ਨੂੰ) ਮਤਵਾਲਾ ਤੇ ਪ੍ਰਸੰਨ (ਕਰ ਦਿਤਾ ਹੈ, ਪਰ ਸ਼ਰਾਬੀ ਉਸ ਮਸਤੀ ਅਤੇ ਪ੍ਰਸੰਨਤਾ ਨੂੰ ਦਸ ਨਹੀਂ ਸਕਦਾ, ਇਸੇ ਤਰਾਂ ਹੀ ਜੋ)ਇਕ ਰਸ ਅਪਾਰ ਧਾਰ )ਝਰਦੀ ਹੈ, ਉਸ਼ ਦਾ ਸਵਾਦ ਤੇ ਅਨੰਦਕਿਹਾ ਨਹੀਂ ਜਾਂਦਾ) ਅਨਭਵ ਵਿਚ ਹੀ [ਉਦੋਤ] ਪ੍ਰਗਟ ਹੁੰਦਾ ਹੈ।

**ਬਾਲਕ ਪੈ ਨਾਦ ਬਾਦ ਸ਼ਬਦ ਬਿਧਾਨ ਚਾਹੈ ਅਨਹਦ ਧੁਨਿ ਰੁਨ ਝੁਨ ਸੁਰਤਿ ਸ੍ਰੋਤ ਹੈ ॥**

(ਜਿਵੇਂ ਕੋਈ) ਬਾਲਕ ਪਾਸੋਂ ਨਾਦ ਦਾ, ਵਾਜੇ ਦਾ ਅਤੇ ਸ਼ਬਦ ਦਾ (ਵਰਣਨ) ਬਿਧੀ ਪੂਰਬਕ (ਸੁਣਨਾ) ਚਾਹੇ (ਤਾਂ ਇਹ ਗਲ ਅਨਹੋਣੀ ਜੇਹੀ ਹੈ ਇਸੇ ਹੀ ਤਰਾਂ) ਅਨਹਦ (ਸ਼ਬਦ ਦੀ) ਰੁਣਝੁਣ ਧੁਨੀ (ਜੋ) ਸੁਰਤੀ ਨੇ [ਸਰੋਤ] ਸੁਣੀ ਹੈ (ਉਸ ਦਾ ਵਰਣਨ ਕੀਤਾ ਜਾਣਾ ਅਸੰਭਵ ਹੈ)।

**ਅਕਥ ਕਥਾ ਬਿਨੋਦ ਸੋਈ ਜਾਨੈ ਜਾਮੈ ਬੀਤੈ ਚੰਦਨ ਸੁਗੰਧ ਜਿਉ ਤਰੋਵਰ ਨ ਗੋਤ ਹੈ॥੧੭੨॥**

(ਇਨਾਂ) ਕੌਤਕਾਂ ਦੀ ਕਥਾ ਅਕਥ ਹੈ, ਓਹੀ ਜਾਣਦਾ ਹੈ ਜਿਸ ਨਾਲ ਵਰਤਦੀ ਹੈ, ਜਿਵੇਂ ਚੰਦਨ ਦੀ ਵਾਸ਼ਨਾ ਨੂੰ ਦਰਖਤ ਨ [ਗੋਤ] ਆਖਦਾ ਹੈ (ਕੇਵਲ ਵਾਸ਼ਨਾ ਪ੍ਰਗਟ ਕਰਨ ਤੋਂ ਜਾਣਿਆ ਜਾਂਦਾ ਹੈ, ਜੁ ਇਹ ਦਰਖਤ ਵੀ ਚੰਦਨ ਹੋ ਗਿਆ ਹੈ, ਉਸ ਨੇ ਨਹੀਂ ਆਖਿਆ ਜੁ ਮੈਂ ਚੰਦਨ ਹੋ ਗਿਆ ਹਾਂ, ਇਸੇ ਤਰਾਂ ਜਿਨ੍ਹਾਂ ਉਪਰਲੇ ਕੌਤਕਾਂ ਨੂੰ ਜਾਣਿਆ ਹੈ ਉਹ ਨਾ ਅਪਣੀ ਜਬਾਨੀ ਹੀ ਆਪਾ ਜ਼ਾਹਰ ਕਰਦੇ ਹਨ ਤੇ ਨਾ ਹੀ ਕਿਸੇ ਤਰਾਂ ਉਸ ਅਨੰਦ ਨੂੰ ਕਹਿ ਸਕਦੇ ਹਨ, ਕੇਵਲ ਗੁਣਾਂ ਕਰਮਾਂ ਦਵਾਰਾ ਹੀ ਜਾਨੇ ਜਾਂਦੇ ਹਨ, ਜੋ ਇਹ ਮਹਾਤਮਾ ਇਸ ਅਵਸਥਾ ਤੇ ਪੁਜੇ ਹੋਏ ਹਨ ॥੧੭੨॥

**ਪ੍ਰੇਮ ਰਸ ਕੋ ਪ੍ਰਤਾਪੁ ਸੋਈ ਜਾਨੈ ਜਾਮੈ ਬੀਤੈ ਮਦਨ ਮਦੋਨ ਮਤਿ ਵਾਰੋ ਜਗੁ ਜਾਨੀਐ ॥**

ਮਦਨ=ਕਾਮਦੇਵ। ਮਦੋਨਮਤਿ=[ਮਦ+ਉਨਮਤਿ]ਮਸਤੀ ਨਾਲ ਮਤਵਾਲਾ ।ਅਰੁਨ ਦ੍ਰਿਗ=ਲਾਲ ਅੱਖਾਂ। ਅਸਤੁਤਿ=ਉਸਤਤਿ ਡਗ ਮਗ=ਡਾਵਾਂ ਡੋਲ, ਲੱਤਾਂ ਦੇ ਕਾਂਬੇ ਨਾਲ ਪੈਰ ਥਿੜਕਣੇ।

ਪਰੇਮ ਰਸ ਦੇ ਪ੍ਰਤਾਪ ਨੂੰ ਓਹੀ ਜਾਣਦਾ ਹੈਜਿਸ ਨਾਲ ਬੀਤਿਆ ਹੈ, (ਜਿਵੇਂ) ਕਾਮ ਦੇ ਮਦ ਦੀ ਮਸਤੀ ਵਾਲੇ ਨੂੰ ਜਗਤ ਜਾਣ ਲੈਂਦਾ ਹੈ।

**ਘੂਰਮ ਹੁਇ ਘਾਇਲੁ ਸੋ ਘੂਮਤ ਅਰੁਨ ਦ੍ਰਿਗ ਮਿਤ੍ਰ ਸਤ੍ਰਤਾ ਨਿਲੱਜ ਲੱਜਾ ਹੂ ਲਜਾਨੀਐ ॥**

(ਪਰੇਮ ਰਸੀਆ) ਘਾਇਲ (ਫਟੜ) ਹੋਏ ਹੋਏ ਬੰਦੇ ਵਾਂਗ ਘੂਰਮਿਆਂ ਜੇਹਾ ਲਾਲ ਅੱਖਾਂ ਨਾਲ ਫਿਰਦਾ ਹੈ, ਸਜਣ-ਦੁਸ਼ਮਣ ਦੀ ਸ਼ਰਮ ਹਯਾ ਵੀ (ਉਸ ਨੂੰ ਨਹੀਂ ਹੁੰਦੀ) ਹੈ।

**ਰਸਨਾ ਰਸੀਲੀ ਕਥਾ ਅਕਥ ਕੈ ਮੋਨ ਬ੍ਰਤ ਅਨ ਰਸ ਰਹਿਤ ਨ ਊਤਰੁ ਬਖਾਨੀਐ ॥**

(ਉਸ ਦੀ) ਰਸਨਾ ਰਸੀਲੀ (ਹੁੰਦੀ ਹੈ, ਜੋ)ਕਥਾ ਕਰਕੇ ਅਕਥ ਹੈ, ਮੋਨ ਬ੍ਰਤ (ਧਾਰੀ ਰਖਦਾ ਹੈ), ਹੋਰਨਾਂ ਰਸਾਂ ਤੋਂ ਰਹਿਤ (ਹੁੰਦਾ ਹੈ, ਕੋਈ ਗਲ ਪੁਛੇ ਤਾਂ) ਉਤਰ ਹੀ ਨਹੀਂ ਦੇਂਦਾ ਹੈ।

**ਸੁਰਤਿ ਸੰਕੋਚ ਸਮਸਰਿ ਅਸਤੁਤਿ ਨਿੰਦਾ ਪਗ ਡਗ ਮਗ ਜਤ ਕਤ ਬਿਸਮਾਨੀਐ ॥੧੭੩॥**

(ਉਸ ਨੇ) ਸੁਰਤਿ ਸੰਕੋਚ (ਲਈ ਹੁੰਦੀ ਹੈ)ਉਸ-ਤਤਿ ਨਿੰਦਾ(ਦੇ ਬਚਨਾਂ ਨੂੰ) ਸਮਾਨ ਜਾਣਦਾ ਹੈ, ਪੈਰ (ਉਸ ਦੇ) ਥਿੜਕਦੇ ਹਨ, ਜਿਥੇ ਕਿਥੇ ਹੈਰਾਨੀ ਜੇਹੀ ਦਸ਼ਾ ਵਿਚ ਰਹਿੰਦਾ) ਹੈ ॥ ੧੭੩ ॥

**ਤਨਕ ਹੀ ਜਮਾਨ ਕੈ ਦੂਧ ਦਧਿ ਹੋਤ ਜੈਸੇ ਤਨਕ ਹੀ ਕਾਂਜੀ ਪਰੁ ਦੂਧ ਫਟਿ ਜਾਤਿ ਹੈ ॥**

ਤਨਕ ਹੀ=ਰਤਾ ਕੁ ਜਿੰਨੀ, ਬਿਲਕੁਲ ਥੋੜਾ ਜਿੰਨਾ ਤੋਲ । ਦਧਿ=ਦਹੀਂ । ਜਾਮਨ—ਜਾਗ, ਲਾਗ ।

ਜਿਸ ਤਰ੍ਹਾਂ ਰਤਾ ਜਿੰਨੀ ਜਾਗ ਪਾਣ ਕਰਕੇ ਦੁਧ ਦੀ ਦਹੀਂ ਹੋ ਜਾਂਦੀ ਹੈ, ਅਤੇ ਰਤਾ ਜਿੰਨੀ ਕਾਂਜੀ ਪੈ ਜਾਣ ਕਰਕੇ ਦੁਧ ਫਟ ਜਾਂਦਾ ਹੈ।

**ਤਨਕ ਹੀ ਬੀਜ ਬੋਏ ਬਿਰਖ ਬਿਥਾਰ ਹੋਇ ਤਨਕ ਹੀ ਚਿਨਗ ਪਰੈ ਭਸਮ ਹੁਇ ਸਮਾਤ ਹੈ ॥**

(ਜਿਸ ਤਰ੍ਹਾਂ) ਰਤਾ ਜਿੰਨਾ ਬੀਜ ਬੀਜਨ ਨਾਲ ਬੜਾ ਭਾਰੀ ਫੈਲਾਵ ਵਾਲਾ ਦਰਖਤ ਹੋ ਜਾਂਦਾ ਹੈ, (ਅਤੇ)ਰਤਾ ਜਿੰਨੀਅਗ ਦੀ ਚਿਣਗ ਪੈ ਜਾਣ ਨਾਲ (ਦਰਖਤ ਸੜ ਕੇ) ਸੁਆਹ ਵਿਚ ਸਮਾ ਜਾਂਦਾ ਹੈ ।

**ਤਨਕ ਹੀ ਖਾਏ ਬਿਖੁ ਹੋਤ ਹੈ ਬਿਨਾਸ ਕਾਲ ਤਨਕ ਹੀ ਅੰਮ੍ਰਿਤ ਕੈ ਅਮਰੁ ਹੋਇ ਗਾਤ ਹੈ ॥**

(ਜਿਸ ਤਰ੍ਹਾਂ) ਰਤਾ ਜਿੰਨੀ ਜ਼ੈਹਰ ਖਾਣ ਨਾਲ (ਸਰੀਰ ਦਾ)ਅੰਤ ਕਾਲ ਹੋ ਜਾਂਦਾ ਹੈ,ਅਤੇ ਅੰਮ੍ਰਿਤ ਖਾਣ ਕਰਕੇ ਸਰੀਰ ਅਮਰ ਹੋ ਜਾਂਦਾ ਹੈ ।

**ਸੰਗਤਿ ਅਸਾਧ ਸਾਧ ਗਨਿਕਾ ਬਿਵਾਹਤਾ ਤਿਉਂ ਤਨਕ ਮੈ ਉਪਕਾਰ ਅਉ ਬਿਕਾਰ ਘਾਤ ਹੈ ॥ ੧੭੪ ॥**

(ਇਸੇ ਤਰ੍ਹਾਂ)ਵੇਸਵਾ ਤੇ ਵਿਵਾਹਤਾ ਇਸਤ੍ਰੀ ਦੀ ਸੰਗਤ ਵਾਂਗੂ ਬੁਰੇ ਪੁਰਸ਼ ਦੀ ਸੰਗਤ ਇਕ ਛਿਨਵਿਚ ਭਲੇ ਕਰਮ ਦਾ ਨਾਸ ਕਰਦੀਹੈ ਅਤੇ ਭਲੇਪੁਰਸ਼ ਦੀ ਸੰਗਤ ਬੁਰੇ ਕਰਮ ਦਾ ਨਾਸ ਕਰਦੀ ਹੈ ॥੧੭੪॥

ਭਾਵ—ਉਪਰਲੇ ਦ੍ਰਿਸ਼ਟਾਂਤਾਂ ਤੋਂ ਉਪਦੇਸ਼ਦਿਤਾ ਹੈ ਕਿ ਜਿਵੇਂ ਇਕ ਦੁਰਾਚਾਰੀ, ਸ਼ਰਾਬੀ, ਜੂਏ ਬਾਜ ਆਦਿਕ ਪੁਰਸ਼ ਕਿਸੇ ਭਲੇ ਘਰ ਵਿਚ ਵਿਆਹਿਆ ਜਾਏ ਤਾਂ ਉਸ ਪਾਸੋਂ ਸਾਰੇ ਹੀ ਬੁਰੇ ਕਰਮ ਦੂਰ ਹੋ ਜਾਂਦੇ ਹਨ ਅਤੇ ਵੇਸ਼ਵਾ ਦੀ ਸੰਗਤ ਕਰਕੇ ਭਲੇ ਕਰਮ ਨਸ਼ਟ ਹੋ ਜਾਂਦੇ ਹਨ, ਇਸੇ ਤਰਾਂ ਸਾਧ-ਅਸਾਧ ਦੀ ਸੰਗਤ ਮੁਕਤ ਤੇ ਬੰਧਨ ਇਕ ਛਿਨ ਵਿਚ ਕਰ ਦੇਂਦੀ ਹੈ ।

**ਸਾਧ ਸੰਗਿ ਦ੍ਰਿਸਟਿ ਦਰਸ ਕੈ ਬ੍ਰਹਮ ਧਿਆਨ ਸੋਈ ਤਉ ਅਸਾਧ ਸੰਗਿ ਦ੍ਰਿਸਟਿ ਬਿਕਾਰ ਹੈ ॥**

ਸਾਧ ਸੰਗ ਦਾ ਦ੍ਰਿਸ਼ਟੀ [ਅਖਾਂ] ਨਾਲ ਦਰਸ਼ਨ ਕਰਨ ਕਰਕੇ ਬ੍ਰਹਮ ਧਿਆਨ (ਦਾ ਫਲ ਹੁੰਦਾ ਹੈ ਪਰ ਉਸੇ ਹੀ ਨਜ਼ਰ ਨਾਲ ਬੁਰੇ ਪੁਰਸ਼ਾਂ ਦੇ ਸੰਗ (ਵਲ ਵੇਖਿਆਂ) ਵਿਕਾਰ (ਪੈਦਾ ਹੁੰਦੇ) ਹਨ ।

**ਸਾਧ ਸੰਗਿ ਸ਼ਬਦ ਸੁਰਤਿ ਕੈ ਬ੍ਰਹਮ ਗਿਆਨ ਸੋਈ ਤਉ ਅਸਾਧ ਸੰਗਿ ਬਾਦ ਅਹੰਕਾਰ ਹੈ ॥**

ਸਾਧ ਸੰਗ ਕਰਦੇ (ਹੋਇਆਂ ਗੁਰ) ਸ਼ਬਦ ਵਿਚ ਸੁਰਤੀ ਜੋੜਨ ਕਰਕੇ ਬ੍ਰਹਮ ਗਿਆਨ(ਪ੍ਰਾਪਤ ਹੁੰਦਾ ਹੈ ਪਰ) ਉਸੇ ਹੀ (ਸੁਰਤੀ ਕਰਕੇ) ਅਸਾਧਾਂ ਦੇ ਸੰਗ ਵਿਚੋਂ ਝਗੜਾ ਤੇ ਹੰਕਾਰ(ਪੈਦਾ ਹੋ ਜਾਂਦਾ) ਹੈ ।

**ਸਾਧ ਸੰਗਿ ਅਸਨ ਬਸਨ ਕੈ ਮਹਾ ਪ੍ਰਸ਼ਾਦਿ ਸੋਈ ਤਉ ਅਸਾਧ ਸੰਗਿ ਬਿਖਮ ਅਹਾਰ ਹੈ ॥**

ਸਾਧ ਸੰਗ ਵਿਚ ਭੋਜਨ ਤੇ ਕਪੜ ਦੇਣ ਕਰਕੇ ਮਹਾਂ [ਪ੍ਰਸ਼ਾਦਿ] ਪ੍ਰਸਿੰਨਤਾ ਦਾ (ਕਾਰਨ ਹੁੰਦਾ ਹੈ, ਪਰ) ਓਹੀ ਅੰਨ ਬਸਤ੍ਰ ਅਸਾਧ ਸੰਗ (ਵਿਚ ਦੇਣ ਕਰਕੇ ਦੁਖਦਾਈ ਖੁਰਾਕ ਹੋ ਜਾਂਦੀ ਹੈ ।

**ਦੁਰਮਤਿ ਜਨਮ ਮਰਨ ਹੁਇ ਅਸਾਧ ਸੰਗਿ ਗੁਰਮਤਿ ਸਾਧ ਸੰਗਿ ਮੁਕਤਿ ਦੁਆਰ ਹੈ॥ ੧੭੫॥**

ਖੋਟੀਮਤ ਵਾਲੇ ਅਸਾਧਾਂ ਦਾ ਸੰਗ ਕਰਨ ਕਰਕੇ

(ਪੁਰਸ਼ ਨੂੰ ਮੁੜ ਮੁੜ ਕੇ)ਜਨਮ-ਮਰਨ ਪ੍ਰਾਪਤ ਹੁੰਦਾ ਹੈ,ਅਤੇ ਗੁਰਮਤ ਵਾਲੇਸਾਧਾਂ ਦਾ ਸੰਗ ਕਰਨ ਕਰਕੇ ਮੁਕਤੀ ਦਾ ਦਰਵਾਜ਼ਾ [ਗਿਆਨ] (ਪ੍ਰਾਪਤ ਹੋ ਜਾਂਦਾ ਹੈ) ॥੧੭੫॥

**ਗੁਰਮਤਿ ਚਰਮ ਦ੍ਰਿਸ਼ਟਿ ਦਿਬਿ ਦ੍ਰਿਸ਼ਟਿ ਹੁਇ ਦੁਰਮਤਿ ਲੋਚਨ ਅਛਤ ਅੰਧ ਕੰਧ ਹੈ ॥**

ਚਰਮ ਦ੍ਰਿਸ਼ਟੀ=ਸਰੀਰ ਆਦਿਕ ਬਾਹਰਲੇ ਪਦਾਰਥਾਂ ਨੂੰ ਵੇਖਣ ਵਾਲੀ ਨਜ਼ਰ । ਦਿੱਬ ਦ੍ਰਿਸ਼ਟੀ=ਸਰੀਰ ਅੰਦਰਲੇ ਸੂਖਮ ਭਾਵਾਂ ਨੂੰ ਤਕਣ ਵਾਲੀ ਨਜ਼ਰ, ਜਿਨ੍ਹਾਂ ਅੱਖਾਂ ਲਈ ਹੁਕਮ ਹੈ–"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ। ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾ ਪਿਰੀ ॥" ਅਰਥਾਤ ਲੋਈ ਨੂੰ ਤਕਣ ਵਾਲੀ ਚਰਮ ਦ੍ਰਿਸ਼ਟੀ ਹੈ ਤੇ ਪ੍ਰੀਤਮ ਨੂੰ ਵੇਖਣ ਵਾਲੀ ਦਿੱਬ ਦ੍ਰਿਸ਼ਟੀ ਹੈ। ਪਾਨ=ਪੀਣਾਂ। ਦੁਰਬਚਨ ਮੰਦੇ ਬੋਲ, ਗਾਲਾਂ ਮੰਦੇ । ਬਿਗ੍ਰਹ–ਝਗੜੇ, ਬਖੇੜੇ ।

ਗੁਰ ਸਿਖਿਆ ਨੂੰ ਧਾਰਨ ਕਰਨ ਕਰਕੇ ਚਰਮ ਦ੍ਰਿਸ਼ਟੀ ਦਿੱਬ ਦ੍ਰਿਸ਼ਟੀ ਹੋ ਜਾਂਦੀ ਹੈ, ਅਤੇ ਖੋਟੀ ਮੱਤ ਨੂੰ ਧਾਰਨ ਕਰਨ ਕਰਕੇ ਪੁਰਸ਼ ਅੱਖਾਂ ਦੇ ਹੁੰਦਿਆਂ ਸੁੰਦਿਆਂ ਅੰਨ੍ਹਾ ਸਰੀਰ ਹੈ।

**ਗੁਰਮਤਿ ਸੁਰਤਿ ਕੈ ਬਜਰ ਕਪਾਟ ਖੁਲੈ ਦੁਰਮਤਿ ਕਠਿਨ ਕਪਾਟ ਸਨ-ਬੰਧ ਹੈ ॥**

ਗੁਰ ਉਪਦੇਸ਼ ਕਰਕੇ ਸੁਰਤੀ ਦੇ ਬਜਰ ਵਰਗੇ ਤਖਤ ਖੁਲ੍ਹ ਜਾਂਦੇ ਹਨ, (ਜਿਸ ਤੋਂ ਅਨਹਦ ਸ਼ਬਦ ਸੁਣੀਂਦੇ ਹਨ) ਅਤੇ ਬੁਰੀ ਮਤ ਕਰਕੇ ਬੜੇ ਕਠੋਰ ਬੂਹੇ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ।

**ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਦੁਰਮਤਿ ਮੁਖਿ ਦੁਰ ਬਚਨ ਦੁਰਗੰਧ ਹੈ ॥**

ਗੁਰ ਉਪਦੇਸ਼ (ਨੂੰ ਪ੍ਰਾਪਤ) ਕਰਕੇ (ਪੁਰਸ਼) ਅੰਮ੍ਰਿਤ ਦੇ ਭੰਡਾਰ ਰੂਪ ਪ੍ਰੇਮ ਰਸ ਨੂੰ ਪੀਣਾ ਕਰਦਾ ਹੈ ਅਤੇ ਖੋਟੀ ਸਿਖਿਆ ਕਰਕੇ ਮੂੰਹੋਂ ਗਾਲਾਂ-ਮੰਦੇ (ਬੋਲਣ ਰੂਪ) ਬਦ-ਬੂ ਖਲੇਰਦਾ ਹੈ।

**ਗੁਰਮਤਿ ਸਹਜ ਸੁਭਾਇ ਨ ਹਰਖ ਸੋਗ ਦੁਰਮਤਿ ਬਿਗ੍ਰਹ ਬਿਰੋਧ ਕ੍ਰੋਧ ਸੰਧ ਹੈ ॥ ੧੬੭ ॥**

ਗੁਰ ਉਪਦੇਸ਼ ਕਰਕੇ (ਪੁਰਸ਼) ਸ਼ਾਂਤਿ ਸੁਭਾਵ (ਨੂੰ ਧਾਰਨ ਕਰਕੇ) ਹਰਖ ਸੋਗ ਨਹੀਂ (ਧਾਰਦਾ, ਪਰ) ਖੋਟੀ ਮੱਤ ਕਰਕੇ (ਪੁਰਸ਼) ਝਗੜੇ, ਵਿਰੋਧ ਤੇ ਕ੍ਰੋਪ ਨਾਲ (ਸੰਧਿ) ਜੁੜ ਜਾਂਦਾ ਹੈ ॥ ੧੭੬ ॥

**ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ ਕਾਮ ਚੇਸ਼ਟਾ ਸੰਜੋਗ ਜਤ ਸਤ ਵੰਤ ਹੈ ॥**

ਖੋਟੀ ਮਤ ਵਾਲੇ ਬੁਰੇ ਪੁਰਸ਼ਾਂ ਦੀ ਸੰਗਤ ਦੇ ਸੰਜੋਗ ਕਰਕੇ ਪੁਰਸ਼ ਕਾਮ ਚੇਸ਼ਟਾ ਵਾਲਾ [ਕਾਮੀ] (ਹੋ ਜਾਂਦਾ) ਹੈ ਅਤੇ ਗੁਰ ਉਪਦੇਸ਼ ਵਾਲੇ ਭਲੇ ਪੁਰਸ਼ਾਂ ਦੀ ਸੰਗਤ ਦੇ ਸੰਜੋਗ ਕਰਕੇ (ਪੁਰਸ਼) ਜਤ ਸਤ ਵਾਲਾ (ਹੋ ਜਾਂਦਾ) ਹੈ।

**ਕ੍ਰੋਧ ਕੇ ਬਿਰੋਧ ਬਿਖੈ ਸਹਜ ਸੰਤੋਖ ਮੋਖ ਲੋਭ ਲਹਰੰਤਰ ਧਰਮ ਧੀਰ ਜੰਤ ਹੈ ॥**

(ਖੋਟੀ ਸੰਗਤ ਵਾਲਾ)ਜੀਵ ਕਾਮ ਦੇ ਝਗੜਿਆਂ ਵਿਚ ਅਤੇ ਲੋਭਦੀ ਲਹਿਰ ਅੰਦਰ(ਰਸਿਆਰਹਿੰਦਾ ਹੈ ਅਤੇ)(ਭਲੀ ਸੰਗਤ ਵਾਲਾ)ਪੁਰਸ਼ ਸ਼ਾਂਤੀ, ਸੰਤੋਖ ਤੇ ਧਰਮ ਦਾ ਧੀਰਜੀ ਹੋਕੇ ਮੋਖ(ਪ੍ਰਾਪਤ ਕਰਦਾਹੈ)।

**ਮਾਇਆ ਮੋਹ ਦ੍ਰੋਹ ਕੈ ਅਰਥ ਪਰਮਾਰਥ ਸੈ ਅਹੰਮੇਵ ਟੇਵ ਦਇਆ ਦ੍ਵੀ ਭੂਤ ਸੰਤ ਹੈ॥**

(ਖੋਟੀ ਮਤ ਵਾਤਾ ਪੁਰਸ਼) ਮਾਇਆ ਦੇ ਮੋਹ ਵਾਲਾ ਹੋਕੇ ਛਲ ਕਰਕੇ ਧਨ (ਇਕੱਠਾ ਕਰਦਾ ਹੈ ਅਤੇ) ਹੰਕਾਰ ਦੀ ਟੇਵ(ਵਾਦੀ) ਧਾਰੀ ਰਖਣ ਕਰਕੇ

ਆਪਣੇ ਸਮਾਨ ਕਿਸੇ ਨੂੰ ਭੀ ਸਮਝਦਾ ਨਹੀਂ ਹੈਅਤੇ (ਗੁਰਮਤੀਆ ਪੁਰਸ਼) ਪਰਮਾਰਥ(ਦੀ ਸਾਧਨਾ ਰੂਪ) ਦਇਆ (ਨੂੰ ਧਾਰਨ ਕਰਕੇ) ਦ੍ਰਵੀ ਭੂਤ ਸੰਤ ਹੈ (ਅਰਥਾਤ ਮੁਕਤੀ ਦੀ ਸਾਧਨਾ ਰੂਪ ਕਰਮ ਜੋ ਦਇਆ ਹੈ,ਉਸ ਦਇਆ ਨੂੰ ਧਾਰਨ ਕਰਕੇ ਮਖਣ ਵਰਗੇ ਕੋਮਲ ਸੁਭਾਵ ਵਾਲਾ ਹੋ ਰਿਹਾ ਹੈ,ਜੋ ਪਰਾਏ ਦੁਖ ਨੂੰ ਦੇਖ ਕੇ ਛਿਨ ਵਿਚ ਦ੍ਰਵੀ ਭੂਤ ਹੋ ਜਾਂਦਾ ਹੈ

**ਦੁਕ੍ਰਿਤ ਸੁਕ੍ਰਿਤ ਚਿਤ ਮਿਤ੍ਰ ਸਤ੍ਰਤਾ ਸੁਭਾਵ ਪਰ ਉਪਕਾਰ ਅਉ ਬਿਕਾਰ ਮੂਲ ਮੰਤ ਹੈ ॥ ੧੭੭ ॥**

(ਦੁਰਮਤੀਏ ਦੇ) ਚਿਤ ਵਿਚ ਬੁਰੇ ਕਰਮ, ਵਰ ਭਾਵ ਦਾ ਸੁਭਾਵ ਅਤੇ ਵਿਕਾਰ ਕਰਕੇ (ਹੀ ਉਸ ਦਾ) ਮੂਲ ਮੰਤ੍ਰ ਹੈ, ਅਤੇ (ਗੁਰਮਤੀਏ ਦੇ) ਚਿਤ ਵਿਚ ਭਲੀ ਕਿਰਤ ਕਰਨੀ, ਮਿਤਰਾਂ ਦਾ ਸੁਭਾਵ ਅਤੇ ਪਰਉਪਕਾਰ ਕਰਨਾ ਹੀ [ਉਸ ਦਾ] ਮੂਲ ਮੰਤ੍ਰ ਹੈ ॥੧੭੭॥

**ਸਤਿਗੁਰ ਸਿਖ ਰਿਦੈ ਪ੍ਰਥਮ ਕ੍ਰਿਪਾ ਕੈ ਬਸੈ ਤਾ ਪਾਛੈ ਕਰਤ ਆਗਿਆ ਮਇਆ ਕੈ ਮਨਾਵਈ ॥**

ਸਤਿਗੁਰੂ ਪਹਿਲੇ ਸਿਖ ਦੇ ਹਿਰਦੇਵਿਚ ਕਿਰਪਾ ਕਰਕੇ ਵਸਦੇ ਹਨ, ਉਸ ਦੇ ਮਗਰੋਂ [ਸਿਖ ਨੂੰ] ਆਗਿਆ ਕਰਦੇ ਹਨ [ਜੇ ਇਹ ਕੰਮ ਤੂੰ ਕਰਨਾ ਹੈ ਅਤੇ ਇਹ ਨਹੀਂ ਕਰਨਾ ਹੈ, ਫਿਰ ਉਸ ਹੁਕਮ ਨੂੰ ਆਪੇ ਹੀ ਸਿਖ ਪਾਸੋਂ] ਮੰਨਵਾਂਦੇ ਹਨ।

**ਆਗਿਆ ਮਾਨਿ ਗਿਆਨ ਗੁਰ ਪਰਮ ਨਿਧਾਨ ਦਾਨ ਗੁਰਮੁਖਿ ਸੁਖ ਫਲ ਨਿਜ ਪਦ ਪਾਵਈ ॥**

ਆਗਿਆ ਮੰਨਣ ਵਾਲੇ [ਸਿਖ] ਨੂੰ ਗੁਰੂ ਰੂਪ ਪਰਮ ਨਿਧਾਨ ਬਖਸ਼ ਦੇਂਦੇ ਹਨ, [ਜਿਸ ਕਰਕੇ] ਗੁਰ ਸਿਖ ਸੁਖ ਰੂਪ ਫਲ ਦੇਣ ਵਾਲਾ ਨਿਜ-ਪਦ ਪਾ ਲੈਂਦਾ ਹੈ।

**ਨਾਮ ਨਿਹਕਾਮ ਧਾਮ ਸਹਜ ਸਮਾਧਿ ਲਿਵ ਅਗਮ ਅਗਾਧਿ ਕਥਾ ਕਹਤ ਨ ਆਵਈ ॥**

(ਫਿਰ) ਕਾਮਨਾ ਵਿਚ ਕਾਮਨਾ ਤੋਂ ਰਹਿਤ (ਹੋ ਕੇ ਸਿਖ ਵਰਤਦਾ ਹੈ) ਸਹਜ ਸਮਾਧੀ(ਦਵਾਰੇ ਨਿਜ ਧਾਮ (ਵਿਚ ਉਸ ਦੀ) ਲਿਵ (ਜੁੜ ਜਾਂਦੀ ਹੈ, ਉਸ ਦੀ) ਅਗਮ ਅਗਾਧ ਕਥਾ ਕਹਿਣ ਵਿਚ ਨਹੀਂ ਆਉਂਦੀ ਹੈ।

**ਜੈਸੋ ਜੈਸੋ ਭਾਉ ਕਰਿ ਪੂਜਤ ਪਦਾਰਬਿੰਦ ਸਕਲ ਸੰਸਾਰ ਕੈ ਮਨੋ-ਰਥ ਪੁਜਾਵਈ ॥ ੧੭੮ ॥**

ਜਿਸ ਜਿਸ ਤਰਾਂ ਦਾ ਭਾਉ ਕਰਕੇ (ਕੋਈ ਗੁਰੂ ਜੀ ਦੇ) ਚਰਨ ਕਮਲਾਂ ਦੀ ਪੂਜਾ ਕਰਦਾ ਹੈ; (ਸਤਿਗੁਰੂ ਉਸੇ ਉਸੇ ਤਰ੍ਹਾਂ) ਸਾਰੇ ਸੰਸਾਰ ਦੇ ਮਨੋਰਥ ਪੂਰੇ ਕਰਦੇ ਹਨ ॥੧੭੮॥

**ਜੈਸੇ ਪ੍ਰਿਆ ਭੇਟਤ ਅਧਾਨ ਨਿਰ-ਮਾਨ ਹੋਤ ਬਾਛਤ ਬਿਧਾਨ ਖਾਨ ਪਾਨ ਅਗ੍ਰਭਾਗ ਹੈ ॥**

ਨਿਰਮਲ ਹੋਤ=ਸਥਿਰ ਹੁੰਦਾ, ਧੈਦਾ ਹੁੰਦਾ। ਅਧਾਨ=ਗਰਭ, ਹਮਲ। ਬਾਂਛਤ=ਮਨਭਾਉਂਦੇ। ਅਗ੍ਰਭਾਗ–ਸਾਹਮਣੇ। ਸੁਤ–ਪੁਤਰ। ਸੰਜਮ=ਪ੍ਰਹੇਜ਼। ਕਸ–ਖਿਚ ਕੇ ਕਢੇ ਹੋਏ ਜੈਸੇ ਅਰਕ, ਸ਼ਰਾਬ ਵਗੈਰਾ। ਭਵ–ਡਰਾਉਣਾ। (੨) ਉਤ-ਪਤੀ, ਜਨਮ। ਤਸਕਰ=ਚੋਰ। ਪੰਜ ਤਸਕਰ=ਕਾਮਾਦਿਕ ਪੰਜ ਚੋਰ।

ਜਿਸ ਤਰ੍ਹਾਂ (ਇਸਤ੍ਰੀ) ਨਿਰਮਾਨ ਹੋਕੇ ਪਤੀ ਨੂੰ ਮਿਲਦੀ ਹੈ (ਤਾਂ ਉਸਨੂੰ) ਗਰਭ ਨਿਰਮਾਨ ਹੋ ਜਾਂਦਾ ਹੈ। (ਗਰਭ ਅਵਸਥਾ ਵਿਚ ਜੋ ਭੀ) ਖਾਨ-ਪਾਨ ਦੀ ਇਛਾ ਕਰਦੀ ਹੈ (ਉਸੇ) ਅਨੁਸਾਰ ਖਾਨ ਪਾਨ (ਤੇ ਪਹਿਰਨ ਦੇ ਪਦਾਰਥ ਉਸ ਦੇ) ਸਾਹਮਣੇ ਰਖੇ ਜਾਂਦੇ ਹਨ।

**ਜਨਮਤ ਸੁਤ ਖਾਨ ਪਾਨ ਕੋ ਸੰਜਮੁ ਕਰੈ ਸੁਤ ਹਿਤ ਰਸ ਕਸ ਸਕਲ**

**ਤਿਆਗਿ ਹੈ ॥**

(ਪਰ ਜਦ) ਪੁਤ੍ਰ ਜੰਮਦਾ ਹੈ (ਤਾਂ) ਖਾਨ ਪਾਨ ਤੋਂ ਪ੍ਰਹੇਜ਼ ਕਰਦੀ ਹੈ, (ਕਿਉਂਕਿ ਇਸਤ੍ਰੀ) ਪੁਤਰ ਦੇ ਹਿਤ ਵਿਚ ਲਗ ਕੇ ਸਾਰੇ ਰਸਾਂ ਕਸਾਂ ਨੂੰ ਤਿਆਗ ਦੇਂਦੀ ਹੈ।

**ਤੈਸੇ ਗੁਰ ਚਰਨ ਸਰਨ ਕਾਮਨਾ ਪੁਜਾਇ ਨਾਮ ਨਿਹਕਾਮ ਧਾਮ ਅਨਤ ਨ ਲਾਗਿ ਹੈ ॥**

ਉਸੇ ਤਰਾਂ ਹੀ ਗੁਰੂ ਚਰਨ ਸ਼ਰਨ (ਆਏ ਸਿਖ ਦੀਆਂ) ਕਾਮਨਾਂ ਪੂਰੀਆਂ ਕਰਦੇ ਹਨ, (ਜਿਸ ਦਾ ਨਾਮ 'ਨਿਹਕਾਮ ਧਾਮ' ਹੈ, (ਸਿਖ ਨੂੰ ਉਥੇ)ਨਿਵਾਸ ਕਰਾ ਦੇਂਦੇ ਹਨ, (ਜਿਸ ਕਰਕੇ ਸਿਖ ਨੂੰ ਫਿਰ) ਹੋਰ ਕੋਈ ਲਾਗ ਨਹੀਂ (ਹੁੰਦੀ ਹੈ)। ਅਤੇ

**ਨਿਸਿ ਅੰਧਕਾਰ ਭਵ ਸਾਗਰ ਸੰਸਾਰ ਬਿਖੈ ਪੰਚਤਸਕਰਿ ਜੀਤਿ ਸਿਖ ਹੀ ਸੁਜਾਗਿ ਹੈ ॥ ੧੮੯ ॥**

('ਫਰ) ਹਨੇਰੀ ਰਾਤ ਵਰਗੇ ਡਰੌਣੇ ਸੰਸਰ ਸਮੁੰਦਰ ਵਿਚ (ਰਹਿੰਦਾ ਹੋਇਆ) ਸਿਖ ਪੰਜ ਕਾਮਾਦਿਕ ਚੋਰਾਂ ਨੂੰ ਜਿਤਣ ਵਾਸਤੇ ਹੀ [ਸੁਜਾਗ] ਸਾਵਧਾਨ ਰਹਿੰਦਾ ਹੈ ॥ ੧੮੯ ॥

**ਸਤਿਗੁਰ ਆਗਿਆ ਪ੍ਰਤਿਪਾਲਕ ਬਾਲਕ ਸਿਖ ਚਰਨ ਕਮਲ ਰਜ ਮਹਿਮਾ ਅਪਾਰ ਹੈ ॥**

ਸਤਿਗੁਰੂ ਦੀ ਆਗਿਆ ਦਾ ਪਾਲਨ ਕਰਨ ਵਾਲੇ ਸਿਖ ਬਚੇ ਦੇ ਚਰਨ ਕਮਲਾਂ ਦੀ ਧੂੜੀ ਦੀ ਮਹਿਮਾਂ ਦਾ ਪਾਰ ਨਹੀਂ ਪਾਇਆ ਜਾਂਦਾ ਅਰਥਾਤ ਅਪਾਰ ਮਹਿਮਾਂ ਹੈ।

**ਸਿਵ ਸਨਕਾਦਿਕ ਬ੍ਰਹਮਾਦਿਕ ਨ ਗੰਮਿਤਾ ਹੈ ਨਿਗਮ ਸੇਖਾਦਿ ਨੇਤਿ ਨੇਤਿ ਕੈ ਉਚਾਰ ਹੈ ॥**

ਸ਼ਿਵਜੀ, ਸਨਕ, ਸਨੰਦਨ, ਸਨਾਤਨ ਅਤੇ ਸੰਤ ਕੁਮਾਰ (ਜੋ ਬ੍ਰਹਮਾ ਦੇ ਚਾਰ ਪੁਤ੍ਰ ਬਾਲ ਜਤੀ ਹਨ) ਬ੍ਰਹਮਾਂ ਤੇ ਵਿਸ਼ਨ ਵਰਗਿਆਂ (ਦੀ ਵੀ ਉਸ ਦੀ ਚਰਨ ਧੂੜੀ ਤਕ) ਪਹੁੰਚ ਨਹੀਂ ਹੈ, (ਖਾਸ ਕਰਕੇ) ਵੇਦ (ਤੇ ਵੇਦ ਦੀਆਂ ਸ਼ਾਖਾਂ ਰੂਪ ਸਾਰੇ) ਸ਼ਾਸਤ੍ਰ ਪੁਰਾਣ ਅਤੇ ਸ਼ੇਸ਼ਨਾਗ (ਬ੍ਰਹਸਪਤੀ ਤੇ ਸਰਸ੍ਵਤੀ ਆਦਿਕ ਜੋ ਬਾਣੀ ਦੇ ਈਸ਼ਵਰ ਕਹੇ ਜਾਂਦੇ ਹਨ, ਇਹ ਸਾਰੇ ਸਿਖ ਬਚੇ ਦੀ ਚਰਨ ਧੂੜੀ ਦੇ ਮਹਾਤਮ ਨੂੰ) ਬੇਅੰਤ ਬੇਅੰਤ ਉਚਾਰਨ ਕਰਦੇ ਹਨ।

**ਚਤੁਰ ਪਦਾਰਥ ਤ੍ਰਿਕਾਲ ਤ੍ਰਿਭਵਨ ਚਾਹੈ ਜੋਗ ਭੋਗ ਸੁਰਸਰਿ ਸਰਧਾ ਸੰਸਾਰ ਹੈ ॥**

ਚਾਰ ਪਦਾਰਥ-(ਧਰਮ, ਅਰਥ, ਕਾਮ, ਮੋਖ) ਤਿੰਨ ਕਾਲ-ਭੂਤ, ਭਵਿਖਤ, ਵਰਤਮਾਨ ਤੇ ਤਿੰਨ ਲੋਕ-(ਮਾਤ ਲੋਕ, ਪਤਾਲ ਲੋਕ ਤੇ ਸੁਰਗ ਲੋਕ) (ਚਰਨ ਧੂੜੀ ਨੂੰ) ਚਾਹੁੰਦੇ ਹਨ ਅਤੇ ਜੋਗ (ਤੋਂ ਪ੍ਰਾਪਤ ਹੋਣ ਵਾਲੀਆਂ ਰਿਧੀਆਂ, ਸਿਧੀਆਂ ਤੇ ਨਿਧੀਆਂ ਰੂਪ) ਭੋਗ ਤੇ ਗੰਗਾ (ਆਦਿਕ ਸਾਰੇ ਪ੍ਰਸਿਧ ਤੀਰਥ ਜੋ)ਸੰਸਾਰ ਵਿਚ ਹਨ,ਉਹ ਸਾਰੇ ਹੀ ਸਿਖ ਬਚੇ ਦੀ ਚਰਨ ਧੂੜੀ ਵਿਚ)ਸ਼ਰਧਾ ਰਖਦੇਹਨ

**ਪੂਜਨ ਕੇ ਪੂਜ ਅਰੁ ਪਾਵਨ ਪਵਿਤ੍ਰ ਕਰੈ ਅਕਥ ਕਥਾ ਬੀਚਾਰ ਬਿਮਲ ਬਿਥਾਰ ਹੈ ॥ ੧੯੦ ॥**

(ਉਹ ਚਰਨ ਧੂੜੀ ਮਨੁਖ ਨੂੰ)ਪੂਜਨ(ਯੋਗ ਮਹਾ ਪੁਰਸ਼ਾਂ ਦਾ)ਪੂਜਜ ਅਤੇ ਪਵਿਤ੍ਰਾਂ ਨਾਲੋਂ ਭੀ ਪਵਿਤ੍ਰ ਕਰ ਦੇਂਦੀ ਹੈ, ਉਸ ਦੇ ਨਿਰਮਲ ਵੀਚਾਰ ਦੇ ਵਿਸਥਾਰ ਦੀ ਕਥਾ ਅਕਥ ਹੈ ॥ ੧੯੦ ॥

ਭਾਵ-ਉਪਦੇਸ਼ ਇਹ ਮਿਲਦਾ ਹੈ ਕਿ ਜੇਕਰ ਸਿਖ ਬਚੇ ਦੀ ਚਰਨ ਧੂੜੀ ਦੇ ਮਹਾਤਮ ਦੀ ਕਥਾ ਅਕਥ ਹੈ, ਜਿਸ ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ, ਸਨਕਾਦਿਕ ਤੇ ਸ਼ੇਸ਼ਨਾਗ ਵਰਗੇ ਬੇਅੰਤ ਬੇਅੰਤ ਕਹਿੰਦੇ ਹਨ ਤਾਂ ਪੂਰਨ ਗੁਰਸਿਖ ਦੀ ਚਰਨ ਧੂੜੀ ਦੇ ਮਹਾਤਮ ਨੂੰ ਕਿਵੇਂ ਕੋਈ ਵਰਨਨ ਕਰ ਸਕੇਗਾ।

**ਗੁਰਮੁਖਿ ਸੁਖ ਫਲ ਚਾਖਤ ਭਈ**

**ਉਲਟਿ ਤਨ ਸਨਾਤਨ ਮਨ ਉਨਮਨ ਮਾਨੇ ਹੈ ॥**

ਗੁਰਾਂ ਦਵਾਰੇ (ਜੋ) ਸੁਖ ਫਲ (ਪ੍ਰਾਪਤ ਹੋਇਆ ਹੈ, ਉਸ ਨੂੰ) ਚਖਦਿਆਂ ਹੀ (ਸੰਸਾਰ ਦਾ ਅਨਭਵ ਕਰਨ ਵਾਲੀ ਬੁਧੀ) ਉਲਟੀ ਹੋ ਗਈ ਹੈ, (ਜਿਸ ਕਰਕੇ) ਸਰੀਰ (ਦੇ ਭਾਵ ਵਿਚ ਵਰਤਣ ਵਾਲਾ) ਮਨ ਸਨਾਤਨ (ਹੋ ਕੇ) ਉਨਮਨ ਨੂੰ ਮੰਨਣ ਵਾਲਾ ਹੋ ਗਿਆ ਹੈ । ਯਥਾ--

"ਜਮ ਤੇ ਉਲਟਿ ਭਏ ਹੈ ਰਾਮ ॥ ਦੁਖ ਬਿਨਸੇ ਸੁਖ ਕੀਓ ਬਿਸਰਾਮ ॥ ਅਬ ਮਨ ਉਲਟਿ ਸਨਾਤਨ ਹੂਆ ॥ ਤਬ ਜਾਨਿਆ ਜਬ ਜੀਵਤ ਮੂਆ ॥"

**ਦੁਰਮਤਿ ਉਲਟ ਭਈ ਹੈ ਗੁਰ-ਮਤਿ ਰਿਦੈ ਦੁਰਜਨ ਸੁਰਜਨ ਕਰਿ ਪਹਿਚਾਨੇ ਹੈ ॥**

ਖੋਟੀ ਬੁਧੀ ਉਲਟੀ ਹੋ ਗਈ ਹੈ (ਅਤੇ)ਗੁਰੂ ਦੀ ਮਤਿ ਹਿਰਦੇ ਵਿਚ (ਆ ਵਸੀ ਹੈ, ਜਿਸ ਕਰਕੇ) ਬੁਰੇ ਪੁਰਸ਼ਾਂ (ਨੂੰ ਭੀ) ਭਲੇ ਪੁਰਸ਼ ਕਰਕੇ ਪਛਾਨਿਆ ਹੈ । ਯਥਾ-

"ਤਨ ਮਹਿ ਹੋਤੀ ਕੋਟਿ ਉਪਾਧਿ ॥ਉਲਟਿ ਭਈ ਸੁਖ ਸਹਜਿ ਸਮਾਧਿ ॥ ਵੈਰੀ ਉਲਟਿ ਭਏ ਹੈ ਮੀਤਾ ॥ ਸਾਕਤ ਉਲਟਿ ਸੁਜਨ ਭਏ ਚੀਤਾ ॥"

**ਸੰਸਾਰੀ ਸੈ ਉਲਟਿ ਪਲਟਿ ਨਿਰੰਕਾਰੀ ਭਏ ਬਗ ਬੰਸ ਹੰਸ ਭਏ ਸਤਿਗੁਰ ਗਿਆਨੇ ਹੈ ॥**

ਸੰਸਾਰੀ (ਧੰਧਿਆਂ) ਤੋਂ ਉਲਟੇ ਪਰਤ ਕੇ ਨਿਰਕਾਰੀ ਹੋ ਗਏ ਹਾਂ (ਅਰਥਾਤ) ਬਗਲਿਆਂ ਦੀ ਉਲਾਦ ਸਤਿਗੁਰੂ ਦੇ ਗਿਆਨ ਕਰਕ ਹੰਸ ਹੋ ਗਈ ਹੈ (ਅਰਥਾਤ ਪਖੰਡ ਤਿਆਗ ਕੇ ਸਚੇ ਸੰਤ ਸੰਤ ਹੋ ਗਏ ਹਨ) ।

**ਕਾਰਨ ਅਧੀਨ ਦੀਨ ਕਾਰਨ ਕਰਨ ਭਏ ਹਰਨ ਭਰਨ ਭੇਦ ਅਲਖ ਲਖਾਨੇ ਹੈ ॥ ੧੯੧ ॥**

(ਜਿਨਾਂ) ਕਾਰਨ ਦੇ ਵਸ ਹੋ ਕੇ ਦੀਨ (ਹੋਏ ਰਹਿੰਦੇ ਸੀ, ਹੁਣ ਉਨਾਂ)ਕਾਰਨਾਂ ਦੇ ਕਰਨ ਵਾਲੇ ਹੋ ਗਏ ਹਾਂ, (ਕਿਉਂਕਿ) ਹਰਨ ਭਰਨ (ਕਰਨ ਵਾਲੇ) ਅਲਖ ਦੇ ਭੇਦ ਨੂੰ ਜਾਣ ਲਿਆ ਹੈ ॥ ੧੯੧ ॥

**ਗੁਰਮੁਖਿ ਸੁਖ ਫ਼ਲ ਚਾਖਤ ਉਲਟੀ ਭਈ ਜੋਨਿ ਕੈ ਅਜੋਨਿ ਭਏ ਕੁਲ ਅਕੁਲੀਨ ਹੈ ॥**

ਸਤਿਗੁਰੂ ਦੇ (ਬਖਸ਼ੇ ਹੋਏ) ਸੁਖ ਫਲ ਨੂੰ ਚਖ-ਦਿਆਂ ਹੀ ਉਲਟੀ (ਮਰਯਾਦਾ) ਹੋ ਗਈ ਹੈ, (ਹੁਣ) ਜੋਨੀ ਕਰਕੇ ਅਜੋਨੀ ਅਤੇ ਕੁਲ ਕਰਕੇ ਕੁਲੀਨ (ਹੋਣ ਦੇ ਮਮੱਤ) ਰਹਿਤ ਹੋ ਗਏ ਹਾਂ ।

**ਜੰਤਨ ਤੇ ਸੰਤ ਅਉ ਬਿਨਾਸੀ ਅਬਿਨਾਸੀ ਭਏ ਅਧਮ ਅਸਾਧ ਭਏ ਸਾਧ ਪ੍ਰਬੀਨ ਹੈ ॥**

ਆਪ ਜੀਵਾਂ ਤੋਂ ਸੰਤ (ਹੋ ਗਏ ਹਾਂ) ਅਤੇ ਨਾਸ ਵਾਲੀ ਅਵਸਥਾ ਤੋਂ ਨਾਸ ਰਹਿਤ ਪਦਵੀ ਵਾਲੇ ਹੋ ਗਏ ਹਾਂ, ਮਹਾਂ ਨੀਚ ਅਸਾਧ ਨਾਲੋਂ ਮਹਾਂ ਚਤੁਰ ਸਾਧ ਹੋ ਗਏ ਹਾਂ ।

**ਲਾਲਚੀ ਲਲੂਜਨ ਤੇ ਪਾਵਨ ਕੈ ਪੂਜ ਕੀਨੇ ਅੰਜਨ ਜਗਤ ਮੈ ਨਿਰੰਜਨੀ ਦੀਨ ਹੈ ॥**

ਲਾਲਚੀ ਤ੍ਰਿਸ਼ਨਾਲੂਆਂ ਤੋਂ ਪਵਿਤ੍ਰ ਕਰਕੇ ਪੂਜਨ ਯੋਗ ਕਰ ਦਿਤਾ ਹੈ, ਜਗਤ ਦੀ [ਅੰਜਨ] ਕਾਲਕ ਵਿਚ(ਰਹਿੰਦਿਆਂ ਨੂੰ)ਨਿਰੰਜਨੀ(ਉਜਲਤਾ ਦੇ ਦਿਤੀ ਹੈ ।

**ਕਾਟਿ ਮਾਇਆ ਫਾਸੀ ਗੁਰ ਗ੍ਰਿਹ ਮੈ ਉਦਾਸੀ ਕੀਨੇ ਅਨਭੈ ਅਭਿਆਸੀ ਪ੍ਰਿਅ ਪ੍ਰੇਮ ਰਸ ਭੀਨ ਹੈ ॥ ੧੯੨ ॥**

ਮਾਇਆ ਦੀ ਫਾਹੀ ਕਟ ਕਰਕੇ ਗੁਰੂ ਨੇ ਘਰ ਦੇ ਵਿਚ ਰਹਿੰਦੀਆਂ ਹੀ) ਉਦਾਸੀ [ਤਿਆਗੀ] ਕਰ ਦਿਤਾ ਹੈ ਅਤੇ ਅਨਭਉ ਦਾ ਅਭਿਆਸੀ ਕਰਕੇ ਪ੍ਰੀਤਮ ਦੇ ਪ੍ਰੇਮ ਰਸ ਵਿਚ ਭਿਉਂ ਦਿਤਾ ਹੈ ॥ ੧੯੨॥ ਨੋਟ–[ਲਲ=ਇਛ+ਊਜ=ਤੋਹਮਤ] ਤ੍ਰਿਸ਼ਨਾਦੀ ਤੋਹਮਤ ਵਾਲਾ, ਭਾਵ ਤ੍ਰਿਸ਼ਨਾਲੂ ਜੀਵ ਦਾ ਲਲੂਜ ਤੇ ਲਲੂਜ ਦਾਬਹੁ ਵਚਨ ਲਲੂਜਨ ਹੈ।

**ਸਤਿਗੁਰ ਦਰਸ ਧਿਆਨ ਅਸ-ਚਰਜ ਮੈ ਦਰਸ਼ਨੀ ਹੋਤ ਖਟ ਦਰਸ ਅਤੀਤ ਹੈ॥**

[ਛੇ ਦਰਸ਼ਨ–ਨਜਾਜ, ਮੀਮਾਂਸਾ, ਸਾਂਖ, ਜੋਗ, ਵੈਸੇਖਕ ਤੇ ਵੇਦਾਂਤ। ਅਥਵਾ– ਜੋਗੀ, ਜੰਗਮ, ਸਰੇਵੜੇ, ਬੈਰਾਗੀ, ਸੰਨਿ-ਆਸੀ ਤੇ ਦਰਵੇਸ਼।]

(ਗੁਰ ਸਿਖ)ਸਤਿਗੁਰੂਜੀ ਅਚਰਜ ਰੂਪ ਦਰਸ਼ਨ ਦੇ ਧਿਆਨ ਦੇ ਦਰਸ਼ਨੀ [ਦਰਸ਼ਨ ਕਰਨ ਦੀ ਸਿਕ ਵਾਲੇ] ਹੋ ਕੇ ਛੇ ਦਰਸ਼ਨ ਅਤੀਤ ਹੁੰਦੇ ਹਨ।

**ਸਤਿਗੁਰ ਚਰਨ ਸਰਨਿ ਨਿਹਕਾਮ ਧਾਮ ਸੇਵਕੁ ਨ ਆਨ ਦੇਵ ਸੇਵ ਕੀ ਨ ਪ੍ਰੀਤ ਹੈ॥**

(ਗੁਰ ਸਿਖ) ਸਤਿਗੁਰੂ ਜੀ ਦੀ ਚਰਨ ਸ਼ਰਨ (ਹੋ ਕੇ) ਕਾਮਨਾ ਤੋਂ ਰਹਿਤ ਸਥਾਨ (ਵਿਚ ਨਿਵਾਸ ਕਰਦੇ ਹਨ। ਅਥਵਾ ਚਾਰ ਧਾਮ ਜਾਂ ਸਵਰਗ ਧਾਮ ਦੀ ਕਾਮਨਾਂ ਤੋਂ ਰਹਿਤ ਹੋ ਜਾਂਦੇ ਹਨ) ਅਤੇ ਹੋਰ (ਕਿਸੇ) ਦੇਵਤੇ ਦੇ ਸੇਵਕ ਨਹੀਂ ਹੁੰਦੇ ਤੇ ਨਾ ਹੀ (ਉਨ੍ਹਾਂ ਨੂੰ ਕਿਸੇ ਹੋਰਦੀ)ਸੇਵਾ(ਕਰਨ)ਦੀ ਪ੍ਰੀਤੀ ਹੈ।

**ਸਤਿਗੁਰ ਸ਼ਬਦ ਸੁਰਤਿ ਲਿਵ ਮੂਲ ਮੰਤ੍ਰ ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ॥**

(ਗੁਰਸਿਖ) ਸਤਿਗੁਰੂ ਦੇ ਸ਼ਬਦ ਵਿਚ ਸੁਰਤੀ ਦੀ ਲਿਵ (ਜੋੜ ਕੇ) 'ਮੂਲ ਮੰਤ੍ਰ' (ਦਾ ਅਭਜਾਸ ਕਰਦੇ ਹਨ,ਕਿਉਂਕਿ) ਸਿਖਾਂ ਨੂੰ (ਕਿਸੇ ਹੋਰ) ਮੰਤ੍ਰ-ਤੰਤ੍ਰ ਦੀ ਪ੍ਰਤੀਤ ਨਹੀਂ ਹੈ।

**ਸਤਿਗੁਰ ਕ੍ਰਿਪਾ ਸਾਧ ਸੰਗਤਿ ਪੰਗਤਿ ਸੁਖ ਹੰਸੁ ਬੰਸੁ ਮਾਨਸਰ ਅਨਤ ਨ ਚੀਤ ਹੈ॥ ੧੯੩॥**

ਸਤਿਗੁਰੂ ਦੀ ਕ੍ਰਿਪਾ (ਦੇ ਪਾਤ੍ਰ ਸਿਖ) ਸਾਧ ਸੰਗਤ ਦੀ ਪੰਗਤ ਦੇ ਸੁਖ (ਨੂੰ ਚਾਹੁੰਦੇ ਹਨ, ਜਿਸ ਤਰਾਂ) ਹੰਸ ਦੀ ਉਲਾਦ ਮਾਨਸਰ ਤੋਂ ਬਿਨਾਂ ਕਿਸੇ) ਹੋਰ ਸਰ ਵਿਚ ਚਿਤ ਨਹੀਂ (ਲਾਉਂਦੀ ਹੈ, ਇਸੇ ਤਰ੍ਹਾਂ ਗੁਰ ਸਿਖ-ਸਾਧਾਂ ਦੀ ਸੰਗਤ-ਪੰਗਤ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਚਾਹੁੰਦੇ ਹਨ) ॥ ੧੯੩॥

**ਘੋਸਲਾ ਮੈ ਅੰਡਾ ਤਜਿ ਉਡਤ ਅਕਾਸਚਾਰੀ ਸੰਧਿਆ ਸਮੈ ਅੰਡਾ ਹੇਤਿ ਚੇਤਿ ਫਿਰਿ ਆਵਈ॥**

ਘੋਸਲਾ = ਆਲਣਾ। ਅਕਾਸਚਾਰੀ= ਅਕਾਸ਼ ਵਿਚ ਫਿਰਨ ਵਾਲਾ ਪੰਛੀ। ਕੁੰਡ ਕਰਿ=ਹੌਜ਼ ਬਣਾ ਕੇ। ਜਲਚਰੀ= ਜਲ ਵਿਚ ਫਿਰਨ ਵਾਲੀ ਮਛੀ। ਬੋਹਿਥ = ਜਹਾਜ਼। ਬਿਹੰਗ = ਪੰਛੀ।

(ਜਿਸ ਤਰਾਂ ਸੂਰਜ ਚੜ੍ਹਦਿਆਂ ਹੀ) ਪੰਛੀ ਆਲ੍ਹਣੇ ਵਿਚ ਅੰਡੇ ਨੂੰ ਛਡ ਕੇ ਅਕਾਸ਼ ਵਿਚ ਉਡਾਰੀ ਲਾ ਜਾਂਦਾ ਹੈ(ਪਰ) ਸੰਧਿਆ ਸਮੇਂ ਅੰਡੇ ਦੇ ਮੋਹ ਨੂੰ ਚੇਤੇ ਕਰ ਘੋਂਸਲੇ ਵਿਚ ਮੁੜ ਆਉਂਦਾ ਹੈ।

**ਤਿਰੀਆ ਤਿਆਗਿ ਸੁਤਿ ਜਾਤ ਬਨ ਖੰਡ ਬਿਖੈ ਸੁਤ ਕੀ ਸੁਰਤਿ ਗ੍ਰਿਹ ਆਇ ਸੁਖ ਪਾਵਈ॥**

(ਜਿਸ ਤਰਾਂ ਮਜਦੂਰਨ) ਤੀਵੀਂ ਘਰ'ਚ ਪੁਤਰ ਨੂੰ ਛਡ ਕੇ(ਆਪ ਲਕੜਾਂ ਚੁਗਣ ਲਈ) ਬਨ ਖੰਡ ਵਿਚ ਚਲੀ ਜਾਂਦੀ ਹੈ, (ਪਰ ਅੰਤ ਨੂੰ) ਪੁਤਰ ਦੀ ਸੁਰਤ ਕਰਕੇ ਘਰ ਵਿਚ ਆ ਕੇ ਸੁਖ ਪਾਂਦੀ ਹੈ।

**ਜੈਸੇ ਜਲ ਕੁੰਡ ਕਰਿ ਛਾਡੀਅਤਿ ਜਲਚਰੀ ਜਬ ਚਾਹੈ ਤਬ ਗਹਿ ਲੇਤ ਮਨਿ ਭਾਵਈ॥**

ਜਿਸ ਤਰਾਂ ਪਾਣੀ ਦਾ ਕੁੰਡ ਬਣਾ ਕੇ ਮਛੀ ਨੂੰ (ਉਸ ਵਿਚ) ਛਡ ਦੇਈਦਾ ਹੈ, (ਪਰ) ਮਨ ਦੀ ਮਰਜੀ (ਨਾਲ) ਜਦ ਚਾਹਿਆ ਤਦੋਂ ਹੀ (ਮਛੀਨੂੰ) ਫੜ ਲਈਦਾ ਹੈ।

**ਤੈਸੇ ਚਿਤ ਚੰਚਲ ਭ੍ਰਮਤ ਹੈ ਚਤੁਰ ਕੁੰਟ ਸਤਿਗੁਰ ਬੋਹਿਥ ਬਿਹੰਗ ਠਹਰਾਵਈ ॥ ੧੯੪ ॥**

ਇਸੇ ਤਰਾਂ ਚਿਤ ਚੰਚਲ ਹੈ, ਜੋ ਚਹੁਆਂ ਕੁੰਟਾਂ ਵਿਚ ਭੌਂਦਾ ਰਹਿੰਦਾ ਹੈ, (ਪਰ ਜਦੋਂ ਸਿਖ ਚਾਹੁੰਦਾ ਹੈ, ਤਦੋਂ ਇਸ ਨੂੰ ਕਾਬੂ ਕਰ ਲੈਂਦਾ ਹੈ ਅਤੇ ਜਿਸ ਤਰਾਂ ਸਮੁੰਦਰ ਤੇ ਉਡਣ ਵਾਲਾ ਪੰਛੀ ਕਿਤੇ ਭੀ ਬਿਸਰਾਮ ਦਾ ਸੁਖ ਨਹੀਂ ਪਾ ਸਕਦਾ, ਪਰ ਜਦੋਂ ਜਹਾਜ਼ ਤੇ ਬੈਠ ਜਾਏ ਤਾਂ ਹੀ ਸੁਖ ਪਾਦਾ ਹੈ। ਇਸੇ ਤਰਾਂ ਚਿਤ ਸੰਸਾਰਕ ਦੁਖਾਂ ਕਲੇਸ਼ਾਂ ਵਿਚ ਫਿਰਦਾ ਕਦੇ ਭੀ ਸੁਖ ਨਹੀਂ ਪਾਂਦਾ ਹੈ,ਪਰ ਜਦੋਂ ਭੀ ਸਤਿਗੁਰੂ (ਦੀ ਸ਼ਰਨ ਪ੍ਰਾਪਤੀ ਰੂਪ)ਜਹਾਜ਼(ਉਤੇ ਬੈਠਦਾ ਹੈ ਤਾਂ ਮਨ ਰੂਪ) ਪਛੀ ਸਥਿਰ ਹੋ ਜਾਂਦਾ ਹੈ॥੧੯੪

**ਚਤੁਰ ਬਰਨ ਮੈ ਨ ਪਾਈਐ ਬਰਨੁ ਤੈਸੋ ਖਟ ਦਰਸਨ ਮੈ ਨ ਦਰਸ਼ਨ ਜੋਤਿ ਹੈ ॥**

ਚੋਹਾਂ ਵਰਨਾਂ—ਬ੍ਰਹਮਣ, ਖਤ੍ਰੀ, ਵੈਸ਼ ਤੇ ਸੂਦਰ— ਵਿਚ ਉਸ ਤਰਾਂ ਦਾ ਰੰਗ ਨਹੀਂ ਪਾਈਦਾ ਹੈ, (ਜੇਹੋ ਜੇਹਾ ਗੁਰ ਸਿਖੀ ਦਾ ਰੰਗ ਹੈ, ਅਤੇ) ਛੇ ਦਰਸ਼ਨਾਂ-- (ਛੇ ਸ਼ਾਸਤ੍ਰਾਂ ਜਾਂ ਛੇ ਭੇਖਾਂ) ਵਿਚ (ਗੁਰੂ ਜੀ ਦੇ)ਦਰਸ਼ਨ (ਸਮਾਨ) ਜੋਤੀ [ਪ੍ਰਕਾਸ਼ ਰੂਪ ਆਭਾ] ਨਹੀਂਹੈ

**ਸਿਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਸਮਾਨਿ ਖਾਨ ਰਾਗ ਨਾਦ ਬਾਦ ਮੈ ਨ ਸ਼ਬਦ ਉਦੋਤ ਹੈ ॥**

(ਇਕੱਤੀ) ਸਿਮ੍ਰਤੀਆਂ (ਅਠਾਰਾਂ) ਪੁਰਾਣਾਂ (ਤੇ ਅਠਾਰਾਂ ਉਪ) ਪੁਰਾਣਾਂ (ਚਾਰ)ਵੇਦਾਂ(ਤੇ ਚਾਰਉਪ ਵੇਦਾਂ (ਤੇ ਛੇ) ਸ਼ਾਸਤ੍ਰਾਂ (ਚੋਹਾਂ)ਖਾਣੀਆਂ,(ਚੁਰਾਸੀ) ਰਾਗ ਰਾਗਨੀਆਂ ਤੇ) ਵਾਜਿਆਂ ਦਾ [ਨਾਦ] ਸ਼ਬਦ ਗੁਰ ਸ਼ਬਦ ਦੇ ਸਮਾਨ [ਉਦੋਤ] ਪ੍ਰਗਟ ਨਹੀਂ ਹੈ।

**ਨਾਨਾ ਬਿੰਜਨਾਦਿ ਸ੍ਵਾਦ ਅੰਤਰਿ ਨ ਪ੍ਰੇਮ ਰਸ ਸਕਲ ਸੁਗੰਧ ਮੈ ਨ ਗੰਧ ਸੰਧਿ ਹੋਤ ਹੈ ॥**

ਅਨੇਕ ਤਰਾਂ ਦੇ ਖਾਣ ਪੀਣ ਦੇ ਪਦਾਰਥਾਂ ਵਿਚ ਪ੍ਰੇਮ ਰਸ (ਜੇਹਾ) ਸਵਾਦ ਨਹੀਂ ਹੈ ਅਤੇ ਸਾਰੀਆਂ ਸੁਗੰਧੀਆਂ ਵਿਚ ਅਜੇਹੀ ਗੰਧੀ [ਵਾਸ਼ਨਾ] ਨਹੀਂ ਹੈ (ਜੇਹੀ ਵਾਸ਼ਨਾ ਗੁਰ ਸਿਖ)ਦੀ ਸੰਧੀ ਤੋਂ ਹੁੰਦੀਹੈ

**ਉਸਨ ਸੀਤਲਤਾ ਸਪਰਸ ਅਪਰਸ ਨ ਗੁਰਮੁਖ ਸੁਖ ਫਲ ਤੁਲਿ ਓਤ ਪੋਤ ਹੈ॥ ੧੯੫ ॥**

ਗਰਮੀ ਸਰਦੀ ਦਾ ਸਪਰਸ਼ ਤੇ ਅਸਪਰਸ਼ [ਅਲੇਪਤਾ] ਗੁਰਸਿਖੀ ਦੇ ਸੁਖ ਫਲ ਸਮਾਨ ਨਹੀਂ ਹੈ (ਕਿਉਂਕਿ) ਗੁਰਮੁਖ ਸੁਖ ਫਲ ਤਾਣੇ ਪੇਟੇ (ਇਕੋ ਸੂਤਰ ਦੇ) ਸਮਾਨ(ਸਦਾ ਇਕ ਰਸ ਰਹਿੰਦਾ ਹੈ, ਪਰ ਸਰਦੀ ਗਰਮੀ ਦਾ ਸਪਰਸ਼ ਤੇ ਅਸਪਰਸ ਹਮੇਸ਼ਾਂ ਹੀ ਵਧਦਾ ਘਟਦਾ ਰਹਿੰਦਾ ਹੈ) ॥੧੯੫॥

**ਲਿਖਨੁ ਪੜ੍ਹਨੁ ਤਉ ਜਾਨੈ ਦਿਸੰਤਰ ਜਉ ਲਉ ਕਹਤ ਸੁਨਤ ਹੈ ਬਿਦੇਸ ਕੇ ਸੰਦੇਸ ਕੈ ॥**

ਲਿਖਣ ਪੜ੍ਹਨ (ਦੀ ਲੋੜ) ਤਦ ਤਕ ਜਾਣੀਦੀ ਹੈ ਜਦ ਤਕ (ਪ੍ਰੀਤਮ) ਪ੍ਰਦੇਸ ਗਿਆ ਹੋਇਆ ਹੈ, (ਕਿਉਂਕਿ) ਪਰਦੇਸ (ਗਏ ਹੋਏ ਪਤੀ) ਦੇ ਸੁਨੇਹੇ [ਚਿਠੀ ਦੇ ਰਾਹੀਂ ਕਹਿੰਦੀ ਹੈ [ਅਤੇ ਆਈ ਹੋਈ ਚਿਠੀ ਵਿਚੋਂ] ਸੁਣਦੀ ਹੈ,[ਪਰ ਜਦ ਪਤੀ ਘਰ ਦੇ ਅੰਦਰ ਤੇ ਕੋਲ ਬੈਠਾ ਹੋਵੇ ਤਾਂ ਫਿਰ ਚਿਠੀ ਲਿਖਣ ਪੜ੍ਹਨ ਦੀ ਲੋੜ ਮੁਕ ਜਾਂਦੀ ਹੈ। ਇਸੇ ਤਰਾਂ ਜਦ ਸਰੂਪ ਦਾ ਪਰਤੱਖ ਹੋ ਜਾਵੇ ਤਾਂ ਫਿਰ ਸ਼ਾਸਤ੍ਰ ਦੇ ਪੜ੍ਹਨ ਪੜ੍ਹਾਨ ਦੀ ਲੋੜ ਮੁਕ ਜਾਂਦੀ ਹੈ]।

**ਦੇਖਤ ਅਉ ਦੇਖੀਅਤ ਇਤ ਉਤ ਦੋਇ ਹੋਇ ਭੇਟਤ ਪਰਸਪਰ ਬਿਰਹ ਅਵੇਸ ਕੈ ॥**

(ਓਨਾ ਚਿਰ ਹੀ) ਇਧਰ ਉਧਰ ਵੇਖਣਾ ਤੇ ਵਿਖਾਉਣਾ ਹੁੰਦਾ ਹੈ,(ਜਦ ਤਕ)ਦੋਵੇਂ ਪਤੀ-ਪਤਨੀ ਵਖ ਵਖ ਹੁੰਦੇ ਹੋਏ, ਵਖਰੀ੨ ਦਿਸ਼ਾ ਵਿਚ ਰਹਿੰਦੇ ਹਨ, ਪਰ ਜਦ ਬਿਰਹ ਦੇ ਅਵੇਸ ਵਿਚ ਆਪੋ ਵਿਚ ਮਿਲ ਬੈਠਦੇ ਹਨ,(ਅਰਥਾਤ ਜਦ ਪਿਆਰ ਪਰਵੇਸ਼ ਹੋਣ ਕਰਕੇ ਪਤੀ-ਪਤਨੀ ਇਸਤਰ੍ਹਾਂ ਮਿਲ ਜਾਂਦੇ ਹਨ, ਕਿ 'ਬੀਚ ਨ ਰਾਈ ਹੋਤ' ਤਾਂ ਫਿਰ ਵੇਖਣਾ-ਵਖਾਣਾ ਕਿਵੇਂ ਹੋ ਸਕਦਾ ਹੈ ? ਇਸਤਰ੍ਹਾਂ ਜਦ ਜਗਯਾਸੂ ਪ੍ਰਭੂ ਵਿਚ ਹੀ ਮਿਲ ਜਾਂਦਾ ਹੈ ਤਾਂ ਫਿਰ ਦਰਸ਼ਨ ਆਦਿਕ ਕਰਨ ਦੀਲੋੜ ਭੀ ਮਿਟ ਜਾਂਦੀਹੈ)।

**ਖੋਇ ਖੋਇ ਖੋਜੀ ਹੋਇ ਖੋਜਤ ਚਤੁਰ ਕੁੰਟ ਮ੍ਰਿਗ ਮਦ ਜੁਗਤਿ ਹੋਇ ਨ ਜਾਨਤ ਪ੍ਰਵੇਸ ਕੈ ॥**

ਹਰਨ ਖੰਜੀ ਦੀ ਖੋ [ਵਾਦੀ] ਵਾਲਾ ਹੋਕੇ(ਓਨਾ ਚਿਰ) ਚੌਹਾਂ ਕੁੰਟਾਂ ਵਿਚ ਖੋਹਾਂ (ਝਾੜੀਆਂ) ਵਿਚ ਖੋਜਦਾ ਹੈ,(ਜਦ ਤਕ)(ਮਦ ਜੁਗਤਿ) ਮਸਤੀ ਨਾਲ ਜੁੜਨਾ ਨਹੀਂ ਜਾਣਦਾ,(ਪਰ ਜਦ ਉਸ ਮਦ ਵਿਚ) ਪਰਵੇਸ਼ ਕਰ ਲੈਂਦਾ ਹੈ,(ਤਾਂ ਮੂਧਾ ਹੋਕੇ ਲੇਟ ਜਾਂਦਾ ਹੈ ਤੇ ਉਸਦੀ ਖੋਜਨਾ ਮਿਟ ਜਾਂਦੀ ਹੈ। ਇਸੇ ਤਰ੍ਹਾਂ ਪੁਰਸ਼ ਤੀਰਥਾਂ ਤੇ ਧਾਮਾਂ ਦੇ ਪਰਸਨ ਆਦਿਕ ਯਾਤਰਾ ਕਰਦਾ ਹੈ, ਜਦ ਤਕ ਆਤਮਾਨੰਦ ਪ੍ਰਾਪਤ ਨਹੀਂ ਹੁੰਦਾ ਪਰ ਜਦ ਆਤਮ ਅਨੰਦ ਪ੍ਰਾਪਤ ਹੋ ਜਾਂਦਾ ਹੈ ਤਾਂ ਯਾਤਰਾ ਤੇ ਹਜ ਰੂਪ ਧਾਵਨਾ ਮੁਕ ਜਾਂਦੀ ਹੈ, ਜੇਹਾ ਕਿ—

"ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰ ਨ ਦੂਜਾ ॥"

**ਗੁਰ ਸਿਖ ਸੰਧਿ ਮਿਲੇ ਅੰਤਰਿ ਅੰਤਰਜਾਮੀ ਸ੍ਵਾਮੀ ਸੇਵ ਸੇਵਕ ਨਿਰੰਤਰਿ ਆਦੇਸ ਕੈ ॥੧੯੬॥**

(ਇਸੇ ਤਰ੍ਹਾਂ ਜਦ) ਗੁਰੂ ਤੇ ਸਿਖ ਦੀ ਸੰਧੀ (ਹੋ ਜਾਂਦੀ ਹੈ,ਤਾਂ)ਅੰਦਰੋਂ ਹੀ ਅੰਤਰਜਾਮੀ ਮਿਲ ਜਾਂਦਾ ਹੈ, ਸੇਵਾ ਕਰਨ ਵਾਲਾ ਸੇਵਕ ਸਵਾਮੀ ਵਿਚ ਇਕ ਰਸ ਅਦੇਸ ਕਰ ਲੈਂਦਾ ਹੈ (ਅਰਥਾਤ ਫਿਰ ਸੇਵਕ ਸਵਾਮੀ ਤੇ ਸਵਾਮੀ ਸੇਵਕ ਹੋ ਕੇ ਦਿਸਦਾ ਹੈ, ਵਿਚ ਭੇਦ ਕੋਈ ਨਹੀਂ ਦਿਸਦਾ) ॥

ਯਥਾ—"ਜਿਨਿ ਜਾਤਾ ਸੋ ਤਿਸ ਹੀ ਜੇਹਾ ॥
ਭੇਦ ਨ ਜਾਨੋ ਮਾਨਸ ਦੇਹਾ ॥" ੧੯੬॥

**ਦੀਪਕ ਪਤੰਗ ਸੰਗ ਪ੍ਰੀਤਿ ਇਕ ਅੰਗੀ ਹੋਇ ਚੰਦ੍ਰਮਾ ਚਕੋਰ ਘਨ ਚਾਤ੍ਰਿਕਨ ਹੇਤ ਹੈ ॥**

ਦੀਵੇ ਨਾਲ (ਜੋ) ਪਤੰਗੇ ਦੀ ਪ੍ਰੀਤੀ ਹੁੰਦੀ ਹੈ, (ਇਹ)ਇਕ ਅੰਗੀ (ਪ੍ਰੀਤੀ ਹੈ, ਇਵੇਂ ਹੀ ਚੰਦਰਮਾ ਨਾਲ ਚਕੋਰ ਦੀਤੇ ਬੱਦਲ ਨਾਲ ਚਾਤ੍ਰਿਕ ਦੀਪ੍ਰੀਤੀ ਹੈ,ਪਰ ਦੀਵੇ ਦੀ ਪਤੰਗੇ ਨਾਲ,ਚੰਦਰਮਾ ਦੀ ਚਕੋਰ ਨਾਲ ਤੇ ਬਦਲਾਂ ਦੀ ਪਪੀਹੇ ਨਾਲ ਪ੍ਰੀਤੀ) ਨਹੀਂ ਹੁੰਦੀ ਹੈ.(ਅਰਥਾਤ ਪਤੰਗਾ,ਚਕੋਰ ਤੇਪਪੀਹਾ ਪ੍ਰੀਤੀ ਕਰਦੇ ਹਨ, ਪਰ ਦੀਵਾ, ਚੰਦਰਮਾ ਤੇ ਬੱਦਲ ਪ੍ਰੀਤੀ ਨਹੀਂ ਕਰਦੇ,ਇਸ ਲਈ ਇਹ ਇਕ-ਪਖੀ ਪ੍ਰੀਤਹੈ)।

**ਚਕਈ ਅਉ ਸੂਰ ਜਲ ਮੀਨ ਜਿਉ ਕਮਲ ਅਲਿ ਕਾਸਟ ਅਗਨਿ ਮ੍ਰਿਗ ਨਾਦ ਕੋ ਉਦੋਤ ਹੈ ॥**

ਚਕਵੀ ਦੀ ਸੂਰਜ ਨਾਲ,ਮਛੀ ਦੀ ਪਾਣੀ ਨਾਲ, ਭੌਰੇ ਦੀ ਕਮਲ ਨਾਲ, ਕਾਠ ਦੀ ਅਗ ਨਾਲ,ਹਰਨ ਦੀ ਸ਼ਬਦ ਨਾਲ ਪ੍ਰੀਤੀ ਪ੍ਰਗਟ ਹੈ, (ਅਰਥਾਤ ਚਕਵੀ, ਮਛੀ, ਭੌਰਾ, ਕਾਠ ਤੇ ਹਰਨ ਪ੍ਰੀਤੀ ਕਰਦੇ ਹਨ, ਪਰ ਸੂਰਜ, ਪਾਣੀ, ਕਮਲ, ਅਗਨੀ ਤੇ ਸ਼ਬਦ ਪ੍ਰੀਤੀ ਨਹੀਂ ਕਰਦੇ ਹਨ)।

**ਪਿਤ ਸੁਤ ਹਿਤ ਅਰ ਭਾਮਿਨੀ ਭਤਾਰ ਗਤਿ ਮਾਇਆ ਅਉ ਸੰਸਾਰ ਦੁਆਰ ਮਿਟਤ ਨ ਛੇਤਿ ਹੈ ॥**

ਪਿਤਾ ਦਾ ਪੁਤਰ ਨਾਲ ਹਿਤ ਹੈ ਅਤੇਇਸਤ੍ਰੀ ਤੇ ਪਤੀ (ਦੀ ਭੀ ਅਜੇਹੀ) ਗਤੀ ਹੈ। ਮਾਇਆ ਤੇ ਸੰਸਾਰ(ਦਾ ਪ੍ਰੇਮ ਭੀ ਹੈ)(ਇਨ੍ਹਾਂ ਵਿਚ ਭੀ ਪਿਤਾ ਦਾ, ਇਸਤ੍ਰੀ ਦਾ ਤੇ ਸੰਸਾਰ ਦਾ ਪਿਆਰ ਹੈ, ਪਰ ਪੁਤਰ ਦਾ,ਪਤੀ ਦਾ ਤੇ ਮਾਇਆ ਦਾ ਨਹੀਂ ਹੈ,ਇਨ੍ਹਾਂਵਿਚ ਜੋ ਇਕ-ਅੰਗੀ ਪਣੇ ਦੀ) ਦੁਆਰ (ਕੰਧ) (ਬਣੀ ਹੈ, ਉਹ) ਮਿਟਦੀ ਨਹੀਂ ਹੈ, ਐਸੀ ਇਕ ਛੇਤ ਜੇਹੀ

ਚੋਬੜੀ ਹੈ ।

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਸਾਚੋ ਲੋਕ ਪਰਲੋਕ ਸੁਖਦਾਈ ਓਤਿ ਪੋਤਿ ਹੈ ॥੧੯੭॥**

(ਪਰ) ਗੁਰ ਸਿਖ ਤੇ ਸੰਗਤ ਵਿਚ (ਪ੍ਰੀਤੀ ਦਾ) ਮਿਲਾਪ ਦਾ ਪ੍ਰਤਾਪ ਸੱਚਾ ਹੈ, (ਜੋ) ਲੋਕ ਪਰਲੋਕ ਦਾ ਸੁਖ ਦੇਣ ਵਾਲਾ ਹੈ (ਏਹ) ਤਾਣੇ-ਪੇਟੇ (ਦੇ ਇਕੋ ਜੇਹੇ ਸੂਤ੍ਰ ਵਾਂਗੂ ਇਨ੍ਹਾਂ ਦਾ ਪ੍ਰੀਤੀ ਭਾਵ ਦੋਹਾਂ ਅੰਗਾਂ ਵਿਚ ਇਕੋ ਜੇਹਾ ਸਚਾ ਹੈ, ਇਕ ਵਾਸਾ ਪ੍ਰੀਤੀ ਭਾਵ ਨਹੀਂ ਹੈ) ॥੧੯੭॥

**ਲੋਗਨ ਮੈ ਲੋਗਾਚਾਰ ਅਨਿਕ ਪ੍ਰਕਾਰ ਪਿਆਰ ਮਿਥਨ ਬਿਉਹਾਰ ਦੁਖਦਾਈ ਪਹਿਚਾਨੀਐ ॥**

ਲਕਾਂ ਵਿਚ ਲੋਕਾਚਾਰੀ ਵਾਲਾ ਅਨੇਕ ਤਰ੍ਹਾਂ ਦਾ ਪਿਆਰ (ਸੁਣਿਆ ਜਾਂਦਾ ਹੈ, ਜੋ) ਝੂਠਾ ਵਿਉਹਾਰ (ਜੇਹਾ ਹੋਣ ਕਰਕੇ) ਦੁਖਦਾਈ ਹੀ ਪਛਾਣੀਦਾ ਹੈ ।

**ਬੇਦ ਮਿਰਜਾਦ ਮੈ ਕਹਤ ਹੈ ਕਥਾ ਅਨੇਕ ਸੁਨੀਐ ਨ ਤੈਸੀ ਪ੍ਰੀਤਿ ਮਨ ਮੈ ਨ ਮਾਨੀਐ ॥**

ਵੇਦ ਮਰਯਾਦਾ ਵਿਚ ਅਨੇਕਾਂ ਕਥਾਂ(ਪ੍ਰੇਮ-ਪ੍ਰੀਤੀ ਦੀਆਂ) ਕਹੀਆਂ ਜਾਂਦੀਆਂ ਹਨ, (ਪਰ) ਉਸ ਤਰ੍ਹਾਂ ਪ੍ਰੀਤੀ ਦੀਆਂ (ਗਲਾਂ ਵਰਤਮਾਨ ਵਿਚ) ਨਹੀਂ ਸੁਣੀਦੀਆਂ ਹਨ, (ਇਸ ਕਰਕੇ ਉਹ ਵੇਦਾਂ ਵਿਚ ਲਿਖੀਆਂ ਵਾਰਤਾਂ) ਮਨ ਵਿਚ (ਸਚੀਆਂ) ਨਹੀਂ ਮੰਨੀਆਂ ਜਾਂਦੀਆਂ ।

**ਗਿਆਨ ਉਨਮਾਨ ਮੈ ਨ ਜਗਤ ਭਗਤ ਬਿਖੈ ਰਾਗ ਨਾਦ ਬਾਦਿ ਆਦਿ ਅੰਤਿ ਹੂ ਨ ਜਾਨੀਐ ॥**

ਗਿਆਨ ਦੇ ਵਿਚਾਰ ਵਿਚ ਤੇ ਜਗਤ ਦੇ ਭਗਤਾਂ ਵਿਚ (ਜੋ ਪ੍ਰੇਮ ਪਰਸੰਗ ਸੁਣੀਂਦੇ ਹਨ, ਵਰਤੀਂਦੇ ਨਹੀਂ ਦਿਸਦੇ ਹਨ) ਰਾਗਾਂ ਵਿਚ, ਨਾਦਾਂ ਵਿਚ ਤੇ ਵਾਜਿਆਂ ਵਿਚ(ਭੀ ਗਲ ਕੀ) ਆਦ ਤੋਂ ਲੈਕੇ ਅੰਤ ਤਕ (ਅਰਥਾਤ ਸੰਸਾਰ ਦੇ ਸ਼ੁਰੂ ਤੋਂ ਅਖੀਰ ਤਕ, ਚੜ੍ਹਦੇ ਤੋਂ ਲਹਿੰਦੇ ਤਕ, ਉਤਰ ਤੋਂ ਦਖਣ ਤਕ, ਪੂਰਬ ਤੋਂ ਪਛਮ ਤਕ ਕਿਤੇ ਭੀ ਦੋਹੀਂ ਪਾਸੀਂ ਇਕੋ ਜੇਹਾ ਪ੍ਰੇਮ-ਪਿਆਰ) ਨਹੀਂ ਜਾਣੀਦਾ ਹੈ ।

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਜੈਸੋ ਤੈਸੋ ਨ ਤ੍ਰਿਲੋਕ ਬਿਖੈ ਅਉਰ ਉਰ ਆਨੀਐ ॥੧੯੮॥**

ਜਿਸ ਤਰ੍ਹਾਂ ਦਾ ਗੁਰ ਸਿਖ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ, ਉਸ ਤਰ੍ਹਾਂ ਦੇ ਪ੍ਰੇਮ ਦਾ ਵਰਤਾਰਾ ਤਿੰਨਾਂ ਲੋਕਾਂ ਵਿਚ ਹੋਰ ਕਿਸੇ ਜਗ੍ਹਾ ਤੇ ਭੀ ਦਿਸਦਾ ਨਹੀਂ ਹੈ ॥੧੯੮॥

**ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਜਉ ਕਰੈ ਹਰੈ ਹਉਮੈ ਰੋਗੁ ਰਿਦੈ ਨਿੰਮ੍ਰਤਾ ਨਿਵਾਸ ਹੈ ॥**

ਪੂਰਨ ਬ੍ਰਹਮ ਸਰੂਪ ਗੁਰੂ ਜਦ ਪੂਰਨ ਕ੍ਰਿਪਾ ਕਰਦ ਹਨ,(ਤਾਂ ਸਿਖ ਦੇ) ਹਿਰਦੇ ਵਿਚੋਂ ਹੋਮੈ ਰੋਗ ਨਾਸ ਕਰ ਦੇਂਦੇ ਹਨ, (ਤਦ ਸਿਖ ਦੇ)ਹਿਰਦੇ ਵਿਚ ਨਿੰਮ੍ਰਤਾ ਦਾ ਨਿਵਾਸ (ਹੋ ਜਾਦਾ ਹੈ ।

**ਸ਼ਬਦ ਸੁਰਤਿ ਲਿਵ ਲੀਨ ਸਾਧ ਸੰਗ ਮਿਲਿ ਭਾਵਨੀ ਭਗਤਿ ਭਾਇ ਦੁਬਿਧਾ ਬਿਨਾਸ ਹੈ ॥**

(ਫਿਰ) ਸਾਧ ਸੰਗ ਵਿਚ ਮਿਲਕੇ, (ਸਿਖ ਦੀ) ਸੁਰਤੀ (ਗੁਰ) ਸ਼ਬਦ ਵਿਚ ਲੀਨ (ਹੋ ਜਾਂਦੀ ਹੈ, ਉਸ ਦੀ) ਪ੍ਰੇਮਾ ਭਗਤੀ ਵਿਚ ਸ਼ਰਧਾ (ਦ੍ਰਿੜ੍ਹ ਹੁੰਦੀ ਹੈ ਤੇ) ਦਵੈਤ ਦਾ ਨਾਸ ਹੋ ਜਾਂਦਾ ਹੈ ।

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੁਇ ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਹੈ ॥**

ਅੰਮ੍ਰਿਤ ਦੇ ਭੰਡਾਰ ਵਿਚੋਂ ਪ੍ਰੇਮ ਰਸ ਪਾਨ ਕਰਕੇ ਪੂਰਨ (ਤ੍ਰਿਪਤ) ਹੋ ਜਾਂਦਾ ਹੈ, ਅਤੇ ਅਸਚਰਜ

ਬਿਸ੍ਵਾਸ ਵਿਚ (ਦ੍ਰਿੜ੍ਹ ਰਹਿ ਕੇ) ਅਨਤਉ ਦਾ ਅਭਿਆਸ ਕਰਦਾ ਹੈ।

**ਸਹਜ ਸੁਭਾਇ ਚਾਇ ਚਿੰਤਾ ਮੈ ਅਤੀਤ ਚੀਤ ਸਤਿਗੁਰ ਸਤਿ ਗੁਰਮਤ ਗੁਰ ਦਾਸ ਹੈ ॥ ੧੮੯॥**

ਸ਼ਾਂਤੀ ਸੁਭਾਉ ਦੇ ਚਾਉ ਵਿਚ ਰਹਿਕੇ(ਜਿਸਦਾ) ਚਿਤ ਚਿੰਤਾ ਤੋਂ ਅਤੀਤ (ਹੋ ਗਿਆ) ਹੈ, (ਉਹ) ਸਤਿਗੁਰੂ ਦੀ ਗੁਰਮਤ ਤੇ (ਸਤਿ) ਨਿਸਚਾ ਕਰਨ ਵਾਲਾ ਗੁਰੂ ਦਾ ਦਾਸ ਹੈ ॥੧੮੯॥

**ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗ ਤ੍ਰਿਗੁਨ ਅਤੀਤ ਚੀਤ ਆਸਾ ਮੈ ਨਿਰਾਸ ਹੈ ॥**

ਸਾਧ ਸੰਗ ਦਵਾਰੇ ਸਤਿਗੁਰੂ ਦੇ ਸ਼ਬਦ ਵਿਚ ਸੁਰਤੀ ਦੀ ਲਿਵ (ਜੋੜ ਕੇ) ਤਿੰਨਾਂ ਗੁਣਾਂ ਤੋਂ ਅਤੀਤ (ਹੋਕੇ ਜਿਸ ਦਾ)ਚਿਤ ਆਸਾ (ਰੂਪ ਸੰਸਾਰ) ਵਿਚ ਨਿਰਾਸ (ਹੋ ਕੇ ਰਹਿੰਦਾ) ਹੈ।

**ਨਾਮ ਨਿਹਕਾਮ ਧਾਮ ਸਹਜ ਸੁਭਾਇ ਰਿਦੈ ਬਰਤੈ ਬਰਤਮਾਨ ਗਿਆਨ ਕੋ ਪ੍ਰਗਾਸ ਹੈ ॥**

(ਜਿਸ ਦਾ) ਨਾਮ 'ਨਿਹਕਾਮ ਧਾਮ' ਹੈ, ਸਹਜ ਸੁਭਾਇ(ਹੀ ਜਿਸਦਾ)ਹਿਰਦਾ(ਉਸ ਨਿਹਕਾਮ ਧਾਮ ਤੇ ਟਿਕਿਆ ਹੋਇਆ ਹੈ)ਅਤੇ ਗਿਆਨ ਦਾ ਪ੍ਰਕਾਸ਼ (ਰੂਪ ਹੋਕੇ)ਵਰਤਮਾਨ (ਸੰਸਾਰ)ਵਿਚ ਵਰਤਦਾ ਹੈ।

**ਸੂਖਮ ਸਥੂਲ ਏਕ ਏਕ ਅਉ ਅਨੇਕ ਮੇਕ ਬ੍ਰਹਮ ਬਿਬੇਕ ਟੇਕ ਬ੍ਰਹਮ ਬਿਸ੍ਵਾਸ ਹੈ ॥**

ਸੂਖਮ (ਰਚਨਾ ਤੋਂ ਲੈ ਕੇ) ਸਥੂਲ (ਰਚਨਾ ਵਿਚ ਜੋ) ਇਕ (ਵਰਤ ਰਿਹਾ ਹੈ, ਉਹ) ਇਕ ਹੀ ਅਨੇਕਾਂ ਵਿਚ ਮਿਲ ਰਿਹਾ ਹੈ, (ਇਸ ਤਰ੍ਹਾਂ ਦੀ ਜੋ) ਬ੍ਰਹਮ ਬਿਬੇਕ ਹੈ, (ਇਹ) ਬ੍ਰਹਮ ਵਿਚਾਰ ਦੀ ਟੇਕ (ਓਟ) [ਉਤੇ] ਭਰੋਸਾ ਹੈ।

**ਚਰਨ ਸ਼ਰਨ ਲਿਵ ਆਪਾ ਖੋਇ ਹੋਇ ਰੇਨ ਸਤਿਗੁਰ ਸਤਿ ਗੁਰਮਤਿ ਗੁਰ ਦਾਸ ਹੈ ॥ ੧੯੦॥**

ਸਤਿਗੁਰੂ ਦੀ ਚਰਨ ਸ਼ਰਨ ਵਿਚ ਲਿਵ(ਜੋੜਕੇ) ਆਪਾ ਨਾਸ ਕਰਕੇ ਧੂੜੀ (ਸਮਾਨ) ਹੋਇਆ ਹੈ, [ਉਹ] ਸਤਿਗੁਰੂ ਦੀ ਸਿਖਿਆ [ਨੂੰ ਮੰਨਣ ਵਾਲਾ] ਗੁਰੂ ਕਾ ਦਾਸ ਹੈ ॥੧੯੦॥

**ਹਉਮੈ ਅਭਿਮਾਨ ਕੈ ਅਗਿਆਨਤਾ ਅਵਗਿਆ ਗੁਰ ਨਿੰਦਾ ਗੁਰ ਦਾਸਨ ਕੈ ਨਾਮ ਗੁਰਦਾਸ ਹੈ ॥**

ਅਵਗਜ਼ਾ–ਹੱਤਕ, ਨਾ ਫਰਮਾਨੀ। ਮੀਠਾ=ਮਿਠਾ ਤੇਲੀਆ। ਰੂਠੀ=ਰੁਸੀ ਹੋਈ। ਤੂਠੀ=ਪ੍ਰਸੰਨ ਹੋਈ। ਉਪਹਾਸ= ਠਠਾ ਮਖੌਲ। ਕੁਰੀਤਿ=ਭੈੜੀ ਰੀਤੀ, ਬੁਰੀ ਮਰਯਾਦਾ। ਸੁਰੀਤਿ=ਜਦ ਇਸਤ੍ਰੀ ਨੂੰ ਪਹਿਲਾ ਗਰਭ ਹੁੰਦਾ ਹੈ, ਤਾਂ ਸੋਹਰੇ-ਪੇਕੇ ਦੇ ਲੋਕ ਰੀਤਾਂ ਝੜਾਉਣ ਦੀ ਰਸਮ ਕਰਦੇ ਹਨ। ਸਿੰਧ ਵਰਗੇ ਕਈ ਇਲਾ-ਕਿਆਂ ਵਿਚ ਡੌਂਡੀ ਫੇਰੀ ਜਾਂਦੀ ਹੈ, ਅਜ ਫਲਾਣੇ ਦੀ ਨੂੰਹ-ਧੀ ਤੇ ਫਲਾਣੇ ਦੀ ਇਸਤ੍ਰੀ ਦੀ ਸੁਰੀਤ ਹੈ। ਲਾਹੌਰ, ਅੰਮ੍ਰਿਤ-ਸਰ ਆਦਿਕ ਪੰਜਾਬ ਦੇ ਸ਼ਹਿਰਾਂ ਵਿਚ ਭੀ ਨਾਇਣ ਸੱਦਾ ਦੇਂਦੀ ਹੈ, ਜੋ ਫਲਾਣੇ ਦੀ ਨੂੰਹ-ਧੀ ਦੀਆਂ ਰੀਤਾਂ ਹਨ। ਇਸ ਨਕ ਵਢਣੀ ਤੇ ਭੰਡੀ ਪਿਟਣੀ ਰੀਤੀ ਦਾ ਨਾਮ 'ਸੁਰੀਤੀ' ਹੈ।

(ਮੈਂ) ਹੰਕਾਰ ਅਭਿਮਾਨ ਤੇ ਅਗਿਆਨਤਾ ਕਰਕੇ ਗੁਰੂ ਜੀ ਦੀ ਅਵਗਿਆ ਕੀਤੀ ਹੈ, ਗੁਰੂ ਜੀ ਦੇ ਦਾਸਾਂ ਦੀ ਨਿੰਦਾ ਕਰਦਾ ਹਾਂ (ਪਰ ਮੇਰਾ) ਨਾਮ 'ਗੁਰਦਾਸ' ਹੈ। (ਇਹ ਇਸ ਤਰ੍ਹਾਂ ਪੁਠਾ ਜੇਹਾ ਨਾਮ ਹੈ, ਜਿਵੇਂ ਜਗਤ ਵਿਚ)=

**ਮਹੁਰਾ ਕਹਾਵੈ ਮੀਠਾ ਗਈ ਸੋ ਕਹਾਵੈ ਆਈ ਰੂਠੀ ਕੋ ਕਹਤ ਤੂਠੀ**

**ਹੋਤ ਉਪਹਾਸ ਹੈ ॥**

"ਜ਼ੈਹਰ" ਮਿਠਾ ਕਹਾਉਂਦਾ ਹੈ,(ਜੋ ਅਖ ਦਿਸਣ ਤੋਂ ਰਹਿ) ਗਈ ਹੈ, (ਉਹ) ਕਹਾਉਂਦਾ ਹੈ (ਅਖ) 'ਆਈ' (ਹੋਈ ਹੈ) (ਜਿਵੇਂ ਬਚੇ ਉਤੇ) ਰੁਸੀ (ਹੋਈ ਕੁਦਰਤ) ਨੂੰ (ਲੋਕੀ) ਕਹਿੰਦੇ ਹਨ (ਕਿ) 'ਮਾਤਾ ਤਰੁਠੀ' ਹੋਈ ਹੈ, (ਇਹ ਕਥਨ ਇਕ) ਮਖੌਲ ਜੇਹਾ ਹੈ।

**ਬਾਂਝ ਕਹਾਵੈ ਸਪੂਤੀ ਦੁਹਾਗਨ ਸੁਹਾਗਨ ਕੁਰੀਤਿ ਸੁਰੀਤਿ ਕਾਟਿਓ ਨਕਟਾ ਕੋ ਨਾਸ ਹੈ ॥**

(ਜਿਵੇਂ) ਬਾਂਝ ਇਸਤ੍ਰੀ 'ਸੋਪੁਤ੍ਰੀ' ਕਹਾਉਂਦੀ ਹੈ, ਦੁਹਾਗਨੀ (ਨੂੰ ਲੋਕੀਂ ਕੁਪੱਤ ਤੋਂ ਡਰ ਕੇ) 'ਸੁਹਾਗਨੀ' ਕਹਿੰਦੇ ਹਨ, ਕੁਰੀਤੀ ਨੂੰ ਸੁਰੀਤੀ (ਆਖਦੇ ਹਨ, ਅਤੇ ਜਿਵੇਂ ਨਕ ਵਢੇ ਵਾਲੇ ਪੁਰਸ਼ ਹੈ ਲੋਕੀ 'ਵਡੇ ਨਕ ਵਾਲਾ' ਆਖਦੇ ਹਨ।

**ਬਾਵਰੋ ਕਹਾਵੈ ਭੋਰੋ ਆਂਧਰੋ ਕਹੈ ਸੁਜਾਖੋ ਚੰਦਨ ਸਮੀਪਿ ਜੈਸ ਬਾਂਸੁ ਨ ਸੁਬਾਸ ਹੈ ॥ ੧੯੧ ॥**

(ਜਿਵੇਂ) ਬੋਰਾ (ਪਾਗਲ ਪੁਰਸ਼) 'ਭੋਲਾ' ਕਹਾਉਂਦਾ ਹੈ, ਅਤੇ 'ਅੰਨੇ' ਨੂੰ ਸੁਜਾਖਾ ਕਹਿੰਦੇ ਹਨ, ਜਿਸ ਤਰਾਂ ਚੰਦਨ ਦੇ ਕੋਲ ਰਹਿਣ ਵਾਲੇ ਵਾਂਸ ਵਿਚ ਵਾਜ਼ਨਾ ਦਾ ਵਾਸਾ ਨਹੀਂ (ਹੁੰਦਾ ਹੈ. ਇਵੇਂ ਮੈਂ ਸਤਿਗੁਰੂ ਜੀ ਦੇ ਨੇੜੇ ਰਹਿੰਦਾ ਰਿਹਾ ਹਾਂ, ਪਰ ਮੇਰੇ ਵਿਚ ਦਾਸਾ ਭਾਵ ਦਾ ਨਿਵਾਸ ਨਹੀਂ ਹੈ, ਪਰ ਬੇਮੁਖਾਂ ਦੀ ਸਾਰੀ ਗਲ ਪੁਠੀ ਹੋਣ ਕਰਕੇ ਮੇਰਾ ਨਾਮ ਭੀ 'ਗੁਰਦਾਸ' ਰਖਿਆ ਹੋਇਆ ਹੈ)।

**ਗੁਰ ਸਿਖ ਏਕ ਮੇਕ ਰੋਮ ਨ ਪੁਜਸਿ ਕੋਟਿ ਹੋਮ ਜਗਿ ਭੋਗ ਨਈ ਬੇਦ ਪੂਜਾਚਾਰ ਹੈ ॥**

(ਜੋ) ਸਿਖ ਗੁਰੂ ਨਾਲ ਇਕ ਮਿਕ (ਹੋਇਆ ਹੈ ਉਸ ਦੇ ਇਕ) ਰੋਮ ਦੇ ਬਰਾਰਰ ਨਹੀਂ ਪੁਜ ਸਕਦੇ ਕ੍ਰੋੜਾਂ ਹੋਮ, ਜਗ, ਨਈਵੇਦ(ਤੇ ਠਾਕਰਾਂ ਦੇ ਭੋਗ ਜਾਂ ਬ੍ਰਹਮ) ਭੋਜ (ਆਦਿਕ ਯਗ) ਤੇ ਪੂਜਾ ਦੇ ਕਰਮ।

**ਜੋਗ ਧਿਆਨ ਗਿਆਨ ਅਧਯਾਤਮ ਰਿਧਿ ਸਿਧਿ ਨਿਧਿ ਜਪਤਪ ਸੰਜਮਾਦਿ ਅਨਿਕ ਪ੍ਰਕਾਰ ਹੈ ॥**

ਜੋਗ, ਧਿਆਨ, ਗਿਆਨ, ਅਧਿਆਤਮ ਕਰਮ, ਰਿਧਾਂ, ਸਿਧਾਂ, ਨਿਧਾਂ, ਜਪ, ਤਪ, ਸੰਜਮ ਆਦਿਕ ਅਨੇਕ ਤਰਾਂ (ਦੇ ਪਰਮਾਰਥ ਸਾਧਨ ਰੂਪ ਜੋ ਕਰਮ ਹਨ)।

**ਸਿੰਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਅਉ ਸਾਅੰਗੀਤ ਸੁਰਸਰਿ ਦੇਵ ਸਥਲ ਮਾਇਆ ਬਿਸਥਾਰ ਹੈ ॥**

ਸਿਮ੍ਰਤੀਆਂ, ਪੁਰਾਨ, ਵੇਦ, ਸ਼ਾਸਤ੍ਰ (ਆਦਿਕ ਧਰਮ ਗ੍ਰੰਥ) ਅਤੇ ਸੰਗੀਤ ਆਦਿਕ (ਆਦਿਕ ਕਲਾ) ਗੰਗਾ (ਆਦਿਕ ਤੀਰਥ) ਦੇਵ ਮੰਦਰ (ਆਦਿਕ ਚਾਰੇ ਧਾਮ ਤੇ ਰਾਜ ਭੋਗ ਵਗੈਰਾ ਜੋ) ਮਾਯਾ ਦਾ ਪਸਾਰਾ ਹੈ।

**ਕੋਟਨਿ ਕੋਟਾਨਿ ਸਿਖ ਸੰਗਤਿ ਅਸੰਖ ਜਾਕੇ ਸ੍ਰੀ ਗੁਰ ਚਰਨ ਨੇਤਿ ਨੇਤਿ ਨਮਸ਼ਕਾਰ ਹੈ ॥ ੧੯੨ ॥**

(ਜਿਨ੍ਹਾਂ ਦੇ ਇਕ ਇਕ ਰੋਮ ਦਾ ਏਨਾ ਪਰਤਾਪ ਹੈ, ਉਹ ਸਿਖ) ਕਰੋੜਾਂ ਕਰੋੜ ਹਨ,(ਉਨ੍ਹਾਂ) ਸਿਖਾਂ ਦੀਆਂ ਸੰਗਤਾਂ ਅਸੰਖਾਂ ਹਨ,ਜਿਸ ਗੁਰੂ ਜੀ ਦੇ(ਇਸ ਤਰਾਂ ਦੀਆਂ)ਅਸੰਖਾਂ ਤੇ ਕਰੋੜਾਂ ਕਰੋੜ ਸਿਖਸੰਗਤਾਂ ਹਨ,(ਉਸ) ਗੁਰੂ ਜੀ ਦੇ ਚਰਨਾਂ ਉਤੇ ਬੇਅੰਤ ਵੇਰੀ ਨਮਸਕਾਰ ਹੈ, ਬੇਅੰਤ ਵੇਰੀ ਨਮਸਕਾਰ ਹੈ।੧੯੨।

**ਚਰਨ ਕਮਲ ਰਜ ਗੁਰ ਸਿਖ ਮਾਥੈ ਲਾਗੀ ਬਾਂਛਤ ਸਕਲ ਗੁਰਸਿਖ ਪਗ ਰੇਨੁ ਹੈ ॥**

ਜਿਸ ਗੁਰ ਸਿਖ ਦੇ ਮਥੇ ਉਤੇ ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ ਲਗੀ ਹੈ,(ਸਾਰੇ ਸੰਸਾਰ ਦੇ ਜੀਵ ਉਸ) ਗੁਰਸਿਖ ਦੀ ਚਰਨ ਧੂੜਿ ਚਾਹੁੰਦੇਹਨ।

**ਕੋਟਿਨ ਕੋਟਾਨਿ ਕੋਟਿ ਕਮਲਾ ਕਲਪਤਰੁ ਪਾਰਸ ਅੰਮ੍ਰਿਤ ਚਿੰਤਾਮਨਿ ਕਾਮਧੇਨੁ ਹੈ ॥**

ਕ੍ਰੋੜ ਤੋਂ ਕ੍ਰੋੜਾਂ ਹੀ ਕੋਟਿ (ਕਿਸਮਾ) ਦੀਆਂ ਲਛਮੀਆਂ, ਕਲਪ ਬ੍ਰਿਛ, ਪਾਰਸ, ਅੰਮ੍ਰਿਤ, ਚਿੰਤਾਮਨੀ, (ਅਤੇ ਜੋ) ਕਾਮਧੇਨਾਂ ਹਨ।

**ਸੁਰਿ ਨਰ ਨਾਥ ਮੁਨਿ ਤ੍ਰਿਭਵਨ ਅਉ ਤ੍ਰਿਕਾਲ ਲੋਗ ਬੇਦ ਗਿਆਨ ਉਨ ਮਾਨ ਜੇਨ ਕੇਨ ਹੈ ॥**

ਦੇਵਤੇ, ਮਨੁਖ, ਨਾਥ, ਮੁਨੀ, ਤਿੰਨ ਲੋਕ ਤੇ ਤਿੰਨ ਕਾਲ,ਲੌਕਿਕ ਗਿਆਨ ਤੇਵੇਦ ਗਿਆਨ ਅਤੇ ਹੋਰ ਭੀ ਜੇਹੜਾ ਕੇਹੜਾ ਉਨਮਾਨ [ਵਿਚਾਰ] ਹੈ।

**ਕੋਟਿਨ ਕੋਟਾਨਿ ਸਿਖ ਸੰਗਤਿ ਅਸੰਖ ਜਾਕੈ ਨਮੋ ਨਮੋ ਗੁਰਮੁਖਿ ਸੁਖ ਫਲ ਦੇਨ ਹੈ ॥੧੯੩॥**

ਜਿਸਦੇ ਕ੍ਰੋੜਾਂ ਕ੍ਰੋੜਸਿਖ ਹਨ ਤੇ ਅਸੰਖਾਂ ਸੰਗਤਾਂ ਹਣ, (ਜੋ) ਸਤਿਗੁਰੂ ਸੁਖ ਫਲ ਦੇਣ ਵਾਲੇ ਹਨ, (ਉਨ੍ਹਾਂ ਨੂੰ) ਨਮਸ਼ਕਾਰ ਹੈ, ਨਮਸ਼ਕਾਰ ਹੈ ॥੧੯੩॥

**ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ ਭਾਵਨੀ ਭਗਤਿ ਭਾਇ ਚਾਇਕੈ ਚਈਲੇ ਹੈ ॥**

ਗੁਰਸਿਖਾਂ ਦੀ ਸੰਗਤ ਦੇ ਮਿਲਾਪ ਦਾ ਪਰਤਾਪ ਬਹੁਤ ਵਡਾ ਹੈ, (ਇਸ ਵਿਚ) ਪ੍ਰੇਮਾ ਭਗਤੀ ਦੀ ਸ਼ਰਧਾ ਦੇ ਚਾਉ ਕਰਕੇ ਚਈਲੇ (ਖੁਸ਼ੀ ਦੇ ਨਾਲ ਭਰਪੂਰ) ਹੋ ਰਹਿੰਦੇ ਹਨ।

**ਦ੍ਰਿਸਟਿ ਦਰਸ ਲਿਵ ਅਤਿ ਅਸਚਰਜ ਸੈ ਬਚਨ ਤੰਬੋਲ ਸੰਗ ਰੰਗ ਹੁਇ ਰੰਗੀਲੇ ਹੈ ॥**

(ਗੁਰ) ਦਰਸ਼ਨ ਵਿਚ ਦ੍ਰਿਸ਼ਟੀ ਦੀ ਲਿਵ (ਜੁੜਕੇ) ਅਸਚਰਜ ਰੂਪ (ਹੋ ਜਾਂਦੇ ਹਨ, ਜਿਵੇਂ) ਤਬੋਲ ਰੰਗ ਨਾਲ (ਜੀਭ ਰੰਗੀ ਜਾਂਦੀ ਹੈ, ਇਉਂ ਗੁਰ) ਬਚਨਾਂ ਰੂਪ ਤੰਬੋਲ ਨਾਲ ਰੰਗੇ ਹੋਏ ਰੰਗੀਲੇ [ਲਾਲੋ-ਲਾਲ] (ਹੋ ਰਹੇ ਹਨ)।

**ਸ਼ਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ ਪ੍ਰੇਮ ਰਸ ਅਮ੍ਰਿਤ ਕੈ ਰਸਿਕ ਰਸੀਲੇ ਹੈ ॥**

(ਗੁਰ) ਸ਼ਬਦ ਵਿਚ (ਉਨ੍ਹਾਂ ਦੀ) ਸੁਰਤੀ (ਇਸ ਤਰ੍ਹਾਂ) ਲਿਵ ਲੀਨ (ਹੋ ਗਈ ਹੈ, ਜਿਵੇਂ) ਪਾਣੀ ਵਿਚ ਮਛੀ ਦੀ ਗਤੀ ਹੈ, ਅਤੇ ਪ੍ਰੇਮ ਰਸ ਅੰਮ੍ਰਿਤ ਕਰਕੇ ਰਸਿਕ ਰਸੀਲੇ (ਹੋ ਰਹੇ ਹਨ)।

**ਸੋਭਾ ਨਿਧਿ ਸੋਭ ਕੋਟਿ ਓਟ ਲੋਭ ਕੈ ਲੁਭਿਤ ਕੋਟਿ ਛਬਿ ਛਾਹ ਛਿਪੈ ਛਬਿ ਕੈ ਛਬੀਲੇ ਹੈ ॥੧੯੪॥**

ਸੋਭਾ ਦੇ ਖਜਾਨੇ (ਹੋ ਰਹੇ ਹਨ) ਕ੍ਰੋੜ ਤਰ੍ਹਾਂ ਦੀ ਸੋਭਾ (ਉਨ੍ਹਾਂ ਦੀ ਸੋਭਾ ਦੇ)ਲੋਭ ਕਰਕੇ ਲੁਭਾਇਮਾਨ (ਹੋਕੇ ਸੋਭਾ ਦੀ)ਓਟ (ਵਿਚ ਰਹਿੰਦੀਆਂ ਹਨ,ਅਤੇ) ਛਬਿ ਕਰਕੇ (ਐਸੇ) ਛਬੀਲੇ ਬਣੇ ਹੋਏ ਹਨ, (ਜੋ) ਕ੍ਰੋੜਾਂ ਛਬਾਂ (ਉਨ੍ਹਾਂ ਦੀ ਛਬਿ ਦੇ) ਪਰਛਾਵੇਂ ਵਿਚ (ਛਿਪੈ) ਲੁਕ ਰਹੀਆਂ ਹਨ ॥੧੯੪॥

**ਗੁਰਸਿਖ ਏਕ ਮੇਕ ਰੋਮ ਕੀ ਅਕਥ ਕਥਾ ਗੁਰਸਿਖ ਸਾਧ ਸੰਗ ਮਹਿਮਾ ਕੋ ਪਾਵਈ ॥**

(ਜੋ) ਸਿਖ ਗੁਰੂ ਨਾਲ ਇਕ ਮਿਕ (ਹੋਇਆ ਹੈ, ਉਸਦੇ) ਇਕ ਰੋਮ ਦੀ ਕਥਾ ਅਕਥ ਹੈ,(ਤਾਂ ਉਨ੍ਹਾਂ) ਗੁਰਸਿਖਾਂ ਦੀ ਸਾਧ ਸੰਗ ਦੀ ਮਹਿਮਾਂ ਨੂੰ ਕੌਣ ਪਾ ਸਕਦਾ ਹੈ ?

**ਏਕ ਓਅੰਕਾਰ ਕੇ ਬਿਥਾਰ ਕੋ ਨ ਪਾਰਾਵਾਰੁ ਸ਼ਬਦ ਸੁਰਤਿ ਸਾਧ ਸੰਗਤਿ ਸਮਾਵਈ ॥**

(ਜਿਸ) ਇਕ ਓਅੰਕਾਰ ਦੇ ਵਿਸਥਾਰ ਦਾ ਉਰਾਰਪਾਰ ਨਹੀਂ (ਜਾਣਿਆਂ ਜਾ ਸਕਦਾ, ਉਹ

ਸ਼ਬਦ ਸਾਧ ਸੰਗਤਦੀ ਸੁਰਤੀ ਵਿਚ ਸਮਾਉਂਦਾ ਹੈ।

**ਪੂਰਨ ਬ੍ਰਹਮ ਗੁਰ ਸਾਧ ਸੰਗ ਮੈ ਨਿਵਾਸ ਦਾਸਨ ਦਾਸਾਨ ਮਤਿ ਆਪਾ ਨ ਜਤਾਵਈ ॥**

(ਜੋ) ਪੂਰਨ ਬ੍ਰਹਮ ਗੁਰੂ (ਰੂਪ ਹੋਕੇ) ਸਾਧ ਸੰਗ ਵਿਚ ਨਿਵਾਸ ਕਰਦਾ ਹੈ, (ਉਹ) ਦਾਸਾਂ ਦੇ ਦਾਸਾਂ ਦੇ [ਅਨੁਮਤਿ] ਅਨੁਸਾਰੀ ਚਲਣ ਵਾਲਾ (ਹੋ ਰਿਹਾ ਹੈ, ਅਤੇ) ਆਪਣਾ ਆਪ ਜਤਾਉਂਦਾ ਨਹੀਂ ਹੈ।

**ਸਤਿਗੁਰ ਗੁਰ ਗੁਰਸਿਖ ਸਾਧ ਸੰਗਤਿ ਹੈ ਓਤਿ ਪੋਤਿ ਜੋਤਿ ਵਾਕੀ ਵਾਹੀ ਬਨਿ ਆਵਈ ॥ ੧੯੫ ॥**

ਸਤਿਗੁਰੂ (ਆਪ ਹੀ) ਗੁਰੂ (ਹੈ, ਆਪ ਹੀ) ਗੁਰ ਸਿਖ ਤੇ ਸਾਧ ਸੰਗਤ ਹੈ, ਤਾਣੇ ਪੇਟੇ (ਦੇ ਇਕੋ ਸੂਤਰ ਵਾਂਗੂ) ਉਸੇ ਦੀ (ਜੋਤਿ) ਉਪਮਾ ਉਸੇ ਨੂੰ ਬਣ ਆਉਂਦੀ ਹੈ।

ਯਥਾ–"ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਣ ਆਵੈ ।੧੯੫।

**ਪਵਨਹਿ ਪਵਨ ਮਿਲਤ ਨਹੀ ਪੇਖੀਅਤਿ ਸਲਿਲ ਸਲਿਲ ਮਿਲਤ ਨ ਪਹਿਚਾਨੀਐ ॥**

(ਜਿਸ ਤਰ੍ਹਾਂ) ਹਵਾ ਨਾਲ ਹਵਾ ਮਿਲ ਜਾਣ (ਮਗਰੋਂ ਵਖਰਾ) ਨਹੀਂ ਦਿਸਦੀ ਹੈ, ਪਾਣੀ ਵਿਚ ਪਾਣੀਮਿਲ ਗਿਆ ਹੋਇਆਭੀ ਪਛਾਣੀਦਾ ਨਹੀਂਹੈ।

**ਜੋਤੀ ਮਿਲੈ ਜੋਤਿ ਹੋਤ ਭਿੰਨ ਭਿੰਨ ਕੈਸੇ ਕਰਿ ਭਸਮਹਿ ਭਸਮ ਸਮਾਨੀ ਕੈਸੇ ਜਾਨੀਐ ॥**

[ਜੋਤੀ] ਅਗ ਵਿਚ ਮਿਲੀ ਹੋਈ ਅਗ ਨੂੰ ਕੋਈ ਕਿਸ ਤਰ੍ਹਾਂ ਨਾਲ ਵਖ ਵਖ ਕਰ ਸਕਦਾ ਹੈ, ਮਿਟੀ ਵਿਚ ਮਿਟੀ ਸਮਾ ਗਈ ਹੋਈ ਭੀ ਕਿਸ ਤਰ੍ਹਾਂ ਜਾਣੀ ਜਾ ਸਕਦੀ ਹੈ।

**ਕੈਸੇ ਪੰਚ ਤਤ ਮੇਲੁ ਖੇਲੁ ਹੋਤ ਪਿੰਡ ਪ੍ਰਾਨ ਬਿਛੁਰਤਿ ਪਿੰਡ ਪ੍ਰਾਨ ਕੈਸੇ ਉਨਮਾਨੀਐ ॥**

ਕਿਸ ਤਰ੍ਹਾਂ ਨਾਲ ਪੰਜਾਂ ਤਤਾਂ ਦੇ ਮੇਲ ਤੋਂ ਖੇਲ ਰੂਪ ਦੇਹ-ਪ੍ਰਾਣ(ਇਕ ਹੋ ਜਾਂਦੇ ਹਨ,ਅਤੇ)ਵਿਛੜਦੇ ਹੋਏ ਦੇਹ-ਪ੍ਰਾਣ ਨੂੰ ਕਿਸ ਤਰ੍ਹਾਂ ਨਾਲ ਵਿਚਾਰ ਸਕੀਦਾ ਹੈ।

**ਅਬਗਤਿ ਗਤਿ ਅਤਿ ਬਿਸਮ ਅਸਚਰਜ ਮੈ ਗਿਆਨ ਧਿਆਨ ਅਗ-ਮਿਤਿ ਕੈਸੇ ਉਰ ਆਨੀਐ ॥੧੯੬॥**

(ਜਿਸ ਦੀ) ਗਤੀ ਬੜੀ ਹੀ ਅਬਗਤਿ ਹੈ, ਅਚਰਜ ਤੋਂ ਅਚਰਜ ਰੂਪ ਹੈ, (ਉਸ ਦੇ) ਅਤਿ ਅਗਮ ਗਿਆਨ ਧਿਆਨ ਨੂੰ ਕਿਸ ਤਰ੍ਹਾਂ ਹਿਰਦੇ ਵਿਚ ਲਿਆ ਸਕੀਦਾ ਹੈ ॥੧੯੬॥

**ਚਾਰਿ ਕੁੰਟ ਸਾਤ ਦੀਪ ਮੈ ਨ ਨਵਖੰਡ ਬਿਖੈ ਦਹਦਿਸਿ ਦੇਖੀਐ ਨ ਬਨਗ੍ਰਿਹ ਜਾਨੀਐ ॥**

ਚਾਰ ਕੂੰਟ– [ਉਤਰ, ਦਖਣ, ਪੂਰਬ, ਪਛਮ], ਸਤ ਦੀਪਾਂ ਤੇ ਨੌ ਖੰਡਾਂ ਤੇ ਦਸਾਂ ਦਿਸ਼ਾਂ ਵਿਚ ਨਹੀਂ ਦਿਸਦਾ ਹੈ ਅਤੇ ਜੰਗਲਾਂ ਤੇ ਘਰਾਂ (ਵਿਚ ਐਸਾ) ਨਹੀਂ ਜਾਣੀਦਾ ਹੈ।

**ਲੋਗ ਬੇਦ ਗਿਆਨ ਉਨਮਾਨ ਕੈ ਨ ਦੇਖਿਓ ਸੁਨਿਓ ਸ੍ਵਰਗ ਪਇਆਲ ਮ੍ਰਿਤੁ ਮੰਡਲ ਨ ਮਾਨੀਐ ॥**

ਲੋਕਾਂ ਤੇ ਵੇਦਾਂ ਦੇ ਗਿਆਨ ਵਿਚਾਰ ਕਰਕੇ ਭੀ ਦੇਖਿਆ ਸੁਣਿਆਂ ਨਹੀਂ ਜਾਂਦਾ, ਸੁਰਗ ਲੋਕ; ਪਤਾਲ ਲੋਕ ਤੇ ਮਾਤ ਲੋਕ [ਵਿਚ ਭੀ ਅਜੇਹਾ] ਨਹੀਂ ਮੰਨੀਦਾ ਹੈ।

**ਭੂਤ ਅਉ ਭਵਿਖ ਨ ਵਰਤਮਾਨ ਚਾਰੋ ਜੁਗ ਚਤੁਰ ਬਰਨ ਖਟ ਦਰਸ ਨ ਧਿਆਨੀਐ ॥**

ਭੂਤ,ਭਵਿਖਤ ਤੇ ਵਰਤਮਾਨ ਵਿਚ, ਚੌਹਾਂ ਜੁਗਾਂ ਵਿਚ, ਚੌਹਾਂ ਵਰਨਾਂ ਵਿਚ ਤੇ ਛੇ ਦਰਸ਼ਨਾਂ ਵਿਚ [ਅਜੇਹਾ] ਧਿਆਨ ਵਿਚ ਨਹੀਂ [ਆਉਂਦਾ] ਹੈ ।

**ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਜੈਸੋ ਤੈਸੋ ਅਉਰ ਠਉਰ ਸੁਣੀਐ ਨ ਪਹਿਚਾਨੀਐ ॥੧੯੭॥**

ਜਿਸ ਤਰ੍ਹਾਂ ਦਾ ਗੁਰਸਿਖ ਸੰਗਤ ਦੇ ਮਿਲਾਪ ਦਾ ਪਰਤਾਪ ਹੈ, ਉਸ ਤਰ੍ਹਾਂ ਦਾ [ਪਰਤਾਪ] ਹੋਰ ਕਿਸੇ ਜਗ੍ਹਾ ਨਾ ਸੁਣੀਦਾ ਹੈ ਤੇ ਨਾ ਹੀ ਪਛਾਣਿਆ ਜਾ ਸਕਦਾ ਹੈ ॥੧੯੭॥

**ਊਖ ਮੈ ਪਿਯੂਖ ਰਸ ਰਸਨਾ ਰਹਤ ਹੋਇ ਚੰਦਨ ਸੁਬਾਸ ਤਾਸ ਨਾਸਕਾ ਨ ਹੋਤ ਹੈ॥**

ਕਮਾਦ 'ਚ ਅੰਮ੍ਰਿਤਰੂਪ ਰਸ,(ਰਹੁ ਜਾਂਮਿਠਾਸ) ਹੈ, (ਪਰ ਕਮਾਦ)ਜੀਭ ਰਹਿਤ ਹੋਇਆ ਹੈ, (ਅਰਥਾਤ ਗੰਨੇ ਨੂੰ ਜੀਭ ਨਹੀਂ ਹੈ, ਜੋ ਆਪਣੇ ਰਸ ਨੂੰ ਆਪ ਮਾਣ ਸਕੇ, ਇਸੇ ਤਰ੍ਹਾਂ) ਚੰਦਨ ਵਿਚ ਸੁਗੰਧੀ ਹੈ, (ਪਰ) ਉਸ ਨੂੰ ਨਾਸਕਾ [ਨੱਕ] ਨਹੀਂ (ਲਗਾ) ਹੋਇਆ (ਜੋ ਆਪਣੀ ਸੁਗੰਧੀ ਲੈ ਸਕਦਾ)।

**ਨਾਦ ਬਾਦ ਸੁਰਤਿ ਬਿਹੂਨ ਬਿਸਮਾਦ ਗਤਿ ਬਿਬਿਧ ਬਰਨ ਬਿਨੁ ਦ੍ਰਿਸਟਿ ਸੁ ਜੋਤਿ ਹੈ ॥**

ਵਾਜਿਆਂ ਵਿਚ ਨਾਦਹੈ,(ਪਰ ਉਨ੍ਹਾਂ ਦੀ)ਸੁਰਤਿ ਬਿਹੀਨ ਅਚਰਜ ਗਤੀ ਹੈ, ਅਨੇਕ ਤਰ੍ਹਾਂ ਦੇ ਰੰਗ (ਜਗਤ ਵਿਚ ਹਨ, ਪਰ ਉਹ) (ਦ੍ਰਿਸਟਿ)ਅਖਾਂਰੂਪ ਜੋਤਨਾ (ਪ੍ਰਕਾਸ਼ ਜਾਂ ਚਾਨਣ) ਤੋਂ ਬਿਨਾਂ ਹੈ, (ਇਸ ਲਈ ਰੰਗ ਆਪਣੇ ਸੁੰਦਰ ਰੂਪ ਵੇਖ ਨਹੀਂ ਸਕਦੇ)।

**ਪਾਰਸ ਪਰਸ ਸਪਰਸ ਉਸਨ ਸੀਤ ਕਰ ਚਰਨ ਹੀਨ ਧਰ ਅਉਖਧੀ ਉਦੋਤ ਹੈ ॥**

ਪਾਰਸ ਨੂੰ ਪਰਸ ਕੇ (ਲੋਹਾ ਸੋਨਾ ਹੋ ਜਾਂਦਾ ਹੈ, ਪਰ ਪਾਰਸ ਆਪ) ਠੰਢੇ-ਤੱਤੇ ਸਪਰਸ਼ ਰਹਿਤ ਹੈ, (ਇਸੇ ਤਰ੍ਹਾਂ) ਧਰਤੀ ਵਿਚੋਂ ਔਖਧੀ(ਰੂਪ ਬੂਟੀਆਂ) ਪ੍ਰਗਟ ਹੁੰਦੀਆਂ ਹਨ,(ਪਰ ਧਰਤੀ ਆਪ ਹੱਥਾਂ-ਪੈਰਾਂ ਤੋਂ ਹੀਣੀ ਹੋਣ ਕਰਕੇ, ਲੋੜ ਵਾਲੀ ਜਗ੍ਹਾ ਤੇ ਦੁਆਈਆਂ ਲਿਜਾ ਕੇ ਦੇ ਨਹੀਂ ਸਕਦੀ ਤੇ ਨਾ ਆਪ ਕਿਤੇ ਟੁਰ ਕੇ ਜਾ ਸਕਦੀ ਹੈ, ਜੋ ਲੋੜਵੰਦੇ ਪੁਰਸ ਆਪਣੀ ਲੋੜ ਪੂਰੀ ਕਰ ਲੈਣ)।

**ਜਾਹਿ ਪੰਚ ਦੋਖ ਨਿਰਦੋਖ ਮੋਖ ਪਾਵੈ ਕੈਸੇ ਗੁਰਮੁਖ ਸਹਜ ਸੰਤੋਖ ਹੁਇ ਅਛੋਤ ਹੈ ॥੧੯੮॥**

ਜਿਹਨਾਂ ਪੰਜਾਂ ਵਿਚ ਦੋਸ਼ ਹਨ, ਉਹ ਦੋਸ਼ਾਂ ਤੋਂ ਰਹਿਤ ਮੁਕਤੀ ਨੂੰ ਕਿਸ ਤਰ੍ਹਾਂ ਪਾ ਸਕਦੇ ਹਨ? (ਕੇਵਲ ਇਕ) ਗੁਰਮੁਖ ਹੀ ਸ਼ਾਂਤੀ ਤੇ ਸੰਤੋਖ ਨੂੰ (ਧਾਰਨ ਕਰਕੇ ·ਦੋਸਾਂ ਦੀ) ਛੋਹ ਤੋਂ ਰਹਿਤ ਹੋਇਆ ਹੈ ॥੧੯੮॥

**ਨਿਹਫਲ ਜਿਹਬਾ ਹੈ ਸ਼ਬਦ ਸੁਆਦ ਹੀਨ ਨਿਹਫ਼ਲ ਸੁਰਤਿ ਨ ਅਨਹਦ ਨਾਦ ਹੈ ॥**

ਉਹ ਜੀਭ ਬੇਅਰਥ ਹੈ, ਜਿਸਨੂੰ (ਸ਼ਬਦ) ਗੁਰਬਾਣੀ ਦਾ ਸਵਾਦ ਨਹੀਂ ਆਇਆ ।(ਅਥਵਾ- ਜਿਸ ਜੀਭ ਨੇ ਵਾਹਿਗੁਰੂ ਨਾਮ ਦਾ ਸਿਮਰਨ ਨਹੀਂ ਕੀਤਾ, ਉਹ ਜੀਭ ਨਿਸਫਲ ਹੈ), ਅਤੇ (ਉਹ) ਸੁਰਤੀ ਨਿਸਫਲ ਹੈ,ਜਿਸ ਸੁਰਤ ਨੇ ਅਨਹਦ ਸ਼ਬਦ ਨਹੀਂ ਸੁਣਿਆ ਹੈ ।

**ਨਿਹਫਲ ਦ੍ਰਿਸਟਿ ਨ ਆਪਾ ਆਪੁ ਦੇਖੀਅਤ ਨਿਹਫਲ ਸ੍ਵਾਸ ਨਹੀ ਬਾਸੁ ਪਰਮਾਦਿ ਹੈ ॥**

ਉਹ ਨਜ਼ਰ ਬੇਅਰਥ ਹੈ, ਜਿਸ ਨੇ ਆਪਣੇ ਆਪ [ਆਤਮ ਸਰੂਪ] ਨੂੰ ਨਹੀਂ ਵੇਖਿਆ ਹੈ,ਉਹ ਸਵਾਸ [ਆਉਣੇ-ਜਾਣੇ] ਬਿਅਰਥ ਹਨ, (ਜਿਨ੍ਹਾਂ ਵਿਚ ਪਰਮਾਤਮਾ ਦੇ ਸਿਮਰਨ ਰੂਪ ਵਾਸ਼ਨਾ ਨਹੀਂ ਹੈ।

**ਨਿਹਫਲ ਕਰ ਗੁਰ ਪਾਰਸ ਪਰਸਿ**

**ਬਿਨੁ ਗੁਰਮੁਖਿ ਮਾਰਗ ਬਿਹੂਨ ਪਗ ਬਾਦਿ ਹੈ॥**

ਗੁਰੂ ਰੂਪ ਪਾਰਸ (ਦੇ ਚਰਨ ਨੂੰ) ਪਰਸਨ ਤੋਂ ਹੀਨ ਹਥ ਬਿਅਰਥ (ਫਜ਼ੂਲ ਨਿਕੰਮੇ) ਹਨ ਅਤੇ ਜੇਹੜੇ ਸਤਿਗੁਰੂ ਦੇ ਮਾਰਗ ਤੇ ਨਹੀਂ ਟੁਰੇ ਹਨ ਉਹ ਪੈਰ ਫਜ਼ੂਲ ਹਨ ॥

**ਗੁਰਮੁਖ ਅੰਗ ਅੰਗ ਪੰਗ ਸਰਬੰਗ ਲਿਵ ਸ਼ਬਦ ਸੁਰਤਿ ਸਾਧ ਸੰਗਤਿ ਪ੍ਰਸਾਦਿ ਹੈ॥੧੯੯॥**

ਗੁਰਮੁਖ ਦੇ ਪਿੰਗਲੇ ਅੰਗ ਭੀ ਸਰਬ ਅੰਗਾਂ (ਕਰਕੇ ਸਫਲੇ) ਹਨ (ਕਿਉਂਕਿ ਉਸਦੀ) ਲਿਵ, ਦ੍ਰਿਸ਼ਟੀ ਤੇ ਸੁਰਤੀ ਸਾਧ ਸੰਗਤ ਵਿਚ (ਲਗੀ ਹੈ ਤੇ ਉਸ ਉਤੇ) ਸਾਧ ਸੰਗਤ ਦੀ ਕਿਰਪਾ ਹੈ ॥੧੯੯॥

**ਪਸੂਆਂ ਮਨੁਖ ਦੇਹ ਅੰਤਰਿ ਅੰਤਰ ਇਹੈ ਸ਼ਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ॥**

ਅੰਤਰ=ਵਿਚ, ਅੰਦਰ। ਅੰਤਰ=ਅੰਤਰਾ; ਫਰਕ ॥ ਬਿਬੇਕ=ਵਿਚਾਰ ॥ ਅਚੇਤ= ਬੇਸਮਝ ॥ ਹਰਿਆਉ ਪਸੂ=ਧੁਸ ਮਾਰ ਕੇ ਖੇਤੀ ਨੂੰ ਜਾ ਕੇ ਪੈ ਜਾਣ ਵਾਲਾ ਪਸ਼ੂ, ਮੂੰਹ ਜ਼ੋਰ ਪਸ਼ੂ ॥ ਨਾਤਰੁ=ਨਹੀਂ ਤਾਂ ॥

ਪਸ਼ੂ ਦੇਹ ਤੇ ਮਨੁਖ ਦੇਹ ਵਿਚ (ਇਕ) ਇਹੋ ਫਰਕ ਹੈ (ਕਿ) ਮਨੁਖ ਨੂੰ ਸ਼ਬਦ ਸੁਰਤ ਦੀ ਵਿਚਾਰ ਹੈ ਅਤੇ ਪਸ਼ੂ ਨੂੰ ਵਿਚਾਰ ਨਹੀਂ ਹੈ। (ਕਿਉਂਕਿ)

**ਪਸੂ ਹਰਿਆਉ ਕਹਿਓ ਸੁਣਿਓ ਅਨਸੁਣਿਓ ਕਰੈ ਮਾਨਸ ਜਨਮ ਉਪਦੇਸ ਰਿਦੈ ਟੇਕ ਹੈ॥**

ਹਰਿਆਉ ਪਸ਼ੂ ਨੂੰ (ਜੋ) ਕਿਹਾ ਜਾਂਦਾ ਹੈ(ਉਹ) ਸੁਣ ਕੇ ਭੀ ਅਣਸੁਣਿਆ ਕਰਦਾ ਹੈ (ਪਰ) ਮਨੁਖ ਜਨਮ (ਨੂੰ ਜੋ) ਉਪਦੇਸ਼ (ਦਿਤਾ ਜਾਏ, ਉਸ ਦੀ) ਓਟ ਉਤ ਹਿਰਦੇ ਨੂੰ ਰਖਦਾ ਹੈ।

**ਪਸੂਆ ਸ਼ਬਦ ਹੀਨ ਜਿਹਬਾ ਨ ਬੋਲਿ ਸਕੈ ਮਾਨਸ ਜਨਮ ਬੋਲੈ ਬਚਨ ਅਨੇਕ ਹੈ॥**

ਪਸ਼ੂ ਸ਼ਬਦ ਤੋਂ ਬਿਹੀਨ ਹੈ, ਜੀਭ (ਦੇ ਹੁੰਦੇ ਹੋਏ ਭੀ) ਬੋਲ ਨਹੀਂ ਸਕਦਾ ਹੈ ਅਤੇ ਮਨੁਖ ਜਨਮ ਅਨੇਕ ਤਰਾਂ ਦੇ ਬਚਨ ਬੋਲਦਾ ਹੈ।

**ਸ਼ਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ ਨਾਤਰੁ ਅਚੇਤ ਪਸੁ ਪ੍ਰੇਤ ਹੂੰ ਮੈ ਏਕ ਹੈ॥੨੦੦॥**

(ਜੋ ਗੁਰ) ਸ਼ਬਦ ਨੂੰ ਸੁਰਤ ਕਰਕੇ ਸੁਣਦਾ ਹੈ, ਸਮਝਦਾ ਹੈ. ਬੋਲਦਾ ਹੈ (ਉਹ) ਬਿਬੇਕੀ(ਪੁਰਸ਼ ਹੈ) ਨਹੀਂ ਤਾਂ (ਏਹ ਬੰਦਾ ਭੀ) ਬੇਸਮਝ ਪਸ਼ੂ ਪ੍ਰੇਤ ਵਿਚੋਂ ਇਕ (ਦੋਹੁ ਲਤਾਂ ਵਾਲਾ ਪਸ਼ੂ ਹੈ ॥੨੦੦॥

**ਸ਼ਬਦ ਸੁਰਤਿ ਹੀਨ ਪਸੂਆ ਪਵਿਤ੍ਰ ਦੇਹ ਖੜ ਖਾਇ ਅੰਮ੍ਰਿਤ ਪ੍ਰਵਾਹ ਕੋ ਸੁਆਉ ਹੈ॥**

[ਖੜ=ਘਾਹ ॥ ਅੰਮ੍ਰਿਤ ਦੁਧ ॥ ਸੂਤ੍ਰ= ਮਰਯਾਦਾ ॥ ਅਪਿਆਉ = ਭੋਜਨ ॥ ਦੁਰਾਉ=ਲੁਕਾਉ,ਛਿਪਾਉ। ਬਿਖੈਧਰ= ਜ਼ਹਿਰ ਧਾਰਨ ਵਾਲੇ ਸੱਪ ॥ ਬਿਖਤਾਉ= ਜ਼ਹਿਰ ਦਾ ਜੋਸ਼ ॥]

ਸ਼ਬਦ ਸੁਰਤਿ ਤੋਂ ਹੀਨੇ (ਮਨੁਖ ਨਾਲੋਂ) ਪਸ਼ੂ ਦੇਹ ਪਵਿਤ੍ਰ ਹੈ,(ਜੋ) ਘਾਹ ਖਾਕੇ ਦੁਧ ਦੇ ਪ੍ਰਵਾਹ ਨੂੰ (ਦੇਕੇ ਲੋਕਾਂ ਦੇ) ਸੁਆਰਥ ਸੁਆਰਦੀ ਹੈ।

**ਗੋਬਰ ਗੋਮੂਤ੍ਰ ਸੂਤ੍ਰ ਪਰਮ ਪਵਿਤ੍ਰ ਭਏ ਮਾਨਸ ਦੇਹੀ ਨਿਖਿਧ ਅੰਮ੍ਰਿਤ ਅਪਿਆਉ ਹੈ॥**

ਗੋਹੇ ਤੇ ਗੋਮੂਤ ਦੀ ਮਰਯਾਦਾ ਕਰਕੇ ਪਰਮ (ਨੀਚ ਭੀ)ਪਵਿਤਰ ਹੋ ਗਏ ਹਨ,ਅਤੇ ਮਨੁਖ ਦੇਹੀ ਨਖਿਧ ਹੈ,(ਜਿਸ ਦਾ)ਭੋਜਨ (ਦੁਧ ਵਰਗੇ) ਅੰਮ੍ਰਿਤ ਪਦਾਰਥਹਨ(ਅਰਥਾਤ ਹਿੰਦੂ ਮਤ ਦੀਮਰਯਾਦਾ ਹੈ,

ਕਿ ਪ੍ਰਸੂਤ ਕਾਲ ਸਮੇਂ ਇਸਤ੍ਰੀ-ਮਹਾਂ ਸੂਦ੍ਰਾ ਹੁੰਦੀ ਹੈ, ਇਸਨੂੰ ਕੈਹੇ ਦੇ ਭਾਂਡੇ ਵਿਚ ਰੋਟੀ ਦੇਣ ਦੀ ਆਗਯਾ ਨਹੀਂ ਹੈ, ਅਤੇ ਜਿਨਾਂ ਪਿਤਲ ਦੇ ਭਾਂਡਿਆਂ ਵਿਚ ਪ੍ਰਸੂਤਾ ਨੂੰ ਖਾਨ ਪੀਨ ਨੂੰ ਦਿਤਾ ਜਾਂਦਾ ਹੈ, ਉਸਨੂੰ ਅੱਗ ਵਿਚ ਪਾਕੇ ਸੁਧ ਕਰਨ ਦੀ ਆਗਯਾ ਸਿਮ੍ਰਤੀ-ਕਾਰਾਂ ਨੇ ਕੀਤੀ ਹੋਈ ਹੈ,ਪਰ ਉਸ ਪਰਮ ਅਪਵਿਤ੍ਰਾ ਨੂੰ ਪਵਿੱਤ੍ਰ ਕਰਨ ਵਾਲੀ ਕੇਹੜੀ ਵਸਤੂ ਹੈ? ਪੰਜ ਗਬ ! ਅਰਥਾਤ ਗਊ ਦੇ ਪੰਜ ਪਦਾਰਥ-ਗਊ ਦਾ ਦੁਧ, ਗਊ ਦੀ ਦੇਹੀਂ, ਗਊ ਦਾ ਮੱਖਣ, ਗਊ ਦਾ ਗੋਹਾ ਤੇ ਗਊ ਦਾ ਮੂਤ੍ਰ, ਇਹ ਪੰਜੇ ਗਲਾਸ 'ਤੇਰਵੇਂ' ਦਿਨ ਪ੍ਰਸੂਤਾਂ ਨੂੰ ਇਸ਼ਨਾਨ ਕਰਾਕੇ ਪਿਆ ਦੇਂਦੇ ਹਨ, ਤਾਂ ਪ੍ਰਸੂਤਾਂ ਦਾ ਸੂਤਕ ਨਿਕਲ ਜਾਂਦਾ ਹੈ, ਉਹ ਆਪ ਪਵਿਤ੍ਰ ਹੋ ਜਾਂਦੀ ਹੈ ਇਕ ਪਾਸੇ ਪਸ਼ੂ ਦਾ ਗੁਹ-ਪਿਸ਼ਾਬ ਅਪਵਿੱਤ੍ਰ ਨੂੰ ਪਵਿਤ੍ਰ ਕਰਦਾ ਹੈ, ਪਰ ਦੂਜੇ ਪਾਸੇ ਮਨੁਖ ਦੇਪਿਸ਼ਾਬ ਦੀ ਇਕ ਬੂੰਦ ਭੀ ਉਤੇ ਪੈ ਜਾਏ ਤਾਂ ਸਾਰਾ ਪਦਾਰਥ ਹੀ ਗੰਦਾ ਹੋ ਜਾਂਦਾ ਹੈ, ਇਹ ਕਿਉਂ ? ਪਸ਼ੂ ਘਾਹ ਖਾਂਦਾ ਹੈ ਅਤੇ ਮਨੁਖ ਅੰਮ੍ਰਿਤ ਭੋਜਨ ਖਾਂਦਾ ਹੈ।

**ਬਚਨ ਬਿਬੇਕ ਟੇਕ ਸਾਧਨ ਕੈ ਸਾਧ ਭਏ ਅਧਮ ਅਸਾਧ ਖਲ ਬਚਨ ਦੁਰਾਉ ਹੈ ॥**

(ਗੁਰ) ਚਰਨਾਂ ਦੇ ਓਟ (ਲੈਕੇ) ਬਿਬੇਕ ਦੀ ਸਾਧਨਾ ਕਰਨ ਕਰਕੇ (ਪੁਰਸ਼)ਸਾਧੂ ਹੋ ਗਏ ਹਨ, (ਪਰ ਜਿਨ੍ਹਾਂ ਨੇ ਗੁਰ)ਬਚਨਾਂ ਵਲੋਂ ਲੁਕਾਉ ਕੀਤਾ ਹੈ (ਉਹ) ਮੂਰਖ ਬੁਰੇ ਪੁਰਸ਼ ਨੀਚ ਹੋ ਗਏ ਹਨ (ਅਰਥਾਤ ਗੁਰੂ ਦੇ ਆਸਰੇ ਹੋਕੇ ਵਿਵੇਕ ਵੀਚਾਰ ਕਰਨ ਵਾਲੇ ਸਾਧਾਰਨ ਪੁਰਸ਼ ਭੀ ਮਹਾਤਮਾਂ ਹੋ ਗਏ ਹਨ, ਪਰ ਜਿਨ੍ਹਾਂ ਨੇ ਗੁਰ ਬਚਨਾਂ ਵਲੋਂ ਆਪ ਨੂੰ ਲੁਕਾਇਆ ਹੈ, ਉਹ ਮੰਦੇ ਭਾਗਾਂ ਵਾਲੇ ਮੂਰਖ, ਨੀਚ ਤੇ ਬੁਰੇ ਪੁਰਸ਼ ਹੋ ਗਏ ਹਨ।

**ਰਸਨਾ ਅੰਮ੍ਰਿਤ ਰਸ ਰਸਿਕ ਰਸਾਇਨ ਹੁਇ ਮਾਨਸ ਬਿਖੈ ਧਰ ਬਿਖਮ ਬਿਖੁ ਤਾਉ ਹੈ ॥੨੦੧॥**

(ਜਿਨ੍ਹਾਂ ਦੀ) ਰਸਨਾ (ਗੁਰਬਾਣੀ ਰੂਪ) ਅੰਮ੍ਰਿਤ ਦੇ ਰਸ ਨੂੰ ਪੀਕੇ ਰਸਿਕ (ਹੋ ਗਈ ਹੈ, ਉਹ ਪੁਰਸ਼) ਰਸਾਇਣ ਰੂਪ ਹੋ ਗਏ ਹਨ, (ਜਿਸ ਤਰ੍ਹਾਂ ਰਸਾਇਕ ਰੂਪ ਗੰਧਕ ਵਾ ਪਾਰਾ ਤਾਂਬੇ ਨੂੰ ਸੋਨਾ ਕਰ ਦੇਂਦਾਹੈ, ਇਸੇ ਤਰ੍ਹਾਂ ਗੁਰਬਾਣੀ ਰੂਪ ਅੰਮ੍ਰਿਤ ਨੂੰ ਪੀਣ ਵਾਲੀ ਰਸਨਾ ਵਿਚ ਸ਼ਬਦ ਦਾ ਜ਼ੋਰ ਆ ਗਿਆ,ਫਿਰ ਸਾਧੂ ਬੋਲੈ ਸਹਜ ਸੁਭਾਇ॥ ਸਾਧ ਕਾ ਬੋਲਿਆ ਬਿਰਥਾ ਨ ਜਾਇ॥' ਵਾਲੀ ਜਗਾ ਤੇ ਪੁਜ ਗਈ ਹੈ, (ਪਰ ਜੇਹੜੇ ਗੁਰਬਾਣੀ ਤੋਂ ਬੇਮੁਖ ਹਨ, ਉਹ)ਮਨੁਖ ਦੇਹ ਰੂਪ ਸੱਪ ਹਨ ਅਤੇ ਉਹਨਾਂ ਦੇ ਅੰਦਰ ਬੜਾ ਭਾਰੀ ਜ਼ੇਹਰ ਦਾ ਤਾਉ ਰੂਪ ਵਿਸ਼ੈ ਵਾਸ਼ਨਾ ਪਈ ਹੋਈ ਹੈ, ਜਿਸ ਨਾਲ ਉਹ ਵਿਚੇ ਵਿਚ ਹੀ ਗਲਦੇ ਸੜਦੇ ਰਹਿੰਦੇ ਹਨ ॥ ੨੦੧ ॥

**ਪਸੂ ਖੜ ਖਾਤ ਖਲ ਸ਼ਬਦ ਸੁਰਤਿ ਹੀਨ ਮੋਨ ਕੋ ਮਹਾਤਮ ਪੈ ਅੰਮ੍ਰਿਤ ਪ੍ਰਵਾਹ ਜੀ ॥**

ਸ਼ਬਦ ਦੀ [ਸੁਰਤਿ] ਗਯਾਤ ਤੋਂ ਹੀਨਾ ਪਸ਼ੂ ਘਾਹ ਤੇ ਖਲ ਖਾਂਦਾ ਹੈ, (ਅਤੇ ਸਬਰ ਸੰਤੋਖ ਨਾਲ ਚੁਪ ਕੀਤਾ ਰਹਿੰਦਾ ਹੈ, ਉਸ) ਚੁਪ ਦੇ ਮਹਾਤਮ ਕਰਕੇ (ਹੀ ਉਸ ਤੋਂ)ਅੰਮ੍ਰਿਤ ਦਾ ਪ੍ਰਵਾਹ(ਅਰਥਾਤ ਦੁਧ ਵਗਦਾ) ਹੈ।

**ਨਾਨਾ ਮਿਸਟਾਨ ਖਾਨ ਪਾਨ ਮਾਨਸ ਮੁਖ ਰਸਨਾ ਰਸੀਲੀ ਹੋਇ ਸੋਈ ਭਲੀ ਤਾਹਿ ਜੀ ॥**

(ਪਰ) ਮਨੁਖ ਦੇਹ ਅਨੇਕ ਤਰਾਂ ਦੇ ਮਿਠੇ ਪਦਾਰਥ ਖਾਂਦਾ ਪੀਂਦਾ ਹੈ, (ਜੇਕਰ ਏਹ) ਮੂੰਹ ਰਸ ਭਰੀ ਰਸੀਲੀ ਬਾਨੀ ਬੋਲੇ ਤਾਂ ਇਸ ਵਾਸਤੇ ਉਹ ਪਦਾਰਥ ਖਾਣੇ ਭਲੇ ਹਨ।

**ਬਚਨ ਬਿਬੇਕ ਟੇਕ ਮਾਂਨਸ ਜਨਮ ਫਲ ਬਚਨ ਬਿਹੂਨ ਪਸ਼ੁ ਪਰਮਿਤਿ ਆਹਿ ਜੀ ॥**

ਜੇਕਰ ਬਿਬੇਕ ਦੀ ਓਟ ਧਾਰਕੇ ਬਚਨ ਬੋਲੇਤਦ ਤਾਂ ਮਨੁਖ ਜਨਮ ਦਾ ਫਲ ਹੈ,(ਵਿਚਾਰ ਤੋਂ)ਬਿਹੀਨ ਬਚਨ ਬੋਲਨ ਵਾਲਾ ਮਨੁਖ ਪਸ਼ੂਆਂ ਦੀ[ਪਰ ਮਿਤਿ]

ਹਦ ਦੇ ਅੰਦਰਹੈਗਾ ਹੈ ਜੀ,(ਅਰਥਾਤ ਜੋ ਵਿਚਾਰਕੇ ਬਚਨ ਬੋਲਦਾ ਹੈ, ਉਹ ਮਨੁਖ ਹੈ ਅਤੇ ਜੋ ਵੀਚਾਰ ਹੀਨਾ ਐਵੇਂ ਬੋਲੀ ਜਾਂਦਾ ਹੈ,ਉਹ ਪਸ਼ੂਆਂ ਦੇ ਅੰਦਰ ਹੈ,ਕਿਉਂਕਿ ਕੁਤਾ ਭੀ ਐਵੇਂ ਭਉਂ ਭਉਂ ਕਰ ਜਾਂਦਾ ਹੈ,ਇਸੇ ਤਰਾਂ ਉਹ ਭੀ ਫਜ਼ੂਲ ਬੋਲੀ ਜਾਂਦਾ ਹੈ।

**ਮਾਨਸ ਜਨਮ ਗਤਿ ਬਚਨ ਬਿਬੇਕ ਹੀਨ ਬਿਖਧਰ ਬਿਖਮ ਚਕਤ ਚਿਤ ਚਾਹਿ ਜੀ ॥ ੨੦੨॥**

ਬਿਬੇਕ ਦੇ ਬਚਨ ਤੋਂ ਹੀਨੇ ਮਨੁਖ ਜਨਮ ਦੀ [ਗਤਿ] ਦਸ਼ਾ ਬੜੇ ਭਿਆਨਕ ਸੱਪ ਦੇ ਸਮਾਨ ਹੈ, (ਜੋ) ਚਿਤ ਦੀ ਚਾਹਨਾ (ਰੂਪ ਜ਼ੈਹਰ ਨਾਲ) ਚਕ੍ਰਤ [ਹੈਰਾਨ] (ਹੋ ਰਿਹਾ) ਹੈ ॥੨੦੨॥

**ਦਰਸ ਧਿਆਨ ਬਿਰਹਾ ਬਿਆਪੈ ਦ੍ਰਿਗਨ ਹੁਇ ਸ੍ਰਵਨ ਬਿਰਹੁ ਬਿਆਪੈ ਮਧੁਰ ਬਚਨ ਕੈ ॥**

(ਗੁਰੂ ਦੇ) ਦਰਸ਼ਨ ਦਾ ਧਿਆਨ (ਰੂਪ ਹੋ ਕੇ) ਬਿਰਹਾ(ਮੇਰੀਆਂ)ਅਖਾਂ ਵਿਚ ਵਿਆਪਿਆ ਹੋਇਆ ਹੈ, (ਅਤੇ ਗੁਰੂ ਜੀ ਦੇ) ਮਿਠੇ ੨ ਬਚਨਾਂ (ਦੇ ਸੁਣਨ ਰੂਪ) ਹੋਕੇ ਬਿਰਹਾ (ਮੇਰੇ) ਕੰਨਾਂ ਵਿਚ ਵਿਆਪਿਆ ਹੋਇਆ ਹੈ।

**ਸੰਗਮ ਸਮਾਗਮ ਬਿਰਹੁ ਬਿਆਪੈ ਜਿਹਬਾ ਕੈ ਪਾਰਸ ਪਰਸ ਅੰਕ ਮਾਲ ਕੀ ਰਚਨ ਕੈ ॥**

ਸਤਸੰਗ ਦੇ ਮਿਲਾਪ(ਵਿਚਗੁਰੂ ਜੀਨਾਲ ਉਤਰ-ਪ੍ਰਸ਼ਨਰੂਪ ਧਾਰਨ ਕਰਕੇ)ਬਿਰਹਾਜੀਵ ਵਿਚ ਵਿਆਪਿਆ ਹੈ, ਅਤੇ ਪਾਰਸ (ਰੂਪ ਗੁਰੂ ਜੀ ਚਰਨ ਨੂੰ) ਪਰਸਨ ਤੇ(ਅੰਕਮਾਲ) ਘੁਟ ਕੇ ਜੱਫੀ ਪਾ ਲੈਣ(ਰੂਪ ਹੋਕੇ ਬਿਰਹਾ ਹਥਾਂ ਵਿਚ ਵਿਆਪਿਆ ਹੋਇਆ ਹੈ)।

**ਸਿਹਜਾ ਗਵਨ ਬਿਰਹਾ ਬਿਆਪੈ ਚਰਨ ਹੁਇ ਪ੍ਰੇਮ ਰਸ ਬਿਰਹ ਸ੍ਰਬੰਗ ਹੁਇ ਸਚਨ ਕੈ ॥**

(ਰਾਤ ਸਮੇਂ ਗੁਰੂ ਜੀ ਦਾ) ਸੇਜਾ ਤੇ ਗਵਨ ਸਮੇਂ [ਜਾਕੇ ਜੋ ਚਰਨ ਸੇਵਾ ਕਰਨ ਦੀ ਸਿਕ ਦਾ ਰੂਪ ਧਾਰਕੇ] ਬਿਰਹਾ ਪੈਰਾਂ ਵਿਚ ਬਿਆਪਿਆ ਹੋਇਆ ਹੈ, ਪ੍ਰੇਮ ਰਸ ਰੂਪ ਹੋਕੇ ਬਿਰਹਾ ਮੇਰੇ ਸਾਰੇ ਅੰਗਾਂ ਵਿਚ ਸੰਜਰਿਆ ਹੋਇਆ ਹੈ।

**ਰੋਮ ਰੋਮ ਬਿਰਹ ਬ੍ਰਿਥਾ ਕੈ ਬਿਹਬਲ ਭਈ ਸਸਾ ਜਿਉ ਬਹੀਰ ਪੀਰ ਪ੍ਰਬਲ ਤਚਨ ਕੈ ॥ ੨੦੩ ॥**

ਮੇਰ ਰੋਮ ਰੋਮ ਵਿਚ ਬਿਰਹਾ ਦੀ ਪੀੜ ਹੈ, (ਮੈਂ ਉਸ) ਕਰਕੇ ਬਿਹਬਲ (ਡੌਰੀ ਭੌਰੀ ਜੇਹੀ) ਹੋ ਗਈ ਹਾਂ,ਜਿਵੇਂਸ਼ਿਕਾਰੀਆਂਦੀ ਭੀੜ(ਵਿਚ ਇਕਇਕੱਲਾ) ਸਹਿਆ ਘੇਰਿਆ ਜਾਕੇਦੁਖੀ ਹੁੰਦਾਹੈ,(ਉਸੇ ਵਰਗੀ) ਜ਼ੋਰਦਾਰ ਪੀੜਾਮੇਰੇ ਸਰੀਰਨੂੰ ਤਪਾ ਰਹੀ ਹੈ।੨੦੩।

ਨੋਟ-ਇਸ ਕਥਨ ਤੋਂ ਪ੍ਰਤੀਤ ਹੁੰਦਾ ਹੈ,ਕਿਜਦੋਂ ਭਾਈ ਸਾਹਿਬ ਜੀਨੇ ਗੁਰ ਸੰਗਮ ਦੇਪ੍ਰਤਾਪ ਦਾ ਫਲ ਵਰਣਨ ਕੀਤਾ ਤਾਂ ਆਪਣੇ ਮਨ ਨੂੰ ਖਿਆਲ ਆ ਗਿਆ ਹੈ,ਜੋਮੈਂ ਗੁਰੂਜੀ ਤੋਂ ਵਿਛੜਕੇ ਦੁਰਾਡੇ ਬੈਠਾ ਹੋਇਆ ਹਾਂ,ਅਤੇਇਕ ਵਿਛੋੜਾ ਭੀਮੈਂ ਆਪੇ ਲਿਆ ਹੈ,ਮੈਂ ਭਗੌੜਾ ਹੋਕੇ ਉਥੋਂ ਨਾ ਨਸਦਾ, ਗੁਰੂ ਜੀ ਦੀ ਚਰਨ ਸ਼ਰਨ ਚਲਾ ਜਾਂਦਾ ਤਾਂ ਗੁਰੂ ਜੀ ਮੈਨੂੰ ਕੀ ਕਰਦੇ ? ਬਸ ! ਇਸ ਖਿਆਲ ਦੇ ਹੁੰਦੇ ਹੀ ਬਿਰਹਾ ਜਾਗ ਪਿਆ। ਹੁਣ ਬਿਰਹਾ ਸੁਲਤਾਨ ਨੇ ਸਾਰੇ ਸਰੀਰ ਤੇ ਆਪਣਾ ਤਹਿਤ ਜਮਾ ਲਿਆ। ਭਾਈ ਜੀ ਉਸ ਬਿਰਹਾ ਨਾਲ ਦੁਖੀ ਹੋਕੇ ਇਉਂ ਬੇਨਤੀ ਕਰਨ ਲਗੇ, ਜੋ ਉਪਰ ਕਥਨ ਕੀਤੀ ਹੈ।

**ਕਿੰਚਤ ਕਟਾਛ ਕ੍ਰਿਪਾ ਬਦਨ ਅਨੂਪ ਰੂਪ ਅਤਿ ਅਸਚਰਜ ਮੈ ਨਾਇਕਾ ਕਹਾਈ ਹੈ ॥**

(ਜਦੋਂ ਗੁਰੂ ਪਤੀ ਨੇ) ਥੋੜਾ ਜਿੰਨਾ ਭੀ ਕ੍ਰਿਪਾ ਕਟਾਖਯ ਨਾਲ ਵੇਖਿਆ (ਤਾਂ ਚੇਹਰੇ ਤੇ) ਅਨੂਪ ਰੂਪ (ਦਮਕ ਪਿਆ, ਜਿਸ ਕਰਕੇ, ਉਹ) ਅਚਰਜ ਰੂਪ ਵਾਲੀ ਨਾਇਕਾ(ਇਸਤ੍ਰੀ) ਕਹਾਉਂਦੀ ਹੈ।

**ਲੋਚਨ ਕੀ ਪੁਤਰੀ ਮੈ ਤਨਕ**

**ਤਾਰਕਾ ਸਿਆਮ ਤਾਕੋ ਪ੍ਰਤਿਬਿੰਬ ਤਿਲ ਬਨਿਤਾ ਬਨਾਈ ਹੈ ॥**

ਅਖਾਂ ਦੀ ਪੁਤਲੀ ਵਿਚ ਰਤਾ ਜਿੰਨੀ ਕਾਲੇ ਰੰਗ ਦੀ [ਤਾਰਕਾ] ਬਿਦੀ ਹੈ, ਉਸ ਦਾ ਪਰਛਾਵਾਂ ਰੂਪ ਤਿਲ ਹੈ, (ਉਸ ਦੀ ਬਿੰਦੀ) ਇਸਤ੍ਰੀ ਨੇ ਬਣਾਈ, (ਅਰਥਾਤ ਜਿਵੇਂ ਇਸਤ੍ਰੀਆਂ ਮਥੇ ਤੇ ਸੁਹਾਗ ਦੀ ਨਿਸ਼ਾਨੀ ਰੂਪ ਬਿੰਦੀ ਲਾਂਦੀਆਂ ਹਨ, ਇਵੇਂ ਹੀ ਨੇਤ੍ਰਾਂ ਦੀਆਂ ਪੁਤਲੀਆਂ ਦੇ ਪਰੇ, ਪਿਛਵਾੜੇ ਵਲੋਂ ਜੋ ਉਲਟਵਾਂ ਪ੍ਰਕਾਸ਼ ਹੈ, ਉਸ ਪ੍ਰਕਾਸ਼ ਦਾ ਸੋਮਾ, ਅੰਦਰਲੇ ਵਲ ਨੂੰ ਹੈ, ਗੁਰਮੁਖ ਉਸ ਨੂੰ ਬਿੰਦੀ ਬਣਾਈ ਰਖਦੇ ਹਨ)।

**ਕੋਟਿਨ ਕੋਟਾਨਿ ਛਬਿ ਤਿਲ ਛਿਪਤ ਛਾਹ ਕੋਟਿਨ ਕੋਟਾਨਿ ਸੋਭ ਲੋਭ ਲਲਚਾਈ ਹੈ ॥**

ਕਰੋੜਾਂ ਕਰੋੜ ਤਰਾਂ ਦੀਆਂ ਛਬਾਂ ਉਸ ਤਿਲ ਦੀ ਛਾਯਾ ਤਲੇ ਲੁਕਦੀਆਂ ਹਨ ਅਤੇ ਕਰੋੜ ਕਰੋੜ ਸੋਭਾ (ਉਸ ਤਿਲ ਦੀ ਸੋਭਾ ਦੇ) ਲੋਭ ਨੂੰ ਲਲਚਾ ਰਹੀਆਂ ਹਨ।

**ਕੋਟਿ ਬ੍ਰਹਮੰਡ ਕੇ ਨਾਇਕ ਕੀ ਨਾਇਕਾ ਭਈ ਤਿਲ ਕੇ ਤਿਲਕ ਸਰਬ ਨਾਇਕ ਮਿਟਾਈ ਹੈ ॥ ੨੦੪ ॥**

(ਉਹ) ਕਰੋੜਾਂ ਬ੍ਰਹਮੰਡਾਂ ਦੇ ਸਵਾਮੀ ਦੀ ਸਵਾਮਨੀ (ਘਰ ਵਾਲੀ) ਹੋ ਗਈ ਹੈ ਅਤੇ ਉਸ ਤਿਲ ਦੀ ਤਿਲਕ (ਚਮਕ) ਨੇ ਸਾਰੀਆਂ ਇਸਤ੍ਰੀਆਂ [ਆਭਾ] ਮਿਟਾ ਦਿਤੀ ਹੈ ॥ ੨੦੪ ॥

**ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ ॥**

ਸੁਪਨੇ ਦੇ ਕੌਤਕ ਰੂਪ ਚਿਤ੍ਰ (ਵਾਂਗੂ ਮੇਰੇ) ਬਾਨਕ (ਸੁਾਮੀ) ਬਚਿਤ੍ਰ ਬਣੇ ਹੋਏ ਹਨ (ਅਰਥਾਤ ਜੋ ਮੇਰਾ ਬਹੁਰੰਗੀ ਪ੍ਰੀਤਮ ਹੈ ਜੋ 'ਗਾਹੇ ਸੂਫ਼ੀ ਗਾਹੇ ਜਾਹਦ ਗਾਹ ਕਲੰਦਰ' ਹੋ ਜਾਂਦਾ ਹੈ), (ਉਹ) ਪਰਮ ਪਾਵਨ ਪਵਿਤਰ ਮਿਤਰ ਅਜ ਮੇਰੇ ਘਰ ਵਿਚ (ਪ੍ਰਗਟ) ਹੋ ਆਇਆ ਹੈ।

**ਪਰਮ ਦਿਆਲ ਲਾਲ ਲੋਚਨ ਬਿਸਾਲਿ ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈਂ ॥**

ਜੋ ਪਰਮ ਦਿਆਲੂ ਹੈ, ਲਾਲ ਲਾਲ ਅਤੇ ਮੋਟੇ ਨੇਤਰਾਂ ਵਾਲਾ ਹੈ (ਜਿਸ ਦੇ) ਮੁਖ ਦੇ ਬਚਨ ਬੜੇ ਰਸ ਭਰੇ ਹੋਏ ਮਿਠੇ ਹਨ (ਮਾਨੋ ਬਚਨਾਂ ਦੇ ਬਹਾਨੇ) ਅੰਮ੍ਰਿਤ ਪਿਆਉਂਦੇ ਹਨ।

**ਸੋਭਿਤ ਸਿਹਜ਼ਾਸਨ ਬਿਲਾਸਨ ਦੈ ਅੰਕਮਾਲ ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈਂ ॥**

ਸੇਜਾ ਦੇ ਆਸਨ ਤੇ ਸੋਭਾ ਪਾਂਦੇ ਹਨ, ਬਿਲਾਸ ਕਰਕੇ ਜਫੀ ਵਿਚ (ਮੈਨੂੰ ਲੈ ਲਿਆ ਹੈ) ਅਚਰਜ ਪ੍ਰੇਮ ਰਸ (ਆਨ ਪ੍ਰਾਪਤ) ਹੋਇਆ ਹੈ, (ਇਸ ਤਰਾਂ ਮੇਰਾ ਮਨ) ਸਹਜ ਵਿਚ ਸਮਾ ਗਿਆ ਹੈ।

**ਚਾਤ੍ਰਿਕ ਸ਼ਬਦ ਸੁਨਿ ਅਖੀਆਂ ਉਘਰ ਗਈ ਭਈ ਜਲ ਮੀਨ ਗਤਿ ਬਿਰਹਾ ਜਗਾਏ ਹੈਂ ॥ ੨੦੫ ॥**

[ਇਧਰੋਂ ਦਿਨ ਦਾ ਚੜ੍ਹਾਓ ਆਨ ਹੋਇਆ ਤਾਂ ਚਾਤ੍ਰਿਕ ਬੋਲ ਪਿਆ, ਉਸ] ਚਾਤ੍ਰਕ ਦਾ ਸ਼ਬਦ ਸੁਣ ਕੇ [ਮੇਰੀਆਂ] ਅਖਾਂ ਖੁਲ੍ਹ ਗਈਆਂ ਹਨ, [ਹੁਣ ਮੇਰੀ] ਦਸ਼ਾ ਐਸੀ ਹੋਈ ਹੈ ਜੈਸੀ ਜਲ ਤੋਂ ਵਿਛੜੀ ਹੋਈ ਮਛੀ ਦੀ ਹੁੰਦੀ ਹੈ [ਕਿਉਂਕਿ] ਬਿਰਹਾ [ਮੇਰੇ ਅੰਗ ਅੰਗ ਨੂੰ] ਸਾੜ ਰਿਹਾ ਹੈ ॥੨੦੫॥

ਭਾਵ—ਇਸ ਕਬਿਤ ਵਿਚ 'ਸੁਪਨ ਦਰਸ਼ਨ' ਦਾ ਵਰਣਨ ਕੀਤਾ ਹੈ ਕਿ ਜਗਿਆਸੂ ਭਜਨ ਸਿਮਰਨ ਕਰਦਾ ਰਹਿੰਦਾ ਹੈ ਤਾਂ ਕਿਸੇ ਸਮੇਂ ਅਜੇਹੀ ਇਕਾਗ੍ਰਤਾ ਹੋ ਜਾਂਦੀ ਹੈ ਜਿਸ ਵਿਚ ਅਲੌਕਕ ਅਨੰਦ ਪ੍ਰਾਪਤ ਹੁੰਦਾ ਹੈ, ਠੀਕ ਉਹ ਸੁਪਨ ਅਵਸਥਾ ਦੀ ਹਾਲਤ ਹੋ ਜਾਂਦੀ ਹੈ, ਉਸ ਵੇਲੇ ਮਨ ਦੀ ਇਕਾਗ੍ਰਤਾ ਕਰਕੇ ਉਹ ਅਕੈਹ ਅਨੰਦ ਪ੍ਰਾਪਤ ਹੁੰਦਾ ਹੈ ਜਿਸਦਾ ਵਰਣਨ ਕੀਤਾ ਨਹੀਂ ਜਾਂਦਾ, ਪਰ ਏਹ ਸਮਾਂ ਫਿਰ

ਝਟ)ਹੀ ਲੀਨ ਹੋ ਜਾਂਦਾ ਹੈ ਅਤੇ ਵਿਛੋੜੇ ਜਨ ਦੁਖ ਸਰੀਰ ਨੂੰ ਤਪਾਉਣ ਲਗਦਾ ਹੈ, ਉਸ ਵੇਲੇ ਜਗਯਾਸੂ ਫੇਰ ਅਰਜ਼ਾਂ ਕਰਦਾ ਹੈ='ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥''

**ਦੇਖਬੇ ਕਉ ਦ੍ਰਿਸ਼ਟਿ ਨ ਦਰਸੁ ਦਿਖਾਇਬੇ ਕਉ ਕੈਸੇ ਪ੍ਰਿਯ ਦਰਸਨੁ ਦੇਖੀਐ ਦਿਖਾਈਐ ॥**

ਦੇਖਣ ਨੂੰ ਅਖਾਂ ਨਹੀਂ ਹਨ,ਦਰਸ਼ਨ ਵਿਖਾਉਣ ਨੂੰ (ਪ੍ਰਭੂ ਤਿਆਰ) ਨਹੀਂ ਹੈ, ਤਾਂ ਫਿਰ ਪ੍ਰੀਤਮ ਦੇ ਦਰਸ਼ਨ ਨੂੰ ਕੋਈ ਕਿਸ ਤਰਾਂ ਨਾਲ ਦੇਖੇਗਾ? ਅਤੇ ਪ੍ਰੀਤਮ ਉਸਨੂੰ ਕਿਸ ਤਰਾਂ ਦਰਸ਼ਨਦਿਖਾਵੇਗਾ

**ਕਹਿਬੇ ਕਉ ਸੁਰਤਿ ਹੈ ਨ ਸ੍ਰਵਨ ਸੁਨਬੇ ਕਉ ਕੈਸੇ ਗੁਨ ਨਿਧਿ ਗੁਨ ਸੁਨੀਐ ਸੁਨਾਈਐ ॥**

ਕਹਿਣ ਵਾਲੇ ਨੂੰ ਸੁਰਤੀ ਨਹੀਂ ਹੈ, ਸੁਨਣ ਵਾਲੇ ਨੂੰ ਕੰਨ ਨਹੀਂ ਹਨ, ਤਾਂ ਫਿਰ ਕੋਈ ਕਿਸ ਤਰਾਂ ਨਾਲ ਗੁਣਾਂ ਦੇ ਭੰਡਾਰ ਦੇ ਗੁਣਾਂ ਨੂੰ ਸੁਣੀਏ ਤੇ ਕਿਸ ਤਰਾਂ ਸੁਣਾਈਏ ?

**ਮਨ ਮੈ ਨ ਗੁਰਮਤਿ ਗੁਰਮਤਿ ਮੈ ਨ ਮਨ ਨਿਹਚਲ ਹੁਇ ਨ ਉਨਮਨ ਲਿਵ ਲਾਈਐ ॥**

ਮਨ ਵਿਚ ਗੁਰ ਸਿਖਯਾ ਨਹੀਂ (ਵਸੀ ਹੈ) ਅਤੇ ਗੁਰ ਸਿਖਯਾ ਵਿਚ ਮਨ ਥਿਰ ਨਹੀਂ ਹੋਇਆ ਹੈ, ਤਾਂ ਫਿਰ ਅਚਲ ਨਹੀਂ ਹੋਵੇਗਾ ਤੇ ਉਨਮਨੀ ਵਿਚ ਲਿਵ ਨੂੰ ਕਿਸ ਤਰਾਂ ਲਾਵੇਗਾ ?

**ਅੰਗ ਅੰਗ ਭੰਗ ਰੰਗ ਰੂਪ ਕੁਲ ਹੀਨ ਦੀਨ ਕੈਸੇ ਬਹੁ ਨਾਇਕ ਕੀ ਨਾਇਕਾ ਕਹਾਈਐ ॥੨੦੬॥**

(ਜਿਸ ਦਾ) ਅੰਗ ਅੰਗ ਹੀਨ ਹੋ ਚੁਕਾ ਹੈ, (ਜੋ) ਰੂਪ, ਰੰਗ ਤੇ ਕੁਲ ਤੋਂ ਹੀਨੀ ਤੇ ਮਹਾਂ ਗਰੀਬਨੀ ਹੈ, (ਉਹ)ਕਿਸ ਤਰਾਂ ਨਾਲ ਵਡੇ ਭਾਰੇ ਸਵਾਮੀ ਦੀ ਪਤਨੀ ਕਹਾ ਸਕਦੀ ਹੈ ?

**ਬਿਰਹ ਬਿਓਗ ਰੋਗ ਦੁਖਤਿ ਹੁਇ ਬਿਰਹਨੀ ਕਹਤ ਸੰਦੇਸ ਪਥਿਕਨ ਪੈ ਉਸਾਸ ਤੇ ॥**

[ਪਥਿਕਨ=ਰਾਹੀਆਂ, ਮੁਸਾਫਰਾਂ।ਉਸਾਸ=]
[ਹਾਉਕੇ। ਪਰੇਵਾ=ਬਟੇਰਾ,ਜੋਚਿੜੇ ਜਿਡਾ]
[ਹੁੰਦਾ ਹੈ। ਰਿਪੁ=ਵੈਰੀ। ਤਾਰਿਕ=ਤਾਰੇ]
[ਹਿਰਾਤ=ਨਾਸ ਹੋ ਜਾਣਗੇ। ]

ਵਿਛੋੜੇ ਤੋਂ ਪੈਦਾ ਹੋਏ ਬਿਰਹਾ ਰੋਗ ਨਾਲ ਬਿਰਹਨੀ ਬਿਰਹਾਤੁਰਾ ਹੋਈ ਹੋਈ ਹੋਈ (ਲਾਜ ਕੁਲਾਜ ਦਾ ਤਿਆਗ ਕਰਕੇ) ਠੰਡੇ ਹਾਉਕੇ ਲੈਂਦੀ ਹੋਈ ਰਾਹੀਆਂ-ਪਾਂਧੀਆਂ ਦੇ ਹਥੀਂ ਪਰਦੇਸ ਗਏ ਹੋਏ ਪਤੀ ਨੂੰ ਸੁਨੇਹੇ ਕਹਿੰਦੀ ਹੈ।

**ਦੇਖਹੁ ਤ੍ਰਿਗਦ ਜੋਨਿ ਪ੍ਰੇਮ ਕੈ ਪਰੇਵਾ ਪਰ ਕਰ ਨਾਇ ਦੇਖਿ ਝੂਟਤ ਅਕਾਸ ਤੇ ॥**

ਵੇਖੋ, ਤਾਮਸੀ ਜੂਨਾਂ ਵੱਲ, (ਜੋ) ਪ੍ਰੇਮ ਕਰਕੇ ਬਟੇਰਾ ਇਸਤਰੀ ਦੇ ਦੁਖ ਨੂੰ ਵੇਖਕੇ ਅਕਾਸ਼ ਤੋਂ ਪਰ ਮਾਰ ਮਾਰ ਕਰ ਅਕਾਸ਼ ਤੋਂ (ਇਸਤਰੀ ਉਤੇ) ਟੁਟਕੇ ਪੈ ਜਾਂਦਾ ਹੈ।

**ਤੁਮ ਤਉ ਚਤੁਰ ਦਸ ਬਿਦਯਾ ਕੇ ਨਿਧਾਨ ਪ੍ਰਿਯ ਤ੍ਰਿਆ ਨ ਛਡਾਵਹੁ ਬਿਰਹਾ ਰਿਪੁ ਤ੍ਰਾਸ ਤੇ ॥**

(ਸ੍ਵਾਮੀ ਜੀ!) ਤੁਸੀਂ ਤਾਂ ਚੌਦਾਂ ਵਿਦਯਾ ਦੇ ਭੰਡਾਰ ਹੋ, ਆਪਣੀ ਇਸਤਰੀ ਨੂੰ ਬਿਰਹਾ ਰੂਪ ਵੈਰੀ ਦੇ ਡਰ ਤੋਂ ਕਿਉਂ ਨਹੀਂ ਛੁਡਾਉਂਦੇ ਹੋ ?

**ਚਰਨ ਬਿਮੁਖ ਦੁਖ ਤਾਰਿਕਾ ਚਮਤਕਾਰ ਹੇਰਤ ਹਿਰਹਿ ਰਵਿ ਦਰਸ ਪ੍ਰਗਾਸ ਤੇ ॥ ੨੦੭ ॥**

(ਆਪ ਜੀ ਦੇ) ਚਰਨਾਂ ਤੋਂ ਬੇਮੁਖਤਾਈ ਦਾ ਜੋ ਦੁਖ ਹੈ,(ਉਹ ਹਨੇਰੀ ਰਾਤ ਵਿਚ)ਤਾਰਿਆਂ ਸਮਾਨ

ਚਮਕ ੨ ਕੇ ਡਰਾਉਂਦਾ ਹੈ,(ਜੋ ਆਪ ਦੇ) ਦਰਸ਼ਨ ਰੂਪ ਸੂਰਜ ਦੇ ਪ੍ਰਕਾਸ਼ ਨੂੰ ਵੇਖਦਾ ਹੀ ਨਾਸ ਹੋ ਜਾਵੇਗਾ ?

ਭਾਵ ਭਾਈ ਸਾਹਿਬ ਜੀ ਆਪਣੇ ਆਪ ਨੂੰ ਬਿਰਹਾ ਤੁਰਾ ਰੂਪ ਵਿਚ ਵੇਖਕੇ, ਬੇਨਤੀਆਂ ਕਰਦੇ ਹਨ, ਹੇ ਸਤਿਗੁਰੂ ਜੀ ! ਮੈਂ ਤਾਂ ਭਗੌੜਾ ਹੋਕੇ ਆ ਗਿਆ ਹਾਂ ਹੁਣ ਕ੍ਰਿਪਾ ਕਰਕੇ ਚਰਨਾਂ ਨਾਲ ਮੇਲ ਲਵੋ, ਆਪਣੀ ਇਸਤਰੀ ਦੇ ਵਿਛੋੜੇ ਰੂਪ ਦੁਖ ਨੂੰ ਪੰਛੀ ਨਹੀਂ ਸਹਾਰ ਸਕਦਾ,ਫਿਰ ਆਪ ਚੌਦਾਂ ਵਿਦਜਾ ਦੇ ਭੰਡਾਰ ਹੁੰਦੇ ਹੋਏ ਜਗਯਾਸੂ ਰੂਪ ਬਿਹਰਨੀ ਦੇ ਦੁਖ ਨੂੰ ਕਿਵੇਂ ਵੇਖਕੇ ਸਹਾਰ ਰਹੇ ਹੋ ? ॥੨੦੭॥

**ਜੋਈ ਪ੍ਰਿਅ ਭਾਵੈ ਤਾਹਿ ਦੇਖਿ ਅਉ ਦਿਖਾਵੈ ਆਪ ਦ੍ਰਿਸ਼ਟਿ ਦਰਸ ਮਿਲਿ ਸੋਭਾ ਦੈ ਸੁਹਾਵਈ ॥**

ਜੇਹੜੀ (ਜਗਯਾਸੂ ਰੂਪ ਇਸਤ੍ਰੀ ਵਾਹਿਗੁਰੂ) ਪਤੀ ਨੂੰ ਭਾਉਂਦੀ ਹੈ, (ਪ੍ਰਭੂ ਪਹਿਲੇ) ਉਸ ਨੂੰ ਆਪ ਵੇਖਦਾ ਹੈ,(ਫਿਰ ਉਸਨੂੰਦਰਸ਼ਨ)ਵਿਖਾਉਂਦਾ ਹੈ,(ਇਸਤਰ੍ਹਾਂ ਪਰਸਪਰ)ਦ੍ਰਿਸ਼ਟੀ ਤੇ ਦਰਸ਼ਨ ਮਿਲਾ ਕੇ ਸੋਭਾ ਕਰਕੇ ਕਰਕੇ ਸੁਹਾਵਣੇ ਹੋ ਜਾਂਦੇ ਹਨ।

**ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ ਸ਼ਬਦ ਸੁਰਤਿ ਗੁਰ ਗਿਆਨ ਉਪਜਾਵਈ ॥**

ਜੇਹੜੀ (ਜਗਯਾਸੂ ਇਸਤ੍ਰੀ ਪ੍ਰਭੂ) ਪਤੀ ਨੂੰ ਭਾਉਂਦੀ ਹੈ, ਉਸ ਨੂੰ (ਗੁਰੂ ਦੇ) ਮੁਖ ਤੋਂ (ਉਪਦੇਸ਼ ਰੂਪ) ਬਚਨ ਸੁਣਵਾਂਦਾ ਹੈ,(ਫਿਰ ਉਹ) ਗੁਰ ਸ਼ਬਦ ਵਿਚ ਸੁਰਤੀ(ਜੋੜਕੇ)ਗਿਆਨ ਪੈਦਾਕਰ ਲੈਂਦੀ ਹੈ।

**ਜੋਈ ਪ੍ਰਿਅ ਭਾਵੈ ਦਹ ਦਿਸਿ ਪ੍ਰਗਟਾਵੈ ਤਾਹਿ ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ ॥**

ਜੇਹੜੀ(ਜੀਵ ਇਸਤਰੀ ਪ੍ਰਭੂ)ਪਤੀਨੂੰ ਭਾਉਂਦੀ ਹੈ,ਉਸਨੂੰ(ਪ੍ਰਭੂ)ਦਸਾਂ ਦਿਸਾਂ ਵਿਚ ਪ੍ਰਗਟ[ਮਸ਼ਹੂਰ] ਕਰ ਦੇਂਦਾ ਹੈ, (ਫਿਰ) ਓਹੀ (ਜੀਵ ਇਸਤਰੀ) [ਬਹੁ=ਵਹੁ]ਉਸ ਸ੍ਵਾਮੀਦੀਇਸਤਰੀ ਕਹਾਉਂਦੀ ਹੈ।

**ਜੋਈ ਪ੍ਰਿਅ ਭਾਵੈ ਸਿਹਜਾਸਨ ਮਿਲਾਵੈ ਤਾਹਿ ਪ੍ਰੇਮ ਰਸ ਬਸਿ ਕਰਿ ਅਪਿਉ ਪਿਆਵਈ ॥੨੦੮॥**

ਜੇਹੜੀ (ਪ੍ਰਭੂ ਪਤੀ ਨੂੰ ਭਾਉਂਦੀ ਹੈ, (ਪ੍ਰਭੂ) ਉਸੇ ਨੂੰ ਹੀ ਅੰਤਹ ਕਰਣ ਰੂਪ ਸੇਜਾ ਉਪਰ (ਆਕੇ ਆਪਣੇ ਨਾਲ) ਮਿਲਾ ਲੈਂਦਾ ਹੈ, (ਅਤੇ ਉਸਦੇ) ਪ੍ਰੇਮ ਰਸ ਦੇ ਵਸ ਹੋ ਕਰਕੇ (ਉਸਨੂੰ ਆਤਮ ਅਨੰਦ ਰੂਪ) ਅੰਮ੍ਰਿਤ ਪਿਆਉਂਦਾ ਹੈ ੨੦੮॥

**ਜੋਈ ਪ੍ਰਿਅ ਭਾਵੈ ਤਾਹਿ ਸੁੰਦਰਤਾ ਕੈ ਸੁਹਾਵੈ ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ ॥**

ਜੇਹੜੀ ਪਤੀ ਨੂੰ ਭਾਉਂਦੀ ਹੈ, ਓਹੀ ਸੁੰਦਰਤਾ ਕਰ ਕੇ ਸੁਹਾਉਂਦੀ ਹੈ ਅਤੇ ਓਹੀ ਛਬਿ ਕਰਕੇ ਛਬੀਲੀ(ਬਣ ਜਾਣ ਕਰਕੇ)ਸੁੰਦਰੀ ਕਹਾਉਂਦੀ ਹੈ।

**ਜੋਈ ਪ੍ਰਿਅ ਭਾਵੈ ਤਾਹਿ ਬਾਨਕ ਬਧੂ ਬਨਾਵੈ ਸੋਈ ਬਨਿਤਾ ਕਹਾਵੈ ਰੰਗ ਕੈ ਰੰਗੀਲੀ ਹੈ ॥**

ਜੇਹੜੀ ਪਤੀ ਨੂੰ ਭਾਉਂਦੀ ਹੈ, (ਬਾਨਕ) ਬਹੁਰੰਗੀ ਸਵਾਮੀ ਉਸੇ ਨੂੰ (ਆਪਣੀ) ਵਹੁਟੀ ਬਣਾਉਂਦਾ ਹੈ, (ਫਿਰ) ਉਹ ਰੰਗ ਕਰਕੇ ਰੰਗੀਲੀ(ਬਣਕੇ) ਬਨਿਤਾ (ਸੁਪਤਨੀ) ਕਹਾਉਂਦੀ ਹੈ।

**ਜੋਈ ਪ੍ਰਿਅ ਭਾਵੈ ਤਾਕੀ ਸਬੈ ਕਾਮਨਾ ਪੁਜਾਵੈ ਸੋਈ ਕਾਮਨੀ ਕਹਾਵੈ ਸੀਲ ਕੈ ਸੁਸੀਲੀ ਹੈ ॥**

ਜੇਹੜੀ ਪਤੀ ਨੂੰ ਭਾਉਂਦੀ ਹੈ, ਉਸਦੀਆਂ ਸਾਰੀਆਂ ਕਾਮਨਾ ਪੂਰੀਆਂ ਕਰ ਦੇਂਦਾ ਹੈ, (ਫਿਰ) ਉਹ ਸੀਲ [ਧਰਮ] ਕਰਕੇ ਸੁਸੀਲੀ (ਬਣਕੇ) ਕਾਮਨੀ [ਅਰਧੰਗੀ] ਕਹਾਉਂਦੀ ਹੈ।

**ਜੋਈ ਪ੍ਰਿਅ ਭਾਵੈ ਤਾਹਿ ਪ੍ਰੇਮ ਰਸ**

**ਲੈ ਪੀਆਵੈ ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ ॥੨੦੯॥**

ਜੇਹੜੀ ਪਿਆਰੇ ਪਤੀ ਨੂੰ ਭਾਉਂਦੀ ਹੈ, ਉਸ ਨੂੰ (ਪ੍ਰਭੂ) ਪ੍ਰੇਮ ਰਸ ਲੈ ਕੇ ਪਿਆਉਂਦਾ ਹੈ, (ਫਿਰ) ਰਸਿਕ ਰਸੀਲੀ ਹੋ ਕੇ ਪ੍ਰੇਮਨੀ (ਪ੍ਰੇਮ ਪਾਤ੍ਰੀ) ਕਹਾਉਂਦੀ ਹੈ ॥੨੦੯॥

**ਬਿਰਹ ਬਿਓਗ ਸੋਗ ਸੇਤ ਰੂਪ ਹੁਇ ਕ੍ਰਿਤਾਸ ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ ॥**

ਮਸਵਾਨੀ=ਦਵਾਤ। ਮਸੁ–ਸਿਆਹੀ । ਕ੍ਰਿਸਨ=ਕਾਲੀ । ਭੇਖ=ਦਸ਼ਾ ਹਾਲਤ ॥ ਲੇਖਨਿ=ਕਲਮ । ਆਤਮ ਅਵੇਸ=ਦਿਲ ਦੇ ਉਬਾਲ। ਉਸਾਸਨ–ਹਉਕੇ

(ਪਤੀ ਦੇ) ਵਿਛੋੜੇ ਤੋਂ (ਜੋ)ਬਿਰਹਾ ਰੋਗ ਹੋਯਾ ਹੈ,(ਉਸੇ) ਰੋਗ ਕਰਕੇ (ਕ੍ਰਿਤਾਸ) ਕਾਗਤ (ਵਰਗਾ ਚਿੱਟਾ ਫਟਕ)ਰੂਪ ਹੋ ਗਿ ਆ ਹੈ,(ਫਿਰ ਜਦ)ਬਿਦੇਸ਼ ਵਿਚ(ਗਏ ਹੋਏ ਪ੍ਰੀਤਮ ਵਲ)ਚਿਠੀ ਲਿਖੀ ਦੀ ਹੈ (ਤਾਂ ਉਹ ਕਾਗਤ) ਟੁਕੜੇ ਟੁਕੜੇ ਹੋ ਜਾਂਦਾ ਹੈ (ਅਰਥਾਤ ਇਥੇ ਕਾਗਤ ਦਾ ਰੰਗ ਚਿਟਾ ਹੋਣਾ ਤੇ ਫਿਰ ਉਸ ਕਾਗਤ ਦਾ ਚਿਠੀ ਦੀ ਸ਼ਕਲ ਅਖਤਿਆਰ ਕਰਨ ਲਈ ਟੋਟੇ ਟੋਟੇ ਹੋ ਜਾਣ ਦਾ ਕਾਰਣ, ਇਹ ਦਸਿਆ ਜੋ ਇਹ ਭੀ ਆਪਣੇ ਪ੍ਰੀਤਮ ਤੋਂ ਵਿਛੜਿਆ ਹੋਇਆ ਹੈ)।

**ਬਿਰਹ ਅਗਨਿ ਮਸਵਾਨੀ ਮਸੁ ਕ੍ਰਿਸ਼ਨ ਹੁਇ ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ ॥**

ਬਿਰਹ ਅੱਗ ਕਰਕੇ ਹੀ ਦਵਾਤ ਤੇ ਸਿਆਹੀ ਕਾਲੀ ਹੋਈ ਹੈ, (ਕਿਉਂਕਿ) ਬਿਰਹਨੀ (ਇਸਤਰੀ ਆਪਨੀ) ਹਾਲਤ ਦੇ ਦੁਖਦਾਈ ਸੰਦੇਸੇ(ਪਤੀ ਵੱਲ) (ਇਸੇ ਮਸੁ ਤੇ ਮਸਵਾਨੀ ਨਾਲ) ਲਿਖਦੀ ਹੈ।

ਯਥਾ: 'ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮਕੇ ਹਉ ਬਿਰਹਾ ਜਾਲੀ ॥'

ਸਪਸ਼ਟ ਕਿਹਾ ਹੈ, ਵਿਛੋੜੇ ਦੀ ਅਗ ਵਿਚ ਸੜੀ ਹੋਈ ਕੋਇਲ ਕਾਲੀ ਹੋ ਗਈ ਹੈ,ਇਸੇ ਤਰ੍ਹਾਂ ਵਿਛੋੜੇ ਦੀ ਅਗ ਨਾਲ ਸੜੀ ਹੋਈ, ਦਵਾਤ ਤੇ ਸ਼ਾਹੀ ਭੀ ਕਾਲੀ ਹੋ ਗਈ ਹੈ, ਦੂਜਾ ਬਿਰਹਨੀ ਦੇ ਦੁਖਤ ਸਮਾਚਾਰ ਭੀ ਇਸੇ ਨਾਲ ਲਿਖੇ ਜਾਂਦੇ ਹਨ, ਇਸ ਕਰਕੇ ਭੀ ਘੋਰ ਕਾਲੀ ਹੋ ਗਈ ਹੈ।

**ਬਿਰਹ ਬਿਓਗ ਰੋਗ ਲੇਖਨਿ ਕੀ ਛਾਤੀ ਫਾਟੀ ਰੁਦਨ ਕਰਤ ਲਿਖੈ ਆਤਮ ਅਵੇਸ ਤੇ ॥**

ਵਿਛੋੜੇ ਤੋਂ ਪੈਦਾ ਹੋਏ ਬਿਰਹਾ ਰੋਗ ਕਰਕੇ ਹੀ ਕਲਮ ਦੀ ਛਾਤੀ ਪਾਟ ਗਈ ਹੈ, (ਜੋ) ਦਿਲ ਦੇ ਉਬਾਲ ਜਾਂ ਆਪਣੀਆਂ ਹਵਾੜਾਂ ਕਢਣ ਲਈ ਜੋ ਪ੍ਰੀਤਮ ਵਲ ਚਿਠੀ ਕਲਮ ਲਿਖਦੀ ਹੈ, ਉਹ ਚਿਠੀ ਨਹੀਂ ਲਿਖ ਰਹੀ, ਮਾਨੋ ਇਹ ਕਲਮ ਵਿਰਲਾਪ ਕਰਦੀ ਹੈ।

**ਬਿਰਹਨ ਉਸਾਸਨ ਪ੍ਰਗਾਸਨ ਦੁਖਿਤ ਗਤਿ ਬਿਰਹਨੀ ਕੈਸੇ ਜੀਐ ਬਿਰਹ ਪ੍ਰਵੇਸ ਤੇ ॥੨੧੦॥**

ਬਿਰਹ ਕਰਕੇ (ਜੋ)ਦੁਖੀ ਗਤੀ[ਦਸ਼ਾ](ਹੋ ਗਈ ਹੈ, ਉਸ ਹਾਲਤ ਨੂੰ) ਹਾਉਕਿਆਂ ਨਾਲ ਪ੍ਰਗਾਸਨ (ਜ਼ਾਹਰ) ਕਰਦੀ ਹੈ, (ਇਸ ਤਰ੍ਹਾਂ ਦੀ) ਬਿਰਹਨੀ, (ਜਿਸਨੇ ਤਨ ਬਦਨ ਵਿਚ)ਬਿਰਹਾ ਨੇ ਪ੍ਰਵੇਸ਼ ਕੀਤਾ ਹੋਇਆ ਹੈ,(ਉਹ)ਕਿਸ ਤਰ੍ਹਾਂ ਜੀਵੇਂਗੀ?(ਅਰਥਾਂਤ ਏਹ ਨਿਯਮ ਹੈ ਕਿ ਮਨ ਦੀ ਦੁਖੀ ਦਸ਼ਾ ਵੇਲੇ ਹੀ ਠੰਡੇ ਹਾਉਕੇ ਆਉਂਦੇ ਹਨ, ਉਹਨਾਂ ਹਉਕਿਆਂ ਦਾ ਨਾਮ ਹੀ ਉਸਾਸਨ ਹੈ, ਇਸ ਲਈ ਸਭ ਤੋਂ ਵਡੀ ਦੁਖਦਾਈ ਦਸ਼ਾ ਪਤੀ ਦਾ ਵਿਛੋੜਾ ਹੈ, ਏਹ ਦੁਖ ਅਜੇਹਾ ਹੈ, ਜੋ ਅੰਦਰੋਂ ਅੰਦਰ ਤੀਵੀਂ ਨੂੰ ਖਾਰਦਾ ਜਾਂਦਾ ਹੈ, ਉਪਰੋਂ ਤਾਂ ਕੋਈ ਰੋਗ ਨਜ਼ਰ ਨਹੀਂ ਆਉਂਦਾ, ਪਰ ਅੰਦਰੋਂ ਅੰਦਰ ਸਤਾ ਰਹਿੰਦੀ ਹੀ ਨਹੀਂ ਤਾਂ ਅਜੇਹੀ ਦਸ਼ਾ ਵਾਲੀ ਬਿਰਹਨੀ ਦਾ ਜੀਵਨ ਹੀ ਕਿਸ ਤਰ੍ਹਾਂ ਹੋਵੇਗਾ ? ॥੨੧੦॥

**ਪੂਰਬ ਸੰਜੋਗ ਮਿਲਿ ਸੁਜਨ**

**ਸਗਾਈ ਹੋਤ ਸਿਮਰਤ ਸੁਨਿ ਸੁਨਿ ਸ੍ਰਵਨ ਸੰਦੇਸ ਕੇ ॥**

ਪੂਰਬਲੇ(ਕ੍ਰਮਾਂ ਦੇ) ਸੰਜੋਗ(ਕਰਕੇ) ਭਲੇ ਪੁਰਸ਼ਾਂ ਦੇ ਮੇਲ ਵਿਚ ਸਗਾਈ [ਕੁੜਮਾਈ] ਹੁੰਦੀ ਹੈ, (ਤਾਂ ਫਿਰ ਲੜਕੀ) ਸੰਜੋਗੀ ਦੀਆਂ (ਗਲਾਂ) ਕੰਨੀ ਸੁਣ ਸੁਣਕੇ [ਸਿਮਰਤ] ਯਾਦ ਕਰਦੀ ਹੈ।

**ਬਿਧਿ ਸੈ ਬਿਵਾਹੇ ਮਿਲਿ ਦ੍ਰਿਸ਼ਟਿ ਦਰਸ ਲਿਵ ਬਿਦਜ਼ਮਾਨ ਧਿਆਨ ਰਸ ਰੂਪ ਰੰਗ ਭੇਸ ਕੇ ॥**

(ਫਿਰਜਦ)ਮਰਜਾਦਾ ਨਾਲ ਵਿਆਹ ਹੋ ਜਾਂਦਾ ਹੈ,(ਤਾਂ ਪਤੀ ਪਤਨੀ) ਮਿਲਦੇ ਹਨ, (ਤਾਂ) ਦ੍ਰਿਸ਼ਟੀ ਵਿਚ ਦਰਸ਼ਨ ਦੀ ਲਿਵ(ਜੁੜ ਜਾਂਦੀ ਹੈ ਅਤੇ ਪਤੀ ਪਤਨੀ) ਪਰਤਖ ਧਿਆਨ ਦਾ ਰਸ, ਰੂਪ ਰੰਗ ਤੇ ਭੇਸ ਕਰ ਲੈਂਦੇ ਹਨ [ਅਰਥਾਤ ਜਿਵੇਂ ਜਗਤ ਵਿਚ ਇਸਤਰੀ ਪੁਰਸ਼ ਦੇਵਿਆਹ ਤੋਂ ਪਹਿਲਾਂ ਕੁੜਮਾਈ ਹੁੰਦੀ ਹੈ, ਜੋ ਸਜਨਾਂ ਸਬੰਧੀਆਂ ਦੇ ਮੇਲ ਮਿਲਾਪ ਵਿਚ ਹੁੰਦੀ ਤੇ ਉਸਦੇ ਮਗਰੋਂ ਮਰਯਾਦਾ ਪੂਰਬਕ ਵਿਆਹ,ਵਿਆਹ ਹੋਣ ਤਕ ਲੁਕਾ ਛਿਪਾਓ ਰਹਿੰਦਾ ਹੈ, ਲੜਕੀ ਲੜਕੇ ਪਾਸੋਂ ਤੇ ਲੜਕੇ ਦੇ ਸਕੇ ਸਹੋਦਰਾਂ ਪਾਸੋਂ ਲੁਕ ਛਿਪਕੇ ਸਮਾਂ ਗੁਜ਼ਾਰਦੀ ਹੈ, ਅਤੇ ਵਿਆਹ ਦੇ ਮਗਰੋਂ ਹਰਇਕ ਦੇ ਬਿਦਜ਼ਮਾਨ ਹੁੰਦਿਆਂ, ਸਾਰੇ ਅੰਗਾਂ ਸਾਕਾਂ ਜਾਂ ਯਾਰਾਂ ਦੋਸਤਾਂ ਦੇ ਸਾਹਮਣੇ, ਨਿਝਕ ਹੋਕੇ ਪਤੀ ਦੇ ਰੂਪ, ਰਸ ਰੰਗ ਤੇ ਭੇਸ ਵਿਚ ਸ਼ਾਮਲ ਹੋ ਜਾਂਦੀ ਹੈ, ਠੀਕ ਇਸੇ ਤਰਾਂ ਪਰਮਾਰਥੀ ਮਰਯਾਦਾ ਹੈ, ਜਦ ਕੋਈ ਪੂਰਨ ਭਾਗ ਉਦੇ ਹੁੰਦਾ ਹੈ ਤਾਂ ਗੁਰੂ ਸੰਤ ਦਾ ਮੇਲ ਹੁੰਦਾ ਹੈ, ਏਹ ਮੇਲ ਹੀ ਮਾਨੋ ਕੁੜਮਾਈ ਹੋਈ ਹੈ, ਇਸ ਦੇ ਮਗਰੋਂ ਮਰਯਾਦਾ ਪੂਰਬਕ ਵਿਆਹ,ਜੈਸਾ ਕਿ ਗੁਰਸਿਖੀ 'ਚ ਅੰਮ੍ਰਿਤ ਛਕਨ ਦੀ ਮ੍ਰਯਾਦਾ ਦਾ ਹੋਣਾ ਮਾਨੋਵਿਵਾਹ ਹੋਇਆ ਹੈ,ਇਸਦੇ ਬਾਦ ਸਿਖ ਗੁਰੂ ਦੇ ਰੂਪ,ਰਸ ਤੇ ਭੇਸ ਵਿਚ ਅਪਨੇ ਆਪਨੂੰ ਢਾਲਲੈਂਦਾ ਹੈ,ਕਿਉਂਕਿ ਉਪਾਸ਼ਕ ਦੇ ਉਪਾਸ਼ਨਾਂ ਓਦੋਂ ਹੀ ਪੂਰੀ ਹੁੰਦੀ ਹੈ, ਜਦੋਂਉਪਾਸ਼ਨਾ ਕਰਦਾ ਕਰਦਾ ਉਪਾਸ਼ਕ ਉਪਾਸ਼ਜ ਦਾ ਰੂਪ ਹੋ ਜਾਂਦਾ ਹੈ. ਇਵੇਂ ਪੂਰਨ ਸਿਖੀ ਏਹੋ ਹੈ, ਜੋ ਗੁਰੂ ਤੇ ਸਿਖ ਦਾ ਇਕੋ ਜੇਹਾ ਹੀ ਰੂਪ ਰੰਗ ਤੇ ਰੇਖ ਭੇਖ ਹੋਵੇ। ਇਸਦੇ ਮਗਰੋਂ):—

**ਰੈਨ ਸੈਨ ਸਮੈ ਸੁਤਿ ਸ਼ਬਦਿ ਬਿਬੇਕ ਟੇਕ ਆਤਮ ਗਿਆਨ ਪ੍ਰਮਾਤਮ ਪ੍ਰਵੇਸ ਕੈ ॥**

ਰਾਤ ਦੇ ਸਮੇਂ [ਲੋਕਾਂ ਦੇ] ਜਾਣ ਦੇ ਸਮੇਂ [ਸਿਖ] ਸੁਰਤੀ[ਨੂੰ ਗੁਰ] ਸ਼ਬਦ ਵਿਚ [ਟਿਕਾ ਦੇਵੇ, ਅਤੇ] ਸ਼ਬਦ ਦੀ ਵਿਵੇਕ ਦੀ ਓਟ ਵਿਚ[ਆਤਮਾ] ਮਨ ਨੂੰ [ਲਾ ਦੇਵੇ, ਤਦ] ਪਰਮਾਤਮਾਂ ਦੇ ਗਿਆਨ ਵਿਚ ਪ੍ਰਵੇਸ਼ ਕਰ ਲਵੇਗਾ[ਅਰਥਾਤ ਰਾਤ ਦੇ ਸਮੇਂ, ਜਦ ਲੋਕੀਂ ਸੌ ਜਾਣ ਜਾਂ ਪਿਛਲੀ ਰਾਤ ਦਾ ਸਮਾਂ ਜਦੋਂ ਲੋਕੀ ਸੁਤੇ ਹੋਏ ਹੋਣ, ਉਹ ਚੁਪ ਦਾ ਸਮਾਂ ਪਹਿਲੀ ਤੇ ਪਿਛਲੀ ਰਾਤ ਕਿਉਂਕਿ– 'ਪਹਿਲੀ ਰਾਤੀਂ ਫੁਲੜਾ' ਅਤੇ 'ਫਲ ਭੀ ਪਿਛਾ ਰਾਤ'ਹੋਣ ਕਰਕੇ ਦੋਵੇਂ ਵੇਲੇ ਹੀ ਅਭਿਆਸੀ ਪੁਰਸ਼ ਲਈ ਸੁਖ ਦਾ ਸਥਾਨ ਹਨ, ਉਸ ਵੇਲੇ ਸ਼ਬਦ ਦੇ ਅਭਿਆਸ ਤੇ ਇਸਦੇ ਵਿਵੇਕ ਵਿਚ ਮਨ ਨੂੰ ਲਾ ਦਿਓ ਤਾਂ ਆਤਮਾਂ ਨੂੰ ਪਰਮਾਤਮਾਂ ਦਾ ਪ੍ਰਤਖ ਗਿਆਨ ਹੋ ਜਾਵੇਗਾ।

**ਗਿਆਨ ਧਿਆਨ ਸਿਮਰਨ ਉਲੰਘਿ ਇਕਤ੍ਰਿ ਹੋਇ ਪ੍ਰੇਮ ਰਸ ਬਸਿ ਹੋਤਿ ਬਿਸਮ ਅਵੇਸ ਕੈ ॥੨੧੧॥**

[ਇਸਦੇ ਮਗਰੋਂ] ਗਿਆਨ ਧਿਆਨ ਤੇਸਿਮਰਨ ਨੂੰ ਉਲੰਘ ਕੇ [ਪ੍ਰੀਤਮ ਪਿਆਰਾ] ਇਕ-ਮਿਕ ਹੋ ਗਏ ਹਨ,[ਉਸ ਵੇਲੇ]ਪਰੇਮ ਰਸ ਦੇ ਵਸ ਹੁੰਦੇ ਹਨ ਅਤੇਸਿਖ ਅਚਰਜ ਰੂਪਵਿਚ ਅਵੇਸ਼ ਕਰ ਲੈਂਦਾਹੈ, [ਅਰਥਾਤ ਜਦ ਏਕਤਾ ਹੋ ਗਈ ਤਾਂ ਫਿਰ ਸਿਮਰਨ ਕੌਣ ਕਰੇ ਤੇ ਧੇਯ ਕਿਸਨੂੰ ਬਨਾਵੇ, ਗੇਯ ਕੌਣ ਹੈ ਤੇ ਕੌਣ ਕਰੇ ਤੇ ਧੇਯ ਕਿਸਨੂੰ ਬਣਾਏ, ਗੇਯ ਕੌਨ ਹੈ ਤੇ ਗਿਆਨੀ ਕੌਣ ਹੈ. ਹੁਣ ਤਾਂ 'ਅਬ ਮਨ ਉਲਟਿ ਸਨਾਤਨ ਹੂਆ' ਜਦ ਮਨ ਹੀ ਬ੍ਰਹਮ ਹੋ ਗਿਆ ਤਾਂ ਫਿਰ ਗਿਆਨ ਧਿਆਨ ਤੇ ਸਿਮਰਨਦੀ ਲੋੜ ਹੀ ਨਾ ਰਹੀ, ਮਨ ਇਸ ਪਦ ਤੋਂ ਉਲਟਕੇ ਪ੍ਰਭੂ ਦੇ ਵਿਚ ਹੀ ਲੀਨ ਹੋ ਜਾਦਾ ਹੈ, ਇਸੇ ਗਲ ਨੂੰ ਅੰਤ ਵਿਚ

'ਬਿਸਮ ਅਵੇਸ਼ ਕੈਂ' ਕਿਹਾ ਹੈ ॥੨੧੧॥

**ਏਕ ਸੈ ਅਧਿਕ ਏਕ ਨਾਇਕਾ ਅਨੇਕ ਜਾਕੈ ਦੀਨ ਕੈ ਦਇਆਲ ਹੁਇ ਕ੍ਰਿਪਾਲ ਕ੍ਰਿਪਾ ਧਾਰੀ ਹੈ ॥**

ਏਕ ਸੈ ਅਧਿਕ ਏਕ=ਯਥਾ –'ਹਿਕ ਦੂ ਹਿਕੁ ਚੜੰਦੀਆਂ ਕਉਣ ਜਾਨੈ ਮੇਰਾ ਨਾਉ ਜੀਉ ॥' ਨਾਇਕਾ = ਇਸਤਰੀਆਂ। ਰਜਨੀ ਸਸਿ=ਚੰਦ੍ਰਮਾਂ ਦੀ ਰਾਤ। ਯਥਾ 'ਮਿਟਿਆ ਅੰਧੇਰਾ ਚੰਦ ਚੜਿਆ'ਸਜਨੀ= ਹੇ ਸਖੀ। ਅਗ੍ਰਭਾਗ=ਸਾਹਮਣੇ। ਚਈਲੋ= ਚਾਂਈਂ ਚਾਂਈਂ ਉਤਸ਼ਾਹ ਨਾਲ ਉਛਲ ਉਛਲ ਕੇ। ਭਜੋ=ਸੇਵਾ ਕਰਾਂਗੀ।

ਜਿਸ ਦੀਆਂ ਇਕ ਤੋਂ ਇਕ ਚੜ੍ਹਦੀਆਂ ਅਨੇਕਾਂ ਇਸਤਰੀਆਂ ਹਨ, (ਉਸ) ਦੀਨ ਦਿਆਲ ਨੇ ਕ੍ਰਿਪਾਲ ਹੋ ਕਰਕੇ (ਮੇਰੇ ਉਤੇ) ਕ੍ਰਿਪਾ ਧਾਰੀ ਹੈ।

**ਸਜਨੀ ਰਜਨੀ ਸਸਿ ਪ੍ਰੇਮ ਰਸ ਅਉਸਰ ਮੈ ਅਬਲੇ ਅਧੀਨ ਗੀਤ ਬੇਨਤੀ ਉਚਾਰੀ ਹੈ ॥**

ਹੇ ਸਖੀ ! ਚੰਦ੍ਰਮਾਂ ਵਾਲੀ ਰਾਤ ਦੇ ਸਮੇਂ ਵਿਚ, ਪਰੇਮ ਰਸ ਦੇ ਅਧੀਨ ਗਤੀ (ਵਾਲੀ) ਦਸ਼ਾ ਵਿਚ (ਮੈਂ) ਅਬਲਾ ਨੇ (ਇਸ ਤਰਾਂ) ਬੇਨਤੀ ਉਚਾਰੀ ਹੈ ਕਿ:=

**ਜੋਈ ਜੋਈ ਆਗਿਆ ਹੋਇ ਸੋਈ ਸੋਈ ਮਾਨਿ ਜਾਨਿ ਹਾਥਿ ਜੋਰੇ ਅਗ੍ਰ ਭਾਗਿ ਹੋਇ ਆਗਿਆਕਾਰੀ ਹੈ ॥**

ਜੇਹੜੀ ਜੇਹੜੀ (ਆਪ ਦੀ) ਆਗਯਾ ਹੋਵੇਗੀ, ਓਹੀ ਓਹੀ ਮੰਨੀ ਜਾਣੇ, (ਕਿਉਂਕਿ ਮੈਂ) ਆਗਿਆ ਕਾਰਨੀ ਹੋ ਕੇ (ਆਪ ਦੇ) ਸਾਹਮਣੇ ਹਥ ਜੋੜਕੇ (ਅਠੇ ਪਹਰ ਖੜੀ ਰਹਾਂਗੀ)।

**ਭਾਵਨੀ ਭਗਤਿ ਭਾਇ ਚਾਇ ਕੈ ਚਈਲੋ ਭਜੋ ਸ੍ਫਲ ਜਨਮੁ ਧੰਨਿ ਆਜੁ ਮੇਰੀ ਬਾਰੀ ਹੈ ॥੨੧੨॥**

ਸਰਧਾ, ਭਗਤੀ ਪਰੇਮ ਤੇ ਚਾਉ ਕਰਕੇ ਚਾਂਈ ਚਾਂਈ ਸੇਵਾ ਕਰਾਂਗੀ, (ਇਉਂ ਮੇਰਾ) ਜਨਮ ਸਫਲ (ਹੋਵੇਗਾ) ਅਜ (ਦਾ ਦਿਨ) ਧੰਨ (ਹੈ, ਜਿਸ ਵਿਚ ਸੇਵਾ ਕਰਨ ਦੀ) ਮੇਰੀ ਵਾਰੀ (ਆਈ) ਹੈ।੨੧੨।

**ਪ੍ਰੀਤਮ ਕੀ ਪੁਤਰੀ ਮੈ ਤਨਿਕ ਤਾਰਿਕਾ ਸਿਆਮ ਤਾਕੋ ਪ੍ਰਤਿਬਿੰਬੁ ਤਿਲੁ ਤਿਲਕੁ ਤ੍ਰਿਲੋਕ ਕੋ ॥**

ਤਨਿਕ=ਨਿਕਾ ਜੇਹਾ ॥ ਤਾਰਿਕਾ=ਤਾਰਾ ਪ੍ਰਤਿਬਿੰਭ=ਪਰਛਾਵਾਂ, ਅਕਸ। ਤਿਲਕ= ਟਿਕਾ। ਸੁਰਸਰੀ = ਗੰਗਾ। ਬਨਿਤਾ= ਇਸਤਰੀ। ਬਦਨ = ਚੇਹਰਾ, ਮੂੰਹ। ਅਵਿਲੋਕ = ਵੇਖਣਾ। ਥੋਕ=ਪਦਾਰਥ। ਕੋਕ=ਚਕੋਰ।

ਪ੍ਰੀਤਮ ਦੀ (ਅਖ ਦੀ) ਪੁਤਲੀ ਵਿਚ(ਜੋ)ਰਤਾ ਜਿੰਨਾ ਕਾਲਾ ਤਾਰਾ ਹੈ, ਉਸਦਾ ਪਰਛਾਵਾਂ (ਰੂਪ) ਟਿਲ, (ਜਾਗ੍ਰਤ, ਸੁਪਨ, ਸਖੋਪਤੀ ਰੂਪ) ਤਿੰਨਾਂ ਲੋਕਾਂ ਦਾ ਤਿਲਕ (ਟਿਕਾ) ਹੈ।

**ਬਨਿਤਾ ਬਦਨ ਪਰਿ ਪ੍ਰਗਟ ਬਨਾਇ ਰਾਖਓ ਕਾਮ ਦੇਵ ਕੋਟਿ ਲੋਟ ਪੋਟ ਅਵਿਲੋਕ ਕੋ ॥**

(ਜਿਸ ਤਰਾਂ ਮਥੇ ਉਤੇ ਸੁਹਾਗ ਦੀ ਨਿਸ਼ਾਨੀ ਰੂਪ ਟਿਕਾ ਲਾਂਦੀ ਹੈ,ਇਸੇ ਤਰਾਂ ਜਗਜਾਸੂ)ਇਸਤ੍ਰੀ ਨੇ (ਉਸਨੂੰ) ਮੂੰਹ ਉਤੇ ਪ੍ਰਗਟ ਹੀ ਬਣਾ ਰਖਿਆ ਹੈ (ਜਿਸਦੀ ਸੁੰਦਰਤਾ ਨੂੰ)ਵੇਖ ਕਰਕੇ ਕ੍ਰੋੜਾਂ ਕਾਮਦੇਵ ਲੋਟ ਪੋਟ (ਹੁੰਦੇ ਹਨ)।

**ਕੋਟਿਨ ਕੋਟਾਨਿ ਰੂਪ ਕੀ ਅਨੂਪ ਰੂਪ ਛਬਿ ਸਕਲ ਸ਼ਿੰਗਾਰੁ ਕੋ ਸ਼ਿੰਗਾਰ ਸਰਬ ਥੋਕ ਕੋ ॥**

ਕ੍ਰੋੜਾਂ ਕ੍ਰੋੜ (ਤਰਾਂ ਦੇ) ਰੂਪਾਂ ਤੋਂ (ਭੀ ਉਸ ਦੀ) ਅਨੂਪ ਛਬੀ ਹੈ, ਸਾਰੇ ਸ਼ਿੰਗਾਰ ਦਾ ਸ਼ਿੰਗਾਰ ਤੇ ਸਾਰੇ ਥੋਕਾਂ ਦਾ ਥੋਕ ਹੈ।

**ਕਿੰਚਤ ਕਟਾਛ ਕ੍ਰਿਪਾ ਤਿਲ ਕੀ ਅਤੁਲ ਸੋਭਾ ਸੁਰਸੁਰੀ ਕੋਟਿ ਮਾਨ ਭੰਗ ਧਿਆਨੁ ਕੋਕ ਕੋ ॥੨੧੩॥**

ਰੱਤੀ ਜਿੰਨੀ ਕ੍ਰਿਪਾ ਕਟਾਖਸ਼ (ਕਰਨ ਵਾਲੇ) ਤਿਲ ਦੀ ਅਤੁਲ ਸੋਭਾ ਹੈ, (ਜੋ ਪਵਿਤਰਤਾ ਵਿਚ ਕਰੋੜਾਂ ਗੰਗਾ ਦਾ ਮਾਨ (ਮਰਦਨ ਕਰਦਾ ਹੈ ਅਤੇ ਕਰੋੜਾਂ)ਚਕੋਰਾਂ ਦਾ ਧਿਆਨ ਭੰਗ ਕਰਦਾ ਹੈ।੨੧੩

**ਸ੍ਰੀ ਗੁਰ ਦਰਸ ਧਿਆਨ ਖਟ ਦਰਸ ਨ ਦੇਖੇ ਸਕਲ ਦਰਸ ਸਮ ਦਰਸ ਦਿਖਾਏ ਹੈ ॥**

(ਜਿਸਨੇ) ਸ੍ਰੀ ਗੁਰੂ ਜੀ ਦੇ ਦਰਸ਼ਨ ਦਾ ਧਿਆਨ (ਕੀਤਾ ਹੈ, ਉਹ) ਛੇ ਦਰਸ਼ਨਾਂ ਵੱਲ ਵੇਖਦਾ ਨਹੀਂ ਹੈ, (ਕਿਉਂਕਿ ਉਸਨੂੰ) ਸਾਰੇ ਦਰਸ਼ਨਾਂ ਦੇ ਸਮਾਨ (ਸ੍ਰੀ ਗੁਰੂ ਜੀ ਦਾ ਦਰਸ਼ਨ ਦਿਸ ਆਇਆ ਹੈ।

**ਸ੍ਰੀ ਗੁਰ ਸ਼ਬਦ ਪੰਚ ਸ਼ਬਦ ਗਿਆਨ ਗੰਮਿ ਸਰਬ ਸ਼ਬਦ ਅਨਹਦ ਸਮਝਾਏ ਹੈ ॥**

(ਜਿਸ ਨੂੰ) ਸ੍ਰੀ ਗੁਰੂ (ਜੀ ਪਾਸੋਂ)ਸ਼ਬਦ(ਪ੍ਰਾਪਤ ਹੋਯਾ ਹੈ; ਉਸ ਨੂੰ)ਪੰਜ ਸ਼ਬਦਾਂ ਦੇ ਗਿਆਨ ਦੀ ਗੰਮਤਾ [ਪਹੁੰਚ] (ਪ੍ਰਾਪਤ ਹੋ ਗਈ ਹੈ, ਕਿਉਂਕਿ) ਸਾਰੇ ਸ਼ਬਦ (ਉਸਨੂੰ) ਅਨਹਦ ਸ਼ਬਦ ਕਰਕੇ ਹੀ ਸਮਝ ਵਿਚ ਆਏ ਹਨ (ਅਰਥਾਤ ਉਹ ਸ਼ਬਦਾਂ ਨੂੰ ਅਨਹਦ ਸ਼ਬਦ ਹੀ ਸਮਝਦਾ ਹੈ)।

**ਮੰਤ੍ਰ ਉਪਦੇਸ਼ ਪਰਵੇਸ ਕੈ ਅਵੇਸ ਰਿਦੈ ਆਦਿ ਕਉ ਅਦੇਸ ਕੈ ਬ੍ਰਹਮ ਬ੍ਰਹਮਾਏ ਹੈ ॥**

(ਜਿਸਨੇ ਗੁਰ) ਮੰਤ੍ਰ (ਰੂਪ) ਉਪਦੇਸ਼ ਵਿਚ ਪ੍ਰਵੇਸ਼ ਕਰ ਲਿਆ ਹੈ, (ਉਸਨੇ) ਹਿਰਦੇ ਵਿਚ ਅਵੇਸ (ਕਰ ਲਿਆ ਹੈ, ਅਤੇ) ਆਦ ਪੁਰਖ ਨੂੰ ਆਦੇਸ ਕਰਕੇ (ਸਾਰੇ ਰੂਪਾਂ ਰੰਗਾਂ ਵਿਚ) 'ਬ੍ਰਹਮ ਹੀ ਬ੍ਰਹਮ ਆਇਆ ਹੈ' (ਨਿਸਚੈ ਕੀਤਾ ਹੈ)।

**ਗਿਆਨ ਧਿਆਨ ਸਿਮਰਨ ਪ੍ਰੇਮ ਰਸ ਰਸਿਕ ਹੋਇ ਏਕ ਅਉ ਅਨੇਕ ਕੇ ਬਿਬੇਕ ਪ੍ਰਗਟਾਏ ਹੈ ॥ ੨੧੪ ॥**

ਗਿਆਨ ਧਿਆਨ ਸਿਮਰਨ ਤੇ ਪਰੇਮ ਰਸ ਦਾ ਰਸਿਕ ਹੋਏ,ਇਕ ਹੀ ਅਨੇਕ ਹੈ ਤੇ ਅਨੇਕ ਹੀ ਇਕ ਹੈ, (ਇਸ ਤਰਾਂ ਦੀ) ਬਿਬੇਕ ਪ੍ਰਗਟ ਹੋ ਆਈ ਹੈ ॥ ੨੧੪ ॥

**ਸਤਿ ਬਿਨੁ ਸੰਜਮੁ ਨ ਪਤਿ ਬਿਨੁ ਪੂਜਾ ਹੋਇ ਸਚੁ ਬਿਨ ਸੋਚ ਨ ਜਨੇਊ ਜਤੁ ਹੀਨ ਹੈ ॥**

ਸਤਿ ਧਰਮ। ਸੰਜਮ=ਇੰਦ੍ਰੇ ਕਾਬੂ ਰਖਣ ਆਦਿਕ ਕਰਮ। ਪ੍ਰਬੀਨ=ਚਤਰ ॥ ਪੂਜਾ=ਸਤਿਕਾਰ।

ਇੰਦ੍ਰੇ ਕਾਬੂ ਕੀਤੇ ਤੋਂ ਬਿਨਾਂ ਸੱਤ-ਧਰਮ ਨਹੀਂ (ਰਹਿੰਦਾ ਅਤੇ) ਪੂਜਾ-ਸਤਿਕਾਰ ਤੋਂ ਬਿਨਾਂ ਪਤਿ= ਇਜ਼ਤ ਨਹੀਂ ਹੁੰਦੀ ਹੈ, ਸੋਚ ਵਿਚਾਰ ਤੋਂ ਬਿਨਾਂ 'ਸਚ' ਨਹੀਂ (ਬੋਲਿਆ ਜਾ ਸਕਦਾ ਅਤੇ) ਜਤ ਤੋਂ ਹੀਣੇ (ਪੁਰਸ਼ ਦਾ) ਜਨੇਊ (ਕਿਸ ਕੰਮ ਹੈ? ਅਰਥਾਤ ਕਈ ਵੇਰੀ ਸਚ ਬੋਲਣ ਤੋਂ ਪਾਪ ਹੁੰਦਾ ਹੈ ਅਤੇ ਕਈ ਵੇਰੀ ਝੂਠ ਬੋਲਣ ਤੋਂ ਮਹਾਨ ਪੁੰਨ ਹੁੰਦਾ ਹੈ, ਇਸ ਲਈ ਵੀਚਾਰ ਤੋਂ ਬਿਨਾਂ ਕੋਈ ਪੁਰਸ਼ 'ਸਚ' ਬੋਲਣ ਦੀ ਕੋਸ਼ਸ਼ ਕਰੇ ਤਾਂ ਇਹ ਯਤਨ ਉਸ ਦਾ ਬੇਅਰਥ ਅਤੇ ਦੂਖਾਂ ਦਾ ਸਾਧਨ ਹੈ

**ਬਿਨੁ ਗੁਰ ਦੀਖਿਆ ਗਿਆਨ ਬਿਨੁ ਦਰਸਨ ਧਿਆਨ ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ ॥**

[ਗੁਰ ਦੀਖਯਾ]ਗੁਰ ਮੰਤ੍ਰ ਤੋਂ ਹੀਣੇ ਨੂੰ ਗਿਆਨ ਨਹੀਂ ਹੁੰਦਾ ਤੇ ਦਰਸ਼ਨ ਤੋਂ ਬਿਨਾਂ ਧਿਆਨ ਨਹੀਂ ਲਗਦਾ ਹੈ, ਅਤੇ) [ਭਾਉ] ਸ਼ਰਧਾ ਤੇ ਪ੍ਰੇਮ ਅਤੇ ਭਗਤੀ ਤੋਂ ਬਿਨਾਂ ਕਥਨੀ ਡਰ ਵਿਚ ਭਿਜੀ ਨਹੀਂ ਹੁੰਦੀ ਹੈ, (ਅਰਥਾਤ 'ਗੁਰ ਬਿਨੁ ਗਿਆਨ ਨ ਹੋਇ' ਅਤੇ 'ਗਿਆਨ ਕਾ ਬਧਾ ਮਨ ਰਹੇ',ਦੂਜਾ ਜੋ ਵਸਤੂ ਦੇਖੀ ਨਹੀਂ ਹੈ,ਉਸਦਾ ਧਿਆਨ ਕਿਵੇਂ ਧਰ ਸਕਦੇ

ਹਨ, ਇਸ ਲਈ ਗੁਰੂ ਦੇ ਧਿਆਨ ਤੋਂ ਬਿਨਾਂ ਹੋਰ ਕੋਈ ਨਿਰਗੁਣ ਦਾ ਧਿਆਨ ਹੀ ਨਹੀਂ ਹੈ)।

**ਸ਼ਾਂਤਿ ਨ ਸੰਤੋਖ ਬਿਨੁ ਸੁਖੁ ਨ ਸਹਜ ਬਿਨੁ ਸ਼ਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ ॥**

ਸੰਤੋਖ (ਧਾਰੇ ਤੋਂ) ਬਿਨਾਂ(ਮਨ ਨੂੰ)ਸ਼ਾਂਤੀ ਨਹੀਂ ਹੈ, ਅਤੇ ਸ਼ਾਂਤੀ ਬਿਨਾਂ ਸੁਖ ਨਹੀਂ ਹੈ ਅਤੇ (ਗੁਰ) ਸ਼ਬਦ ਦੀ ਸੁਰਤੀ [ਗਯਾਤ-ਸੂਝ] ਬਿਨਾਂ,ਪ੍ਰੇਮ ਵਿਚ ਚਤਰ ਨਹੀਂ ਹੁੰਦਾ ਹੈ (ਅਰਥਾਤ ਜਿਸ ਨੂੰ ਸੰਤੋਖ ਹੈ ਉਸੇ ਨੂੰ ਸ਼ਾਂਤੀ ਤੇ ਸੁਖ ਪ੍ਰਾਪਤ ਹੁੰਦਾ ਹੈ ਅਤੇ ਗੁਰ ਸ਼ਬਦ ਦੀ ਸੂਝ ਦੇ ਨਾਲ ਪ੍ਰੇਮ ਦਾ ਰੰਗ ਚੜ੍ਹਦਾ ਹੈ)

**ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ ਬਿਨਾ ਸਾਧ ਸੰਗਤਿ ਨ ਰੰਗ ਲਿਵ ਲੀਨ ਹੈ ॥ ੨੧੫ ॥**

ਬ੍ਰਹਮ ਦੀ ਬਿਬੇਕ ਬਿਨਾਂ ਹਿਰਦੇ ਵਿਚ ਇਕ ਦੀ ਓਟ ਨਹੀਂ (ਧਾਰੀ ਜਾ ਸਕਦੀ ਅਤੇ) ਸਾਧ ਸੰਗਤਿ ਵਿਚ (ਪ੍ਰਵੇਸ਼ ਕੀਤੇ ਤੋਂ) ਬਿਨਾਂ (ਆਤਮਾ) ਰੰਗ ਵਿਚ ਲੀਨ ਨਹੀਂ ਹੁੰਦਾ ਹੈ ॥ ੨੧੫ ॥

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਚਰਨ ਕਮਲ ਤਾਹਿ ਜਗ ਮਧੁ-ਕਰ ਹੈ ॥**

(ਜੇਹੜਾ ਪੁਰਸ਼ ਸਤਿਗੁਰੂ ਜੀਦੇ) ਚਰਨ ਕਮਲਾਂ ਦੇ ਮਕਰੰਦ ਰਸ ਦਾ ਲੋਭੀ ਹੋਇਆ ਹੈ, ਉਸ ਦੇ ਚਰਨ ਕਮਲਾਂ ਦਾ ਭੌਰਾ(ਸਾਰਾ)ਜਗਤ ਹੋ ਜਾਂਦਾਹੈ।

**ਸ੍ਰੀ ਗੁਰ ਸ਼ਬਦ ਧੁਨਿ ਸੁਨਿ ਗਦ ਗਦ ਹੋਇ ਅੰਮ੍ਰਿਤ ਬਚਨ ਤਾਹਿ ਜਗਤ ਉਧਰਿ ਹੈ ॥**

(ਜੋ ਪੁਰਸ਼) ਸ੍ਰੀ ਗੁਰੂ ਜੀ ਦੇ ਸ਼ਬਦ ਦੀ ਧੁਨੀ ਨੂੰ ਸੁਣ ਕੇ ਗਦ ਗਦ [ਮਨ ਤਨ ਕਰਕੇ ਪ੍ਰਸੰਨ] ਹੋਇਆ ਹੈ, ਉਸ ਦੇ ਅੰਮ੍ਰਿਤ ਵਰਗੇ ਬਚਨ ਜਗਤ ਦਾ ਉਧਾਰ ਕਰਦੇ ਹਨ।

**ਕਿੰਚਤ ਕਟਾਛ ਕ੍ਰਿਪਾ ਗੁਰ ਦਇਆ ਨਿਧਾਨ ਸਰਬ ਨਿਧਾਨ ਦਾਨ ਦੋਖ ਦੂਖ ਹਰਿ ਹੈ॥**

(ਜਿਸ ਉਤੇ) ਰਤਾ ਜਿੰਨੀ ਭੀ ਗੁਰੂ ਜੀ ਦੀ ਕ੍ਰਿਪਾ ਕਟਾਖਯ ਹੋਈ ਹੈ, ਉਹ ਦਇਆ ਦਾ ਭੰਡਾਰ ਹੋ ਗਿਆ ਹੈ ਅਤੇ ਸਭਨਾ (ਨੂੰ ਦਇਆ) ਨਿਧਾਨ ਦਾ ਦਾਨ ਕਰਕੇ ਦੋਖ ਤੇ ਦੁਖ ਦਾ ਨਾਸ ਕਰਦਾ ਹੈ।

**ਸ੍ਰੀ ਗੁਰ ਦਾਸਨ ਦਾਸ ਦਾਸਨ ਦਾਸਾਨ ਦਾਸ ਤਾਸੁ ਨ ਇੰਦ੍ਰਾਦਿ ਬ੍ਰਹਮਾਦਿ ਸਮਸਰਿ ਹੈ ॥ ੨੧੬ ॥**

(ਜੋ) ਸ੍ਰੀ ਗੁਰੂ ਜੀ ਦੇ ਦਾਸਾਂ ਦੇ ਦਾਸ ਦਾ ਦਾਸ ਹੈ, (ਫਿਰ ਉਨ੍ਹਾਂ) ਦਾਸਾਂ ਦੇ ਦਾਸ ਦੀ ਆਗਿਆ ਵਿਚ ਤੁਰਨ ਵਾਲਾ ਦਾਸ ਹੈ, ਇੰਦ੍ਰ ਵਰਗੇ ਮਹਾਰਾਜੇ ਤੇ ਬ੍ਰਹਮਾ ਵਰਗੇ ਵੇਦ ਵਕਤਾ ਭੀ ਉਸ ਦੇ ਬਰਾਬਰ ਨਹੀਂ ਪੁਜ ਸਕਦੇ ਹਨ ॥ ੨੧੬ ॥

**ਜਬ ਤੇ ਪਰਮ ਗੁਰ ਚਰਨ ਸਰਨਿ ਆਏ ਚਰਨ ਸਰਨਿ ਲਿਵ ਸਕਲ ਸੰਸਾਰ ਹੈ ॥**

ਜਦ ਤੋਂ ਪਰਮ ਗੁਰੂ (ਸ੍ਰੀ ਗੁਰੂ ਨਾਨਕ ਦੇਵ) ਜੀ ਚਰਨ ਸ਼ਰਨ ਵਿਚ ਆਏ ਹਨ, (ਤਦ ਤੋਂ ਸਾਡੀ) ਚਰਨ ਸ਼ਰਨ ਵਿਚ ਸਾਰਾ ਸੰਸਾਰ [ਲਿਵ] ਪ੍ਰੀਤੀ (ਕਰਦਾ) ਹੈ।

**ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ ਚਾਹਤ ਚਰਨ ਰੇਨੁ ਸਕਲ ਆਕਾਰ ਹੈ ॥**

(ਜਦ ਤੋਂ ਅਸਾਂ ਸ੍ਰੀ ਗੁਰੂ ਜੀ ਦੇ)ਚਰਨ ਕਮਲਾਂ ਦੇ ਮਕਰੰਦ ਰਸ ਰੂਪ ਚਰਨਾਮ੍ਰਿਤ (ਛਕਣਾ) ਕੀਤਾ ਹੈ, (ਤਦ ਤੋਂ) ਸਾਰੇ ਸਰੀਰ (ਸਾਡੇ) ਚਰਨਾਂ ਦੀ ਰੇਣੂ (ਧੂੜੀ ਨੂੰ ਚਾਹੁੰਦੇ ਹਨ।

**ਚਰਨ ਕਮਲ ਸੁਖ ਸੰਪਟ ਸਹਜ**

**ਘਰਿ ਨਿਹਚਲ ਮਤਿ ਪਰਮਾਰਥ ਬੀਚਾਰ ਹੈ ॥**

(ਜਦ ਤੋਂ ਗੁਰੂ ਜੀ ਦੇ) ਚਰਨ ਕਮਲਾਂ (ਨਾਲ ਪ੍ਰੇਮ ਕੀਤਾ ਹੈ, ਤਦ ਤੋਂ) ਸਹਜ ਘਰ ਦੇ ਸੁਖ ਰੂਪ ਸੰਪਟ[ਡਬੇ](ਵਿਚ ਮਨ ਸਮਾ ਰਿਹਾ ਹੈ,ਅਤੇ) ਪਰਮਾਰਥ ਦਾ ਵਿਚਾਰ ਕਰਕੇ ਬੁਧੀਅਚਲ ਹੋ ਰਹੀ ਹੈ।

**ਚਰਨ ਕਮਲ ਗੁਰ ਮਹਿਮਾਂ ਅਗਾਧਿ ਬੋਧਿ ਨੇਤਿ ਨੇਤਿ ਨਮੋ ਨਮੋ ਕੈ ਨਮਸਕਾਰ ਹੈ॥ ੨੧੭ ॥**

ਸ੍ਰੀ ਗੁਰੂ ਜੀ ਦੇ ਚਰਨ ਕਮਲਾਂ ਦੀ ਮਹਿਮਾ ਦਾ ਬੋਧ ਅਗਾਧ ਹੈ. (ਤਾਂਤੇ ਮਨ ਕਰਕੇ) ਬੇਅੰਤ ਵੇਰੀ ਨਮਸ਼ਕਾਰ ਹੈ,(ਬਾਣੀ ਕਰਕੇ) ਬੇਅੰਤ ਵਾਰੀ,(ਸਰੀਰ ਕਰਕੇ)ਬੇਅੰਤ ਵਾਰੀ ਨਮਸ਼ਕਾਰ ਹੈ ॥ ੨੧੭ ॥

**ਚਰਨ ਕਮਲ ਗੁਰ ਜਬ ਤੇ ਰਿਦੈ ਬਸਾਏ ਤਬ ਤੇ ਅਸਥਿਰ ਚਿਤ ਅਨਤ ਨ ਧਾਵਹੀ ॥**

ਜਦ ਤੋਂ ਸ੍ਰੀ ਗੁਰੂ ਜੀ ਦੇ ਚਰਨ ਕਮਲ ਹਿਰਦੇ ਵਿਚ ਵਸਾਏ ਹਨ,ਤਦਤੋਂ ਚਿਤ ਅਚਲ ਹੋ ਗਿਆ ਹੈ ਅਤੇ ਹੋਰ ਕਿਤੇ ਨਹੀਂ ਜਾਂਦਾ ਹੈ।

**ਚਰਨ ਕਮਲ ਮਕਰੰਦ ਚਰਨਾਂ-ਮ੍ਰਿਤ ਕੈ ਪ੍ਰਾਪਤਿ ਅਮਰ ਪਦ ਸਹਜ ਸਮਾਵਹੀ ॥**

ਜਦ ਤੋਂ ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਨੂੰ ਚਰਨਾਮ੍ਰਿਤ ਕਰਕੇ ਪ੍ਰਾਪਤ ਕੀਤਾ ਹੈ, (ਤਦ ਤੋਂ ਮਨ) ਅਮਰ ਪਦ ਵਿਚ ਸਹਜੇ ਹੀ ਸਮਾ ਗਿਆ ਹੈ।

**ਚਰਨ ਕਮਲ ਸੁਖ ਮਨ ਮੈ ਨਿਵਾਸ ਕੀਓ ਆਨ ਸੁਖ ਤਿਆਗਿ ਹਰਿ ਨਾਮ ਲਿਵ ਲਾਵਹੀ ॥**

(ਜਦ ਤੋਂ ਗੁਰੂ ਜੀਦੇ)ਚਰਨ ਕਮਲਾਂ ਦੇ ਸੁਖ ਨੇ ਮਨ ਵਿਚ ਵਾਸਾਕੀਤਾ ਹੈ,(ਤਦ ਤੋਂ)ਹੋਰਸਾਰੇ ਸੁਖਾਂ ਦਾ ਤਿਆਗ ਕਰਕੇ ਹਰਿ ਨਾਮ (ਸਿਮਰਨ ਵਿਚ) ਲਿਵ ਲਾ ਲਈ ਹੋਈ ਹੈ।

**ਚਰਨ ਕਮਲ ਮਕਰੰਦ ਬਾਸ਼ਨਾ ਨਿਵਾਸ ਆਨ ਵਾਸ ਫੀਕੀ ਭਈ ਹਿਰਦੇ ਨ ਭਾਵਹੀ ॥ ੨੧੮ ॥**

(ਜਦ ਤੋਂ ਗੁਰੂ ਜੀ ਦੇ)ਚਰਨ ਕਮਲਾਂ ਦੀ ਧੂੜੀ ਦੀ ਵਾਸ਼ਨਾਂ(ਵਿਚ ਮਨ ਨੇ) ਨਿਵਾਸ (ਕੀਤਾ ਹੈ,ਤਦ ਤੋਂ) ਹੋਰ ਸਾਰੀਆਂ ਵਾਸ਼ਨਾਂ ਫਿਕੀਆਂ (ਮਲੂਮ ਹੋਣ ਕਰਕੇ)ਮਨ ਨੂੰ ਨਹੀਂ ਭਾਉਂਦੀਆਂ ਹਨ ॥ ੨੧੮ ॥

**ਬਾਰੀ ਬਹੁ ਨਾਇਕ ਕੀ ਨਾਇਕਾ ਪਿਆਰੀ ਕੇਰੀ ਘੇਰੀ ਆਨਿ ਪ੍ਰਬਲ ਹੋਇ ਨਿੰਦ੍ਰਾ ਨੈਨ ਛਾਇਕੈ।**

[ਬਹੁ ਨਾਇਕ]ਵਡੇ ਸ੍ਵਾਮੀ ਦੀ ਪਿਆਰੀਇਸਤ੍ਰੀ ਦੀ ਵਾਰੀ ਸੀ, (ਪਰ) ਪ੍ਰਬਲ ਨੀਂਦ ਨੇ ਆਣਕੇ ਘੇਰ ਲਈ ਹਾਂ ਅਤੇ ਅਖਾਂ ਵਿਚ ਨੀਂਦ ਨੇ ਛਾਅ ਕਰਕੇ ਸੁਆ ਛਡਿਆ ਹੈ।

**ਪ੍ਰੇਮਨੀ ਪਤਿਬ੍ਰਤਾ ਚਈਲੀ ਪ੍ਰਿਅ ਆਗਮ ਕੀ ਨਿੰਦ੍ਰਾ ਕੋ ਨਿਰਾਦਰ ਕੈ ਸੋਈ ਨ ਭੈ ਭਾਇ ਕੈ ॥**

(ਜੋ) ਪਰੇਮਣ ਪਤਿਬ੍ਰਤਾ ਪਤੀ ਦੇ ਆਉਣ ਦੀ (ਉਡੀਕ ਵਿਚ) ਚਾਉ ਦੀ ਭਰੀ ਹੋਈ ਸੀ, (ਉਹ) ਨੀਂਦ ਦਾ ਨਿਰਾਦਰ [ਤਿਰਸਕਾਰ] ਕਰਕੇ ਸੁਤੀ ਨਹੀਂ ਹੈ ਅਤੇ ਡਰ ਤੇ ਪਰੇਮ ਕਰਕੇ (ਜਾਗਦੀ ਰਹੀ ਹੈ,ਉਸ ਨੇ ਪਤੀ ਸੰਗਤ ਨੂੰ ਪ੍ਰਾਪਤ ਕਰਲਿਆ ਹੈ।)

**ਸਖੀ ਹੁਤੀ ਸੋਤ ਭਈ ਗਈ ਸੁਖਦਾਇਕ ਪੈ ਜਹਾ ਕੇ ਤਹਾ ਲੈ ਰਾਖੇ ਸੰਗਮ ਸੁਲਾਇ ਕੈ।**

(ਪਰ) ਹੇ ਸਖੀ! (ਮੈਂ) ਸੁਤੀ ਹੋਈ ਸੀ, (ਜੇਹੀ ਜੇਹੀ) ਬਣੀ (ਹੋਈ ਸੀ,ਓਹੋ ਜੇਹੀ ਰਹਿ) ਗਈ ਹਾਂ, (ਕਿਉਂਕਿ) ਸੁਖਦਾਇਕ (ਸ੍ਵਾਮੀ ਦੇ) ਕੋਲ ਸੰਗਮ ਲਈ (ਜਾਣ ਵੇਲੇ ਨੀਂਦ ਨੇ)ਸੁਆਇ ਕਰਕੇ,ਜਿਥੋਂ

ਦਾ ਉਥੇ ਹੀ ਰੋਕ ਰਖਿਆ ਹੈ।

**ਸੁਪਨ ਚਰਿਤ੍ਰ ਮੈ ਨ ਮਿਤ੍ਰਹਿ ਮਿਲਨ ਦੀਨੀ ਜਮ ਰੂਪ ਜਾਮਿਨੀ ਨ ਨਿਬਰੈ ਬਿਹਾਇ ਕੈ॥੨੧੯॥**

ਸੁਪਨੇ ਦੇ ਕੌਤਕ ਨੇ ਮੈਨੂੰ ਮਿਤ੍ਰ ਨਾਲ ਮਿਲਣ ਨਹੀਂ ਦਿਤਾ ਹੈ,(ਹੁਣ ਇਹ)ਜਮਰੂਪਦੀ ਰਾਤੀ ਗੁਜਰ ਕਰਕੇ ਨਿਬੜਦੀ [ਮੁਕਦੀ] ਨਹੀਂ ਹੈ॥੨੧੯॥

ਭਾਵ-ਇਸ ਕਬਿਤਵਿਚ ਭਾਈ ਸਾਹਿਬ ਆਪਣੀ ਵਿਛੋੜੇ ਭਰੀ ਦਸ਼ਾ, ਅਤੇ ਉਸਦਾ ਕਾਰਨ ਰੂਪ ਅਵਿਦਜਾ ਤੇ ਪਛਤਾਵਾ ਰੂਪ ਕਥਨ ਕਰਦੇ ਹਨ,ਕਿ ਵਾਰੀ ਤਾਂ ਮੇਰੀ ਸੀ, ਕਿਉਂਕਿ ਮੈਂ ਵਡੇ ਸ੍ਵਾਮੀ ਦੀ ਪਿਆਰੀ ਇਸਤਰੀ ਸਾਂ, ਅਰਥਾਤ ਤੀਸਰੇ ਸਤਿਗੁਰੂ ਜੀ ਦੀ ਹਜੂਰੀ ਵਿਚੋਂ ਮੈਨੂੰ ਪ੍ਰਚਾਰ ਸੇਵਾ ਮਿਲੀ ਸੀ, ਅਤੇ ਇਸ ਉਮਰਾ ਵਿਚ ਆਣਕੇ ਐਨ ਵੇਲੇ ਸਿਰ ਆਣਕੇ ਮੇਰੀ ਬੁਧੀ ਰੂਪ ਅਖਾਂ ਵਿਚ ਅਵਿਦਯਾ ਰੂਪ ਨੀਂਦ ਆ ਗਈ, ਜਿਸ ਨੇ ਮੈਨੂੰ ਥਾਪੜ ਕੇ ਸੁਆ ਦਿਤਾ, ਮੈਂ ਪ੍ਰਮਾਦ ਵਸ ਹੋ ਗਿਆ ਤੇ ਤੰਬੂ ਦੇ ਕਿੱਲੇ ਪੁੱਟਕੇ ਭਗੋੜਾ ਹੋ ਕੇ ਇਥੇ ਆਣ ਪਿਆ ਹਾਂ, ਪਰ ਜਹੜੀਆਂ ਸਖੀਆਂ ਪਤਿਬ੍ਰਤਾ ਸਨਜੋ ਸਿਦਕ ਭਰੋਸੇ ਵਾਲੇ ਸਿਖ ਸਨ,ਉਹਉਹਨਾਂ ਠੀਕਰੀਆਂਦੇ ਹੀ ਛਾਬੇ ਭਰਕੇ ਬਾਹਰ ਲੈ ਆਏ, ਪਠਾਨਾਂ ਨੂੰ ਮੁਲ ਦਿਤਾ ਗਿਆ, ਸੁਖ ਆਨੰਦ ਨਾਲ ਗੁਰ ਚਰਨਾਂ ਵਿਚ ਜਾ ਸਮਾਏ, ਪਰ ਮੈਨੂੰ ਨੀਂਦ ਨੇ ਅਜੇਹਾ ਜੋਰ ਪਾਯਾ ਮੇਰੀਆਂ ਅਖਾਂ ਵਿਚ ਅਜੇਹੀ ਨੀਂਦ ਆਈ ਜੋ ਮੈਨੂੰ ਠੀਕਰੀਆਂ ਹੀ ਦਿਸੀਆਂ ਤੇ ਨਾਲ ਹੀ ਭਰਮ ਹੋ ਗਿਆ ਜੋ ਬਾਹਰਜਾਂਦਿਆਂਹੀ ਪਠਾਨ ਮਾਰ ਸੁਟਣਗੇ ਏਹ ਨੀਂਦ ਦਾ ਪ੍ਰਬਲਘੇਰਾ ਸੀ,ਜਿਸ ਨੇ ਮੈਨੂੰ ਨਸਣ ਲਈ ਮਜਬੂਰ ਕਰ ਦਿਤਾ। ਮੈਂ ਜੇਹੜੀ ਪਤੀ ਦੀ ਪਿਆਰੀ ਸਖੀ ਹੁੰਦੀ ਸੀ, ਜਿਸ ਉਤੇ ਗੁਰ ਸਾਹਿਬ ਬੜੀ ਮੇਹਰ ਕੀਤਾਕਰਦੇਸਨ,ਮੈਂ ਓਹੀ ਹੁਣ ਅਜੇਹਾ ਗੁਰੂ ਜੀ ਤੋਂ ਬੇਮੁਖ ਹੋਯਾ ਬੈਠਾ ਹਾਂ,ਜੋ ਆਪ ਚਰਨਾਂ ਵਿਚ ਹਾਜਰ ਹੋ ਨਹੀਂ ਸਕਦਾ,ਇਸ ਨੀਂਦ ਨੇ ਮੈਨੂੰ ਮਿਤਰ ਗੁਰੂ ਤੋਂ ਅਜੇਹਾ ਬੇਮੁਖ ਕੀਤਾ ਹੈ, ਜੋ ਮੈਂ ਚਰਨਾਂ ਵਿਚ ਹਾਜਰ ਹੋਣ ਦਾ ਹੀਆ ਹੀਨਹੀਂ ਕਰ ਸਕਦਾ, ਇਧਰੋਂ ਇਹ ਵਿਛੋੜੇ ਰੂਪ ਰਾਤ ਭੀ ਕਾਲੀ ਬੋਲੀ ਰਾਤ ਵਾਂਗੂੰ ਪ੍ਰਤੀਤ ਹੋ ਰਹੀ ਹੈ, ਜੋ ਮੈਨੂੰ ਜਮ ਰੂਪ ਹੋ ਰਹੀ ਹੈ,ਅਤੇ ਏਹ ਗੁਜਰਨ ਵਿਚ ਆਉਂਦੀ ਹੀ ਨਹੀਂ ਹੈ।

**ਰੂਪ ਹੀਨ ਕੁਲ ਹੀਨ ਗੁਨ ਹੀਨ ਗਿਆਨ ਹੀਨ ਸੋਭਾ ਹੀਨ ਭਾਗ ਹੀਨ ਤਪ ਹੀਨ ਬਾਵਰੀ॥**

(ਹਿਰਦੇ ਸੁਧਤਾ) ਰੂਪ ਤੋਂ ਹੀਨ ਹਾਂ, ਕੁਲ ਤੋਂ ਹੀਨ ਹਾਂ, ਗੁਣਾਂ ਤੋਂ ਹੀਨ ਹਾਂ, ਗਿਆਨ ਤੋਂ ਹੀਨ ਹਾਂ, ਸੋਭਾ ਤੋਂ ਹੀਨ ਹਾਂ, ਭਾਗਾਂ ਤੋਂ ਹੀਨ ਹਾਂ, (ਗੁਰੂ ਦੀ ਸੇਵਾ ਰੂਪ) ਤਪ ਤੋਂ ਹੀਨ ਸੁਦਾਈ ਹਾਂ।

**ਦ੍ਰਿਸ਼ਟਿ ਦਰਸ ਹੀਨ ਸ਼ਬਦ ਸੁਰਤਿ ਹੀਨ ਬੁਧਿ ਬਲ ਹੀਨ ਸੂਧੇ ਹਸਤ ਨ ਪਾਵਰੀ॥**

(ਮੇਰੀ) ਦ੍ਰਿਸ਼ਟੀ ਗੁਰ ਦਰਸ਼ਨ ਤੋਂ ਹੀਨ ਹੈ, (ਮੇਰੀ) ਸੁਰਤਿ (ਗੁਰ) ਸ਼ਬਦ ਤੋਂ ਹੀਨ ਹੈ, (ਮੇਰੀ) ਬੁਧੀ (ਵਿਚਾਰ ਰੂਪ) ਬਲ ਤੋਂ ਹੀਨ ਹੈ, (ਮੇਰੇ) ਹਥ ਪੈਰ ਭੀ ਸਿਧੇ ਨਹੀਂ ਹਨ (ਅਰਥਾਤ ਮੇਰੇ ਹਥ ਪੈਰ ਗੁਰੂ ਤੋਂ ਬੇਮੁਖ ਹੋ ਗਏ ਹਨ, ਸ੍ਰੀ ਗੁਰੂ ਜੀ ਦੇ ਸਨ-ਮੁਖ ਨਹੀਂ ਆ ਸਕਦੇ)।

**ਪ੍ਰੀਤ ਹੀਨ ਰੀਤਿ ਹੀਨ ਭਾਇ ਭੈ ਪ੍ਰਤੀਤ ਹੀਨ ਚਿਤ ਹੀਨ ਬਿਤ ਹੀਨ ਸਹਜ ਸੁਭਾਵਰੀ॥**

(ਮੈਂ) ਪ੍ਰੀਤੀ ਹੀਨ ਹਾਂ, (ਗੁਰੂ ਘਰ ਦੀ) ਰੀਤੀ ਤੋਂ ਹੀਨ ਹਾਂ, ਪਰੇਮ ਤੇ ਡਰ ਦੀ ਪ੍ਰਤੀਤ ਤੋਂ ਹੀਨ ਹਾਂ, (ਅਰਥਾਤ ਨਾ ਮੈਨੂੰ ਗੁਰੂ ਦੇ ਪਰੇਮ ਉਤੇ ਭਰੋਸਾ ਹੈ ਤੇ ਨਾਂ ਡਰ ਉਤੇ ਨਿਸਚਾ ਹੈ, ਮੈਂ ਸਿਮਰਨ ਰੂਪ) ਚਿਤ ਤੋਂ ਹੀਨ (ਮੁਰਦਾ ਹਾਂ) ਸਿਮਰਨ ਰੂਪ ਧਨ ਤੋਂ ਹੀਨ ਹਾਂ ਅਤੇ ਸਹਜ ਸੁਭਾਵ ਤੋਂ ਭੀ ਹੀਨ ਹਾਂ।

**ਅੰਗ ਅੰਗ ਹੀਨ ਦੀਨਾ ਧੀਨ ਪਰਾਚੀਨ ਲਗਿ ਚਰਨ ਸਰਨਿ ਕੈਸੇ ਪ੍ਰਾਪਤਿ ਹੁਇ ਰਾਵਰੀ॥੨੨੦॥**

(ਮੇਰਾ) [ਅੰਗ] ਸਰੀਰ ਅੰਗਾਂ ਤੋਂ ਹੀਨ [ਰੁਹਲਾਟੁੰਡਾ ਤੇ ਅੰਧਲਾ]ਹੈ,ਦੀਨਤਾਦੀ ਅਧੀਨਤਾ ਤੋਂ ਹੀਨ ਹਾਂ ਅਰ ਮੈਂ ਦੀਨਤਾ ਭੀ ਨਹੀਂ ਧਾਰੀ ਹੈ, (ਗੁਰ) ਚਰਨਾਂ ਨਾਲ ਲਗਕੇ ਨਹੀਂ ਪਰਚਿਆ ਹਾਂ, ਫਿਰ ਕਿਸ ਤਰਾਂ ਨਾਲ [ਰਾਵ+ਰੀ] ਮਹਾਰਾਜ ਦੀ ਸਰਣ ਪ੍ਰਾਪਤ ਹੋਵੇਗੀ ॥ ੨੨੦ ॥

**ਜਨਨੀ ਸੁਤਹਿ ਬਿਖੁ ਦੇਤ ਹੇਤੁ ਕਉਨੁ ਰਾਖੈ ਘਰੁ ਮੂਸੈ ਪਹਰੂਆ ਕਹੋ ਕੈਸੇ ਰਾਖੀਐ ॥**

ਜਨਨੀ=ਮਾਂ, ਮਾਤਾ ॥ ਮੂਸੈ=ਚੁਰਾਲਵੇ ॥ ਪਹਰੂਆ = ਪਹਰੇਦਾਰ, ਚੌਂਕੀਦਾਰ ॥ ਕਰੀਐ=ਮਲਾਹ ਹੀ ॥ ਬੋਰੈ=ਡੋਬ ਦੇਵੇ। ਨਾਵ=ਬੇੜੀ ॥ ਊ=ਹੀ ॥ ਬਾਟ ਪਾਰੈ= ਡਾਕੂ ਬਣ ਜਾਏ ॥ ਚਕ੍ਵੈ = ਰਾਜਾ ॥ ਸਾਖੀ=ਗਵਾਹ, ਉਗਾਹ। ਦ੍ਰੋਹ=ਦਗਾ। ਕਾਪੈ=ਕਿਸ ਕੋਲ

ਜੇਕਰ ਮਾਂ ਹੀ ਪੁਤ੍ਰ ਨੂੰ ਜ਼ੈਹਰ ਦੇ ਦੇਵੇ(ਤਾਂਫਿਰ) ਕੇਹੜਾ ਪਿਆਰਾ ਉਸਦੀ ਰਖਯਾ ਕਰੇਗਾ? ਜੇ ਘਰ ਦੇ ਮਾਲ ਨੂੰ ਚੋਕੀਦਾਰ ਹੀ ਚੁਰਾ ਲਵੇ ਤਾਂ ਦਸੋ, (ਫਿਰ) ਕਿਸ ਤਰਾਂ ਰਾਖੀ ਹੋ ਸਕੇਗੀ ?

**ਕਰੀਐ ਜਉ ਬੋਰੈ ਨਾਵ ਕਹੋ ਕੈਸੇ ਪਾਵੈ ਪਾਰੁ ਅਗੂਆਊ ਬਾਟ ਪਾਰੈ ਕਾਪੈ ਦੀਨ ਭਾਖੀਐ ॥**

ਜੇਕਰ ਮਲਾਹ ਹੀ ਬੇੜੀ ਨੂੰ ਡੋਬਦੇਵੇ,ਤਾਂ ਦਸੋ ? ਕਿਸ ਤਰਾਂ ਪਾਰ ਲੰਘ ਸਕੇਗੀ ? ਅਤੇ (ਜੇਕਰ ਸੰਗ ਦਾ ਆਗੂ ਹੀ ਡਾਕੂ ਬਣ ਜਾਵੇ (ਤਾਂ ਫਿਰ) ਕਿਸ ਦੇ ਕੋਲ ਦੀਨ ਹੋਕੇ ਪੁਕਾਰ ਕੀਤੀ ਜਾਵੇਗੀ ?

**ਖੇਤੈ ਜਉ ਖਾਇ ਬਾਰ ਕਉਨੁ ਧੋ ਰਾਖਨਹਾਰ ਚਕ੍ਵੈ ਕਰੈ ਅਨਿਆਉ ਪੂਛੈ ਕਉਨੁ ਸਾਖੀਐ ॥**

ਜੇਕਰ ਵਾੜ ਹੀ ਖੇਤ ਨੂੰ ਖਾਣ ਲਗ ਪਵੇ, (ਤਾਂ ਫਿਰ)ਕੇਹੜਾਰਖਣ ਵਾਲਾ ਭਜਕੇ ਆਵੇਗਾ ? ਜੇਕਰ ਰਾਜਾ ਹੀ ਬੇਇਨਸਾਫੀ ਕਰੇ (ਤਾਂ ਫਿਰ) ਗਵਾਹੀ ਕੌਣ ਪੁਛੇਗਾ ?

**ਰੋਗੀਐ ਜਉ ਬੈਦੁ ਮਾਰੈ ਮਿਤ੍ਰ ਜਉ ਕਮਾਵੈ ਦ੍ਰੋਹੁ ਗੁਰੁ ਨ ਮੁਕਤੁ ਕਰੈ ਕਾਪੈ ਅਭਿਲਾਖੀਐ ॥੨੨੧॥**

ਜੇ ਕਰ ਵੈਦ-ਹਕੀਮ ਹੀ ਰੋਗੀ ਨੂੰ ਮਾਰਨ ਲਗੇ (ਤਾਂ ਫਿਰ ਕੀ ਇਲਾਜ ਹੋਵੇਗਾ) ? ਅਤੇ (ਜੇਕਰ) ਮਿਤਰ ਹੀ ਦਗਾ ਕਮਾਵੇ(ਤਾਂ ਬਚਾਉ ਕਿਵੇਂ ਹੋਵੇਗਾ ਅਤੇ ਜੇਕਰ) ਗੁਰੂ ਹੀ ਮੁਕਤ ਨਾਂ ਕਰੇ ਤਾਂ (ਫਿਰ) ਕਿਸਪਾਸੋਂ ਇਛਾ ਪੂਰੀ ਕੀਤੀ ਜਾਵੇਗੀ ? ॥੨੨੧॥

ਨੋਟ—ਕਹਿੰਦੇਹਨ,ਜਦੋਂ ਭਾਈ ਸਾਹਿਬਬਿਧੀਚੰਦ ਜੀ ਨਾਲ ਅੰਮ੍ਰਿਤਸਰ ਪੁਜੇ,ਬੱਧੇ ਹੋਏ ਹਥੀਂ ਸ੍ਰੀ ਗੁਰੂ ਜੀ ਦੇ ਸਨਮੁਖ ਹਾਜਰ ਹੋਏ ਤਾਂ ਛੇਵੇਂ ਸਤਿਗੁਰੂ ਮੀਰੀ ਪੀਰੀ ਸੁਲਤਾਨ ਅਕਾਲ ਤਖਤ ਦੀਵਾਨ ਸਜਾਈ ਬੈਠੇ ਸਨ, ਭਾਈ ਜੀ ਨੂੰ ਸਾਹਮਣੇ ਖੜੋਤਾ ਵੇਖਕੇਹਜ਼ੂਰਨੇ ਫੁਰਮਾਇਆ--ਹਾਂ ਭਾਈ ਗੁਰਦਾਸ! 'ਜੇ ਮਾਂ ਹੋਵੇ ਯਾਰਨੀ' ਇਕ ਵੇਰੀ ਫੇਰ ਸੁਣਾਓ ਤਾਂ ਇਸ ਭੇਦ ਭਰੀ ਗਲ ਨੂੰ ਸੁਣਕੇ ਭਾਈ ਜੀ ਨੇ ਇਕ ਇਹ ਕਬਿਤ ਤੇ ਪੌੜੀ ਹੋਰ ਉਚਾਰੀਆਂ, ਜੋ ਵਾਰਾਂ ਵਿਚ ਹੈ ਅਤੇ ਉਸ ਭਾਵ ਨੂੰ ਸਪਸ਼ਟ ਕਰਨ ਲਈ ਇਹ ਕਬਿਤ ਸੁਣਾਇਆ ਸੀ।

**ਮਨ ਮਧੁਕਰ ਗਤਿ ਭ੍ਰਮਤ ਚਤੁਰ ਕੁੰਟ ਚਰਨ ਕਮਲ ਸੁਖ ਸੰਪਟ ਸਮਾਈਐ ॥**

(ਮੇਰਾ) ਮਨ ਭੌਰੇ ਦੀ ਤਰਾਂ ਚੌਹਾਂ ਕੂੰਟਾਂ ਵਿਚ ਭੌਂਦਾ ਰਹਿੰਦਾ ਸੀ, (ਪਰ ਹੁਣ ਗੁਰੂ ਜੀ ਦੇ) ਚਰਨ ਕਮਲਾਂ ਰੂਪਸੁਖ ਸੰਪਟ ਵਿਚ ਸਮਾਈ (ਕਰ ਗਿਆ) ਹੈ।

**ਸੀਤਲ ਸੁਗੰਧ ਅਤਿ ਕੋਮਲ ਅਨੂਪ ਰੂਪ ਮਧੁ ਮਕਰੰਦ ਰਸ ਅਨਤ ਨ ਧਾਈਐ ॥**

(ਜਦ ਤੋਂ) ਠੰਢੀ, ਸੁਗੰਧੀ ਵਾਲੀ, ਅਨੂਪ ਰੂਪ

ਵਾਲੀ ਤੇ ਮਿਠੀ ਮਕਰੰਦ ਰਸ (ਗੁਰ ਚਰਨ ਕਮਲਾਂ ਦੀ ਪਰਾਪਤ ਕੀਤੀ ਹੈ, ਤਦ ਤੋਂ ਮਨ) ਹੋਰ ਕਿਧਰ ਨਹੀਂ ਜਾਂਦਾ ਹੈ।

**ਸਹਜ ਸਮਾਧਿ ਉਨਮਨ ਜਗਮਗ ਜੋਤਿ ਅਨਹਦ ਧੁਨਿ ਰੁਨਝੁਨਿ ਲਿਵ ਲਾਈਐ ॥**

ਸਹਜ ਸਮਾਧੀ ਵਿਚ ਉਨਮਨੀ (ਅਵਸਥਾ ਨੂੰ ਪਰਾਪਤ ਹੋ ਰਿਹਾ ਹੈ, ਜਿਥੇ) ਜਗਮਗ ੨ ਕਰਕੇ ਜੋਤੀ (ਦਾ ਪ੍ਰਕਾਸ਼ ਤੇ) ਅਨਹਦ ਧੁਨੀ ਦੀ ਰੁਣਝੁਣ (ਹੋ ਰਹੀ ਹੈ, ਉਸ ਪਦ ਵਿਚ) ਲਿਵ ਲਾਈ ਹੋਈ ਹੈ।

**ਗੁਰਮੁਖਿ ਬੀਸ ਇਕ ਈਸ ਸੋਹੰ ਸੋਈ ਜਾਨੈ ਆਪਾ ਅਪਰੰਪਰਿ ਪਰਮ ਪਦੁ ਪਾਈਐ ॥੨੨੨॥**

(ਜਿਸਨੇ) ਗੁਰਸਿਖ ਹੋਕੇ 'ਸੋਹੰ ਹੰਸੋ (ਅਜਪਾ ਜਾਪ ਨੂੰ ਜਪ ਦੇ ਜਪਦੇ) [ਬੀਸ] ਨਿਸਚੇ ਪੂਰਬਕ ਇਸ ਈਸ਼ਵਰ (ਨੂੰ ਸਰਬ ਰੂਪ ਕਰਕੇ) ਹੀ ਜਾਣਿਆਂ ਹੈ, (ਉਸਨੇ) ਆਪ ਹੀ [ਅਪਰੰ] ਬ੍ਰਹਮਾਦਿਕਾਂ ਤੋਂ ਪਰੇ (ਜੋ) ਪਰਮ ਪਦ ਹੈ, (ਉਸਨੂੰ, ਪਾ ਲਿਆ ਹੈ।੨੨੨।

**ਮਨਮ੍ਰਿਗ ਮ੍ਰਿਗਮਦ ਅਛਤ ਅੰਤਰ ਗਤਿ ਭੂਲਿਓ ਭ੍ਰਮ ਖੋਜਤ ਫਿਰਤ ਬਨ ਮਾਹੀ ਜੀ ॥**

[ਮ੍ਰਿਗਮਦ=ਕਸਤੂਰੀ ॥ ਅਛਤ=ਹੁੰਦਿਆਂ ਹੋਇਆਂ ॥ ਦਾਦਰ=ਡਡੂ ॥ ਸਰੋਜ=ਕੌਲ ਫੁਲ ॥ ਸਰਵਰ = ਤਲਾਉ ॥ ਬਿਖਯਾਧਰ=ਸਪ ॥ ਅਹਿਨਿਸ =ਦਿਨ ਰਾਤ ॥ ਨਰਪਤਿ=ਰਾਜਾ। ਸੁਪਨੰਤਰਿ= ਸੁਪਨੇ ਵਿਚ ॥]

ਜਿਸ ਤਰ੍ਹਾਂ ਹਰਨ ਆਪਣੇ ਅੰਦਰ ਪ੍ਰਾਪਤ ਹੁੰਦੀ ਹੋਈ ਕਸਤੂਰੀ ਦੇ ਹੁੰਦੇ ਹੋਇਆਂ ਵੀ ਭਰਮ ਵਿਚ ਭੁਲਾ ਹੋਇਆ ਬਨਾਂ ਵਿਚ ਢੂੰਡਦਾ ਫਿਰਦਾ ਹੈ, (ਇਸ ਤਰ੍ਹਾਂ ਮਨ ਦੇ ਅੰਦਰ ਹੀ ਸੁਖ ਰੂਪ ਪਦਾਰਥ ਹੈ ਪਰ ਏਹ ਉਸ ਸੁਖ ਸਰੂਪ ਨੂੰ ਭੁਲਕੇ ਬਾਹਰਲੇ ਪਦਾਰਥਾਂ ਵਿਚੋਂ ਸੁਖ ਲਭਦਾ ਫਿਰਦਾ ਹੈ।)

**ਦਾਦਰ ਸਰੋਜ ਗਤਿ ਏਕੈ ਸਰਵਰੁ ਬਿਖੈ ਅੰਤਰਿ ਦਿਸੰਤਰਿ ਹੁਇ ਸਮਝਤ ਨਾਹੀ ਜੀ ॥**

(ਜਿਸ ਤਰਾਂ) ਡਡੂ ਤੇ ਕਮਲ ਦੀ ਗਤੀ, (ਜੋ) ਇਕੋ ਹੀ ਤਲਾਉ ਵਿਚ ਹੁੰਦੇ ਹਨ, (ਇਸੇ ਤਰ੍ਹਾਂ ਮਨ ਆਪਨੇ) ਅੰਦਰ ਹੁੰਦੇ ਪ੍ਰੀਤਮਨੂੰ ਭੀ ਪਰਦੇਸ ਜਾਣਦਾ ਹੈ, (ਪਰ ਅਸਲ ਭੇਦ ਨੂੰ) ਸਮਝਦਾ ਨਹੀ ਹੈ।

**ਜੈਸੇ ਬਿਖਿਆਧਰ ਤਜੈ ਨ ਬਿਖ ਬਿਖਮ ਕਉ ਅਹਿਨਿਸਿ ਬਾਵਨ ਬਿਰਖ ਲਪਟਾਹੀ ਜੀ ॥**

ਜਿਸ ਤਰਾਂ ਸੱਪ ਦਿਨੇ ਰਾਤ ਬਾਵਨ ਚੰਦਨ ਨਾਲ ਲਿਪਟਿਆ ਰਹਿੰਦਾ ਹੈ, ਪਰ ਫੇਰ ਭੀ ਮਹਾਂ ਦੁਖਦਾਈ ਜ਼ਹਿਰ ਨੂੰ ਤਿਆਗਦਾ ਨਹੀਂ ਹੈ, (ਇਸੇ ਤਰਾਂ ਅਠੇ ਪਹਿਰ ਗੁਰਚਰਨਾਂ ਨਾਲ ਲਗਾ ਰਹਿੰਦਾ ਹੋਇਆ ਭੀ ਬੁਰਆਈਆਂ ਨੂੰ ਛਡਦਾ ਨਹੀਂ ਹੈ।)

**ਜੈਸੇ ਨਰਪਤਿ ਸੁਪਨੰਤਰਿ ਭੇਖਾਰੀ ਹੋਇ ਗੁਰਮੁਖਿ ਜਗਤ ਮੈ ਭਰਮ ਮਿਟਾਹੀ ਜੀ ॥੨੨੩॥**

ਜਿਸ ਤਰ੍ਹਾਂ (ਇਕ) ਰਾਜਾ ਰਾਜ ਗਦੀ ਉਤੇ ਸੌਂ ਗਿਆ ਤੇ ਸੁਪਨੇ ਵਿਚ ਰਾਜ ਖੁਹਾਕੇ ਕੰਗਾਲ ਹੋਕ ਰੋਣ ਪਿਟਣ ਲਗ ਪਿਆ ਸੀ, ਓਹੀ ਦਸ਼ਾ ਸਾਡੀ ਹੋ ਰਹੀ ਹੈ, ਜੋ ਭਰਮ ਵਿਚ ਭੁਲਕੇ ਅਨੇਕ ਤਰਾਂ ਦੇ ਕਸ਼ਟ ਪਾ ਰਹੇ, ਕੇਵਲ (ਇਕੋ ਇਕ) ਸਤਿਗੁਰੂ ਹੀ ਜਗਤ ਵਿਚ ਭਰਮ ਨੂੰ ਮਿਟਾਉਣ ਵਾਲਾ ਹੈ (ਇਸ ਲਈ ਜੋ ਭੀ ਸਤਿਗੁਰੂ ਜੀ ਦੀ ਚਰਨ ਸ਼ਰਨ ਹੋਵੇਗਾ, ਉਹ ਭਰਮਨੂੰ ਮਿਟਾਕੇ ਆਤਮ ਆਨੰਦ ਪਾ ਲਵੇਗਾ) ॥੨੨੩॥

**ਬਾਇ ਹੁਇ ਬਘੂਲਾ ਬਾਇ ਮੰਡਲ ਫਿਰੈ ਤਉ ਕਹਾ ਬਾਸਨਾ ਕੀ ਆਗਿ ਜਾਗਿ ਜੁਗਤਿ ਨ ਜਾਨੀਐ ॥**

[ਬਾਇ ਹੁਇ=ਪੌਣਾ ਹਾਰੀ ਹੋਕੇ। ਬਘੂਲਾ=]

ਵਾ ਵਰੋਲਾ ॥ ਬਾਇ ਮੰਡਲ-ਅਕਾਸ਼ ॥
ਖਗ ਪਤਿ=ਗਰੜ ॥ ਮੂਸਾ=ਚੂਹਾ ॥
ਬਿਲ = ਖੁਦ । ਬਿਲਾਨੀ=ਨਾਸ ਹੋਈ ।

ਜੇ ਪੌਣਾਹਾਰੀ ਹੋ ਕੇ ਵਾਵਰੋਲੇ ਵਾਂਗੂ ਅਕਾਸ਼ ਵਿਚ ਫਿਰਦਾ ਰਹੇ ਤਾਂ ਕੀ ਹੋਣਾ ਹੈ (ਕਿਉਂਕਿ ਹਿਰਦੇ ਵਿਚ ਜੋ) ਵਾਸਨਾ ਦੀ ਅਗ [ਜਾਗਿ] ਬਲ ਰਹੀ ਹੈ, (ਉਸਨੂੰ ਸ਼ਾਂਤਿ ਕਰਨ ਦੀ) ਜੁਗਤੀ ਨਹੀਂ ਜਾਣੀ ਹੈ।

**ਕੂਪ ਜਲੁ ਗਰੋ ਬਾਧੈ ਨਿਕਸੈ ਨ ਹੁਇ ਸਮੁੰਦ੍ਰ ਚੀਲ ਹੁਇ ਉਡੈ ਨ ਖਗਪਤਿ ਉਨਮਾਨੀਐ ॥**

ਜੇ ਗਲ ਵਿਚ (ਰਸਾ) ਬੰਨ ਕੇ ਖੂਹ ਵਿਚ ਲਟਕ ਕੇ ਤਪ ਕਰਦਾ ਰਹੇ ਤੇ ਬਾਰਾਂ ਵਰੇ ਮਗਰੋਂ ਬਾਹਰ) ਨਿਕਲੇ (ਤਾਂ ਉਸਨੇ ਆਤਮ ਗਿਆਨ ਦੇ ਭੰਡਾਰ ਰੂਪ) ਸਮੁੰਦਰ ਨਹੀਂ ਹੋ ਜਾਨਾ. ਤੇ ਜੇ ਇਲ ਉਡਣ ਲਗ ਪਏ ਤਾਂ ਗਰੜ ਨਹੀਂ ਹੋ ਜਾਣਾ ਹੈ (ਅਰਥਾਤ ਜਪ ਤਪ ਕਰਕੇ ਆਤਮ ਗਿਆਨ ਨਹੀਂ ਪ੍ਰਾਪਤ ਹੋਣਾ ਤੇ ਤਪ ਦਾ ਫਲ ਰੂਪ ਸਿਧੀਆਂਪ੍ਰਾਪਤ ਹੋਣ ਤੇ ਸਿਧੀ ਸਪੰਨ ਹੋ ਕੇ ਸੰਸਾਰਵਿਚ ਪ੍ਰਭਤਾ ਪਾ ਲਵੇਗਾ ਤਾਂ ਪ੍ਰਭੂ ਦੇ ਨਿਕਟ ਵਰਤਾ ਨਹੀਂ ਹੋਵੇਗਾ)

**ਮੂਸਾ ਬਿਲ ਖੋਦਿ ਨ ਜੋਗੀਸੁਰ ਗੁਫਾ ਕਹਾਵੈ ਸਰਪ ਹੁਇ ਚਿਰੰਜੀਵ ਬਿਖੁ ਨ ਬਿਲਾਨੀਐ ॥**

ਜੇ ਚੂਹਾ ਖੁਡ ਖੋਦ ਕੇ, ਜੰਗਲ ਵਿਚ ਖੁਡ ਵਿਚ ਬੈਠਾ ਰਹਿੰਦਾ ਹੈ ਤਾਂ ਚੂਹੇ ਨੇ ਜੋਗੀਸ਼ਰ ਨਹੀਂ ਹੋਣਾ ਹੈ ਤੇ ਉਸ ਦੀ ਖੁਡ ਨੂੰ ਕੋਈ ਗੁਫਾ ਨਹੀਂ ਆਖੇਗਾ, (ਇਸੇ ਤਰਾਂ ਜੇਕਰ ਕੋਈ ਜੰਗਲਾਂ ਵਿਚ, ਪਹਾੜਦੀ ਕੰਦਰਾ ਵਿਚ ਜਾਂ ਕੋਈ ਘੁਰਨਾ ਪੁਟ ਕੇ ਉਸ ਵਿਚ ਰਹਿਣ ਲਗ ਪਵੇ ਤੇ ਮਨ ਵਿਚੋਂ ਵਿਸ਼ੇ ਵਾਸ਼ਨਾ ਨਾਂ ਮਿਟੇ ਤਾਂ ਉਸ ਨੂੰ ਕਿਸੇ ਜੋਗੀਸ਼ਰ ਨਹੀਂ ਆਖਣਾ, ਤੇ ਜੇ ਸਪ ਲੰਬੀ ਉਮਰ ਵਧਾ ਲਵੇ ਤਾਂ ਕੋਈ ਚਿਰੰਜੀਵੀ ਨਹੀਂ ਆਖਦਾ (ਇਸੇ ਤਰਾਂ ਸਿਧੀਆਂ ਦੇ ਬਲ ਨਾਲ ਉਮਰਾ ਵਧਾ ਲੈਣ ਨਾਲ ਭੀ ਪ੍ਰਭੂ ਨਹੀਂ ਮਿਲਦਾ ਹੈ)।

**ਗੁਰਮੁਖਿ ਤ੍ਰਿਗੁਨ ਅਤੀਤ ਚੀਤ ਹੁਇ ਅਤੀਤ ਹਉਮੈ ਖੋਇ ਹੋਇ ਰੇਨੁ ਕਾਮਧੇਨ ਮਾਨੀਐ ॥ ੨੨੪ ॥**

(ਪਰ ਜੇਹੜਾ) ਗੁਰਸਿਖ ਹੋਕੇ ਤਿੰਨਾਂ ਗੁਣਾਂ ਤੋਂ ਅਤੀਤ ਹੋਵੇਗਾ (ਅਤੇ ਜਿਸ ਦਾ) ਚਿਤ ਹਉਮੈ ਤੋਂ ਅਤੀਤ ਹੋਵੇਗਾ, (ਉਹ ਆਪਾ ਭਾਵ) ਨਾਸ ਕਰਕੇ ਧੂੜੀ ਸਮਾਨ ਨਿਰਮਾਨ ਹੋਵੇਗਾ(ਉਸ ਨੂੰ) ਕਾਮਧੇਨ ਰੂਪ ਮੰਨਿਆਂਜਾਏਗਾ(ਅਰਥਾਤਉਸਦੀਆਂ ਕਾਮਨਾਂ ਪੂਰਨ ਹੋਣਗੀਆਂ ਤੇ ਉਹਲੋਕਾਂ ਦੀਆਂ ਭੀ ਕਾਮਨਾਂ ਪੂਰੀਆਂ ਕਰਕੇ 'ਆਪ ਮੁਕਤਿ ਮੁਕਤਿਕਰੇਸੰਸਾਰ ਦੀ ਪਦਵੀ ਪਾ ਲਵੇਗਾ ॥ ੨੨੪ ॥

**ਸ਼ਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ ਆਤਮ ਅਵੇਸ ਪਰਮਾਤਮ ਪ੍ਰਬੀਨ ਹੈ ॥**

(ਜਦ) ਗੁਰੂ ਤੇ ਸਿਖ ਸੰਧੀ ਮਿਲ ਜਾਵੇ (ਤਾਂ ਗੁਰ) ਸ਼ਬਦ ਵਿਚ(ਸਿਖ ਦੀ)ਸੁਰਤ ਦੀ ਲਿਵ ਲਗ ਜਾਂਦੀ ਹੈ, ਜਿਸ ਕਰਕੇ ਆਤਮਾ ਪਰਮਾਤਮਾ ਵਿਚ ਅਵੇਸ਼ (ਕਰਨ ਲਈ) ਪ੍ਰਬੀਨ ਹੋ ਜਾਂਦਾ ਹੈ।

**ਤਤੈ ਮਿਲਿ ਤਤ ਸ੍ਵਾਂਤ ਬੂੰਦ ਮੁਕਤਾਹਲ ਹੋਇ ਪਾਰਸ ਕੈ ਪਾਰਸ ਪਰਸ ਪਰ ਕੀਨ ਹੈ ॥**

(ਜਿਵੇਂ) ਤਤ ਵਿਚ ਤਤ ਮਿਲ ਜਾਂਦਾ ਹੈ,(ਅਤੇ ਜਿਵੇਂ) ਸਵਾਂਤੀ ਬੂੰਦ (ਸਿਪ ਵਿਚ ਪੈ ਕੇ) ਮੋਤੀ ਹੋ ਜਾਂਦੀ ਹੈ, (ਇਵੇਂ ਹੀ ਆਤਮਾ ਪਰਮਾਤਮਾ ਵਿਚ ਮਿਲ ਜਾਂਦੀ ਹੈ,ਕਿਉਂਕਿ ਗੁਰ ਉਪਦੇਸ਼ਰੂਪਸਵਾਂਤੀ ਬੂੰਦ ਜਗਯਾਸੂ ਦੇ ਅੰਤਹਕਰਣ ਰੂਪ ਸਿਪ ਵਿਚ ਪੈ ਕੇ, ਉਸ ਨੂੰ ਮੋਤੀ ਸਰੂਪ ਵਿਚ ਕਰ ਦਿਤਾ ਹੈ) ਅਤੇ (ਗੁਰੂ ਰੂਪ) ਪਾਰਸ ਨੂੰ ਪਰਸਨੇ ਕਰਕੇ(ਸਿਖ ਰੂਪ ਧਾਤ ਨੂੰ)[ਪਰ]ਬਹੁਤ ਚੰਗਾ ਪਾਰਸ ਕਰ ਦਿਤਾ ਹੈ (ਅਰਥਾਤ 'ਨਾਨਕ ਗੁਰ ਤੇ ਗੁਰ ਹੋਆ ਵੇਖਹੁ ਤਿਸ ਕੀ ਰਜਾਇ।' ਗੁਰੂ ਨੇ ਸਿਖ ਨੂੰ ਗੁਰੂ ਕਰ ਦਿਤਾਹੈ)

**ਜੋਤੀ ਮਿਲਿ ਜੋਤਿ ਜੈਸੇ ਦੀਪ ਕੈ**

**ਦਿਪਤ ਦੀਪ ਹੀਰੈ ਹੀਰਾ ਬੇਧੀਅਤਿ ਆਪੇ ਆਪਾ ਚੀਨ ਹੈ ॥**

ਜਿਸਤਰਾਂ ਅਗ ਨਾਲ ਮਿਲ ਕੇ (ਲੋਹਾ) ਅਗ (ਰੂਪ ਹੋ ਜਾਂਦਾ ਹੈ) ਜਿਸ ਤਰ੍ਹਾਂ ਦੀਵੇ ਨਾਲ ਦੀਵਾ ਪ੍ਰਕਾਸ਼ ਕਰ ਲੈਂਦਾ ਹੈ, (ਜਿਜ ਤਰ੍ਹਾਂ) ਹੀਰੇ ਨਾਲ ਹੀਰਾ ਵਿੰਨ੍ਹਿਆ ਜਾਂਦਾ ਹੈ, (ਇਸੇ ਤਰ੍ਹਾਂ) ਗੁਰ ਉਪਦੇਸ਼ ਰੂਪ ਅਗ ਨਾਲ ਮਿਲ ਕੇ ਆਤਮਾ ਗੁਰ ਉਪਦੇਸ਼ ਰੂਪ ਹੋ ਗਿਆ ਹੈ ਤੇ ਗੁਰੂ ਨਾਨਕ ਰੂਪ ਦੀਵੇ ਤੋਂ ਸ੍ਰੀ ਲਹਿਣਾ ਜੀ ਗੁਰੂ ਅੰਗਦ ਰੂਪ ਹ ਗਏ--ਦੀਵਾ ਪ੍ਰਕਾਸ਼ਿਆ ਹੈ, ਅਤੇ ਗੁਰੂ ਅੰਗਦ ਦੇਵ ਜੀ ਨੇ ਹੀਰੇ ਵਾਂਗੂੰ ਸ੍ਰੀ ਅਮਰ ਦਾਸ ਜੀ ਦਾ ਆਤਮਾ ਵਿੰਨ੍ਹ ਦਿਤਾ ਹੈ, (ਜਿਸ ਕਰਕੇ ਉਨ੍ਹਾਂ ਨੇ) ਆਪਣੇ ਵਿਚੋਂ ਹੀ ਆਪ ਨੂੰ ਪਛਾਣ ਲਿਆ ਹੈ।

**ਚੰਦਨ ਬਨਾਸਪਤੀ ਬਾਸਨਾ ਸੁਬਾਸ ਗਤਿ ਚਤੁਰ ਬਰਨ ਜਨ ਕੁਲ ਅਕੁਲੀਨ ਹੈ ॥ ੨੨੫ ॥**

(ਜਿਸ ਤਰ੍ਹਾਂ) ਚੰਦਨ ਦੀ ਵਾਸ਼ਨਾ ਬਨਾਸਪਤੀ ਵਿਚ (ਗਤਿ) ਪ੍ਰਾਪਤ ਹੋ ਕੇ (ਉਸ ਨੂੰ) (ਸੁਬਾਸ) ਚੰਦਨ ਕਰ ਦੇਂਦੀ ਹੈ, (ਇਸੇ ਤਰ੍ਹਾਂ ਗੁਰੂ ਰੂਪ ਚਦਨ ਦੀ ਸਿਖਿਆ ਰੂਪ ਸੁਗੰਧੀ ਲੈ ਕੇ) ਚੌਹਾਂ ਵਰਨਾਂ ਦੇ ਪੁਰਸ਼ (ਆਪਣੀ ਆਪਣੀ) ਕੁਲ ਵਿਚ (ਅਕੁਲੀਨ) ਬਹੁਤ ਉਤਮਕੁਲ ਵਾਲੇ (ਗੁਰਸਿਖ) (ਹੋ ਗਏ) ਹਨ ॥ ੨੨੫ ॥

**ਗੁਰਮਤਿ ਸਤਿ ਰਿਦੈ ਸਤਿ ਰੂਪ ਦੇਖੇ ਦ੍ਰਿਗ ਸਤਿਨਾਮ ਜਿਹਬਾ ਕੈ ਪ੍ਰੇਮ ਰਸ ਪਾਏ ਹੈ ॥**

(ਦ੍ਰਿਗ=ਅੱਖਾਂ । ਨਾਸਕਾ=ਨਕ ।)
(ਆਘ੍ਰਾਨ=ਸੁੰਘਣਾ । ਹਸਤ=ਹਥ ।)
(ਅਵਿਲੰਬ=ਆਸਰਾ । ਬਿਬੇਕ=ਵੀਚਾਰਦੇ ।)

(ਜਿਸ ਦੇ) ਹਿਰਦੇ ਵਿਚ ਗੁਰ ਉਪਦੇਸ਼ ਦਾ (ਸਤਿ) ਨਿਸ਼ਚਾ ਹੈ, (ਅਥਵਾ--ਜੋ) ਗੁਰ ਉਪਦੇਸ਼ ਨੂੰ ਹਿਰਦੇ ਵਿਚ ਸਤ ਕਰਕੇ ਮੰਨਦਾ ਹੈ, (ਉਹ) ਅਖਾਂ ਨਾਲ (ਸਭ ਪਾਸੇ) 'ਸਤਿ ਰੂਪ' ਨੂੰ ਵੇਖਦਾ ਹੈ, ਅਤੇ ਜੀਭ (ਨਾਲ ਗੁਰ ਮੰਤ੍ਰ ਦਾ ਸਿਮਰਨ) ਕਰਕੇ (ਉਸ ਨੇ) ਪ੍ਰੇਮ ਰਸ ਪਾ ਲਿਆ ਹੈ ।

**ਸਬਦ ਬਿਬੇਕ ਸਤਿ ਸ੍ਰਵਨ ਸੁਰਤਿ ਨਾਦ ਨਾਸਿਕਾ ਸੁਗੰਧਿ ਸਤਿ ਆਘ੍ਰਾਨ ਅਘਾਏ ਹੈ ॥**

ਕੰਨਾਂ ਨਾਲ (ਜੋ ਭੀ) ਸਬਦ ਸੁਣਦੇ ਹਨ, (ਉਸ) ਨਾਦ ਨੂੰ 'ਸਤਿ' ਕਰਕੇ (ਬਿਬੇਕ) ਵੀਚਾਰਦੇ ਹਨ, ਅਤੇ ਨਾਸਕਾ (ਨਕ) ਨਾਲ (ਜੋ ਭੀ) ਸੁਗੰਧੀ (ਲੈਂਦੇ ਹਨ, ਉਸ) (ਆਘ੍ਰਾਨ) ਸੁੰਘਣੀ ਨੂੰ 'ਸਤਿ' (ਜਾਣ ਕੇ ਨਕ) (ਆਘਾਏ) ਤ੍ਰਿਪਤ ਹੋ ਗਿਆ ਹੈ, (ਹੋਰ ਕੁਝ ਸੁੰਘਣ ਦੀ ਲੋੜ ਨਹੀਂ ਰਹੀ ਹੈ) ।

**ਸੰਤ ਚਰਨਾਂਮ੍ਰਿਤ ਹਸਤ ਅਵਿਲੰਬ ਸਤਿ ਪਾਰਸ ਪਰਸਿ ਹੋਇ ਪਾਰਸ ਦਿਖਾਏ ਹੈ ॥**

(ਸੰਤ) ਗੁਰ ਚਰਨਾਂਮ੍ਰਿਤ (ਨੂੰ ਜਿਸ ਨੇ ਛਕ ਲਿਆ ਹੈ, ਉਸ ਦੇ) ਹਥਾਂ ਦਾ ਆਸਰਾ 'ਸਤਿ' ਹੈ, (ਇਸ ਲਈ) ਉਹ ਗੁਰੂ ਰੂਪ) ਪਾਰਸ ਨੂੰ ਪਰਸ ਕਰਕੇ (ਆਪ ਭੀ) ਪਾਰਸ (ਰੂਪ) ਹੋ ਕ ਨਜ਼ਰ ਆਏ ਹਨ, (ਅਰਥਾਤ ਇਸ ਤਰ੍ਹਾਂ ਦ ਸਿਖ ਅੰਤ ਨੂੰ ਗੁਰੂ ਪਦ ਤੇ ਪੁਜ ਜਾਂਦੇ ਹਨ) ।

**ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ ਗੁਰਸਿਖ ਸੰਧਿ ਮਿਲੇ ਅਲਖ ਲਖਾਏ ਹੈ ॥ ੨੨੬ ॥**

ਗੁਰੂ ਦੀ ਸੰਧੀ ਵਿਚ ਮਿਲੇ ਹੋਏ ਸਿਖ ਨੇ ਸਤਿਗੁਰੂ ਦ ਗਿਆਨ ਧਿਆਨ (ਕਰਕੇ, ਜਿਸਦਾ) ਰੂਪ ਸਤ ਹੈ, ਨਾਮ ਸਤ ਹੈ, (ਉਸ ਅਲਖ ਨੂੰ ਲਖ ਲਿਆ ਹੈ ॥੨੨੬॥

**ਆਤਮਾ ਤ੍ਰਿਬਿਧੀ ਜਤ੍ਰ ਕਤ੍ਰ ਸੈ ਇਕਤ੍ਰ ਭਏ ਗੁਰਮਤਿ ਸਤਿ ਨਿਹਚਲ ਮਨ ਮਾਨੇ ਹੈ ॥**

(ਗੋਰਸ=ਦੁਧ । ਗੋ ਬੰਸ=ਅਨੇਕ ਰੰਗਾਂ)
(ਦੀਆਂ ਗਊਆਂ। ਕਾਰਨ=ਨਮਿਤ ਕਾਰਨ)

(ਤੇ ਉਪਾਦਾਨ ਕਾਰਨ ਦੋ ਤਰ੍ਹਾਂ ਦਾ ਹੁੰਦਾ)
(ਹੈ, ਜਿਵੇਂ ਮਿਟੀ ਘੜੇ ਦਾ ਉਪਾਦਾਨ)
(ਕਾਰਨ ਤ ਕੁਮਿਆਰ, ਚੱਕ ਪਾਣੀ ਆਦਿਕ)
(ਸਹਾਇਕ ਵਸਤਾਂ ਨਮਿਤ ਕਾਰਨ ਹਨ।)
(ਕਾਰਨ=ਕਾਰਜ, ਕਾਰਨ ਤੋਂ ਪੈਦਾ ਹੋਈ)
(ਵਸਤੂ, ਜਿਵੇਂ ਮਿਟੀ ਤੋਂ ਘੜਾ।)
(ਕਰਨ=ਵਯਾਪਾਰ, ਜੋ ਕਾਰਨ ਤੋਂ ਪੈਦਾ)
(ਹੋ ਕੇ, ਕਾਰਜ ਨੂੰ ਪੈਦਾ ਕਰਨ ਵਿਚ ਸਹਾ-)
(ਇਕ ਹੋਵੇ, ਜਿਸ ਤਰ੍ਹਾਂ ਘੜੇ ਦਾ ਨਮਿਤ)
(ਕਾਰਨ ਡੰਡਾ, ਚੱਕ ਤੇ ਕੁਮਿਆਰ ਹੈ।),
(ਇਹਨਾਂ ਤੋਂ ਪੈਦਾ ਹੋਈ ਚੱਕ ਦੀ ਭੌਣ ਰੂਪ)
(ਕ੍ਰਿਯਾ, ਜਿਸ ਦੇ ਰਾਹੀਂ ਘੜਾ ਪੈਦਾ ਹੋਣਾ)
(ਹੈ, ਇਸ ਲਈ ਇਹ ਭੌਣ ਰੂਪ ਕ੍ਰਿਯਾ)
(ਕਰਨ ਹੈ। ਦੂਜੇ ਪਾਸੇ ਜਗਤ ਕਾਰਜ ਹੈ,)
(ਪੰਜ ਤੱਤ ਤੇ ਈਸ਼੍ਵਰੀ ਇਛਾ ਕਾਰਨ ਹਨ,)
(ਪੰਜ ਤੱਤ ਉਪਾਦਾਨ ਕਾਰਨ ਤ ਈਸ਼੍ਵਰੀ)
(ਇਛਾ ਤੇ ਕਾਲ ਨਮਿਤ ਕਾਰਨ ਹਨ,)
(ਅਤੇ ਪੰਜਾਂ ਤੱਤਾਂ ਦੀ ਸੰਜੋਗਾਤਕ ਕ੍ਰਿਯਾ)
('ਕਰਨ' ਹੈ। ਜੰਤ੍ਰ=ਵਾਜਾ। ਜੰਤ੍ਰੀ=ਵਾਜਾ)
(ਵਜਾਨ ਵਾਲਾ। ਚਿਤ੍ਰ=ਤਸਵੀਰ।)
(ਚਿਤੇਰਾ=ਤਸਵੀਰ ਬਨਾਨ ਵਾਲਾ ਮੁਸਵਰ।)
(ਜਨ (ਜਨਯ)=ਪੁਤਰ। ਜਨਕ=ਪਿਤਾ,)
(ਪਿਉ। )

(ਜਿਸ ਨੇ) ਗਰ ਸਿਖਿਆ ਨੂੰ ਮੰਨ ਕਰਕੇ 'ਸਤਿ' ਮੰਨਿਆ ਹੈ, (ਉਸ ਦਾ) ਤ੍ਰਿਬਿਧੀ ਅ ਤਮਾ ਅਚਲ ਹੋ ਗਿਆ ਹੈ, ਅਤੇ ਜਿਧਰ ਕਿਧਰ ਇਕਤ੍ਰ ਜਹਾ ਹੋ ਗਿਆ ਹੈ (ਅਰਥਾਤ ਗੁਰ ਉਪਦੇਸ਼ ਉਤੇ ਜਿਸ ਦੇ ਮਨ ਦਾ ਨਿਸਚਾ ਬਝ ਗਿਆ ਹੈ, ਉਸ ਦਾ ਮਨ ਅਚਲ ਹੋ ਗਿਆ ਹੈ, ਚੰਚਲਤਾ ਛਡ ਦਿਤੀ ਹੈ ਅਤੇ ਮਨ, ਬਾਣੀ, ਸਰੀਰ ਕਰਕੇ ਇਕ ਸਾਰਖਾ ਹੋ ਗਿਆ ਹੈ, ਜੋ ਕੁਝ ਮਨ ਵਿਚ ਹੈ, ਓਹੀ ਮੂੰਹੋਂ ਗਲ ਕਰਦਾ ਹੈ ਤੇ ਕਹਿਣੀ ਦੇ ਅਨੁਸਾਰ ਸਰੀਰ ਦੀ ਰਹਿਣੀ ਰਖਦਾ ਹੈ)।

**ਜਗਜੀਵਨ ਜਗ ਜਗ ਜਗਜੀਵਨ ਮੈ ਪੂਰਨ ਬ੍ਰਹਮ ਗਿਆਨ ਧਿਆਨ ਉਰ ਆਨੇ ਹੈ॥**

ਜਗਤ ਜਗਤ-ਜੀਵਨ (ਰੂਪ ਪ੍ਰਭੂ) ਵਿਚ (ਲੀਨ ਹੈ, ਅਤ) ਜਗਤ ਵਿਚ ਜਗਤ-ਜੀਵਨ (ਰੂਪ ਪ੍ਰਭੂ) ਪੂਰਨ ਹੈ, ਪੂਰਨ ਬ੍ਰਹਮ (ਸਰੂਪ ਗੁਰੂ ਦੇ) ਗਿਆਨ ਧਿਆਨ (ਕਰਕੇ ਉਪਰੋਕਤ ਨਿਸਚਾ) ਹਿਰਦੇ ਵਿਚ ਆਂਦਾ ਹੈ।

**ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ ਗੋਰਸ ਗੋਬੰਸ ਗਤਿ ਪ੍ਰੇਮ ਪਹਿਚਾਨੇ ਹੈ॥**

ਸੂਖਮ, ਸਥੂਲ ਦੇ ਕ ਰਣ ਵਿਚ ਇਕੋ ਹੀ ਅਨੇਕਾਂ ਵਿਚ ਮਿਲਿਆ ਹਇਆ ਹੈ, (ਜਿਸ ਤਰਾਂ ਇਕੋ ਹੀ) ਦੁਧ (ਅਨੇਕ ਰੰਗਾਂ ਦੀਆਂ) ਗਊਆਂ ਵਿਚ ਪ੍ਰਾਪਤ ਹੈ, (ਇਸ ਬਿਧੀ ਨੂੰ ਗੁਰ ਸਿਖ ਨੇ)ਪਰੇਮ ਕਰਕੇ ਪਛਾਣ ਲਿਆ ਹੈ।

**ਕਾਰਨ ਮੈ ਕਾਰਨ ਕਰਨ ਚਿਤ੍ਰ ਮੈ ਚਿਤੇਰੋ ਜੰਤ੍ਰ ਧੁਨਿ ਜੰਤ੍ਰੀ ਜਨ ਕੈ ਜਨਕ ਜਾਨੇ ਹੈ॥ ੨੨੭॥**

(ਜਿਸ ਤਰ੍ਹਾਂ) ਕਾਰਨ ਵਿਚ ਕਾਰਜ ਤੇ ਕਰਨ ਹੈ, ਚਿਤ੍ਰ ਵਿਚ ਚਿਤੇਰਾ ਹੈ, ਜੰਤ੍ਰ ਵਿਚ ਜੰਤਰੀ ਦੀ ਧੁਨੀ ਹੈ, ਅਤੇ ਜਿਸ ਤਰ੍ਹਾਂ ਪੁਤ੍ਰ ਕਰਕੇ ਪਿਉ ਜਾਣਿਆ ਜਾਂਦਾ ਹੈ, (ਇਸ ਤਰ੍ਹਾਂ ਇਕ ਪ੍ਰਭੂ ਹੀ ਜਗਤ ਵਿਚ ਪੂਰਨ ਹੈ ਅਤੇ ਜਗਤ ਕਰਕੇ ਇਸ ਦੇ ਰਚਨਹਾਰ ਪ੍ਰਭੂ ਨੂੰ ਜਾਣਿਆਂ ਜਾਂਦਾ ਹੈ)॥ ੨੨੭।

**ਨਾਇਕੁ ਹੈ ਏਕੁ ਅਰੁ ਨਾਇਕਾ ਅਸਟ ਤਾਕੈ ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈ॥**

ਇਕ ਮਾਲਕ ਹ, ਅਤ ਅਠ ਉਸ ਦੀਆਂ ਔਰਤਾਂ ਹਨ, (ਅਗੇ ਫਿਰ) ਇਕ ਇਕ ਔਰਤ ਦੇ ਪੰਜ ਪੰਜ ਪੁਤਰ ਹਨ।

**ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ ਭਏ ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤਿ ਹੈ॥**

ਇਕ ਇਕ ਪੁਤਰ ਦੇ ਘਰ ਵਿਚ ਚਾਰ ਚਾਰ (ਨਾਤੀ) ਪੋਤਰੇ ਹੋਏ ਹਨ, ਇਕ ਇਕ ਪੋਤਰੇ ਦੇ ਘਰ

ਦੋ ਦੋ ਵਹੁਟੀਆਂ ਹਨ, ਜੋ ਪ੍ਰਸੂਤਾ (ਅਰਥਾਤ ਜਿਨ੍ਹਾਂ ਨੇ ਬਚੇ ਪੈਦਾ ਕੀਤੇ ਹੋਏ) ਹਨ।

**ਤਾਹੂ ਤੇ ਅਨੇਕ ਪੁਨਿ ਏਕੈ ਏਕੈ ਪਾਂਚਿ ਪਾਂਚਿ ਤਾਂਤੇ ਚਾਰਿ ਚਾਰਿ ਸੁਤ ਸੰਤਤਿ ਸਭੂਤ ਹੈ॥**

ਓਹਨਾਂ ਤੋਂ ਅਨੇਕਾਂ ਬਚੇ ਹੋਏ ਹਨ, ਪਰ ਉਹਨਾਂ ਵਿਚੋਂ ਇਕ ਇਕ ਦੇ ਪੰਜ ਪੰਜ (ਪੁਤਰ ਹੋਏ ਹਨ, ਅਤੇ) ਉਹਨਾਂ ਤੋਂ ਫਿਰ ਚਾਰ ਚਾਰ ਪੁਤਰ (ਹੋਏ ਹਨ, ਇਸ ਤਰ੍ਹਾਂ ਦੀ) ਸੰਤਾਨ ਸੋਭਾ ਪਾ ਰਹੀ ਹੈ।

**ਤਾਂਤੇ ਆਠ ਆਠ ਸੁਤਾ ਸੁਤਾ ਸੁਤਾ ਆਠ ਸੂਤ ਐਸੋ ਪਰਵਾਰੁ ਕੈਸੇ ਹੋਇ ਏਕ ਸੂਤ ਹੈ॥ ੨੨੮॥**

ਉਹਨਾਂ ਤੋਂ ਫਿਰ ਅਠ ਅਠ ਧੀਆਂ (ਹੋਈਆਂ ਹਨ, ਫਿਰ) ਧੀ ਧੀ ਦੇ ਘਰ ਅਠ ਅਠ ਪੁਤਰ ਹੋਏ ਹਨ, (ਜਿਸ ਦਾ) ਇਸ ਤਰ੍ਹਾਂ ਦਾ ਪਰਵਾਰ ਹੈ, ਉਹ ਕਿਸ ਤਰ੍ਹਾਂ ਨਾਲ ਇਕ ਸੂਤ ਵਿਚ ਆ ਸਕਦਾ ਹੈ॥ ੨੨੮॥

ਨੋਟ—ਇਸ ਕਬਿਤ ਵਿਚ ਮਨ ਨੂੰ ਮਣ ਦੇ ਵਟੇ ਦੇ ਦ੍ਰਿਸ਼ਟਾਂਤ ਵਿਚ ਵਰਣਨ ਕੀਤਾ ਹੈ, ਉਸ ਦਾ ਸਾਰਾ ਖੁਲਾਸਾ ਅਗਲੇ ਕਬਿਤ ਵਿਚ ਖੋਂਹਦੇ ਹਨ—

**ਏਕ ਮਨੁ ਆਠ ਖੰਡ ਖੰਡ ਖੰਡ ਪਾਂਚ ਟੂਕ ਟੂਕ ਟੂਕ ਚਾਰਿ ਫਾਰਿ ਫਾਰਿ ਦੋਇ ਫਾਰ ਹੈ॥**

ਇਕ ਮਣ ਦ ਅਠ ਟੁਕੜ (ਅਠ ਪੰਜਸੇਰੀਆਂ) ਹਨ, ਟੁਕੜੇ ਟੁਕੜੇ ਪੰਜ ਟੋਟ (ਪੰਜਸੇਰੀ ੨ ਦੇ ਪੰਜ ਸੇਰ) ਹਨ, ਟੁਕੜ ਦੀਆਂ ਚਾਰ ਫਾੜੀਆਂ (ਸੇਰ ਦੇ ਚਾਰ ਪਾਉ) ਹਨ, ਫਾੜੀ ਦੀਆਂ ਦੋ ਫਾੜੀਆਂ (ਪਾਉ ਦੀਆਂ ਦੋ ਅਧ ਪਾਈਆਂ) ਹਨ।

**ਤਾਹੂ ਤੇ ਪਈਸੇ ਅਉ ਪਾਈਸਾ ਏਕੁ ਪਾਂਚ ਟਾਂਕ ਟਾਂਕ ਟਾਂਕ ਮਾਸੇ ਚਾਰਿ ਅਨਿਕ ਪ੍ਰਕਾਰ ਹੈ॥**

ਉਸ ਤਂ (੧੬) ਪਈਸੇ ਹੁੰਦੇ ਹਨ ਅਤੇ ਪਈਸਾ ਪੰਜ ਟਾਂਕ ਦਾ ਹੁੰਦਾ ਹੈ, ਇਕ ਇਕ ਟਾਂਕ ਦੇ ਚਾਰ ਚਾਰ ਮਾਸੇ ਹੁੰਦੇ ਹਨ, (ਇਸ ਤਰ੍ਹਾਂ) ਅਨੇਕ ਤਰ੍ਹਾਂ ਦਾ (ਹਿਸਾਬ) ਹੈ।

**ਮਾਸਾ ਏਕੁ ਆਠ ਰਤੀ ਰਤੀ ਆਠ ਚਾਵਰ ਕੀ ਹਾਟ ਹਾਟ ਕਨੁ ਕਨੁ ਤੋਲ ਤੁਲਾਧਾਰ ਹੈ॥**

ਇਕ ਮਾਸਾ ਅਠ ਰੱਤੀ ਦਾ ਹੁੰਦਾ ਹੈ, ਇਕ ਰੱਤੀ ਅਠ ਚਾਵਲ ਦੀ ਹੁੰਦੀ ਹੈ, (ਜਿਸ ਨਾਲ) ਹਟੀ ਹਟੀ ਉਤੇ (ਕਣੁ ਕਣੁ) ਅੰਨਾਦਿਕ ਤੋਲਦ (ਤੁਲਾਧਾਰ) ਤਕੜੀ ਉਤੇ (ਜਾਂ ਬਾਣੀਏਂ) ਲੋਕ।

**ਪੁਰ ਪੁਰ ਪੂਰ ਰਹੇ ਸਕਲ ਸੰਸਾਰ ਬਿਖੈ ਬਸਿ ਆਵੈ ਕੈਸੋ ਜਾਂਕੋ ਏਤੋ ਬਿਸਥਾਰ ਹੈ॥ ੨੨੯॥**

ਸਾਰੇ ਸੰਸਾਰ ਵਿਚ, ਸ਼ਹਿਰ ਸ਼ਹਿਰ ਤੇ ਪਿੰਡ ਪਿੰਡ ਵਿਚ ਫੈਲ ਰਿਹਾ ਹੈ, (ਮਨ ਵਿਚ ਸੋਚ ਕਰੋ, ਕਿ) ਜਿਸ ਦਾ ਏਨਾ ਵਿਸਥਾਰ ਹੈ, ਉਹ ਵਸ ਕਿਸ ਤਰ੍ਹਾਂ ਆ ਸਕਦਾ ਹੈ॥ ੨੨੯॥

ਭਾਵ 'ਮਣ ਹੋਇ ਅਠ ਪੰਜ ਸੇਰੀਆਂ ਪੰਜੂ ਅਠੇ ਚਾਲੀ ਭਾਈ' (ਸਤਵੀਂ ਵਾਰ ਵਿਚ ਭੀ) ਭਾਈ ਸਾਹਿਬ ਜੀ ਕਿਹਾ ਹੈ। ਜਿਵੇਂ ਉਥੇ ਮਣ ਦੇ ਵਟੇ ਨਾਲ ਮਨ ਨੂੰ ਉਪਮਾ ਦਿਤੀ ਹੈ, ਇਸੇ ਤਰ੍ਹਾਂ ਇਥੇ ਦਸਿਆ ਹੈ, ਸਰੀਰ ਅੰਦਰਲੇ ਮਨ ਦੀਆਂ ਅਠ ਪੰਜ ਸੇਰੀਆ ਇਉਂ ਹਨ—

ਪੰਜ ਸਥੂਲ ਤਤ, ਪੰਜ ਸੂਖਮ ਤੱਤ, ਪੰਜ ਕਾਮਾਦਿਕ ਗੁਣ, ਪੰਜ ਸੰਤੋਖਾਦਿਕ ਗੁਣ, ਪੰਜ ਕਰਮ ਇੰਦਰੇ ਪੰਜ ਗਿਆਨ ਇੰਦਰੇ, ਪੰਜ ਪ੍ਰਾਣਾਦਿਕ ਪਰਾਣ, ਪੰਜ ਨਾਗਾਦਿਕ ਪਰਾਣ।

ਇਹਨਾਂ ਅਠਾਂ ਦਾ ਸਮੁਚ ਇਕ ਮਨ ਹੈ, ਇਹਨਾਂ ਵਿਚੋਂ ਇਕ ਭੀ ਕਾਬੂ ਕਰ ਲਿਆ ਜਾਏ ਤਾਂ ਫਿਰ ਮਨ ਸਹਜੇ ਹੀ ਵਸੀ ਭੂਤ ਹੋ ਜਾਂਦਾ ਹੈ।

ਨੋਟ—ਇਸ ਕਬਿਤ ਵਿਚ ਪਈਸੇ ਤੋਂ ਵਜਨ ਦਾ ਕੁਝ ਫਰਕ ਜਾਪਦਾ ਹੈ, ਇਸ ਤੋਂ ਪਹਿਲੇ ਅਧ ਪਾਈ ਤਕ ਤਾਂ ਪੂਰਾ ਉਤਰਦਾ ਹੈ। ਜੇ ਪਈਸਾ ਨੂੰ ਛਟਾਂਕ ਮੰਨੀਏ ਤਾਂ ਛਟਾਂਕ ਦੇ ਪੰਜ ਤੋਲੇ ਹੁੰਦੇ ਹਨ, ਅਗੇ ਤੋਲੇ

ਦੇ ਬਾਰਾਂ ਮਾਸੇ ਹੁੰਦੇ ਹਨ, ਪਰ ਭਾਈ ਸਾਹਿਬ ਜੀ ਨੇ ਪੰਜ ਟਾਂਕ ਕਿਹਾ ਹੈ, ਅਤੇ ਫਿਰ ਟਾਂਕ ਨੂੰ ਚਾਰ ਮਾਸੇ ਕਹਿ ਦਿਤਾ ਹੈ। ਮੇਰੇ ਖਿਆਲ ਵਿਚ ਇਥੇ ਕਾਬਲੀ 'ਛਾਰਕ' ਦਾ ਵਰਨਣ ਹੈ, ਉਸਦਾ ਜੋੜ ਠੀਕ ਉਤਰਦਾ ਹੈ, ਅਤੇ ਓਦੋਂ ਇਧਰ ਵਟਾ ਪ੍ਰਚਲਤ ਭੀ ਓਹੀ ਸੀ।

**ਖਗਪਤਿ ਪ੍ਰਬਲ ਪਰਾਕ੍ਰਮੀ ਪਰਮ ਹੰਸ ਚਾਤੁਰ ਚਤੁਰ ਮੁਖ ਚੰਚਲਾ ਚਪਲ ਹੈ ॥**

(ਖਗਪਤਿ=ਗਰੜ । ਪ੍ਰਬਲ=ਤੇਜ ।)
(ਪ੍ਰਕ੍ਰਮੀ=ਬਲ ਵਾਲਾ । ਚਤੁਰ ਮੁਖ=)
(ਬ੍ਰਹਮਾ। ਚੰਚਲ=ਚੰਚਲਾ, ਲਛਮੀ, (੨) )
(ਵੇਸਵਾ । ਚਪਲ=ਬਿਜਲੀ। ਚਲਾਚਲ=)
( (ਚਲ+ਅਚਲ) ਚੰਚਲ ਤੇ ਸਥਿਰ ।)
(ਅਛਤ=ਮੌਜੂਦ ਹੁੰਦੇ । ਗਿਰ=ਪਹਾੜ ।)

(ਇਹ ਉਡਣ ਵਿਚ)ਗਰੁੜ ਨਾਲੋਂ ਤੇਜ ਤੇ ਬਲਵਾਨ ਹੈ, ਅਤੇ ਪਰਮ ਹੰਸ (ਨਾਲੋਂ ਭੀ) ਤੇਜ ਹੈ,ਬ੍ਰਹਮਾ ਨਾਲੋਂ ਚਤ੍ਰ ਹੈ,ਲਛਮੀ,ਵੇਸਵਾ ਤੇ ਬਿਜਲੀ ਨਾਲੋਂ ਭੀ ਚੰਚਲ ਹੈ।

**ਭੁਜ ਬਲੀ ਅਸ਼ਟ ਭੁਜਾ ਤਾਕੇ ਚਾਲੀਸ ਕਰ ਏਕ ਸਉ ਅਰੁ ਸਾਠਿ ਪਾਉ ਚਾਲ ਚਲਾਚਲ ਹੈ ॥**

(ਅਠ ਪੰਜਸਠੀਆਂ ਇਸ ਦੀਆਂ) ਬਲਵਾਨ ਬਾਹੀਆਂ ਹਨ, ਚਾਲੀ (ਸੇਰ ਇਸ ਦੇ) ਹਥ ਹਨ, ਇਕ ਸੌ ਸਠ ਪਾਉ (ਇਸ ਦੇ) ਪੈਰ ਹਨ, ਚਾਲ (ਇਸ ਦੀ) ਚੰਚਲ ਤੋਂ ਚੰਚਲ ਤੇ ਸਥਿਰ ਤੋਂ ਸਥਿਰ ਹੈ।

**ਜਾਗ੍ਰਤ ਸੁਪਨ ਅਹਿਨਿਸਿ ਦਹਿਦਿਸ ਧਾਵੈ ਤ੍ਰਿਭਵਨ ਪ੍ਰਤਿ ਹੋਇ ਆਵੈ ਏਕ ਪਲ ਹੈ ॥**

ਜਾਗਰਤ ਵਿਚ ਤੇ ਸੁਪਨ ਵਿਚ ਦਿਨੇ ਰਾਤੀਂ ਦਸਾਂ ਦਿਸਾਂ ਵਿਚ ਭਜਾ ਫਿਰਦਾ ਹੈ, ਤਿੰਨਾਂ ਲੋਕਾਂ ਵਿਚ ਇਕ ਪਲ ਵਿਚ ਹੋ ਆਉਂਦਾ (ਜਾਂ ਫਿਰ ਆਉਂਦਾ) ਹੈ।

**ਪਿੰਜਰੀ ਮੈ ਅਛਤ ਉਡਤ ਪਹੁੰਚੈ ਨ ਕੋਊ ਪੁਰ ਪੁਰ ਪੂਰ ਗਿਰ ਤਲ ਥਲ ਜਲ ਹੈ ॥ ੨੩੦ ॥**

ਪਿੰਜਰੇ ਵਿਚ ਮੌਜੂਦ ਹੁੰਦਿਆਂ ਕੋਈ ਭੀ (ਪੰਛੀ) ਉਡਦਾ ਨਹੀਂ ਹੈ, (ਪਰ ਇਹ ਮਨ ਰੂਪ ਪੰਛੀ ਸਰੀਰ ਰੂਪ) ਪਿੰਜਰੇ ਦੇ ਵਿਚ ਹੁੰਦਾ ਹੋਇਆਂ ਹੀ ਸ਼ਹਿਰ ਸ਼ਹਿਰ, ਪਿੰਡ ਪਿੰਡ, ਪਹਾੜਾਂ, ਧਰਤੀਆਂ, ਥਲਾਂ ਜਲਾਂ ਵਿਚ ਪਹੁੰਚ ਜਾਂਦਾ ਹੈ ॥ ੨੩੦ ॥

**ਜੈਸੇ ਪੰਛੀ ਉਡਤ ਫਿਰਤ ਹੈ ਅਕਾਸ ਚਾਰੀ ਜਾਰੀ ਡਾਰਿ ਪਿੰਜਰੀ ਮੈ ਰਾਖੀਅਤਿ ਆਨਿ ਕੈ ॥**

ਜਿਸ ਤਰ੍ਹਾਂ ਪੰਛੀ ਉਡਦਾ ਫਿਰਦਾ ਅਕਾਸ ਵਿਚ ਵਿਚਰਦਾ ਰਹਿਦਾ ਹੈ, (ਪਰ ਉਸ ਨੂੰ) ਜਾਲੀ ਸੁਟ ਕੇ (ਫੜ ਲਈਦਾ ਹੈ, ਅਤੇ ਫਿਰ) ਪਿੰਜਰੇ ਵਿਚ ਪਾ ਕੇ ਰਖੀਦਾ ਹੈ।

**ਜੈਸੇ ਗਜਰਾਜ ਗਹਿਬਰ ਬਨ ਮੈ ਮਦੋਨ ਬਸਿ ਹੁਇ ਮਹਾਵਤ ਕੇ ਅੰਕੁਸਹਿ ਮਾਨਿ ਕੈ ॥**

ਜਿਸ ਤਰ੍ਹਾਂ ਹਾਥੀਆਂ ਦਾ ਰਾਜਾ (ਰੂਪ ਵਡਾ ਹਾਥੀ) ਬੜੇ ਸੰਘਣੇ ਬਨ ਵਿਚ ਮਸਤ ਹੋਇਆ ਫਿਰਦਾ ਹੈ, (ਪਰ ਉਹ ਭੀ ਫੜਿਆ ਜਾ ਕੇ) ਮਹਾਵਤ ਦੇ ਕੁੰਡਿਆਂ ਦੀ ਮਾਰ ਕਰਕੇ ਵਸ ਹੋ ਜਾਂਦਾ ਹੈ।

**ਜੈਸੇ ਬਿਖਿਆਧਰ ਬਿਖਮ ਬਿਲ ਮੈ ਪਾਤਾਲ ਗਹੈ ਸਾਪੇਹੈਰਾ ਤਾਹਿ ਮੰਤ੍ਰਨ ਕੀ ਕਾਨਿ ਕੈ ॥**

ਜਿਸ ਤਰ੍ਹਾਂ ਮਹਾਂ ਵਿਖਧਰ ਸਪ ਬੜੇ ਵਿੰਗੇ ਟੇਢੇ ਰਾਹਾਂ ਵਾਲੀ ਖੁਡ ਵਿਚ ਵੜ ਕੇ ਪਤਾਲ ਵਿਚ ਬੈਠਾ ਹੁੰਦਾ ਹੈ, ਤਾਂ ਸਪੇਲਾ ਉਸ ਨੂੰ ਮੰਤ੍ਰਾਂ ਦੀ ਕਾਨ (ਸੌਂਹ) ਦੇ ਕੇ ਫੜ ਲੈਂਦਾ ਹੈ।

**ਤੈਸੇ ਤ੍ਰਿਭਵਨ ਪ੍ਰਤਿ ਭ੍ਰਮਤ ਚੰਚਲ ਚਿਤ ਨਿਹਚਲ ਹੋਤ ਮਤਿ ਸਤਿਗੁਰ**

## ਗਿਆਨ ਕੈ ॥ ੨੩੧ ॥

ਇਸੇ ਤਰ੍ਹਾਂ ਤਿੰਨਾਂ ਲੋਕਾਂ ਵਿਚ ਫਿਰਨ ਵਾਲਾ ਚੰਚਲ ਚਿਤ ਸਤਿਗੁਰੂ ਜੀ ਦੀ ਸਿਖਿਆ ਦੇ ਗਿਆਨ ਕਰਕੇ ਅਚੱਲ ਹੋ ਜਾਂਦਾ ਹੈ ॥ ੨੩੧ ॥

## ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ ਏਕ ਮੈ ਅਨੇਕ ਭਾਂਤਿ ਅਨਿਕ ਪ੍ਰਕਾਰ ਹੈ ॥

(ਸੰਸਾਰ ਦੀ) ਰਚਨਾ ਦੇ ਕੌਤਕ ਦਾ ਚਿਤਰ (ਫੋਟੋ) ਅਚਰਜ ਤੇ ਅਨੋਖੇ ਪਨ (ਵਾਲਾ ਹੈ, ਜੋ) ਇਕ ਵਿਚ ਅਨੇਕਾਂ ਕਿਸਮਾਂ ਅਨੇਕ ਅਨੇਕ ਪ੍ਰਕਾਰ (ਵਿਚ ਇਕੋ ਮਿਲ ਰਿਹਾ) ਹੈ ।

## ਲੋਚਨ ਮੈ ਦ੍ਰਿਸਟਿ ਸ੍ਰਵਨ ਮੈ ਸੁਰਤਿ ਰਾਖੀ ਨਾਸਿਕਾ ਸੁਬਾਸ ਰਸ ਰਸਨਾ ਉਚਾਰ ਹੈ ॥

ਅਖਾਂ ਵਿਚ ਨਜਰ ਰਖੀ ਹੈ, ਕੰਨਾਂ ਵਿਚ ਸੁਰਤ (ਸੂਝ) ਰਖੀ ਹੈ, ਨਾਸਕਾ ਵਿਚ ਸੁਵਾਸਨਾ ਰਖੀ ਹੈ ਤੇ ਰਸਨਾ (ਜੀਭ) ਵਿਚ ਰਸ ਤੇ ਬੋਲਣਾ ਰਖਿਆ ਹੈ ।

## ਅੰਤਰਿ ਹੀ ਅੰਤਰ ਨਿਰੰਤਰੀਨ ਸ੍ਰੋਤਨ ਮੈ ਕਾਹੂੰ ਕੀ ਨ ਕੋਊ ਜਾਨੈ ਬਿਖਮ ਬੀਚਾਰ ਹੈ ॥

ਇਹਨਾਂ (ਸਰੋਤਨ) ਇੰਦ੍ਰਿਆਂ ਦੇ ਅੰਦਰ ਹੀ ਇਕ ਰਸ ਅੰਤਰਾ (ਪੜਦਾ) ਰਖਿਆ ਹੋਇਆ ਹੈ, (ਇਸ ਕਰਕੇ) ਕਿਜ ਦੀ ਕੋਈ ਨਹੀਂ ਜਾਣਦਾ, (ਇਸ) ਵਿਚਾਰ ਦਾ ਕਰਨਾ ਬੜਾ ਹੀ ਔਖਾ ਹੈ, (ਅਰਥ ਤੇ ਅਖਾਂ ਦੇ ਭੇਦ ਨੂੰ ਨਕ ਨਹੀਂ ਜਾਣਦਾ, ਨਕ ਦੀ ਸੁਗੰਧੀ ਦ ਗਿਆਨ ਨੂੰ ਕੰਨ ਨਹੀਂ ਜਾਣਦ ਤੇ ਕੰਨਾਂ ਦੀ ਗਲ ਨੂੰ ਹਥ ਪੈਰ ਅ ਦਿਕ ਇਦਰੇ ਨਹੀਂ ਜਾਣਦੇ ਇਸੇ ਕਰਕੇ ਹੀ ਕਿਹਾ ਹੈ—'ਇਨ੍ਹਾਂ ਇੰਦ੍ਰਿਆਂ ਦੇ ਅੰਦਰ ਇਕ ਰਸ ਪੜਦਾ ਹੈ।'

## ਅਗਮ ਚਰਿਤ੍ਰ ਚਿਤ੍ਰ ਜਾਨੀਐ ਚਿਤੇਰੋ ਕੈਸੋ ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ ॥ ੨੩੨ ॥

(ਜਦ ਕਿ ਇਸ) ਕੌਤਕ ਰੂਪ ਚਿਤਰ ਦਾ ਜਾਣਨਾ ਸਾਡੀ ਪਹੁੰਚ ਤੋਂ ਪਰੇ ਦੀ ਗੱਲ ਹੈ, ਤੇ ਇਸ ਚਿਤਰ ਨੂੰ ਬਨਾਣ ਵਾਲੇ ਚਿਤਰਕਾਰ ਨੂੰ ਕੋਈ ਕਿਸ ਤਰ੍ਹਾਂ ਜਾਣੇਗਾ, (ਇਸ ਲਈ ਉਸ ਨੂੰ) ਬੇਅੰਤ ਵਾਰੀ (ਮਨ ਨਾਲ) ਨਮਸ਼ਕਾਰ ਹੈ, ਬੇਅੰਤ ਵਾਰੀ (ਬਾਣੀ ਨਾਲ) ਨਮਸ਼ਕਾਰ ਹੈ ਤੇ ਬੇਅੰਤ ਵਾਰੀ (ਸਰੀਰ ਕਰਕੇ) ਨਮਸ਼ਕਾਰ ਹੈ ।। ੨੩੨ ।।

## ਮਾਇਆ ਛਾਇਆ ਪੰਚ ਦੂਤ ਭੂਤ ਉਨਮਾਦ ਠਟਿ ਘਟ ਘਟ ਘਟਿਕਾ ਮੈ ਸਾਗਰ ਅਨੇਕ ਹੈ ॥

(ਛਾਯਾ=ਪਰਛਾਵਾਂ । ਮਾਯਾ ਛਾਯਾ=ਮਾਯਾ)
(ਦਾ ਪਰਛਾਵਾਂ ਰੂਪ ਮਨ । ਉਨਮਾਦ=)
(ਪਾਗਲ, ਸੁਦਾਈ । ਘਟਿਕਾ=ਕੁੰਜੀ ।)
(ਪ੍ਰਜੰਤ=ਤੱਕ । ਜਾਵਦੇਕ=ਜਿਥੋਂ ਤਕ ।)

ਮਾਇਆ ਦੀ ਛਾਯਾ ਰੂਪ (ਕਾਮਾਦਿਕ) ਪੰਜ ਦੂਤ ਕੁਤਾਂ (ਵਰਗੀ) ਪਾਗਲਪਨ ਦੀ ਰਚਨਾ ਕਰ ਰਹੇ ਹਨ (ਜਿਨ੍ਹਾਂ ਨੇ) ਸਮੁੰਦਰ ਨੂੰ ਕੁਜੀ (ਵਿਚ ਪਾਉਣ ਵਾਂਗੂ) ਅਨੇਕਾਂ ਘਟਾਂ ਘਟਾਂ ਨੂੰ (ਬਣਾ ਰਾਂਖਆ) ਹੈ ।

## ਅਉਧ ਪਲ ਘਟਿਕਾ ਜੁਗਾਦਿ ਪਰਜੰਤ ਆਸਾ ਲਹਿਰ ਤਰੰਗ ਮੈ ਨ ਤ੍ਰਿਸਨਾ ਕੀ ਟੇਕ ਹੈ ॥

ਪਲ ਘੜੀ ਤੋਂ ਲੈ ਕੇ ਜ ਜੁਗਾਂ ਤਕ ਦੀ ਉਮਰਾ ਹੈ (ਉਸ ਵਿਚ) ਆਸਾ ਦੀਆਂ ਲਹਿਰਾਂ ਅਤੇ ਤ੍ਰਿਸ਼ਨਾ ਤੇ ਤਰੰਗ (ਉਛਾਲੇ ਮਾਰਦੇ ਹਨ, ਜਿਨ੍ਹਾਂ ਵਲੋਂ) ਓਟ ਨਹੀਂ (ਮਿਲਦੀ) ਹੈ ।

## ਮਨ ਮਨਸਾ ਪ੍ਰਸੰਗ ਧਾਵਤ ਚਤੁਰ ਕੁੰਟ ਛਿਨਕ ਮੈ ਖੰਡ ਬ੍ਰਹਮੰਡ ਜਾਵਦੇਕ ਹੈ ॥

ਮਨ ਮਨ ਦੇ ਪ੍ਰਸੰਗ ਕਰਕੇ ਚੌਹਾਂ ਕੁੰਟਾਂ ਵਿਚ ਭਜਾ ਫਿਰਦਾ ਹੈ, ਅਤੇ ਜਿਥੋਂ ਤਕ ਖੰਡ ਬ੍ਰਹਮੰਡ ਹਨ, (ਉਥੋਂ ਤਕ) ਇਕ ਛਿਨ ਵਿਚ ਪਹੁੰਚ ਜਾਂਦਾ ਹੈ ।

**ਆਧਿ ਕੈ ਬਿਆਧਿ ਕੈ ਉਪਾਧਿ ਕੈ ਅਸਾਧ ਮਨ ਸਾਧਿਬੇ ਕਉ ਚਰਨ ਸਰਨਿ ਗੁਰ ਏਕ ਹੈ ॥ ੨੩੩ ॥**

(ਇਸ ਤਰ੍ਹਾਂ ਦਾ) ਮਨ ਆਧਿ ਕਰਕੇ, ਬਿਆਧਿ ਕਰਕੇ ਤੇ ਉਪਾਧਿ ਕਰਕੇ ਭੀ ਕਾਬੂ ਨਹੀਂ ਆ ਸਕਨ ਵਾਲਾ, (ਉਸਨੂੰ) ਕਾਬੂ ਕਰਨ ਵਾਲੀ ਇਕ ਇਕ ਸਤਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਹੈ ॥ ੨੩੩ ॥

**ਜੈਸੇ ਮਨੁ ਲਾਗਤ ਹੈ ਲੇਖਕ ਕੋ ਲੇਖੈ ਬਿਖੈ ਹਰਿ ਜਸੁ ਲਿਖਤ ਨ ਤੈਸੇ ਠਹਿਰਾਵਈ ॥**

ਜਿਸਤਰਾਂ ਨਾਲ ਹਿਸਾਬੀ ਦਾ ਮਨ ਲੇਖਾ ਕਰਨ ਵਿਚ ਲਗਦਾ ਹੈ, ਉਸ ਤਰ੍ਹਾਂ ਦਾ ਮਨ ਹਰਿ ਜਸ ਲਿਖਣ ਵਿਚ ਨਹੀਂ ਟਿਕਦਾ ਹੈ।

**ਜੈਸੇ ਮਨੁ ਬਨਿਜ ਬਿਉਹਾਰ ਕੋ ਬਿਥਾਰ ਬਿਖੈ ਸ਼ਬਦ ਸੁਰਤਿ ਅਵਗਾਹਨ ਨ ਭਾਵਈ ॥**

ਜਿਸ ਤਰ੍ਹਾਂ ਦਾ ਮਨ ਵਣਜ ਵਿਉਹਾਰ ਦੇ ਪਜਾਰੇ ਨੂੰ ਕਰਦਾ ਹੈ, ਸ਼ਬਦ ਸੁਰਤ ਦੀ ਵੀਚਾਰ ਕਰਨੀ (ਉਸ ਤਰ੍ਹਾਂ ਦੀ) ਨਹੀਂ ਭਾਉਂਦੀ ਹੈ।

**ਜੈਸੇ ਮਨੁ ਕਨਿਕ ਅਉ ਕਾਮਿਨੀ ਸਨੇਹ ਬਿਖੈ ਸਾਧ ਸੰਗਿ ਤੈਸੇ ਨੇਹੁ ਪਲੁ ਨ ਲਗਾਵਈ ॥**

ਜਿਸਤਰ੍ਹਾਂ ਨਾਲ ਮਨ ਸੋਨਾ ਤ ਇਸਤਰੀ ਦੇ ਪਿਆਰ ਵਿਚ (ਲਗਦਾ ਹੈ) ਉਸ ਤਰ੍ਹਾਂ ਦਾ ਪਰੇਮ ਸਾਧ ਸੰਗ ਨਾਲ ਇਕ ਪਲ ਭੀ ਨਹੀਂ ਲਾਂਦਾ ਹੈ।

**ਮਾਇਆ ਬੰਧ ਬੰਧ ਬਿਖੈ ਅਵਧ ਬਿਹਾਇ ਜਾਇ ਗੁਰ ਉਪਦੇਸ਼ ਹੀਨ ਪਾਛੇ ਪਛੁਤਾਵਈ ॥ ੨੩੪ ॥**

ਮਾਯਾ ਦੇ ਬੰਧਨਾਂ ਰੂਪ ਧੰਧਿਆਂ ਵਿਚ ਹੀ ਉਮਰਾ ਗੁਜਰਦੀ ਜਾ ਰਹੀ ਹੈ, ਗੁਰ ਉਪਦੇਸ਼ ਤੋਂ ਹੀਨ (ਮਰਨ ਦੇ) ਮਗਰੋਂ ਪਛਤਾਉਂਦਾ ਹੈ ॥ ੨੩੪ ॥

**ਜੈਸੇ ਮਨੁ ਧਾਵੈ ਪਰ ਤਨ ਧਨ ਦੂਖਨ ਲਉ ਸ੍ਰੀ ਗੁਰ ਸਰਨਿ ਸਾਧ ਸੰਗਿ ਲਉ ਨ ਆਵਈ ॥**

ਜਿਸ ਤਰ੍ਹਾਂ ਨਾਲ ਮਨ ਪਰਾਈ ਇਸਤਰੀ, ਪਰਾਏ ਧਨ ਤੇ ਪਰਾਏ ਔਗੁਣਾਂ ਵਲ ਦੌੜਦਾ ਹੈ, ਉਸ ਤਰ੍ਹਾਂ ਨਾਲ ਸ੍ਰੀ ਗੁਰੂ ਜੀ ਦੀ ਸ਼ਰਨੀ ਤੇ ਸਾਧ ਸੰਗਤ ਵਲ ਨਹੀਂ ਆਉਂਦਾ ਹੈ।

**ਜੈਸੇ ਮਨ ਲਾਗੈ ਪਰਾਧੀਨ ਹੀਨ ਦੀਨਤਾ ਮੈ ਸਾਧ ਸੰਗਿ ਸਤਿਗੁਰ ਸੇਵਾ ਨ ਲਗਾਵਈ ॥**

ਜਿਸ ਤਰ੍ਹਾਂ ਦਾ ਮਨ ਪਰਾਈ ਧੀਨਤਾ (ਨੌਕਰੀ) ਹੀਨਤਾ ਤ ਦੀਨਤਾ (ਮੁਥਾਜੀ) ਵਿਚ ਲਗਦਾ ਹੈ, (ਉਸ ਤਰ੍ਹਾਂ ਦਾ) ਸਾਧ ਸੰਗ ਤੇ ਸਤਿਗੁਰੂ ਜੀ ਦੀ ਸੇਵਾ ਵਿਚ ਨਹੀਂ ਲਗਦਾ ਹੈ।

**ਜੈਸੇ ਮਨੁ ਕਿਰਤਿ ਬਿਰਤਿ ਮੈ ਮਗਨੁ ਹੋਇ ਸਾਧ ਸੰਗਿ ਕੀਰਤਨ ਮੈ ਨ ਠਹਰਾਵਈ ॥**

ਜਿਸ ਤਰ੍ਹਾਂ ਨਾਲ ਮਨ (ਬਿਰਤਿ) ਢਿਡ ਭਰਨ ਦੀ ਕਿਰਤ ਵਿਚ ਮਸਤ ਹੋ ਜਾਂਦਾ ਹੈ, ਸਾਧ ਸੰਗਤ ਵਿਚ ਜਾਕੇ ਹਰਿ ਕੀਰਤਨ ਵਿਚ (ਉਸ ਤਰ੍ਹਾਂ ਦਾ) ਨਹੀਂ ਟਿਕਦਾ ਹੈ।

**ਕੂਕਰ ਜਿਉਂ ਚੌਚਿ ਕਾਢਿ ਚਾਕੀ ਚਾਟਿਬੇ ਕਉ ਜਾਇ ਜਾਕੇ ਮੀਠੀ ਲਾਗੀ ਦੇਖੈ ਤਾਹੀ ਪਾਛੇ ਧਾਵਈ ॥ ੨੩੫ ॥**

ਕੁਤੇ ਵਾਂਗੂੰ ਬੂਥੀ ਚੁਕੀ ਚੱਕੀ ਚੱਟਣ ਨੂੰ (ਭਜਾ) ਜਾਂਦਾ ਹੈ, ਜਿਸ ਨੂੰ ਮਿਠੀ ਲਗੀ ਵੇਖਤਾ ਹੈ, ਉਸੇ ਦੇ ਮਗਰ ਭਜਾ ਜਾਂਦਾ ਹੈ, (ਅਰਥਾਤ ਜਿਸ ਕੋਲ ਮਾਯਾ ਰੂਪ ਜੂਠ ਵੇਖਦਾ ਹੈ, ਇਹ ਲਾਲਚੀ ਕੁਤਾ ਮਨ ਉਸ ਦੇ ਮਗਰ ਉਠ ਭਜਦਾ ਹੈ) ॥ ੨੩੫ ॥

**ਸਰਵਰ ਮੈ ਨ ਜਾਨੀ ਦਾਦਰ ਕਮਲ**

**ਗਤਿ ਮ੍ਰਿਗ ਮ੍ਰਿਗਮਦ ਗਤਿ ਅੰਤਰਿ ਨ ਜਾਨੀ ਹੈ ॥**

(ਜਿਸ ਤਰ੍ਹਾਂ) ਤਲਾਉ ਵਿਚ (ਖੜੇ ਹੋਏ) ਕਮਲ ਦੀ ਗਤੀ ਤਲਾਉ ਵਿਚਲੇ ਡਡੂ ਨੇ ਨਹੀਂ ਜਾਣੀ ਹੈ, (ਅਤੇ ਜਿਸ ਤਰ੍ਹਾਂ ਆਪਣੇ) ਅੰਦਰ ਹੁੰਦੀ ਹੋਈ ਕਸਤੂਰੀ ਦੀ ਗਤੀ ਹਰਨ ਨੇ ਨਹੀਂ ਜਾਣੀ ਹੈ।

**ਮਣਿ ਮਹਿਮਾ ਨ ਜਾਨੀ ਅਹਿ ਬਿਖੁ ਬਿਖਮ ਕੈ ਸਾਗਰ ਮੈ ਸੰਖਨਿਧਿ ਹੀਨ ਬਕਿ ਬਾਨੀ ਹੈ ॥**

(ਜਿਸ ਤਰ੍ਹਾਂ) ਜ਼ੇਹਰ ਕਰਕੇ ਸਪ ਨੇ ਮਣੀ ਦੀ ਮਹਿਮਾਂ ਨਹੀਂ ਜਾਣੀ ਹੈ, (ਅਤੇ ਜਿਸ ਤਰ੍ਹਾਂ) ਸਮੁੰਦਰ ਵਿਚਲੀ ਨਿਧੀ ਨੂੰ (ਹੀਨ) ਸਖਣੇ ਤੇ ਬਕਬਾਦੀ ਸੰਖ ਨੇ ਨਹੀਂ ਜਾਣਿਆ ਹੈ।

**ਚੰਦਨ ਸਮੀਪ ਜੈਸੇ ਬਾਂਸ ਨਿਰਗੰਧ ਕੰਧ ਉਲੂ ਅਲਖ ਦਿਨ ਦਿਨ ਕਰ ਧਿਆਨੀ ਹੈ ॥**

ਜਿਸ ਤਰ੍ਹਾਂ ਚੰਦਨ ਦੇ ਕੋਲ (ਕੰਧ) ਖੜਾ ਹੋਇਆ ਵਾਂਸ ਨਿਰਗੰਧ (ਰਹਿੰਦਾ ਹੈ, ਜਿਸ ਤਰ੍ਹਾਂ) ਉਲੂ ਦਿਨ (ਦੇ ਸਮੇਂ) (ਦਿਨਕਰ) ਸੂਰਜ ਨੂੰ (ਅ+ਲਖ) ਨਹੀਂ ਜਾਣਦਾ ਹੈ, (ਨਿਰਾ) (ਧਿਆਨੀ) ਸਮਾਧੀ ਲਈ ਰਹਿੰਦਾ ਹੈ।

**ਤੈਸੇ ਬਾਂਝ ਬਧੂ ਮਮ ਸ੍ਰੀ ਗੁਰਪੁਰਖ ਭੇਟਿ ਨਿਹਫਲ ਸੇਂਬਲ ਜਯੋਂ ਹਉਮੈ ਅਭਿਮਾਨੀ ਹੈ ॥ ੨੩੬ ॥**

ਉਸੇ ਤਰ੍ਹਾਂ (ਮਮ) ਮੈਂ ਬਾਂਝ ਇਸਤ੍ਰੀ (ਸਮਾਨ) ਸ੍ਰੀ ਗੁਰੂ (ਰੂਪ) ਪੁਰਖ (ਪਤੀ) ਨੂੰ ਮਿਲ ਕਰਕੇ (ਭੀ ਗਿਆਨ ਪੁਤਰ ਵਲੋਂ) ਅਫਲ (ਰਿਹਾ ਹਾਂ, ਮੈਂ) ਹੰਮੈ ਦਾ ਅਭਿਮਾਨੀ (ਹੋਣ ਕਰਕੇ) ਸਿੰਬਲ ਵਾਂਗੂ ਹੀ ਮੈਂ ਨਿਹਫਲ (ਸਮਾਂ ਗੁਜ਼ਾਰ ਰਿਹਾ ਹਾਂ)। ੨੩੬ ॥

**ਬਰਖਾ ਚਤੁਰ ਮਾਸ ਭਿਦੈ ਨ ਪਾਖਾਨ ਸਿਲਾ ਨਿਪਜੈ ਨ ਧਾਨ ਪਾਨ ਅਨਿਕ ਉਪਾਵ ਕੈ ॥**

(ਚਤੁਰਮਾਸ=ਚਾਰ ਮਹੀਨੇ, ਚੁਮਾਸਾ (੧੫)
(ਹਾੜ ਤੋਂ ੧੫ ਅਸੂ ਤਕ ਦਾ ਸਮਾਂ ਚਤੁਰ)
(ਮਾਸਾ ਜਾਂ ਚੁਮਾਸਾ ਕਹਾਉਂਦਾ ਹੈ। ਪਖਾਨ)
(ਸਿਲਾ=ਪਥਰ ਦੀ ਚਿਟਾਨ। ਉਦਿਤ=)
(ਪ੍ਰਗਟ ਹੋਵੇ।ਮਉਲੈ=ਪ੍ਰਫੁਲਤ ਹੁੰਦਾ।ਬਧੂ=)
(ਔਰਤ। ਅਧਾਨ=ਗਰਭ। ਮਰਾਲ=ਹੰਸ।)
(ਅਪਿਆਵ=ਅਪਿਆਉ, ਭੋਜਨ। )

(ਜਿਸ ਤਰ੍ਹਾਂ) ਸਾਰਾ ਚੁਮਾਸਾ ਬਰਖਾ (ਹੁੰਦੀ ਰਹੇ ਤਾਂ ਭੀ) ਪੱਥਰ ਦੀ ਚਟਾਨ ਭਿਜਦੀ (ਜਾਂ ਨਰਮ) ਨਹੀਂ ਹੁੰਦੀ ਹੈ ਅਤੇ ਅਨੇਕਾਂ ਉਪਾਵ ਕਰਨ ਕਰ ਕੇ ਭੀ ਅੰਨ ਤੇ ਪਾਨ (ਪਥਰ ਦੀ ਚਟਾਨ ਉਤੇ) ਨਹੀਂ ਉਗਦਾ ਹੈ।

**ਉਦਿਤ ਬਸੰਤ ਪਰਫੁਲਿਤ ਬਨਾਸਪਤੀ ਮਉਲੈ ਨ ਕਰੀਰੁ ਆਦਿ ਬੰਸ ਕੇ ਸੁਭਾਵ ਕੈ ॥**

(ਜਿਸ ਤਰ੍ਹਾਂ) ਬਸੰਤ ਰੁਤ ਦੇ ਪ੍ਰਗਟ ਹੁੰਦੇ ਹੋਇਆਂ ਸਾਰੀ ਬਨਾਸਪਤੀ ਪ੍ਰਫੁਲਤ ਹੋ ਜਾਂਦੀ ਹੈ, ਪਰ ਕੁਲ ਦੇ ਸੁਭਾਵ ਕਰਕੇ ਕਰੀਰ ਮੁਢ ਤੋਂ ਫੁਲਦਾ ਨਹੀਂ ਹੈ।

**ਸਿਹਜਾ ਸੰਜੋਗ ਭੋਗ ਨਿਹਫਲ ਬਾਂਝ ਬਧੂ ਹੋਇ ਨ ਆਧਾਨ ਦੁਖੋ ਦੁਬਿਧਾ ਦੁਰਾਵ ਕੈ ॥**

(ਜਿਸ ਤਰ੍ਹਾਂ) ਸੇਜਾ (ਉਤੇ ਪਤੀ ਦਾ) ਸੰਜੋਗ ਭੋਗ ਬਾਂਝ ਔਰਤ ਲਈ ਨਿਹਫਲ ਹੈ, (ਕਿਉਂਕਿ) ਦਵੈਤ ਦੇ (ਦੁਰਾਵ) ਪਾਪ ਰੂਪ ਦੁਖ ਕਰਕੇ ਉਸਨੂੰ ਗਰਭ ਨਹੀਂ ਹੁੰਦਾ ਹੈ।

**ਤੈਸੇ ਮਮ ਕਾਗ ਸਾਧ ਸੰਗਤਿ ਮਰਾਲ ਸਭਾ ਰਹਿਓ ਨਿਰਾਹਾਰ ਮੁਕਤਾਹਲ ਅਪਿਆਵ ਹੈ ॥ ੨੩੭ ॥**

ਉਸੇ ਤਰ੍ਹਾਂ ਹੀ ਹੰਸਾਂ ਦੀ ਸਭਾ ਵਰਗੀ ਸਾਧ ਸੰਗਤ ਵਿਚ (ਜਾਕੇ ਭੀ) ਮੈਂ ਕਾਂ ਮੋਤੀਆਂ ਦੇ ਭੋਜਨ ਖਾਣ ਵਲੋਂ ਨਿਰਾਹਾਰ ਰਿਹਾ ਹਾਂ ॥ ੨੩੭ ॥

ਭਾਵ--'ਧਰਮਸਾਲ ਹੈ ਮਾਨਸਰ ਹੰਸ ਗੁਰਸਿਖ ਵਾਹੁ ॥ ਰਤਨ ਪਦਾਰਥ ਗੁਰ ਸ਼ਬਦ ਕਰਿ ਕੀਰਤਨ ਖਾਹੁ ॥' (ਵਾਰ ਭਾਈ ਗੁਰਦਾਸ)

ਧਰਮਸਾਲ ਮਾਨਸਰੋਵਰ ਹੈ, ਗੁਰਸਿਖ ਸਾਧ ਸੰਗਤ ਹੰਸਾਂ ਦੀ ਸਭਾ ਹੈ, ਗੁਰ ਬਾਣੀ ਮੋਤੀਆਂ ਦੀ ਖੁਰਾਕ ਹੈ ਅਤੇ ਕੀਰਤਨ ਕਰਨਾ ਉਸ ਖੁਰਾਕ ਦਾ ਖਾਣਾ ਹੈ। ਇਥੇ ਭਾਈ ਸਾਹਿਬ ਜੀ ਕਹਿੰਦੇ ਹਨ, ਮੈਂ ਕਾਂ ਸਮਾਨ ਰਿਹਾ ਹਾਂ ਤੇ ਗੁਰ ਸ਼ਬਦ ਰੂਪ "ਮੋਤੀਆਂ ਦੇ ਭੋਜਨ ਨੂੰ ਖਾਧਾ ਨਹੀਂ ਹੈ, ਸਗੋਂ ਖੁਰਾਕ ਦੇ ਹੁੰਦੇ ਸੁੰਦੇ ਭੁਖਾ ਬੈਠਾ ਰਿਹਾ ਹਾਂ।

**ਕਪਟ ਸਨੇਹ ਜੈਸੇ ਢੇਕੁਲੀ ਨਿਵਾਵੈ ਸੀਸੁ ਤਾਕੈ ਬਸਿ ਹੋਇ ਜਲੁ ਬੰਧਨ ਮੈ ਆਵਈ ॥**

ਜਿਸ ਤਰ੍ਹਾਂ ਦਿਖਾਵੇ ਦੇ ਪਿਆਰ ਵਾਲੀ ਢੀਂਗੁਲੀ ਸਿਰ ਨਿਵਾਉਂਦੀ (ਹੈ ਤਾਂ) ਪਾਣੀ(ਉਸਦਾ ਆਦਰ ਕਰ ਕੇ) ਉਸਦੇ ਵਸ ਵਿਚ ਹੋ ਕੇ (ਡੋਲ ਰੂਪ) ਬੰਧਨ (ਫਾਹੀ) ਵਿਚ ਆ ਜਾਂਦਾ ਹੈ (ਅਰਥਾਤ ਢੀਂਗੁਲੀ ਦੀ ਨਿਮ੍ਰਤਾ ਵੇਖਕੇ ਪਾਣੀ ਉਸਦੇ ਅਗੇ ਝੁਕ ਜ ਦਾ ਹੈ, ਤਾਂ ਕਪਟ ਦੇ ਸਨੇਹ ਵਾਲੀ ਢੀਂਗੁਲੀ ਪਾਣੀ ਨੂੰ ਡੋਲ ਦੀ ਫਾਹੀ ਵਿਚ ਫਸਾ ਲੈਂਦੀ ਹੈ)।

**ਡਾਰਿ ਦੇਤ ਖੇਤ ਹੁਇ ਪ੍ਰਫੁਲਿਤ ਸਫਲ ਤਾਤੇ ਆਪਿ ਨਿਹਫਲ ਪਾਛੈ ਬੋਝੁ ਉਕਤਾਵਈ ॥**

(ਢੀਂਗੁਲੀ ਪਾਣੀ ਨੂੰ ਬਾਹਰ) ਸੁਟ ਦੇਂਦੀ ਹੈ, ਉਸ ਕਰਕੇ ਖੇਤ (ਪ੍ਰਫੁਲਤ) ਹਰਾ ਭਰਾ ਤੇ ਫਲ ਦੇ ਸਹਿਤ ਹੋ ਜਾਂਦਾ ਹੈ, (ਪਰ ਢੀਂਗੁਲੀ) ਅਪਣੀ ਪਿਠ ਉਤੇ ਬਿਅਰਥ ਭਾਰ ਚੁਕੀ ਰਖਦੀ ਹੈ।

**ਅਰਧ ਉਰਧ ਹੁਇ ਕਰਮ ਅਨੁ-ਕਰਮ ਕੈ ਪਰ ਉਪਕਾਰ ਅਧਿਕਾਰ ਨ ਮਿਟਾਵਈ ॥**

(ਢੀਂਗੁਲੀ) (ਕਰਮ ਅਨੁ-ਕਰਮ) ਲਗਾ ਤਾਰ (ਕਦੀ) ਹੇਠਾਂ (ਤੇ ਕਦੀ) ਉਤਾਂਹ ਹੁੰਦੀ ਹੈ, (ਉਸਦਾ) ਹੇਠਾ ਹੋਣਾ ਵਿਕਾਰ ਨੂੰ ਨਹੀਂ ਮਿਟਾਉਂਦਾ ਹੈ ਅਤੇ ਉਤਾਂਹ ਹੋਣਾ ਪਰਉਪਕਾਰ ਨੂੰ ਨਹੀਂ ਮਿਟਾਉਂਦਾ ਹੈ (ਅਰਥਾਤ ਪੁਰਸ਼ ਨਿਮ੍ਰਤਾ ਧਾਰਨ ਕਰੇ ਤਾਂ ਉਸਦੀਆਂ ਬੁਰਾਈਆਂ ਮਿਟਦੀਆਂ ਹਨ ਅਤੇ ਹੰਕਾਰ ਧਾਰਨ ਕੀਤਿਆਂ ਨੇਕੀਆਂ ਦਾ ਖਾਤਮਾ ਹੁੰਦਾ ਹੈ, ਪਰ ਢੀਂਗੁਲੀ ਦੇ ਹੇਠਾਂ ਉਤਾਂਹ ਦਵੇਂ ਕਰਮ ਹੀ ਬਿਅਰਥ ਹਨ, ਨਾ ਕੋਈ ਨੇਕੀ ਪੈਦਾ ਕਰਦੇ ਨਾ ਬਦੀ, ਇਸ ਦਾ ਕਾਰਨ ਹੈ ਉਸਦਾ 'ਕਪਟ ਸਨੇਹ'।

**ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ ਗੁਰਮਤਿ ਦੁਰਮਤਿ ਸੁਖ ਦੁਖ ਪਾਵਈ ॥ ੨੩੮ ॥**

ਇਸੇ ਤਰ੍ਹਾਂ ਬੁਰੇ ਪੁਰਸ਼ਾਂ ਦੀ ਸੰਗਤ ਦੇ ਸੁਭਾਵ ਕਰਕੇ ਗੁਰਮਤ ਨੂੰ (ਗਤਿ) ਨਾਸ਼ ਕਰਕੇ ਦੁਖ ਨੂੰ ਪਾਈਦਾ ਹੈ, ਅਤੇ ਭਲੇ ਪੁਰਸ਼ਾਂ ਦੀ ਸੰਗਤ ਦੇ ਸੁਭਾਵ ਕਰਕੇ ਦੁਰਮਤ ਨੂੰ ਨਾਸ ਕਰਕੇ ਸੁਖ ਨੂੰ ਪਾਈਦਾ ਹੈ ॥ ੨੩੮ ॥

ਭਾਵ—ਢੀਂਗੁਲੀ ਯੰਤ੍ਰ ਦਾ ਦ੍ਰਿਸ਼ਟਾਂਤ ਦੇ ਕੇ ਉਪਦੇਸ਼ ਦਿਤਾ ਹੈ—

ਨਿਉਨੀ ਖਿਉਨੀ ਬਹੁਤ ਹੈ ਮਨ ਮੈ ਨਾਹੀ ਭਾਉ ॥
ਨਾਨਕ ਕੁਜਾ ਸਖਣਾ ਕੰਧ ਨਾਲ ਪਟਕਾਉ ॥

**ਜੈਸੇ ਤਉ ਕੁਚੀਲ ਪਵਿਤ੍ਰਤਾ ਅਤੀਤ ਮਾਖੀ ਰਾਖੀ ਨ ਰਹਤ ਜਾਇ ਬੈਠੇ ਇਛਾਚਾਰੀ ਹੈ ॥**

ਕੁਚੀਲ=ਗੰਦੀ । ਪਵਿਤ੍ਰਤਾ ਅਤੀਤ=(ਸੁਚਤਾ ਤੋਂ ਹੀਨ । ਰਾਖੀ ਨ ਰਹਿਤ=(ਹਟਾਯਾਂ ਹਟਦੀ ਨਹੀਂ, ਮੋੜਿਆਂ ਮੁੜਦੀ (ਨਹੀਂ । ਇਛਾਚਾਰੀ=ਮਨ ਮਰਜੀ ਨਾਲ (ਫਿਰਨ ਵਾਲੀ, ਆਪ ਹੁਦਰੀ । ਅਹਾਰ (ਸਟ ਬੇੜ=ਭਜਨ ਨਾਲ ਮਿਲਕੇ । ਜਰੈ (ਨ=ਹਜਮ ਨਹੀਂ ਹੁੰਦੀ, ਪਚਦੀ ਨਹੀਂ । (ਅਜਰ=ਅਪਚ । ਉਕਲੇਹੁ=ਡਾਕੀ, (ਉਕਾਰੀ, ਛਰਕ, ਕੈਅ । ਖਦ=ਦੁਖ । (ਬਧਿਕ=ਸ਼ਿਕਾਰੀ । ਬਿਧਾਨ=ਮਰਯਾਦਾ (ਤਰੀਕੇ । ਉਦਯਾਨ=ਉਜਾੜ । ਟਾਟੀ=

ਧੋਖੇ ਦੀ ਟਟੀ, ਜਿਵੇਂ ਸ਼ੇਰ ਦੇ ਸ਼ਿਕਾਰਲਈ ਬਕਰੇ ਵਗੈਰਾ ਦਾ ਬੰਨ੍ਹਣਾ। ਬਿਲਾਊ= ਬਿਲਾ। ਬਗੁ=ਬਗਲਾ। ਦੇਹੀ=ਦੇਹਧਾਰੀ, ਪੁਰਸ਼, ਜੀਵ।

ਜਿਸ ਤਰਾਂ ਕਿ ਸ਼ੁਧਤਾ ਤੋਂ ਹੀਨੀ, ਗੰਦੀ ਮਖੀ (ਜੋ) ਮੋੜਿਆਂ ਮੁੜਦੀ ਨਹੀਂ ਹੈ ਤੇ ਮਨ ਮਰਜੀ ਨਾਲ ਜਿਥੇ ਚਾਹੁੰਦੀ ਹੈ, ਉਥੇ ਜਾ ਬੈਠਦੀ ਹੈ।

**ਪੁਨਿ ਜਉ ਅਹਾਰ ਸਨਬੰਧ ਪਰਵੇਸੁ ਕਰੈ ਜਰੈ ਨ ਅਜਰ ਉਕਲੇਦੁ ਖੇਦੁ ਭਾਰੀ ਹੈ ॥**

ਫਿਰ ਜੇਕਰ ਉਹ ਭੋਜਨ ਨਾਲ ਮਿਲਕੇ, ਪੇਟ ਅੰਦਰ ਪ੍ਰਵੇਸ਼ ਕਰ ਜਾਵੇ ਤਾਂ ਪਚਦੀ ਨਹੀਂ ਹੈ, ਅਪਚ ਹੈ, (ਸਗੋਂ) ਉਲਟੀ ਕੈਅ (ਕਰਾਕੇ) ਭਾਰੀ ਦੁਖ ਦੇਂਦੀ ਹੈ।

**ਬਧਿਕ ਬਿਧਾਨ ਜਿਉਂ ਉਦਿਆਨ ਮੈ ਟਾਟੀ ਦਿਖਾਇ ਕਰੈ ਜੀਵ ਘਾਤ ਅਪਰਾਧ ਅਧਿਕਾਰੀ ਹੈ ॥**

ਜਿਸ ਤਰਾਂ ਕਿ ਸ਼ਿਕਾਰੀ ਲੋਕ, ਤਰੀਕੇ ਨਾਲ ਉਜਾੜ ਵਿਚ ਧੋਖੇ ਦੀ ਟਟੀ ਵਿਖਾਕੇ ਸ਼ਿਕਾਰ ਕਰਕੇ 'ਜੀਵ ਘਾਤ' (ਕਰਦੇ ਹਨ, ਇਸੇ ਤਰਾਂ ਉਹ ਪਾਪ ਦੇ ਭਾਗੀ ਹੁੰਦੇ ਹਨ।

**ਹਿਰਦੈ ਬਿਲਾਉ ਅਰੁ ਨੈਨ ਬਗੁ ਧਿਆਨੀ ਪ੍ਰਾਨੀ ਕਪਟ ਸਨੇਹੀ ਦੇਹੀ ਅੰਤਿ ਹੁਇ ਖੁਆਰੀ ਹੈ ॥ ੨੩੯ ॥**

(ਇਸੇ ਤਰਾਂ ਜਿਨਾਂ ਦੇ) ਹਿਰਦੇ ਵਿਚ ਬਿਲੇ (ਵਾਂਗੂ ਚੂਹਾ ਫੜਨ ਦੀ ਇਛਾ ਲਗੀ ਰਹਿੰਦੀ ਹੈ) ਅਤੇ ਅਖਾਂ (ਮੀਟਕੇ)ਬਗਲੇ ਵਰਗਾ ਧਿਆਨਲਾਈ ਰਖਦੇ ਹਨ, (ਇਸ ਨਾਲ ਜੋ) ਕਪਟ ਸਨੇਹੀ ਜੀਵ ਹਨ, ਉਨਾਂ ਪੁਰਸ਼ਾਂ ਨੂੰ ਅੰਤ ਸਮੇਂ ਖੁਆਰੀ ਹੁੰਦੀ ਹੈ ॥ ੨੩੯ ॥

ਭਾਵ-ਜਿਸ ਤਰਾਂ ਮਖੀ ਮੋੜਿਆਂ ਮੁੜਦੀ ਨਹੀਂ ਹੈ, ਇਸੇ ਤਰਾਂ ਮਨਮੁਖ ਪੁਰਸ਼ ਬਦੋ ਬਦੀ ਸਾਧ ਸੰਗਤ ਵਿਚ,ਕਿਸੇ ਲਿਹਾਜ ਮੁਲਾਜੇ ਨਾਲ ਚਲੇ ਤਾਂ ਜਾਂਦੇ ਹਨ, ਪਰ ਉਥੇ ਸਮਾਈ ਨਹੀਂ ਕਰ ਸਕਦੇ, ਸਗੋਂ ਆਪਣੇ ਕੋਲ ਬੈਠੇ ਹੋਏ ਸਤਸੰਗੀਆਂ ਨੂੰ ਭੀ ਗਲੀਂ ਲਾ ਕੇ ਪਾਪਾਂ ਦਾ ਭਾਗੀ ਬਣਾਉਂਦੇ ਹਨ। ਦੂਜੇ ਜੇਹੜੇ ਸ਼ਿਕਾਰੀ ਲੋਕਾਂ ਵਾਂਗੂ ਆਪਣਾ ਮਤਲਬ ਕਢਨ ਲਈ ਸਿਖੀ ਦਾ ਸਾਂਗ ਧਾਰ ਲੈਂਦੇ ਹਨ ਤੇ ਭੋਲੇ ਭਾਲੇ ਸਿਖਾਂ ਨੂੰ ਠਗਦੇ ਹਨ, ਉਹ ਬਗਲ ਧਿਆਨੀ ਪੁਰਸ਼ ਭੀ ਅੰਤ ਸਮੇਂ ਨਰਕ ਦੀ ਯਾਤਰਾ ਰੂਪ ਦੁਖ ਭੋਗਦੇ ਹਨ।

**ਗਊ ਮੁਖ ਬਾਘੁ ਜੈਸੇ ਬਸੈ ਮ੍ਰਿਗ ਮਾਲ ਬਿਖੈ ਕੰਗਨਾ ਪਹਿਰਿ ਜਿਉ ਬਿਲਈਆ ਖਗ ਮੋਹਈ ॥**

ਗਊ ਮੁਖ ਬਾਘ=ਗਊ ਦੇ ਮੂੰਹ ਵਰਗੇ, ਮੂੰਹ ਵਾਲੇ ਸ਼ੇਰ. ਉਹ ਆਦਮੀ ਜੋ ਮੂੰਹ ਨਾਲ ਤਾਂ ਬੜੀਆਂ ਮਿਠੀਆਂ ਮਿਠੀਆਂ ਤੇ ਗਰੀਬੀ ਦੀਆਂ ਗਲਾਂ ਕਰਨ ਤੇ ਮੌਕਾ ਪਾ ਕੇ ਪੁਰਸ਼ ਨੂੰ ਸਮੂਲਚਾ ਖਾ ਜਾਣ,ਇਸ ਤਰਾਂ ਦੇ ਪੁਰਸ਼ਾਂ ਨੂੰ 'ਗਊ ਮੁਖੇ ਬਾਘ' ਕਿਹਾ ਜਾਂਦਾ ਹੈ ! ਕੰਗਨਾ ਪਹਿਰ ਬਿਲੱਯਾ= ਕਿਸੇ ਬਿੱਲੀ ਦੇ ਗਲ ਵਿਚ ਟੋਕਰੀ ਦਾਗੋਲ ਘੇਰਾ ਪੈ ਗਿਆ, ਜਿਸ ਕਰਕੇ ਉਸ ਤੋਂ ਭਜਿਆ ਨ ਜਾਵੇ, ਉਹ ਹੌਲੀ ਹੌਲੀ ਤੁਰਨ ਲਗੀ। ਜਾਨਵਰਾਂ ਨੇ ਪੁਛਿਆ, ਮਾਸੀ ਅਜ ਏਦਾਂ ਕਿਉਂ ਤੁਰਦੀ ਹੈਂ ? ਤਾਂ ਬਿਲੀ ਨੇ ਕਿਹਾ,ਮੈਂ ਕਦਾਰ ਨਾਥ ਗਈ ਸੀ ਉਥੇ ਇਸ਼ਨਾਨ ਕਰਕੇ ਵੈਸ਼ਨਵ ਬ੍ਰਤ ਨੂੰ ਧਾਰਨ ਕਰ ਆਈ ਹਾਂ, ਉਸ ਦੀ ਇਹ ਨਿਸ਼ਾਨੀ ਰੂਪ ਕੜਾ ਮੇਰੇ ਗਲ ਦੇ ਵਿਚ ਪਿਆ ਹੋਇਆ ਹੈ, ਹੁਣ ਤਾਂ ਮੈ,ਹੌਲੀ ਹੌਲੀ ਇਸ ਲਈ ਤੁਰਦੀ ਹਾਂ ਕਿ ਜੋ ਮੇਰੇ ਪੈਰਾਂ ਹੇਠਾਂ ਆ ਕੇ ਕੀੜੇ ਮਕੋੜੇ ਵੀ ਨਾ ਮਰ ਜਾਣ, ਮੈਂ ਪਾਪ ਤੋਂ ਡਰਦੀ ਹਾਂ। ਇਸ ਤਰਾਂ ਦੀਆਂ ਗਲਾਂ ਕਰਦੀ ਕਰਦੀ ਜਾਨ-ਵਰਾਂ ਦੇ ਕੋਲ ਪੁਜ ਗਈ ਅਤੇ ਇਕੋ ਹੀ ਝਪਟ ਨਾਲ ਪੰਜ ਚਾਰ ਚਿੜੀਆਂ ਕਬੂਤਰ ਮਾਰ ਕੇ ਸ਼ਿਕਾਰ ਕਰ ਲਏ। ਜੋ ਪੁਰਸ਼ ਸਾਧਾਂ ਦਾ ਸਾਂਗ ਧਾਰ ਕੇ ਚੋਰੀ ਧਾੜਾ

ਕਰਦੇ ਹਨ, ਉਨਾਂ ਨੂੰ ਕਹੀਦਾ ਹੈ ਕੰਗਨਾ ਧਾਰੀ ਬਿੱਲੀ। ਪੰਚ ਬਟਵਾਰੇ ਭੇਖਧਾਰੀ= ਪੈਂਚਾਂ ਦਾ ਭੇਖ ਧਾਰਨ ਵਾਲੇ ਡਾਕੂ, ਜੋ ਬਦੋ ਬਦੀ ਦੇ ਪੈਂਚ ਬਣ ਕੇ ਡਾਕੇ ਮਾਰਦੇ ਹਨ।

ਜਿਸ ਤਰਾਂ ਗਊ ਮੂੰਹਾਂ ਸ਼ੇਰ ਹਰਨਾਂ ਦੀ ਡਾਰ ਵਿਚ(ਆ ਕੇ ਅੰਤ ਨੂੰ ਵਿਸਾਹ ਦੇ ਕੇ ਸ਼ਿਕਾਰਕਰਦਾ ਹੈ, ਅਤੇ) ਜਿਸ ਤਰਾਂ ਬਿਲੀ (ਕੇਦਾਰ) ਕੰਗਨਾ ਪਾ ਕੇ ਪੰਛੀਆਂ ਨੂੰ ਧੋਖੇ ਨਾਲ ਮਾਰਦੀ ਹੈ।

**ਜੈਸੇ ਬਗ ਧਿਆਨ ਧਾਰਿ ਕਰਤ ਅਹਾਰ ਮੀਨ ਗਨਿਕਾ ਸ਼ਿੰਗਾਰ ਸਾਜਿ ਬਿਬਿਚਾਰ ਜੋਹਈ ॥**

ਜਿਸ ਤਰਾਂ ਬਗਲਾ ਧਿਆਨ ਲਾ ਕੇ(ਬੈਠ ਜਾਂਦਾ ਹੈ, ਅਤੇ ਕੋਲ ਆਈ) ਮਛੀ ਦਾ ਝਟ ਪਟ ਭੋਜਨ ਕਰ ਲੈਂਦਾ ਹੈ, (ਜਿਸ ਤਰਾਂ) ਕੰਜਰੀ (ਸੋਲਾਂ) ਸ਼ਿੰਗਾਰ ਸਜਾ ਕੇ ਵਿਭਚਾਰ (ਕਮਾਉਣ ਲਈ ਦੁਰਾਚਾਰੀ ਪੁਰਸ਼ਾਂ ਦਾ) ਰਾਹ ਵੇਖਦੀ ਹੈ।

**ਪੰਚ ਬਟਵਾਰੇ ਭੇਖਧਾਰੀ ਜਿਉ ਸੰਘਾਤੀ ਹੁਇਅੰਤਿ ਫਾਸੀ ਡਾਰਿ ਮਾਰੈ ਦ੍ਰੋਹਿ ਕਰਿ ਦ੍ਰੋਹਈ॥**

ਜਿਸ ਤਰਾਂ ਪੈਂਚਾਂ ਦਾ ਭੇਖ ਧਾਰਨ ਵਾਲੇ ਡਾਕੂ ਸ਼ਿਕਾਰੀ ਹੋ ਜਾਂਦੇ ਹਨ, (ਜੋ) ਅੰਤ ਸਮੇਂ (ਆਪਣੇ ਉਤੇ ਇਤਬਾਰ ਕਰਨ ਵਾਲਿਆਂ ਦੇ ਗਲ ਵਿਚ) ਫਾਸੀ ਪਾ ਕੇ ਮਾਰ ਸੁਟਦੇ ਹਨ ਅਤੇ ਦਗਾ ਕਰਕੇ ਠਗੀ ਕਮਾਂਦੇ ਹਨ।

**ਕਪਟ ਸਨੇਹ ਕੈ ਮਿਲਤ ਸਾਧ ਸੰਗਤਿ ਮੈ ਚੰਦਨਸੁਗੰਧ ਬਾਂਸੁ ਗਠੀਲੋ ਨ ਬੋਹਈ ॥ ੨੪੦ ॥**

(ਇਸੇ ਤਰਾਂ ਜੇਹੜੇ ਪੁਰਸ਼) ਕਪਟ ਸਨੇਹ ਕਰਕੇ ਸਾਧ ਸੰਗਤ ਵਿਚ ਮਿਲਦੇ ਹਨ, (ਉਨਾਂ ਵਿਚ ਗੁਰ-ਭਗਤੀ ਪ੍ਰਵੇਸ਼ ਨਹੀਂ ਕਰਦੀ ਹੈ ਜਿਵੇ) ਗੰਢਾਂ ਵਾਲੇ ਵਾਂਸ ਨੂੰ ਚੰਦਨ ਦੀ ਵਾਸ਼ਨਾ ਸੁਗੰਧੀ ਵਾਲਾ ਨਹੀਂ ਕਰ ਸਕਦੀ ਹੈ ॥ ੨੪੦ ॥

**ਆਦਿ ਹੀ ਆਧਾਨ ਬਿਖੈ ਹੋਇ ਨਿਰਮਾਣ ਪ੍ਰਾਣੀ ਦਸ ਮਾਸ ਗਨਤ ਹੀ ਗਨਤ ਬਿਹਾਤ ਹੈ ॥**

ਪਹਿਲੋਂ ਪ੍ਰਾਣੀ[ਆਧਾਨ]ਗਰਭਵਿਚ ਨਿਰਮਾਨ ਹੁੰਦਾ ਹੈ ਅਤੇ ਦਿਨ ਗਿਣਦਿਆਂ ਹੀ ਗਿਣਦਿਆਂ ਦਸ ਮਹੀਨੇ ਗੁਜ਼ਰ ਜਾਂਦੇ ਹਨ।

**ਜਨਮਤ ਸੁਤ ਸਬ ਕੁਟੰਬ ਅਨੰਦ ਮਈ ਬਾਲ ਬੁਧਿ ਗਨਤ ਬਿਤੀਤ ਨਿਸਿ ਪ੍ਰਾਤ ਹੈ ॥**

ਪੁਤਰ ਜੰਮਦਾ ਹੈ ਤਾਂ ਸਾਰਾ ਪਰਵਾਰ ਅਨੰਦ ਰੂਪ ਹੋ ਜਾਂਦਾ ਹੈ, ਬਾਲ ਬੁਧਿ ਦੀ ਉਮਰਾ [ਨਿਸ ਪ੍ਰਾਤ] ਰਾਤ ਦਿਨ ਗਿਣਦਿਆਂ ਗੁਜ਼ਰ ਜਾਂਦੀ ਹੈ।

**ਪੜਤ ਬਿਆਹੀਅਤ ਜੋਬਨ ਮੈ ਭੋਗ ਬਿਖੈ ਬਨਜ ਬਿਉਹਾਰ ਕੈ ਬਿਥਾਰ ਲਪਟਾਤ ਹੈ ॥**

ਪੜ੍ਹਦਾ ਹੈ, (ਫਿਰ) ਵਿਆਹਿਆ ਜਾਂਦਾ ਹੈ, ਜੁਆਨ (ਉਮਰਾ) ਵਿਚ ਭੋਗਾਂ ਵਿਚ ਤੇ ਵਣਜਾ-ਵਿਹਾਰਾਂ ਦੇ ਵਿਸਤਾਰ ਕਰਨ ਵਿਚ ਲਪਟ ਜਾਂਦਾਹੈ

**ਬਢਤਾ ਬਿਆਜ ਕਾਜ ਗਣਤ ਅਵਧ ਬੀਤੀ ਗੁਰ ਉਪਦੇਸ਼ ਬਿਨੁ ਜਮ ਪੁਰਿ ਜਾਤ ਹੈ ॥ ੨੪੧ ॥**

(ਸੰਚਤ ਕਰਮਾਂ ਰੂਪ ਮੂਲ ਦਾ ਕ੍ਰਿਯਮਾਨ ਕਰਮ ਰੂਪ)ਵਿਆਜ ਵਧਦਾ ਜਾਂਦਾ ਹੈ,ਕੰਮਾਂ ਵਿਚ ਲਗੇਹੋਏ ਦੇ ਦਿਨ,ਮਹੀਨੇ ਤੇ ਵਰੇ)ਗਿਣਦਿਆਂ ਉਮਰਾਂ ਬੀਤ ਜਾਂਦੀ ਹੈ, ਗੁਰ ਉਪਦੇਸ਼ ਤੋਂ ਬਿਨਾਂ (ਰਹਿਣ ਕਰਕੇ ਪ੍ਰਾਣੀ ਜਨਮ ਤੋਂ ਲੈ ਕੇ ਮਰਣ ਤਕ ਦਾ ਸਾਰਾ ਸਮਾਂ ਬਿਅਰਥ ਗੁਜ਼ਾਰਕੇ, ਕੀਤੇ ਕਰਮਾਂ ਦਾ ਫਲ ਭੋਗਣ ਲਈ) ਜਮਪੁਰੀ ਵਿਚ ਚਲਾ ਜਾਂਦਾ ਹੈ ॥ ੨੪੧ ॥

**ਜੈਸੇ ਚਕਈ ਚਕਵਾ ਬੰਧਿਕ ਇਕਤ੍ਰ ਕੀਨੇ ਪਿੰਜਰੀ ਮੈ ਬਸੇ ਨਿਸਿ ਦੁਖ ਸੁਖ**

**ਮਾਨੇ ਹੈ ॥**

ਜਿਸ ਤਰ੍ਹਾਂ ਫੰਧਕ [ਚਿੜੀ ਮਾਰ] ਚਕਵੀ ਚਕਵੇ ਨੂੰ ਕਠਿਆਂ ਕਰ ਦੇਂਦਾ ਹੈ, (ਤਾਂ ਉਹ) ਪਿੰਜਰੇ ਵਿਚ ਵਸਦੇ (ਹੋਏ) ਰਾਤ ਸਮੇਂ ਦੇ (ਵਿਛੋੜੇ ਰੂਪ) ਦੁਖ (ਦੀ ਥਾਂ ਤੇ) ਸੁਖ ਮਾਣਦੇ ਹਨ (ਅਰਥਾਤ ਚਕਵੇ-ਚਕਵੀ ਦਾ ਰਾਤ ਸਮੇਂ ਵਿਛੋੜਾ ਹੋ ਜਾਣਾ ਕੁਦਰਤੀ ਗਲ ਸੀ, ਪਰ ਪਿੰਜਰੇ ਵਿਚ ਵਿਛੋੜਾ ਨਹੀਂ ਹੁੰਦਾ)।

**ਕਹਤ ਪਰਸਪਰ ਕੋਟਿ ਸੁਰ ਜਨ ਵਾਰਉ ਓਟ ਦੁਰਜਨ ਪਰਿ ਜਾਹਿ ਗਹਿ ਆਨੇ ਹੈ ॥**

(ਦੋਵੇਂ) ਆਪੋ ਵਿਚ ਕਹਿੰਦੇ ਹਨ [ਓਟ] ਉਸ ਭਲੇ ਪੁਰਸ਼ ਉਤੋਂ ਕ੍ਰੋੜ ਵੈਰੀ ਵਾਰਨੇ ਹੁੰਦੇ ਹਾਂ, ਜਿਸ ਬੁਰੇ ਪੁਰਸ਼ ਨੇ (ਸਾਨੂੰ) ਫੜ ਕੇ ਸ਼ਹਿਰ ਵਿਚ ਲੈ ਆਂਦਾ ਹੈ (ਅਰਥਾਤ ਚਕਵਾ-ਚਕਵੀ ਉਸ ਫੰਧਕ ਨੂੰ ਭਲਾ ਪੁਰਸ਼ ਕਹਿੰਦੇ ਹਨ, ਭਾਵੇਂ ਉਹ ਬੁਰਾ ਸੀ, ਪਰ ਉਨ੍ਹਾਂ ਪੰਛੀਆਂ ਲਈ ਉਸ ਦਾਫਤ ਕੇ ਲੈ ਆਉਣਾ ਸੰਜੋਗ ਦਾ ਕਾਰਨ ਹੋ ਗਿਆ ਹੈ, ਇਸ ਕਰਕੇ ਉਸ ਦੀ ਬੁਰਿਆਈ ਉਨ੍ਹਾਂ ਨੂੰ ਭਲਿਆਈ ਹੋ ਗਈ ਹੈ, ਉਸ ਨੇ ਦੁਖ ਦਿਤਾ ਸੀ, ਪਰ ਉਨ੍ਹਾਂ ਲਈ ਸੁਖ ਹੋ ਕੇ ਢੁਕਾ ਹੈ)।

**ਸਿਮਰਨ ਮਾਤ੍ਰ ਕੋਟਿ ਆਪਦਾ ਸੰਪਦਾ ਕੋਟਿ ਸੰਪਦਾ ਆਪਦਾ ਕੋਟਿ ਪ੍ਰਭੁ ਬਿਸਰਾਨੇ ਹੈ ॥**

(ਇਸੇ ਤਰ੍ਹਾਂ ਪ੍ਰਭੂ ਦੇ) ਸਿਮਰਨ ਮਾਤਰ ਨਾਲ ਕ੍ਰੋੜਾਂ ਬਿਪਤਾਂ ਭੀ ਕ੍ਰੋੜਾਂ ਸੰਪਦਾ (ਹੋ ਜਾਂਦੀਆਂ ਹਨ, ਅਤੇ ਉਹ) ਕ੍ਰੋੜਾਂ ਸੰਪਦਾ ਭੀ ਅਪਦਾ (ਦੇ ਸਮਾਨ ਹਨ, ਜਿਨ੍ਹਾਂ ਸੰਪਦਾ ਵਿਚ ਲਗਿਆਂ ਨੂੰ) ਪ੍ਰਭੂ ਭੁਲ ਜਾਂਦਾ ਹੈ।

**ਸਤਿ ਰੂਪ ਸਤਿ ਨਾਮੁ ਸਤਿਗੁਰ ਗਿਆਨ ਧਿਆਨ ਸਤਿਗੁਰ ਮਤਿ ਸਤਿ ਸਤਿ ਕਰਿ ਮਾਨੇ ਹੈ ॥ ੨੪੨ ॥**

(ਜਿਸਦਾ) ਰੂਪ ਸਤ ਹੈ; ਨਾਮ ਸਤ ਹੈ, (ਉਸ) ਸਤਿਗੁਰੂ ਦਾ ਗਿਆਨ ਧਿਆਨ ਭੀ ਸਤ ਹੈ ਅਤੇ ਸਤਿਗੁਰੂ ਦੀ ਸਿਖਿਆਂ ਨੂੰ ਭੀ 'ਸਤ' ਕਰਕੇ ਜਾਣਦੇ ਹਨ ॥ ੨੪੨ ॥

ਨੋਟ—'ਟ' ਤੇ 'ਤ' ਸਵਰਨੀ ਹੋਣ ਕਰਕੇ 'ਓਟ' ਦਾ 'ਓਤ' ਹੋ ਕੇ, ਇਸ ਦਾ ਅਰਥ 'ਉਸ' ਤੇ 'ਉਸ' ਹੁੰਦਾ ਹੈ।

**ਪੁਨਿ ਕਤ ਪੰਚ ਤਤ ਮੇਲ ਖੇਲੁ ਹੋਇ ਕੈਸੇ ਭ੍ਰਮਤ ਅਨੇਕ ਜੋਨਿ ਕੁਟੰਬ ਸੰਜੋਗ ਹੈ ॥**

ਫੇਰ ਕਦੋਂ ਤੇ ਕਿਸ ਤਰ੍ਹਾਂ ਨਾਲ ਮੇਲ ਹੋਵੇਗਾ? (ਜੋ) ਪੰਜ ਤੱਤਾਂ ਦੇ ਮੇਲ (ਰੂਪ ਸਰੀਰ ਦੀ) ਖੇਡ (ਬਣੀ) ਹੋਈ ਹੈ, (ਕਿਉਂਕਿ) ਅਨੇਕਾਂ ਜੂਨਾਂ ਵਿਚ ਫਿਰਦਿਆਂ ਫਿਰਦਿਆਂ (ਹੀ ਇਹ) ਪਰਵਾਰ ਦਾ ਸੰਜੋਗ (ਹੋ ਗਿਆ) ਹੈ।

**ਪੁਨਿ ਕਤ ਮਾਨਸ ਜਨਮ ਨਿਰਮੋਲ ਹੁਇ ਦ੍ਰਿਸਟਿ ਸ਼ਬਦ ਸੁਰਤਿ ਰਸ ਕਸ ਭੋਗ ਹੈ ॥**

ਫੇਰ ਕਦੋਂ (ਇਹ) ਅਮੋਲਕ ਮਨੁਖਾ ਜਨਮ (ਪ੍ਰਾਪਤ) ਹੋਵੇਗਾ? (ਜਿਸ ਵਿਚ) ਅਖਾਂ (ਨਾਲ ਵੇਖਦਾ ਹੈ. ਕੰਨਾਂ ਨਾਲ) ਸ਼ਬਦ (ਸੁਣਦਾ ਹੈ ਤੇ ਸੁਰਤ ਕਰਕੇ (ਭਲਾ ਬੁਰਾ ਸਮਝਦਾ ਹੈ ਅਤੇ ਰਸਨਾ ਨਾਲ) ਰਸ ਕਸ (ਦਾ ਸਵਾਦ ਲੈਂਦਾ ਹੈ ਅਤੇ ਤ੍ਵਚਾ ਨਾਲ) ਵਿਸ਼ੇ ਭੋਗ ਮਾਣਦਾ ਹੈ।

**ਪੁਨਿ ਕਤ ਸਾਧ ਸੰਗੁ ਚਰਨ ਸਰਨ ਗੁਰ ਗਿਆਨ ਧਿਆਨ ਸਿਮਰਨ ਪ੍ਰੇਮ ਮਧੁ ਪ੍ਰਜੋਗ ਹੈ ॥**

ਫੇਰ ਕਦੋਂ (ਸਾਧ ਸੰਗਤ ਪ੍ਰਾਪਤ ਹੋਵੇਗੀ?) ਜਿਸ ਸਾਧ ਸੰਗ ਵਿਚ ਗੁਰੂ ਦੀ ਚਰਨ ਸ਼ਰਨ (ਹੋ ਕੇ) ਗਿਆਨ, ਧਿਆਨ ਸਿਮਰਨ ਤੇ ਪ੍ਰੇਮ ਰੂਪ [ਮਧੁ] ਅੰਮ੍ਰਿਤ ਦਾ ਪ੍ਰਜੋਗ [ਸੇਵਨ] ਕਰਦਾ ਹੈ।

**ਸਫਲ ਜਨਮੁ ਗੁਰਮੁਖ ਸੁਖ ਫਲ ਚਾਖਿ ਜੀਵਨ ਮੁਕਤਿ ਹੋਇ ਲੋਗ ਮੈ ਅਲੋਗ ਹੈ ॥ ੨੪੩ ॥**

(ਜੋ) ਗੁਰਬਾਣੀ ਰੂਪ ਸੁਖ ਫਲ ਚਖਦਾ ਹੈ, ਅਤੇ ਲੋਕਾਂ ਵਿਚ (ਰਹਿੰਦਾ ਹੋਇਆ) ਲੋਕਾਂ ਤੋਂ ਰਹਿਤ (ਰਹਿੰਦਾ ਹੈ, ਉਹ) ਜੀਵਨ ਮੁਕਤ ਹੋਇਆ ਹੈ, (ਉਸਦਾ) ਜਨਮ ਸਫਲ ਹੈ ॥ ੨੪੩ ॥

ਨੋਟ–ਗੁਰਮੁਖ ਦਾ ਅਰਥ ਹੈ, 'ਗੁਰੂ ਦੇ ਮੁਖ ਤੋਂ ਉਚਾਰੀ ਹੋਈ' ਇਸ ਕਰਕੇ 'ਗੁਰਮੁਖ' ਦਾ 'ਗੁਰਬਾਣੀ' ਅਰਥ ਕੀਤਾ ਹੈ।

**ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ ਚਿਤ੍ਰਹਿ ਚਿਤੈ ਚਿਤੈ ਚਿਤੇਰਾ ਉਰ ਆਨੀਐ ॥**

ਚਿਤ੍ਰ=ਤਸਵੀਰ, ਫੋਟੋ। ਚਿਤ੍ਰਹਿ=ਫੋਟੋ ਵੱਲ ਚਿਤੈ ਚਿਤੈ = ਵੇਖਦਿਆਂ ਵੇਖਦਿਆਂ। ਚਿਤੇਰਾ=ਚਿਤਰਕਾਰ।

ਰਚਨਾਂ ਦੇ ਚਰਿਤਰ ਦਾ ਚਿਤਰ ਅਸਚਰਜ ਤੇ ਅਨੋਖਾ ਜੇਹਾ ਹੈ, (ਇਸ) ਚਿਤਰ ਵਲ ਵੇਖਦਿਆਂ ਵੇਖਦਿਆਂ ਇਸ ਦੇ ਰਚਨਹਾਰ (ਦਾ ਧਿਆਨ) ਹਿਰਦੇ ਵਿਚ ਆ ਜਾਂਦਾ ਹੈ।

**ਬਚਨ ਬਿਬੇਕ ਟੇਕ ਏਕ ਹੀ ਅਨੇਕ ਮੇਕ ਸੁਨਿ ਧੁਨਿ ਜੰਤ੍ਰ ਜੰਤ੍ਰਧਾਰੀ ਉਨਮਾਨੀਐ ॥**

ਬਚਨਾਂ ਦੇ ਵਿਚਾਰ (ਵਿਚ ਭੀ ਉਸ) ਇਕ ਦੀ ਓਟ ਹੈ, (ਜੋ) ਇਕ ਅਨੇਕਾਂ ਵਿਚ (ਇਸ ਤਰਾਂ) ਮਿਲ ਰਿਹਾ ਹੈ, (ਜਿਸ) ਜੰਤ੍ਰ ਵਿਚ ਜੰਤ੍ਰ ਧਾਰੀ ਦੀ ਧੁਨੀ ਸੁਣੀ ਜਾਂਦੀ ਵਿਚਾਰੀ ਜਾਂਦੀ ਹੈ।

**ਅਸਨ ਬਸਨ ਧਨ ਸਰਬ ਨਿਧਾਨ ਦਾਨ ਕਰੁਨਾਨਿਧਾਨ ਸੁਖਦਾਈ ਪਹਿਚਾਨੀਐ ॥**

(ਜੋ) ਸਰਬ ਨਿਧਾਨ [ਅਸਨ] ਭੋਜਨ ਕਪੜੇ ਤੇ ਧਨ ਦਾ ਦਾਨ (ਕਰਦਾ ਹੈ, ਉਹ) ਕ੍ਰਿਪਾ ਨਿਧਾਨ ਹੀ ਸੁਖਦਾਈ ਪਛਾਣਿਆ ਜਾਂਦਾ ਹੈ।

**ਕਥਤਾ ਬਕਤਾ ਸ੍ਰੋਤਾ ਦਾਤਾ ਭੁਗਤਾ ਸ੍ਰਬਗ੍ਯ ਪੂਰਨ ਬ੍ਰਹਮ ਗੁਰ ਸਾਧ ਸੰਗਿ ਜਾਨੀਐ ॥ ੨੪੪ ॥**

(ਜੋ) ਕਥਾ ਕਰਨ ਵਾਲਾ ਵਕਤਾ ਹੈ, (ਜੋ ਸੁਣਨ ਵਾਲਾ) ਸਰੋਤਾ ਹੈ, ਦਾਨ ਦੇਣ ਵਾਲਾ ਦਾਤਾ ਹੈ, ਭੋਗਾਂ ਨੂੰ ਭੋਗਣ ਵਾਲਾ ਭੁਗਤਾ ਹੈ, ਸਭਨਾਂ ਦੇ ਅੰਦਰ ਬਾਹਰ ਵਿਆਪਕ ਤੇ ਸਭਨਾਂ ਦੇ ਦਿਲ ਦੀ ਜਾਨਣ ਵਾਲਾ ਸਰਬਗਯ ਹੈ, (ਓਸ) ਪੂਰਨ ਬ੍ਰਹਮ ਗੁਰੂ ਨੂੰ ਸਾਧ ਸੰਗ ਦਵਾਰੇ ਜਾਣੀਦਾ ਹੈ ॥ ੨੪੪ ॥

**ਲੋਚਨ ਸ੍ਰਵਨ ਮੁਖ ਨਾਸਿਕਾ ਹਸਤ ਪਗ ਚਿਹਨ ਅਨੇਕ ਮਨ ਮੇਕ ਜੈਸੇ ਜਾਨੀਐ ॥**

ਮੁਖਿ=ਮੁਖੀ, ਮੂੰਹ ਵਿਚ ਰਹਿਣ ਵਾਲੀ, ਜੀਭ, ਰਸਨਾ। ਨਾਸਕਾ=ਨਕ। ਹਸਤ= ਹਥ। ਚਿਹਨ=ਇੰਦ੍ਰੇ। ਪੁਸ਼ਟ=ਮਜ਼ਬੂਤ, ਪੀਡਾ, ਜ਼ੋਰ ਵਾਲਾ। ਤੁਸ਼ਟ=ਪ੍ਰਫੁਲਤ। ਅਰਪਤਿ= ਅਰਪਨਾ ਕਰਦਾ ਹੈ। ਸ਼ਾਖਾ= ਟਾਹਣ। ਪਰਸ਼ਾਖਾ=ਟਾਹਣੀਆਂ। ਦਰਪਨ= ਸ਼ੀਸ਼ਾ।

ਜਿਸ ਤਰਾਂ ਅਖਾਂ, ਕੰਨ, ਮੂੰਹ-ਜੀਭ, ਨੱਕ, ਹਥ, ਪੈਰ (ਆਦਿਕ) ਅਨੇਕਾਂ ਇੰਦ੍ਰਿਆਂ (ਵਿਚ ਇਕ) ਮਨ ਮਿਲਿਆ ਹੋਇਆ ਜਾਣੀਦਾ ਹੈ।

**ਅੰਗ ਅੰਗ ਪੁਸ਼ਟ ਤੁਸ਼ਟਮਾਨ ਹੋਤ ਜੈਸੇ ਏਕ ਮੁਖ ਸ੍ਵਾਦ ਰਸ ਅਰਪਤਿ ਮਾਨੀਐ ॥**

ਜਿਸ ਤਰਾਂ ਇਕ ਜੀਭ ਹੀ ਰਸਾਂ ਦੇ ਸਵਾਦ ਲੈਂਦੀ ਹੈ ਅਤੇ ਉਸ ਦੀ ਸੱਤਾ ਸਰੀਰ ਨੂੰ) ਅਰਪਦੀ ਹੈ, ਜਿਸ ਕਰਕੇ ਸਰੀਰ ਅੰਗ ਅੰਗ ਪੁਸ਼ਟ ਤੇ ਤੁਸ਼ਟ ਮਾਨ ਹੁੰਦਾ ਹੈ (ਅਰਥਾਤ ਇਕ ਮੂੰਹ ਨਾਲ ਹਰੇਕ ਵਸਤੂ ਖਾਧੀ ਜਾਂਦੀ ਹੈ, ਜਿਨਾਂ ਦੇ ਸਵਾਦ ਜੀਭ ਲੈਂਦੀ ਹੈ, ਉਸ ਦਾ ਰਸ ਸਾਰੇ ਸਰੀਰ ਨੂੰ ਦੇਂਦੀ ਹੈ, ਜਿਸ ਨਾਲ ਸਰੀਰ ਦਾ ਹਰੇਕ ਅੰਗ ਤਾਕਤਲੈਂਦਾ ਹੈ

**ਮੂਲ ਹੇਕ ਸਾਖਾ ਪਰਸਾਖਾ ਜਲ ਜਿਉਂ ਅਨੇਕ ਬ੍ਰਹਮ ਬਿਬੇਕ ਜਾਂਵਦੇਕ**

**ਉਰ ਆਨੀਐ ॥**

ਜਿਵੇਂ ਇਕ ਮੁਢ ਨੂੰ ਪਾਨੀ (ਪਾ ਦੇਈਏ ਤਾਂ) ਅਨੇਕਾਂ ਟਾਹਣ ਤੇ ਟਾਹਣੀਆਂ (ਹਰੀਆਂ ਭਰੀਆਂ ਹੋ ਜਾਂਦੀਆਂ ਹਨ- ਇਸੇ ਤਰਾਂ) ਜਿਥੋਂ ਤਕ (ਦਿਸ ਰਿਹਾ ਹੈ, ਸਭ) ਬ੍ਰਹਮ ਦੀ ਵੀਚਾਰ ਨੂੰ ਹੀ ਹਿਰਦੇ ਵਿਚ ਲਿਆਉਣਾ ਚਾਹੀਦਾ ਹੈ।

**ਗੁਰਮੁਖਿ ਦਰਪਨ ਦੇਖੀਅਤ ਆਪਾ ਆਪੁ ਆਤਮ ਅਵੇਸ ਪਰਮਾਤਮ ਗਿਆਨੀਐ ॥੨੪੫॥**

(ਜਿਸ ਤਰਾਂ) ਸ਼ੀਸ਼ੇ ਵਿਚੋਂ ਆਪਣਾ ਆਪ ਵੇਖੀਦਾ ਹੈ,(ਇਸ ਤਰਾਂ) ਗੁਰਸਿਖ ਹੋ ਕੇ ਆਤਮਾਂ ਵਿਚ ਅਵੇਸ਼ (ਕਰੀਏ ਤਾਂ) ਪਰਮਾਤਮਾਂ ਦਾ ਗਿਆਨੀ (ਹੋਈਦਾ) ਹੈ (ਅਰਥਾਤ ਗੁਰਸਿਖ ਹੋ ਕੇ ਮਨ ਦੇ ਰੂਪ ਨੂੰ ਜਾਣੀਏ ਤਾਂ ਪਰਮਾਤਮਾਂ ਦਾ ਗਿਆਨ ਹੋ ਜਾਂਦਾ ਹੈ ॥ ੨੪੫ ॥

**ਜਤ ਸਤ ਸਿੰਘਾਸਨ ਸਹਜ ਸੰਤੋਖ ਮੰਤ੍ਰੀ ਧਰਮ ਧੀਰਜ ਧੁਜਾ ਅਬਿਚਲ ਰਾਜ ਹੈ ॥**

ਜਤ=ਬ੍ਰਹਮਚਰਜ। ਸਤ = ਇਸਤ੍ਰੀ ਬ੍ਰਤ ਆਪਣੀ ਇਸਤ੍ਰੀ ਤੋਂ ਬਿਨਾਂ ਹੋਰ ਕਿਸੇ ਨਾਲ ਭੀ ਸਬੰਧ ਨਾ ਕਰਨਾ। ਸਿਵ ਨਗਰੀ =ਬ੍ਰਹਮ ਸਥਾਨ, ਦਸਮ ਦਵਾਰ ਜਾਂ ਸਾਧ ਸੰਗਤ। ਦੁਲਹਨੀ = ਵਹੁਟੀ, ਵਿਵਾਹੁਤਾ ਇਸਤਰੀ। ਭਾਗ=ਪ੍ਰਾਰਬਧ। ਭੰਡਾਰੀ = ਖਜਾਨਚੀ ਜਾਂ ਮੋਦੀ। ਛਤ੍ਰ ਪਤਿ= ਰਾਜੇ।

ਜਤ ਸਤ ਰਾਜ ਗੱਦੀ ਹੈ, ਸ਼ਾਂਤੀ ਅਤੇ ਸੰਤੋਖ ਵਜੀਰ ਹਨ, ਧਰਮ ਦਾ ਧੀਰਜ ਰਾਜ ਧੁਜਾ ਹੈ(ਇਸ ਤਰਾਂ ਗੁਰਸਿਖ ਦਾ) ਅਬਿਚਲ ਰਾਜ ਹੈ।

**ਸਿਵ ਨਗਰੀ ਨਿਵਾਸ ਦਇਆ ਦੁਲਹਨੀ ਮਿਲੀ ਭਾਗ ਤਉ ਭੰਡਾਰੀ ਭਾਉ ਭੋਜਨੁ ਸਕਾਜ ਹੈ ॥**

(ਜੋ) ਸ਼ਿਵ ਨਗਰੀ ਨਿਵਾਸ ਸਥਾਨ[ਰਣਵਾਸ] ਹੈ, ਦਇਆ ਇਸਤਰੀ [ਪਟਰਾਣੀ] ਮਿਲੀ ਹੈ, ਪ੍ਰਾਰਬਧ ਖਜਾਨਚੀ ਹੈ, ਪ੍ਰੇਮ ਭੋਜਨ ਹੈ, (ਇਸ ਤਰਾਂ ਦੇ ਸਾਰੇ) ਸ਼ੁਭ ਕਾਰਜ ਹਨ।

**ਅਰਥ ਬੀਚਾਰ ਪਰਮਾਰਥ ਕੈ ਰਾਜ ਨੀਤਿ ਛਤ੍ਰਪਤਿ ਛਿਅ ਛਤ੍ਰ ਛਾਯਾ ਛਬਿ ਛਾਜ ਹੈ ॥**

(ਜੋ) ਪਰਮਾਰਥ ਦੀ ਅਰਥ ਵੀਚਾਰ ਹੈ,(ਇਹ) ਰਾਜਨੀਤੀ ਹੈ,(ਗੁਰਮੁਖ) ਮਹਾਰਾਜੇ (ਦੇ ਸਿਰਉਤੇ) ਖਿਮਾ ਰੂਪ ਛਤਰ (ਝੁਲਦਾ ਹੈ ਜਿਸ ਸੁਖ ਰੂਪ) ਛਾਯਾ ਦੀ ਸੁੰਦਰਤਾ ਬਿਰਾਜ ਰਹੀ ਹੈ।

**ਆਨਦ ਸਮੂਹ ਸੁਖ ਸਾਂਤਿ ਪਰਜਾ ਪ੍ਰਸੰਨ ਜਗਮਗ ਜੋਤਿ ਅਨਹਦ ਧੁਨਿ ਬਾਜ ਹੈ ॥੨੪੬॥**

ਸਭ ਤਰਾਂ ਦਾ ਆਨੰਦ, ਸੁਖ ਸ਼ਾਂਤੀ (ਇਸ ਰਾਜੇ ਦੀ) ਪਰਜਾ ਹੈ, (ਜੋ ਹਰ ਸਮੇਂ) ਪਰਸੰਨ ਰਹਿੰਦੀ ਹੈ (ਅਤੇ ਜੋ) ਜਗਮਗ ਕਰਦੀ ਜੋਤੀ (ਪਰਗਟ ਹੋ ਰਹੀ ਹੈ, ਇਹ ਰਾਜ ਦੀ ਹਕੂਮਤ ਹੈ, ਅਤੇ ਜੋ) ਅਨਹਦ (ਸ਼ਬਦ ਹੋ ਰਿਹਾ ਹੈ ਇਹ ਰਾਜ ਭਵਨ ਉਤੇ ਨੌਬਤ ਵਜ ਰਹੀ ਹੈ ॥੨੪੬॥

**ਪਾਚੋਂ ਮੁੰਦ੍ਰਾ ਚਕ੍ਰ ਖਟ ਭੇਦਿ ਚਕ੍ਰਵੈ ਕਹਾਏ ਉਲੰਘਿ ਤ੍ਰਿਬੇਨੀ ਤ੍ਰਿਕੁਟੀ ਤ੍ਰਿਕਾਲ ਜਾਨੇ ਹੈ ॥**

ਪਾਚੋਂ ਮੁਦ੍ਰਾ= ਖੇਚਰੀ, ਭੂਚਰੀ, ਚਾਚਰੀ, ਉਨਮਨੀ, ਅਗੋਚਰੀ। ਚਕ੍ਰ ਖਟ = ਮੂਲਾ ਧਾਰ ਸ੍ਵਾਧਿਸਟਾਨ, ਮਣੀਪੂਰ, ਅਨਹਤਵਿਸ਼ੁਧਾ ਤੇ ਆਗਜਾਚਕ੍ਰ। ਤ੍ਰਿਬੇਣੀ=ਇੜਾ,ਪਿੰਗਲਾ ਤੇ ਸੁਖਮਨਾ। ਤ੍ਰਿਕੁਟੀ=ਭਵਾਂ ਦੇ ਮਧਯ ਸਥਾਨ। ਤ੍ਰਿਕਾਲ = ਭੂਤ, ਭਵਿਖਤ ਅਤੇ ਵਰਤਮਾਨ। (੨) ਜਾਗ੍ਰਤ, ਸੁਪਨ ਅਤੇ ਸਖੋਪਤੀ। ਨਵਘਰ=ਨੌ ਗੋਲਕਾਂ ਦੋ ਅਖਾਂ ਦੋ ਕੰਨ, ਦੋ ਨਾਸਾਂ, ਮੂੰਹ, ਗੁਦਾ ਤੇ ਲਿੰਗ ਛਿਦ੍ਰ।

ਪੰਜ ਮੁਦ੍ਰਾ (ਧਾਰਨ ਕਰਕੇ) ਛੇ ਚਕ੍ਰਾਂ ਨੂੰ ਭੇਦਨ ਕਰਕੇ, ਤ੍ਰਿਬੇਣੀ ਤੋਂ ਪਾਰ ਲੰਘ ਕੇ ਤ੍ਰਿਕੁਟੀ(ਸਥਾਨ ਵਿਚ ਸੁਰਤਿ ਜਾਂ ਨਜ਼ਰ ਨੂੰ ਟਿਕਾ ਕੇ) ਤਿੰਨਾਂ ਕਾਲਾਂ (ਦੇ ਬ੍ਰਿਤਾਂਤ ਨੂੰ) ਜਾਣ ਗਏ ਹਨ (ਇਸ ਤਰਾਂ ਕਰ ਕੇ ਗੁਰਮੁਖ) ਚਕ੍ਰਵਰਤੀ ਰਾਜੇ ਕਹਾਏ ਹਨ।

**ਨਵ ਘਰਿ ਜੀਤਿ ਨਿਜ ਆਸਨ ਸਿੰਘਾਸਨ ਮੈ ਨਗਰ ਅਗਮ ਪੁਰ ਜਾਇ ਠਹਰਾਨੇ ਹੈ ॥**

ਨਵਾਂ ਘਰਾਂ ਨੂੰ ਜਿਤ ਕਰਕੇ, ਆਪਣੇ ਆਸਣ ਰੂਪ ਤਖਤ ਰੂਪ ਨਗਰ, ਅਗਮ ਪੁਰੇ ਵਿਚ ਜਾ ਕੇ (ਅਡੋਲ) ਠਹਿਰ ਗਏ ਹਨ।

**ਆਨ ਸਰ ਤਿਆਗਿ ਮਾਨ ਸਰ ਨਿਹਚਲ ਹੰਸ ਪਰਮ ਨਿਧਾਨ ਬਿਸਮਾਹਿ ਬਿਸਮਾਨੇ ਹੈ ॥**

ਹੋਰਨਾਂ ਸਰੋਵਰਾਂ ਨੂੰ ਤਿਆਗ ਕੇ, (ਸਾਧ ਸੰਗ ਰੂਪ) ਮਾਨ ਸਰੋਵਰ ਉਤੇ ਹੰਸ (ਵਾਂਗੂ) ਅਚਲ (ਹੋ ਗਏ ਹਨ ਤੇ ਜੋ) ਪਰਮ ਨਿਧਾਨ ਅਚਰਜ ਰੂਪ ਹੈ, (ਉਸ ਵਿਚ) ਅਚਰਜ ਹੋਕੇ ਸਮਾ ਗਏ ਹਨ।

**ਉਨਮਨ ਮਗਨ ਗਗਨ ਅਨਹਦ ਧੁਨਿ ਬਾਜਤ ਨੀਸਾਨ ਗਿਆਨ ਧਿਆਨ ਬਿਸਰਾਨੇ ਹੈ ॥੨੪੭॥**

(ਜੋ) [ਗਗਨ] ਦਸਮ ਦੁਆਰ ਵਿਚ ਅਨਹਦ ਧੁਨੀ ਵਜ ਰਹੀ ਹੈ, (ਉਸ ਦੀ) [ਉਨਮਨ] ਮਸਤੀ ਨਾਲ ਮਗਨ ਹੋ ਕੇ ਗਿਆਨ ਧਿਆਨ ਵਿਚ ਭੁਲ ਗਏ ਹਨ॥੨੪੭॥

**ਅਵਘਟ ਉਤਰਿ ਸਰੋਵਰਿ ਮਜਨ ਕਰੈ ਜਪਤ ਅਜਪਾ ਜਾਪੁ ਅਨਭੈ ਅਭਿਆਸੀ ਹੈ ॥**

(ਜੋ ਕਾਮਾਦਿਕਾਂ ਰੂਪ) ਔਖੀ ਘਾਟੀ ਤੋਂ ਉਤਰ (ਸਾਧ ਸੰਗ ਰੂਪ)ਸਰੋਵਰ ਵਿਚ ਇਸ਼ਨਾਨ ਕਰਦਾ ਹੈ ਅਤੇ 'ਅਜਪਾ ਜਾਪ' ਨੂੰ ਜਪਦਾ ਹੈ (ਉਹ) ਅਨਭਵ ਦਾ ਅਭਿਆਸੀ ਹੈ।

**ਨਿਝਰ ਅਪਾਰ ਧਾਰ ਬਰਖਾ ਅਕਾਸ ਬਾਸ ਜਗਮਗ ਜੋਤਿ ਅਨਹਦ ਅਬਿਨਾਸੀ ਹੈ ॥**

(ਉਸ ਨੂੰ ਜਦ) ਅਪਾਰ ਧਾਰ ਦੀ ਇਕ ਰਸ ਬਰਖਾ ਹੁੰਦੀ ਹੈ ਤਦ ਉਹ) ਅਕਾਸ [ਗਗਨ]ਵਾਸੀ ਹੁੰਦਾ ਹੈ ਜਿਥੋਂ) ਜਗਮਗ ਕਰਦੀ ਜੋਤਿ (ਪਰ-ਕਾਸ਼ਦੀ ਹੈ ਅਤੇ) ਅਨਹਦ (ਧੁਨੀ ਸੁਣੀ ਜਾਂਦੀ ਹੈ, ਇਹ) ਅਬਿਨਾਸੀ (ਸਥਾਨ) ਹੈ।

**ਆਤਮ ਅਵੇਸ ਪਰਮਾਤਮ ਪ੍ਰਵੇਸੁ ਕੈ ਅਧਯਾਤਮ ਗਿਆਨ ਧਿਆਨ ਰਿਧਿ ਸਿਧਿ ਨਿਧਿ ਦਾਸੀ ਹੈ॥**

(ਜਿਸ ਨੇ ਇਸ ਤਰਾਂ) ਆਤਮਾਂ(ਆਪਣੇ ਆਪ) ਵਿਚ ਅਵੇਸ਼ (ਕੀਤਾ ਹੈ ਉਹ) ਪਰਮਾਤਮਾਂ ਵਿਚ ਪ੍ਰਵੇਸ਼ ਕਰਦਾ ਹੈ(ਉਸ ਵੇਲੇ) ਆਤਮਾਂ ਦੇ ਆਸਰਾ ਰੂਪ ਦਾ ਗਿਆਨ (ਪ੍ਰਾਪਤ ਹੋ ਜਾਂਦਾ ਹੈ ਤੇ) ਰਿਧੀ ਸਿਧੀ ਤੇ ਨਿਧੀ ਦਾਸੀ (ਹੋ ਕੇ ਸੇਵਾ ਕਰਦੀ) ਹੈ।

**ਜੀਵਨ ਮੁਕਤਿ ਜਗਜੀਵਨ ਜੁਗਤਿ ਜਾਨੀ ਸਲਿਲ ਕਮਲ ਗਤਿ ਮਾਇਆ ਮੈ ਉਦਾਸੀ ਹੈ ॥ ੨੪੮ ॥**

(ਉਹ ਪੁਰਸ਼) ਜੀਵਨ ਮੁਕਤਿ (ਹੈ ਜਿਸਨੇ ਇਸ ਤਰਾਂ ਨਾਲ) ਜਗਤ ਦੇ ਜੀਵਨ (ਰੂਪ ਪ੍ਰਭੂ ਨਾਲ) ਜੁੜਨ ਦੀ ਜੁਗਤੀ ਜਾਣੀ ਹੈ ਤੇ ਪਾਣੀ ਵਿਚਕਮਲ (ਦੇ ਨਿਰਲੇਪ ਰਹਿਣ ਦੀ) ਦਸ਼ਾ ਵਾਂਗ (ਉਹ) ਮਾਯਾ ਵਿਚ (ਰਹਿੰਦਾ ਹੋਇਆ ਭੀ) ਮਾਇਆ ਤੋਂ ਉਦਾਸੀ [ਨਿਰਲੇਪ] ਹੈ ॥੨੪੮॥

ਭਾਵ—ਉਤਰਿ ਅਵਘਟਿ ਸਰਵਰਿ ਨ੍ਹਾਵੈ। ਬਕੈ ਨ ਬੋਲੈ ਹਰਿ ਗੁਣ ਗਾਵੈ ॥ ਜਲ ਆਕਾਸੀ ਸੁੰਨ ਸਮਾਵੈ ॥ ਤੁਕਾਂ ਦਾ ਹੀ ਵਰਨਣ ਕੀਤਾ ਹੈ॥

**ਚਰਨ ਸਰਨਿ ਗੁਰ ਕੰਚਨ ਭਏ ਮਨੂਰ ਕੰਚਨ ਪਾਰਸ ਭਏ ਪਾਰਸ**

**ਪਰਸ ਕੈ ॥**

ਮਨੂਰ=ਲੋਹੇ ਦੀ ਮੈਲ, ਨਖਿਧ ਲੋਹਾ ਜੋ ਗਲਦਾ ਪਿਗਲਦਾ ਨਹੀਂ ਹੈ, ਭਾਵ ਵਿਕਾਰੀ ਮਨ ਵਾਲੇ ਪਾਂਮਰ ਪੁਰਸ਼। ਕੰਚਨ=ਸੋਨਾ, ਭਾਵ ਉਹ ਮਹਾਤਮਾਂ, ਜੋ ਅੰਦਰੋਂ ਬਾਹਰੋਂ ਸੁਧ ਮਨ ਵਾਲੇ ਤੇਜਸ੍ਵੀ ਪੁਰਸ਼ ਹਨ। ਬਾਇਸ=ਕਾਂ, ਭਾਵ ਨਿੰਦਾ ਰੂਪ ਭੋਗੀ, ਨਿੰਦਕ ਪੁਰਸ਼। ਹੰਸ=ਭਾਵ ਸੰਤ। ਪਰਮ ਹੰਸ=ਬ੍ਰਹਮ ਗਿਆਨੀ ਆਤਮ ਦਰਸੀ ਮਹਾਤਮਾ। ਸੇਂਬਲ=ਸਿੰਬਲ, ਭਾਵ ਬਾਹਰਲੇ ਭੇਖ ਧਾਰੀ ਮਹਾਤਮਾਂ ਦੇ ਸ੍ਵਾਂਗ ਵਾਲੇ ਪਾਖੰਡੀ ਪੁਰਸ਼। ਬਾਂਸ=ਵਾਂਸ, ਅਭਿਮਾਨੀ ਪੁਰਸ਼, ਆਪਣੇ ਆਪ ਨੂੰ ਵਡਾ ਮੰਨਣ ਵਾਲਾ ਪੁਰਸ਼। ਨਮਸ=ਨਮਸਕਾਰ।

ਸ੍ਰੀ ਗੁਰੂ ਜੀ ਦੀ ਚਰਨ ਸ਼ਰਨ ਵਿਚ ਆ ਕੇ ਮਨੂਰ ਸੋਨਾ ਹੋ ਗਿਆ ਹੈ, ਅਤੇ (ਫਿਰ ਉਹ) ਸੋਨਾ (ਗੁਰੂ ਰੂਪ) ਪਾਰਸ ਨੂੰ ਪਰਸ ਕੇ (ਆਪ ਹੀ)ਪਾਰਸ ਹੋ ਗਿਆ ਹੈ, (ਅਰਥਾਤ ਵਿਕਾਰਾਂ ਵਿਚ ਫਸਿਆ ਪਾਂਮਰ ਸਿਖ ਹੋ ਗਿਆ ਹੈ ਤੇ ਫਿਰ ਸਿਖ ਤੋਂ ਉਪਦੇਸ਼ ਦਾਤਾ ਮਹਾਂ ਪੁਰਸ਼ ਹੋ ਗਿਆ ਹੈ, ਜੈਸਾ ਕਿ ਮੁਰਾਰੀ ਕੋਹੜਾ ਸੀ, ਗੁਰੂ-ਕ੍ਰਿਪਾ ਨਾਲ ਉਸਦਾ ਕੋਹੜ ਹਟ ਗਿਆ ਤੇ ਗੁਰੂ ਜੀ ਨੇ ਉਸ ਨੂੰ ਮੰਜੀ ਬਖਸ਼ ਕੇ ਉਪਦੇਸ਼ ਦਾਤਾ ਗੁਰੂ ਬਣਾ ਦਿਤਾ ਸੀ।

**ਬਾਇਸ ਭਏ ਹੈ ਹੰਸ ਹੰਸ ਤੇ ਪਰਮ ਹੰਸ ਚਰਨ ਕਮਲ ਚਰਨਾਂਮ੍ਰਿਤ ਸੁ ਰਸ ਕੈ ॥**

(ਸ੍ਰੀ ਗੁਰੂ ਜੀ ਦੇ) ਚਰਨ ਕਮਲਾਂ ਦੇ ਚਰਨਾਂਮ੍ਰਿਤ ਨੂੰ [ਸੁਰਸ ਕੈ] ਛਕ ਕਰਕੇ ਕਾਂ ਤੋਂ ਹੰਸ ਹੋ ਗਿਆ ਅਤੇ ਫਿਰ ਉਹ ਹੰਸ ਪਰਮ ਹੰਸ ਹੋ ਗਿਆ ਹੈ (ਅਰਥਾਤ ਨੀਚ ਪੁਰਸ਼ ਉਤਮ ਹੋ ਗਏ ਹਨ, ਫਿਰ ਐਸੇ ਉਤਮ ਹੋਏ ਹਨ, ਜਿਨਾਂ ਦਾ ਚਰਨਾਂਮ੍ਰਿਤ ਉਤਮ ਜਾਤੀ ਦੇ ਪੁਰਸ਼ ਪ੍ਰੇਮ ਨਾਲ ਛਕਦੇ ਹਨ, ਜੈਸਾ ਕਿ ਨੀਚ ਜਾਤੀ ਦਾ ਧਿੰਡਾ ਨਾਈ ਮਹਾਨ ਉਚ ਪਦਵੀ ਵਾਲਾ ਹੋ ਗਿਆ ਹੈ)

**ਸੇਂਬਲ ਸਕਲ ਫਲਸਕਲ ਸੁਗੰਧ ਬਾਂਸ ਸੂਕਰੀ ਸੈ ਕਾਮਧੇਨੁ ਕਰੁਨਾ ਬਰਸ ਕੈ॥**

(ਸ੍ਰੀ ਗੁਰੂ ਜੀ ਦੀ) ਕ੍ਰਿਪਾ ਦੇ ਬਰਸਣੇ ਕਰਕੇ ਸਿੰਬਲ ਸਾਰੇ ਫਲਾਂ ਨਾਲ ਸਫਲ ਹੋਇਆ ਹੈ, ਵਾਂਸ ਚੰਦਨ ਹੋ ਗਿਆ ਹੈ ਅਤੇ ਸੂਰਨੀ ਤੋਂ ਕਾਮਧੇਨ ਹੋ ਗਈ ਹੈ (ਅਰਥਾਤ ਜੋ ਬਿਲਕੁਲ ਔਗੁਣੀ ਭਰਪੂਰ ਪੁਰਸ ਸੀ, ਉਹ ਗੁਣਾਂ ਵਾਲਾ ਹੀ ਨਹੀਂ ਹੋਇਆ, ਸਗੋਂ ਦੂਜਿਆਂ ਨੂੰ ਗੁਣਵਾਨ ਕਰਨ ਦੀ ਸਮਰੱਥਾ ਵਾਲਾ ਹੋ ਗਿਆ ਹੈ)।

**ਸ੍ਰੀ ਗੁਰ ਚਰਨ ਰਜ ਮਹਿਮਾ ਅਗਾਧਿ ਬੋਧ ਲੋਗ ਬੇਦ ਗਿਆਨ ਕੋਟਿ ਬਿਸਮ ਨਮਸ ਕੈ ॥ ੨੪੯ ॥**

ਸ੍ਰੀ ਗੁਰੂ ਜੀ ਦੀ ਚਰਨ ਧੂੜੀ ਦੀ ਮਹਿਮਾ ਦਾ ਬੋਧ ਅਗਾਧ ਹੈ, (ਜਿਸ ਨੂੰ) ਕ੍ਰੋੜਾਂ ਹੀ ਲੌਕਿਕ ਗਿਆਨ ਤੇ ਵੈਦਿਕ ਗਿਆਨ ਹੈਰਾਨ ਹੋ ਕੇ ਨਮਸ਼ਕਾਰ ਕਰਦੇ ਹਨ ॥ ੨੪੯ ॥

**ਕੋਟਨ ਕੋਟਾਨਿ ਅਸਚਰਜ ਅਸਚਰਜ ਮੈ ਕੋਟਨ ਕੋਟਾਨਿ ਬਿਸਮਾਦ ਬਿਸਮਾਦ ਹੈ ॥**

ਕ੍ਰੋੜਾਂ ਕਰੋੜ ਅਚਰਜ ਭੀ ਅਚਰਜ ਰੂਪ ਹਨ ਅਤੇ ਕਰੋੜਾਂ ਕਰੋੜ ਬਿਸਮਾਦ ਭੀ ਬਿਸਮਾਦ ਹਨ।

**ਅਦਭੁਤ ਪਰਮਦਭੁਤ ਹੁਇ ਕੋਟਾਨ ਕੋਟਿ ਗਦ ਗਦ ਹੋਤ ਕੋਟਿ ਅਨਹਦ ਨਾਦ ਹੈ ॥**

ਕ੍ਰੋੜਾਂ ਕ੍ਰੋੜ ਅਦਭੁਤ ਭੀ ਪਰਮ ਅਦਭੁਤ ਹੋ ਰਹੇ ਹਨ, ਕ੍ਰੋੜਾਂ ਕਰੋੜ ਅਨਹਦ ਸ਼ਬਦ ਭੀ (ਉਸ ਧੁਨੀ ਨੂੰ ਸੁਣ ਕੇ)ਗਦ ਗਦ (ਪਰਮ ਪ੍ਰਸੰਨ) ਹੋ ਰਹੇ ਹਨ

**ਕੋਟਿਨ ਕੋਟਾਨਿ ਉਨਮਨੀ ਗਨੀ ਜਾਤ ਨਹੀ ਕੋਟਨ ਕੋਟਾਨਿ ਕੋਟਿ ਸੁੰਨ**

**ਮੰਡਲਾਦਿ ਹੈ ॥**

ਕ੍ਰੋੜਾਂ ਕ੍ਰੋੜ ਉਨਮਨੀ(ਮੁੰਦਰਾ ਆਦਿ ਭੀ ਉਸਦੇ ਸਾਹਮਣੇ ਕੁਝ)ਨਹੀਂ ਗਿਣੀਆਂ ਜਾਂਦੀਆਂ, ਕਰੋੜਾਂ ਸੁੰਨ ਮੰਡਲ(ਭੀ ਕਿਸੇ ਗਿਣਤੀ ਵਿਚ ਨਹੀਂ ਹਨ)

**ਗੁਰਮੁਖਿ ਸਬਦ ਸੁਰਤਿ ਲਿਵ ਸਾਧ ਸੰਗ ਅੰਤ ਕੈ ਅਨੰਤ ਪ੍ਰਭੁ ਆਦਿ ਪਰਮਾਦਿ ਹੈ ॥ ੨੫੦ ॥**

(ਜੋ) ਸਾਧ ਸੰਗ ਕਰਕੇ ਸਤਿਗੁਰੂ ਦੇ ਸ਼ਬਦ ਵਿਚ ਸੁਰਤੀ ਦੀ ਲਿਵ (ਜੋੜਨ ਦੀ)[ਪ੍ਰਭੁ]ਪ੍ਰਭੁਤਾ ਹੈ (ਉਹ) ਅੰਤ ਕਰਕੇ ਅਨੰਤ ਹੈ ਤੇ ਆਦਿ ਕਰ ਕੇ ਪਰਮ ਆਦਿ ਹੈ (ਅਰਥਾਤ) ਉਸ ਪ੍ਰਭਤਾ ਦਾ ਅੰਤ ਲੈਣ ਲਗੋ ਤਾਂ 'ਅੰਤ' ਨਹੀਂ ਮਿਲਦਾ ਹੈ ਅਤੇ 'ਆਦਿ' ਲਭਣ ਲਗੋ ਤਾਂ 'ਆਦਿ' ਵੀ ਪਹੁੰਚ ਤੋਂ ਪਰੇ ਹੈ ॥ ੨੫੦ ॥

**ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗਿ ਉਲਟਿ ਪਵਨ ਮਨ ਮੀਨ ਕੀ ਚਪਲ ਹੈ ॥**

ਸਾਧ ਸੰਗ ਦਵਾਰਾ ਗੁਰਮੁਖ ਨੇ ਸ਼ਬਦ ਵਿਚ ਸੁਰਤੀ ਦੀ ਲਿਵ (ਨੂੰ ਜੋੜ ਕੇ) ਮਛੀ ਦੀ ਤਰਾਂ ਚਪਲ ਮਨ ਤੇ ਪਵਨ ਨੂੰ ਉਲਟਾਇਆ ਹੈ।

**ਸੋਹੰ ਸੋ ਅਜਪਾ ਜਾਪ ਚੀਨੀਅਤ ਆਪਾ ਆਪ ਉਨਮਨੀ ਜੋਤਿ ਕੋ ਉਦੋਤਿ ਹੁਇ ਪ੍ਰਬਲ ਹੈ।**

ਅਜਪਾ ਜਾਪ (ਗਾਯਤ੍ਰੀ)'ਸੋਹੰ-ਹੰਸੋ'(ਨੂੰ ਜਪ ਕੇ ਆਪਣਾ ਆਪ ਪਛਾਣ ਲਿਆਹੈ(ਇਸ ਤਰਾਂ)ਉਨ-ਮਨੀ ਜੋਤਿ ਦਾ ਪ੍ਰਬਲ(ਪ੍ਰਕਾਸ਼) ਪ੍ਰਗਟ ਹੋਗਿਆ ਹੈ

**ਅਨਹਦ ਨਾਦ ਬਿਸਮਾਦ ਰੁਨ ਝੁਨ ਸੁਨਿ ਨਿਝਰ ਝਰਨਿ ਬਰਖਾ ਅੰਮ੍ਰਿਤ ਜਲ ਹੈ॥**

ਬਿਸਮਾਦ ਕਰਨ ਵਾਲੀ ਅਨਹਦਨਾਦ ਦੀ ਰੁਣ ਝੁਣ ਨੂੰ ਸੁਣਨ ਕਰਕੇ ਅੰਮ੍ਰਿਤ ਜਲ ਦੀ ਬਰਖਾ ਨਿਝਰ ਝਰਨ ਲਗ ਪਈ ਹੈ।

**ਅਨਭੈ ਅਭਿਆਸ ਕੋ ਪ੍ਰਗਾਸੁ ਅਸ-ਚਰਜ ਮੈ ਬਿਸਮ ਬਿਸ੍ਵਾਸ ਬਾਸਬ੍ਰਹਮ ਸਥਲ ਹੈ ॥੨੫੧॥**

(ਇਸ ਤਰਾਂ ਨਾਲ) ਅਨਭਵੀ ਅਭਿਆਸ ਦਾ ਪ੍ਰਕਾਸ਼ ਅਚਰਜ ਰੂਪ ਹੈ (ਜਿਸ ਕਰਕੇ) ਅਚਰਜ ਬਿਸਵਾਸ ਤੇ ਬ੍ਰਹਮ ਸਥਲ (ਦਸਮ ਦਵਾਰ) ਦਾ ਦਾ ਵਾਸ (ਪ੍ਰਾਪਤ ਹੁੰਦਾ ਹੈ) ॥੨੫੧॥

ਭਾਵ ਜੋ ਜਾਪ ਜਪਦੇ ਹੋਇਆਂ ਅਪਣੇ ਕੰਨਾਂ ਨੂੰ ਭੀ ਨਾ ਸੁਣਿਆਜਾਵੇ ਤੇ ਨਿਰੰਤਰ ਸਵਾਸਪ੍ਰਤਿਸ੍ਵਾਸ ਜਪਿਆ ਜਾਵੇ ਉਸ ਦਾ ਨਾਮ ਅਜਪਾ ਜਾਪ ਹੈ ਤੇ 'ਹੰਸ ਪ੍ਰਾਣਾਯਾਮ' ਮਾਰਗ ਵਿਚ 'ਸੋਹੰ' ਜਾਪ ਦਾ ਨਾਮ ਹੀ 'ਅਜਪਾ ਜਾਪ' ਹੈ, ਇਸ ਜਾਪ ਨੂੰ ਵਾਕ ਇੰਦਰੇ ਨਾਲ ਨਾ ਜਪਿਆ ਜਾਏ ਸਗੋਂ ਸੁਰਤਿਨਾਲ ਜਪਣਾ ਚਾਹੀਦਾ ਹੈ। ਜਿਉਂ ਜਿਉਂ ਇਹ ਜਪਿਆ ਜਾਂਦਾ ਹੈ,ਤਿਉਂ ਤਿਉਂ ਸੁਰਤਿ ਸੰਸਾਰਕ ਕੰਮਾਂਵਲੋਂ ਉਲਟਦੀ ਜਾਂਦੀ ਹੈ ਅੰਤ ਨੂੰ ਜਾਪ ਵਿਚ ਸੁਰਤ ਲੀਨ ਹੋ ਜਾਂਦੀ ਤੇ ਜਾਪ ਸੁਰਤਿ ਵਿਚ ਹੋ ਜਾਂਦਾ ਹੈ ਇਥੇ ਪੁਜ ਕੇ ਜਾਪ 'ਸੋਹੰ' ਤੋਂ ਹੰਸੋ ਅਰਥਾਤ 'ਸੋਹੰ ਸੋਹੰ ਸੋਹੰ' ਦੀ ਥਾਂ 'ਨਾਨਕ ਸੋਹੰ ਹੰਸੋ ਜਾਪ ਜਪਿ ਤ੍ਰਿਭਵਨ ਤੁਝਹਿ ਸਮਾਇ' ਅਵਸਥਾ ਹੋ ਜਾਂਦੀ ਹੈ।

**ਦ੍ਰਿਸਟਿ ਦਰਸ ਸਮਦਰਸ ਧਿਆਨ ਧਾਰਿ ਦੁਬਿਧਾ ਨਿਵਾਰਿ ਏਕ ਟੇਕ ਗਹਿ ਲੀਜੀਐ ॥**

ਦ੍ਰਿਸ਼ਟੀ ਤੇ ਦਰਸ਼ਨ ਵਿਚ ਸਮ ਦਰਸ ਦਾ ਧਿਆਨ ਧਾਰ ਕੇ, ਦੁਬਿਧਾ ਨਿਵਾਰ ਕੇ, ਇਕ ਦੀ ਓਟ ਫੜ ਲੈਣੀ ਚਾਹੀਦੀ ਹੈ (ਅਰਥਾਤ ਅਖਾਂਵਿਚ ਜੋ ਵੇਖਦਾ ਹੈ ਤੇ ਦ੍ਰਿਸ਼ਯ ਪਦਾਰਥਾਂ ਵਿਚ ਜੋ ਕੁਝ ਦਰਸ਼ਨ ਦੇਂਦਾ ਹੈ. ਇਹ ਦੋਵੇਂ ਪਦਾਰਥ ਇਕੋ ਹਨ, ਇਹ ਕੁਝ ਨਿਸਚਾ ਕਰਕੇ ਵੇਖਣਾ ਹੀ ਸਮ-ਦਰਸ ਧਿਆਨ ਹੈ, ਐਸਾ ਸਮਦਰਸ ਧਿਆਨ ਧਾਰ ਕੇ ਦਵੈਤ ਦੂਰ ਕਰਕੇ ਇਕ ਦੀ ਓਟ ਫੜ ਲੈਣੀ ਸਭ ਤੋਂ ਪਹਿਲਾ ਤੇ ਮੁਖ ਕਰਮ ਹੈ)।

**ਸ਼ਬਦ ਸੁਰਤਿ ਲਿਵ ਉਸਤਤਿ ਨਿੰਦਾ ਛਾਡਿ ਅਕਥ ਕਥਾ ਬੀਚਾਰਿ ਮੋਨਿ ਬ੍ਰਤ ਕੀਜੀਐ ॥**

ਸ਼ਬਦ ਵਿਚ ਸੁਰਤ ਦੀ ਲਿਵ(ਜੋੜਕੇ)ਉਸਤਤ ਨਿੰਦਾ (ਦਾ ਖਿਆਲ) ਛਡਕੇ, ਅਕਥ ਕਥਾ ਦਾ ਬੀਚਾਰ ਕਰਕੇ ਮੋਨ ਬ੍ਰਤ ਕਰਨਾ ਚਾਹੀਦਾ ਹੈ (ਅਰਥਾਤ ਜੋ ਭੀ ਸ਼ਬਦ ਸੁਣਿਆ ਜਾਂਦਾ ਹੈ, ਸ਼ਬਦ ਕਥਨ ਵਾਲਾ ਤੇ ਸ਼ਬਦ ਸੁਨਣ ਵਾਲਾ, ਕੋਈ ਦੋ ਨਹੀਂ ਹਨ, ਇਕੋ ਹੀ ਗਗਨ ਹੈ, ਜੋ ਸ਼ਬਦ ਨੂੰ ਬੋਲਦਾ ਤੇ ਸੁਣਦਾ ਹੈ, ਫੇਰ ਉਸਤਤਿ ਅਤੇ ਨਿੰਦਾ ਕੇਹੀ ਤੇ ਕੌਣ ਕਰਨ ਵਾਲਾ? ਅਜੇਹਾ ਨਿਸਚਾ ਕਰਕੇ ਚੁਪ ਹੀ ਸਾਧ ਛਡਣੀ ਚਾਹੀਦੀ ਹੈ)।

**ਜਗ ਜੀਵਨ ਮੈ ਜਗ ਜਗ ਜਗ ਜੀਵਨ ਕੈ ਜਾਨੀਐ ਜੀਵਨ ਮੂਲੁ ਜੁਗੁ ਜੁਗੁ ਜੀਜੀਐ ॥**

ਜਗਤ ਦੇ ਜੀਵਨ (ਰੂਪ ਪ੍ਰਭੂ) ਵਿਚ ਹੀ ਜਗਤ ਹੈ (ਇਸ ਲਈ) ਜਗਤ ਨੂੰ ਜਗਤ ਜੀਵਨ ਰੂਪ ਕਰਕੇ ਜਾਨਣਾ ਚਾਹੀਦਾ ਹੈ, (ਏਹ) ਜਾਨਣਾ ਹੀ ਜੀਵਨ ਦਾ ਮੂਲ (ਹੈ, ਇਹ ਕੁਝ ਜਾਨਣ ਵਾਲਾ) ਜੁਗਾਂ ਜੁਗਾਂ ਤਕ ਜੀਉਂਦਾ ਹੈ।

**ਏਕ ਹੀ ਅਨੇਕ ਅਉ ਅਨੇਕ ਏਕ ਸਰਬ ਮੈ ਬ੍ਰਹਮ ਬਿਬੇਕ ਟੇਕ ਪ੍ਰੇਮ ਰਸੁ ਪੀਜੀਐ ॥ ੨੫੨ ॥**

ਇਕੋ ਹੀ ਅਨੇਕ (ਰੂਪ) ਹੈ ਅਤੇ ਅਨੇਕਾਂ ਵਿਚ ਇਕੋ ਹੀ ਸ ਰੇ ਰੂਪ (ਹੋ ਕੇ ਵਰਤ ਰਿਹਾ ਹੈ ਇਸ ਤਰਾਂ ਦੀ) ਬ੍ਰਹਮ ਦੀ ਵਿਚਾਰ ਨੂੰ (ਮਨ ਦੀ) ਓਟ (ਬਣਾਕੇ) ਪਰਮ ਰਸ ਪੀਣਾ ਚਾਹੀਦ ਹੈ ॥੨੫੨॥

**ਅਬਿਗਤਿ ਗਤਿ ਕਤ ਆਵਤ ਅੰਤਰਿ ਗਤਿ ਅਕਥ ਕਥਾ ਸੁ ਕਹਿ ਕੈਸੇ ਕੈ ਸੁਨਾਈਐ ॥**

(ਜੋ) ਗਤੀ ਕਰਕੇ ਅਬਿਗਤਿ ਹੈ, (ਉਹ) ਗਤੀ ਅੰਦਰ ਕਿਸ ਤਰਾਂ ਆ ਸਕਦਾ ਹੈ? (ਜੋ) ਕਥਾ ਕਰਕੇ ਅਕਥ ਹੈ ਉਸਨੂੰ ਕਿਸ ਤਰਾਂ ਦਾ ਕਹਿ ਕੇ ਸੁਣਾ ਸਕੀਦਾ ਹੈ?

**ਅਲਖ ਅਪਾਰ ਕਿਧੌ ਪਾਈਅਤ ਪਾਰ ਕੈਸੇ ਦਰਸੁ ਅਦਰਸ ਕੋ ਕੈਸੇ ਕੈ ਦਿਖਾਈਐ ॥**

(ਜੋ) ਅਲਖ ਤੇ ਅਪਾਰ ਹੈ, ਕਿਸ ਤਰਾਂ (ਨਾਲ ਉਸਦਾ) ਪਾਰ ਪਾਈਦਾ ਹੈ? (ਅਤੇ ਜੋ) ਦਰਸ਼ਨ ਕਰਕੇ ਅਦਰਸ਼ ਹੈ ਉਸ ਨੂੰ ਕਿਸ ਤਰਾਂ ਨਾਲ ਵੇਖਿਆ ਵਿਖਾਇਆ ਜਾ ਸਕਦਾ ਹੈ?

**ਅਗਮ ਅਗੋਚਰੁ ਅਗਹੁ ਗਹੀਐ ਧੌ ਕੈਸੇ ਨਿਰਾਲੰਬ ਕਉਨ ਅਵਿਲੰਬ ਠਹਿਰਾਈਐ ॥**

(ਜੋ) ਅਗਮ ਅਗੋਚਰ ਤੇ ਫੜਿਆ ਨਹੀਂ(ਜਾਣ ਵਾਲਾ) ਉਸਨੂੰ ਕਿਸ ਤਰਾਂ ਨਾਲ ਫੜ ਸਕੀਦਾ ਹੈ ਅਤੇ ਜੋ ਆਸਰੇ ਤੋਂ ਰਹਿਤ ਹੈ, (ਉਸਨੂੰ ਕਿਸੇ) ਆਸਰੇ ਉਤੇ ਨਹੀਂ ਠਹਿਰਾਯਾ ਜਾ ਸਕਦਾ।

**ਗੁਰਮੁਖਿ ਸੰਧਿ ਮਿਲੈ ਸੋਈ ਜਾਨੈ ਜਾਮੈ ਬੀਤੈ ਬਿਸਮ ਬਿਦੇਹ ਜਲ ਬੂੰਦ ਹੁਇ ਸਮਾਈਐ ॥੨੫੩॥**

ਗੁਰਸਿਖ ਦੀ ਸੰਧੀ (ਜੋ ਅਨੰਦ) ਮਿਲਦਾ ਹੈ, (ਉਸ ਨੂੰ) ਓਹੀ ਜਾਣਦਾ ਨੂੰ ਜਿਸ ਵਿਚ ਵਰਤਦਾ ਹੈ, ਅਤੇ (ਜਿਵੇਂ) ਪਾਨੀ ਵਿਚ ਪਾਨੀ ਦੀ ਬੂੰਦ ਸਮਾ ਜਾਂਦੀ ਹੈ (ਇਸੇ ਤਰਾਂ ਉਹ) ਅਚਰਜ ਰੂਪ ਵਿਚ ਸਮਾ ਕੇ ਦੇਹ ਤੋਂ ਬਿਨਾਂ (ਅਚਰਜ ਰੂਪ ਹੀ) ਹੋ ਗਿਆ ਹੈ ॥੨੫੩॥

**ਗੁਰਮੁਖਿ ਸ਼ਬਦ ਸੁਰਤਿ ਸਾਧ ਸੰਗਿ ਮਿਲਿ ਪੂਰਨ ਬ੍ਰਹਮ ਪ੍ਰੇਮ ਭਗਤਿ ਬਿਬੇਕ ਹੈ ॥**

ਸਾਧ ਸੰਗ ਵਿਚ ਮਿਲ ਕੇ ਸਤਿਗੁਰੂ ਦੇ ਸ਼ਬਦ ਦੀ[ਸੁਰਤਿ]ਸੋਝੀ(ਪਾਈ ਜਾਂਦੀਹੈ,ਜੋ) ਪੂਰਨ ਬ੍ਰਹਮ

ਦੀ ਪਰੇਮ ਭਗਤੀ ਦਾ ਵਿਚਾਰ ਹੈ।

**ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ ਦ੍ਰਿਸ਼ਟਿ ਦਰਸ ਲਿਵ ਟਰਤ ਨ ਟੇਕ ਹੈ॥**

(ਜੋ) ਰੂਪ ਕਰਕੇ ਮਹਾਂ ਉਪਮਾਂ ਤੋਂ ਰਹਿਤ ਰੂਪ ਹੈ ਵਡਾ ਹੀ ਅਚਰਜ ਰੂਪ ਹੈ (ਜਿਸਦੇ)ਦਰਸ਼ਨ ਦੀ ਲਿਵ ਦੀ ਓਟ ਵਲੋਂ ਦ੍ਰਿਸ਼ਟੀ ਨਹੀਂ ਟਲਦੀ ਹੈ।

**ਰਾਗ ਨਾਦ ਬਾਦ ਬਿਸਮਾਦ ਕੀਰਤਨ ਸਮੈ ਸ਼ਬਦ ਸੁਰਤਿ ਗਿਆਨ ਗੋਸਟਿ ਅਨੇਕ ਹੈ॥**

(ਸਾਧ ਸੰਗ ਦੇ) ਕੀਰਤਨ ਸਮੇਂ (ਅਨੇਕਾਂ)ਰਾਗ ਨਾਦ ਤੇ ਵਾਜੇ ਬਿਸਮਾਦ (ਹੁੰਦੇ ਹਨ ਅਤੇ) ਸ਼ਬਦ ਸੁਰਤਿ (ਦੀ ਵਿਚਾਰ ਸਮੇਂ) ਅਨੇਕਾਂ ਗਿਆਨ ਗਸ਼ਟ (ਹੈਰਾਨ ਹੁੰਦੇ ਹਨ)।

**ਭਾਵਨੀ ਭੈ ਭਾਇ ਚਾਇ ਚਾਹ ਚਰਨਾਂਮ੍ਰਿਤ ਕੀ ਆਸ ਪ੍ਰਿਅ ਸਦੀਵ ਅੰਗ ਅੰਗ ਜਾਵਦੇਕ ਹੈ॥ ੨੫੪॥**

(ਜਿਸ ਨੂੰ ਸਾਧ ਸੰਗਤ ਦੇ) ਚਰਨਾਂਮ੍ਰਿਤ ਦੀ ਆਸ ਹੈ (ਉਸਦੇ) ਅੰਗ ਅੰਗ ਵਿਚ [ਜਾਵਦੇਕ] ਜਿਥੋਂ ਤਕ ਹੋ ਸਕਦਾਹੈ,ਸਦੀਵ(ਕਾਲ ਹੀ)ਪਿਆਰੇ ਪਤੀ ਦੀ ਸ਼ਰਧਾ, ਡਰ, ਪਰੇਮ, ਚਾਉ ਤੇ ਉਤਸ਼ਾਹ ਦੀ ਚਾਹ [ਸਿਕ] (ਲਗੀ ਰਹਿੰਦੀ ਹੈ) ॥੨੫੪॥

**ਹੋਮ ਜਗ ਨਈਬੇਦ ਕੈ ਪੂਜਾ ਅਨੇਕ ਜਪ ਤਪ ਸੰਜਮ ਅਨੇਕ ਪੁੰਨਿ ਦਾਨ ਕੈ॥**

ਹੋਮ, ਜਗ ਤੇ ਨਈਬੇਦ ਕਰਨੇ, ਅਨੇਕ ਤਰਾਂ ਦੀ ਪੂਜਾ (ਕਰਨੇ) ਜਪ ਤਪ ਸੰਜਮ ਅਤੇ ਅਨੇਕ ਤਰਾਂ ਦਾਨ ਪੁੰਨ ਕਰਨੇ।

**ਜਲ ਥਲ ਗਿਰਿ ਤਰੁ ਤੀਰਥ ਭਵਨ ਭ੍ਰਮ ਹਿਮਾਚਲ ਧਾਰਾ ਅਗ੍ਰ ਅਰਪਨ ਪ੍ਰਾਨ ਕੈ॥**

ਜਲ (ਦੇ ਸਥਾਨ ਗੰਗਾ ਸਾਗਰ ਆਦਿਕ) ਥਲ (ਦੇ ਸਥਾਨ, ਸ੍ਰੀ ਰੰਗ ਆਦਿਕ ਮੰਦਰਾਂ ਦੀ ਯਾਤ੍ਰਾ) ਗਿਰਨਾਰ (ਆਦਿਕ ਪਹਾੜਾਂ ਦਾ ਪਰਸਨਾ) ਤਰੁ (ਅਖੈ ਬਟ ਆਦਿਕਾਂ ਦੇ ਦਰਸ਼ਨ ਅਤੇ ਪ੍ਰਯਾਗ ਪੁਸ਼ਕਰ ਆਦਿਕ) ਤੀਰਥਾਂ (ਦੇ ਇਸ਼ਨਾਨ ਅਤੇ ਪ੍ਰਿਥਵੀ ਮੰਡਲ ਦੀ) [ਭਵਨ] ਯਾਤਰਾ ਲਈ [ਭ੍ਰਮਨ] ਫਿਰਦਾ ਫਿਰਦਾ ਅਗਾਂਹ (ਹੀ ਤੁਰਿਆ ਜਾਂਦਾ, ਅੰਤ ਨੂੰ) ਹਿਮਾਲਯ(ਦੀ ਬਰਫਾਨੀ) ਧਾਰਾ ਵਿਚ ਜਾਕੇ ਪ੍ਰਾਣਾ ਨੂੰ ਅਰਪਨ ਕਰ ਦੇਵੇ(ਅਰਥਾਤ ਹਿਮਾਲੇ ਦੀ ਬਰਫ ਵਿਚ ਹੀ ਗਲ ਕੇ ਮਰ ਜਾਵੇ)।

**ਰਾਗ ਨਾਦ ਬਾਦ ਸਾਅੰਗੀਤ ਬੇਦ ਪਾਠ ਬਹੁ ਸਹਜ ਸਮਾਧਿ ਸਾਧਿ ਕੋਟਿ ਜੋਗ ਧਿਆਨ ਕੈ॥**

ਰਾਗਾਂ ਦੀਆਂ ਸੁਰਾਂ ਵਿਚ ਵਾਜਿਆਂ (ਨਾਲ ਭਜਨ ਬਿਸ਼ਨਪਦੇ ਜਾਂ ਕੀਰਤਨ ਭਗਤੀ ਕਰੇ), [ਗਤਿ] ਮਰਯਾਦਾ ਨਾਲ ਸਾਮ (ਵੇਦ ਨੂੰ ਉਚਾਰੇ ਤੇ ਦੂਜੇ) ਵੇਦਾਂ ਦਾ ਬਹੁਤਾ ਪਾਠ ਕਰੇ, ਸਹਜ ਸਮਾਧੀ ਸਾਧਨਾਂ ਜਾਂ ਕਰੋੜਾਂ ਦੇ ਜੋਗ ਦੇ ਧਾਰਨਾਂ ਧਿਆਨ (ਆਦਿਕ ਸਾਧਨ ਕਰਦਾ ਰਹੇ, ਇਸਤਰਾਂ ਦੇ ਜੋ ਵੀ ਕਰਮ ਧਰਮ ਸਾਧਨ ਹਨ)।

**ਚਰਨ ਸਰਨਿ ਗੁਰ ਸਿਖ ਸਾਧ ਸੰਗਿ ਪਰਿ ਵਾਰਿ ਡਾਰਉ ਨਿਗ੍ਰਹ ਹਠ ਜਤਨ ਕੋਟਾਨਿ ਕੈ॥੨੫੫॥**

ਗੁਰੂ ਜੀ ਦੀ ਚਰਣ ਸਰਣ (ਪ੍ਰਾਪਤ ਹੋਏ)ਸਿਖਾਂ ਦੀ ਸਾਧ ਸੰਗਤ ਉਪਰੋਂ ਹਠ ਨਿਗ੍ਰਹ (ਆਦ)ਕ੍ਰੋੜਾਂ ਜਤਨ (ਪਿਛੇ ਦਸੇ ਕਰਮਾਂ, ਧਰਮਾਂ, ਸਾਧਨਾਂ ਸਣੇ ਸਾਰੇ ਹੀ) ਵਾਰਨੇ ਕਰ ਸੁਟਦਾ ਹਾਂ॥ ੨੫੫॥

ਭਾਵ ਉਪਰ ਦਸੇ ਹੋਏ ਜਿੰਨੇ ਭੀ ਕਰਮ ਧਰਮ ਤੇ ਸਾਧਨ ਹਨ, ਗੁਰ ਚਰਨ ਸਰਨ ਪ੍ਰਾਪਤ ਹੋਏ ਸਿਖ ਸੰਗਤ ਦੇ ਪ੍ਰਤਾਪ ਨੂੰ ਪੁਜ ਨਹੀਂ ਸਕਦੇ।

**ਮਧੁਰ ਬਚਨ ਸਮਸਰਿ ਨ ਪੁਜਸਿ**

**ਮਧੁ ਕਰਕ ਸ਼ਬਦ ਸਰਿ ਬਿਖੁ ਨ ਬਿਖਮ ਹੈ ॥**

ਮਿਠੇ ਬਚਨ (ਬੋਲਣ ਦੇ) ਸਮਾਨ(ਕ੍ਰੋੜਾਂ) ਸ਼ੈਹਦ ਨਹੀਂ ਪੁਜਦੇ ਹਨ ਤੇ ਕੋੜੇ ਅਤੇ ਕਰਖਤ ਬਚਨ ਦੇ ਸਮਾਨ(ਕੋਈ ਭੀ) ਜ਼ੈਹਰ ਕਰੜੀ(ਭਾਵ ਦੁਖਦਾਈ) ਨਹੀਂ ਹੈ ।

**ਮਧੁਰ ਬਚਨ ਸੀਤਲਤਾ ਮਿਸਟਾਨ ਪਾਨ ਕਰਕ ਸ਼ਬਦ ਸਤਪਤ ਕਟੁ ਕਮ ਹੈ ॥**

ਮਿਠੇ ਬਚਨ (ਬੋਲਣੇ ਇਸਤਰਾਂ ਜਿਸਤਰਾਂ) ਠੰਡਾ ਤੇ ਮਿਠਾ ਸ਼ਰਬਤ ਪੀਂਦਾ ਹੈ ਤੇ ਕੋੜੇ ਕਰਖਤ ਸ਼ਬਦ ਦੇ ਸਮਾਨ ਤਤਾ ਤੇ ਕੋੜਾ (ਪਦਾਰਥ ਹੀ ਹੋਰ ਕੋਈ) ਘਟ ਹੈ (ਅਰਥਾਤ ਸਭ ਤੋਂ ਵਧੀਕ ਕੋੜਾ ਤੇ ਤੱਤਾ ਪਦਾਰਥ ਹੀ ਕੋੜਾ ਬਚਨ ਹੈ) ।

**ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸ਼ਾਂਤਿ ਕਰਕ ਸ਼ਬਦ ਅਸੰਤੋਖ ਦੋਖ ਸ੍ਰਮ ਹੈ ॥**

ਮਿਠਾ ਬਚਨ ਬੋਲਣ ਕਰਕੇ (ਪੁਰਸ਼ ਨੂੰ)ਤ੍ਰਿਪਤੀ ਸੰਤੋਖ ਤੇ ਸ਼ਾਂਤੀ (ਪ੍ਰਾਪਤ ਹੁੰਦੀ ਹੈ ਤੇ) ਕੋੜਾ ਸ਼ਬਦ (ਬੋਲਣ ਕਰਕੇ) ਸੰਤੋਖ ਦਾ ਨਾਸ ਤੇ ਪਾਪ ਆਦਿਕ ਕਸ਼ਟ ਹੁੰਦਾ ਹੈ ।

**ਮਧੁਰ ਬਚਨ ਲਗਿ ਅਗਮ ਸੁਗਮ ਹੋਇ ਕਰਕ ਸ਼ਬਦ ਲਗਿ ਸੁਗਮ ਅਗਮ ਹੈ ॥ ੨੫੬ ॥**

ਮਿਠੇ ਬਚਨ ਦੇ ਆਸਰੇ ਲਗਣ ਕਰਕੇ ਔਖਾ ਕੰਮ ਸੌਖਾ ਹੋ ਜਾਂਦਾ ਹੈ ਤੇ ਕੋੜੇ ਬਚਨ ਦੇ ਲਗਣ ਕਰਕੇ ਸੌਖਾ ਕੰਮ ਔਖਾ ਹੋ ਜਾਂਦਾ ਹੈ ॥੨੫੬॥

**ਗੁਰਮੁਖਿ ਸ਼ਬਦ ਸੁਰਤਿ ਸਾਧ ਸੰਗਿ ਮਿਲਿ ਭਾਨੁ ਗਿਆਨ ਜੋਤਿ ਕੋ ਉਦੋਤ ਪ੍ਰਗਟਾਇਓ ਹੈ ॥**

ਸਾਧ ਸੰਗਤ ਵਿਚ ਮਿਲ ਕੇ (ਜਿਸ) ਗੁਰਮੁਖ ਨੇ ਸ਼ਬਦ ਸੁਰਤ ਦਾ (ਅਭਿਆਸ ਕੀਤਾ ਹੈ ਉਸਨੂੰ) ਗਿਆਨ ਰੂਪ ਸੂਰਜ ਦੀ ਜੋਤਿ ਦਾ [ਉਦੋਤ] ਉਦੇ ਹੋਣਾ ਪ੍ਰਗਟ ਹੋ ਆਇਆ ਹੈ ।

**ਨਾਭ ਸਰਵਰ ਬਿਖੈ ਬ੍ਰਹਮ ਕਮਲ ਦਲ ਹੋਇ ਪ੍ਰਫੁਲਤ ਬਿਮਲ ਜਲ ਛਾਇਓ ਹੈ ॥**

[ਜਿਸ ਕਰਕੇ) ਨਾਭੀ ਸਰੋਵਰ ਵਿਚ (ਜੋ) ਬ੍ਰਹਮ ਰੂਪ ਕਮਲ ਪਤ੍ਰ ਰੂਪ (ਬਣਿਆਂ ਭਾਵ ਮੁੰਦਿਆ ਹੋਇਆ ਸੀ (ਉਹ) ਪਰਫੁਲਤ ਹੋ ਕੇ ਨਿਰਮਲ ਜਲ ਵਿਚ ਸੋਭਾ ਪਾਂਦਾ ਹੈ ।

**ਮਧੁ ਮਕਰੰਦ ਰਸ ਪ੍ਰੇਮ ਪਰਿ ਪੂਰਨ ਕੈ ਮਨੁ ਮਧੁਕਰ ਸੁਖਸੰਪਟ ਸਮਾਇਓ ਹੈ ॥**

(ਉਸ ਕਮਲ ਦੀ) ਅੰਮ੍ਰਿਤ ਰੂਪ ਮਕਰੰਦ [ਧੂੜੀ] ਦੇ ਪਰੇਮ ਰਸ ਨਾਲ [ਪਰਿ ਪੂਰਨ ਕੈ] ਪੂਰੀ ਤਰਾਂ ਨਾਲ ਰਜ ਕਰਕੇ ਮਨ ਰੂਪ ਭੌਰਾ ਸੁਖ ਰੂਪ ਸੰਪਟ ਵਿਚ ਸਮਾ ਗਿਆ ਹੈ ।

**ਅਕਥ ਕਥਾ ਬਿਨੋਦ ਮੋਦ ਅਮੋਦ ਲਿਵ ਉਨਮਨ ਹੁਇ ਮਨੋਦ ਅਨਤ ਨ ਧਾਇਓ ਹੈ ॥ ੨੫੭ ॥**

(ਇਸ) ਬਿਨੋਦ ਦੀ ਕਥਾ ਅਕਥ ਹੈ, [ਮੋਦ] ਅਨੰਦ(ਜੇਹਾ ਹੋਰ ਕੋਈ) [ਅ+ਮੋਦ] ਅਨੰਦਨਹੀਂ ਅਤੇ [ਮਨੋਦ=ਮਨ+ਓਦ] ਮਨ ਵਿਚ ਉਦੇ ਹੋ ਆਉਂਦੀ ਹੈ ਉਨਮਨੀ ਲਿਵ (ਫਿਰ ਮਨ) ਹੋਰ ਕਿਧਰੇ ਜਾਂਦਾ ਨਹੀਂ ਹੈ ॥੨੫੭॥

ਭਾਵ ਅਗਜਾਨ ਕਾਲ ਵਿਚ ਜੋ ਨਾਭੀ ਸਥਾਨ ਦਾ ਕਮਲ ਹੈ, ਉਹ ਕਮਲ ਮੁੰਦਿਆ ਹੁੰਦਾ ਹੈ ਅਤੇ ਜਾਗਰਤ ਅਵਸਥਾ ਵਿਚ ਉਹ ਨਾਭੀ ਸਥਾਨ ਦਾ ਕਮਲ ਹੀ ਬ੍ਰਹਮ ਦੀ ਅੰਸ ਰੂਪ ਜੀਵਾਤਮਾ ਦਾ ਨਿਵਾਸ ਸਥਾਨ ਹੈ, ਇਸੇ ਕਰਕੇ 'ਨਾਭਿ ਗਿਆਨ ਬਿਖੈ ਬ੍ਰਹਮ ਕਮਲ ਦਲ' ਕਿਹਾ ਹੈ, ਜਦ ਸਰਵਰ

ਸੂਰਜ ਉਦੇ ਹੁੰਦਾ ਹੈ ਤਾਂ ਪਹਿਲੋਂ ਇਹੋ ਕਮਲ ਪ੍ਰਫੁਲਤ ਹੁੰਦਾ ਹੈ, ਇਸ ਦੀ ਮਕਰੰਦ ਰਸ 'ਪਰੇਮ' ਹੈ ਜਿਸਨੂੰ ਪ੍ਰਾਪਤ ਕਰਕੇ ਮਨ ਰੂਪ ਭੌਰਾ ਤ੍ਰਿਪਤ ਹੋ ਜਾਂਦਾ ਹੈ, ਮਨ ਦੀਆਂ ਸਾਰੀਆਂ ਧਾਵਨਾ ਮਿਟ ਜਾਂਦੀਆਂ ਹਨ ਅਤੇ ਮਨ ਨੂੰ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਸਨੂੰ ਕਿਸੇ ਭੀ ਸੰਸਾਰਕ ਅਨੰਦ ਦੀ ਤੁਲਨਾ ਨਹੀਂ ਦਿਤੀ ਜਾਂਦੀ।

**ਜੈਸੇ ਕਾਚੋ ਪਾਰੋ ਮਹਾ ਬਿਖਮ ਖਾਇਓ ਨ ਜਾਇ ਮਾਰੇ ਨਿਹਕਲੰਕ ਹੁਇ ਕਲੰਕਨ ਮਿਟਾਵਈ ॥**

ਜਿਸ ਤਰਾਂ ਕਚਾ ਪਾਰਾ ਵਡਾ ਦੁਖਦਾਈ ਹੁੰਦਾ ਹੈ ਤੇ ਖਾਧਾ ਨਹੀਂ ਜਾਂਦਾ ਹੈ, (ਜਦ ਉਹ)ਮਾਰਿਆ ਜਾਏ ਤਾਂ ਪੂਰਨ ਸੁਧ ਹੋ ਕੇ ਨਿਹਕਲੰਕ ਹੋ ਜਾਂਦਾ ਹੈ ਅਤੇ ਖਾਣ ਵਾਲੇ ਦੇ ਰੋਗਾਂ ਰੂਪ ਕਲੰਕਾਂ ਨੂੰ ਦੂਰ ਕਰਦਾ ਹੈ।

**ਤੈਸੇ ਮਨ ਸ਼ਬਦ ਬੀਚਾਰਿ ਮਾਰਿ ਹਉਮੈ ਮੇਟਿ ਪਰ ਉਪਕਾਰੀ ਹੁਇ ਬਿਕਾਰਨ ਘਟਾਵਈ ॥**

ਉਸੇ ਤਰਾਂ ਹੀ ਗੁਰ ਸ਼ਬਦ ਦੀ ਵੀਚਾਰ ਕਰਕੇ ਹਉਮੈ ਨੂੰ ਮੇਟ ਦਈਏ ਤਾਂ ਮਨ ਮਰ ਜਾਂਦਾ ਹੈ ਅਤੇ ਪਰਉਪਕਾਰੀ ਹੋ ਕੇ ਵਿਕਾਰਾਂ ਨੂੰ ਨਾਸ ਕਰਨ ਵਾਲਾ ਬਣ ਜਾਂਦਾ ਹੈ।

**ਸਾਧ ਸੰਗਿ ਅਧਮੁ ਅਸਾਧੁ ਹੁਇ ਮਿਲਤ ਸਾਧ ਚੂਨਾ ਜਿਉਂ ਤੰਬੋਲ ਰਸ ਰੰਗੁ ਪ੍ਰਗਟਾਵਈ ॥**

ਜਿਸ ਤਰਾਂ ਪਾਨ, ਚੂਨਾ ਆਦਿਕ ਮਿਲ ਕੇ ਤੰਬੋਲ ਦਾ ਰਸ (ਚੂਸਿਆ ਜਾਏ ਤਾਂ ਮਹਾਂ ਸੁੰਦਰ ਰੰਗ ਪ੍ਰਗਟਾਉਂਦਾ ਹੈ. (ਇਸੇਤਰਾਂ) ਸਾਧ ਸੰਗ ਵਿਚ ਮਿਲਦਿਆਂ ਹੀ ਮਹਾਂ ਨੀਚ ਤੇ ਬੁਰਾ ਪੁਰਸ਼ ਭੀ ਪੂਰਨ ਸੰਤ ਤੇ ਭਲਾ ਪੁਰਸ਼ ਹੋ ਜਾਂਦਾ ਹੈ।

**ਤੈਸੇ ਹੀ ਚੰਚਲ ਚਿਤ ਭ੍ਰਮਤ ਚਤੁਰ ਕੁੰਟ ਚਰਨ ਕਮਲ ਸੁਖ ਸੰਪੁਟ ਸਮਾਵਈ ॥੨੫੮॥**

ਉਸੇ ਤਰ੍ਹਾਂ ਹੀ ਚੰਚਲ ਚਿਤ ਚੌਹਾਂ ਕੂੰਟਾਂ ਵਿਚ ਭੌਂਦਾ ਫਿਰਦਾ ਹੈ (ਅਤੇ ਗੁਰੂ ਜੀ ਦੀ) ਚਰਨ ਸਰਨ (ਪ੍ਰਾਪਤ ਹੁੰਦਾ ਹੀ) ਸੁਖ ਸੰਪਟ ਵਿਚ ਸਮਾ ਜਾਂਦਾ ਹੈ ॥੨੫੮॥

**ਗੁਰਮੁਖਿ ਮਾਰਗ ਹੁਇ ਧਾਵਤ ਬਰਜਿ ਰਾਖੈ ਸਹਜਿ ਬਿਸ੍ਰਾਮ ਧਾਮ ਨਿਹਚਲ ਬਾਸੁ ਹੈ ॥**

(ਜੋ) ਗੁਰ ਸਿਖੀ ਮਾਰਗ (ਦੇ ਪਾਂਧੀ) ਹੋਏ ਹਨ, (ਉਹਨਾਂ ਦੇ ਮਨ ਨੂੰ) ਰੋਕ ਰਖਿਆ ਹੈ, ਸਹਜ ਘਰ ਵਿਚ ਬਿਸਰਾਮ (ਕਰਨ ਲਈ) ਅਚੱਲ ਵਾਸਾ (ਕੀਤਾ) ਹੈ।

**ਚਰਨ ਸਰਨਿ ਰਜ ਰੂਪ ਕੈ ਅਨੂਪ ਊਪ ਦਰਸਿ ਦਰਸਿ ਸਮ ਦਰਸਿ ਪ੍ਰਗਾਸੁ ਹੈ॥**

(ਗੁਰੂ ਜੀ ਦੀ) ਚਰਨ ਸ਼ਰਣ ਦੀ ਧੂੜੀ(ਪ੍ਰਾਪਤ ਕਰਕੇ)ਰੂਪ ਕਰਕੇ ਉਪਮਾਂ ਤੋਂਰਹਿਤ ਉਪਮਾਂ ਵਾਲੇ ਹੋਏ ਹਨ, (ਅਤੇ ਗੁਰ)ਦਰਸ਼ਨ ਨੂੰ(ਦਰਸ)ਵੇਖ ਕਰ ਕੇ ਸਮ ਦਰਸ (ਪਦ ਦਾ)ਪ੍ਰਕਾਸ਼ ਹੋਆਉਂਦਾ ਹੈ)।

**ਸ਼ਬਦ ਸੁਰਤਿ ਲਿਵ ਬਜਰ ਕਪਾਟ ਖੁਲੈ ਅਨਹਦ ਨਾਦ ਬਿਸਮਾਦ ਕੋ ਬਿਸਵਾਸੁ ਹੈ ॥**

(ਗੁਰ) ਸ਼ਬਦ ਵਿਚ ਸੁਰਤ ਦੀ ਲਿਵ (ਜੁੜ ਜਾਣ ਕਰਕੇ) ਬਜਰ ਕਪਾਟ ਖੁਲ੍ਹ ਗਏ ਹਨ, ਅਤੇ ਅਨਹਦ ਸ਼ਬਦ (ਸੁਣਨ ਕਰਕੇ) ਬਿਸਮਾਦ (ਰੂਪ ਪ੍ਰਭੂ) ਦਾ ਭਰੋਸਾ (ਆ ਗਿਆ) ਹੈ।

**ਅਮ੍ਰਿਤ ਬਾਨੀ ਅਲੇਖ ਲੇਖ ਕੈ ਸੁਖ ਅਲੇਖ ਭਏ ਪਰਦਛਨਾ ਕੈ ਸੁਖ ਦਾਸਨ ਕੇ ਦਾਸ ਹੈ ॥੨੫੯॥**

ਲੇਖੇ ਵਿਚ ਨਾ (ਆਉਣ ਵਾਲੀ ਗੁਰੂ ਜੀ ਦੀ) ਅੰਮ੍ਰਿਤ ਮਈ ਬਾਣੀ ਦੇ ਲੇਖ ਕਰਕੇ ਲੇਖਾਂ(ਕਰਮਾਂ) ਤੋਂ ਰਹਿਤ ਹੋ ਗਏ ਹਨ, ਅਤੇ (ਗੁਰੂ ਦੇ) ਦਾਸਾਂ ਦੇ ਦਾਸ ਦੀ ਪਰਦਛਨਾ ਕਰਕੇ ਸੁਖ ਰੂਪ ਹੋ ਗਏ ਹਨ ॥੨੫੯॥

**ਗੁਰਸਿਖ ਸਾਧ ਰੂਪਰੰਗ ਅੰਗਅੰਗ ਛਬਿ ਦੇਹ ਕੈ ਬਿਦੇਹ ਅਉ ਸੰਸਾਰੀ ਨਿਰੰਕਾਰੀ ਹੈ ॥**

ਗੁਰ ਸਿਖ ਹੀ ਸਾਧੂ ਰੂਪ ਹਨ,(ਜਿਨ੍ਹਾਂ ਦੇ)ਅੰਗ ਅੰਗ ਵਿਚ ਰੰਗ (ਪ੍ਰੇਮ) ਦੀ ਛਬਿ (ਸੁੰਦਰਤਾ) ਹੈ। ਦੇਹ ਕਰਕੇ ਬਿਦੇਹ ਹਨ, ਸੰਸਾਰੀ (ਗ੍ਰਹਸਥੀ)(ਹੋਕੇ ਭੀ) ਨਿਰੰਕਾਰੀ [ਵਿਰਕਤ ਮਹਾਤਮਾ] ਹਨ।

**ਦਰਸਿ ਦਰਸਿ ਸਮ ਦਰਸਿ ਬ੍ਰਹਮ ਧਿਆਨ ਸ਼ਬਦ ਸੁਰਤਿ ਗੁਰ ਬ੍ਰਹਮ ਬੀਚਾਰੀ ਹੈ ॥**

(ਉਹਨਾਂ ਦਾ) ਦਰਸ਼ਨ ਕਰਕੇ ਸਮਦਰਸੀ ਬ੍ਰਹਮ ਧਿਆਨ ਦਾ ਦਰਸ਼ਨ (ਹੋ ਜਾਂਦਾ ਹੈ, ਅਤੇ) ਗੁਰ ਸ਼ਬਦ ਸੁਰਤ ਕਰਕੇ ਬ੍ਰਹਮ ਦੀ ਵੀਚਾਰ ਕਰ ਲਈ ਜਾਂਦੀ ਹੈ।

**ਗੁਰ ਉਪਦੇਸ਼ ਪਰਵੇਸ਼ ਲੇਖ ਕੈ ਅਲੇਖ ਚਰਨ ਸਰਨਿ ਕੈ ਬਿਕਾਰੀ ਉਪਕਾਰੀ ਹੈ ॥**

ਗੁਰ ਉਪਦੇਸ਼ ਵਿਚ ਪ੍ਰਵੇਸ ਕਰਕੇ ਅਤੇ ਗੁਰ ਉਪਦੇਸ਼ ਨੂੰ ਲਿਖਨ ਕਰਕੇ ਲੇਖੇ ਤੋਂ ਰਹਿਤ ਹੋ ਗਏ ਹਨ, ਅਤੇ (ਗੁਰੂ ਜੀ ਦੇ) ਚਰਨਾਂ ਦੀ ਸਰਣੀ) (ਪੈਣ ਕਰਕੇ) ਵਿਕਾਰੀ ਤੋਂ ਉਪਕਾਰੀ (ਬਣ ਗਏ ਹਨ, ਅਰਥਾਤ ਮੰਦ ਕਰਮਾਂ ਦਾ ਤਿਆਗ ਕਰਕੇ ਲੋਕ ਭਲਿਆਈ ਦੇ ਕਰਮ ਕਰਦੇ ਹਨ)।

**ਪ੍ਰਦਛਨਾ ਕੈ ਬ੍ਰਹਮਾਦਿਕ ਪਰਿਕ੍ਰਮਾਦਿ ਪੂਰਨ ਬ੍ਰਹਮ ਅਗ੍ਰਭਾਗ ਆਗਿਆ ਕਾਰੀ ਹੈ ॥ ੨੬੦ ॥**

(ਜੋ)ਪੂਰਨ ਬ੍ਰਹਮ ਰੂਪ ਗੁਰੂ ਦੀ ਪ੍ਰਦਖਨਾ ਕਰ ਕੇ,(ਉਨ੍ਹਾਂ ਦੇ) ਆਗਜਾਕਾਰੀ [ਹੁਕਮੀ ਬਦੇ](ਹੋਕੇ ਗੁਰੂ ਜੀ ਦੇ) ਸਾਹਮਣੇ (ਖੜੇ ਰਹਿੰਦੇ ਹਨ)ਬ੍ਰਹਮਾ, ਵਿਸ਼ਨ ਤੇਸ਼ਿਵਜੀ(ਵਰਗੇਦੇਵਤੇ ਉਨ੍ਹਾਂਦੀ)ਪ੍ਰਕਰਮਾ ਆਦਿਕ (ਸੇਵਾ ਪੂਜਾ ਕੀਤਾ ਕਰਦੇ ਹਨ)।੨੬੦॥

**ਗੁਰਮੁਖਿ ਮਾਰਗਿ ਹੁਇ ਭ੍ਰਮਨ ਕੋ ਭ੍ਰਮ ਖੋਇਓ ਚਰਨ ਸਰਨਿ ਗੁਰ ਏਕ ਟੇਕ ਧਾਰੀ ਹੈ ॥**

[ਜਿਸਨੇ] ਗੁਰਮੁਖੀ ਮਾਰਗ ਦਾ (ਪਾਂਧੀ) ਹੋਕੇ, ਇਕ ਗੁਰ ਚਰਨ ਸ਼ਰਨ ਦੀ ਓਟ ਧਾਰੀ ਹੈ, (ਉਸਨੇ) ਭਰਮਾਂ ਦੇ ਭਰਮ (ਭਾਵ ਮੂਲ ਰੂਪ (ਅਗਿਆਨ) ਨੂੰ ਨਾਸ ਕਰ ਲਿਆ ਹੈ।

**ਦਰਸ ਦਰਸ ਸਮਦਰਸ ਧਿਆਨ ਧਾਰਿ ਸ਼ਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ ॥**

(ਗੁਰੂ ਜੀ ਦੇ) ਦਰਸ਼ਨ ਵਿਚ ਸਮਦਰਸੀ (ਬ੍ਰਹਮ ਦੇ) ਦਰਸ਼ਨ ਦਾ ਧਿਆਨ ਧਾਰੀ (ਰਖਦਾ ਹੈ,ਅਤੇ ਗੁਰ) ਸ਼ਬਦ ਵਿਚ ਸੁਰਤੀ (ਨੂੰ ਜੋੜ)ਕਰਕੇ ਸੰਸਾਰੀ (ਹੋਕੇ ਭੀ) ਨਿਰੰਕਾਰੀ (ਬਣ ਰਿਹਾ) ਹੈ, (ਅਰਥਾਤ ਗੁਰੂ ਦੇ ਦਰਸ਼ਨ ਵਿਚ ਬ੍ਰਹਮ ਦਾ ਦਰਸ਼ਨ ਵੇਖਦਾ ਹੈ ਤੇ ਸੁਰਤ ਨੂੰ ਗੁਰ ਸ਼ਬਦ ਵਿਚ ਜੋੜੀ ਰਖਦਾ ਹੈ, ਇਸ ਲਈ ਗ੍ਰਹਸਥੀ ਹੋ ਕੇ ਭੀ ਪੂਰਨ ਤਿਆਗੀ ਮਹਾਂ ਪੁਰਸ਼ ਹੈ)।

**ਸਤਿਗੁਰ ਸੇਵਾ ਕਰਿ ਸੁਰਿ ਨਰਿ ਸੇਵਕ ਹੈ ਮਾਨਿ ਗੁਰ ਆਗਿਆ ਸਭ ਜਗੁ ਆਗਿਆਕਾਰੀ ਹੈ ॥**

(ਜੋ) ਸਤਿਗੁਰੂ ਜੀ ਦੀ ਸੇਵਾ ਕਰਦਾ ਹੈ,ਦੇਵਤੇ ਤੇ ਮਨੁਖ (ਅਥਵਾ ਮਨੁਖਾਂ ਵਿਚ ਦੇਵਤੇ ਰੂਪ ਮਹਾਂ ਉਤਮ ਕੁਲ ਵਾਲੇ ਵੇਦ ਵਕਤਾਰੂਪ ਮਹਾਤਮਾਂ)ਉਸ ਦੇ ਸੇਵਕ ਹੋ ਜਾਂਦੇ 'ਹਨ, (ਜਿਸ ਨੇ) ਗੁਰੂ ਜੀ ਦੀ ਆਗਜਾ ਨੂੰ ਮੰਨਿਆਂ ਹੈ,ਸਾਰਾ ਜਗਤ ਉਸਦੀ ਆ-ਗਿਆ ਮੰਨਣ ਵਾਲਾ(ਹੁਕਮੀ ਬੰਦਾ)[ਹੋ ਜਾਂਦਾ ਹੈ]।

**ਪੂਜਾ ਪ੍ਰਾਨ ਪ੍ਰਾਨਪਤਿ ਸਰਬ ਨਿਧਾਨ ਦਾਨ ਪਾਰਸ ਪਰਸਿ ਗਤਿ ਪਰਉਪਕਾਰੀ ਹੈ ॥ ੨੬੧॥**

(ਜੋ) ਸਰਬ ਨਿਧਾਨ (ਦਾਨ) ਬਖਸ਼ਣ ਵਾਲੇ ਪ੍ਰਾਣ ਪਤੀ (ਪ੍ਰਭੂ ਅੰਤਰਯਾਮੀ ਦੀ) ਪ੍ਰਾਣਾਂ ਨਾਲ ਪੂਜਾ [ਭਾਵ ਸੁਆਸ ਸੁਆਸ ਪ੍ਰਭੂ ਦਾ ਸਿਮਰਨ] ਕਰਦਾ ਹੈ,(ਉਹ ਇਸ ਤਰ੍ਹਾਂ) ਪਰ ਉਪਕਾਰੀ(ਹੋ ਜਾਂਦਾ ਹੈ, ਜਿਸ ਤਰ੍ਹਾਂ) ਪਾਰਸ ਨੂੰ ਪਰਸਨ ਵਾਲੀ (ਧਾਤੂ ਦੀ) ਗਤੀ ਹੈ, (ਅਰਥਾਤ ਜਿਵੇਂ ਪਾਰਸ ਨੂੰ ਪਰਸ ਕੇ ਲੋਹਾ ਸੋਨਾ ਹੋ ਜਾਂਦਾ ਹੈ,ਉਹ ਪ੍ਰਭੂਦੀ ਸੇਵਾ ਭਗਤੀ ਕਰਨ ਵਾਲਾ ਲੋਕਾਂ ਦੇ ਭਲੇ ਦੇ ਕਰਮ ਕਰਨ ਵਾਲਾ ਪਰਉਪਕਾਰੀ ਹੋ ਜਾਂਦਾ ਹੈ ॥੨੬੧॥

**ਪੂਰਨ ਬ੍ਰਹਮ ਗੁਰ ਮਹਿਮਾ ਕਹੈ ਸੁ ਥੋਰੀ ਕਥਨੀ ਬਦਨੀ ਬਾਦਿ ਨੇਤਿ ਨੇਤਿ ਨੇਤਿ ਹੈ ॥**

ਪੂਰਨ ਬ੍ਰਹਮ ਰੂਪ ਗੁਰੂ ਦੀ ਮਹਿਮਾਂ (ਜਿਨੀ ਭੀ ਕੋਈ) ਆਖੇ, ਉਹ (ਸਭ) ਥੋੜੀ ਹੈ, (ਕਿਉਂਕਿ ਗੁਰ ਮਹਿਮਾਂ ਦੀ) ਕਥਨੀ ਬੇਅੰਤ ਹੈ, (ਬਦਨੀ) ਕਵਿਤਾ ਬੇਅੰਤ ਹੈ, ਅਤੇ (ਬਾਦਿ) ਵਾਜਿਆਂ ਵਿਚ ਉਪਮਾਂ ਕਰਨ ਵਾਲੇ ਭੀ ਬੇਅੰਤ ਹਨ।

**ਪੂਰਨ ਬ੍ਰਹਮ ਗੁਰੁ ਪੂਰਨ ਸਰਬ ਮਈ ਨਿੰਦਾ ਕਰੀਐ ਸੁ ਕਾ ਕੀ ਨਮੋ ਨਮੋ ਹੇਤ ਹੈ ॥**

ਪੂਰਨ ਬ੍ਰਹਮ ਰੂਪ ਗੁਰੂ (ਹੀ ਸਾਰੇ) ਰੂਪ ਹੋ ਕੇ ਪੂਰਨ(ਬ੍ਰਹਮ) ਵਿਆਪਕ ਹਨ,(ਤਾਂ ਫਿਰ)ਕਿਸਦੀ ਨਿੰਦਾ ਕਰੀਏ? ਪਰੇਮ ਨਾਲ ਨਮਸ਼ਕਾਰ ਹੈ (ਅਰਥਾਤ ਜਦ ਕਿ ਸਾਰੇ ਰੂਪ ਉਸੇ ਦੇ ਹਨ ਤੇ ਸਭਨਾਂ ਵਿਚ ਓਹੀ ਪੂਰਨ ਹੈ ਤਾਂ ਫਿਰ ਬੁਰਾ ਕਿਸੇ ਨੂੰਕਿਉਂ ਆਖੀਏ? ਕੇਵਲ ਨਮਸ਼ਕਾਰ ਕਰਨੀ ਹੀ ਯੋਗ ਹੈ)।

**ਤਾਂਹੀ ਤੇ ਬਿਵਰਜਿਤ ਅਸਤੁਤਿ ਨਿੰਦਾ ਦੋਊ ਅਕਥ ਕਥਾ ਬੀਚਾਰਿ ਮੋਨਿ ਬ੍ਰਤ ਲੇਤ ਹੈ ॥**

ਇਸ ਕਰਕੇ ਹੀ ਉਸਤਤਿ ਤੇ ਨਿੰਦਾ, [ਇਨ੍ਹਾਂ] ਦੋਹਾਂ ਤੋਂ [ਮਨ ਨੂੰ] ਰੋਕਨਾ ਚਾਹੀਦਾ ਹੈ,(ਉਸਦੀ) ਕਥਾ ਦਾ ਵੀਚਾਰ ਅਕਥ ਹੈ, (ਅਜੇਹਾ ਜਾਣਕੇ) ਮੋਨਿ ਬ੍ਰਤ ਧਾਰ ਲੈਣਾ ਚਾਹੀਦਾ ਹੈ (ਅਰਥਾਤ ਚੁਪ ਕਰਕੇ ਬੈਠ ਰਹਿਣਾ ਚਾਹੀਦਾ ਹੈ)।

**ਬਾਲ ਬੁਧਿ ਸੁਧਿ ਕਰਿ ਦੇਹ ਕੈ ਬਿਦੇਹ ਭਏ ਜੀਵਨ ਮੁਕਤਿ ਗਤਿ ਬਿਸਮ ਸੁਚੇਤ ਹੈ ॥ ੨੬੨ ॥**

ਬਾਲ ਬੁਧੀ ਦੀ ਸੁਧ ਕਰਕੇ,ਦੇਹ ਕਰਕੇ ਬਿਦੇਹ ਹੋ ਗਏ ਹਨ, ਇਸ ਤਰ੍ਹਾਂ ਜੀਵਨ ਮੁਕਤਿ (ਪਦ ਨੂੰ) ਪਰਾਪਤ ਕਰਕੇ ਅਚਰਜ ਸੁਚੇਤ ਹੋ ਰਹੇ ਹਨ(ਅਰਥਾਤ ਜਿਸਤਰ੍ਹਾਂ ਬਾਲਹਰਖ ਸੋਗਤੋਂ ਅਸੰਗਰਹਿੰਦਾ ਹੈ,ਉਸ ਅਵਸਥਾ ਦੀ ਸੁਧਿ ਕਰਕੇ,ਭਾਵ ਉਸੇ ਤਰ੍ਹਾਂ ਬਾਲ ਬੁਧਿ ਵਾਂਗੂ ਸਭ ਤਰ੍ਹਾਂ ਦੇ ਕਰਮਾਂ ਧਰਮਾਂ, ਹਰਖਾਂ ਸੋਗਾਂ ਤੋਂ ਅਸੰਖ ਤੇ ਨਿਰਲੇਪ ਰਹਿੰਦਾ ਹੈ, ਦੇਹ ਦੇ ਹੁੰਦਿਆਂ ਦੇਹ ਅਧਿਆਸ ਤੋਂ ਰਹਿਤ ਹੋ ਕੇ ਬਿਦੇਹ ਹੋ ਰਿਹਾ ਹੈ, ਏਹੋ ਪਦ ਜੀਵਨ ਮੁਕਤਿ ਹੈ, ਉਪਰੋਂ ਭਾਵੇਂ ਬਾਲ ਬੁਧਿ ਹੈ,ਪਰ ਅੰਦਰੋਂ ਹਰਤਰ੍ਹਾਂ ਸੁਚੇਤ ਜਾਂ ਸਾਵਧਾਨ ਰਹਿੰਦਾ ਹੈ, ਤਦੇ ਤਾਂ ਭਾਈ ਸਾਹਿਬ ਜੀ ਨੇ–'ਗੁਰਸਿਖੀ ਗੁਰਸਿਖ ਸੁਣਿ ਅੰਦਰੋਂ ਸਿਆਣਾਂ ਬਾਹਰਹੁ ਭੋਲਾ।' ਅਤੇ–'ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ'ਵਾਕਉਚਾਰੇ ਹਨ॥੨੬੨॥

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ ਪ੍ਰੇਮ ਕੈ ਪਰਸਪਰ ਬਿਸਮ ਸਥਾਨ ਹੈ॥**

ਇਕ ਦੂਜੇ ਦਾ ਆਪੋ ਵਿਚ ਦੇ ਪ੍ਰੇਮ ਕਰਕੇ ਗੁਰ ਸਿਖ ਸੰਗਤ ਦੇ ਮਿਲਾਪ ਦੇ ਪਰਤਾਪ ਦਾ ਸਥਾਨ ਵਡਾ ਅਚਰਜ ਹੈ।

**ਦ੍ਰਿਸਟਿ ਦਰਸ ਕੈ ਦਰਸ ਕੈ ਦ੍ਰਿਸਟਿ ਹਰੀ ਹੇਰਤ ਹਿਰਤ ਸੁਧਿ ਰਹਤ ਨ ਧਿਆਨ ਹੈ॥**

ਦ੍ਰਿਸ਼ਟੀ [ਅਖਾਂ] ਨਾਲ (ਆਪੋ ਵਿਚ ਦਾ) ਦਰਸ਼ਨ ਕਰਕੇ ਦਰਸ਼ਕ ਦੀ ਦ੍ਰਿਸ਼ਟੀ (ਨਜ਼ਰ) [ਹਰੀ] ਮੋਹੀ ਜਾਂਦੀ ਹੈ (ਕਿਉਂਕਿ) ਵੇਖਦਿਆਂ ਹੀ ਸੁਧ [ਹਿਰਤ] ਖੋਹੀ ਜਾਂਦੀ ਹੈ ਤੇ ਧਿਆਨ ਦੀ ਖਬਰ ਨਹੀਂ ਰਹਿੰਦੀ ਹੈ (ਅਰਥਾਤ ਅਖਾਂ ਨਾਲ ਦਰਸ਼ਨ ਵੇਖਣ ਸਾਰ ਹੀ ਦਰਸ਼ਨ ਵੇਖਣ ਵਾਲੇ ਦੀ ਨਜ਼ਰ ਮੋਹੀ ਜਾਂਦੀ ਹੈ, ਜਿਸ ਕਰਕੇ ਉਸ ਨੂੰ ਤਨ ਬਦਨ ਦੀ ਸੁਧ ਨਹੀਂ ਰਹਿੰਦੀ ਹੈ)।

**ਸ਼ਬਦ ਕੈ ਸੁਰਤਿ ਸੁਰਤਿ ਕੈ ਸ਼ਬਦ ਹਰੇ ਕਹਤ ਸੁਨਤ ਗਤਿ ਰਹਤ ਗਿਆਨ ਹੈ ॥**

(ਗੁਰ) ਸ਼ਬਦ ਦੇ [ਸੁਰਤਿ] ਸੁਣਨੇ ਕਰਕੇ (ਹੋਰਨਾਂ) ਸ਼ਬਦਾਂ ਵਲੋਂ ਸੁਰਤਿ[ਸੂਝ]ਮਾਰੀ ਜਾਂਦੀ ਹੈ ਅਤੇ ਕਹਿੰਦਿਆਂ ਸੁਣਦਿਆਂ ਗਿਆਨ ਦੀ ਗਤੀ ਤੋਂ ਰਹਿਤ (ਹੋ ਜਾਂਦਾ) ਹੈ।

**ਅਸ਼ਨ ਬਸ਼ਨ ਤਨ ਮਨ ਬਿਧਿ ਮਰਨ ਹੁਇ ਦੇਹ ਕੈ ਬਿਦੇਹ ਉਨਮਤ ਮਦੁ ਪਾਨ ਹੈ ॥ ੨੬੩ ॥**

ਅਸ਼ਨ ਬਸਨ ਵਲੋਂ ਤਨ (ਤੇ ਸਿਮਰਨ ਵਲੋਂ) ਮਨ ਬਿਸਿਮਰਨ ਹੋ ਜਾਂਦਾ ਹੈ, (ਅਰਥਾਤ ਤਨ ਮਨ ਵਿਚ ਯਾਦ ਸ਼ਕਤੀ ਘਟ ਜਾਂਦੀ ਹੈ, ਭਾਵ ਗਿਆਨ ਪੈਦਾ ਕਰਨ ਦਾ ਕਾਰਨ ਰੂਪ ਸੰਸਕਾਰ ਭੁਲ ਜਾਂਦੇ ਹਨ ਅਤੇ) ਦੇਹ ਕਰਕੇ (ਇਸ ਤਰਾਂ ਬਿਦੇਹ (ਹੋ ਜਾਂਦਾ ਹੈ, ਜਿਸ ਤਰਾਂ) ਮਦੁ ਪਾਨ ਕਰਕੇ ਉਨਮਤ (ਅਰਥਾਤ ਜਿਵੇਂ ਸ਼ਰਾਬ ਪੀ ਕੇ ਪੁਰਸ਼ ਉਨਮਤ (ਪੂਰਨ ਮਸਤ) ਹੋ ਜਾਂਦਾ ਹੈ ਤੇ ਉਸ ਨੂੰ ਦੇਹ ਦੀ ਸੁਧ ਨਹੀਂ ਹੁੰਦੀ ਹੈ, ਇਸ ਤਰਾਂ ਗੁਰਸਿਖ) ਦੇਹ ਕਰਕੇ ਬਿਦੇਹ (ਹੋ ਜਾਂਦਾ ਹੈ) ॥ ੨੬੩ ॥

**ਜੈਸੇ ਲਗ ਮਾਤ੍ਰ ਹੀਨ ਪੜਤ ਅਉਰ ਕਉ ਅਉਰ ਪਿਤਾ ਪੂਤ ਪੂਤ ਪਿਤਾ ਸਮਸਰਿ ਜਾਨੀਐ ॥**

ਜਿਸ ਤਰਾਂ(ਸਿਹਾਰੀ,ਬਿਹਾਰੀ,ਔਂਕੁੜਆਦਿਕ) ਲਗ ਮਾਤਰਾ ਤੋਂ ਹੀਣੇ (ਇਲਮ ਵਿਚ ਪੁਰਸ਼)ਹੋਰ ਨੂੰ ਹੋਰ ਪੜਦਾ ਹੈ, (ਜਿਹਾ ਕਿ) ਪੁਤ ਨੂੰ ਪਿਤਾ ਤੇ ਪਿਤਾ ਨੂੰ ਪੁਤ(ਕਰਕੇ ਪੜਨਾ)ਸਮਾਨ ਹੀ ਜਾਣੀਦਾ ਹੈ, (ਕਿਉਂਕਿ ਲੰਡਿਆਂ ਵਿਚ 'ਪ, ਤ' ਹੀ 'ਪਿਤਾ, ਪੁਤ ਤੋਂ ਪਤਾ' ਪੜ੍ਹਿਆ ਜਾਂਦਾ ਹੈ।

**ਸੁਰਤਿ ਬਿਹੂਨ ਜੈਸੇ ਬਾਵਰੋ ਬਖਾਨੀਅਤ ਅਉਰ ਕਹੈ ਅਉਰ ਕਛੁ ਹਿਰਦੈ ਮੈ ਆਨੀਐ ॥**

ਜਿਸ ਤਰਾਂ ਸੁਰਤਿ ਤੋਂ ਹੀਣੇ ਆਦਮੀਨੂੰਪਾਗਲ ਕਿਹਾ ਜਾਂਦਾ ਹੈ,(ਅਉਰ)ਕੁਝ ਹੋਰ ਆਖਦਾ ਹੈ ਤੇ ਹਿਰਦੇ ਵਿਚ ਕੁਝਹੋਰ ਹੀ ਸਮਝਦਾ ਹੈ।

**ਜੈਸੇ ਗੁੰਗ ਸਭਾ ਮਧਿ ਕਹਿ ਨ ਸਕਤ ਬਾਤ ਬੋਲਤ ਹਸਾਇ ਹੋਇ ਬਚਨ ਬਿਧਾਨੀਐ ॥**

ਜਿਸ ਤਰਾਂ ਗੁੰਗਾ (ਪੁਰਸ਼) ਸਭਾ ਵਿਚ (ਕੋਈ) ਗਲ ਨਹੀਂ ਕਹਿ ਸਕਦਾ, (ਜੇ ਭਲਾ ਕੁਝ) ਬੋਲਦਾ ਹੈ, (ਤਾਂ ਸਭਾ ਵਿਚ) ਹਾਸੀ ਹੁੰਦੀ ਹੈ (ਅਰਥਾਤ ਗੁੰਗੇ ਦੀ ਗਲ ਸੁਣ ਕੇ ਸਾਰੀ ਸਭਾ ਹਸਣ ਲਗ ਜਾਂਦੀ ਹੈ, ਕਿਉਂਕਿ ਉਸ ਦਾ) ਬਚਨ ਹੀ [ਬਿਧ+ਆਨੀ+ਐ] ਹੋਰ ਤਰਾਂ ਦਾ ਹੁੰਦਾ ਹੈ।

**ਗੁਰਮੁਖਿ ਮਾਰਗ ਮੈ ਮਨਮੁਖ ਥਕਤ ਹੁਇ ਲਗਨ ਸਗੁਨ ਮਾਨੋ ਕੈਸੇ ਮਨ ਮਾਨੀਐ ॥ ੨੬੪ ॥**

ਇਸੇ ਤਰਾਂ ਗੁਰਮੁਖੀ ਮਾਰਗ ਵਿਚ ਮਨਮੁਖ (ਚਲ ਨਹੀਂ ਸਕਦਾ) ਥਕ ਟੁਟ ਕੇ ਰਹਿ ਜਾਂਦਾ ਹੈ, (ਕਿਉਂਕਿ ਮਨਮੁਖ) ਮੰਨਦਾ ਹੈ, ਲਗਨ, ਸ਼ਗਨ (ਥਿਤ, ਵਾਰ, ਦਿਸ਼ਾ ਸੂਲ, ਗ੍ਰਹਿ, ਨਛਤ੍ਰ ਆਦਿਕਾਂ ਨੂੰ, ਗੁਰਮੁਖ ਇਨਾਂ ਨੂੰ) ਕਿਸ ਤਰਾਂ ਨਾਲ ਮਨ ਵਿਚ ਮੰਨ ਸਕਦਾ ਹੈ ? ॥ ੨੬੪ ॥

**ਕੋਟਿਨ ਕੋਟਾਨਿ ਛਬਿ ਰੂਪ ਰੰਗ ਸੋਭਾ ਨਿਧਿ ਕੋਟਿਨ ਕੋਟਾਨਿ ਕੋਟਿ ਜਗ ਮਗ ਜੋਤਿ ਕੈ ॥**

ਕ੍ਰੋੜਾਂ ਕ੍ਰੋੜ ਤਰਾਂ ਦੀ ਛਬਿ [ਸੁੰਦਰਤਾ], ਕ੍ਰੋੜਾਂ ਕ੍ਰੋੜ ਤਰ੍ਹਾਂ ਦਾ ਰੂਪ,ਕ੍ਰੋੜਾਂ ਕ੍ਰੋੜ ਤਰ੍ਹਾਂ ਦਾ ਰੰਗ ਕ੍ਰੋੜਾਂ ਕ੍ਰੋੜ[ਕੋਟਿ]ਕਿਸਮਾਂ ਦੀ ਸੋਭਾ ਨਿਧੀ (ਉਸ ਦੇ ਅਗੇ ਮਾਤ ਹੈ ਜੋ ਗੁਰਮੁਖ ਨੂੰ) ਜੋਤ ਕਰਕੇ ਜਗਮਗ [ਪਰਕਾਸ਼] (ਹੋ ਰਿਹਾ ਹੈ)।

**ਕੋਟਿਨ ਕੋਟਾਨਿ ਰਾਜ ਭਾਗ ਪ੍ਰਭੁਤਾ ਪ੍ਰਤਾਪੁ ਕੋਟਿਨ ਕੋਟਾਨਿ ਸੁਖ ਆਨੰਦ ਉਦੋਤ ਕੈ ॥**

ਕ੍ਰੋੜਾਂ ਕ੍ਰੋੜ ਤਰ੍ਹਾਂ ਦਾ ਰਾਜ ਭਾਗ, ਕ੍ਰੋੜਾਂ ਕ੍ਰੋੜ ਤਰਾਂ ਦੀ ਪ੍ਰਭਤਾ ਤੇ ਕ੍ਰੋੜਾਂ ਕ੍ਰੋੜ ਤਰ੍ਹਾਂ ਦਾ ਪਰਤਾਪ (ਉਸ ਦੇ ਸਾਹਮਣੇ ਤੁਛ ਹੈ, ਜੋ ਗੁਰਮੁਖ ਨੂੰ) ਸੁਖ-ਆਨੰਦ ਪਰਗਟ ਹੈ।

**ਕੋਟਿਨ ਕੋਟਾਨਿ ਰਾਗ ਨਾਦ ਬਾਦ ਗਿਆਨ ਗੁਨ ਕੋਟਨਿ ਕੋਟਾਨਿ ਜੋਗ ਭੋਗ ਓਤਿ ਪੋਤਿ ਕੈ ॥**

ਕ੍ਰੋੜਾਂ ਕੋੜ ਤਰ੍ਹਾਂ ਦੇ ਰਾਗ, ਕ੍ਰੋੜਾਂ ਕ੍ਰੋੜ ਤਰ੍ਹਾਂ ਦੇ ਨਾਦ,ਕ੍ਰੋੜਾਂ ਕ੍ਰੋੜ ਤਰ੍ਹਾਂ ਦੇ ਵਾਜੇ,ਕ੍ਰੋੜਾਂ ਕ੍ਰੋੜ ਤਰ੍ਹਾਂ ਦੇ ਗਿਆਨ, ਕ੍ਰੋੜਾਂ ਕ੍ਰੋੜ ਤਰਾਂ ਦੇ ਗੁਣ, ਕ੍ਰੋੜਾਂ ਕ੍ਰੋੜ ਤਰ੍ਹਾਂ ਦੇ ਜੋਗ ਭੋਗ (ਜੋ) ਤਾਣੇ ਪੇਟੇ (ਵਾਂਗੂੰ ਆਪੋ ਵਿਚ ਮਿਲੇ ਹੋਏ ਹਨ)।

**ਕੋਟਨਿ ਕੋਟਾਨਿ ਤਿਲ ਮਹਿਮਾ ਅਗਾਧਿ ਬੋਧਿ ਨਮੋ ਨਮੋ ਦ੍ਰਿਸ਼ਟਿ ਦਰਸ ਸ਼ਬਦ ਸ੍ਰੋਤ ਕੈ ॥ ੨੬੫ ॥**

ਕ੍ਰੋੜਾਂ ਕ੍ਰੋੜ ਤਰ੍ਹਾਂ ਦੀ ਮਹਿਮਾ ਭੀ ਤਿਲ (ਦੇ ਸਮਾਨ ਹੈ, ਜਿਸ ਦਾ) ਬੋਧ [ਗਿਆਨ] ਅਗਾਧ ਹੈ, (ਉਸ) ਦਰਸ਼ਨ ਕਰਨ ਵਾਲੀ ਦ੍ਰਿਸ਼ਟੀ ਨੂੰ ਨਮਸ਼ਕਾਰ ਹੈ ਅਤੇ ਸ਼ਬਦ ਸੁਣਨ ਵਾਲੀ ਸਰੋਤ ਨੂੰ ਭੀ ਨਮਸ਼ ਕਾਰ ਹੈ ॥ ੨੬੫ ॥

**ਅਹਿਨਿਸਿ ਭ੍ਰਮਤ ਕਮਲ ਕੁਮਦਨੀ ਕੋ ਸਸਿ ਮਿਲਿ ਬਿਛੁਰਤਿ ਸੋਗ ਹਰਖ ਬਿਆਪ ਹੀ ॥**

ਦਿਨ ਰਾਤ ਭੌਂਦਾ ਫਿਰਦਾ ਹੈ ਕਮਲ(ਸੂਰਜ ਨੂੰ ਵੇਖਣ ਲਈ ਅਤੇ) ਕੁਮਦਨੀ (ਕੰਮੀ) ਚੰਦ੍ਰਮਾਂ ਨੂੰ (ਵੇਖਣ ਲਈ) ਚੰਦ੍ਰਮਾਂ ਨੂੰ ਮਿਲਿਆਂ (ਕੰਮੀ ਨੂੰ) ਹਰਖ (ਤੇ ਕਮਲ ਨੂੰ) ਸੋਗ ਬਿਆਪਹੀ ਤੇ ਚੰਦ੍ਰਮਾ ਤੋਂ ਵਿਛੜਿਆਂ (ਕੰਮੀ ਨੂੰ ਸੋਗ) ਬਿਆਪਦਾ ਹੈ।

**ਰਵਿ ਸਸਿ ਉਲੰਘਿ ਸਰਨਿ ਸਤਿ-ਗੁਰ ਗਹੀ ਚਰਨਿ ਕਮਲ ਸੁਖ ਸੰਪਟ ਮਿਲਾਪ ਹੀ ॥**

(ਗੁਰਸਿਖ ਨੇ ਇੜਾ ਪਿੰਗਲਾ ਜਾਂ ਤਮੋ ਗੁਣ ਤੇ ਸਤੋ ਗੁਣ ਰੂਪ) ਚੰਦ੍ਰਮਾਂ ਸੂਰਜ ਨੂੰ ਉਲੰਘ ਕੇ ਸਤਿ ਗੁਰੂ ਦੀ ਸ਼ਰਣ ਫੜੀ ਹੈ (ਉਹ ਗੁਰੂ ਦੇ) ਚਰਨ ਕਮਲਾਂ ਰੂਪ ਸੁਖ ਸੰਪਟ ਵਿਚ ਮਿਲ ਗਿਆ ਹੈ।

**ਸਹਜ ਸਮਾਧਿ ਨਿਜ ਆਸਨ ਸੁ ਬਾਸਨ ਕੈ ਮਧੁ ਮਕਰੰਦ ਰਸੁ ਲੁਭਿਤ ਅਜਾਪ ਹੀ ॥**

ਸਹਜ ਸਮਾਧੀ(ਦਵਾਰਾ ਆਤਮਪਦ ਰੂਪ)ਨਿਜ ਆਸਨ ਉਤੇ ਉਹ ਵਾਸਾ ਕਰ ਰਹਿੰਦਾ ਹੈ (ਜਿਵੇਂ) [ਮਧੁ] ਭੌਰਾ ਮਕਰੰਦ ਰਸ ਦਾ ਲੋਭੀ ਹੋ ਕੇ (ਕਮਲ ਫੁਲ ਉਤੇ ਬੈਠਾ ਹੋਇਆ (ਅਜਾਪ ਹੀ) ਮਲੂਮ ਨਹੀਂ ਹੁੰਦਾ ਹੈ।

**ਤ੍ਰਿਗੁਨ ਅਤੀਤ ਹੁਇ ਬਿਸ੍ਰਾਮ ਨਿਹਕਾਮ ਧਾਮ ਉਨਮਨ ਮਗਨ ਅਨਾਹਦਿ ਅਲਾਪ ਹੀ ॥ ੨੬੬ ॥**

ਤਿੰਨਾਂ ਗੁਣਾਂ ਤੋਂ ਅਤੀਤ ਹੋ ਕੇ 'ਨਿਹਕਾਮ' ਧਾਮ ਵਿਚ ਬਿਸਰਾਮ ਕਰਦੇ ਹਨ ਅਤੇ ਅਨਹਦ (ਸ਼ਬਦ ਦੇ) ਅਲਾਪ (ਸੁਣਨ ਵਿਚ ਹੀ) ਉਨਾਂ ਦਾ ਮਨ ਮਗਨ (ਹੋ ਰਹਿੰਦਾ ਹੈ) ॥ ੨੬੬ ॥

**ਰਵਿ ਸਸਿ ਦਰਸ ਕਮਲ ਕੁਮਦਨੀ ਹਿਤ ਭ੍ਰਮਤ ਭ੍ਰਮਰ ਮਨੁ ਸੰਜੋਗੀ ਬਿਓਗੀ ਹੈ ॥**

ਸੂਰਜ ਦੇ ਦਰਸ਼ਨ ਦਾ ਕਮਲ ਨੂੰ ਪਰੇਮ ਹੈ ਤੇ

ਚੰਦ੍ਰਮਾਂ ਦੇ ਦਰਸ਼ਨ ਦਾ [ਕੁਮਦਨੀ] ਕੰਮੀ ਨੂੰ ਹਿਤ ਹੈ,ਅਤੇ ਭੌਰੇ ਦਾ ਮਨ(ਕਮਲ ਦਾ) ਸੰਜੋਗੀ(ਤੇ ਕੰਮੀ ਦਾ)ਵਿਜੋਗੀ ਹੋਕੇ[ਭ੍ਰਮਤ]ਉਡਦਾ ਰਹਿੰਦਾ ਹੈ।

**ਤ੍ਰਿਗੁਨ ਅਤੀਤ ਗੁਰ ਚਰਨ ਕਮਲ ਰਸ ਮਧੁ ਮਕਰੰਦ ਰੋਗ ਰਹਿਤ ਅਰੋਗੀ ਹੈ ॥**

(ਪਰ ਜੋ) ਤਿਨਾਂ ਗੁਣਾਂ ਤੋਂ ਅਤੀਤ ਹੋਕੇ ਗੁਰ ਚਰਨ ਕਮਲਾਂ ਦੀ ਮਕਰੰਦ ਰਸ ਦਾ [ਮਧੁ] ਭੌਰਾ (ਹੋਯਾ ਹੈ, ਉਹ) ਰੋਗਾਂ ਤੋਂ ਰਹਿਤ ਅਰੋਗੀ ਹੈ।

**ਨਿਹਚਲ ਮਕਰੰਦ ਸੁਖ ਸੰਪਟ ਸਹਜ ਧੁਨਿ ਸ਼ਬਦ ਅਨਾਹਦ ਕੈ ਲੋਗ ਅਲੋਗੀ ਹੈ ॥**

(ਜੋ ਗੁਰ ਚਰਨਾਂ ਕਮਲਾਂ ਦੀ)ਮਕਰੰਦ ਰੂਪ ਸੁਖ ਸੰਪਟ ਵਿਚ ਅਚਲ(ਹੋ ਬੈਠਾ ਹੈ,ਉਹਮਾਨੋ)ਅਨਹਦ ਸ਼ਬਦ ਦੀ ਸਹਜ ਧੁਨੀ ਕਰਕੇ ਲੋਗ [ਜਗਤ] ਵਿਚ ਲੋਗ ਤੋਂ ਰਹਿਤ (ਹੋ ਕੇ ਵੱਸ ਰਿਹਾ) ਹੈ।

**ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧਿ ਜੋਗ ਭੋਗ ਅਲਖ ਨਿਰੰਜਨ ਪਰਜੋਗੀ ਹੈ ॥੨੬੭॥**

(ਉਸ) ਗੁਰਮੁਖ (ਨੂੰ ਪ੍ਰਾਪਤ ਹੋਏ) ਸੁਖ ਫਲ ਦਾ ਬੋਧ ਅਗਾਧ ਹੈ, (ਕਿਉਂਕਿ ਜੋ) ਜੋਗ ਭੋਗ ਕਰਕੇ ਅਲਖ (ਹੈ, ਉਸ) ਨਿਰੰਜਨ ਨਾਲ [ਪ੍ਰ+ਜੋਗੀ] ਪੂਰੀ ਤਰਾਂ ਜੁੜ ਗਿਆ ਹੈ ॥ ੨੬੭ ॥

**ਜੈਸੇ ਦਰਪਨ ਬਿਖੈ ਬਦਨੁ ਬਿਲੋਕੀਅਤ ਐਸੇ ਸਰਗੁਨ ਸਾਖੀ ਭੂਤ ਗੁਰ ਧਿਆਨ ਹੈ ॥**

ਜਿਸ ਤਰਾਂ ਸ਼ੀਸ਼ੇ ਵਿਚੋਂ ਮੂੰਹ ਵੇਖੀਦਾ ਹੈ, (ਤਾਂ ਜਿਉਂ ਦਾ ਤਿਉਂ ਚੇਹਰਾ ਦਿਸ ਪੈਂਦਾ ਹੈ)ਏਸੇ ਤਰਾਂ ਨਾਲ ਗੁਰੂ ਦਾ ਧਿਆਨ (ਧਰਿਆ ਜਾਏ ਤਾਂ) ਸਰਗੁਨ (ਦਾ ਪ੍ਰਤਿਬਿੰਬ ਰੂਪ) ਸਾਖੀ ਭੂਤ (ਦਾ ਦਰਸ਼ਨ ਹੋ ਜਾਂਦਾ ਹੈ)।

**ਜੈਸੇ ਜੰਤ੍ਰ ਧੁਨਿ ਬਿਖੈ ਬਾਜਤ ਜੰਤ੍ਰੀ ਕੋ ਮਨੁ ਤੈਸੇ ਘਟ ਘਟ ਗੁਰ ਸ਼ਬਦ ਗਿਆਨ ਹੈ ॥**

ਜਿਸ ਤਰਾਂ ਵਾਜੇ ਦੀ ਆਵਾਜ਼ ਵਿਚ ਵਜੰਤ੍ਰੀ ਦਾ ਮਨ (ਲਗਾ ਹੁੰਦਾ ਹੈ) ਇਸੇ ਤਰਾਂ ਨਾਲ ਘਟ ਘਟ ਵਿਚੋਂ ਗੁਰ ਸ਼ਬਦ ਦਾ ਗਿਆਨ ਹੁੰਦਾ ਹੈ।

**ਮਨ ਬਚ ਕ੍ਰਮ ਜਤ੍ਰ ਕਤ੍ਰ ਸੈਂ ਇਕਤ੍ਰ ਭਏ ਪੂਰਨ ਪ੍ਰਗਾਸ ਪ੍ਰੇਮ ਪਰਮ ਨਿਧਾਨ ਹੈ ॥**

ਜਿਥੋਂ ਕਿਥੋਂ ਕਰਕੇ ਮਨ, ਬਾਨੀ ਤੇ ਸਰੀਰ ਇਕਤ੍ਰ ਹੋ ਜਾਵੇ (ਤਾਂ) ਪਰਮ ਨਿਧਾਨ (ਸਰੂਪ ਪ੍ਰਭੂ ਦਾ) ਪੂਰਨ ਪਰੇਮ ਪ੍ਰਗਾਸ (ਕਰ ਆਉਂਦਾ ਹੈ)।

**ਉਨਮਨ ਮਗਨ ਗਗਨ ਅਨਹਦ ਧੁਨਿ ਸਹਜਿ ਸਮਾਧਿ ਨਿਰਾਲੰਬ ਨਿਰਬਾਨ ਹੈ ॥੨੬੮॥**

(ਜਿਸਨੇ ਦਸਮ ਦੁਆਰ ਰੂਪ) ਗਗਨ ਵਿਚ ਅਨਹਦ ਧੁਨੀ (ਸੁਣੀ ਹੈ, ਉਹ) ਉਨਮਨ ਪਦ ਕਰਕੇ ਮਗਨ ਹੋਕੇ ਸਹਜ ਸਮਾਧੀ ਵਿਚ ਆਸਰੇ ਤੋਂ ਰਹਿਤ ਤੇ ਥਾਨ ਤੋਂ ਬਿਨਾਂ(ਹੋਕੇ ਨਿਵਾਸ ਕਰ ਰਿਹਾ ਹੈ) ॥ ੨੬੮ ॥

**ਕੋਟਿਨ ਕੋਟਾਨਿ ਧਿਆਨ ਦ੍ਰਿਸ਼ਟਿ ਦਰਸ ਮਿਲਿ ਅਤਿ ਅਸਚਰਜ ਮੈ ਹੇਰਤ ਹਿਰਾਏ ਹੈ ॥**

(ਜਦ) ਦ੍ਰਿਸ਼ਟੀ ਦਰਸ਼ਨ ਵਿਚ ਮਿਲ ਜਾਵੇ (ਤਾਂ ਉਸ) ਅਤੀ ਅਚਰਜ ਰੂਪ ਨੂੰ ਵੇਖਦਿਆਂ ਹੀ ਕ੍ਰੋੜਾਂ ਕ੍ਰੋੜ ਤਰਾਂ ਦੇ ਧਿਆਨ ਹੈਰਾਨ ਹੋ ਜਾਂਦੇ ਹਨ।

**ਕੋਟਿਨ ਕੋਟਾਨਿ ਗਿਆਨ ਸ਼ਬਦ ਸੁਰਤਿ ਮਿਲਿ ਮਹਿਮਾ ਮਹਾਤਮ ਨ**

**ਅਲਖ ਲਖਾਏ ਹੈ ॥**

(ਜਦ ਗੁਰ) ਸ਼ਬਦ ਦੇ ਗਿਆਨ ਨਾਲ ਸੁਰਤਿ ਮਿਲ ਜਾਵੇ ਤਾਂ ਉਸ ਅਲਖ ਮਹਿਮਾਂ ਨੂੰ ਕ੍ਰੋੜਾਂ ਕਰੋੜ ਤਰਾਂ ਦੇ ਮਹਾਤਮਾਂ ਜਾਂਣ ਨਹੀਂ ਸਕਦੇ ਹਨ।

**ਤਿਲ ਕੀ ਅਤੁਲ ਸੋਭਾ ਤੁਲਤ ਨ ਤੁਲਾਧਾਰ ਪਾਰ ਕੈ ਅਪਾਰ ਨ ਅਨੰਤ ਅੰਤ ਪਾਏ ਹੈ ॥**

(ਜਿਸ ਦੇਵੀ ਨੂੰ ਗੁਰਮੁਖਾਂ ਨੇ ਡਿਠਾ ਹੈ, ਉਸ) ਤਿਲ ਦੀ ਸੋਭਾ ਅਤੁਲ ਹੈ, (ਉਸਨੂੰ ਤੋਲਨ ਵਾਸਤੇ ਨਾ ਵੱਟਾ, ਨਾ ਤੱਕੜੀ ਤੇ ਨਾ ਤੋਲਨ ਵਾਲਾ ਹੈ, ਪਾਰ ਕਰਕੇ ਅਪਾਰ ਹੈ, ਅੰਤ ਕਰਕੇ(ਕਿਸੇ ਨੇ ਅਜੇ ਤਕ) [ਅਨੰਤ] ਅੰਤ ਨਹੀਂ ਪਾਇਆ ਹੈ ।

**ਕੋਟਨ ਕੋਟਾਨਿ ਚੰਦ੍ਰ ਭਾਨ ਜੋਤ ਕੋ ਉਦੋਤ ਹੋਤ ਬਲਿਹਾਰ ਬਾਰੰਬਾਰ ਨ ਅਘਾਏ ਹੈ ॥੨੬੯॥**

ਕਰੋੜਾਂ ਕ੍ਰੋੜ ਚੰਦਰਮਾਂ ਤੇ ਕਰੋੜਾਂ ਕਰੋੜ ਸੂਰਜ ਉਦੇ ਹੋ ਜਾਣ (ਤਾਂ ਉਹ) ਜੋਤਿ ਦੇ ਸਮਾਨ ਹੋਣ ਲਈ ਬਾਰੰਬਾਰ ਬਲਿਹਾਰ ਹੁੰਦੇ ਹੋਏ ਰਜਦੇ ਹੀ ਨਹੀਂ ਹਨ ॥੨੬੯॥

**ਕੋਟਿ ਬ੍ਰਹਮੰਡ ਜਾਕੇ ਏਕ ਰੋਮ ਅਗ੍ਰਭਾਗਿ ਪੂਰਨ ਪ੍ਰਗਾਸ ਤਾਸ ਕਹਾਂ ਧੌ ਸਮਾਵਈ ॥**

ਜਿਸਦੇ ਇਕ ਰੋਮ ਦੇ ਅਗਲੇ ਹਿਸੇ ਵਿਚ ਕ੍ਰੋੜਾਂ ਬ੍ਰਹਮੰਡ (ਵਸਦੇ ਹਨ, ਉਸਦਾ) ਪੂਰਨ ਪ੍ਰਕਾਸ਼ ਕਿਸਤਰ੍ਹਾਂ ਨਾਲ (ਪੁਰਖ ਦੇ ਹਿਰਦੇ ਵਿਚ) ਸਮਾ ਸਕਦਾ ਹੈ ?

**ਜਾਂਕੇ ਏਕ ਤਿਲ ਕੋ ਮਹਾਤਮ ਅਗਾਧਿ ਬੋਧ ਪੂਰਨ ਬ੍ਰਹਮ ਜੋਤਿ ਕੈਸੇ ਕਹਿ ਆਵਈ ॥**

ਜਿਸਦੇ ਇਕ ਤਿਲ ਦੇ ਮਹਾਤਮ ਦਾ ਬੋਧ ਅਗਾਧ ਹੈ, (ਉਹ) ਪੂਰਨ ਬ੍ਰਹਮ ਜੋਤੀ ਕਿਸ ਤਰ੍ਹਾਂ ਨਾਲ ਕਹਿਣ ਵਿਚ ਆ ਸਕਦੀ ਹੈ ?

**ਜਾਂਕੇ ਓਅੰਕਾਰ ਕੇ ਬਿਥਾਰ ਕੀ ਅਪਾਰ ਗਤਿ ਸ਼ਬਦ ਬਿਬੇਕ ਏਕ ਜੀਹ ਕੈਸੇ ਗਾਵਈ ॥**

ਜਿਸਦੇ (ਓਅੰਕਾਰ) ਇਕ ਫੁਰਨੇ ਦੇ ਵਿਸਥਾਰ ਦੀ ਅਪਾਰ ਗਤੀ ਹੈ, (ਉਸਦੇ) ਸ਼ਬਦ ਬਿਬੇਕ ਨੂੰ ਇਕ ਜੀਭ ਕਿਸ ਤਰ੍ਹਾਂ ਨਾਲ ਗਾਉਂ ਸਕਦੀ ਹੈ ?

**ਪੂਰਨ ਬ੍ਰਹਮ ਗੁਰ ਮਹਿਮਾ ਅਕਥ ਕਥਾ ਨੇਤਿ ਨੇਤਿ ਨੇਤਿ ਨਮੋ ਨਮੋ ਕਹਿ ਆਵਈ ॥੨੭੦॥**

ਪੂਰਨ ਬ੍ਰਹਮ ਸਰੂਪ ਗੁਰੂ ਦੀ ਮਹਿਮਾਂ ਦੀ ਕਥਾ ਅਕਥ ਹੈ,(ਉਸਨੂੰ) ਬੇਅੰਤ, ਬੇਅੰਤ, ਬੇਅੰਤ ਕਹਿਕੇ ਨਮਸਕਾਰ, ਨਮਸ਼ਕਾਰ ਕਰਨਾ(ਹੀ ਬਣ)ਆਉਂਦਾ ਹੈ ॥੨੭੦॥

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਮਨੁ ਮਧਕਰ ਸੁਭ ਸੰਪਟ ਸਮਾਨੇ ਹੈ ॥**

(ਜੋ ਗੁਰ) ਚਰਨ ਕਮਲਾਂ ਦੀ ਮਕਰੰਦ ਰਸ ਦਾ ਲੋਭੀ ਹੋਇਆ ਹੈ, (ਉਹ) ਮਨ ਰੂਪ ਭੌਰਾ ਸੁਖ ਸੰਪਟ ਵਿਚ ਸਮਾ ਗਿਆ ਹੈ।

**ਪਰਮ ਸੁਗੰਧ ਅਤਿ ਕੋਮਲ ਸੀਤਲਤਾ ਕੈ ਬਿਮਲਸਥਲ ਨਿਹਚਲ ਨ ਡੁਲਾਨੇ ਹੈ ॥**

(ਜੋ ਵਡਾ ਸੁਗੰਧੀ ਵਾਲਾ ਹੈ, ਅਤਯੰਤ ਕੋਮਲ ਹੈ, ਸੀਤਲਤਾ ਕਰਕੇ ਸੀਤਲ ਤੇ ਨਿਰਮਲ ਸਥਾਨ ਹੈ, (ਉਥੇ) ਅਚਲ ਹੋਕੇ ਮੁੜ ਡੋਲਿਆ ਨਹੀਂ ਹੈ।

**ਸਹਜ ਸਮਾਧਿ ਅਤਿ ਅਗਮ ਅਗਾਧਿ ਲਿਵ ਅਨਹਦ ਰੁਨ ਝੁਨ ਧੁਨਿ ਉਰ ਗਾਨੇ ਹੈ ॥**

(ਉਸ ਦੀ) ਸਹਜ ਸਮਾਧੀ ਵਿਚ ਅਤੀ ਅਗਮ

ਅਗਾਧ ਲਿਵ (ਜੁੜ ਗਈ ਹੈ, ਉਸ ਦੇ) ਹਿਰਦੇਵਿਚ ਰੁਣ ਝੁਣ (ਕਰ ਰਹੀ) ਅਨਹਦਧੁਨੀ ਦਾ ਗਿਆਨ ਹੈ

**ਪੂਰਨ ਪਰਮ ਜੋਤਿ ਪਰਮ ਨਿਧਾਨ ਦਾਨ ਗਿਆਨ ਧਿਆਨ ਸਿਮਰਨ ਬਿਸਰਾਨੇ ਹੈ ॥ ੨੭੧ ॥**

ਪਰਮ ਨਿਧਾਨ ਦਾ ਦਾਨ (ਦੇਣ ਵਾਲੇ, ਉਸ) ਪੂਰਨ ਪ ਮ ਜੋਤੀ ਦੇ ਗਿਆਨ, ਧਿਆਨ ਤੇ ਸਿਮਰਨ (ਵਿਚ ਗੁਰ ਚਰਨਾਂ ਦੇ ਪ੍ਰੇਮੀ ਸਿਖ ਦਾ ਮਨ) ਭੁਲ ਗਿਆ ਹੈ ॥ ੨੭੧ ॥

**ਰਜ ਤਮ ਸਤ ਕਾਮ ਕ੍ਰੋਧ ਲੋਭ ਮੋਹ ਹੰਕਾਰ ਹਾਰ ਗੁਰ ਗਿਆਨ ਬਾਨ ਕ੍ਰਾਂਤ ਨਿਹ ਕ੍ਰਾਂਤਿ ਹੈ ॥**

ਗੁਰੂ ਦੇ ਗਿਆਨ ਰੂਪ ਤੀਰ ਦੇ (ਕ੍ਰਾਂਤਿ] ਤੇਜ (ਅਗੇ) ਰਜੋ, ਤਮੋ, ਸਤੋ (ਰੂਪ ਤਿੰਨ ਗੁਣ, ਅਤੇ) ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ (ਆਦਿਕ ਪੰਜੇ) ਹਾਰ ਕੇ [ਨਿਹਕ੍ਰਾਂਤਿ] ਤੇਜ ਤੋਂ ਹੀਣੇ (ਹੋ ਗਏ ਹਨ)।

**ਕਾਮ ਨਿਹਕਾਮ ਨਿਹਕਰਮ ਕਰਮ ਗਤਿ ਆਸਾ ਕੈ ਨਿਰਾਸ ਭਏ ਭ੍ਰਾਂਤਿ ਨਿਹ ਭ੍ਰਾਂਤਿ ਹੈ॥**

ਕਾਮਨਾ ਤੋਂ ਨਿਹਕਾਮ ਹੋਗਏਹਨ ਕਰਮ ਨਿਹਕਰਮ ਹੋ ਗਏ ਹਨ, ਆਸਾ ਕਰਕੇਨਿਰਾਸਗਤੀ ਵਾਲੇ ਹੋ ਗਏ ਹਨ ਅਤੇਭ੍ਰਾਂਤੀ ਤੋਂਨਿਹ ਭ੍ਰਾਂਤ ਹੋ ਗਏ ਹਨ

**ਸ੍ਵਾਦ ਨਿਹ ਸ੍ਵਾਦ ਅਰੁ ਬਾਦ ਨਿਹਬਾਦ ਭਏ ਅਸਪ੍ਰਿਹ ਨਿਸਪ੍ਰਿਹ ਦੇਹ ਗੇਹ ਪਾਂਤਿ ਹੈ ॥**

ਸਵਾਦ ਤੋਂ ਸਵਾਦ ਹੀਨ ਹੋ ਗਏ ਹਨ, ਬਾਦ ਤੋਂ ਨਿਹਬਾਦ ਹੋ ਗਏ ਹਨ, [ਅਸਪ੍ਰਿਹ] ਇਛਾਵਾਨ ਤੋਂ [ਨਿਸਪ੍ਰਿਹ] ਇਛਾ ਰਹਿਤ ਅਤੇ ਦੇਹ ਤੇ ਗ੍ਰਿਹ [ਘਰ (ਦੀ ਮਨੌਤ ਤੋਂ ਭੀ) [ਪਾਂਤਿ] ਡਿਗ ਪਏ ਹਨ, (ਅਰਥਾਤ ਦੇਹ ਤੇ ਗ੍ਰਿਹ ਦੀ ਮਨੌਤ ਭੀ ਨਹੀਂ ਰਹੀ ਹੈ)।

**ਗੁਰਮੁਖਿ ਪ੍ਰੇਮ ਰਸ ਬਿਸਮ ਬਿਦੇਹ ਸਿਖ ਮਾਇਆ ਮੈ ਉਦਾਸ ਬਾਸ ਏਕਾਕੀ ਇਕਾਂਤਿ ਹੈ ॥ ੨੭੨ ॥**

ਸਤਿਗੁਰੂ ਦੇ ਪ੍ਰੇਮ ਰਸ (ਨੂੰ ਪ੍ਰਾਪਤ ਕਰਕੇ) ਸਿਖ ਅਚਰਜ ਬਿਦੇਹ (ਹੋ ਗਿਆ ਹੈ, ਅਰਥਾਤ) ਮਾਇਆ ਵਿਚ ਉਦਾਸ ਹੋ ਕੇ ਇਕੋ ਇਕ ਇਕਲਾ ਹੀ ਵਸਦਾ ਹੈ, (ਇਸ ਤਰ੍ਹਾਂ ਦੀ) ਇਕਾਂਤ (ਸੇਵੀ) ਏਕਾਂਤੀ ਮਹਾਤਮਾ ਹੈ ॥ ੨੭੨ ॥

**ਪ੍ਰਿਥਮ ਹੀ ਤਿਲ ਬੋਏ ਧੂਰਿ ਮਿਲਿ ਬੂਟੂ ਬਾਂਧੇ ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ ॥**

ਪਹਿਲਾਂ ਤਿਲਾਂ ਨੂੰ ਬੀਜਦੇ ਹਨ ਤਾਂ ਉਹ ਮਿਟੀ ਵਿਚ ਮਿਲਕੇ ਬੂਟਾ ਉਗ ਕੇ ਵਧਦਾ ਹੈ, ਇਕ ਤੋਂ ਅਨੇਕ ਹੋ ਕੇ ਸੰਸਾਰ ਵਿਚ ਪਰਗਟ ਹੁੰਦਾ ਹੈ।

**ਕੋਊ ਲੈ ਚਬਾਇ ਕੋਊ ਖਾਲ ਕਾਢੈ ਰੇਵਰੀ ਕੈ ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰ ਮੈ ॥**

ਕੋਊ (ਤਿਲਾਂ ਨੂੰ) ਲੈਕੇ ਚਬਦਾ ਹੈ ਕੋਈ (ਉਨ੍ਹਾਂ ਦੀ) ਖਲ [ਛਿੜ] ਕਢਾਕੇ (ਧੰਦਾ ਹੈ, ਫਿਰ ਰਿਉੜੀਆਂ ਬਨਾਂਦਾ ਹੈ, ਕੋਈ ਗੁੜ ਤੇ [ਬਾਰ] ਪਾਨੀ ਮਿਲਾਕੇ (ਪੱਤ ਪਕਾਂਦਾ ਹੈ, ਵਿਚ ਤਿਲ) ਮਿਲਾਕੇ ਤਿਲੌਂਡਾ [ਤਿਲ-ਮਰੂੰਡੇ] ਬਨਾਂਦਾ ਹੈ।

**ਕੋਊ ਉਖਲੀ ਡਾਰਿ ਕੂਟਿ ਤਿਲਕੁਟ ਕਰੈ ਕੋਊ ਕੋਊ ਕੋਹਲੂ ਪੀਰਿਦੀਪ ਦਿਪਤਿ ਅਧਿਆਰ ਮੈ ॥**

ਕੋਈ ਚਟੂ ਵਿਚ ਪਾਕੇ ਕੁਟਕੇ ਤਿਲ ਕੁਟ [ਭੁਗਾ] ਬਨਾਂਦਾ ਹੈ, ਕੋਈ ਕੋਹਲੂ ਵਿਚ ਪੀੜਕੇ ਤੇਲ ਕਢਕੇ ਦੀਵਾ ਬਾਲਕੇ ਅੰਧੇਰੇ ਦਾ ਨਾਸ ਕਰਦਾ ਹੈ।

**ਜਾਕੇ ਏਕ ਤਿਲ ਕੋ ਬੀਚਾਰੁ ਨ ਕਹਤ ਆਵੈ ਅਬਿਗਤਿ ਗਤਿ ਕਤ ਆਵਤ ਬੀਚਾਰ ਮੈ ॥੨੭੩॥**

ਜਿਸ ਦੇ (ਪੈਦਾ ਕੀਤੇ ਹੋਏ ਸੰਸਾਰ ਵਿਚੋਂ) ਇਕ ਤਿਲ ਦਾ ਵੀਚਾਰ ਕਹਿਣ ਵਿਚ ਨਹੀਂ ਆ ਸਕਦਾ ਹੈ,(ਉਸ) ਅਬਗਤਿ ਦੀ ਗਤੀ ਦਾ ਵੀਚਾਰ ਕਹਿਣ ਵਿਚ ਕਦ ਆ ਸਕਦਾ ਹੈ ॥ ੨੭੩ ॥

**ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ ਏਕ ਚੀਟੀ ਕੋ ਚਰਿਤ੍ਰ ਕਹਤ ਨ ਆਵਈ ॥**

(ਸੰਸਾਰ ਦੀ) ਰਚਨਾ ਦੇ ਕੌਤਕ ਦਾ ਅਚਰਜ ਤੇ ਅਨੋਖਾ ਜੇਹਾ ਚਿੱਤ੍ਰ [ਫੋਟੋ] ਹੈ, (ਜਿਸ ਵਿਚ) ਇਕ ਕੀੜੀ ਦਾ ਚਰਿਤ੍ਰ ਕਹਿਣ ਵਿਚਨਹੀਂ ਆਉਂਦਾ ਹੈ।

**ਪ੍ਰਥਮ ਹੀ ਚੀਟੀ ਕੇ ਮਿਲਾਪ ਕੋ ਪ੍ਰਤਾਪੁ ਦੇਖੋ ਸਹਸ ਅਨੇਕ ਏਕ ਬਿਲ ਮੈ ਸਮਾਵਈ ॥**

ਪਹਿਲਾਂ ਕੀੜੀ ਦੇ ਮਿਲਾਪ ਦਾ ਪ੍ਰਤਾਪ ਵੇਖੋ,ਕਿ ਅਨੇਕਾਂ ਹਜਾਰ ਕੀੜੀ ਇਕ ਖੁਡ ਵਿਚ ਸਮਾਈ ਕਰਕੇ ਰਹਿੰਦੀਆਂ ਹਨ।

**ਅਗ੍ਰਭਾਗੀ ਪਾਛੈ ਏਕੈ ਮਾਰਗਿ ਚਲਤ ਜਾਤ ਪਾਵਤ ਮਿਠਾਸ ਬਾਸੁ ਤਹੀ ਮਿਲਿ ਧਾਵਈ ॥**

(ਫਿਰ) [ਅਗ੍ਰਭਾਗੀ] ਜੱਥੇਦਾਰਨੀ ਪਿਛੇ ਇਕੋ ਰਾਹ ਉਤੇ(ਕਤਾਰ ਬੰਨ੍ਹਕੇ) ਤੁਰੀਆ ਜਾਂਦੀਆਂ ਹਨ, (ਅਤੇ ਜਿਥੋਂ) ਮਿਠਾਸ ਦੀ ਵਾਸ਼ਨਾਂ ਪਾਂਦੀਆਂ ਹਨ, ਉਥੇ ਕੱਠੀਆਂ ਹੋ ਜਾਂਦੀਆਂ ਹਨ।

**ਭ੍ਰਿੰਗੀ ਮਿਲਿ ਤਾਤ ਕਾਲ ਭ੍ਰਿੰਗੀ ਰੂਪ ਹੁਇ ਦਿਖਾਵੈ ਚੀਟੀ ਚਰਿਤ੍ਰ ਅਲਖ ਚਿਤੇਰੋ ਕਤ ਪਾਵਈ ॥ ੨੭੬ ॥**

( ਕੀੜੀ) ਭ੍ਰਿੰਗੀ [ਘਰੀਨ] (ਨਾਮ ਵਾਲੀ ਕੀੜੀ ਨੂੰ) ਮਿਲ ਜਾਵੇ ( ਤਾਂ ਆਪ ) ਝਟ ਪਟ ਹੀ ਭ੍ਰਿੰਗੀ ਦਾ ਰੂਪ ਹੋ ਜਾਂਦੀ ਹੈ, ( ਇਕ ) ਕੀੜੀ ਦਾ ਕੌਤਕ (ਸਾਰੇ ਦਾ ਸਾਰਾ) ਜਾਣਿਆਂ ਨਹੀਂ ਜਾਂਦਾ ( ਤਾਂ ਫਿਰ ) ਰਚਨਹਾਰ ਦੇ ( ਕੌਤਕ ਨੂੰ ਕੋਈ) ਕਿਸ ਤਰ੍ਹਾਂ ਪਾਵੇਗਾ ? ॥ ੨੭੪ ॥

**ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ ਘਟ ਘਟ ਏਕ ਹੀ ਅਨੇਕ ਹੁਇ ਦਿਖਾਏ ਹੈ ॥**

( ਕਰਤਾਰ ਦੀ ) ਰਚਨਾਂ ਦੇ ਕੌਤਕ ਦਾ ਫੋਟੋ ਅਚਰਜ ਤੇ ਅਨੋਖਾ ਹੈ,( ਹਰ ਇਕ )ਸਰੀਰ ਸਰੀਰ ਵਿਚ ਇਕੋ ਹੀ( ਆਤਮਾ ) ਅਨੇਕਾਂ ( ਰੂਪ ) ਹੋ ਕੇ ਵਿਖਾਉਂਦਾ ਹੈ।

**ਉਤ ਤੇ ਲਿਖਤ ਇਤ ਪਢਤ ਅੰਤਰਿ ਗਤਿ ਇਤ ਹੂੰ ਤੇ ਲਿਖ ਪ੍ਰਤਿ ਉਤਰ ਪਠਾਏ ਹੈ ॥**

( ਜਿਸ ਤਰ੍ਹਾਂ ਕੋਈ ) ਉਧਰ ਤੋਂ ( ਚਿਠੀ) ਲਿਖਦਾ ਹੈ, ਇਧਰ ਪੜ੍ਹਦਾ ਹੈ ( ਅਤੇ ਉਸਦੇ) ਅੰਦਰ ਦੇ ਹਾਲਾਤ ਸਮਝਦਾ ਹੈ, ( ਫਿਰ ) ਇਧਰ ਤੋਂ ਲਿਖਕੇ, ਉਸਦਾ ਉਤਰ ਭੇਜਦਾ ਹੈ।

**ਉਤ ਤੇ ਸ਼ਬਦ ਰਾਗ ਨਾਦ ਕੈ ਪ੍ਰਸੰਨੁ ਕਰਿ ਇਤ ਸੁਨਿ ਸਮਝਿ ਕੈ ਉਤ ਸਮਝਾਏ ਹੈ ॥**

( ਹੋਰ ਵੇਖੋ ) ਉਧਰ ਤੋਂ ( ਰਾਗੀ ਤੇ ਗਵੱਯਾ) ਸ਼ਬਦ ਨੂੰ ਰਾਗ ਵਿਚ [ ਨਾਦ ] ਅਲਾਪਕੇ ਪ੍ਰਸੰਨ ਕਰਦਾ ਹੈ, ਅਤੇ ਇਧਰ ਤੋਂ ( ਸ੍ਰੋਤਾ ) ਸੁਣ ਕਰਕੇ ਸਮਝਦਾ ਹੈ ਅਤੇ ਉਧਰ ( ਦੂਜਿਆਂ ਨੂੰ) ਸਮਝਾਂਦਾ ਹੈ।

**ਰਤਨ ਪਰੀਖ੍ਯਾ ਪੇਖਿ ਪਰ ਮਿਤਿ ਕੈ ਸੁਨਾਵੈ ਗੁਰਮੁਖਿ ਸੰਧਿ ਮਿਲੇ ਅਲਖ ਲਖਾਏ ਹੈ ॥ ੨੭੫ ॥**

( ਹੋਰ ਵੇਖੋ ! ਜਿਸ ਤਰ੍ਹਾਂ ) ਰਤਨਾਂ ਦੀ ਪ੍ਰੀਖ੍ਯਾ ਕਰਨ ਵਾਲਾ ( ਜੌਹਰੀ, ਰਤਨ ਨੂੰ ) ਵੇਖਕੇ [ ਪਰਮਿਤਿ ]ਹੈਰਾਨੀ ਕਰਨ ਵਾਲੇ( ਬਚਨ ) ਕਹਿ

ਕਰਕੇ ਸੁਣਾਂਦਾ ਹੈ, (ਇਸ ਤਰ੍ਹਾਂ) ਗੁਰਮੁਖਾਂ ਦੀ ਸਿਧੀ (ਵਿਚ ਜੋ) ਮਿਲਿਆ ਹੈ, (ਗੁਰਮੁਖਾਂ ਨੇ ਉਸਨੂੰ) ਨਾ ਜਾਣੇ ਜਾਣ ਵਾਲਾ ਬਣਾ ਦਿੱਤਾ ਹੈ ॥ ੨੨੫ ॥

**ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ ਸਾਚ ਉਪਦੇਸ ਰਿਦੈ ਨਿਹਚਲ ਮਤਿ ਹੈ ॥**

ਪੂਰਨ ਬ੍ਰਹਮ ਰੂਪ ਗੁਰੂ ਜੀ ਨੇ ਪੂਰਨ ਕ੍ਰਿਪਾ ਕਰ ਕੇ 'ਸਚੁ' ਦਾ ਉਪਦੇਸ਼ ਦਿਤਾ ਹੈ, (ਜਿਸ ਕਰਕੇ) ਹਿਰਦੇ ਵਿਚਲੀ ਬੁਧੀ ਅਚਲ ਹੋ ਗਈ ਹੈ।

**ਸ਼ਬਦ ਸੁਰਤਿ ਲਿਵ ਲੀਨ ਜਲ ਮੀਨ ਭਏ ਪੂਰਨ ਸਰਬ ਮਈ ਪੈ ਘ੍ਰਿਤ ਜੁਗਤਿ ਹੈ।**

ਸ਼ਬਦ ਵਿਚ ਸੁਰਤੀ (ਇਸ ਤਰ੍ਹਾਂ) ਲਿਵ ਲੀਨ (ਰਹਿੰਦੀ ਹੈ, ਮਾਨੋ) ਜਲ ਦੀ ਮਛੀ ਹੋ ਗਈ ਹੈ, (ਜਿਸ ਕਰਕੇ ਜਾਣਿਆ ਹੈ, ਪ੍ਰਭੂ) ਸਾਰੇ ਰੂਪਾਂ ਵਿਚ (ਇਸ ਤਰ੍ਹਾਂ) ਪੂਰਨ ਹੋ ਰਿਹਾ ਹੈ, ਜਿਸ ਤਰ੍ਹਾਂ) (ਪੈ) ਦੁਧ ਤੇ ਘਿਉ ਦੀ ਜੁਗਤੀ ਹੈ।

**ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ ਗੰਧ ਰਸ ਪੂਰਨ ਪਰਸਪਰ ਭਾਵਨੀ ਭਗਤਿ ਹੈ ॥**

(ਜਿਸਨੇ) ਸਚ ਨੂੰ ਰਿਦੇ ਵਿਚ (ਧਰਿਆ ਹੈ, ਉਹ) ਸਚ ਨੂੰ ਵੇਖਦਾ ਹੈ, ਸੁਣਦਾ ਹੈ ਤੇ ਬੋਲਦਾ ਹੈ. ਗੰਧ (ਵਾਸ਼ਨਾ) ਤੇ ਰਸ (ਭੀ ਸਚ ਦਾ ਲੈਂਦਾ ਤੇ ਸੁੰਘਦਾ ਹੈ, ਇਸ ਤਰ੍ਹਾਂ) ਪਰਸਪਰ ਸਾਰਿਆਂ ਦੀ ਸਰਧਾ ਤੇ ਭਗਤੀ (ਇਸ ਤਰ੍ਹਾਂ ਦੀ) ਹੈ।

**ਪੂਰਨ ਬ੍ਰਹਮ ਦ੍ਰੁਮ ਸਾਖਾ ਪਤ੍ਰ ਫੂਲ ਫਲ ਏਕ ਹੀ ਅਨੇਕ ਮੇਕ ਸਤਿਗੁਰ ਸਤਿ ਹੈ ॥੨੨੬॥**

(ਜਿਸ ਤਰ੍ਹਾਂ] ਇਕ [ਦ੍ਰੁਮ] ਦਰਖਤ ਦੀ ਟਾਹਣੀਆਂ, ਪੱਤਰ, ਫੂਲ ਅਤੇ ਫਲਾਂ ਵਿਚ ਪੂਰਨ ਹੈ, (ਇਸੇ ਤਰ੍ਹਾਂ) ਇਕ ਪੂਰਨ ਬ੍ਰਹਮ ਹੀ ਅਨੇਕਾਂ ਵਿਚ ਮਿਲਿਆ ਹੋਇਆ ਹੈ, (ਇਹ) (ਸਤਿ) ਨਿਸਚਾ ਸਤਿਗੁਰੂ (ਜੀ ਪਾਸੋਂ ਪ੍ਰਾਪਤ ਹੁੰਦਾ ਹੈ) ॥੨੨੬॥

**ਪੂਰਨ ਬ੍ਰਹਮ ਗੁਰ ਪੂਰਨ ਪਰਮ ਜੋਤਿ ਓਤਿ ਪੋਤਿ ਸੂਤ੍ਰ ਗਤਿ ਏਕ ਹੀ ਅਨੇਕ ਹੈ ॥**

ਪੂਰਨ ਬ੍ਰਹਮ ਦੀ ਪਰਮ ਜੋਤਿ ਗੁਰੂ (ਵਿਚ ਇਸ ਤਰ੍ਹਾਂ) ਪੂਰਨ ਹੈ, (ਜਿਸ ਤਰ੍ਹਾਂ) ਤਾਣੇ ਪੇਟੇ ਵਿਚ ਇਕੋ ਹੀ ਸੂਤ੍ਰ ਦੀ ਅਨੇਕਾਂ (ਰੂਪ ਹੋਕੇ) ਗਤੀ (ਹੋਈ ਹੁੰਦੀ ਹੈ)।

**ਲੋਚਨ ਸ੍ਰਵਨ ਸ੍ਵੈਤ ਏਕ ਹੀ ਦਰਸ ਸਬਦ ਵਾਰ ਪਾਰ ਕੂਲਿ ਗਤਿ ਸਰਿਤਾ ਬਿਬੇਕ ਹੈ ॥**

(ਜਿਸ ਤਰ੍ਹਾਂ) ਇਕੋ ਹੀ (ਮਨ) ਅਖਾਂ ਦੇ ਰਾਹੀਂ ਦਰਸ਼ਨ ਕਰਦਾ ਹੈ, ਕੰਨਾਂ (ਦੇ ਰਾਹੀਂ) ਸ਼ਬਦ (ਸੁਣਦਾ ਹੈ, ਅਤੇ) ਨੱਕ (ਦੇ ਰਾਹੀਂ ਸੁੰਘਦਾ ਹੈ ਅਤੇ ਜਿਸ ਤਰ੍ਹਾਂ) ਕੰਢੇ ਤੇ ਨਦੀ ਦੇ ਉਰਾਰ ਪਾਰ ਦੀ ਗਤੀ (ਬਿਬ+ਏਕ) ਦੋ(ਹੋਕੇ ਭੀ)ਇਕ ਹੈ(ਅਰਥਾਤ ਜਿਵੇਂ ਨਦੀ ਦੇ ਕੰਢੇ ਦੋ ਹੁੰਦੇ ਹਨ, ਪਰ ਉਨ੍ਹਾਂ ਦੇ ਉਰਾਰ ਪਾਰ ਦਾ ਵਿਚਾਰ ਦੋ ਹੋ ਕੇ ਇਕ ਹੈ ਭਾਵ ਉਰਾਰ ਦਾ ਕੰਢਾ ਹੀ ਪਾਰ ਤੇ ਪਾਰ ਦਾ ਉਰਾਰ ਨਾਮ ਦਾ ਹੋ ਜਾਂਦਾ ਹੈ, ਇਵੇਂ ਹੀ ਗੁਰੂ ਬ੍ਰਹਮ ਹੈ ਤੇ ਬ੍ਰਹਮ ਹੀ ਗੁਰੂ ਹੈ)।

**ਚੰਧਨ ਬਨਾਸਪਤੀ ਕਨਿਕ ਅਨਿਕ ਧਾਤੁ ਪਾਰਸ ਪਰਸਿ ਜਾਨੀਅਤ ਜਾਵਦੇਕ ਹੈ ॥**

(ਜਿਵੇਂ) ਚੰਦਨ ਵਾਸ਼ਨਾ ਪਾ ਕੇ ਬਨਸਪਤੀ (ਚੰਦਨ ਹੋ ਜਾਂਦੀ ਹੈ, ਇਵੇਂ ਗੁਰੂ ਦਾ ਉਪਦੇਸ਼ ਪਾ ਕੇ ਚੁਰਾਸੀ ਸਿਖ ਹੋ ਜਾਂਦੀ ਹੈ, ਅਤੇ ਜਿਵੇਂ ਪਾਰਸ ਨੂੰ ਪਰਸ ਕੇ ਅਠੇ ਧਾਤਾਂ ਸੋਨਾ ਹੋ ਜਾਂਦੀਆਂ ਹਨ, ਇਸ ਤਰ੍ਹਾਂ ਗੁਰੂ ਨਾਲ ਮਿਲਕੇ) ਜਿਥੋਂ ਤਕ (ਭੀ ਚਾਰ ਵਰਨ ਤੇ ਮਜ਼ਹਬ ਹਨ, ਸਾਰੇ ਹੀ) ਗੁਰਮੁਖ

ਜਾਣੇ ਜਾਂਦੇ ਹਨ।

**ਗਿਆਨ ਗੁਰ ਅੰਜਨ ਨਿਰੰਜਨ ਅੰਜਨ ਬਿਖੈ ਦੁਬਿਧਾ ਨਿਵਾਰਿ ਗੁਰਮਤਿ ਏਕ ਟੇਕ ਹੈ ॥ ੨੭੭ ॥**

(ਬੁਧੀ ਰੂਪ ਅਖਾਂ ਵਿਚ) ਗੁਰ ਗਿਆਨ (ਰੂਪ ਸੁਰਮਾ ਪਾਕੇ, ਸਿਖ) ਮਾਯਾ ਵਿਚ ਮਾਯਾ ਤੋਂ ਰਹਿਤ (ਹੋਕੇ ਵਸਦਾਹੈ,ਕਿਉਂਕਿ ਉਸਨੇ,ਇਕਗੁਰਉਪਦੇਸ਼ ਦੀ ਓਟ ਲੈ ਕੇ ਦੁਬਿਧਾ ਦੂਰ ਕਰ ਦਿਤੀ ਹੈ।੨੭੭।

**ਦਰਸ ਧਿਆਨ ਲਿਵ ਦ੍ਰਿਸ਼ਟਿ ਅਚਲ ਭਈ ਸ਼ਬਦ ਬਿਬੇਕ ਸ੍ਰੁਤਿ ਸ੍ਰਵਨ ਅਚਲ ਹੈ ॥**

(ਗੁਰ) ਦਰਸ਼ਨ ਦੇ ਧਿਆਨ ਵਿਚ ਲਿਵ (ਲਗ ਜਾਣ ਕਰਕੇ) ਦ੍ਰਿਸ਼ਟੀ ਅਚਲ ਹੋ ਗਈ ਹੈ, ਅਤੇ (ਗੁਰ) ਸ਼ਬਦ ਦਾ ਵਿਚਾਰ ਸੁਣ ਕਰਕੇ ਕੰਨ ਅਚਲ (ਹੋ ਗਏ) ਹਨ।

**ਸਿਮਰਨ ਮਾਤ੍ਰ ਸੁਧਾ ਜਿਹਬਾ ਅਚਲ ਭਈ ਗੁਰ ਮਤਿ ਅਚਲ ਉਨਮਨ ਅਸਥਲ ਹੈ ॥**

(ਗੁਰ ਮੰਤ੍ਰ) ਸਿਮਰਨ ਮਾਤ੍ਰ (ਨਾਲ) ਜੀਭ ਪਵਿਤ੍ਰ ਹੋਕੇ ਅਚਲ ਹੋ ਗਈ ਹੈ, ਅਤੇ ਗੁਰ ਸਿਖਯਾ (ਨੂੰ ਧਾਰਨ ਕਰਨ ਕਰਕੇ ਜੀਵਾਤਮ) ਉਨਮਨ ਸਥਾਨ ਤੇ ਅਚਲ ਹੋ ਗਿਆ ਹੈ।

**ਨਾਸਿਕਾ ਸੁਬਾਸੁ ਕਰ ਕੋਮਲਤਾ ਸੀਤਲਤਾ ਕੈ ਪੂਜਾ ਪਰਣਾਮ ਪਰਸ ਚਰਨ ਕਮਲ ਹੈ ॥**

(ਗੁਰ) ਚਰਨ ਕਮਲਾਂ ਦੀ ਸੁਗੰਧੀ ਕਰਕੇ ਨਕ, ਅਤੇ ਚਰਨ ਕਮਲਾਂ ਦੀ ਪੂਜਾ, ਪ੍ਰਣਾਮ ਅਤੇ ਕੋਮਲਤਾ ਤੇ ਸੀਤਲਤਾ (ਪੂਰਨ) ਸਪਰਸ਼ ਕਰਕੇ ਹਥ (ਅਚਲ ਹੋ ਗਏ ਹਨ।)

**ਗੁਰਮੁਖਿ ਪੰਥ ਚਰ ਅਚਰ ਹੁਇ ਅੰਗ ਅੰਗ ਪੰਗ ਸਰਬੰਗ ਬੂੰਦਸਾਗਰ ਸਲਿਲ ਹੈ ॥ ੨੭੮ ॥**

ਸਤਿਗੁਰ ਦੇ ਪੰਥ [ਚਰ] ਚਲਕੇ (ਪੈਰ) ਅਚਰ [ਅਚਲ] ਹੋ ਗਏ ਹਨ, ਅੰਗ ਅੰਗ [ਪੰਗ] ਪਵਿਤ੍ਰ (ਹੋਕੇ) ਸਰਬੰਗੀ (ਪ੍ਰਭੂ ਨਾਲ ਇਸ ਤਰਾਂ ਅਭੇਦ ਹੋ ਜਾਂਦਾ ਹੈ, ਜਿਸ ਤਰਾਂ) ਪਾਣੀ ਦੀ ਬੂੰਦ ਸਮੁੰਦਰ ਦੇ ਪਾਣੀ ਵਿਚ ਅਭੇਦ ਮਿਲ ਜਾਂਦੀ ਹੈ ॥ ੨੭੮ ॥

**ਦਰਸ਼ਨ ਸੋਭਾ ਦ੍ਰਿਗ ਦ੍ਰਿਸ਼ਟਿਗਿਆਨ ਗੰਮਿ ਦ੍ਰਿਸ਼ਟਿ ਧਿਆਨ ਪ੍ਰਭ ਦਰਸ ਅਤੀਤ ਹੈ ॥**

(ਜਦ) ਅੱਖਾਂ (ਨੂੰ ਗੁਰ) ਦਰਸ਼ਨ ਦੀ ਸੋਭਾ (ਪ੍ਰਾਪਤ ਹੁੰਦੀ ਹੈ, ਤਾਂ) ਦ੍ਰਿਸ਼ਟੀ ਵਿਚ ਗਿਆਨ ਦੀ ਪਹੁੰਚ ਹੋ ਜਾਂਦੀ ਹੈ ਅਤੇ ਦ੍ਰਿਸ਼ਟੀ ਪ੍ਰਭੂ ਦਾ ਧਿਆਨ (ਧਰਕੇ) ਦਰਸ਼ਨ ਤੋਂ ਅਤੀਤ ਹੋ ਜਾਂਦੀ ਹੈ।

**ਸ਼ਬਦ ਸੁਰਤਿ ਪਰੈ ਸੁਰਤਿ ਸ਼ਬਦ ਪਰੈ ਜਾਸ ਬਾਸੁ ਅਲਖ ਸੁਬਾਸੁ ਨਾਸ ਰੀਤ ਹੈ ॥**

(ਜਦ ਗੁਰ) ਸ਼ਬਦ ਦੀ ਸੁਰਤ [ਸੂਝ] ਪੈਂਦੀ ਹੈ (ਤਾਂ) ਸੁਰਤੀ (ਸੰਸਾਰਕ) ਸ਼ਬਦ ਤੋਂ ਪਰੇ(ਹੋ ਜਾਂਦੀ ਹੈ ਅਤੇ) ਜਿਸਦੀ ਵਾਸ਼ਨਾ (ਨਾਸਿਕਾ ਤੋਂ ਅਲਖ ਹੈ ਉਸ ਵਾਸ਼ਨਾਂ ਦੀ ਰੀਤੀ ਨੱਕ (ਨੂੰ ਮਿਲ ਜਾਂਦੀ ਹੈ।)

**ਰਸ ਰਸਨਾ ਰਹਿਤ ਰਸਨਾ ਰਹਿਤ ਰਸ ਕਰ ਅਸਪਰਸ ਪਰਸਨਕਰਾਜੀਤ ਹੈ ॥**

(ਜਿਹੜੀ) ਰਸਨਾ (ਨਾਮ) ਰਸ (ਵਿਚ ਲਗੀ ਰਹਿੰਦੀ ਹੈ, (ਛੇ ਰਸਾਂ ਦੇ) ਰਸ ਤੋਂ (ਉਹ) ਰਸਨਾਂ ਰਹਿਤ (ਹੋ ਗਈ ਹੈ, ਅਤੇ [ਅ+ਪਰਸਨ] ਨਾ ਪਰਸਨ ਯੋਗ (ਪਦਾਰਥਾਂ ਦੇ) ਪਰਸਨ ਕਰਨ ਤੋਂ ਹੱਥ ਅਜੀਤ ਹਨ, (ਅਰਥਾਤ ਪਰ ਧਨ ਤੇ ਪਰ ਇਸਤ੍ਰੀ ਆਦਿਕ ਪਦਾਰਥ ਜੋ ਸਪਰਸ ਕਰਨ ਯੋਗ ਨਹੀਂ ਹਨ ਉਨਾਂ ਨੂੰ ਸਪਰਸ ਕਰਨ ਤੋਂਹੱਥ ਅਜਿਤ

ਹਨ, ਭਾਵ ਕਿਸੇ ਤਰਾਂ ਭੀ ਤਿਆਜਯ ਪਦਾਰਥਾਂ ਨੂੰ ਹਥੋਂ ਛੱਹਦੇ ਤਕ ਨਹੀਂ ਹਨ।)

**ਚਰਨ ਗਵਨ ਗੰਮਿ ਗਵਨ ਚਰਨ ਗੰਮਿ ਆਸ ਪਿਆਸ ਬਿਸਮ ਬਿਸ੍ਵਾਸ ਪ੍ਰਿਆ ਪ੍ਰੀਤਿ ਹੈ ॥੨੭੯॥**

ਪੈਰਾਂ ਨੂੰ (ਗੁਰਮੁਖੀ ਮਾਰਗ ਉਤੇ)ਗਵਨ(ਕਰਨ ਦੀ) ਗੰਮਤਾ (ਮਿਲ ਗਈ ਹੈ, ਜਿਸ ਕਰਕੇ ਹੋਰਨਾਂ ਰਾਹਾਂ ਉਤੇ) ਗਵਨ (ਕਰਨ ਵਲੋਂ) ਪੈਰ ਗਮ (ਨਾਸ) ਹੋ ਗਏ ਹਨ ਅਤੇ ਪਿਆਰੇ ਪਤੀ ਦੀ ਪ੍ਰੀਤੀ (ਦੀ ਜੋ) ਆਸਾ ਰੂਪ ਪਿਆਸ (ਹੈ, ਉਸਦਾ) ਅਚਰਜ ਬਿਸ੍ਵਾਸ [ਭਰੋਸਾ] ਹੈ ॥ ੨੭੯ ॥

**ਗੁਰਮੁਖਿ ਸਬਦ ਸੁਰਤਿ ਹਉਮੈ ਮਾਰਿ ਮਰੈ ਜੀਵਨ ਮੁਕਤਿ ਜਗ ਜੀਵਨ ਕੈ ਜਾਨੀਐ ॥**

ਸਤਿਗੁਰ ਦੇ ਸ਼ਬਦ ਵਿਚ ਸੁਰਤੀ (ਜੋੜ ਕੇ, ਜਿਸਨੇ)ਹਉਮੈਂ ਨੂੰ ਮਾਰਿਆ ਹੈ,(ਉਸਨੇ ਜੀਊਂਦਾ) ਮਰਕੇ, ਜਗਤ ਦੇ ਜੀਵਨ (ਰੂਪ ਪ੍ਰਭੂ ਦੇ ਮਿਲਨ ਦੀ ਰੀਤੀ) ਜਾਣੀ ਹੈ, ਇਸ ਕਰਕੇ ਉਹ ਜੀਵਨ ਮੁਕਤਿ ਹੈ।

**ਅੰਤਰਿ ਨਿਰੰਤਰਿ ਅੰਤਰ ਪਟ ਘਟਿ ਗਏ ਅੰਤਰਜਾਮੀ ਅੰਤਰਾਗਤਿ ਉਨਮਾਨੀਐ ॥**

(ਉਹਦੇ) ਅੰਦਰੋਂ ਇਕ ਰਸ ਹੀ [ਅੰਤਰ-ਅੰਤਰਾ] ਵਿਥ ਪਾਣ ਵਾਲੇ ਪੜਦੇ ਘਟ ਗਏ ਹਨ, ਕਿਉਂਕਿ ਅੰਤਰਜਾਮੀ (ਪ੍ਰਭੂ ਸਾਡੇ) ਅੰਦਰ ਹੀ ਪ੍ਰਾਪਤ ਹੈ, (ਉਸਨੇ ਇਹ) ਵਿਚਾਰ ਵਿਚਾਰੀ ਹੈ।

**ਬ੍ਰਹਮ ਮਈ ਹੈ ਮਾਇਆ ਮਾਇਆ ਮਈ ਹੈ ਬ੍ਰਹਮ ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ ॥**

ਬ੍ਰਹਮ ਰੂਪ ਹੀ ਮਾਯਾ (ਦੀ ਰਚਨਾ) ਹੈ, ਅਤੇ ਮਾਯਾ (ਦੇ ਅਨੇਕਾਂ) ਰੂਪਾਂ ਵਿਚ ਬ੍ਰਹਮ ਹੀ (ਪੂਰਨ) ਹੈ, ਬ੍ਰਹਮ ਬਿਬੇਕ (ਦੀ ਇਹ) ਇਕ ਟੇਕ(ਉਨਾਂ ਨੇ) ਪਛਾਨ ਲਈ ਹੈ।

**ਪਿੰਡ ਬ੍ਰਹਮੰਡ ਬ੍ਰਹਮੰਡ ਪਿੰਡ ਓਤਿ ਪੋਤਿ ਜੋਤੀ ਮਿਲਿ ਜੋਤਿ ਗੋਤ ਬ੍ਰਹਮ ਗਿਆਨੀ ਐ ॥੨੮੦॥**

ਪਿੰਡ ਹੀ ਬ੍ਰਹਮੰਡ ਹੈ ਤੇ ਬ੍ਰਹਮੰਡ ਹੀ ਪਿੰਡ ਹੈ; ਤਾਣੇ ਪੇਟੇ (ਦੇ ਸੂਤ੍ਰ ਵਾਂਗੂ ਏਹ ਦੋਵੇਂ ਆਪੋ ਵਿਚ ਗੁਥਮ ਗੁਥਾ ਹਨ) ਜੋਤੀ (ਵਿਚ ਜਿਸ ਦੀ) ਜੋਤ ਮਿਲ ਗਈ ਹੈ, (ਉਸ) [ਗੋਤ] ਜਾਤੀ 'ਬ੍ਰਹਮ ਗਿਆਨੀ ਹੈ ॥ ੨੮੦ ॥

ਭਾਵ-ਸਾਰੇ ਸਰੀਰ ਹੀ ਬ੍ਰਹਮੰਡ ਹਨ ਤੇ ਬ੍ਰਹਮੰਡ ਦਾ ਰੂਪ ਹੀ ਸਰੀਰ ਹਨ, ਜਿਵੇਂ ਮੁਢ, ਟਾਹਣੀਆਂ ਪਤ੍ਰ ਫੁਲ,ਫਲ ਆਦਿਕ ਦਾ ਸਮੁਚਾ ਨਾਮ 'ਦਰਖਤ' ਇਸੇ ਤਰਾਂ ਮਾਯਾ ਜਨਯ ਜਿੰਨੇ ਭੀ ਰਚਨਾ ਰੂਪ ਸਰੀਰ ਹਨ, ਉਨਾਂ ਸਭਨਾਂ ਦਾ ਇਕੋ ਸਮੁਚਾ ਨਾਮ ਬ੍ਰਹਮੰਡ ਹੈ ਤੇ ਜਿਵੇਂ ਬ੍ਰਹਮੰਡ ਆਖਣ ਤੋਂ ਚੁਰਾਸੀ ਲਖ ਜੀਵ ਜੋਨਿ ਦੇ ਸਰੀਰ ਦਾ ਉਚਾਰਨ ਹੋਜਾਂਦਾ, ਇਸੇ ਤਰਾਂ 'ਬ੍ਰਹਮ ਗਿਆਨੀ ਆਖਣ ਤੋਂ ਉਸਦਾ ਗਿਆਨ ਹੁੰਦਾ ਹੈ ਜਿਸਦੀ ਜੋਤ ਜੋਤੀ ਨਾਲ ਤਾਣੇ ਪੇਟੇ ਵਾਂਗੂ ਅਭੇਦ ਹੋ ਚੁਕੀ ਹੈ ॥ ੨੮੦ ॥

**ਚਰਨ ਸਰਨ ਗੁਰ ਧਾਵਤ ਬਰਜਿ ਰਾਖੈ ਨਿਹਚਲ ਚਿਤ ਸੁਖ ਸਹਜਿ ਨਿਵਾਸ ਹੈ ॥**

(ਜੋ) ਗੁਰ ਚਰਨ ਸਰਨ (ਪ੍ਰਾਪਤ ਹੋਇਆ ਹੈ, ਉਸਨੇ) ਧਾਵਤ (ਮਨ ਨੂੰ) ਵਰਜ (ਰੋਕ) ਕਰਕੇ ਰਖਿਆ ਹੈ ਅਤੇ ਚਿਤ ਨੇ ਅਚਲ ਸਹਜ ਸੁਖ ਵਿਚ ਨਿਵਾਸ (ਕੀਤਾ) ਹੈ।

**ਜੀਵਨ ਕੀ ਆਸਾ ਅਰੁ ਮਰਣ ਕੀ ਚਿੰਤਾ ਮਿਟੀ ਜੀਵਨ ਮੁਕਤਿ ਗੁਰਮਤਿ ਕੋ ਪ੍ਰਗਾਸ ਹੈ ॥੧॥**

ਜੀਵਨ ਦੀ ਆਸਾ ਤੇ ਮਰਣ ਦੀ ਚਿੰਤਾ ਮਿਟ ਗਈ ਹੈ ਅਤੇ ਗੁਰ ਉਪਦੇਸ਼ ਦੇ ਪ੍ਰਕਾਸ਼ ਨੂੰ ਪਾਕੇ ਜੀਵਨ ਮੁਕਤ ਹੋ ਗਿਆ ਹੈ।

**ਆਪਾ ਖੋਇ ਹੋਨਹਾਰੁ ਹੋਇ ਸੋਈ ਭਲੋ ਮਾਨੈ ਸੇਵਾ ਸਰਬਾਤਮ ਕੈ ਦਾਸਨ ਕੋ ਦਾਸ ਹੈ ॥**

ਆਪਾ [ਭਾਵ] ਨਾਸ ਕਰਕੇ, [ਆਪਨੇ ਆਪ ਨੂੰ] ਦਾਸਾਂ ਦਾ ਦਾਸ ਮੰਨਕੇ [ਸ ਬਾਤਮ] ਸਾਰੇ ਜੀਵਾਂ ਦੀ ਸੇਵਾ ਕਰਦੇ ਹਨ, (ਅਤੇ ਜੋ) ਹੋਨਹਾਰ ਹੋ ਜਾਵੇ, ਉਸ ਨੂੰ ਭਲਾ ਕਰਕੇ ਮੰਨਦੇ ਹਨ।

**ਸ੍ਰੀ ਗੁਰ ਦਰਸ ਸਬਦ ਬ੍ਰਹਮ ਗਿਆਨ ਧਿਆਨ ਪੂਰਨ ਸਰਬ ਮਈ ਬ੍ਰਹਮ ਬਿਸ੍ਵਾਸ ਹੈ ॥੨੯੧॥**

ਸ੍ਰੀ ਗੁਰ ਦਰਸ਼ਨ ਵਿਚ ਪੂਰਨ ਬ੍ਰਹਮ ਦਾ ਧਿਆਨ ਅਤੇ ਸ੍ਰੀ ਗੁਰ ਸ਼ਬਦ ਵਿਚ ਪੂਰਨ ਬ੍ਰਹਮ ਦਾ ਗਿਆਨ [ਮੰਨਦੇ ਹਨ, ਅਤੇ] ਸਾਰੇ ਰੂਪਾਂ ਵਿਚ ਬ੍ਰਹਮਪੂਰਨ [ਹੈ, ਇਹ] ਭਰੋਸਾ [ਮਨ ਵਿਚ ਪੂਰਨ ਹੈ] ॥੨੯੧॥

**ਗੁਰਮੁਖਿ ਸੁਖ ਫਲ ਕਾਮ ਨਿਹਕਾਮ ਕੀਨੇ ਗੁਰਮੁਖਿ ਉਦਮ ਨਿਰੁਦਮ ਉਕਤਿ ਹੈ ॥**

ਸੁਖਫਲ=ਭਗਤੀ । ਗੁਰਮੁਖਿ–ਸਤਿਗੁਰੂ ਜੀ । [੨] ਗੁਰਬਾਣੀ । ਨਿਰੁਦਮ–ਉਦਮ ਤੋਂ ਰਹਿਤ । ਉਕਤਿ–ਦਲੀਲ। ਪ੍ਰਾਨਪਤਿ–ਜੀਵ ਆਤਮਾ । ਚਿਤੇਰਾ–ਚਿਤ੍ਰਕਾਰ, ਭ ਵ ਵਾਹਿਗੁਰੂ । ਬਸੇਰਾ–ਵਾਸਾ, ਨਿਵਾਸ।

ਸਤਿਗੁਰੂ ਦੀ ਭਗਤੀ ਨੇ ਕਾਮ ਤੋਂ ਨਿਹਕਾਮ ਕਰ ਦਿਤਾ ਹੈ ਅਤੇ ਗੁਰਬਾਣੀ ਨੇ ਬੁਧੀ ਨੂੰ ਦਲੀਲ ਦੇ ਉਦਮ ਵਲੋਂ ਉਦਮ ਤੋਂ ਰਹਿਤ ਕਰ ਦਿਤਾ ਹੈ।

**ਗੁਰਮੁਖਿ ਮਾਰਗਿ ਹੁਇ ਦੁਬਿਧਾ ਭਰਮ ਖੋਏ ਚਰਨ ਸਰਨਿ ਗਹੇ ਨਿਹਚਲ ਮਤਿ ਹੈ ॥**

[ਜੋ] ਸਤਿਗੁਰੂ ਦੇ ਮਾਰਗ ਦਾ [ਪਾਂਧੀ] ਹੋਇਆ ਹੈ, (ਅਤੇ ਜਿਸਨੇ ਸਤਿਗੁਰੂ ਜੀ ਦੀ) ਸਰਣੀ [ਪੈਕੇ] ਚਰਨ ਫੜੇ [ਹਨ, ਉਸਦਾ] ਭਰਮ ਨਾਸ ਹੋ ਗਿਆ ਹੈ ਤੇ ਬੁਧੀ ਅਚਲ ਹੋ ਗਈ ਹੈ।

**ਦਰਸਨ ਪਰਸਤ ਆਸਾ ਮਨਸਾ ਥਕਿਤ ਸਬਦ ਸੁਰਤਿ ਗਿਆਨ ਪ੍ਰਾਨ ਪ੍ਰਾਨਪਤਿ ਹੈ ॥**

[ਗੁਰੂ ਦਾ] ਦਰਸ਼ਨ ਪਰਸਦਿਆਂ ਹੀ, [ਗੁਰ] ਸ਼ਬਦ ਵਿਚ ਸੁਰਤੀ (ਜੁੜ ਜਾਂਦੀ ਹੈ, ਅਤੇ) ਪ੍ਰਾਣ ਤੇ ਪ੍ਰਾਣਪਤੀ ਦਾ ਗਿਆਨ [ਹੋ ਜਾਂਦਾ ਹੈ ਜਿਸ ਕਰਕੇ] ਆਸਾ-ਮਨਸਾ (ਤ੍ਰਿਸ਼ਨਾ) ਥਕ ਗਈ (ਭਾਵ–ਆਸਾ–ਤ੍ਰਿਸ਼ਨਾ ਮਿਟ ਗਈ ਹੈ।)

**ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ ਚਿਤ੍ਰ ਮੈਂ ਚਿਤੇਰਾ ਕੋ ਬਸੇਰਾ ਸਤਿ ਸਤਿ ਹੈ ॥੨੯੨॥**

ਰਚਨਾ ਦੇ ਚਰਿਤ੍ਰ ਦਾ ਫੋਟੋ ਅਚਰਜ ਤੇ ਅਨੋਖਾ ਹੈ, (ਅਤੇ ਇਸ ਰਚਨਾ ਰੂਪ) ਚਿਤ੍ਰ ਵਿਚ ਚਿਤਰ-ਕਾਰ ਦਾ ਵਾਸਾ ਹੋਣਾ ਸੱਤ ਹੈ, ਸਤ ਹੈ ॥੨੯੨॥

**ਸ੍ਰੀ ਗੁਰ ਸਬਦ ਸੁਨਿ ਸ੍ਰਵਨ ਕਪਾਟ ਖੁਲੇ ਨਾਦੈ ਮਿਲਿ ਨਾਦ ਅਨਹਦ ਲਿਵ ਲਾਈ ਹੈ ॥**

ਸ੍ਰੀ ਗੁਰੂ ਜੀ ਦੇ ਸ਼ਬਦ ਨੂੰ ਕੰਨ ਸੁਣਕੇ ਕਪਾਟ ਖੁਲ੍ਹ ਗਏ ਹਨ, [ਜਿਸ ਕਰਕੇ ਜਾਣਿਆਂ ਹੈ, ਜੋ] (ਨਾਦੇ) ਨਾਦ ਕਰਨ ਵਾਲਾ ਨਾਦ ਵਿਚ ਮਿਲਿਆ ਹੋਇਆ ਹੈ, [ਇਸ ਲਈ] ਅਨਹਦ [ਨਾਦ ਵਿਚ] ਲਿਵ ਲਾਈ (ਹੋਈ) ਹੈ।

**ਗਾਵਤ ਸਬਦ ਰਸੁ ਰਸਨਾ ਰਸਾਇਨ ਕੈ ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ ॥**

(ਗੁਰ) ਸ਼ਬਦ ਗਾਉਂਦਿਆਂ ਰਸਨਾ ਰਸ ਕਰਕੇ ਰਸਾਇਨ [ਰਸਾਂ ਦਾ ਘਰ] (ਹੋ ਗਈ ਹੈ ਅਤੇ

ਦਸਮ ਦੁਵਾਰ) ਭਠੀ ਕਰਕੇ ਇਕ ਰਸ ਅਪਾਰ ਧਾਰ ਚੁਆਈ ਹੈ।

**ਹਿਰਦੈ ਨਿਵਾਸ ਗੁਰ ਸ਼ਬਦ ਨਿਧਾਨ ਗਿਆਨ ਧਾਵਤ ਬਰਜਿ ਉਨਮਨਿ ਸੁਧਿ ਪਾਈ ਹੈ ॥**

(ਜਿਸਦੇ) ਹਿਰਦੇ(ਵਿਚ) ਗਿਆਨ ਦੇ ਨਿਧਾਨ ਰੂਪ ਗੁਰ ਸ਼ਬਦ ਦਾ ਨਿਵਾਸ ਹੈ, (ਉਸਨੇ) ਧਾਵਤ (ਮਨ ਨੂੰ) ਰੋਕ ਕੇ ਉਨਮਨ ਦੀ ਸ਼ੁਧ ਪਾਈ ਹੈ।

**ਸ਼ਬਦ ਅਵੇਸ ਪਰਮਾਰਥ ਪ੍ਰਵੇਸ਼ ਧਾਰਿ ਦਿਬਿ ਦੇਹ ਦਿਬਿ ਜੋਤਿ ਪ੍ਰਗਟ ਦਿਖਾਈ ਹੈ ॥੨੯੩॥**

(ਗੁਰ) ਸ਼ਬਦ ਵਿਚ ਅਵੇਸ ਧਾਰਕੇ, ਪਰਮਾਰਥ (ਪਦ ਵਿਚ) ਪ੍ਰਵੇਸ਼ (ਕਰ ਲਿਆ ਹੈ, ਇਸ ਤਰ੍ਹਾਂ ਦਿਬ ਦੇਹ (ਹੋ ਗਈ ਹੈ ਅਤੇ) ਦਿਬ ਜੋਤਿ ਪ੍ਰਗਟ ਕਰਕੇ ਵਿਖਾ ਦਿਤੀ ਹੈ ॥੨੯੩॥

**ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਅਤਿ ਪ੍ਰੇਮ ਕੈ ਪਰਸਪਰ ਪੂਰਨ ਪ੍ਰਗਾਸ ਹੈ ॥**

ਗੁਰ ਸਿਖ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੈ, (ਕਿਉਂਕਿ) ਆਪੋ ਵਿਚ ਦੇ (ਸਾਂਝੇ) ਪ੍ਰੇਮ ਕਰਕੇ ਪੂਰਨ ਗਿਆਨ ਹੋ ਆਉਂਦਾ ਹੈ।

**ਦਰਸ ਅਨੂਪ ਰੂਪ ਰੰਗੁ ਅੰਗ ਅੰਗ ਛਬਿ ਹੇਰਤ ਹਿਰਾਨੇ ਦ੍ਰਿਗ ਬਿਸਮ ਬ੍ਰਿਸ੍ਵਾਸ ਹੈ ॥**

(ਗੁਰ) ਦਰਸ਼ਨ ਦਾ ਰੂਪ ਰੰਗ ਉਪਮਾਂ ਤੋਂ ਰਹਿਤ ਹੈ,ਅੰਗ ਅੰਗ ਦੀ ਛਬਿ [ਦਮਕ] ਨੂੰ ਵੇਖ-ਦਿਆ ਵੇਖਦਿਆਂ ਅੱਖਾਂ [ਹਿਰਾਨੇ] ਥਕ ਗਈਆਂ ਹਨ,ਅਤੇ ਅਚਰਜ ਭਰੋਸਾ(ਮਨ ਵਿਚ ਹੋ ਗਿਆ)ਹੈ

**ਸ਼ਬਦ ਨਿਧਾਨ ਅਨਹਦ ਰੁਨ ਝੁਨਿ ਧੁਨਿ ਸੁਨਤ ਸੁਰਤਿ ਮਤਿ ਹਰਨ ਅਭਿਆਸ ਹੈ ॥**

ਸ਼ਬਦ ਦੇ ਭੰਡਾਰ ਰੂਪ ਅਨਹਦ ਧੁਨੀ ਦੀ ਰੁਣ ਝੁਣ [ਨਿੰਮੇ-ਨਿੰਮੇ] ਸੁਣਦਿਆਂ (ਤੇ ਸੁਣਨ ਦੇ) ਅਭਿਆਸ ਨਾਲ ਸੁਰਤਿ [ਸਮਝਨ] ਮਤਿ [ਬੁਧੀ] ਤੇ ਸੁਰਤੀ ਹਰਨ (ਹੋ ਗਈ) ਹੈ।

**ਦ੍ਰਿਸਟਿ ਦਰਸ ਅਰੁ ਸ਼ਬਦ ਸੁਰਤਿ ਮਿਲਿ ਪਰਮਦਭੁਤ ਗਤਿ ਪੂਰਨ ਬਿਲਾਸ ਹੈ ॥੨੯੪॥**

ਦਰਸ਼ਨ ਵਿਚ ਦ੍ਰਿਸ਼ਟੀ ਅਤੇ ਸ਼ਬਦ ਵਿਚ ਸੁਰਤੀ ਦੇ ਮਿਲ ਜਾਣ ਕਰਕੇ ਪਰਮ ਅਦਭੁਤ ਗਤੀ ਦਾ ਪੂਰਨ ਬਿਲਾਸ [ ਕੌਤਕ ] ( ਵਰਤ ਗਿਆ ਹੈ) ॥ ੨੯੪ ॥

**ਗੁਰਮੁਖਿ ਸੰਗਤ ਮਿਲਾਪ ਕੋ ਪ੍ਰਤਾਪੁ ਅਤਿ ਪੂਰਨ ਪ੍ਰਗਾਸ ਪ੍ਰੇਮ ਨੇਮੁ ਕੈ ਪਰਸਪਰ ਹੈ ॥**

ਗੁਰਮੁਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੈ, (ਕਿਉਂਕਿ) ਆਪੋ ਵਿਚ ਦੇ ਪੂਰਨ ਪ੍ਰੇਮ ਦੇ ਨੇਮ ਕਰਕੇ ਪ੍ਰਕਾਸ਼ [ਗਿਆਨ] (ਪ੍ਰਗਟ ਹੋ ਆਉਂਦਾ) ਹੈ।

**ਚਰਨ ਕਮਲ ਰਜ ਬਾਸਨਾ ਸੁਬਾਸ ਰਸਿ ਸੀਤਲਤਾ ਕੋਮਲ ਪੂਜਾ ਕੋਟਿ ਨਾ ਸਮਸਰਿ ਹੈ ॥**

(ਗੁਰਮੁਖਾਂ ਦੇ) ਚਰਨ ਕਮਲਾਂ ਦੀ ਰਜ [ਧੂੜੀ] ਦੀ ਵਾਸ਼ਨਾ ਹੀ ਚੰਦਨ (ਸਮਾਨ ਕਰ ਦੇਂਦੀ ਹੈ, ਅਤੇ ਧੂੜੀ ਦੇ) ਰਸ ਦੀ ਸੀਤਲਤਾ ਕੋਮਲਤਾ ਦੇ ਸਮਸਰ ਕ੍ਰੋੜ ਤਰ੍ਹਾਂ ਦੀ ਪੂਜਾ ਨਹੀਂ (ਪੁਜਦੀ ਹੈ)।

**ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ ਨਾਦ ਬਿਸਮਾਦ ਰਾਗ ਰਾਗਨੀ ਨ ਪਟਤਰ ਹੈ ॥**

(ਚਰਨ ਧੂੜੀ) ਰੂਪ ਕਰਕੇ ਉਪਮਾਂ ਤੋਂ ਰਹਿਤ

ਰੂਪ ਵਡਾ ਹੀ ਅਚਰਜ ਸਰੂਪ ਹੈ, ਅਤੇ ਨਾਦ (ਬੜਾ) ਬਿਸਮਾਦ ਹੈ,(ਜਿਸਦੇ) ਪਟਤਰ ਰਾਗ ਤੇ ਰਾਗਨੀਆਂ ਨਹੀਂ ਹਨ।

**ਨਿਝਰ ਅਪਾਰ ਧਾਰ ਅੰਮ੍ਰਿਤ ਨਿਧਾਨ ਪਾਨ ਪਰਮਦਭੁਤ ਗਤਿ ਆਨ ਨਹੀਂ ਸਮਸਰਿ ਹੈ ॥੨੮੫॥**

(ਜੋ)ਇਕ ਰਸ ਅਪਾਰ ਧਾਰਾ (ਝਰਦੀ ਹੈ, ਉਸ)ਨਿਧਾਨ ਰੂਪ ਅੰਮ੍ਰਿਤ ਨੂੰ ਪਾਨ(ਕਰਨ ਕਰਕੇ, ਸਿਖ ਦੀ) ਪਰਮ ਅਦਭੁਤ ਗਤੀ (ਹੋ ਜਾਂਦੀ ਹੈ, ਜਿਸ ਦੇ) ਸਮਾਨ ਹੋਰ (ਕੋਈ ਅਵਸਥਾ) ਨਹੀਂ ਹੈ ॥੨੮੫॥

**ਨਵਨ ਗਵਨ ਜਲ ਸੀਤਲਤਾ ਅਮਲ ਜੈਸੇ ਅਗਨਿ ਉਰਧ ਮੁਖ ਤਪਤ ਮਲੀਨ ਹੈ॥**

ਜਿਸ ਤਰ੍ਹਾਂ ਪਾਣੀ ਨੀਵਾਂ ਹੋਕੇ ਗਵਨ (ਕਰਦਾ ਹੈ, ਇਸ ਕਰਕੇ) ਠੰਡਾ ਨਿਰਮਲ ਹੈ, ਅਤੇ ਅੱਗ ਉਚਾ ਮੂੰਹ (ਕਰਕੇ ਤੁਰਦੀ ਹੈ, ਤਦੇ ਹੀ) ਤਤੀ ਤੇ ਮਲੀਨ ਹੈ।

**ਬਰਨ ਬਰਨ ਮਿਲਿ ਸਲਿਲ ਬਰਨ ਸੋਈ ਸ੍ਯਿਆਮ ਅਗਨਿ ਸਰਬ ਬਰਨ ਛਬਿ ਛੀਨ ਹੈ॥**

(ਜਿਸ ਤਰ੍ਹਾਂ ਦੇ) ਰੰਗ ਰੰਗ ਨਾਲ ਮਿਲਦਾ ਹੈ, ਪਾਣੀ (ਆਪ ਭੀ) ਉਸੇ ਹੀ ਰੰਗ ਵਾਲਾ ਹੋ ਜਾਂਦਾ ਹੈ, (ਪਰ) ਕਾਲੇ ਰੰਗ ਵਾਲੀ ਅੱਗ ਸਾਰੇ ਰੰਗਾਂ ਦੀ ਸੁੰਦਰਤਾ ਨੂੰ ਨਾਸ ਕਰ ਦੇਂਦੀ ਹੈ।

**ਜਲ ਪ੍ਰਤਿਬਿੰਬ ਪਾਲਕ ਪ੍ਰਫੁਲਿਤ ਬਨਾਸਪਤੀ ਅਗਨਿ ਪ੍ਰਦਗਧ ਕਰਤ ਸੁਖ ਹੀਨ ਹੈ॥**

(ਪਾਣੀ ਆਪਣੇ ਵਿਚ ਪੈਣ ਵਾਲੇ) ਪ੍ਰਤਿਬਿੰਬ [ਪਰਛਾਵਾਂ ਜਾਂ ਅਕਸ] ਦੀ ਪਾਲਨਾ ਕਰਦਾ ਹੈ, (ਇਸ ਕਰਕੇ ਇਸਦੀ ਸੰਗਤ ਕਰਨ ਵਾਲੀ) ਬਨਾਸਪਤੀ ਪ੍ਰਫੁਲਤ ਹੁੰਦੀ ਹੈ।

(ਅਤੇ) ਅਗਨੀ (ਆਪਣੇ ਵਿਚ ਪੈਣ ਵਾਲੇਨੂੰ) ਪੂਰੀ ਤਰ੍ਹਾਂ ਸਾੜਕੇ ਸੁਖਾਂ ਤੋਂ ਹੀਨ ਕਰ ਦੇਂਦੀ ਹੈ।

**ਤੈਸੇ ਹੀ ਅਸਾਧ ਸਾਧ ਸੰਗਮ ਸੁਭਾਵ ਗਤਿ ਗੁਰਮਤਿ ਦੁਰਮਾਤ ਸੁਖ ਦੁਖ ਹੀਨ ਹੈ॥ ੨੮੬॥**

ਇਵੇਂ ਹੀ ਬੁਰੇ ਪੁਰਸ਼ਾਂ ਤੇ ਭਲੇ ਪੁਰਸ਼ਾਂ ਦੇ ਮਿਲਾਪ ਦੇ ਸੁਭਾਵ ਦੀ ਗਤੀ ਹੈ, (ਅਰਥਾਤ) ਗੁਰ ਸਿਖਯਾ ਵਾਲਾ ਦੁਖਾਂ ਤੋਂ ਹੀਨ ਸੁਖ (ਭੋਗਦਾ ਹੈ, ਅਤੇ) ਬੁਰੀ ਮਤ ਲੈਣ ਵਾਲਾ ਸੁਖਾਂ ਤੋਂ ਹੀਨ ਹੋ ਕੇ ਦੁਖ (ਭੋਗਦਾ ਹੈ) ॥੨੮੬॥

**ਕਾਮ ਕ੍ਰੋਧ ਲੋਭ ਮੋਹ ਅੰਹਮੇਵ ਕੈ ਅਸਾਧ ਸਾਧ ਸਤ ਧਰਮ ਦਇਆਰਥ ਸੰਤੋਖ ਕੈ॥**

ਕਾਮ ਕ੍ਰੋਧ, ਲੋਭ, ਮੋਹ ਤੇ ਹੰਕਾਰ (ਨੂੰ ਧਾਰਨ) ਕਰਕੇ ਬੁਰਾ ਪੁਰਖ (ਬਣ ਜਾਦਾ ਹੈ, ਅਤੇ) ਸਤ, ਧਰਮ,ਦਯਾ ਤੇ ਸੰਤੋਖ ਨਾਲ[ਅਰਥ]ਵਾਸਤਾ ਜਾਂ ਸਬੰਧ ( ਰਖਣ ਕਰਕੇ ) ਭਲਾ ਪੁਰਸ਼ (ਬਣ ਜਾਂਦਾ ਹੈ)।

**ਗੁਰਮਤਿ ਸਾਧ ਸੰਗਿ ਭਾਵਨੀ ਭਗਤਿ ਭਾਇ ਦੁਰਮਤਿ ਕੈ ਅਸਾਧ ਸੰਗਿ ਦੁਖ ਦੋਖ ਕੈ॥**

ਗੁਰ ਸਿਖਯਾ ਵਾਲਾ ਪੁਰਸ਼ ਸਾਧ ਸੰਗ ਨਾਲ ਸ਼ਰਧਾ, ਭਗਤੀ ਤੇ ਪ੍ਰੇਮ (ਕਰਦਾ ਹੈ, ਅਤੇ) ਖੋਟੀ ਮਤ ਕਰਕੇ (ਪੁਰਸ਼) ਬੁਰੇ ਪੁਰਸ਼ਾਂ ਦਾ ਸੰਗੀ ਹੋ ਕੇ ਪਾਪ ਕਰਕੇ ਦੁਖ (ਭੋਗਦਾ ਹੈ)।

**ਜਨਮ ਮਰਨ ਗੁਰ ਚਰਨ ਸਰਨਿ ਬਿਨੁ ਮੋਖ ਪਦ ਚਰਨ ਕਮਲ ਚਿਤ ਚੋਖ ਕੈ॥**

ਗੁਰੂ ਦੀ ਚਰਨ ਸਰਣ ਤੋਂ ਹੀਨਾ ਪੁਰਸ਼ ਜਨਮ ਮਰਣ (ਦਾ ਦੁਖ ਪਾਂਦਾ ਹੈ, ਅਤੇ ਗੁਰੂ ਦੇ) ਚਰਨ

ਕਮਲਾਂ ਨੂੰ ਚਿਤ ਵਿਚ [ਚੋਖ] ਚੂਸ ਕਰਕ (ਪੁਰਖ) ਮੋਖ ਪਦ (ਦਾ ਹੱਕਦਾਰ ਹੋ ਜਾਂਦਾ ਹੈ)।

**ਗਿਆਨ ਅੰਸ ਹੰਸ ਗਤਿ ਗੁਰਮੁਖ ਬੰਸ ਬਿਖੈ ਸੁਕ੍ਰਿਤ ਦੁਕ੍ਰਿਤ ਖੀਰ ਨੀਰ ਸੋਖ ਪੋਖ ਕੈ ॥ ੨੯੭ ॥**

ਗੁਰ ਸਿਖਾਂ ਦੀ ਉਲਾਦ ਵਿਚ ਹੰਸ ਦੀ ਗਤੀ ਵਰਗੀ ਗਿਆਨ ਦੀ ਅੰਸ ਹੈ, (ਜੋ) ਸ਼ੁਭ ਕਰਮਾਂ ਰੂਪ [ਖੀਰ] ਦੁਧ ਨੂੰ ਗ੍ਰਹਣ ਕਰਕੇ [ਪੋਖਕੇ] ਰਜਦੇ ਹਨ, ਅਤੇ [ਦੁਕ੍ਰਿਤ] ਬੁਰੇ ਕਰਮਾਂ ਰੂਪ ਪਾਣੀ ਨੂੰ [ਸਖਕੇ] ਸੁਕਾਉਂਦੀ ਹੈ ।।੨੯੭।।

ਨੋਟ—'ਹੰਸ' ਪਦ ਵਿਚ ਸਲੇਸ ਹੈ, ਇਸ ਲਈ ਇਸਦੇ ਦੋ ਅਰਥ ਹਨ :–

'ਹੰਸ' ਇਕ ਤਰ੍ਹਾਂ ਦਾ ਪੰਛੀ ਜੋ ਦੁਧ ਪਾਣੀ ਨੂੰ ਨਖੇੜਕੇ ਦੁਧ ਖਾ ਲੈਂਦਾ ਤੇ ਪਾਣੀ ਤਿਆਗ ਦੇਂਦਾ ਹੈ, ਇਸੇ ਤਰ੍ਹਾਂ ਗੁਰਸਿਖ "ਦੁਕ੍ਰਿਤ ਸੁਕ੍ਰਿਤ ਮਧੇ ਸੰਸਾਰ ਸਗਲਾਣਾ" ਦੇ ਵਾਕ ਅਨੁਸਾਰ ਨੇਕੀ-ਬਦੀ ਦੇ ਕਰਮਾਂ ਦਾ ਮਿਸ੍ਰਤ ਸੰਜਾਰ ਹੈ, ਗੁਰਮੁਖ ਨੇਕੀ ਗ੍ਰਹਿਣ ਕਰਦੇ ਹਨ ਤੇ ਬਦੀ ਰੂਪ ਪਾਣੀ ਦਾ ਤਿਆਗ ਕਰਦੇ ਹਨ।

(੨) 'ਹੰਸ' ਸੂਰਜ ਦਾ ਨਾਮ ਹੈ, ਜਿਸਦਾ ਕਰਮ ਹੀ ਪਾਣੀ ਸੁਕਾਉਣਾ ਹੈ, ਗੁਰਮੁਖ ਰੂਪ ਹੰਸ ਬਦੀ ਤਿਆਗਦੇ ਨਹੀਂ ਸਗੋਂ ਬਦੀ ਨੂੰ ਸੂਰਜ ਰੂਪ ਹੋਕੇ ਸੁਕਾ ਹੀ ਦੇਂਦੇ ਹਨ ॥

**ਹਾਰਿ ਮਾਨੀ ਝਗਰੋ ਮਿਟਤ ਰੋਸ ਮਾਰੈ ਸੈ ਰਸਾਇਨ ਹੁਇ ਪੋਟ ਡਾਰੇ ਲਾਗਤ ਨ ਡੰਡੁ ਜਗ ਜਾਨੀਐ ॥**

ਕ੍ਰੋਧ ਦੇ ਮਾਰੇ ਹੋਏ (ਭਾਵ ਕ੍ਰੋਧ ਦੇ ਭਰੇ ਹੋਏ) ਆਦਮੀ ਪਾਸੋਂ ਹਾਰ ਮੰਨ ਲਈ ਜਾਵੇ ਤਾਂ ਝਗੜਾ ਮਿਟ ਜਾਂਦਾ ਹੈ, ਅਤੇ ਰਸਾਂ ਦਾ ਘਰ (ਭਾਵ ਆਪੋ ਵਿਚ ਦਾ ਪ੍ਰੇਮ ਪਿਆਰ ਵਾਲੇ) ਹੋ ਜਾਈਦਾ ਹੈ,ਅਤੇ ਸਿਰ ਤੋਂ ਪੰਡ ਲਾਹਕੇ ਸੁਟ ਦੇਈਏ ਤਾਂ ਮਸੂਲ ਨਹੀਂ ਲਗਦਾ, (ਇਸ ਗੱਲ ਨੂੰ) ਜਗਤ ਚੰਗੀ ਜਾਣਦਾ ਹੈ।

**ਹਉਮੈ ਅਭਿਮਾਨ ਅਸਥਾਨ ਊਚੇ ਨਾਹਿ ਜਲੁ ਨਿਮ੍ਰਤ ਨਵਨ ਥਲਿ ਜਲੁ ਪਹਿਚਾਨੀਐ ॥**

(ਜਿਵੇਂ) ਉਚੇ ਸਥਾਨ ਤੇ ਪਾਣੀ ਨਹੀਂ (ਠਹਿਰ ਦਾ ਹੈ, ਇਸੇ ਤਰ੍ਹਾਂ)ਹੰਮੇ ਤੇ ਅਭਿਮਾਨ ਭਰੇ ਹਿਰਦੇ ਵਿਚ (ਨਾਮ ਨਹੀਂ ਵਸਦਾ ਹੈ, ਜਿਵੇਂ)ਨੀਵੇਂ ਜਾਣ ਵਾਲਾ ਪਾਣੀ ਨੀਵੇਂ ਥਾਂ ਤੇ ਹੀਟਿਕਦਾ ਪਛਾਣੀਦਾ ਹੈ, (ਇਸੇ ਤਰ੍ਹਾਂ ਗਰੀਬੀ ਵਾਲੇ ਹਿਰਦੇ ਵਿਚ ਨਾਮ ਤੇ ਪ੍ਰੇਮ ਵਸਦਾ ਹੈ)।

**ਅੰਗ ਸਰਬੰਗ ਤਰ ਹਰ ਹੋਤ ਹੈ ਚਰਨ ਤਾਤੇ ਚਰਨਾਮ੍ਰਿਤ ਚਰਨ ਰੇਨੁ ਮਾਨੀਐ ॥**

[ਅੰਗ] ਸਰੀਰ ਦੇ ਸਾਰੇ ਅੰਗਾਂ ਨਾਲੋਂ ਪੈਰ [ਤਰ ਹਰ] ਨੀਵੇਂ ਹੋ ਰਹੇ ਹਨ, ਇਸੇ ਕਰਕੇ(ਪੈਰਾਂ ਦੇ ਪਾਣੀ ਨੂੰ) ਚਰਨਾਮ੍ਰਿਤ (ਤੇ ਮਿਟੀ ਨੂੰ) ਚਰਨ ਧੂਤੀ ਕਰਕੇ ਮਾਨ ਦਿਤਾ ਗਿਆ ਹੈ।

**ਤੈਸੇ ਹਰਿ ਭਗਤ ਜਗਤ ਮੈ ਨਿੰਮਰੀ ਭੂਤ ਜਗ ਪਗੁ ਲਗਿ ਮਸਤਕਿ ਪਰਵਾਨੀਐ ॥ ੨੯੮ ॥**

ਇਸੇ ਤਰ੍ਹਾਂ ਹਰੀ ਦੇ ਭਗਤ ਜਗਤ ਵਿਚਸਭਨਾਂ ਨਾਲੋਂ ਨਿੰਮਰੀ ਭੂਤ ਬਣੇ ਹੋਏ ਹਨ,ਤਦੇ ਹੀ ਜਗਤ ਉਨ੍ਹਾਂ ਦੇ ਚਰਨੀ ਲਗਦਾ ਹੈ,ਅਤੇ ਉਨ੍ਹਾਂ ਦੇ ਚਰਨਾਂ ਨਾਲ ਮਥੇ ਲਾਉਣੇ ਪ੍ਰਵਾਨ ਕਰਦਾ ਹੈ ।।੨੯੮।।

**ਪੂਜੀਐ ਨ ਸੀਸੁ ਈਸ ਊਚੇ ਦੇਹੀ ਮੈ ਕਹਾਵੈ ਪੂਜੀਐ ਨ ਲੋਚਨ ਦ੍ਰਿਸ਼ਟਿ ਦ੍ਰਿਸ਼ਟਾਂਤ ਕੈ ॥**

(ਜੋ) ਦੇਹੀ ਵਿਚ (ਸਭ ਤੋਂ) ਉਚਾ [ਈਸ] ਸੁਾਮੀ ਕਹਾਉਂਦਾ ਹੈ, (ਉਹ) ਸਿਰ ਨਹੀਂ ਪੂਜੀਦਾ ਹੈ, ਉਹ ਅੱਖਾਂ ਭੀ ਨਹੀਂ ਪੂਜੀਆਂ ਜਾਂਦੀਆਂ, (ਜੋ) ਨਜ਼ਰ ਨਾਲ (ਸਭ ਕੁਛ) ਵਿਖਾਉਂਦੀਆਂ ਹਨ।

**ਪੂਜੀਐ ਨ ਸ੍ਰਵਨ ਸੁਰਤਿ ਸਨਬੰਧ ਕਰਿ ਪੂਜੀਐ ਨ ਨਾਸਿਕਾ ਸੁਬਾਸ ਸ੍ਵਾਸ ਕ੍ਰਾਂਤ ਕੈ ॥**

[ਸੁਰਤਿ] ਸੁਣਨ ਦਾ ਸਬੰਧ ਕਰਨ ਵਾਲੇ ਕੰਨ ਭੀ ਨਹੀਂ ਪੂਜੀ ਦੇ ਹਨ, ਅਤੇ ਨੱਕ (ਜੋ) ਵਾਸ਼ਨਾਂ ਤੇ ਸੁਾਸ ਕਰਕੇ ਕ੍ਰਾਂਤਿ 'ਵਾਲਾ ਹੈ, (ਉਹ) ਨਕ ਭੀ ਪੂਜੀ ਦਾ ਨਹੀਂ ਹੈ।

**ਪੂਜੀਐ ਨ ਮੁਖ ਸ੍ਵਾਦ ਸ਼ਬਦ ਸੰਜੁਗਤਿ ਕੈ ਪੂਜੀਐ ਨ ਹਸ਼ਤ ਸਕਲ ਅੰਗ ਪਾਂਤ ਕੈ ॥**

(ਜੋ) ਮੂੰਹ ਸੁਾਦ ਦੇ ਨਾਲ ਸੰਜੁਗਤ ਹੈ, ਅਤੇ ਸ਼ਬਦ ਕਰਕੇ ਭੀ ਸੰਜੁਗਤ ਹੈ, (ਉਹ ਭੀ) ਨਹੀਂ ਪੂਜੀ ਦਾ ਹੈ, (ਅਰਥਾਤ ਜਿਸ ਮੂੰਹ ਨਾਲ ਸੁਾਦ ਲੈਂਦੇ ਹਾਂ ਤੇ ਸ਼ਬਦ ਬੋਲਦੇ ਹਾਂ ਉਹ ਭੀ ਪੂਜਿਆ ਨਹੀਂ ਜਾਂਦਾ) ਅਤੇ ਜੋ ਸਾਰੇ ਸਰੀਰ ਦੀ ਪਾਲਨਾ ਕਰਦੇ ਹਨ, (ਉਹ) ਹੱਥ ਭੀ ਨਹੀਂ ਪੂਜੀਦੇ ਹਨ।

**ਦ੍ਰਿਸ਼ਟਿ ਸ਼ਬਦ ਸੁਰਤਿ ਗੰਧ ਰਸ ਰਹਿਤ ਹੁਇ ਪੂਜੀਐ ਪਦਾਰਬਿੰਦ ਨਵਨ ਮਹਾਂਤ ਕੈ ॥ ੨੮੯ ॥**

(ਜੋ) ਵੇਖਨ ਤੋਂ, ਸ਼ਬਦ ਤੋਂ, ਸਮਝ ਤੋਂ, ਵਾਸ਼ਨਾ ਤੋਂ, ਰਸ ਤੋਂ, ਰਹਿਤ (ਬਣੇ) ਹੋਏ ਹਨ, (ਓਹ) ਚਰਨ ਕਮਲ ਨੀਵਾ ਹੋਣਾਂ ਦੇ ਮਹਾਤਮ ਕਰਕੇ ਪੂਜੇ ਜਾਂਦੇ ਹਨ ॥ ੨੮੯ ॥

**ਨਵਨ ਗਵਨ ਜਲ ਨਿਰਮਲ ਸੀਤਲ ਹੈ ਨਵਨ ਬਸੁੰਧਰਾ ਸਰਬ ਰਸ ਰਾਸਿ ਹੈ ॥**

ਨੀਵੇ ਜਾਣ ਵਾਲਾ ਹੋਣ ਕਰਕੇ ਪਾਣੀ ਨਿਰਮਲ ਤੇ ਠੰਡਾ ਹੈ, ਅਤੇ ਨੀਵੇਂ ਰਹਿਣ ਵਾਲੀ [ਬਸੁੰਧਰਾ] ਧਰਤੀ ਸਾਰੇ ਰਸਾਂ ਦੀ ਰਾਸੀ [ਖਾਨਿ] (ਬਣੀ ਹੋਈ) ਹੈ।

**ਉਰਧ ਤਪਸਿਆ ਕੈ ਸ੍ਰੀ ਖੰਡ ਬਾਸ ਬੋਹੇ ਬਨ ਨਵਨ ਸਮੁੰਦ੍ਰ ਹੋਤ ਰਤਨ ਪ੍ਰਗਾਸ ਹੈ ॥**

ਪੁਠਾ ਖੜਾ ਹੋਕੇ ਤਪਸਿਆ ਕਰਨ ਕਰਕੇ [ਸ੍ਰੀ ਖੰਡ] ਬਾਵਨ ਚੰਦਨ ਦੀ ਵਾਸ਼ਨਾਂ ਬਨ ਨੂੰ ਵਾਸ਼ਨਾ ਵਾਲਾ ਕਰ ਦੇ ਦੀ ਹੈ ਅਤੇ ਸਮੁੰਦ੍ਰ ਨੀਵਾਂ ਹੈ, (ਇਸ ਕਰਕ ਉਸ ਵਿਚੋਂ) ਰਤਨ ਪ੍ਰਕਾਸ਼ ਹੁੰਦੇ ਹਨ।

**ਨਵਨ ਗਵਨ ਪਗ ਪੂਜੀਅਤ ਜਗਤ ਮੈ ਚਾਹੈ ਚਰਨਾਮ੍ਰਿਤ ਚਰਨ ਰਜ ਤਾਸ ਹੈ ॥**

ਨੀਵੇਂ ਹੋਕੇ ਤੁਰਨ ਵਾਲੇ ਪੈਰ ਜਗਤ ਵਿਚ ਪੂਜੇ ਜਾਂਦੇ ਹਨ, ਅਤੇ ਉਨ੍ਹਾਂ (ਪੈਰਾਂ ਦੇ) ਚਰਨਾਮ੍ਰਿਤ ਤੇ ਚਰਨ ਧੂੜੀ (ਨੂੰ ਹੀ ਮਹਾਤਮਾ ਜਨ) ਚਾਹੁੰਦੇ ਹਨ।

**ਤੈਸੇ ਹਰਿ ਭਗਤ ਜਗਤ ਮੈ ਨਿੰਮਰੀ ਭੂਤ ਕਾਮ ਨਿਹਕਾਮ ਧਾਮ ਬਿਸਮ ਬਿਸ੍ਵਾਸ ਹੈ॥੨੯੦॥**

ਇਸੇ ਤਰ੍ਹਾਂ ਹਰੀ ਦੇ ਭਗਤ ਜਗਤ ਵਿਚ ਸਭ ਤੋਂ ਨਿਮ੍ਰੀਭੂਤ (ਬਣੇ ਹੋਏ ਹਨ ਇਸ ਕਰਕੇ) ਕਾਮ ਤੋਂ ਨਿਹਕਾਮ ਧਾਮ ਉਤੇ, ਉਨ੍ਹਾ ਦਾ ਅਚਰਜ ਭਰੋਸਾ ਹੈ ॥ ੨੯੦ ॥

**ਸ਼ਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ ਸੁਖਮਨਾ ਸੰਗਮ ਹੁਇ ਉਲਟਿ ਪਵਨ ਕੈ ॥**

ਜਿਸ ਤਰ੍ਹਾਂ ਪਾਨੀ ਵਿਚ ਮਛਲੀ ਦੀ ਉਲਟੀ ਗਤੀ ਹੁੰਦੀ ਹੈ, ਇਸੇ ਤਰ੍ਹਾਂ ਪਵਨ ਨੂੰ ਉਲਟਾ ਕਰਕੇ (ਅਰਥਾਤ ਪ੍ਰਾਣ ਨੂੰ ਅਪਾਨ ਦੇ ਘਰ ਤੇ ਅਪਾਨ ਨੂੰ ਪ੍ਰਾਣ ਦੇ ਘਰ ਭਾਵ ਸੂਰਜ ਸੂਰ (ਇੜਾ) ਨੂੰ ਚੰਦ੍ਰ ਸੁਰ (ਪਿੰਗਲਾ) ਵਿਚ ਤੇ ਚੰਦ੍ਰ ਸੁਰ ਨੂੰ ਸੂਰਜ ਸੁਰ-ਪਿੰਗਲਾ ਨੂੰ ਇੜਾ ਵਿਚ ਪਰਤਕੇ ਜਿਥੇ ਚੰਦ੍ਰ ਸੁਰ ਤੇ ਸੂਰਜ ਸੂਰ ਸੁਖਮਨ ਦੇ ਘਾਟ ਤੇ ਸੰਗਮ ਹੁੰਦਾ ਹੈ, ਉਥੇ ਸ਼ਬਦ ਵਿਚ ਸੁਰਤ ਦੀ ਲਿਵ (ਜੋੜਕੇ) ਲੀਨ [ਮਗਨ] ਰਹਿੰਦਾ ਹੈ।

**ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਰਸ ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ ॥**

(ਇਸ) ਅਨਭਵੀ ਅਭਜ ਸ ਦੇ ਰਸ ਵਿਚ ਅਸਰਜ ਵਿਸ੍ਵਾਸ (ਕਰਕੇ ਲੱਗਾ ਰਹਿੰਦਾ ਹੈ) ਅਤੇ [ਅਪਿਉ] ਨਾਂ ਪੀਤੇ ਜਾਣ ਵਾਲੇ ਪ੍ਰੇਮ ਅੰਮ੍ਰਿਤ ਨੂੰ ਪੀਂਦਾ ਹੈ (ਅਤੇ ਇਸ ਵਿਚ) ਗੁਪਤ ਗਵਨ ਕਰਦਾ ਹੈ, (ਭਾਵ ਇਸ ਕਰਮ ਨੂੰ ਗੁਪਤ ਤਰੀਕੇ ਨਾਲ ਕਰਦਾ ਹੈ, ਤਾਂ ਗੁਪਤ ਹੋ ਕੇ ਇਹ ਤਰੀਕਾ ਵਰਤਦਾ ਹੈ।

**ਸ਼ਬਦ ਕੈ ਅਨਹਦ ਸੁਰਤਿ ਕੈ ਉਨਮਨੀ ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥**

(ਇਸ ਤਰ੍ਹਾਂ) ਸ਼ਬਦ (ਅਭਿਆਸ) ਕਰਕੇ ਅਨਹਦ (ਸ਼ਬਦ ਦੀ) ਸੋਝੀ ਪ੍ਰਾਪਤ ਕਰਦਾ ਹੈ ਅਤੇ ਉਨਮਨੀ (ਅਵਸਥਾ ਵਿਚ) ਪ੍ਰੇਮ ਕਰਕੇ (ਬਿਸਰਾਮ ਪਾਂਦਾ ਹੈ, ਤਤ) ਨਿਝਰ ਧਾਰ ਸਹਜੇ ੨ ਰਵਨ ਕਰਦੀ ਹੈ (ਅਰਥਾਤ ਤਦ ਸਹਜੇ ਸਹਜੇ ਨਿਝਰ ਧਾਰ ਝਰਨ ਲਗਦੀ ਹੈ)।

**ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ ਦਸਮ ਸਥਲ ਨਿਹ ਕੇਵਲ ਭਵਨ ਕੈ ॥ ੨੯੧ ॥**

(ਫਿਰ) "ਤ੍ਰਿਕੁਟੀ ਉਲੰਘਕੇ, ਸੁਖ ਸਾਗਰ ਦੇ ਸੰਜੋਗ ਨੂੰ ਭੋਗਦਾ ਹੈ, (ਅਰਥਾਤ) ਦਸਮ ਸਥਲ ਨੂੰ ਨਿਹਕਵਲ ਸੁਧ ਤੋਂ ਸੁਧ ਭਵਨ ਕਰ ਲੈਂਦਾ ਹੈ। ਯਥਾ :-

"ਨਿਝਰ ਝਰੈ ਸਹਜਿ ਧੁਨਿ ਲਾਗੈ ਘਰ ਹੀ ਪਰਚਾ ਪਾਈਐ" ॥੨੯੧॥

**ਜੈਸੇ ਜਲ ਜਲਜ ਅਉ ਜਲ ਦੂਧ ਸੀਲ ਮੀਨ ਚਕਈ ਕਮਲ ਦਿਨਕਰ ਪ੍ਰੀਤਿ ਪ੍ਰੀਤਿ ਹੈ ॥**

[ਜਲਜ=ਕਮਲ। ਸੀਲ=ਜਲ-ਪ੍ਰਵਾਹ। ਦਿਨਕਰ=ਸੂਰਜ। ਅਲਿ=ਭੌਰਾ। ਸਸਿ=ਚੰਦ੍ਰਮਾਂ। ਮ੍ਰਿਗ=ਹਰਨ। ਨਾਦ ਬਾਦ=ਘੰਡੇ ਹੇੜੇ ਦਾ ਸ਼ਬਦ। ਘਨ=ਬਦਲ। ਤ੍ਰਿਖਾਵੰਤ=ਪਿਆਸਾ। ਖੁਧਿਆਰਥੀ=ਭੁਖਾ ਪੁਰਸ਼।]

ਜਿਸ ਤਰ੍ਹਾਂ ਪਾਨੀ ਨਾਲ ਕਮਲ ਦੀ, ਅਤੇ ਜਲ ਤੇ ਦੁਧ ਦੀ, ਜਲ ਦੇ ਪ੍ਰਵਾਹ ਨਾਲ ਮੱਛੀ ਦੀ ਤੇ ਕਮਲ ਦੀ ਸੂਰਜ ਨਾਲ ਪ੍ਰੀਤੀ ਹੈ।

**ਦੀਪਕ ਪਤੰਗ ਅਲਿ ਕਮਲ ਚਕੋਰ ਸਸਿ ਮ੍ਰਿਗ ਨਾਦ ਬਾਦ ਘਨ ਚਾਤ੍ਰਿਕ ਸੁ ਚੀਤ ਹੈ ॥**

ਦੀਵੇ ਨੂੰ ਪਤੰਗਾ, ਭੌਰਾ ਕਮਲ ਨੂੰ, ਚਕੋਰ ਚੰਦ੍ਰਮਾਂ ਨੂੰ, ਹਰਨ ਘੰਡੇ ਦੇ ਸ਼ਬਦ ਨੂੰ, ਤੇ ਬਦਲ ਪਪੀਹਾ (ਜਿਸ ਤਰ੍ਹਾਂ) ਚਾਹੁੰਦਾ ਹੈ।

**ਨਾਰਿ ਅਉ ਭਤਾਰ ਸੁਤ ਮਾਤ ਜਲ ਤ੍ਰਿਖਾਵੰਤ ਖੁਧਿਆਰਥੀ ਭੋਜਨ ਦਾਰਿਦ੍ਰ ਧਨ ਮੀਤ ਹੈ ॥**

(ਜਿਵੇਂ) ਇਸਤ੍ਰੀ ਅਤੇ ਪਤੀ, ਪੁਤ੍ਰ ਤੇ ਮਾਤਾ, ਤੇ ਜਲ ਨੂੰ ਪਿਆਸਾ, ਭੁਖਾ (ਜਿਵੇਂ) ਭੋਜਨ ਨੂੰ ਤੇ ਕੰਗਲਾ (ਜਿਵੇਂ) ਧਨ ਨੂੰ ਮਿਤ੍ਰ ਮੰਨਦਾ ਹੈ।

**ਮਾਇਆ ਮੋਹ ਦ੍ਰੋਹ ਦੁਖਦਾਈ ਨ ਸਹਾਈ ਹੋਤ ਗੁਰ ਸਿਖਿ ਸੰਧਿ ਮਿਲੈ ਤ੍ਰਿਗੁਨ ਅਤੀਤ ਹੈ ॥ ੨੯੨ ॥**

ਮਾਯਾ ਦਾ ਮੋਹ ਛਲ (ਰੂਪ ਤੇ) ਦੁਖਦਾਈ ਹੈ, (ਅੰਤ ਸਮੇਂ ਇਹ) ਸਹਾਈ ਨਹੀਂ ਹੁੰਦਾ ਹੈ, (ਪਰ ਜੋ) ਗੁਰ ਸਿਖੀ ਦੀ ਸੰਧੀ ਵਿਚ ਮਿਲੇ (ਹਨ, ਉਹ) ਤਿੰਨਾਂ ਗੁਣਾਂ ਤੋਂ ਅਤੀਤ ਹਨ ॥੨੯੨॥

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਅੰਗਅੰਗ ਬਿਸਮ ਸ੍ਰਬੰਗ ਮੈ ਸਮਾਨੇ ਹੈ ॥**

(ਜੋ ਗੁਰੂ ਜੀ ਦੇ) ਚਰਨ ਕਮਲਾਂ ਦੀ ਮਕਰੰਦ ਰਸ ਦ ਲੋਭੀ ਹੋਏ ਹਨ, (ਉਹ) ਅੰਗ ਅੰਗ (ਕਰਕੇ) ਸਰਬੰਗ ਬਿਸਮ (ਰੂਪ ਪ੍ਰਭੂ) ਵਿਚ ਸਮਾ ਗਏ ਹਨ।

**ਦ੍ਰਿਸ਼ਟਿ ਦਰਸ ਲਿਵ ਦੀਪਕ ਪਤੰਗ ਸੰਗ ਸ਼ਬਦ ਸੁਰਤਿ ਮ੍ਰਿਗ ਨਾਦ ਹੁਇ ਹਿਰਾਨੇ ਹੈ॥**

(ਉਨ੍ਹਾਂ ਦੀ) ਦ੍ਰਿਸ਼ਟੀ ਨੂੰ (ਗੁਰ) ਦਰਸ਼ਨ ਦੀ ਐਸੀ) ਲਿਵ (ਹੁੰਦੀ ਹੈ, ਜੈਸੀ) ਪਤੰਗੇ ਦੀ ਦੀਵੇ ਨਾਲ (ਲਿਵ ਜੁੜੀ ਹੁੰਦੀ ਹੈ, ਅਤੇ (ਗੁਰ) ਸ਼ਬਦ ਵਿਚ ਸੁਰਤਿ [ਇਸ ਤਰ੍ਹਾਂ ਆਪਾ ਭੁਲ ਗਈ ਹੈ], ਜਿਵੇਂ ਘੰਡੇ ਹੇੜੇ ਦੇ) ਨਾਦ ਉਤੇ ਹਰਨ ਹੈਰਾਨ ਹੋਇਆ ਹੁੰਦਾ ਹੈ।

**ਕਾਮ ਨਿਹਕਾਮ ਕ੍ਰੋਧਾ ਕ੍ਰੋਧ ਨਿਰ ਲੋਭ ਲੋਭ ਮੋਹ ਨਿਰਮੋਹ ਅਹੰਮੇਵ ਹੂੰ ਲਜਾਨੇ ਹੈ॥**

( ਉਨ੍ਹਾਂ ਦੇ ਅੰਦਰ ) ਕਾਮ ਨਿਹਕਾਮ, ਕ੍ਰੋਧ ਅਕ੍ਰੋਧ, ਲੋਭ ਨਿਰਲੋਭ ਤੇ ਮੋਹ ਨਿਰਮੋਹ ( ਹੋ ਗਿਆ ਹੈ ਅਤੇ) ਹੰਕਾਰ ਭੀ ਲਜਾਮਾਨ (ਹੋਕੇ ਆਪਣੇ ਆਪਵਿਚ ਸਮਾ ਗਿਆ ਹੈ)।(ਕਿਉਂਕਿ):—

**ਬਿਸਮੈ ਬਿਸਮ ਅਸਚਰਜੈ ਅਸਚਰਜਮੈ ਅਦਭੁਤ ਪਰਮਦਭੁਤ ਅਸਥਾਨੈ ਹੈ॥ ੨੯੩॥**

ਬਿਸਮ ਤੋਂ ਬਿਸਮ ਤੇ ਅਚਰਜ ਤੋਂ ਅਚਰਜ (ਉਨ੍ਹਾਂ ਦਾ) ਰੂਪ ਹੈ, ਅਤੇ ਅਦਭੁਤ ਤੋਂ ਪਰਮ ਅਦਭੁਤ ( ਉਨ੍ਹਾਂ ਦੇ ਰਹਿਣ ਦਾ) ਅਸਥਾਨ ਹੈ ॥੨੯੩॥

**ਦਰਸ਼ਨ ਜੋਤਿ ਕੋ ਉਦੋਤ ਸੁਖ ਸਾਗਰ ਮੈ ਕੋਟਿਕ ਉਸਤਤਿ ਛਬਿ ਤਿਲ ਕੋ ਪ੍ਰਗਾਸ ਹੈ॥**

ਸੁਖ ਸਾਗਰ ਰੂਪ (ਗੁਰੂ) ਦੀ ਜੋਤੀ ਦੇ ਉਦੇ ਹੋਣ (ਤੇ ਜੋ) ਦਰਸ਼ਨ (ਕੀਤਾ ਹੈ, ਉਸਦੇ) ਤਿਲ ਜਿੰਨੇ ਪ੍ਰਕਾਸ਼ (ਦੇ ਅਗੇ) ਕ੍ਰੋੜ ਤਰ੍ਹਾਂ ਦੀਆਂ ਉਸਤਤਾਂ ਤੇ ਛਬੀਆਂ [ ਸੁੰਦਰਤਾਈਆਂ ] ਮਾਤ ਹਨ, (ਅਰਥਾਤ ਗੁਰ ਦਰਸ਼ਨ ਦਾ ਜੋ ਪ੍ਰਕਾਸ਼ ਤੇ ਸੁੰਦਰਤਾ ਹੈ, ਉਸ ਪ੍ਰਕਾਸ਼ ਵਿਚੋਂ ਤਿਲ ਜਿੰਨੇ ਪ੍ਰਕਾਸ਼ ਦਾ ਸਾਹਮਣਾ ਕ੍ਰੋੜਾਂ ਉਸਤਤੀਆਂ ਤੇ ਸੁੰਦਰਤਾਈਆਂ ਨਹੀਂ ਕਰ ਸਕਦੀਆਂ)।

**ਕਿੰਚਿਤ ਕ੍ਰਿਪਾ ਕੋਟਿਕ ਕਮਲਾ ਕਲਪਤਰੁ ਮਧੁਰ ਬਚਨ ਮਧੁ ਕੋਟਿਕ ਬਿਲਾਸ ਹੈ॥**

(ਜੋ) ਰਤੀ ਜਿੰਨੀ ( ਗੁਰੂ ਜੀ ਦੀ ) ਕ੍ਰਿਪਾ ਹੋਈ ਹੈ, ( ਉਸਦੇ ਮੁਕਾਬਲੇ ਤੇ) ਕ੍ਰੋੜਾਂ ਕ੍ਰੋੜ ਲਛਮੀਆਂ ਤੇ ਕਲਪ ਬ੍ਰਿਛ (ਤੁਛ ਹਨ ਅਤੇ ਗੁਰ) ਬਚਨਾਂ ਦੀ ਮਿਠਾਸ (ਦ ਸਾਹਮਣੇ ) ਕ੍ਰੋੜਾਂ ਕ੍ਰੋੜ ਅੰਮ੍ਰਿਤ ਭੀ ਬਿਲਾਸ [ਖੇਡ] ਰੂਪ ਹਨ।

**ਮੰਦ ਮੁਸਕਾਨਿ ਬਾਨਿ ਖਾਨਿ ਹੈ ਕੋਟਾਨਿ ਸਸਿ ਸੋਭਾ ਕੋਟਿ ਲੋਟ ਪੋਟ ਕੁਮਦਨੀ ਤਾਸੁ ਹੈ॥**

(ਜੋ ਗੁਰੂ ਜੀ ਨੂੰ) ਮੱਠਾ ੨ ਮੁਸਕ੍ਰਾਉਣ ਦੀ ਬਾਨ ਹੈ (ਉਹ) ਕ੍ਰੋੜਾਂ ਕ੍ਰੋੜ ਚੰਦ੍ਰਮਾਂ ਦੀ ਸੋਭਾ ਦੀ ਖਾਨ ਹੈ ਅਤੇ ਉਸਦੇ (ਉਪਰੋਂ) ਕ੍ਰੋੜਾਂ ਕ੍ਰੋੜ ਕੁਮਦਨੀਆਂ [ਕੰਮੀਆਂ] ਲੋਟ-ਪੋਟ (ਹੁੰਦੀਆਂ ਹਨ)

**ਮਨ ਮਧੁਕਰ ਮਕਰੰਦ ਰਸ ਲੁਭਿਤ ਹੁਇ ਸਹਜ ਸਮਾਧਿ ਲਿਵ ਬਿਸਮ ਬਿਸ੍ਵਾਸ ਹੈ॥ ੨੯੪॥**

(ਜਿਸਦਾ) ਮਨ ਭੌਰਾ (ਹੋ ਕੇ ਗੁਰ ਚਰਨ ਕਮਲਾਂ ਦੀ) ਮਕਰੰਦ ਰਸ ਦਾ ਲੋਭੀ ਹੋਇਆ ਹੈ, (ਉਸਦੀ) ਸਹਜ ਸਮਾਧੀ ਦੀ ਲਿਵ ਬਿਸਮ ਬਿਸ੍ਵਾਸ (ਰੂਪ ਹੈ ॥੨੯੪॥

**ਚਰਨ ਸਰਨਿ ਰਜ ਮੱਜਨ ਮਲੀਨ ਮਨ ਦਰਪਨ ਗਤਿ ਗੁਰਮਤਿ**

**ਨਿਹਚਲ ਹੈ ॥**

(ਗੁਰੂ ਦੇ) ਸਰਨੀ (ਪੈ ਕੇ) ਚਰਨ ਧੂੜੀ ਨਾਲ ਮਲੀਨ ਮਨ (ਇਸ ਤਰਾਂ) [ਮਜਨ] ਸੁਧ-ਪਵਿਤ੍ਰ (ਹੋ ਜਾਂਦਾ ਨੂੰ, ਜਿਸ ਤਰ੍ਹਾਂ ਥਿੰਧੇ) ਸ਼ੀਸ਼ੇ ਦੀ ਹਾਲਤ (ਧੂੜੀ ਨਾਲ ਸੁਧਰ ਜਾਂਦੀ ਹੈ, ਇਹ ਸੁਧ ਹੋਇਆ ਮਨ) ਗੁਰ ਸਿਖਯਾ ਨੂੰ ਪ੍ਰਾਪਤ ਹੋ ਕੇ ਅਚਲ ਹੋ ਗਿਆ ਹੈ।

**ਗਿਆਨ ਗੁਰ ਅੰਜਨ ਦੈ ਚਪਲ ਖੰਜਨ ਦ੍ਰਿਗ ਅਕੁਲ ਨਿਰੰਜਨ ਧਿਆਨ ਜਲ ਥਲ ਹੈ ॥**

(ਜੋ) [ਖੰਜਨ] ਮਮੋਲੇ ਦੀਆਂ ਅਖਾਂ ਜੇਹੀਆਂ ਚੰਚਲ (ਬੁਧੀ ਰੂਪ ਅਖਾਂ ਸਨ, ਉਸ ਵਿਚ,ਗੁਰੂ ਜੀ ਨੇ ਗਿਆਨ ਰੂਪ ਸੁਰਮਾਂ [ਦੈ] ਪਾ ਦਿਤਾ ਹੈ (ਜਿਸ ਕਰਕੇ) ਕੁਲ ਤੋਂ ਰਹਿਤ ਤੇ ਮਾਯਾ ਤੋਂ ਰਹਿਤ(ਪ੍ਰਭੂ ਦਾ)ਧਿਆਨ ਹੀ ਜਲ ਥਲ(ਵਿਚ ਦਿਸ ਰਿਹਾ ਹੈ)।

**ਭੰਜਨ ਭੈ ਭਰਮ ਅਰਿ ਗੰਜਨ ਕਰਮ ਕਾਲ ਪਾਂਚ ਪਰਪੰਚ ਬਲਬੰਚ ਨਿਰਦਲ ਹੈ ॥**

ਡਰ ਤੇ ਭਰਮ ਨੂੰ ਭੰਜਨ (ਵਾਂਗੂ ਖਾ ਲਿਆ ਹੈ, ਅਤੇ) ਕਰਮ ਤੇ ਕਾਲ ਰੂਪ [ਅਰਿ ਗੰਜਨ]ਵੈਰੀ ਨੂੰ ਨਾਸ ਕਰ ਦਿਤਾ ਹੈ, ਅਤੇ ਪੰਜਾਂ (ਤਤਾਂਦਾ) [ਬਲ ਬੰਚ]ਛਲ-ਵਲ(ਰੂਪ ਜੋ)ਪ੍ਰਪੰਚ[ਜਗਤ ਦੀ ਰਚਨਾ] ਹੈ,(ਇਸ ਨੂੰ) [ਨਿਰ ਦਲ] ਪੂਰੀ ਪੂਰੀ ਤਰਾਂ ਨਾਲ ਦਲ ਸੁਟਿਆ [ਨੇਸਤ ਨਬੂਦ ਕਰ ਦਿਤਾ] ਹੈ।

**ਸੇਵਾ ਕਰੰਜਨ ਸਰਬਾਤਮ ਨਿਰੰਜਨ ਭਏ ਮਾਇਆ ਮੈ ਉਦਾਸ ਕਲਿ ਮਲ ਨਿਰਮਲ ਹੈ ॥੨੯੫॥**

ਜਿਨਾਂ [ਗੁਰ ਸਿਖਾਂ] ਦੀ ਸੇਵਾ ਕਰਦੇ ੨ ਮਾਯਾ ਤੋਂ ਰਹਿਤ (ਹੋਕੇ)ਸਰਬ ਆਤਮਾ ਰੂਪ ਹੋ ਗਏਹਨ, (ਅਰਥਾਤ ਸੇਵਾ ਕਰਦੇ ਕਰਦੇਮਾਇਆ ਤੋਂ ਰਹਿਤ ਹੋਕੇ ਸਭਨਾਂ ਨੂੰ ਆਪਣਾ ਰੂਪ ਨਿਸਚੇ ਕਰ ਲਿਆ ਹੈ)। (ਇਸ ਲਈ) ਮਾਯਾ ਵਿਚ (ਰਹਿੰਦੇ ਹੋਏ) ਮਾਯਾ ਤੋਂ ਰਹਿਤ ਹੋਕੇ ਪਾਪਾਂ ਤੋਂ ਨਿਰਮਲ ਹੋ ਰਹੇ ਹਨ ॥੨੯੫॥

**ਚੰਦ੍ਰਮਾ ਅਛਤ ਰਵਿ ਰਾਹੁ ਸਕਤਿ ਗ੍ਰਸਿ ਦ੍ਰਿਸ਼ਟਿ ਅਗੋਚਰ ਹੁਇ ਸੂਰਜ ਗ੍ਰਹਨ ਹੈ ॥**

(ਜਿਸ ਤਰਾਂ) ਚੰਦ੍ਰਮਾਂ ਦੇ (ਸਾਹਮਣੇ) ਮੌਜੂਦ ਹੁੰਦਿਆਂ ਸੂਰਜ ਨੂੰ ਰਾਹੁ ਗ੍ਰਸ [ਫੜ] ਨਹੀਂਸਕਦਾ ਹੈ,(ਪਰ ਜਦ ਚੰਦ੍ਰਮਾਂ ਦੀ)ਨਜ਼ਰ ਤੋਂ ਓਹਲੇ ਹੁੰਦਾ ਹੈ, (ਤਾ ਫਿਰ) ਸੂਰਜ ਨੂੰ ਗ੍ਰਹਣ (ਹੋ ਜਾਂਦਾ) ਹੈ।

**ਪਛਮ ਉਦੋਤ ਹੋਤ ਚੰਦ੍ਰਮੈ ਨਮਸ ਕਾਰ ਪੂਰਬ ਸੰਜੋਗ ਸਸਿ ਕੇਤੁ ਖੇਤ ਹਨਿ ਹੈ ॥**

(ਜਦ) ਪਛਮ ਦਿਸਾ ਵਿਚ ਉਦੇ ਹੁੰਦਾ ਹੈ ਤਾਂ ਚੰਦ੍ਰਮਾਂ ਨੂੰ ਨਮਸ਼ਕਾਰਾਂ ਹੁੰਦੀਆਂ ਹਨ, (ਪਰ ਜਦ) ਪੂਰਬ ਦਿਸ਼ਾ ਨਾਲ ਸੰਜੋਗ(ਕਰਦਾ ਹੈ,ਤਾਂ) ਚੰਦ੍ਰਮਾਂ ਨੂੰ ਕੇਤੂ, [ਖੇਤ] ਮੈਦਾਨ ਵਿਚ ਮਾਰ ਲੈਂਦਾ ਹੈ।

(ਇਸ ਦਾ ਭਾਵ ਏਹ ਹੈ ਕਿ ਚੰਦਰਮਾਂ ਆਪਣੀ ਤਾਕਤ ਨਾਲ ਸੂਰਜ ਨੂੰ ਰਾਹੂ ਤੋਂ ਬਚਾਂਦਾ ਹੈ, ਜਦ ਸੂਰਜ ਚੰਦ੍ਰਮਾਂ ਦੀ ਨਜ਼ਰ ਤੋਂ ਪਾਸੇ ਹੁੰਦਾ ਹੈ ਤਾਂ ਰਾਹੂ ਤੋਂ ਗ੍ਰਸਿਆ ਜਾਂਦਾ ਹੈ, ਫਿਰ ਚੰਦ੍ਰਮਾਂ ਜਦ ਪਛਮੋਂ ਚੜ੍ਹਦਾ ਹੈ ਤਾਂ ਇਸਨੂੰ ਨਮਸ਼ਕਾਰਾਂ ਹੁੰਦੀਆਂ ਹਨ,ਭਾਵ ਪਛਮ ਦਿਸ਼ਾ ਇਸਦਾ ਆਪਣਾ ਘਰ ਹੈ, ਇਹ ਆਪਣੇ ਘਰ ਵਿਚ ਜਨਮ ਲੈਂਦਾ ਹੀ ਜਗਤ ਤੋਂ ਨਮਸ਼ਕਾਰਾਂ ਕਰਾਉਂਦਾ ਹੈ, ਉਸ ਪ੍ਰਭਤਾ ਦੇ ਅਭਿਮਾਨ ਨਾਲ ਇਹ ਵਧਨ ਲਗਦਾ ਹੈ,ਜਿਉਂ ੨ ਵਧਦ ਹੈ, ਆਪ ਨੂੰ ਵਡਾ ਮੰਨਦਾ ਹੈ, ਤਾਂ ਆਪਣੇ ਘਰ ਤੋਂ ਦੂਰ ਦੂਰ ਹੋਈ ਜਾਂਦਾ ਹੈ, ਇਕ ਉਹ ਆ ਜਾਂਦਾ ਹੈ, ਜੋ ਇਹ ਦੁਸ਼ਮਨ ਦੇ ਘਰਜਾਕੇ ਜਨਮ ਲੈਂਦਾ ਹੈ,ਸੂਰਜ ਦੀ ਦਿਸ਼ਾ ਪੂਰਬ ਹੈ, ਇਸ ਦਿਨ ਪੂਰਬ ਦਾ ਸੰਜੋਗੀ ਹੋ ਜਾਂਦਾ ਹੈ, ਇਕ ਪਾਸੇ ਸੂਰਜ ਇਸ ਨੂੰ ਨਿਗਲ ਜਾਂਦਾ ਹੈ, ਦੂਜੇ ਪਾਸੇ ਕੇਤੂ ਇਸ ਨੂੰ ਵਜ ਵਜਾਕੇ ਮੈਦਾਨ ਮਾਰ ਲੈਂਦਾ ਹੈ ਅਰਥਾਤ ਪੁੰਨਿਆਂ ਵਾਲੇ ਦਿਨ ਇਸ ਨੂੰ ਗ੍ਰਹਣ ਲਗ ਜਾਂਦਾ ਹੈ।

**ਕਾਸਟ ਮੈ ਅਗਨਿ ਮਗਨਿ ਚਿਰੰ-ਕਾਲ ਰਹੈ ਅਗਨਿ ਮੈ ਕਾਸਟ ਪਰਤ ਹੀ ਦਹਨ ਹੈ ॥**

(ਜਿਸ ਤਰ੍ਹਾਂ ਲਕੜਾਂ ਵਿਚ ਅਗ ਬਹੁਤ ਚਿਰ ਕਾਲ ਤਕ ਮਸਤ ਹੋਕੇ ਬੈਠੀ ਰਹਿੰਦੀ ਹੈ, ਪਰ ਅਗ ਵਿਚ ਲਕੜਾਂ ਦੇ ਪੈਂਦਿਆਂ ਹੀ ਲੜਕਾਂ ਸੜ ਜਾਂਦੀਆਂ ਹਨ।

**ਤੈਸੇ ਸ਼ਿਵ ਸ਼ਕਤਿ ਅਸਾਧ ਸਾਧ ਸੰਗਮ ਕੈ ਦੁਰਮਤਿ ਗੁਰਮਤਿ ਦੁਸਹ ਸਹਨ ਹੈ ॥ ੨੯੬ ॥**

ਇਸੇ ਤਰ੍ਹਾਂ ਭਲੇ ਪੁਰਸ਼ਾਂ ਦੇ ਸੰਗਮ [ਮੇਲ] ਵਿਚ (ਮਿਲ) ਕਰਕੇ (ਪੁਰਸ਼) ਗੁਰ ਸਿਖ੍ਯਾ ਦ੍ਵਾਰੇ ਸ਼ਿਵ [ਮੁਕਤ] ਪਦ ਨੂੰ (ਪ੍ਰਾਪਤ ਹੁੰਦਾ ਹੈ, ਅਤੇ) ਬੁਰੇ ਪੁਰਸ਼ਾਂ ਦੇ ਸੰਗਮ (ਵਿਚ ਮਿਲ) ਕਰਕੇ ਖੋਟੀ ਮਤ ਦ੍ਵਾਰਾਂ [ਸ਼ਕਤੀ] ਮਾਯਾ ਦੇ [ਦੁਸਹ] ਦੁਖ ਨੂੰ ਸਹਨ ਕਰਦਾ ਹੈ (ਅਰਥਾਤ ਸਾਧ ਸੰਗਤ ਵਿਚ ਮਿਲਕੇ ਗੁਰ ਉਪਦੇਸ਼ ਦ੍ਵਾਰਾ ਮੁਕਤੀ ਪ੍ਰਾਪਤ ਕਰਦਾ ਹੈ ਤੇ ਕੁਸੰਗਤ ਵਿਚ ਮਿਲਕੇ ਨਾਂ ਸਹਾਰੇ ਜਾਣ ਵਾਲਾ ਜਨਮ ਮਰਨ ਰੂਪ ਦੁਖ ਨੂੰ ਭੋਗਦਾ ਹੈ, ॥੨੯੬॥

**ਸਾਧ ਕੀ ਸੁਜਨਤਾਈ ਪਾਹਨ ਕੀ ਰੇਖ ਪ੍ਰੀਤਿ ਬੈਰ ਜਲ ਰੇਖ ਹੁਇ ਬਿਸੇਖ ਸਾਧ ਸੰਗ ਮੈ ॥**

ਸਾਧ ਦੀ ਸਜਨਤਾਈ [ਮਿਤ੍ਰਤਾ] ਤੇ ਪ੍ਰੀਤੀ ਪਥਰ ਦੀ ਲੀਕ (ਵਾਂਗੂ) ਹੁੰਦੀ ਹੈ ਅਤੇ ਵੈਰ ਪਾਣੀ ਦੀ ਲੀਕ (ਵਾਂਗੂ) ਹੁੰਦਾ ਹੈ, (ਬਸ !) ਸਾਧ ਸੰਗ ਵਿਚ (ਏਹੋ ਹੀ) ਵਿਸ਼ਸ਼ਤਾ ਜਾਂ ਵਾਧਾ ਹੈ।

**ਦੁਰਜਨਤਾ ਅਸਾਧ ਪ੍ਰੀਤਿ ਜਲ ਰੇਖ ਅਰੁ ਬੈਰ ਤਉ ਪਖਾਨ ਰੇਖ ਸੇਖ ਅੰਗ ਅੰਗ ਮੈ ॥**

ਬੁਰਾਈ ਕਰਨ ਵਾਲੇ ਬੁਰੇ ਪੁਰਸ਼ ਦੀ ਪ੍ਰੀਤੀ ਪਾਣਾ ਦੀ ਲੀਕ ਵਾਂਗੂ ਹੁੰਦੀ ਹੈ, ਅਤੇ (ਉਸਦਾ) ਵੈਰ ਪੱਥਰ ਦੀ ਲੀਕ ਵਾਂਗੂ (ਸਦਾ ਕਾਇਮ ਰਹਿੰਦਾ ਹੈ, ਅਤੇ) ਅੰਗ ਅੰਗ ਵਿਚ ਸੇਖ [ਵਧਿਆ] ਹੁੰਦਾ ਹੈ।

(ਭਾਵ ਭਲੇ ਪੁਰਸ਼ ਦੀ ਪ੍ਰੀਤੀ ਪੱਥਰ ਦੀ ਲੀਕ ਵਾਂਗੂ ਸਦਾ ਸਥਿਰ ਰਹਿੰਦੀ ਹੈ ਤੇ ਵੈਰ ਉਸਦਾ ਪਾਣੀ ਦੀ ਲੀਕ ਵਾਂਗੂ ਇਕ ਛਿਨ ਵਿਚ ਨਾਸ ਹੋ ਜਾਂਦਾ ਹੈ, ਬੁਰੇ ਪੁਰਸ਼ ਦਾ ਵੈਰ ਪਥਰ ਦੀ ਲੀਕ ਵਾਂਗੂ ਤੇ ਪ੍ਰੀਤੀ ਪਾਣੀ ਦੀ ਲੀਕ ਵਾਂਗੂ ਛਿਨ ਵਿਚ ਨਾਸ ਹੋ ਜਾਂਦਾ ਹੈ)।

**ਕਾਸਟ ਅਗਨਿ ਗਤਿ ਪ੍ਰੀਤਿ ਬਿਪ੍ਰੀਤਿ ਸੁਰਸਰੀ ਜਲ ਬਾਰੁਨੀ ਸਰੂਪ ਜਲ ਗੰਗ ਮੈ ॥**

ਕਾਠ ਤੇ ਅੱਗ ਦੀ ਪ੍ਰੀਤੀ ਦੀ ਗਤੀ ਉਲਟੀ ਹੈ, ਕਾਠ ਅੱਗ ਨੂੰ ਆਪਣੇ ਵਿਚ ਕਈ ਬਰਸਾਂ ਤਕ ਰਖ ਸਕਦਾ ਹੈ ਪਰ ਅੱਗ ਕਾਠ ਨੂੰ ਪਾਂਦਿਆ ਹੀ ਸਾੜਕੇ ਸੁਆਹ ਕਰ ਦੇਂਦੀ ਹੈ ਅਤੇ ਗੰਗਾ ਦੇ ਪਾਣੀ ਵਿਚ ਸ਼ਰਾਬ ਪੈ ਜਾਵੇ ਤਾਂ ਉਹ ਸ਼ਰਾਬ ਨੂੰ ਪਵਿਤਰ ਕਰ ਲੈਂਦਾ ਹੈ ਅਤੇ ਜੇ ਗੰਗਾ ਜਲ ਸ਼ਰਾਬ ਵਿਚ ਪੈ ਜਾਏ ਤਾਂ ਉਹ ਉਸਨੂੰ ਨੀਚ ਕਰ ਦੇਂਦਾ ਹੈ।

**ਦੁਰਮਤਿ ਗੁਰਮਤਿ ਅਜਯਾ ਸਰਪ ਗਤਿ ਉਪਕਾਰੀ ਅਉ ਬਿਕਾਰੀ ਢੰਗ ਹੀ ਕੁਢੰਗ ਮੈ ॥ ੨੯੭ ॥**

(ਇਸੇ ਤਰ੍ਹਾਂ) ਖੋਟੀ ਮਤ ਵਾਲਾ ਤੇ ਗੁਰਮਤ ਵਾਲਾ ਪੁਰਸ਼ ਦੀ ਗਤੀ ਬਕਰੀ ਤੇ ਸੱਪ ਸਮਾਨ ਹੈ, ਬਕਰੀ ਉਪਕਾਰੀ ਢੰਗ ਵਰਤਦੀ ਹੈ ਤੇ ਸਪ ਵਿਕਾਰੀ ਕੁਢੰਗ ਵਰਤਦਾ ਹੈ, ਗੁਰਮਤੀਆ ਬਕਰੀ ਸਮਾਨ ਪਰ ਉਪਕਾਰੀ ਹੈ ਤੇ ਦੁਰਮਤੀਆ ਸਪ ਸਮਾਨ ਵਿਕਾਰੀ ਹੈ ॥੨੯੭॥

**ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ ਕਾਸਟ ਅਗਨਿ ਗਤ ਟੇਵ ਨ ਟਰਤ ਹੈ ॥**

ਭਲੇ ਪੁਰਸ਼ ਸਾਧਾਂ ਦੀ ਸੰਗਤ ਗੁਰਮਤ ਵਾਲੀ

ਹੈ, ਅਤੇ ਬੁਰੇ ਪੁਰਸ਼ਾਂ ਦੀ ਸੰਗਤ ਖੋਟੀ ਮਤ ਵਾਲੀ ਹੈ, (ਜਿਸ ਤਰ੍ਹਾਂ) ਕਾਠ ਦੀ ਉਪਕਾਰ ਵਾਲੀ ਗਤੀ ਦੀ [ਟੇਵ] ਵਾਦੀ ਤੇ ਅਗਨੀ ਦੀ (ਵਿਗਾੜ ਵਾਲੀ) ਟੇਵ ਨਹੀਂ ਟਲਦੀ ਹੈ, (ਅਰਥਾਤ ਕਾਠ ਅਗਨੀ ਨੂੰ ਆਪਣੇ ਵਿਚ ਸਾਂਭਣ ਦਾ ਸੁਭਾਵ ਤੇ ਅਗਨੀ ਲਕੜਾਂ ਨੂੰ ਨਾਸ ਕਰਨ ਦਾ ਸੁਭਾਵ ਨਹੀਂ ਛਡਦੀ ਹੈ)।

**ਅਜਯਾ ਸਰਪ ਜਲ ਗੰਗ ਬਾਰੁਨੀ ਬਿਧਾਨ ਸਣ ਅਉ ਮਜੀਠ ਖਲ ਪੰਡਿਤ ਲਰਤ ਹੈ ॥**

ਬਕਰੀ, ਸੱਪ, ਗੰਗਾ ਜਲ ਤੇ ਸ਼ਰਾਬ ਦਾ [ਬਿਧਾਨ] ਜੋ ਕਥਨ ਕੀਤਾ ਹੈ, ਸਣ ਤੇ ਮਜੀਠ ਅਤੇ ਮੂਰਖ ਤੇ ਪੰਡਿਤ ਦੀ ਲੜਾਈ (ਸਦਾ ਹੀ ਬਣੀ ਰਹਿੰਦੀ ਹੈ)।

**ਕੰਟਕ ਪੁਹਪ ਸੈਲ ਘਟਿਕਾ ਸਨਾਹ ਸਸਤ੍ਰ ਹੰਸ ਕਾਗ ਬਗ ਬਿਆਧ ਮ੍ਰਿਗ ਹੋਇ ਨਿਬਰਤ ਹੈ ॥**

ਕੰਡਾ ਤੇ ਫੁਲ (ਇਕ ਥਾਂ ਇਕਠੇ ਰਹਿਕੇ ਭੀ ਵਖੋ ਵਖਰੇ ਸੁਭਾਵ ਵਾਲੇ ਹਨ), ਪਥਰ ਤੇ ਘੜਾ (ਇਕੋ ਮਿਟੀ ਵਿਚੋਂ ਪੈਦਾ ਹੋਕੇ ਭੀ ਸੁਭਾਵ ਇਕ ਨਹੀਂ ਰਖਦੇ), ਸਨਾਹ ਤੇ ਸ਼ਸਤ੍ਰ (ਇਕੋ ਲੋਹੇ ਤੇ ਇਕੋ ਲੁਹਾਰ ਤੋਂ ਬਣਕੇ ਭੀ ਵਿਰੋਧੀ ਸੁਭਾਵ ਵਾਲੇ ਹਨ) 'ਹੰਸ' ਕਾਂ ਤੇ ਬਗਲਾ (ਦਾ ਪਵਿਤ੍ਰ ਅਪਵਿਤ੍ਰ ਵਿਚਾਰ ਰਖੋ ਵਖਰਾ ਹੈ) ਹਰਨ ਤੇ ਸ਼ਿਕਾਰੀ ਦਾ ਨਿਬੇੜਾ ਭੀ ਕਿਸ ਤਰਾਂ ਹੋ ਸਕਦਾ ਹੈ?

**ਲੋਸਟ ਕਨਿਕ ਸੀਪ ਸੰਖ ਮਧੁ ਕਾਲਕੂਟ ਸੁਖ ਦੁਖ ਦਾਇਕ ਸੰਸਾਰ ਬਿਚਰਤ ਹੈ ॥ ੨੯੮ ॥**

ਲੋਹਾ ਤੇ ਸੋਨਾ, ਸਿਪ ਤੇ ਸੰਖ, ਜ਼ਹਿਰ ਤੇ ਅੰਮ੍ਰਿਤ (ਇਤਾਦਿਕ ਪਦਾਰਥ) ਸੁਖ ਤੇ ਦੁਖ ਦੇਣ ਵਾਲੇ ਹੋ ਕੇ ਸੰਸਾਰ ਵਿਚ ਵਿਚਰ ਰਹੇ ਹਨ ॥੨੯੮॥

**ਦਾਦਰ ਸਰੋਜ ਬਾਂਸ ਬਾਵਨ ਮਰਾਲ ਬਗ ਪਾਰਸ ਪਖਾਨ ਬਿਖੁ ਅੰਮ੍ਰਿਤ ਸੰਜੋਗ ਹੈ ॥**

ਡਡੂ ਤੇ ਕਮਲ (ਇਕੋ ਤਲਾਉ ਵਿਚ ਰਹਿੰਦੇ ਹਨ) ਬਾਂਸ ਤੇ ਬਾਵਨ (ਚੰਦਨ ਇਕੋ ਬਨ ਵਿਚ ਹੁੰਦੇ ਹਨ) ਪਾਰਸ ਤੇ ਪਥਰ (ਇਕੋ ਪਹਾੜ ਵਿਚ ਹੁੰਦੇ ਹਨ), ਜ਼ਹਿਰ ਤੇ ਅੰਮ੍ਰਿਤ ਦੇ ਮੇਲ (ਦੀ ਜਗ੍ਹਾ ਭੀ ਇਕੋ ਸਮੁੰਦਰ ਹੈ, ਪਰ ਇਹ ਇਕ ਦੂਜੇ ਦ ਗੁਣਾਂ ਤੋਂ ਹੀਨ ਹਨ)।

**ਮ੍ਰਿਗ ਮ੍ਰਿਗਮਦ ਅਹਿਮਨਿ ਮਧੁ ਮਾਖੀ ਸਾਖੀ ਬਾਂਝ ਬਧੂ ਨਾਹ ਨੇਹ ਨਿਹਫਲ ਭੋਗ ਹੈ ॥**

ਹਰਨ (ਦੇ ਤਨ) ਕਸਤੂਰੀ (ਹੁੰਦੀ ਹੈ, ਪਰ ਉਸਨੂੰ ਸੁਖ ਦੇ ਬਜਾਇ ਸਗੋਂ ਦੁਖ ਭੋਗਣਾ ਪੈਂਦਾ ਹੈ) ਸੱਪ ਦੇ ਸਿਰ ਤੇ ਮਣੀ (ਹੈ ਪਰ ਉਸਦੇ ਅਨੰਦ ਤੋਂ ਸਪ ਹੀਣਾ ਹੈ), ਸ਼ਹਿਦ ਤੇ ਮਖੀ ਦੀ ਸਾਖੀ (ਭੀ ਠੀਕ ਇਸੇ ਤਰ੍ਹਾਂ ਹੈ) ਅਤੇ ਬਾਂਝ ਇਸਤ੍ਰੀ ਨਾਲ ਪਤੀ ਦਾ ਪ੍ਰੇਮ ਤੇ ਭੋਗ (ਜਿਸ ਤਰ੍ਹਾਂ) ਨਿਹ-ਫਲ ਹੁੰਦਾ ਹੈ।

**ਦਿਨ ਕਰ ਜੋਤਿ ਉਲੂ ਬਰਖਾ ਸਮੈ ਜਵਾਸੋ ਅਸਨ ਬਸਨ ਜੈਸੇ ਬ੍ਰਿਥਾਵੰਤ ਰੋਗ ਹੈ ॥**

ਸੂਰਜ ਦੇ ਪ੍ਰਕਾਸ਼ ਵਿਚ ਭੀ ਉਲੂ (ਅੰਨਾ ਰਹਿੰਦਾ ਹੈ, ਬਾਰਸ਼ ਦੇ ਸਮੇਂ (ਸਾਰੇ ਬਨ, ਤ੍ਰਿਣ ਹਰੇ-ਭਰੇ ਹੋ ਜਾਂਦੇ ਹਨ, ਪਰ) ਜਵਾਂਸਾ (ਸੁਕਾ-ਸੜਾ ਹੀ ਰਹਿੰਦਾ ਹੈ), ਜਿਸ ਤਰ੍ਹਾਂ ਅੰਨ ਤੇ ਕਪੜੇ (ਸਭਨਾਂ ਨੂੰ ਸੁਖ ਦਾ ਸਾਧਨ ਹਨ, ਪਰ) ਰੋਗੀ ਨੂੰ ਪੀੜਾ ਦੇਣ ਦਾ ਕਾਰਨ ਹੁੰਦੇ ਹਨ।

**ਤੈਸੇ ਗੁਰਮਤਿ ਬੀਜ ਜਮਤ ਨ ਕਾਲਰ ਮੈ ਅੰਕੁਰ ਉਦੋਤ ਹੋਤ ਨਾਹਿਨ ਬਿਓਗ ਹੈ ॥ ੨੯੯ ॥**

ਇਸੇ ਤਰ੍ਹਾਂ ਗੁਰ ਉਪਦੇਸ਼ ਰੂਪ ਬੀਜ (ਵਿਕਾਰਾਂ

ਰੂਪ) ਕਲਰ ਵਿਚ ਉਗਦਾ ਹੀ ਨਹੀਂ ਹੈ(ਅਰਥਾਤ ਵਿਜੋਗ ਵਿਚ (ਸੰਜੋਗ ਦਾ) ਅੰਕੁਰ ਉਦੇ ਹੀ ਨਹੀਂ ਹੁੰਦਾ ਹੈ ॥੨੯੯॥

**ਸੰਗਮ ਸੰਜੋਗ ਪ੍ਰੇਮ ਨੇਮ ਕਉ ਪਤੰਗੁ ਜਾਨੈ ਬਿਰਹ ਬਿਓਗ ਸੋਗ ਮੀਨ ਭਲ ਜਾਨਈ ॥**

(ਪ੍ਰੀਤਮ ਦੇ)ਮਿਲਾਪ ਦਾ ਜੋ ਸੰਜੋਗ ਹੈ, ਉਸ ਸੰਜੋਗ ਦੇ ਪ੍ਰੇਮ ਦੇ ਨਿਯਮ ਨੂੰ ਪਤੰਗਾ ਚੰਗੀ ਤਰ੍ਹਾਂ ਜਾਣਦਾ ਹੈ, ਜੋ ਦੀਵੇ ਨੂੰ ਮਿਲਦਾ ਹੀ ਕੁਰਬਾਨ ਹੋ ਜਾਂਦਾ ਹੈ ਅਤੇ ਵਿਛੋੜੇ ਦੇ ਬਿਰਹ ਸੋਗ ਨੂੰ ਮਛੀ ਚੰਗੀ ਤਰ੍ਹਾਂ ਜਾਣਦੀ ਹੈ, ਜੋ ਪ੍ਰੀਤਮ ਪਾਣੀ ਤੋਂ ਵਿਛੜਿਆਂ ਹੀ ਤੜਫ ਤੜਫ ਕੇ ਮਰ ਜਾਂਦੀ ਹੈ ।

**ਇਕ ਟਕ ਦੀਪਕ ਧਿਆਨ ਪ੍ਰਾਨ ਪਰਹਰੈ ਸਲਿਲ ਬਿਓਗ ਮੀਨਜੀਵਨ ਨ ਮਾਨਈ ॥**

(ਕਿਉਂਕਿ ਪਤੰਗਾ)ਇਕ ਟੱਕ ਦੀਵੇ ਦਾ ਧਿਆਨ ਧਰਕੇ ਪ੍ਰਾਣਾ ਦਾ ਨਾਸ ਕਰ ਲੈਂਦਾ ਹੈ, ਅਤੇ ਪਾਣੀ ਵਿਛੜਕ ਮਛੀ ਜੀਉਣ ਦਾ ਸਮਾ ਨਹੀਂ ਪਾਂਦੀ ਹੈ।

**ਚਰਨ ਕਮਲਿ ਮਿਲ ਬਿਛੁਰੈ ਮਧੁਪ ਮਨ ਕਪਟ ਸਨੇਹ ਧ੍ਰਿਗੁ ਜਨਮ ਅਗਿਆਨਈ ॥**

(ਜੋ ਗੁਰੂ ਦੇ) ਚਰਨ ਕਮਲਾਂ ਨੂੰ ਮਿਲਿਆ ਤੇ ਵਿਛੜ ਭੀ ਗਿਆ, ਮਨ ਭੌਰਾ (ਬਣਕੇ) ਕਪਟ ਸਨੇਹ ਵਾਲਾ ਰਿਹਾ,ਇਸ ਲਈਅਜੇਹੇ ਅਗਿਆਨੀ ਦੇ ਜਨਮ ਨੂੰ ਧ੍ਰਿਕਾਰ ਹੈ ।

**ਨਿਹਫਲ ਜੀਵਨ ਮਰਨ ਗੁਰ ਬਿਮੁਖ ਹੁਇ ਪ੍ਰੇਮ ਅਰੁ ਬਿਰਹ ਨ ਦੋਊ ਉਰ ਆਨਈ ॥ ੩੦੦ ॥**

(ਉਸਦਾ) ਜੀਊਣਾ ਤੇ ਮਰਣਾ ਨਿਹਫਲਹੈ, ਜੋ ਗੁਰੂ ਤੋਂ ਬੇਮੁਖ ਹੋਇਆ ਹੈ, (ਕਿਉਂਕਿ ਉਸਨੇ) ਪ੍ਰੇਮ ਅਤੇ ਬਿਰਹ (ਇਹ) ਦੋਵੇਂ ਹੀ ਹਿਰਦੇ ਵਿਚ ਨਹੀਂ ਲਿਆਂਦੇ ਹਨ (ਅਰਥਾਤ) ਨਾ ਮਿਲਾਪ ਵੇਲੇ ਕੁਰਬਾਨ ਹੋਇਆ ਹੈ ਤੇ ਨਾ ਹੀ ਵਿਛੋੜੇ ਨੂੰ ਪ ਕੇ ਤੜਫਕੇ ਮੋਇਆ ਹੈ, ਇਸ ਕਰਕੇ ਇਸ ਦੇ ਦੋਵੇਂ ਹੀ ਕਰਮ ਬਿਅਰਥ ਹਨ ਤੇ ਇਸਦਾ ਪ੍ਰੇਮ ਨਹੀਂ ਹੈ, ਕਪਟ ਸਨੇਹ ਹੈ ॥੩੦੦॥

**ਦ੍ਰਿਸ਼ਟ ਦਰਸ ਲਿਵ ਦੇਖੈ ਅਉ ਦਖਾਵੈ ਸੋਈ ਸਰਬ ਦਰਸ ਏਕ ਦਰਸ ਕੈ ਜਾਨੀਐ ॥**

[ਦ੍ਰਿਸ਼ਟਿ=ਦ੍ਰਿਸ਼ਟੀ, ਨਜਰ । ਕਰਤਗਿ=]
[ਸਰਤਬਜ, ਕਰਨ ਯੋਗ ਕਾਰਜ ।]
ਸਰਬਗਿ=ਸਭ ਤਰ੍ਹਾਂ ਦੀ ਸਮਰਥਾ ਵਾਲਾ]
[ਕਰਤੂਤਿ=ਕ੍ਰਿਯਾ । ਕਰਤਾਰ=ਕਰਤਾ ।]
[ ਲਿਵ ਦ੍ਰਿਸ਼ਟੀ=ਪਿਆਰ ਭਰੀ ]
[ ਨਜਰ ਨਾਲ ]

ਪਿਆਰ ਭਰੀ ਨਜ਼ਰ ਨਾਲ ਦਰਸ਼ਨ ਨੂੰ ਓਹੀ ਵੇਖਦਾ ਹੈ ਅਤੇ ਵਿਖਾਂਦਾ ਹੈ, (ਜੋ) ਦਰਸ਼ਨਾਂ ਨੂੰ ਇਕ ਦਰਸ਼ਨ ਕਰਕੇ ਮੰਨਦਾ ਹੈ (ਅਰਥਾਤ-ਜੋ "ਸਰਬ ਰੂਪ ਤੇਰੇ ਨਾਰਾਇਣਾ ।" ਨਿਸਚੇ ਵਾਨ ਪੁਰਸ਼ ਹੈ, ਉਹੋ ਹੀ ਪ੍ਰੇਮ ਨਾਲ ਦਰਸ਼ਨ ਕਰਦਾ ਹੈ ਤੇ ਦੂਜਿਆਂ ਨੂੰ ਕਰਾਂਦਾ ਹੈ ।

**ਸ਼ਬਦ ਸੁਰਤਿ ਲਿਵ ਕਹਤ ਸੁਨਤ ਸੋਈ ਸਰਬ ਸਬਦ ਏਕ ਸ਼ਬਦ ਕੈ ਮਾਨੀਐ ॥**

ਲਿਵ ਸੁਰਤਿ ਨਾਲ ਸ਼ਬਦਨੂੰਕਹਿੰਦਾਤੇ ਸੁਣਦਾ ਭੀ ਓਹੀ ਹੈ ਜੋ ਸਾਰੇ ਸ਼ਬਦ ਨੂੰ ਇਕ ਸ਼ਬਦ ਕਰਕੇ ਮੰਨਦਾ ਹੈ, (ਅਰਥਾਤ "ਜੋ ਬਤਲ ਹੈ ਮ੍ਰਿਗ ਮੀਨ ਪੰਖੇਰੂ ਬਿਨੁ ਹਰਿਜਾਪਤ ਹੈਨਹੀਹੋਰੁ॥"ਸਾਰੇ ਸ਼ਬਦ ਹੀ ਇਕ ਬ੍ਰਹਮ ਦੇ ਸ਼ਬਦ ਹਨ,ਜਿਸਨਇਹਨਿਸਚਾ ਕੀਤਾ ਹੋਯਾ ਹੈ, ਓਹੋ ਪੁਰਸ਼ ਹੀ ਪ੍ਰੀਤਿ ਸੁਰਤਿਨਾਲ (ਗੁਰ) ਸ਼ਬਦ ਨੂੰ ਸੁਣਦਾ ਤੇ ਕਹਿੰਦਾ ਹੈ) ।

**ਕਾਰਨ ਕਰਨ ਕਰਤਗਿ ਸਰਬਗਿ ਸੋਈ ਕਰਮ ਕਰਤੂਤਿ ਕਰਤਾਰੁ**

ਪਹਿਚਾਨੀਐ ॥

ਕਾਰਨ ਕਰਨ ਤੇ ਕਰਤਬਜ ਵਿਚ ਉਹੀ ਸਰਬਗਜ ਹੈ, (ਜੋ) ਕਰਮ, ਕਰਤੂਤ ਤੇ ਕਰਤਾਰ ਨੂੰ ਪਛਾਨਦਾ ਹੈ. (ਅਰਥਾਤ ਕਰਮ, ਕ੍ਰਿਯਾ ਤੇ ਕਰਤਾ ਤਿੰਨਾਂ ਦੀ ਏਕਤਾ ਤੋਂ ਹੀ ਕਰਨ ਕਾਰਨ ਦੀ ਏਕਤਾ ਦ੍ਵਾਰ ਕਾਰਜ ਪੈਦਾ ਹੁੰਦਾ ਹੈ)।

**ਸਤਿਗੁਰ ਗਿਆਨ ਧਿਆਨ ਏਕ ਹੀ ਅਨੇਕ ਮੇਕ ਬ੍ਰਹਮ ਬਿਏਕ ਟੇਕ ਏਕੈ ਉਰ ਆਨੀਐ॥ ੩੦੧ ॥**

ਸਤਿਗੁਰੂ ਦੇ (ਬਖਸ਼ੇ ਹੋਏ)ਗਿਆਨ ਅਨੁਸਾਰ) ਧਿਆਨ (ਕੀਤਾ ਹੈ, ਕਿ) ਇਕ ਬ੍ਰਹਮ ਹੀ ਅਨੇਕ (ਪਦਾਰਥਾਂ ਵਿਚ) ਮਿਲਿਆ ਹੋਇਆ ਹੈ, (ਤਾਂਤੇ) ਬ੍ਰਹਮ ਬਿਬੇਕ ਦੀ ਇਕੋ ਓਟ ਹਿਰਦੇ ਵਿਚ ਲਿਆਣੀ ਚਾਹੀਦੀ ਹੈ ।।੩੦੧।।

**ਕਿੰਕਤ ਕਟਾਛ ਮਾਇਆ ਮੋਹੇ ਬ੍ਰਹਮੰਡ ਖੰਡ ਸਾਧ ਸੰਗਿ ਰੰਗ ਮੈ ਬਿਮੋਹਿਤ ਮਗਨ ਹੈ ॥**

(ਜਿਸਦੇ) ਰਤਾ ਜਿੰਨੇ ਅੱਖ ਦੇ ਇਸ਼ਾਰੇ ਨਾਲ ਮਾਇਆ ਨੇ ਖੰਡਾਂ ਬ੍ਰਹਮੰਡਾਂ ਨੂੰ ਮੋਹ ਲਿਆਹੋਇਆ ਹੈ, (ਉਹ ਮਾਯਾ ਪਤੀ) ਸਾਧ ਸੰਗ ਦੇ ਰੰਗ ਵਿਚ ਵਿਮੋਹਤ ਹੋ ਕੇ ਮਗਨ ਹੋ ਰਿਹਾ ਹੈ (ਅਰਥਾਤ ਪ੍ਰਭੂ ਸਾਧ ਸੰਗ ਦੇ ਪ੍ਰੇਮ ਵਿਕ ਆਪ ਭੁਲ ਕੇ ਸਾਧ ਸੰਗ ਵਿਚ ਲੀਨ ਹੋ ਰਿਹਾ ਹੈ, ਤਦੇ ਤਾਂ "ਵਿਚਿ ਸੰਗਤਿ ਹਰਿ ਪ੍ਰਭੁ ਵਸੈ" ਹੁਕਮ ਆਉਂਦਾ ਹੈ)।

**ਜਾਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ ਕੀਰਤਨ ਸਮੈ ਸਾਧ ਸੰਗਿ ਸੌ ਲਗਨ ਹੈ ॥**

ਜਿਸਦੇ [ਓਅੰਕਾਰ]ਫੁਰਨੇ ਕਰਕੇ ਅਨੇਕ ਤਰਾਂ ਦੇ ਸਰੀਰਾਂ (ਵਾਲੇ ਸੰਸਾਰ ਦੀ ਰਚਨਾਂ ਹੋ ਗਈ)ਹੈ, (ਸ਼ਬਦ) ਕੀਰਤਨ ਸਮੇਂ ਉਹ (ਪ੍ਰਭੂ) ਸਾਧ ਸੰਗ ਦੇ ਨਾਲ ਹੀ ਮਿਲ ਰਿਹਾ ਹੋਯਾ (ਪ੍ਰਤੱਖ ਦਿਸਦਾ ਹੈ)।

**ਸ਼ਿਵ ਸਨਕਾਦਿ ਬ੍ਰਹਮਾਦਿ ਆਗਿਆਕਾਰੀ ਜਾਕੈ ਅਗ੍ਰਭਾਗ ਸਾਧ ਸੰਗਿ ਗਨਨੁ ਅਗਨ ਹੈ ॥**

ਸ਼ਿਵਜੀ (ਵਰਗੇ ਧਿਆਨੀ) ਸਨਕ ਵਰਗੇ (ਬ੍ਰਹਮਚਾਰੀ) ਤੇ ਬ੍ਰਹਮਾਂ ਵਰਗੇ (ਵੇਦ ਪਾਠੀ) ਜਿਸਦੇ ਆਗਿਆ ਕਾਰੀ ਹਨ, (ਉਹ) [ਅਗਨ] ਅਗਿਣਤ [ਗਨਨੁ] ਗੁਣਾਂ ਵਾਲਾ (ਭਗਵਾਨ) ਸਾਧ ਸੰਗਤ ਦੇ [ਅਗ੍ਰਭਾਗ] ਸਾਹਮਣੇ(ਸੇਵਾ ਕਰਨ ਲਈ ਹਾਜਰ ਖੜਾ ਰਹਿੰਦਾ ਹੈ)।

**ਅਗਮ ਅਪਾਰ ਸਾਧ ਮਹਿਮਾ ਅਪਾਰ ਬਿਖੈ ਅਤਿ ਲਿਵ ਲੀਨ ਜਲ ਮੀਨ ਅਭਗਨ ਹੈ ॥ ੩੦੨ ॥**

ਸਾਧ ਦੀ ਮਹਿਮਾ (ਜਿਸਦਾ) ਪਾਰ ਨਹੀ (ਲੱਭਦਾ ਹੈ, ਉਸ ਮਹਿਮਾ ਵਿਚ) ਅਗਮ ਅਪਾਰ (ਪ੍ਰਭੂ ਇਸ ਤਰ੍ਹਾਂ) ਅਤਯੰਤ ਲਿਵ ਲੀਨ (ਜਿਸ ਤਰ੍ਹਾਂ) ਜਲ ਨਾਲ ਮੱਛੀ ਦੀ [ਅਭਗਨ] ਅਟੁਟ ਲਿਵ ਲੀਨਤਾ ਹੈ(ਅਰਥਾਤ ਜਿਸ ਤਰ੍ਹਾਂ ਮਛੀਪਾਣੀ ਤੋਂ ਕਦੇ ਭੀ ਅਲੱਗ ਨਹੀਂ ਹੋ ਸਕਦੀ ਤੇ ਨਾ ਹੀ ਅਲੱਗ ਹੋਕੇ ਜੀਉਂਦੀ ਰਹਿ ਸਕਦੀ ਹੈ, ਇਸੇ ਤਰਾਂ ਉਹ ਪ੍ਰਭੂ ਨਾ ਸਾਧ ਸੰਗ ਦੀ ਮਹਿਮਾ ਤੋਂ ਵਖਰਾ ਹੈ ਤੇ ਨਾਂ ਹੀ ਭਖਰਾ ਰਹਿ ਸਕਦਾ ਹੈ) ।।੩੦੨।।

**ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ ਦਰਸ਼ਨ ਸਾਧ ਸੰਗਿ ਮੇਰੋ ਨਿਜ ਰੂਪ ਹੈ ॥**

ਹੇ ਨਾਰਦ ਮੁਨੀ ! ਸਾਧ ਸੰਗਤ ਮੇਰਾ ਘਰ ਹੈ ਅਤੇ ਸਾਧ ਸੰਗ ਦਾ ਦਰਸ਼ਨ ਹੀ ਮੇਰਾ ਦਰਸ਼ਨ ਹੈ।

**ਸਾਧ ਸੰਗੁ ਮੇਰੋ ਪਿਤਾ ਮਾਤਾ ਅਉ ਕੁਟੰਬ ਸਖਾ ਸਾਧ ਸੰਗੁ ਮੇਰੋ ਸੁਤੁ ਸ੍ਰੇਸ਼ਟ ਅਨੂਪ ਹੈ ॥**

ਸਾਧ ਸੰਗ ਹੀ ਮੇਰਾ ਮਾਂ ਪਿਉ ਪਰਵਾਰ ਹੈ ਤੇ ਪਿਆਰੇ ਮਿਤ੍ਰ ਹਨ, ਅਤੇ ਸਾਧ ਸੰਗ ਹੀ ਮੇਰਾ ਮਹਾਂ

ਸੁੰਦਰ ਸ੍ਰੇਸ਼ਟ ਪੁਤ੍ਰ ਹੈ।

**ਸਾਧ ਸੰਗੁ ਸਰਬ ਨਿਧਾਨੁ ਪ੍ਰਾਨ ਜੀਵਨ ਮੈ ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ ॥**

ਸਾਧ ਸੰਗ (ਹੀ ਮੇਰੇ) ਸਰਬ ਭੰਡਾਰ, ਪ੍ਰਾਣ ਤੇ ਜੀਵਨ ਰੂਪ ਹੈ, ਸਾਧ ਸੰਗ (ਹੀ ਮੇਰਾ) ਆਪਣਾ ਸਥਾਨ ਹੈ,ਸੇਵਾ ਅਤੇ ਧੂਪ-ਦੀਪ[ਆਰਤੀ-ਪੂਜਾ]ਹੈ।

**ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ ਸਾਧਸੰਗ ਸੋਭਾ ਅਤਿਉਪਮਾ ਅਉ ਊਪ ਹੈ ॥ ੩੦੩ ॥**

ਸਾਧ ਸੰਗਿ (ਹੀ ਮੇਰਾ) ਰੰਗ, ਰਸ, ਭੋਗ, ਸੁਖ ਤੇ ਸ਼ਾਂਤਿ ਰੂਪ ਹੈ, ਸਾਧ ਸੰਗ (ਹੀ ਮੇਰੀ) ਸੋਭਾ, ਉਪਮਾ ਅਤੇ 'ਅਤਿ ਉਪਮਾਂ' ਹੈ ॥੩੦੩॥

ਨੋਟ:–ਸ੍ਰੀ ਮਦ ਭਾਗਵਤ ਦੇ ਕਈ ਸਲੋਕਾਂ ਦਾ ਹੀ ਅਨੁਵਾਦ ਹੈ।

**ਅਗਮ ਅਪਾਰ ਦੇਵ ਅਲਖ ਅਭੇਵ ਅਤਿ ਅਨਿਕ ਜਤਨ ਕਰਿ ਨਿਗ੍ਰਹ ਨ ਪਾਈਐ ॥**

(ਜੋ ਪਰਮਾਤਮ) ਦੇਵ ਅਗਮ, ਅਪਾਰ, ਅਲਖ ਤੇ ਅਤਯੰਤ ਅਭੇਵ ਹੈ, [ਨਿਗ੍ਰਹ] ਇੰਦ੍ਰੇ ਕਾਬੂ ਰਖਣ ਆਦਿਕ ਅਨੇਕਾਂ ਤਰ੍ਹਾਂ ਦੇ ਜਤਨ ਕਰਕੇ (ਭੀ ਉਸਨੂੰ) ਨਹੀਂ ਪਾਈਦਾ ਹੈ।

ਅਥਵਾ–'ਨਿਗ੍ਰਹ' ਹਠ ਧਾਰਕੇ (ਜੋ) ਅਨੇਕਾਂ ਦੇ ਜਤਨ ਕੀਤੇ ਜਾਂਦੇ ਹਨ।

ਅਥਵਾ–ਹਠ ਯੋਗ ਦੇ ਜੋ-ਯਮ,ਨਿਯਮ,ਆਸਨ, ਪ੍ਰਾਣਾਯਾਮ, ਪ੍ਰਤਿਹਾਰ, ਧਾਰਣਾ, ਧਿਆਨ ਤੇ ਸਮਾਧੀ ਆਦਿਕ ਅਨਕ ਤਰ੍ਹਾਂ ਦੇ ਜਤਨ ਕਰਕੇ ਨਹੀਂ ਪਾਈਦਾ ਹੈ।

**ਪਾਈਐ ਨ ਜਗ ਭੋਗ ਪਾਈਐ ਨ ਰਾਜ ਜੋਗ ਨਾਦ ਬਾਦ ਬੇਦ ਕੈ ਅਗਹੁ ਨ ਗਹਾਈਐ ॥**

ਬ੍ਰਹਮ ਭੋਜ ਆਦਿਕ ਯੱਗ ਕਰਕੇਨਹੀਂ ਪਾਈਦਾ ਹੈ, ਰਾਜ (ਕਰਕ ਤੇ) ਜੋਗ (ਕਰਕੇ,ਅਥਵਾ)ਰਾਜ-ਜੋਗ ਕਰਕੇ ਨਹੀਂ ਪਾਈਦਾ ਹੈ, ਵਾਜਿਆਂ ਦੇ ਨਾਦ (ਕਰਕੇ ਜਾਂ)ਵੇਦਾ ਦੇ ਵਾਦ-ਨਿਰਣੇ ਆਦਿ)ਕਰਕੇ (ਭੀ ਜੋ) [ਅ+ਗਹੁ] ਨਹੀਂ ਫੜਿਆ (ਜਾਣ ਵਾਲਾ, ਉਸਨੂੰ ਕਿਸ ਤਰ੍ਹਾਂ ਫੜ ਸਕੀਦਾ ਹੈ ?

**ਤੀਰਥ ਪੁਰਬਿ ਦੇਵਿ ਦੇਵ ਸੇਵ ਕੈ ਨ ਪਾਈਐ ਕਰਮ ਧਰਮ ਬ੍ਰਤਿ ਨੇਮ ਲਿਵ ਲਾਈਐ ॥**

ਤੀਰਥਾਂ ਦੇ ਪੂਰਬੀ (ਇਸ਼ਨਾਨ ਕਰਨ ਕਰਕੇ) ਤੇ ਦੇਵੀਆਂ ਦੇਵਤਿਆਂ ਦੀ ਸੇਵਾ ਕਰਕੇ ਨਹੀਂ ਪਾਈਦਾ ਹੈ, ਅਤੇ ਕਰਮ ਦੇ ਧਰਮ, ਵਰਤ ਰਖਣੇ, (ਚੰਦ੍ਰਾਇਣ ਆਦਿਕ) ਵਰਤਾਂ ਦੇ ਨੇਮ ਵਿਚ ਲਿਵ ਲਾਈਏ (ਤਾਂ ਭੀ) ਨਹੀਂ ਪਾਈਦਾ ਹੈ।

**ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਬੈ ਸਾਵਧਾਨ ਸਾਧ ਸੰਗ ਹੁਇ ਸ਼ਬਦੁ ਸੁ ਗਾਈਐ ॥ ੩੦੪ ॥**

(ਜੋ) ਅਨੇਕ ਤਰਾ ਦੇ ਸ਼ੁਭ ਕਰਮ ਕਰਨੇ ਹਨ, (ਇਹ) ਸਾਰੇ ਹੀ ਨਿਸਫਲ ਹਨ, (ਕੇਵਲ) ਸਾਧ ਸੰਗ ਕਰਦੇ ਹੋਇਆਂ ਸਾਵਧਾਨ ਹੋਕੇ (ਗੁਰ)ਸ਼ਬਦਾਂ ਨੂੰ ਹੀ ਗਾਉਣਾ ਚਾਹੀਦਾ ਹੈ ॥੩੦੪॥

**ਸੁਫਨ ਚਰਿਤ੍ਰ ਚਿਤ੍ਰ ਜੋਈ ਦੇਖੈ ਸੋਈ ਜਾਨੈ ਦੂਸਰੋ ਨ ਦੇਖੈ ਪਾਵੈ ਕਹੋ ਕੈਸੇ ਜਾਨੀਐ ॥**

(ਜਿਸ ਤਰਾਂ)ਸੁਫਨੇ ਦੇ ਨਜ਼ਾਰੇ ਰੂਪ ਚਿੱਤ੍ਰ ਨੂੰ ਜੇਹੜਾ ਵੇਖਦਾ ਹੈ,ਓਹੀ ਜਾਣਦਾ ਹੈ,ਦੂਸਰਾ (ਕੋਈ ਪੁਰਸ਼ ਉਨ੍ਹਾਂ ਨੂੰ)ਨਾ ਵੇਖਦਾ ਹੈ ਤੇ ਨਾ(ਭੇਦ)ਪਾਂਦਾ ਹੈ,(ਇਸੇ ਤਰ੍ਹਾਂ ਨਾਮ ਜਪਣ ਦੇ ਅਨੰਦ ਨੂੰ) ਨਾ ਕੋਈ ਦੂਜਾ ਵੇਖਦਾ ਹੈ ਤੇ ਨਾ ਹੀ ਪਾਂਦਾ ਹੈ, (ਤਾਂ ਫਿਰ ਦਸ, ਕਿਸ ਤਰਾਂ ਜਾਣਿਆਂ ਜਾਏਗਾ ?

**ਨਾਲਿ ਬਿਖੈ ਬਾਤ ਕੀਏ ਸੁਨੀਅਤ**

**ਕਾਨੁ ਦੀਏ ਬਕਤਾ ਅਉ ਸ੍ਰੋਤਾ ਬਿਨੁ ਕਾ ਪੈ ਉਨਮਾਨੀਐ ॥**

(ਜਿਸ ਤਰ੍ਹਾਂ) ਨਾਲੀ [ਜਾਂ ਟੈਲੀਫੋਨ] ਵਿਚਗੱਲ ਕਰੀਏ ਤਾਂ ਕੰਨ ਦੇਕੇ ਸੁਣੀ ਜਾਂਦੀ ਹੈ, ਅਤੇ (ਗੱਲ ਨੂੰ) ਕਹਿਣ ਵਾਲੇ ਤੇ ਬੁਨਣ ਵਾਲਤੋਂ ਬਿਨਾਂ(ਹੋਰ) ਕਿਸ ਪ ਸੋਂ (ਉਸਦੀ) ਵਿਚਾਰ ਕੀਤੀ ਜਾਂਦੀ ਹੈ ? (ਇਸੇ ਤਰ੍ਹਾਂ ਗੁਰ ਮੰਤ੍ਰ ਨੂੰ ਕੰਨ ਦੇਕੇ ਸੁਨਣ ਵਾਲੇ ਸਿਖ ਤੇ ਗੁਰੂ ਤੋਂ ਬਿਨਾਂ, ਗੁਰ ਮੰਤ੍ਰ ਦੇ ਰਹਸਜ ਨੂੰ ਕੌਣ ਵੀਚਾਰ ਸਕਦਾ ਹੈ ?)।

**ਪਘੁਲਾ ਕੇ ਮੂਲ ਬਿਖੈ ਜੈਸੇ ਜਲ ਪਾਨ ਕੀਜੈ ਲੀਜੀਐ ਜਤਨ ਕਰਿ ਪੀਏ ਮਨੁ ਮਾਨੀਐ ॥**

ਜਿਸ ਤਰ੍ਹਾਂ [ਪਘੁਲਾ] ਕਮਲ ਦੇ ਮੂਲ [ਕਮਲ ਨਾਲੀ ਭੇਂਹ]ਨਾਲ ਵਿਚੋਂ ਪੀਤਾ ਜਾਂਦਾਹੈ, ਜੋ ਪੀਤਾ ਜਾਣਾ ਮਲੂਮ ਮਨ ਨੂੰ ਭਾਉਂਦਾ ਹੈ,(ਇਸ ਲਈ ਉਸਨੂੰ ਅਨੇਕ ਤਰਾਂ ਦੇ) ਜਤਨ ਕਰਕੇ ਪਾ ਲਈਦਾ ਹੈ।

**ਗੁਰ ਸਿਖ ਸੰਧਿ ਮਿਲੇ ਗੁਹਜ ਕਥਾ ਬਿਨੋਦ ਗਿਆਨ ਧਿਆਨ ਪ੍ਰੇਮ ਰਸ ਬਿਸਮ ਬਿਧਾਨੀਐ ॥ ੩੦੫ ॥**

(ਇਸੇ ਤਰਾਂ) ਗੁਰਸਿਖ ਦੀ ਸੰਧੀ ਦੇ ਮਿਲਨ ਦੇ ਬਿਨੋਦ ਤੇ ਕਥਾ ਗੁਹਜ [ਗੁਪਤ] ਹੈ, (ਜਿਸਦੇ) ਗਿਆਨ, ਧਿਆਨ ਤੇ ਪ੍ਰੇਮ ਰਸ ਦੀ ਅਚਰਜ ਮਰ-ਯਾਦਾ ਹੈ ॥੩੦ ॥

**ਨਵਨ ਗਵਨ ਜਲ ਸੀਤਲ ਅਮਲ ਜੈਸੇ ਅਗਨਿ ਉਰਧ ਮੁਖ ਤਪਤ ਮਲੀਨ ਹੈ ॥**

ਜਿਸ ਤਰ੍ਹਾਂ ਪਾਣੀ ਨੀਵਾਂ ਹੋਕੇ ਨੀਵੇਂਪਾਸੇ ਵਲ ਗਵਨ [ਜਾਣਾ] ਕਰਦਾ ਹੈ, ਇਸ ਲਈ ਠੰਡਾ ਤੇ ਨਿਰਮਲ ਹੈ) ਅਤੇ ਅੱਗ ਉਚਾ ਮੂੰਹ (ਰਖਦੀ ਹੈ, ਇਸੇ ਕਰਕੇ) ਤੱਤੀ ਤੇ ਮਲੀਨ (ਰਹਿੰਦੀ) ਹੈ।

**ਸਫਲ ਹੋਇ ਆਂਬ ਝੁਕੇ ਰਹਿਤ ਹੈ ਚਿਰੰਕਾਲ ਨਿਵੈ ਨ ਅਰਿੰਡ ਤਾ ਤੇ ਆਰਬਲਾ ਛੀਨ ਹੈ ॥**

(ਜਿਸ ਤਰਾਂ) ਅੰਬ ਸਫਲ ਹੋ ਕੇ ਝੁਕਿਆ ਰਹਿੰਦਾ ਹੈ, (ਇਸੇ ਕਰਕੇ ਉਸਦੀ) ਬਹੁਤ ਲੰਮੀ ਉਮਰਾ ਹੈ ਅਤੇ ਅਰਿੰਡ ਨੀਵਾਂ ਨਹੀਂ ਹੁੰਦਾ ਹੈ, ਇਸੇ ਕਰਕੇ (ਉਸਦੀ) ਥੋੜੀ ਜਿੰਨੀ ਉਮਰਾ ਹੈ।

**ਚੰਦਨ ਸੁਬਾਸ ਜੈਸੇ ਬਾਸੀਐ ਬਨਾਸਪਤਿ ਬਾਂਸ ਤਉ ਬਡਾਈ ਬੂਡਿਓ ਸੰਗ ਲਿਵ ਲੀਨ ਹੈ ॥**

ਜਿਸ ਤਰ੍ਹਾਂ ਚੰਦਨ ਦੀ ਸੁਗੰਧੀ(ਨੀਵੀ)ਬਨਾਸ-ਪਤੀ ਵਿਚ ਵਸ ਜਾਂਦੀ ਹੈ,(ਪਰ)ਵਾਂਸਤਾਂ (ਆਪਣੇ ਉਚਾਹੋਣ ਦੀ ਵਡਿਆਈ ਵਿਚ ਡੁਬਾ ਰਹਿੰਦਾ ਹੈ, (ਇਸ ਕਰਕੇ,ਚੰਦਨ ਦੇ)ਨਾਲ (ਅਠੇ ਪਹਰ) ਲਿਵ ਲੀਨ[ਲਗਾ] ਰਹਿਣ ਕਰਕੇ(ਭੀ ਸੁਗੰਧੀਤੋਂ ਖਾਲੀ ਰਹਿੰਦਾ ਹੈ)।

**ਤੈਸੇ ਹੀ ਅਸਾਧ ਸਾਧ ਅਹੰਬੁਧਿ ਨਿੰਮ੍ਰਤਾ ਕੈ ਸਨ ਅਉ ਮਜੀਠ ਗਤਿ ਪਾਪ ਪੁੰਨ ਕੀਨ ਹੈ॥ ੩੦੬ ॥**

ਇਸੇ ਤਰ੍ਹਾਂ ਅਸਾਧ ਹੰਕਾਰਬੁਧੀ ਵਾਲਾ ਤੇ ਸਾਧੂ ਨਿੰਮ੍ਰਤਾ ਵਾਲਾ ਹੁੰਦਾ ਹੈ, ਸਾਧੂ ਮਜੀਠ ਵਾਂਗੂ ਪੁੰਨ ਕਰਨ ਦੀ ਗਤੀ ਵਾਲਾ ਹੁੰਦਾ ਹੈ ਅਤੇ ਅਸਾਧੂ ਸਣ ਵਾਂਗੂ ਪਾਪਕਰਨ ਦੀਗਤੀਵਾਲਾ ਹੁੰਦਾ ਹੈ॥੩੦੬॥

**ਸਕਲ ਬਨਾਸਪਤੀ ਬਿਖੈ ਦ੍ਰੁਮ ਦੀਰਘ ਦੁਇ ਨਿਹਫਲ ਭਏ ਬੂਡੇ ਬਹੁਤ ਬਡਾਈ ਕੇ ॥**

ਸਾਰੀ ਬਨਾਸਪਤੀ ਵਿਚੋਂ ਦੋ ਦਰਖਤ ਹੀ ਵਡੇ ਹਨ ਇਕ ਸਿੰਮਲ ਤੇ ਦੂਜਾ ਵਾਂਸ ਇਹ ਵਡਿ-ਆਈ ਦੇ ਮਾਨ ਵਿਚ ਡੁਬੇ ਹੋਣ ਕਰਕੇ ਨਿਸਫਲ ਹੀ ਰਹਿੰਦੇ ਹਨ।

**ਚੰਦਨ ਸੁ ਬਾਸਨਾ ਕੈ ਸੇਂਬੁਲੁ ਸੁਬਾਸੁ ਹੋਤ ਬਾਂਸ ਨਿਰਗੰਧ ਬਹੁ ਗਾਂਠਨ ਢਿਠਾਈ ਕੈ ॥**

ਚੰਦਨ ਦੀ ਸੁਗੰਧੀ ਕਰਕੇ ਸਿੰਮਲ ਚੰਦਨ ਹੋ ਜਾਂਦਾ ਹੈ ਪਰ ਬਾਂਸ (ਚੰਦਨ ਦੇ ਕੋਲ ਰਹਿਕੇ ਭੀ) ਵਾਸ਼ਨਾ ਤੋਂ ਹੀਨ ਰਹਿੰਦਾ ਹੈ, (ਕਿਉਂਕਿ ਉਹ) ਬਹੁਤੀਆਂ ਗੰਢਾਂ ਵਾਲਾ ਹੋਣ ਢੀਠਤਾ ਕਰਕੇ ਸੁਗੰਧੀ ਗ੍ਰਹਨ ਨਹੀਂ ਕਰਦਾ ਹੈ।

**ਸੈਂਬਲ ਕੇ ਫਲ ਤੂਲ ਖਗ ਮ੍ਰਿਗ ਛਾਇਆ ਤਾਕੈ ਬਾਂਸ ਤਉ ਬਰਨ ਦੋਖੀ ਜਾਰਤ ਬੁਰਾਈ ਕੈ ॥**

ਸਿੰਬਲ ਦੇ ਫਲ ਹੁੰਦੇ ਹਨ, ਰੂੰਈ (ਹੁੰਦੀ ਹੈ), ਉਸ ਦੀ ਛਾਂ ਹੇਠਾਂ ਪੰਛੀ ਤੇ ਹਰਨ [ਵਗੈਰਾ ਸੁਖ ਪਾਂਦੇ ਹਨ, ਪਰ) ਵਾਂਸ ਤਾਂ (ਆਪਣੀ) [ਵਰਨ] ਜਾਤਿ ਦਾ ਦੋਖੀ ਹੈ, (ਕਿਉਂਕਿ ਵਾਂਸ ਆਪਣੇ ਵਿਚੋਂ ਅਗ ਕਢ ਕੇ ਸਾਰੇ ਵਾਂਸ ਨੂੰ) ਸਾੜ ਦੇਂਦਾ ਹੈ, (ਇਸ) ਬੁਰਾਈ ਕਰਕ (ਉਸ ਤੋਂ ਕਿਸੇ ਨੂੰ ਭੀ ਫੈਜ਼ ਨਹੀਂ ਪੁਜਦਾ ਹੈ)।

**ਤੈਸੇ ਹੀ ਅਸਾਧ ਸਾਧ ਹੋਤ ਸਾਧ ਸੰਗਤਿ ਕੈ ਤ੍ਰਿਸਟੈ ਨ ਗੁਰ ਗੋਪਿ ਦ੍ਰੋਹ ਗੁਰ ਭਾਈ ਕੈ ॥੩੦੭॥**

ਇਸੇ ਤਰ੍ਹਾਂ ਹੀ ਸਾਧ ਦਾਸੰਗ ਕਰਕੇ ਅਸਾਧਤਾਂ ਸਾਧ ਹੋ ਸਕਦਾ ਹੈ, (ਪਰ) ਗੁਰਭਾਈ ਨਾਲ ਦ੍ਰੋਹ ਕਰਨਵਾਲਾਗੁਰਗੋਪ(ਸਾਧਸੰਗਵਿਚ)ਟਿਕਹੀਨਹੀਂ ਸਕਦਾਹੈ(ਅਰਥਾਤਜੋਹੜਾਸਿਖਹੋਕੇਗੁਰਸਿਖਾਂ ਨਾਲ ਛਲ ਫਰੇਬ ਤੇ ਠਗੀ ਦਾ ਵਰਤਾਵ ਕਰਦਾ ਹੈ,ਉਸ ਨੂੰ ਚੁਰ ਸੀ ਲਖ ਜੂਨਾਂ ਵਿਚ ਫਿਰਦੇ ਹੋਇਆਂਕਿਤੇ ਭੀ ਸੁਖ ਚੈਨ ਨਹੀਂ ਮਿਲਦਾ ਹੈ) ॥੩੦੭॥

**ਬਿਰਖ ਬਲੀ ਮਿਲਾਪ ਸਫ਼ਲ ਸਘਨ ਛਾਇਆ ਬਾਂਸ ਤਉ ਬਰਨ ਦੋਖੀ ਮਿਲੈ ਜਰੈ ਜਾਰਿ ਹੈ ॥**

(ਜਿਸ ਤਰ੍ਹਾਂ)ਦਰਖਤ ਨਾਲ ਵੇਲ ਦਾ ਮਿਲਾਪ (ਹੋਣ ਕਰਕੇ ਵੇਲ) ਫਲ ਵਾਲੀ ਤੇ ਸੰਘਣੀ ਛਾਂ ਵਾਲੀ ਹੋ ਜਾਂਦੀ ਹੈ, (ਪਰ) ਵਾਂਸ ਤਾਂ ਵਰਨ ਦੋਖੀ [ਕੁਲਘਾਤੀ] ਹੈ, (ਜੋ ਭੀ ਇਸ ਨਾਲ)ਮਿਲ ਜਾਵੇ, (ਆਪ) ਸੜਕੇ (ਉਸ ਨੂੰ ਭੀ) ਸਾੜ ਦੇਂਦਾ ਹੈ।

**ਸਫਲ ਹੁਇ ਤਰਹਰਿ ਝੁਕਤਿ ਸਕਲ ਤਰੁ ਬਾਂਸੁ ਤਉ ਬਡਾਈ ਬੂਡਿਓ ਆਪਨਿ ਸੰਮਾਰਿ ਹੈ ॥**

ਸਾਰੇ ਦਰਖਤ ਫਲਾਂ ਵਾਲੇ ਹੋਕੇ [ਤਰਹਰ] ਨੀਵੇਂ ਨੂੰ ਝੁਕ ਪੈਂਦੇ ਹਨ, (ਪਰ) ਵਾਂਸ ਤਾਂ ਵਡ ਹੋਣ ਦੇ ਮਾਣ ਵਿਚ ਹੀ ਡੁਬਾ ਹੋਇਆ (ਸਭ ਤੋਂ ਉਚਾ) ਆਪ ਨੂੰ ਹੀ ਗਿਣਦਾ ਹੈ।

**ਸਕਲ ਬਨਾਸਪਤੀ ਸੁਧਿ ਰਿਦੈ ਮੋਨਿ ਗਹੇ ਬਾਂਸ ਤਉ ਗੀਤੋ ਗਠੀਲੋ ਬਾਜੇ ਧਾਰਿ ਮਾਰਿ ਹੈ ॥**

ਸਾਰੀ ਬਨਾਸ਼ਪਤੀ ਸੁਧ ਹਿਰਦੇ ਵ ਲੀ ਹੋਣ ਕਰਕੇ ਚੁਪ ਕਰਕੇ ਖੜੀ ਰਹਿੰਦੀ ਹੈ, ਪਰ ਗੰਢਾਂ ਵਾਲਾ ਵਾਂਸ ਵਜਦਾ [ਰੌਲਾ ਪਾਂਦਾ] ਤੇ ਧਾਹਾਂ ਮਾਰਦਾ ਹੈ (ਅਰਥਾਤ ਹਵਾ ਦੇ ਜ਼ੋਰ ਨਾਲ ਹਰ ਵੇਲੇ ਸਾਂ-ਸਾਂ ਕਰਦਾ ਰਹਿੰਦਾ ਹੈ)।

**ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ ਗੁਰ ਸਿਖ ਦੋਖੀ ਬਜਰ ਪ੍ਰਾਨੀ ਨ ਉਧਾਰਿ ਹੈ ॥੩੦੮॥**

(ਵਾਂਸ)ਚੰਦਨ ਦੇ ਕੋਲ ਮੌਜੂਦ ਹੁੰਦਾ ਹੋਇਆ ਭੀ ਵਾਸ਼ਨਾ ਤੋਂ ਹੀਨ ਰਹਿੰਦਾ ਹੈ, (ਇਸੇ ਤਰ੍ਹਾਂ) ਗੁਰ ਸਿਖਾਂ (ਨਾਲ ਵਿਰੋਧ ਕਰਨ ਵਾਲੇ) ਬਜਰ ਪਾਪੀ ਪੁਰਸ਼ ਦਾ ਉਧਾਰ ਨਹੀਂ ਹੁੰਦਾ ਹੈ, (ਭਾਵੇਂ ਉਹ ਹਰ ਵਲੇ ਗੁਰੂ ਦੇ ਕੋਲ ਤੇ ਸਾਧ ਸੰਗਤ ਦੇ ਵਿਚ ਹੀ ਕਿਉਂ ਨਾ ਰਹਿੰਦਾ ਹੋਵੇ ॥੩੦੮॥

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਐਸੋ ਪ੍ਰੇਮ ਕੈ ਪਰਸਿਪਰ ਪਗ ਲਪਟਾਂਵਈ ॥**

ਗੁਰਸਿਖ ਸੰਗਤ ਦੇ ਮਿਲਾਪ ਦਾ ਪ੍ਰਤਾਪ ਐਸਾ ਹੈ, (ਜੋ ਵਰਨਣ ਨਹੀਂ ਕੀਤਾ ਜਾ ਸਕਦਾ, (ਕਿਉਂਕਿ( ਜੋ ਪਰੇਮ ਕਰਕੇ ਆਪੋ ਵਿਚ (ਇਕ ਦੂਜੇ ਦੇ) ਪੈਰਾਂ ਨਾਲ ਲਿਪਟ ਜਾਂਦੇ ਹਨ ਅਰਥਾਤ ਵਡਾ ਛੋਟੇ ਦੇ ਚਰਨੀ ਪੈਂਦਾ ਹੈ ਅਤੇ ਛੋਟਾ ਵਡੇ ਦੇ ਚਰਨ ਪਰਸਦਾ ਹੈ)।

**ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ ਪੂਰਨ ਬ੍ਰਹਮਗਿਆਨ ਧਿਆਨ ਲਿਵ ਲਾਵਈ ॥**

ਦਰਸ਼ਨਾਂ ਵਿਚ ਨਜ਼ਰਾਂ ਤੇ ਸ਼ਬਦ ਸੁਣਨ ਵਿਚ ਸੁਰਤ (ਸਭਨਾਂ ਦੀ) ਮਿਲੀ ਹੁੰਦੀ ਹੈ, ਅਤੇ ਪੂਰਨ ਬ੍ਰਹਮ (ਰੂਪ ਗੁਰੂ ਦੇ) ਗਿਆਨ ਧਿਆਨ ਵਿਚ (ਸਾਰੇ ਹੀ) ਲਿਵ ਨੂੰ ਜੋੜ ਲੈਂਦੇ ਹਨ (ਭਾਵ ਸਾਰੇ ਗੁਰ ਸਿਖ ਇਕ ਦੂਜੇ ਦੇ ਦਰਸ਼ਨ ਤੇ ਪਰਸਪਰ ਦੇ ਬਚਨ ਬਿਲਾਸ ਸੁਨਣ ਵਿਚ ਪਰੇਮ ਦਾ ਵਰਤਾਵ ਕਰਦੇ ਹਨ, ਅਤੇ ਗੁਰੂ ਦੇ ਗਿਆਨ ਧਿਆਨ ਵਿਚ ਸਾਰੇ ਹੀ ਸਾਵਧਾਨ ਰਹਿੰਦੇ ਹਨ)।

**ਏਕ ਮਿਸਟਾਨ ਪਾਨ ਲਾਵਤ ਮਹਾ ਪ੍ਰਸਾਦਿ ਏਕ ਗੁਰ ਪੂਰਬ ਕੈ ਸਿਖਨ ਬੁਲਾਵਈ ॥**

ਕਈ ਇਕ ਮਿਠੇਰਪਦਾਰਥ ਛਕਣਵਾਸਤੇ ਲੈਕੇ (ਸਾਧ ਸੰਗਤ ਵਿਚ)ਆਉਂਦੇ ਹਨ,ਅਤੇ ਕਈ'ਮਹਾਂ ਪ੍ਰਸਾਦਿ [ਕੜਾਹ ਪ੍ਰਸਾਦ] (ਦੀ ਦੇਗ)ਲਿਆਉਂਦੇ ਹਨ, ਅਤੇ ਕਈ ਇਕ ਗੁਰ ਪੂਰਬ ਦੇ ਜੋੜ ਮੇਲਾ ਕਰਨ ਲਈ ਗੁਰ ਸਿਖਾਂ ਨੂੰ ਬੁਲਾਉਂਦੇ ਹਨ।

**ਸਿਵ ਸਨਕਾਦਿ ਬਾਛੈ ਤਿਨਕੇ ਉਚਿਸਟ ਕਉ ਸਾਧਨ ਕੀ ਦੂਖਨਾ ਕਵਨ ਫਲ ਪਾਵਈ ॥੩੦੯॥**

ਤਿਨ੍ਹਾਂ ਗੁਰ ਸਿਖਾਂ ਦੇ ਜੂਠੇ ਅੰਨ ਰੂਪ (ਸੀਤ ਪ੍ਰਸ਼ਾਦ)ਨੂੰ ਸ਼ਿਵਜੀ ਤੇ ਸਨਦਾਇਕ ਵਰਗੇ ਚਾਹੁੰਦੇ ਹਨ,(ਤਾਂ ਦਸੋ,ਐਸੇ ਗੁਰ ਸਿਖ) ਸਾਧਾਂ ਦੀ ਦੂਖਨਾ [ਨਿੰਦਾ] ਕਰਨ ਵਾਲੇ ਕੇਹੜਾ ਫਲ ਪਾਂਦੇ ਹਨ ? (ਅਰਥਾਤ ਗੁਰ ਨਿੰਦਕ ਪਾਪੀਆਂ ਨੂੰ ਕਿਤੇਭੋਢੋਈ ਨਹੀਂ ਮਿਲੇਗੀ ?) ॥੩੦੯॥

**ਜੈਸੇ ਬੋਝ ਭਰੀ ਨਾਵ ਆਂਗੁਰੀ ਦੁਇ ਬਾਹਰਿ ਹੁਇ ਪਾਰਿ ਪਰੈ ਪੂਰ ਸਬੈ ਕੁਸਲ ਬਿਹਾਤ ਹੈ ॥**

ਜਿਸ ਤਰਾਂ ਭਾਰਦੀਭਰੀ ਹੋਈ ਬੇੜੀਦੋ ਉਂਗਲਾਂ ਜਿੰਨੀ ਪਾਨੀ ਤੋਂ ਬਾਹਰ ਰਹਿੰਦੀ ਹੈ,ਤਾ ਓਹ ਸਾਰੇ ਪੂਰ ਨੂੰ ਲੈਕੇ ਪਾਰ ਲੰਘ ਜਾਂਦੀ ਹੈ(ਤਾਂਸਭਨਾਂ ਨਾਲ ਪ੍ਰਸੰਨਤਾ ਗੁਜਰਦੀ(ਭਾਵ ਸਭਨਾ ਨੂੰ ਖੁਸ਼ੀਹੁੰਦੀ ਹੈ, ਇਸੇ ਤਰ੍ਹਾਂ ਪੁਰਸ਼ ਅਠੇ ਪੈਹਰ ਬੇਸ਼ਕ ਕਾਰ ਵਿਹਾਰ ਵਿਚ ਲੱਗਾ ਰਹੇ, ਪਰ ਦੋ ਘੜੀਆਂ ਭਰ ਸਾਧ ਸੰਗ ਕਰੇ ਤਾਂ ਸਾਰੀ ਉਮਰਾ ਸੁਖ ਦੀ ਗੁਜਰਦੀ ਹੈ)।

**ਜੈਸੇ ਏਕਾਹਾਰੀ ਏਕ ਘਰੀ ਪਾਕਸ਼ਾਲਾ ਬੈਠਿ ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ ॥**

ਜਿਸ ਤਰਾਂ ਇਕਵੇਲੇ[ਅਠ ਪਹਿਰਾ]ਭੋਜਨ ਛਕਨ ਵਾਲਾ,ਇਕ ਘੜੀ ਜਿਤਨਾਂ ਵਕਤ ਰਸੋਈ ਘਰ ਜਾਂ ਲੰਗਰ ਵਿਚ ਬੈਠਕੇ ਭੋਜਨ ਕਰਦਾ ਹੈ ਅਤੇ ਭੋਜਨਾਂ ਵਗੈਰਾ ਦੇ ਸ੍ਵਾਦ ਲੈਕੇ ਰਜ ਜਾਂਦਾ ਹੈ(ਇਸੇਤਰ੍ਹਾ ਜੋ ਇਕ ਘੜੀਭਰ ਕਾਰਵਿਹਾਰ ਤੋਂ ਲਿਕਲਵਾਂਜੇ ਹੋਕੇ ਹਰ ਚਿੰਤਨ ਜਾਂ ਸਤਸੰਗ ਵਿਚ ਮਨ ਨੂੰ ਲਾਂਦਾ ਹੈ, ਉਸਦੀਸਾਰੀ ਆਯੂ ਸੁਖ-ਅਨੰਦਨਾਲ ਗੁਜਰਦੀਹੈ)

**ਜੈਸੇ ਰਾਜ ਦੁਆਰ ਜਾਇ ਕਰਤ ਜੁਹਾਨ ਜਨ ਏਕ ਘਰੀ ਪਾਛੈ ਦੇਸ਼ ਭੋਗਤਾ ਹੁਇ ਖਾਤ ਹੈ ॥**

ਜਿਸ ਤਰ੍ਹਾਂ ਇਕ ਆਦਮੀ ਹਰ ਰੋਜ਼ ਇਕ ਘੜੀ ਭਰ ਰੋਜ ਜੀ ਰਾਜ ਦਰਬਾਰ ਵਿਚ ਜਾਕੇ 'ਜੁਹਾਰ' [ਮੁਜਰਾ] ਕਰਦਾ ਹੈ, ਓਹ ਮਗਰੋਂ ਦੇਸ਼ ਭੋਗਤਾ [ਜਗੀਰਦਾਰ] ਹੋਕੇ (ਸਾਰੀ ਉਮਰਾ)ਖਾਂਦਾ ਪੀਂਦਾ ਤੇ ਸੁਖ ਦੀ ਜ਼ਿੰਦਗੀ ਗੁਜ਼ਾਰਦਾ ਹੈ।

**ਆਠ ਹੀ ਪਹਰ ਸਾਠ ਘਰੀ ਮੈ ਜਉ ਏਕ ਘਰੀ ਸਾਧ ਸਮਾਗਮੁ ਕਰੈ**

**ਘਰ ਜਾਤ ਹੈ ॥੩੧੦॥**

ਇਸੇ ਤਰ੍ਹਾਂ ਹੀ ਜੋ ਪੁਰਸ਼ ਅੱਠਾਂ ਪਹਿਰਾਂ ਦੀਆਂ ਸੱਠਾਂ ਘੜੀਆਂ ਵਿਚੋਂ ਇਕ ਘੜੀ ਭਰ ਵੀ ਸਾਧ ਸਮਾਗਮ ਵਿਚ ਮਿਲਕੇ ਹਰਿ ਸਿਮਰਨ ਜਾਂ ਹਰਿ ਚਰਚਾ ਕਰਦਾ ਹੈ,(ਉਹ ਅੰਤ ਸਮੇਂ ਵਿਚ)ਆਪਣੇ ਘਰ [ਮੁਕਤ ਪਦ] ਵਿਚ ਜਾਂਦਾ ਹੈ ॥੩੧੦॥

ਭਾਵ-'ਕਬੀਰ'ਏਕਘਰੀ ਆਧੀ ਘਰੀ ਆਧੀ ਹੂ ਤੇ ਆਧ॥ ਸੰਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ।

ਨੋਟ–ਰਾਜ ਦਰਬਾਰ ਦੇ ਕਾਇਦੇ ਅਨੁਸਾਰ ਨਮਸ਼ਕਾਰ, ਡੰਡੋਤ ਜਾਂ ਬੰਦਗੀ ਕਰਨ ਦਾ ਨਾਮ, ਮਾਰਵਾੜ ਰਾਜਪੁਤਾਨੇਵਿਚ 'ਜੁਹਾਰ'ਅਤੇਮੁਸਲਮਾਨ ਬਾਦਸ਼ਾਹ ਦੇ ਸਮੇਂਵਿਚ'ਮੁਜਰਾ' ਕਿਹਾ ਜਾਂਦਾ ਸੀ।

**ਕਾਰਤਿਕ ਜੈਸੇ ਦੀਪ ਮਾਲਿਕਾ ਰਜਨੀ ਸਮੈ ਦੀਪ ਜੋਤਿ ਕੋ ਉਦੋਤ ਹੋਤ ਹੀ ਬਿਲਾਤ ਹੈ ॥**

ਜਿਸਤਰ੍ਹਾਂ ਕਤਕਦੇ ਮਹੀਨੇ ਵਿਚ ਦੀਵਾਲੀ ਦੀ ਰਾਤ ਸਮੇਂ ਦੀਵਿਆ ਦੀਆਂ ਜੋਤਾਂ ਪ੍ਰਗਟ ਹੁੰਦੀਆਂ ਹਨ ਤੇਫਿਰ[ਬਿਲਾਤ]ਦੂਰ ਹੋ[ਬੁਝ]ਜਾਂਦੀਆਂ ਹਨ

**ਬਰਖਾ ਸਮੈ ਜੈਸੇ ਤਉ ਬੁਦਬੁਦਾ ਕੋ ਪ੍ਰਗਾਸ ਤਾਸ ਨਾਮ ਪਲਕ ਮੈ ਨ ਠਹਰਾਤ ਹੈ ॥**

ਜਿਸ ਤਰ੍ਹਾਂ ਬਰਖਾ ਦੇ ਸਮੇਂ ਵਿਚ ਪਾਣੀ ਦੇ ਬੁਲਬਲਿਆਂ ਦਾ ਪ੍ਰਗਾਸ [ਉਪਜਨਾ] ਹੁੰਦਾ ਹੈ, ਪਰ ਉਸਦਾ ਨਾਮ-ਨਿਸ਼ਾਨ ਇਕ ਪਲ ਵਿਚ ਭੀ ਠਹਿਰਦਾ ਨਹੀਂ ਹੈ।

**ਗ੍ਰੀਖਮ ਸਮੈ ਜੈਸੇ ਤਉ ਮ੍ਰਿਗ ਤ੍ਰਿਸ਼ਨਾ ਚਰਿਤ੍ਰ ਛਾਈ ਸੀ ਦਿਖਾਈ ਦੇਤ ਉਪਜਿ ਸਮਾਤ ਹੈ ॥**

ਜਿਸ ਤਰ੍ਹਾਂ ਗਰਮੀਦੇ ਸਮੇਂਵਿਚ ਮ੍ਰਿਗ ਤ੍ਰਿਸ਼ਨਾ ਦੇਜਲ ਦੀ ਖੇਡ ਵਰਤਦੀਹੈ,(ਜੋਪਾਣੀਦਾ)ਛਾਉਲਾ ਜਹਾ ਦਿਖਾਈ ਦੇਂਦਾ ਹੈ ਅਤੇ ਪੈਦਾ ਹੁੰਦੇ ਹੀ ਸਮਾ ਜਾਂਦਾ ਹੈ (ਅਰਥਾਤ ਭੋਲੇ ਮਾਤ੍ਰਹੀ ਦਿਸਦਾ ਹੈ,ਪਰ ਉਹ ਭੀਵੇਖਦਿਆਂ ਵੇਖਦਿਆਂ ਨਸ਼ਟ ਹੋ ਜਾਂਦਾਹੈ)।

**ਤੈਸੇ ਮੋਹ ਮਾਇਆ ਛਾਇਆ ਬਿਰਖ ਚਪਲ ਛਲ ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ ॥੩੧੧॥**

ਉਸੇ ਤਰ੍ਹਾਂ ਹੀ ਮੇਰਾ ਰੂਪਮਾਇਆ ਦਰਖਤ ਦੀ ਛਾਂ ਵਾਂਗੂ ਚਪਲ ਹੈ, (ਜੋ) ਛਲ ਨਾਲ (ਜੀਵਾਂ ਨੂੰ) ਛਲਦੀ ਹੈ, (ਪਰ ਜੋ ਪੁਰਸ਼)ਸ੍ਰੀ ਗੁਰੂ ਜੀ ਦੇਚਰਨਾਂ ਨਾਲ ਲਿਪਟ ਜਾਂਦਾ ਹੈ, (ਉਹ ਇਸ) ਛੈਲ (ਰੂਪ ਮਾਯਾ ਨੂੰ) ਛਲ ਜਾਂਦਾ ਹੈ ॥੩੧੧॥

**ਜੈਸੇ ਤਉ ਬਸਨ ਅੰਗ ਸੰਗ ਮਿਲਿ ਹੁਇ ਮਲੀਨ ਸਲਲਿ ਸਾਬੁਨ ਮਿਲਿ ਨਿਰਮਲ ਹੋਤ ਹੈ ॥**

ਜਿਸ ਤਰ੍ਹਾਂ ਕਿਕਪੜੇਸਰੀਰ ਨਾਲ ਮਿਲ ਕਰਕੇ ਮੈਲੇ ਹੋ ਜਾਂਦੇ ਹਨ, (ਪਰ) ਸਾਬਨ ਤੇ ਪਾਣੀ ਨਾਲ ਮਿਲ ਕਰਕੇ (ਉਹ ਕਪੜੇ) ਉਜਲੇ ਹੋ ਜਾਂਦੇ ਹਨ।

**ਜੈਸੇ ਤਉ ਸਰੋਵਰ ਸਿਵਾਲ ਕੈ ਅਛਾਦਿਓ ਜਲੁ ਝੇਲਿ ਪੀਏ ਨਿਰਮਲ ਦੇਖੀਐ ਅਛੋਤ ਹੈ ॥**

ਜਿਸ ਤਰਾਂਕਿ ਸਰੋਵਰ ਦਾ ਪਾਣੀ [ਸਿਵਾਲ ਕੈ] ਜਾਲੇ[ਬੂਰ-ਕਾਈ]ਕਰਕੇ ਢਕਿਆ ਹੋਇਆ ਹੁੰਦਾਹੈ, ਪਰ ਜੇ ਕਰ ਬੂਰ ਨੂੰ ਝੋਲਕੇ[ਪਾਣੀ ਵਿਚ ਹਥ ਮਾਰ ਕੇ] ਪੀਣ ਲਗੀਏ ਤਾਂ ਪਾਣੀ ਨਿਰਮਲ ਤੇ ਅਛੂਤ [ਬਿਲਕੁਲ ਸ਼ੁਧ ਤੇ ਸਾਫ] ਦਿਸਦਾ ਹੈ।

**ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ ਹੋਤ ਉਜਿਆਰੋ ਦਿਨਕਰ ਕੇ ਉਦੋਤ ਹੈ ॥**

ਜਿਸ ਤਰਾਂ ਰਾਤ ਦੇ ਹਨੇਰੇ ਵਿਚ ਤਾਰਿਆਂ ਦਾ ਚਮਤਕਾਰ ਹੁੰਦਾ ਹੈ, (ਪਰ) ਹਨੇਰਾ ਨਹੀਂ ਮਿਟਦਾ ਹੈ,ਅਤੇ ਸੂਰਜ ਦੇ ਉਦੇ ਹੁੰਦਿਆਂ [ਚੜ੍ਹਦਿਆਂ] ਹੀ ਉਜਾਲਾ ਹੋ ਜਾਂਦਾ ਹੈ।

**ਤੈਸੇ ਮਾਇਆ ਮੋਹ ਭ੍ਰਮ ਹੋਤ ਹੈ ਮਲੀਨ ਮਤਿ ਸਤਿਗੁਰ ਗਿਆਨ ਧਿਆਨ ਜਗਮਗ ਜੋਤਿ ਹੈ ॥੩੧੨॥**

ਉਸੇ ਤਰ੍ਹਾਂ ਮਾਯਾ ਦੇ ਮੋਹ ਕਰਕੇ (ਪੁਰਸ਼ ਦੀ) ਬੁਧੀ ਭ੍ਰਮ ਕਰਕੇ ਮੈਲੀ ਹੋ ਜਾਂਦੀ ਹੈ, (ਪਰ) ਸਤਿਗੁਰੂ (ਦੇ ਚਰਨੀ ਲਗਦਿਆਂ ਹੀ) ਗਿਆਨ ਧਿਆਨ ਦੀ ਜੋਤ ਦੇ ਜਗਮਗ (ਕਰਦਿਆਂ) ਹੀ ਭ੍ਰਮ ਰੂਪ ਮਲੀਨਤਾ ਦੂਰ ਹੋ ਜਾਂਦੀ ਹੈ ।੩੧੨॥

**ਅੰਤਰਿ ਅਛਿਤ ਹੀ ਦਿਸੰਤਰਿ ਗਵਨ ਕਰੈ ਪਾਛੇ ਪਰੈ ਪਹੁਚੈ ਨ ਪਾਇਕ ਜਉ ਧਾਵਈ ॥**

(ਦੇਹ ਦੇ) ਅੰਦਰ ਹੁੰਦਿਆਂ ਹੀ ਦੇਸਾਂ-ਪ੍ਰਦੇਸਾਂ ਵਿਚ ਚਲਾ ਜਾਂਦਾ ਹੈ, ਜੇਕਰ ਕੋਈ ਉਸਦੇ ਪਿਛੇ ਕੋਈ ਪਿਆਦਾ[ਹਲਕਾਰਾ] ਧਾਈ ਕ ਕੇ ਤੁਰ ਪਵੇ, ਤਾਂ ਉਸਦੇ ਬਰਾਬਰ ਪਿਆਦਾ ਨਹੀਂ ਪਹੁੰਚ ਸਕੇਗਾ

**ਪਹੁਚੈ ਨ ਰਥ ਪਹੁਚੈ ਨ ਗਜ ਰਾਜੁ ਬਾਜੂ ਪਹੁਚੈ ਨ ਖਗ ਮ੍ਰਿਗ ਫਾਂਧਤ ਉਡਾਵਈ ॥**

ਰਥ ਨਹੀਂ ਪਹੁੰਚੇਗਾ, ਗਜ ਰਾਜ ਜਾਂ ਬਾਜ ਰਾਜ [ਹਾਥੀਆਂ ਦਾ ਰਾਜਾ ਰੂਪ ਐਰਾ ਪਤਿ ਜੋਰਾਜੇ ਇੰਦ੍ਰ ਦਾ ਹਾਥੀ ਹੈ ਤੇ ਘੋੜਿਆਂ ਦਾ ਰਾਜਾ ਉਚਸ਼੍ਰਵਾ ਜੋ ਸੂਰਜ ਦਾ ਘੋੜਾ ਹੈ]ਉਹ ਭੀ ਉਸਦੇ ਬਰਾਬਰ ਨਹੀਂ ਪਹੁੰਚਣਗੇ, (ਕੋਈ) ਪੰਛੀ ਨਹੀਂ ਪਹੁੰਚੇਗਾ ਅਤੇ ਹਰਨ(ਜੋ ਕਈ ਕਈ ਗਜ ਦੀਆਂ) ਛਲਾਂਗਾਂ ਮਾਰਕੇ ਉਡ ਜਾਂਦਾ ਹੈ, (ਉਹ ਭੀ) ਨਹੀਂ ਪਹੁੰਚੇਗਾ ।

**ਪਹੁਚੈ ਨ ਪਵਨ ਗਵਨ ਤ੍ਰਿਭਵਨ ਪ੍ਰਤਿ ਅਰਧ ਉਰਧ ਅੰਤਰੀਛ ਹੋਇ ਨ ਪਾਵਈ ॥**

ਜੋ ਤਿੰਨਾਂ ਲੋਕਾਂ ਨੂੰ ਉਡਕੇ ਚਲੀ ਜਾਂਦੀ ਹੈ, ਉਹ ਵੀ ਉਸਦੇ ਮਗਰ ਗਵਨ ਕਰ ਜਾਏ ਜਾਂ ਉਸਦੇ ਮਗਰ ਗਵਨ ਕਰਕੇ (ਭਾਵੇਂ ਕੋਈ) ਹੇਠਾਂ (ਪੰਤਾਲ ਤਕ) ਜਾਣ ਵਾਲਾ ਹੋਵੇ, (ਭਾਵੇਂ ਕੋਈ) ਉਤਾਂਹ (ਸੁਰਗ ਤਕ) ਜਾਣ ਵਾਲਾ ਹੋਵੇ, (ਭਾਵੇਂ ਕੋਈ) ਅੰਤਰਿਖ (ਤਾਰਾ ਮੰਡਲ) ਤਕ ਜਾਣ ਵਾਲਾ ਹੋਵੇ (ਇਸ ਮਨ ਨੂੰ ਕੋਈ ਭੀ) ਨਹੀਂ ਫੜ ਸਕੇਗਾ ।

**ਪੰਚ ਦੂਤ ਭੂਤ ਲਗਿ ਅਧਮੁ ਅਸਾਧੁ ਮਨੁ ਗਹੇ ਗੁਰ ਗਿਆਨੁ ਸਾਧ ਸੰਗਿ ਬਸਿ ਆਵਈ ॥੩੧੩ ॥**

ਜਿਸ ਦੇ ਨਾਲ(ਕਾਮਾਦਿਕ)ਪੰਜ ਦੂਤ ਭੂਤ ਲਗੇ ਹੋਏ ਹਨ,(ਉਸ)ਨਾਂ ਸਾਧੇ ਜਾਣ ਵਾਲੇ ਨੀਚ ਮਨ ਨੂੰ ਗੁਰੂ ਦਾ ਗਿਆਨ ਹੀ ਫੜਸਕਦਾ ਹੈ ਅਤੇ ਸਾਧ ਸੰਗ ਕਰਕੇ ਹੀ (ਉਹ) ਮਨ ਵਸ ਆਉਂਦਾ ਹੈ ।੩੧੩॥

**ਆਂਧਰੇ ਕਉ ਸ਼ਬਦ ਸੁਰਤਿ ਕਰ ਚਰ ਟੇਕ ਬਹਰੈ ਚਰਨ ਕਰ ਦ੍ਰਿਸ਼ਟਿ ਸ਼ਬਦ ਹੈ ॥**

(ਜਿਸ ਤਰ੍ਹਾਂ) ਅੰਨੇ (ਆਦਮੀ) ਨੂੰ ਸ਼ਬਦ ਸੁਣਨ ਦੀ, ਹਥ ਤੇ ਪੈਰ ਦੀ ਓਟ (ਹੁੰਦੀ ਹੈ, ਅਤੇ) ਬੋਲੇ ਪੁਰਸ਼ (ਦੀ ਓਟ) ਪੈਰ ਹਥ, ਨਜ਼ਰ ਤੇ ਸ਼ਬਦ ਹੈ (ਅਰਥਾਤ ਅੰਨ੍ਹਾਂ ਆਦਮੀ ਵੇਖਣ ਤੋਂ ਬਿਨਾਂ ਸਾਰੇ ਇੰਦ੍ਰਿਆਂ ਦੇ ਗਿਆਨ ਮਾਣ ਸਕਦਾ ਹੈ ਅਤੇ ਬੋਲੇ ਪੁਰਸ਼ ਦੇ ਹਥ, ਪੈਰ ਤੇ ਨਜ਼ਰ ਹੀ ਸ਼ਬਦ ਹੈ, ਭਾਵ ਸ਼ਬਦ ਤੋਂ ਬਿਨਾਂ ਉਸਨੂੰ ਦੂਜੇ ਇੰਦ੍ਰੀਆਂ ਦਾ ਪੂਰਨ ਗਿਆਨ ਹੈ ) ।

**ਗੂੰਗੇ ਟੇਕ ਚਰ ਕਰ ਦ੍ਰਿਸ਼ਟਿ ਸ਼ਬਦ ਸੁਰਤਿ ਲਿਵ ਲੂਲੇ ਟੇਕ ਦ੍ਰਿਸਟਿ ਸ਼ਬਦ ਸ੍ਰੁਤਿ ਪਦ ਹੈ ॥**

ਗੂੰਗੇ ਪੁਰਸ਼ ਨੂੰ ਪੈਰ, ਹੱਥ ਨਜ਼ਰ ਤੇ ਸ਼ਬਦ ਦੀ ਓਟ ਹੈ, ਅਤੇ ਲੂਲੇ ਪੁਰਸ਼ ਦੀ ਓਟ ਨਜ਼ਰ ਤੇ ਸ਼ਬਦ ਸੁਣਨ ਦੀ ਪਦਵੀ ਹੈ ।

**ਪਾਂਗਰੇ ਕਉ ਟੇਕ ਦ੍ਰਿਸ਼ਟਿ ਸ਼ਬਦ ਸ੍ਰੁਤਿ ਕਰ ਟੇਕ ਏਕ ਟੇਕ ਅੰਗ ਹੀਨ ਦੀਨਤਾ ਅਛਦ ਹੈ ॥**

ਪਿੰਗਲੇ ਪੁਰਸ਼ ਨੂੰ ਨਜਰ ਦੀ ਓਟ ਹੈ ਤੇ ਸ਼ਬਦ ਸੁਣਨ ਦੀ ਸ਼ਕਤੀ ਤੇ ਹੱਥਾਂ ਦੀ ਓਟ ਹੈ, ਇਕ ਇਕ ਅੰਗ ਦੀ ਹੀਨਤਾਂ ਹੇਠਾਂ ਦੀਨਤਾ [ਅਛਦ]ਅਛਾਦੀ [ਢੱਕੀ] ਹੋਈ ਹੈ (ਅਰਥਾਤ ਜਿਸਦਾ ਕੋਈ ਇਕ ਅੰਗ ਨਹੀਂ ਹੈ, ਉਹ ਜ਼ਰੂਰ ਹੀ ਕਿਸੇ ਨਾਂ ਕਿਸੇ ਦੇ ਅਧੀਨ ਰਹਿੰਦਾ ਹੈ, ਸਾਰ ਅੰਗ ਪੂਰਨ ਹੋਣ ਤਾਂ ਹੀ ਅਜ਼ਾਦੀ ਹੋ ਸਕਦੀ ਹੈ)।

**ਅੰਧ ਗੁੰਗ ਸੁੰਨ ਪੰਗ ਲੁੰਜ ਦੁਖ ਪੁੰਜ ਮਮ ਅੰਤਰ ਕੈ ਅੰਤਰਜਾਮੀ ਪਰਬੀਨ ਸਦ ਹੈ॥ ੩੧੪॥**

(ਪਰ) ਮੈ ਅੰਨ੍ਹਾਂ ਹਾਂ, ਗੁੰਗਾ ਹਾਂ, ਸੁੰਨ[ਕੰਨਾਂ ਤੋਂ ਹੀਨ-ਬੋਲਾ] ਹਾਂ, ਪਿੰਗਲਾ ਹਾਂ, ਲੂਲ੍ਹਾ ਹਾਂ, (ਗਲ ਕੀ ਸਾਰੇ) ਦੁਖਾਂ ਦਾ ਪੁੰਜ (ਭਾਵ ਸਮੂਲਚਾ ਹੀ ਦੁਖ ਰੂਪ ਹਾਂ), ਪਰ ਅੰਦਰ ਦੀ ਜਾਣਨ ਵਾਲਾ ਅੰਤਰ-ਜਾਮੀ ਸਦਾ ਹੀ (ਸਭਨੀ ਗੱਲੀਂ) ਪਰਬੀਨ ਹੈ(ਭਾਵ ਜਿਸਦਾ ਇਕ ਇਕ ਅੰਗ ਨਹੀਂ ਹੈ, ਉਹ ਕਿਸੇ ਨ ਕਿਸੇ ਦੇ ਜ਼ਰੂਰ ਮੁਥਾਜ ਹੈ, ਪਰ ਮੈਂ ਤਾਂ ਸਮੂਲਚਾਹੀ ਦੁਖਾਂ ਦਾ ਪੁੰਜ ਹਾਂ,ਮੇਰੇ ਤਾਂ ਪੰਜੇ ਹੀ ਗਿਆਨ ਇੰਦ੍ਰੇ ਨਹੀਂ ਹਨ, ਫਿਰ ਮੈਂ ਅਜਾਦ ਕਿਵੇਂ ਹੋ ਸਕਦਾ ਹਾਂ ਇਹ ਸਭ ਅੰਤਰਜਾਮੀ ਦੀ ਮੇਹਰ ਹੈ)॥ ੩੧੪॥

**ਆਂਧਰੇ ਕਉ ਸ਼ਬਦਿ ਸੁਰਤਿ ਕਰ ਚਰ ਟੇਕ ਅੰਧ ਗੁੰਗ ਸ਼ਬਦ ਸੁਰਤਿ ਕਰ ਚਰ ਹੈ॥**

ਸ਼ਬਦਿ=ਸ਼ਬਦ ਬੋਲਨ ਵਾਲੀ-ਜੀਭ। ਸੁਰਤਿ=ਸੁਣਨ ਵਾਲੇ-ਕੰਨ। ਕਰ=ਹਥ ਚਰ=ਪੈਰ। ਅਵਿਲੰਬ=ਆਸਰਾ। ਸੁੰਨ=ਬੋਲਾ। ਲੁੰਜ = ਲੂਲਾ। ਅਧਰ=ਆਸਰੇ ਤੋਂ ਹੀਨਾ।

ਅੰਨੇ ਪੁਰਸ਼ ਨੂੰ ਜੀਭ, ਕੰਨ, ਹਥ ਤੇ ਪੈਰਾਂ ਦੀ ਓਟ (ਹੁੰਦੀ ਹੈ ਅਤੇ) ਅੰਨੇ-ਗੁੰਗੇ ਨੂੰ ਸ਼ਬਦ ਸੁਰਤ ਤੇ ਕੰਨ, ਹੱਥ ਤੇ ਪੈਰਾਂ ਦੀ ਓਟ ਹੁੰਦੀ ਹੈ।

**ਅੰਧ ਗੁੰਗ ਸੁੰਨ ਕਰ ਚਰ ਅਵਿਲੰਬ ਟੇਕ ਅੰਧ ਗੁੰਗ ਸੁੰਨ ਪੰਗ ਟੇਕ ਏਕ ਕਰ ਹੈ॥**

ਅੰਨ੍ਹਾਂ, ਗੁੰਗਾ ਤੇ ਬੋਲਾ (ਪੁਰਸ਼ ਹੋਵੇ ਤਾਂ ਉਸਨੂੰ) ਹੱਥਾਂ ਤੇ ਪੈਰਾਂ ਦੇ ਆਸਰੇ ਦੀ ਓਟ ਹੁੰਦੀ ਹੈ, ਅੰਨਾ, ਗੁੰਗਾ ਬੋਲਾ ਤੇ ਪਿੰਗਲਾ (ਹੋਵੇ ਤਾਂ ਉਸਦੀ) ਓਟ ਇਕੋ ਹਥ ਹੁੰਦੇ ਹਨ।

**ਅੰਧ ਗੁੰਗ ਸੁੰਨ ਪੰਗੁ ਲੁੰਜ ਦੁਖ ਪੁੰਜ ਮਮ ਸਰਬੰਗ ਹੀਨ ਦੀਨ ਦੁਖਿਤ ਅਧਰ ਹੈ॥**

(ਪਰ) ਮੈਂ ਅੰਨਾਂ, ਗੁੰਗਾ, ਬੋਲਾ ਪਿੰਗਲਾ ਤੇ ਲੂਲਾ ਤੇ ਦੁਖਾਂ ਦਾ ਪੁੰਜ ਹਾਂ, ਮੈਂ ਸਾਰੇ ਅੰਗਾਂ ਤੋਂ ਹੀਨ ਹਾਂ,ਦੀਨ ਹਾਂ,ਦੁਖੀ ਹਾਂ ਤੇ ਆਸਰੇ ਤੋਂ ਹੀਨਹਾਂ

**ਅੰਤਰ ਕੀ ਅੰਤਰਜਾਮੀ ਜਾਨੈ ਅੰਤਰਿ ਗਤਿ ਕੈਸੇ ਨਿਰਬਾਹੁ ਕਰੈ ਸਰੈ ਨਰਹਰ ਹੈ॥ ੩੧੫॥**

ਹੇ ਅੰਤਰਜਾਮੀ ਨਰਹਰ ! (ਤੁਸੀਂ ਮੇਰੇ) ਅੰਦਰ ਦੀ ਗਤੀ ਨੂੰ ਜਾਣਦੇ ਹੋ, [ਅੰਤਰ ਕੀ] ਦਿਲ ਦੀ (ਪੁਕਾਰ ਕਿਸਦੇ ਅਗੇ)ਕਰਾਂ? ਕਿਸ ਤਰਾਂ ਨਿਰਬਾਹ ਕਰਾਂ ਤੇ ਕਿਸ ਤਰਾਂ[ਸਰੈ]ਗੁਜਰੇਗੀ ? (ਮੇਰਾ ਜਨਮ ਤਾਂ ਐਵੇਂ ਭੰਗ ਦੇ ਭਾੜੇ ਹੀ ਗੁਜਰ ਰਿਹਾ ਹੈ, ਇਸ ਦਾ ਪਾਰ ਉਤਾਰਾ ਕਿਸ ਤਰਾਂ ਨਾਲ ਹੋਵੇਗਾ?੩੧੫

**ਚਕਈ ਚਕੋਰ ਮ੍ਰਿਗ ਮੀਨ ਭ੍ਰਿੰਗ ਅਉ ਪਤੰਗ ਪ੍ਰੀਤਿ ਇਕ ਅੰਗੀ ਬਹੁ ਰੰਗੀ ਦੁਖਦਾਈ ਹੈ॥**

ਚਕਵੀ (ਦੀ ਸੂਰਜ ਨਾਲ) ਚਕੋਰ (ਦੀ ਚੰਦ੍ਰਮਾਂ ਨਾਲ, ਹਰਨ (ਦੀ ਸ਼ਬਦ ਨਾਲ) ਮਛੀ (ਦੀ ਪਾਣੀ ਨਾਲ) ਭੌਰੇ (ਦੀ ਕਮਲ ਨਾਲ) ਅਤੇ ਪਤੰਗੇ (ਦੀ ਦੀਵੇ ਨਾਲ) ਪ੍ਰੀਤੀ ਹੈ, (ਇਹ)ਇਕ ਅੰਗੀ(ਪ੍ਰੀਤੀ) ਬਹੁਤ ਰੰਗਾਂ ਕਰਕੇ ਦੁਖਦਾਈ ਹੋ ਰਹੀ ਹੈ(ਅਰਥਾਤ ਉਪਰ ਦਸੇ ਹੋਏ ਪ੍ਰੇਮੀਆਂ ਦੀ ਪ੍ਰੀਤ ਇਕ ਪਾਸੀ ਪ੍ਰੀਤੀ ਹੈ, ਇਕ ਪਾਸੀ ਹੋਣ ਕਰਕੇ ਹੀ ਇਸਨੂੰ ਇਕ ਅੰਗੀ ਪ੍ਰੀਤੀ ਕਿਹਾ ਹੈ, ਜੋ ਅਨੇਕ ਪ੍ਰਕਾਰ ਦਾ ਦੁਖ ਦੇਣ ਵਾਲੀ ਹੋ ਜਾਂਦੀ ਹੈ।

**ਏਕ ਏਕ ਟੇਕ ਸੈ ਟਰਤ ਨ ਮਰਤ ਸਬੈ ਆਦਿ ਅੰਤਿ ਕੀ ਸੁ ਚਾਲ ਚਲੀ ਜਗ ਆਈ ਹੈ ॥**

ਇਕ ਇਕ ਦੀਟੇਕ ਤੋਂ(ਇਹ)ਟਲਦੇਨਹੀਂ ਹਨ ਸਾਰੇ ਮਰ ਜਾਂਦਹਨ(ਪਰ ਪ੍ਰੀਤਮ ਵਲੋਂ ਪਿਛੇ ਨਹੀਂ ਹਟਦੇ ਹਨ। ਆਦ ਤੋਂ ਅੰਤ ਤਕ ਇਨਾਂ ਦੀ ਏਹੋ ਚਾਲ ਹੈ, ਤੇ ਐਸੀ ਹੀ ਜਗਤ ਵਿਚ ਚਲੀ ਆਈਹੈ।

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਐਸੇ ਲੋਗ ਪਰਲੋਗ ਸੁਖਦਾਇਕ ਸਹਾਈ ਹੈ ॥**

(ਪਰ) ਗੁਰ ਸਿਖ ਸੰਗਤ ਦੇ ਮਿਲਾਪ ਦਾ ਪ੍ਰਤਾਪ ਐਸਾ ਹੈ (ਕਿ ਜੋ ਇਸ) ਲੋਕ ਦਾ ਸੁਖ ਦਾਇਕ ਹੈ ਅਤੇ ਪਰਲੋਕ ਦਾ ਸਹਾਈ ਹੈ (ਅਰਥਾਤ ਗੁਰ ਸਿਖ ਸੰਗਤ ਦੇ ਮਿਲਾਪ ਕਰਕੇ ਇਸ ਲੋਕ ਵਿਚ ਸੁਖ ਮਿਲਦਾ ਹੈ ਅਤੇ ਪਰਲੋਕ ਵਿਚ ਇਹ ਮਿਲਾਪ ਹੀ ਸਹਾਈ ਹੁੰਦਾ ਹੈ, ਜੋ ਜਮਾ ਦੇ ਜਾਲ ਤੋਂ ਛੁਡਾ ਲੈਂਦਾ ਹੈ।

**ਗੁਰਮਤਿ ਸੁਨਿ ਦੁਰਮਤਿ ਨ ਮਿਟਤਿ ਜ਼ਾਕੀ ਅਹਿ ਮਿਲਿ ਚੰਦਨ ਜਿਉ ਬਿਖੁ ਨ ਮਿਟਾਈ ਹੈ ॥੩੧੬॥**

ਗੁਰ ਉਪਦੇਸ਼ ਸੁਣਕੇ ਭੀ ਜਿਨਾਂ ਦੀ ਖੋਟੀ ਬੁਧੀ ਨਹੀਂ ਮਿਟਦੀ ਹੈ, ਉਨ੍ਹਾਂ ਸੱਪਾਂ ਵਾਂਗੂ ਚੰਦਨ ਨਾਲ ਮਿਲ ਕਰਕੇ ਭੀ ਆਪਨੀ ਜ਼ੈਹਰ ਨਹੀਂ ਛਡੀ ਹੈ, ਇਸੇ ਤਰਾਂ ਦੀ ਹੀ ਉਨ੍ਹਾਂ ਦੀ ਗਤੀ ਹੈ।

**ਮੀਨ ਕਉ ਨ ਸੁਰਤਿ ਜਲ ਕਉ ਨ ਸ਼ਬਦ ਗਿਆਨ ਦੁਬਿਧਾ ਮਿਟਾਇ ਨ ਸਕਤਿ ਜਲ ਮੀਨ ਕੀ ॥**

ਮਛੀ ਨੂੰ ਸਮਝ ਨਹੀਂ ਤੇ ਪਾਣੀ ਨੂੰ ਸ਼ਬਦ ਗਿਆਨ ਨਹੀਂ, (ਇਸ ਕਰਕੇ) ਪਾਣੀ ਮਛੀ ਦੀ ਦੁਬਿਧਾ(ਚਿੰਤਾ) ਨਹੀਂ ਮਿਟਾ ਸਕਦਾ ਹੈ।ਕਿਉਂਕਿ

**ਸਰਿ ਸਰਿਤਾ ਅਥਾਹ ਪ੍ਰਬਲ ਪ੍ਰਵਾਹ ਬਸੈ ਗ੍ਰਸੈ ਲੋਹ ਰਾਖਿ ਨ ਸਕਤ ਮਤਿ ਹੀਨ ਕੀ ॥**

ਅਥਾਹ (ਜਲ ਵਾਲੇ) ਤਲਾਉ ਵਿਚ ਜਾਂ ਪ੍ਰਬਲ ਪ੍ਰਵਾਹ ਵਾਲੀ ਨਦੀ ਵਿਚ (ਮਛੀ ਜਦ) ਵਸਦੀ ਹੁੰਦੀ ਹੈ (ਤਾਂ ਮਛੀ) ਲੋਹਾ ਖਾ ਲੈਂਦੀ ਹੈ (ਨਾ ਤਾਂ ਮੌਤ ਤੋਂ ਹੀਨੀ ਮੱਛੀ ਹੀ ਆਪਣੇ ਆਪ ਨੂੰ ਉਸ ਤੋਂ ਰਖ ਸਕਦੀ ਹੈ ਅਤੇ ਨਾ ਹੀ ਪਾਣੀ ਮਛੀ ਦੀ ਰਖਿਆ ਕਰ ਸਕਦਾ ਹੈ (ਭਾਵ ਏਹ ਹੈ ਕਿ ਜੇਕਰ ਮਛੀਨੂੰ ਸਮਝ ਹੁੰਦੀ ਤਾਂ ਉਹ ਸੋਚ ਕਰਦੀ ਜੋ ਇਥੋਂ ਪਾਣੀ ਦੇ ਵਿਚ ਮਾਸ ਕਿਥੋਂ ਆਜਾ ਅਤੇ ਜੇ ਕਰ ਪਾਣੀ ਨੂੰ ਸ਼ਬਦ ਗਿਆਨ ਹੁੰਦਾ ਤਾਂ ਓਹੀ ਲਲਕਾਰ ਕੇ ਮਛੀਨੂੰ ਕਹਿੰਦਾ ਕਿ ਏਹ ਕੁੰਡੀ ਨਾਲ ਲੱਗਾ ਮਾਸ ਤੇਰੀ ਜਾਨ ਦਾ ਦੁਸ਼ਮਨ ਹੈ, ਏਹ ਨਾ ਖਾਵੀਂ।

**ਜਲ ਬਿਨੁ ਤਰਫਿ ਤਜਤ ਪ੍ਰਿਆ ਪ੍ਰਾਨ ਮੀਨ ਜਾਨਤ ਨ ਨੀਰ ਪੀਰ ਦੀਨ ਤਾਈ ਦੀਨ ਕੀ ॥**

ਜਲਤੋਂ ਬਿਨਾਂ ਹੋਕੇਮਛੀ ਤਾਂ ਤੜਫਣ ਕੇਆਪਣੇ ਪਿਆਰੇਪ੍ਰਾਨਾਂ ਦਾਤਿਆਗ ਕਰਦੇਂਦੀ ਹੈ,ਪਰ ਪਾਣੀ ਉਸ ਦੀਨ ਦੀ ਦੀਨਤਾ ਨੂੰ ਜਾਣਦਾ ਹੀ ਨਹੀਂ ਹੈ।

**ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਮੀਨ ਕੁਲ ਦ੍ਰਿੜ ਗੁਰ ਸਿਖ ਬੰਸ ਧ੍ਰਿਗੁ ਪ੍ਰੀਤਿ ਪਰਧੀਨ ਕੀ ॥੩੧੭॥**

(ਇਸ ਤਰ੍ਹਾਂ ਦੀ) ਦੁਖਦਾਈ ਪ੍ਰੀਤੀ ਦੀ ਪ੍ਰਤੀਤ ਮਛੀ ਦੀ ਕੁਲ ਵਿਚ ਦ੍ਰਿੜ ਹੋ ਚੁਕੀ ਹੋਈ ਹੈ,(ਪਰ) ਗੁਰਸਿਖਾਂ ਦੀ ਉਲਾਦ(ਇਸ ਤਰ੍ਹਾਂ ਦੀ)ਪ੍ਰਧੀਨਤਾ ਵਾਲੀ ਪ੍ਰੀਤਿ ਨੂੰ ਹੀ ਧ੍ਰਿਗ ਆਖਦੀ ਹੈ,(ਭਾਵ ਪ੍ਰੀਤਿ ਉਹ ਹੀ ਸਚੀ ਤੇ ਸੁਚੀ ਹੁੰਦੀ ਹੈ, ਜਿਸ ਵਿਚ ਦੋਹਾਂ ਪਾਸਿਆਂ ਨੂੰ ਇਕੋ ਜੇਹੀ ਖਿਚ ਤੇ ਇਕੋ ਜੇਹੀ ਲਗਨ ਹੋਵੇ ॥੩੧੭॥

**ਦੀਪਕ ਪੈ ਆਵਤ ਪਤੰਗ ਪ੍ਰੀਤਿ**

**ਰੀਤਿ ਲਗਿ ਦੀਪਕਹਿ ਮਹਾ ਬਿਪ-ਰੀਤਿ ਮਿਲੈ ਜਾਰਿ ਹੈ ॥**

ਪ੍ਰੀਤਿ ਦੀ ਰੀਤੀ ਵਿਚ ਲਗਕੇ ਪਤੰਗਾ ਦੀਵੇ ਉਤੇ ਆਉਂਦਾ ਹੈ, (ਪਰ) ਦੀਵੇ ਵਿਚ ਬੜੀ ਬਿਪ੍ਰੀਤਿ ਹੈ; (ਅਰਥਾਤ ਦੀਵਾ ਬਿਲਕੁਲ ਪ੍ਰੀਤਿ ਤੋਂ ਉਲਟ ਜਾਂਦਾ ਹੈ, ਜੋ ਪਤੰਗੇ ਨੂੰ) ਮਿਲਦਿਆਂ ਹੀ ਸੜ ਦੇਂਦਾ ਹੈ।

**ਅਲਿ ਚਲਿ ਆਵਤ ਕਮਲ ਪੈ ਸਨੇਹ ਕਰਿ ਕਮਲ ਸੰਪੁਟਿ ਬਾਂਧਿ ਪ੍ਰਾਨ ਪਰਹਾਰਿ ਹੈ ॥**

(ਇਸੇ ਤਰ੍ਹਾਂ) ਭੌਰਾ ਪਰੇਮ ਕਰਕੇ ਕਮਲ ਦੇ ਕੋਲ ਚਲਕੇ ਆਉਂਦਾ ਹੈ, ਪਰ ਕਮਲ ਉਸਨੂੰ ਸੰਪਟਵਾਂਗੂੰ ਬੰਨ੍ਹ ਲੈਂਦਾ ਹੈ ਤੇ (ਉਸਦੇ) ਪ੍ਰਾਨ ਨਾਸ ਕਰਦੇਂਦਾ ਹੈ।

**ਮਨ ਬਚ ਕ੍ਰਮ ਜਲ ਮੀਨ ਲਿਵ ਲੀਨ ਗਤਿ ਬਿਛੁਰਤਿ ਰਾਖਿ ਨ ਸਕਤਿ ਗਹਿ ਡਾਰਿ ਹੈ ॥**

(ਹੋਰ ਦੇਖੋ) ਮਨ, ਬਾਣੀ, ਸਰੀਰ ਕਰਕੇ ਮਛੀ ਪਾਣੀ ਵਿਚ ਲਿਵਲੀਨ ਗਤੀ (ਪਰੇਮ ਪ੍ਰਵੇਧੀ ਦਸ਼ਾ ਵਾਲੀ) ਹੋ ਕੇ ਰਹਿੰਦੀ ਹੈ (ਪਰ) ਵਿਛੜਨ ਦੇ ਵੇਲੇ (ਪਾਂਣੀ ਮਛੀ ਨੂੰ ਆਪਣੇ ਵਿਚ) ਰਖ ਨਹੀਂ ਸਕਦਾ ਹੈ, (ਸਗੋਂ) ਫੜਕੇ ਸੁਟ ਦੇਂਦਾ ਹੈ।

**ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਕੈ ਮਰੈ ਨ ਟਰੈ ਗੁਰ ਸਿਖ ਸੁਖਦਾਈ ਪ੍ਰੀਤਿ ਕਿਉ ਬਿਸਾਰਿ ਹੈ ॥੩੧੯॥**

(ਇਸ ਨਾਲ) ਦੁਖ ਦੇਣਵਾਲੀ ਪ੍ਰੀਤਿ ਦੀ ਪ੍ਰਤੀਤ ਕਰਨ ਕਰਕੇ ਮਰ ਜਾਂਦੇਹਨ, (ਪਰ) ਪਿਛੇਨਹੀਂ ਹਟਦੇ ਹਨ, (ਤਾਂ ਫਿਰ ਦਸੋ) ਸੁਖ ਦੇਣ ਵਾਲੀ ਪ੍ਰੀਤੀ ਨੂੰ ਗੁਰਸਿਖ ਕਿਸਤਰ੍ਹਾਂ ਨਾਲ ਭੁਲਾ ਸਕਦਾ ਹੈ।੩੧੯॥

**ਦੀਪਕ ਪਤੰਗ ਦਿਬਿ ਦ੍ਰਿਸ਼ਟਿ ਦਰਸ ਹੀਨ ਸ੍ਰੀ ਗੁਰ ਦਰਸ ਧਿਆਨ ਤ੍ਰਿਭਵਨ ਗੰਮਿਤਾ ॥**

(ਦੇਖੋ) ਦੀਵੇ (ਪਾਸੋਂ) ਪਤੰਗੇ ਨੂੰ ਦਿਬ ਦ੍ਰਿਸ਼ਟ (ਤਾਂ ਕੀ ਮਿਲਨੀ ਸੀ, ਸਗੋਂ ਦੀਵੇ ਦੇ) ਦਰਸ਼ਨ ਤੋਂ ਭੀ ਹੀਨ (ਹੋ ਜਾਂਦਾ ਹੈ, ਕਿਉਂਕਿ ਦੀਵੇ ਦੇ ਨੇੜੇ ਢੁਕਦਾ ਹੀ ਸੜਕੇ ਮਰ ਜਾਂਦਾ ਹੈ, ਤਾਂ ਫਿਰ ਹੁਣ ਦਰਸ਼ਨ ਕਿਵੇਂ ਕਰੇਗਾ? ਪਰ) ਸ੍ਰੀ ਗੁਰੂ ਜੀ ਦੇ ਦਰਸ਼ਨ ਦੇ ਧਿਆਨ (ਕਰਨ ਤੋਂ ਸਿਖ ਨੂੰ) ਤਿੰਨਾਂ ਲੋਕਾਂ ਦੀ ਗੰਮਿਤਾ (ਪ੍ਰਾਪਤ ਹੋ ਜਾਂਦੀ ਹੈ, ਅਰਥਾਤ ਗੁਰਸਿਖ ਸਤਿਗੁਰੂ ਦੇ ਧਿਆਨ ਤੋਂ ਦਿਬ ਦ੍ਰਿਸ਼ਟੀ ਮਿਲ ਜਾਂਦੀ ਹੈ, ਜਿਸ ਕਰਕੇ ਤਿੰਨਾਂ ਲੋਕਾਂ ਦੀ ਸੂਝ ਹੋ ਜਾਂਦੀ ਹੈ।

**ਬਾਸਨਾ ਕਮਲ ਅਲਿ ਭ੍ਰਮਤ ਨ ਰਾਖਿ ਸਕੈ ਚਰਨ ਸਰਨਿ ਗੁਰ ਅਨਤ ਨ ਰੰਮਿਤਾ ॥**

(ਹੋਰ ਵੇਖੋ) ਕਮਲ ਦੀ ਵਾਸ਼ਨਾ ਭੌਰੇ ਨੂੰ ਫਿਰਨ ਵਲੋਂ ਰੋਕ ਕੇ ਨਹੀਂ ਰਖ ਸਕਦੀ ਹੈ (ਪਰ) ਗੁਰ ਚਰਨ ਸ਼ਰਨ ਵਿਚ (ਪੁਜਕੇ ਸਿਖ) ਹੋਰ ਕਿਤੇ ਨਹੀਂ ਜਾਂਦਾ ਹੈ (ਅਰਥਾਤ ਕਮਲ ਦੀ ਸੁਗੰਧੀ ਨੇ ਭੌਰੇ ਦੇ ਮਨ ਨੂੰ ਸ਼ਾਂਤਿ ਨਹੀਂ ਕੀਤਾ ਹੈ, ਉਸ ਵਿਚ ਉਸ ਤੋਂ ਭੀ ਵਧੀਕ ਸੁਗੰਧੀ ਪ੍ਰਾਪਤੀ ਦੀ ਇਛਾ ਬਣੀਰਹਿੰਦੀ ਹੈ, ਜਿਸ ਤ੍ਰਿਸ਼ਨਾਂ ਦੇ ਵਸ ਹੋਕੇ ਭੌਰ ਚੇਤ ਦੇ ਮਹੀਨੇ ਵਿਚ ਅੱਕ ਦੇ ਫੁਲ ਉਤੇ ਭੀ ਜਾ ਬੈਠਦਾ ਹੈ, ਪਰ ਗੁਰ ਸੇਵਾ ਵਿਚ ਪੁਜਕੇ ਪੁਰਸ਼ ਦੀ ਸਾਰੀ ਭਾਵਨਾ ਮੁਕ ਜਾਂਦੀ ਹੈ)।

**ਮੀਨ ਜਲ ਪ੍ਰੇਮ ਨੇਮ ਅੰਤਿ ਨ ਸਹਾਈ ਹੋਤ ਗੁਰ ਸਿਖ ਸਾਗਰ ਹੈ ਇਤ ਉਤ ਸੰਮਿਤਾ ॥**

ਮਛੀ ਨੂੰ ਪਾਣੀ ਦੇ ਪ੍ਰੇਮ ਦਾ ਨੇਮ, ਅੰਤ ਸਮੇਂ ਸਹਾਈ ਨਹੀਂ ਹੁੰਦਾ ਹੈ। (ਪਰ) ਸਿਖ ਦਾ ਪ੍ਰੇਮ (ਸਥਾਨ) ਗੁਰੂ ਸਮੁੰਦਰ (ਸਮਾਨ) ਹੈ, (ਜੋ) ਇਥੇ ਉਥੇ (ਲੋਕ ਪ੍ਰਲੋਕ ਵਿਚ) ਇਕ ਸਮਾਨ ਸਹਾਈ ਹੁੰਦਾ ਹੈ, (ਅਰਥਾਤ ਮਛੀ ਦਾ ਪ੍ਰੇਮ ਸਥਾਨ ਜਲ ਹੈ. ਜੋ ਮਛੀ ਨੂੰ ਮਰਨ ਤੋਂ ਬਚਾਂਦਾ ਨਹੀਂ ਹੈ, ਜਲ ਦੇ

ਸਾਹਮਣੇ ਮਛੀ ਕੁੰਡੀ ਨਿਗਲਦੀ ਹੈ,ਜਲ ਦੇ ਵੇਖਦੇ ਵੇਖਦੇ ਹੀ ਮਛੀ ਦੇ ਸੰਘ ਵਿਚ ਕੁੰਡੀ ਫਸ ਜਾਂਦੀ ਹੈ ਸ਼ਿਕਾਰੀ ਮਛੀ ਨੂੰ ਜਲ ਦੇ ਵੇਖਦੇ ੨ ਹੀ ਜਲ ਵਿਚੋਂ ਝਟਕਾ ਦੇ ਕੇ ਬਾਹਰ ਸੁਟ ਲੈਂਦਾ ਹੈ ਪਰ ਪਾਣੀ ਉਸਦੀ ਕੋਈ ਮਦਦ ਨਹੀਂ ਕਰਦਾ,ਜੋ ਇਥੇ ਮਦਦ ਨਹੀਂ ਕਰਦਾ, ਉਸਨੇ ਪ੍ਰਲੋਕ ਵਿਚ ਕੀ ਸਹਾਈ ਹੋਣਾ ਹੈ. ਪਰ ਸਿਖ ਦਾ ਪ੍ਰੇਮ ਸਥਾਨ ਗੁਰੂ ਸਿਖ ਨੂੰ ਲੋਕ ਵਿਚ ਸੁਖ ਦੇਂਦਾ ਹੈ; ਪ੍ਰਲੋਕ ਵਿਚੋਂ ਦੁਖਾਂ ਤੋਂ ਛੁਟਕਾਰਾ ਦਿਵਾਂਦਾ ਹੈ)।

**ਏਕ ਏਕ ਟੇਕ ਸੈ ਟਰਤ ਨ ਮਰਤ ਸਬੈ ਸ੍ਰੀ ਗੁਰ ਸਰਬੰਗੀ ਸੰਗੀ ਮਹਾ-ਤਮ ਅੰਮ੍ਰਿਤਾ ॥ ੩੧੯ ॥**

(ਇਹ ਤ੍ਰਿਗਦ ਜੂਨਾਂ ਵਾਲੇ)ਇਕ ਇਕ ਦੀ ਓਟ ਤੋਂ ਪਿਛੇ ਨਹੀਂ ਹਟਦੇ ਹਨ, ਸਾਰੇ ਮਰ ਜਾਂਦੇ ਹਨ, ਪਿਛੇ ਮੁੜਨ ਦਾ ਨਾਮ ਨਹੀਂ ਲੈਂਦੇ, ਪਰ ਸ੍ਰੀ ਗੁਰੂ ਜੀ ਐਸੇ ਸਰਬੰਗੀ ਜਾਂ ਸਾਰੇ ਸਰੂਪਾਂ ਵਿਚ ਪੂਰਨ ਹਨ ਜਿਨਾਂ ਦਾ ਐਸ਼ਾ ਮਹਾਤਮ ਹੈ, ਜੋ ਅਪਨੇ ਸੰਗੀ ਨੂੰ 'ਅ+ਮ੍ਰਿਤਾ' (ਮੌਤ ਤੋਂ ਬਿਨਾਂ) ਕਰ ਦੇਂਦੇ ਹਨ, (ਅਰਥਾਤ ਸਤਿਗੁਰੂ ਅਪਨੇ ਸਾਥੀ ਨੂੰ ਮਰਨ ਤੋਂ ਬਚਾਂਦੇ ਹੀ ਨਹੀਂ, ਸਗੋਂ ਉਸ ਜਗਾ ਤੇ ਸਿਖ ਨੂੰ ਪੁਚਾਂਦੇ ਹਨ, ਜਿਥੇ:–

"ਹਰਖ ਅਨੰਦ ਸੋਗ ਨਹੀ ਬੀਆ ॥
ਸੋ ਘਰ ਗੁਰ ਨਾਨਕ ਕਉ ਦੀਆ ॥

**ਦੀਪਕ ਪਤੰਗ ਮਿਲਿ ਜਰਤ ਨ ਰਾਖਿ ਸਕੈ ਜਰੈ ਮਰੈ ਆਗੇ ਨ ਪਰਮ ਪਦ ਪਾਏ ਹੈ ॥**

ਦੀਵਾ ਪਤੰਗੇ ਨੂੰ (ਆਪਣੇ ਨਾਲ) ਮਿਲਦਿਆਂ ਸੜਨ ਤੋਂ ਨਹੀਂ ਰਖ ਸਕਦਾ, (ਜੋ ਇਥੇ) ਸੜਕੇ ਮਰ ਗਿਆ ਹੈ, ਅਗੇ ਪ੍ਰਲੋਕ ਵਿਚ ਜਾ ਕੇ (ਉਹ) ਪਰਮਪਦ (ਮੁਕਤੀ ਨਹੀਂ ਪਾਵੇਗਾ।

**ਮਧੁਪ ਕਮਲ ਮਿਲਿ ਭ੍ਰਮਤ ਨ ਰਾਖਿ ਸਕੈ ਸੰਪਟ ਮੈ ਮੂਏ ਸੈ ਨ ਸਹਜਿ ਸਮਾਏ ਹੈ ॥**

ਭੌਰੇ ਨੂੰ(ਆਪਣੇ ਨਾਲ)ਮਿਲਦਿਆਂ ਕਮਲ(ਉਸ ਨੂੰ) ਫਿਰਨ ਵਲੋਂ ਨਹੀਂ ਰਖ ਸਕਦਾ, (ਪਰ ਜਦ ਸ਼ਾਮ ਵੇਲੇ ਕਮਲ ਮੂੰਹ ਮੀਟ ਕੇ ਸੰਪੁਟ (ਕੁੱਜੇ) ਵਾਂਗੂੰ ਹੋ ਜਾਂਦਾ ਹੈ ਤੇ ਭੌਰਾ ਉਸ ਵਿਚ ਮਰ ਜਾਂਦਾ ਹੈ,ਪਰ ਚੇਤੇ ਰਖੋ ਕਮਲ ਦੇ ਸੰਪਟ ਵਿਚ ਮਰ ਜਾਣ ਨਾਲ (ਭੌਰਾ) ਸਹਜ ਪਦ ਵਿਚ ਨਹੀਂ ਸਮਾਉਂਦਾ ਹੈ।

**ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ ਬਿਛੁਰਿ ਮਰਤ ਹਰਿ ਲੋਕ ਨ ਪਠਾਏ ਹੈ ॥**

(ਆਪਣੇ ਨਾਲ)ਮਿਲੀ ਹੋਈ ਮਛੀ ਦੀ ਦੁਬਿਧਾ ਨੂੰ ਪਾਣੀ ਭੀ ਨਹੀਂ ਮਿਟਾ ਸਕਿਆ,(ਜੇ ਪਾਣੀ ਤੋਂ) ਵਿਛੜਕੇ ਮਰ ਜਾਂਦੀ ਹੈ (ਤਾਂ ਮੱਛੀ ਇਸ ਤਰਾਂ) ਹਰਿ ਲੋਕ [ਵੈਕੁੰਠ ਧਾਮ] ਨਹੀਂ ਜਾਂਦੀ ਹੈ।

**ਇਤ ਉਤ ਸੰਗਮ ਸਹਾਈ ਸੁਖਦਾਈ ਗੁਰ ਗਿਆਨ ਧਿਆਨ ਪ੍ਰੇਮ ਰਸ ਅੰਮ੍ਰਿਤ ਪੀਆਏ ਹੈ ॥ ੩੨੦ ॥**

ਗੁਰੂ ਜੀ ਦਾ ਸੰਗਮ [ਮਿਲਾਪ] ਇਥੇ ਸੁਖਦਾਈ ਹੈ ਅਤੇ ਉਥੇ(ਪ੍ਰਲੋਕ ਵਿਚ)ਸਹਾਈ ਹੁੰਦਾ ਹੈ(ਕਿਉਂ ਕਿ ਗੁਰੂ)ਗਿਆਨ,ਧਿਆਨ ਤੇ ਪ੍ਰੇਮ ਰਸ ਰੂਪਅੰਮ੍ਰਿਤ ਪੀਆਉਂਦਾ ਹੈ,(ਇਸ ਕਰਕੇ ਲੋਕ ਵਿਚ ਸੁਖਦਾਈ ਤੇ ਪ੍ਰਲੋਕ ਵਿਚ ਸਹਾਈ ਹੁੰਦਾ ਹੈ) ॥ ੩੨੦ ॥

**ਦੀਪਕ ਪਤੰਗ ਅਲਿ ਕਮਲ ਸਲਲ ਮੀਨ ਚਕਈ ਚਕੋਰ ਮ੍ਰਿਗ ਰਵਿ ਸਸਿ ਨਾਦਿ ਹੈ ॥**

ਦੀਵੇ ਦੀ ਪਤੰਗੇ ਨਾਲ, ਭੌਰੇ ਦੀ ਕਮਲ ਨਾਲ, ਪਾਣੀ ਨਾਲ ਮਛੀ ਦੀ, ਚਕਵੀ ਦੀ [ਰਵਿ] ਸੂਰਜ ਨਾਲ, ਚਕੋਰ ਦੀ [ਸਸਿ] ਚੰਦ੍ਰਮਾਂ ਨਾਲ ਤੇ ਹਰਨ ਦੀ ਨਾਦ [ਸ਼ਬਦ] (ਨਾਲ ਪ੍ਰੀਤੀ ਹੈ)

**ਪ੍ਰੀਤਿ ਇਕ ਅੰਗੀ ਬਹੁ ਰੰਗੀ**

**ਨਹੀ ਸੰਗੀ ਕੋਊ ਸਬੈ ਦੁਖਦਾਈ ਨ ਸਹਾਈ ਅੰਤਿ ਆਦਿ ਹੈ ॥**

ਇਨ੍ਹਾਂ ਦੀ ਪ੍ਰੀਤਿ ਇਕ ਅੰਗੀ ( ਇਕ ੨ ਪਾਸੇ ਪ੍ਰੀਤੀ ਹੈ, ਦੂਜੇ ਪਾਸੇ ਪ੍ਰੀਤੀ ਨਹੀਂ ਹੈ,( ਜੇਕਰ ਏਹ ਪ੍ਰੀਤੀ) ਬਹੁਰੰਗੀ (ਹੁੰਦੀ ਤਾਂ ਭੀ ਅਜੇਹੀ ਦਸ਼ਾ ਵਿਚ) ਕੋਈ ਸਾਥੀ ਨਹੀਂ ਹੁੰਦਾ, ਸਾਰੇ ਹੀ ਦੁਖ ਦੇਣ ਵਾਲੇ(ਬਣੇ ਹੋਏ ਹਨ)ਆਦ ਤੋਂ ਅੰਤ ( ਤੱਕ ਨਿਭਣ ਵਾਲਾ ਕੋਈ ਭੀ) ਸਹਾਈ ਨਹੀਂ ਹੈ।

**ਜੀਵਤ ਨ ਸਾਧ ਸੰਗ ਮੂਏ ਨ ਪਰਮਗਤਿ ਗਿਆਨ ਧਿਆਨ ਪ੍ਰੇਮ ਰਸ ਪ੍ਰੀਤਮ ਪ੍ਰਸਾਦਿ ਹੈ ॥**

(ਇਸ ਤਰ੍ਹਾਂ ਦੀ ਇਕ ਪ੍ਰੀਤੀ ਕਰਨ ਵਾਲਿਆਂ ਨੂੰ) ਜੀਉਂਦੇ ਜੀਅ ਤੱਕ ਸਾਧ ਸੰਗ ( ਪ੍ਰਾਪਤ)ਨਹੀਂ ਹੁੰਦੀ ਹੈ,ਅਤੇ ਮਰਨ ਮਗਰੋਂ ਪਰਮ ਗਤੀ (ਮੁਕਤੀ) ਨਹੀਂ ਹੁੰਦੀ ਹੈ, (ਕਿਉਂਕਿ) ਗਿਆਨ, ਧਿਆਨ ਤੇ ਪ੍ਰੇਮ ਰਸ (ਗੁਰੂ)ਪ੍ਰੀਤਮ ਦੀ (ਪ੍ਰਸਾਦਿ) ਕ੍ਰਿਪਾ ਨਾਲ ਮਿਲਦਾ ਹੈ। ਤਾਂਤੇ:-

**ਮਾਨਸ ਜਨਮੁ ਪਾਏ ਸ੍ਰੀ ਗੁਰ ਦਇਆ ਨਿਧਾਨ ਚਰਨ ਸਰਨਿ ਸੁਖ ਫਲ ਬਿਸਮਾਦਿ ਹੈ ॥੩੨੧॥**

ਮਨੁਖ ਜਨਮ ਪਾਕੇ, ਦਯਾ ਦੇ ਭੰਡਾਰ ਸਤਿਗੁਰੂ ਜੀ ਦੀ ਚਰਨ ਸਰਨ (ਵਿਚ ਜਾਣਾ ਚਾਹੀਦਾ ਹੈ, ਜਿਸਦਾ)ਫਲ ਬਿਸਮਾਦ ਸੁਖ (ਮਿਲਦਾ)ਹੈ।੩੨੧॥

**ਗੁਰਮੁਖਿ ਪੰਥ ਗੁਰ ਧਿਆਨ ਸਾਵਧਾਨ ਰਹੇ ਲਹੈ ਨਿਜੁ ਘਰੁ ਅਰੁ ਸਹਜ ਨਿਵਾਸ ਜੀ ॥**

ਗੁਰਮੁਖੀ ਮਾਰਗ (ਵਿਚ ਪ੍ਰਵੇਸ਼ ਕਰਕੇ ਜੋ)ਜੀਵ ਗੁਰੂ ਦੇ ਗਿਆਨ ਧਿਆਨ ਵਿਚ ਸਾਵਧਾਨ ਰਹਿੰਦਾ ਹੈ, (ਉਹ) ਆਪਣੇ ਸਰੂਪ ਨੂੰ ਜਾਨ ਲੈਂਦਾ ਹੈ ਅਤੇ ਸਹਜ ਪਦ ਵਿਚ ਨਿਵਾਸ (ਕਰਦਾ) ਹੈ।

**ਸ਼ਬਦ ਬਿਬੇਕ ਏਕ ਟੇਕ ਨਿਹਚਲ ਮਤਿ ਮਧੁਰ ਬਚਨ ਗੁਰ ਗਿਆਨ ਕੋ ਪ੍ਰਗਾਸ ਜੀ ।**

(ਜੋ) ਗੁਰੂ ਸ਼ਬਦ ਦੀ ਵਿਚਾਰ ਕਰਕੇ ਬੁਧੀ ਨੂੰ ਇਕ ਦੀ ਓਟ ਤੇ ਅਚਲ ਕਰਦਾ ਹੈ ਤੇ ਮਿਠੇ ਬਚਨ (ਬੋਲਦਾ ਹੈ, ਉਸ) ਨੂੰ ਗਿਆਨ ਦਾ ਪ੍ਰਕਾਸ਼ (ਹੋ ਜਾਂਦਾ ਹੈ)।

**ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ ਪ੍ਰੇਮ ਨੇਮ ਰਸਿ ਬਸਿ ਭਏ ਬਿਸਮ ਬਿਸ੍ਵਾਸ ਜੀ ॥**

(ਜੋ) ਨਿਧਾਨ ਸਰੂਪ ਗੁਰ ਚਰਨ ਕਮਲਾਂ ਦਾ ਚਰਨਾਮ੍ਰਿਤ ਪਾਨ ਕਰਦਾ ਹੈ, (ਉਸ ਦਾ ਮਨ) ਪ੍ਰੇਮ ਰਸ ਕਰਕੇ ਵਸ ਹੋਕੇ ਅਚਰਜ ਭਰੋਸੇ ਵਾਲਾ ਹੋ ਜਾਂਦਾ ਹੈ।

**ਗਿਆਨ ਧਿਆਨ ਪ੍ਰੇਮ ਨੇਮ ਪੂਰਨ ਪ੍ਰਤੀਤਿ ਚੀਤਿ ਬਨ ਗ੍ਰਿਹ ਸਮਸਰਿ ਮਾਇਆ ਮੈ ਉਦਾਸ ਜੀ॥੩੨੨॥**

(ਉਸ ਦੇ) ਚਿਤ ਵਿਚ ਗਿਆਨ ਧਿਆਨ ਤੇ ਪ੍ਰੇਮ ਦੇ ਨੇਮ ਦੀ ਪੂਰਨ ਪ੍ਰਤੀਤ (ਹੋ ਆਉਂਦੀ ਹੈ, ਇਸ ਲਈ ਉਹ) ਮਾਯਾ ਵਿਚ (ਮਾਯਾ ਤੋਂ) ਉਦਾਸ ਹੋ ਕੇ (ਵਰਤਦਾ ਹੈ) ਅਤੇ ਘਰ ਤੇ ਬਨ ਨੂੰ ਇਕ ਸਮਾਨ ਜਾਣਦਾ ਹੈ ॥੩੨੨॥

**ਮਾਰਬੇ ਕੋ ਤ੍ਰਾਸੁ ਦੇਖਿ ਚੋਰ ਨ ਤਜਤ ਚੋਰੀ ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ ॥**

(ਜਿਸ ਤਰਾਂ) ਮਾਰ ਪੈਣ ਦੇ ਡਰ ਨੂੰ ਵੇਖਕੇ ਚੋਰ ਚੋਰੀ ਨਹੀਂ ਛਡਦਾ ਹੈ ਅਤੇ ਡਾਕੂ ਭੀ (ਡਾਕੂ ਦਾ) ਸਾਥੀ ਹੋਕੇ ਡਕੈਤੀ (ਕਰਨ ਦਾ ਵੇਲਾ) ਤਕਦਾ ਹੈ।

**ਬੇਸ੍ਵਾਰਤਿ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ ਜੂਆਰੀ ਨ ਸਰਬਸੁ ਹਾਰੇ ਸੈ ਝਕਤ ਹੈ ॥**

(ਜਿਸ ਤਰ੍ਹਾਂ)ਵੇਸਵਾ ਦਾ ਪਰੇਮੀ(ਆਤਸ਼ਕ ਦਾ) ਰੋਗੀ ਹੋਕੇ ਮਨ ਵਿਚ ਸ਼ਰਮ ਨਹੀਂ ਮੰਨਦਾ ਹੈ, ਅਤੇ ਸਰਬੰਸ ਹਾਰ ਕੇ ਭੀ ਜੁਆਰੀਆ (ਜੂਏ ਤੋਂ) ਬਸ ਨਹੀਂ ਕਰਦਾ ਹੈ।

**ਅਮਲੀ ਨ ਅਮਲ ਤਜਤ ਜਿਉ ਧ੍ਰਿਕਾਰ ਕੀਏ ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ ॥**

ਜਿਸਤਰ੍ਹਾਂ ਅਮਲੀ ਨੂੰ ਲਾਨ੍ਹਤ-ਫਿਟਕਾਰ ਦਿਤੀ ਜਾਏ (ਤਾਂ ਭੀ ਉਹ) ਅਮਲ ਨੂੰ ਨਹੀਂ ਛਡਦਾ ਹੈ (ਸਗੋਂ ਅਮਲ ਦੇ) ਦੋਖ (ਤੇ ਉਸ ਤੋਂ ਪੈਦਾ ਹੋਣ ਵਾਲੇ ਸਰੀਰ ਦੇ) ਦੁਖ ਲੋਕਾਂ ਤੇ ਵੇਦਾਂ ਤੋਂ ਸੁਣਕੇ (ਛਕਤ) ਪ੍ਰਸੰਨ [ਖੁਸ਼]ਹੁੰਦਾ ਹੈ,(ਜਾਂ ਅਮਲ ਦੀਆਂ ਬੁਰਾਈਆਂ ਸੁਣਦਾ ਹੋਇਆਭੀ ਅਮਲ ਛਕਦਾ ਹੈ)।

**ਅਧਮ ਅਸਾਧ ਸੰਗਿ ਛਾਜਤ ਨ ਅੰਗੀਕਾਰ ਗੁਰਸਿਖ ਸਾਧ ਸੰਗਿ ਛਾਡਿ ਕਿਉ ਸਕਤ ਹੈ ॥੩੨੩॥**

(ਜਦ) ਅਸਾਧੂ [ਪੁਰਸ਼] ਅੰਗੀਕਾਰ ਕੀਤੇ ਹੋਏ ਨੀਚ ਕਰਮ ਦਾ ਸੰਗ ਨਹੀਂ ਛਡਦਾ ਹੈ(ਤਦ ਭਲਾ) ਗੁਰ ਸਿਖ ਸਾਧ ਸੰਗ ਨੂੰ ਕਿਸ ਤਰਾਂ ਛਡ ਸਕਦਾ ਹੈ ? ॥੩੨੩॥

**ਦਮਕ ਦੈ ਦੋਖ ਦੁਖ ਅਪਜਸ ਲੈ ਅਸਾਧ ਲੋਕ ਪਰਲੋਕ ਮੁਖ ਸਿਆਮਤਾ ਲਗਾਵਹੀ ॥**

ਦਮਕ—ਇਜ਼ਤ-ਪ੍ਰਤਾਪ (੨) ਦਮੜੇ-ਦੌਲਤ । ਅਪਜਸ – ਬਦਨਾਮੀ । ਸਿਆਮਤਾ – ਸਿਆਹੀ, ਕਾਲਖ । ਮਦਪਾਨੀ – ਸ਼ਰਾਬੀ । ਕਨੌਡੀ – ਮੁਥਾਜੀ ਖੰਡ–ਟੁਕੜਾ, ਟੋਟਾ । (੨) ਕਟਵਾਨਾ।

ਅਸਾਧੂ (ਬੁਰਾ) ਪੁਰਸ਼ ਇਜ਼ਤ ਤੇ ਦੌਲਤ ਦੇ ਕੇ ਦੋਖ, ਦੁਖ ਤੇ ਬਦਨਾਮੀ ਲੈਂਦਾ ਹੈ ਅਤੇ ਲੋਕ ਪ੍ਰਲੋਕ ਵਿਚ ਮੂੰਹ ਉਤੇ ਸਿਆਹੀ ਲਗਵਾ ਲੈਂਦਾ ਹੈ।

**ਚੋਰ ਜਾਰ ਅਉ ਜੂਆਰ ਮਦਪਾਨੀ ਦੁਕ੍ਰਿਤਸੈਂ ਕਲਦ ਕਲੇਸ ਭੇਸ ਦੁਬਿਧਾ ਕਉ ਧਾਵਹੀ ॥**

ਚੋਰ, ਯਾਰ, ਜੁਆਰੀਆਂ ਤੇ ਸ਼ਰਾਬੀ ਬੁਰੇ ਕਰਮਾਂ ਨਾਲ ਲੜਾਈ ਝਗੜੇ ਤੇ ਦੁਖ ਕਲੇਸ਼ (ਭੇਸ) ਰੂਪ ਦੁਬਿਧਾ ਨੂੰ ਹੀ ਭਜਦੇ ਹਨ (ਅਰਥਾਤ ਚੋਰ ਨੂੰ ਫੜੇ ਜਾਣ ਦੀ ਦੁਬਿਧਾ ਹੈ, ਯਾਰ ਨੂੰ ਪਰ ਇਸਤਰੀ ਦੇ ਘਰ ਜਾਕੇ ਜੁਤੀਆਂ ਖਾਣ ਦੀ ਦੁਬਿਧਾ ਹੈ, ਸ਼ਰਾਬੀ ਨੂੰ ਸ਼ਰਾਬਖਾਨੇ ਅੰਦਰ ਜਾਣ ਵੇਲੇ ਦੁਬਿਧਾ ਲਗੀ ਹੁੰਦੀ ਹੈ, ਤਦੇ ਹੀ ਇਧਰ ਉਧਰ ਵੇਖਦਾ ਵੇਖਦਾ ਅੱਖ ਬਚਾ ਕੇ ਸ਼ਰਾਬ ਖਾਨੇ ਅੰਦਰ ਜਾਂਦਾ ਹੈ)।

**ਮਤਿ ਪਤਿ ਹਾਨਿ ਕਾਨਿ ਮੈ ਕਨੌਡੀ ਸਭਾ ਨਾਕ ਕਾਨ ਖੰਡ ਡੰਡ ਹੋਤ ਨ ਲਜਾਵਹੀ ॥**

ਬੁਧੀ ਤੇ ਇਜ਼ਤ ਨਾਸ ਹੁੰਦੀ ਹੈ, ਸਭਾ ਅੰਦਰ [ਕਾਨਿ] ਆਨ ਸ਼ਾਨ ਵਿਚੋਂ ਕਨੌਡੀ ਹੁੰਦੀ ਹੈ, ਨੱਕ-ਕੰਨ ਕਟਵਾਕੇ ਤੇ (ਡੰਡ) ਜੁਰਮਾਨਾ ਹੁੰਦਾ ਹੈ [ਤਾਂ ਭੀ] ਸ਼ਰਮ ਨਹੀਂ ਕਰਦਾ ਹੈ।

**ਸਰਬ ਨਿਧਾਨ ਦਾਨ ਦਾਇਕ ਸੰਗਤਿ ਸਾਧ ਗੁਰ ਸਿਖ ਸਾਧੂ ਜਨ ਕਿਉਂ ਨ ਚਲਿ ਆਵਹੀ ॥੩੨੪॥**

(ਜੋ)ਸਾਰੇ ਪਦਾਰਥਾਂ ਤੇ ਸੁਖਾਂ ਦੇ ਖਜ਼ਾਨਿਆਂ ਦਾ ਦਾਨ ਦੇਣ ਵਾਲੀ ਸਾਧ ਸੰਗਤ ਹੈ,(ਉਸ ਵਿਚ)ਗੁਰ ਸਿਖ ਸਾਧੂ ਜਨ ਕਿਉਂ ਨਹੀਂ ਚਲਕੇ ਆਉਂਦੇ ? [ਅਰਥਾਤ ਦੁਨੀਆਂ'ਚ ਵੇਖਦੇ ਹਾਂ ਕਿ ਦੁਨੀਆਂਦਾਰ ਜਿਨ੍ਹਾਂ ਜਿਨ੍ਹਾਂ ਕੰਮਾਂ'ਚ ਲਗੇ ਹੋਏ ਹਨ,ਜਾਂਲਗਦੇਹਨ ਉਨ੍ਹਾਂ ਕੰਮਾਂ ਵਿਚ ਧਨ ਤੇ ਇਜ਼ਤ ਦਾ ਭਾਵੇਂ ਨਾਸ ਹੁੰਦਾ ਹੋਵੇ, ਹੋਰ ਤਾਂ ਕਿਤੇ ਭਾਂਵੇ ਨੱਕ-ਕੰਨ ਤਕ ਭੀ ਕਟਵਾਨਾ ਪੈ ਜਾਏ,ਜੁਰਮਾਨਾ ਭਰਨਾ ਪਵੇ,ਆਤਸ਼ਕ ਵਰਗਾ ਕੋੜ੍ਹ ਰੋਗ ਸਰੀਰ ਤੇ ਝਲਣਾ ਪਵੇ ਤਾਂ ਭੀ ਅੰਗੀਕਾਰ ਕੀਤੇ ਹੋਏ ਕਰਮ ਦਾ ਤਿਆਗ ਨਹੀਂ ਕਰਦੇ ਤਾਂ ਫਿਰ ਜੋ ਸਾਰੇ ਸੁਖ ਪਦਾਰਥ ਦੇਨ ਵਾਲੀ ਹੈਅਤੇ ਇਨ੍ਹਾਂ ਪਦਾਰਥਾਂਦੇ ਬਦਲੇ ਵਿਚ ਕੁਝ ਲੈਂਦੀ ਨਹੀਂ ਹੈ,ਉਸ ਸਾਧ ਸੰਗਤ 'ਚ ਆਉਣ ਵਲੋਂ ਗੁਰ-

ਸਿਖ ਸਾਧੂ, ਜਨ ਕਿਉਂ ਝਿਜਕਦੇ ਹਨ ? ॥੩੨੪॥

**ਜੈਸੇ ਤਉ ਅਕਸਮਾਤ ਬਾਦਰ ਉਦੋਤ ਹੋਤ ਗਗਨ ਘਟਾ ਘਮੰਡ ਕਰਤ ਬਿਥਾਰ ਜੀ ॥**

ਅਕਸਮਾਤ – ਅਚਨਚੇਤ, ਅਚਾਨਕ । ਉਦੋਤ–ਉਦੇ, ਪ੍ਰਗਟ । ਘਟਾ ਘਮੰਡ – ਕਾਲੀ ਘਟਾ ਚੜ੍ਹ ਆਉਂਦੀ ਹੈ। ਗਨ— ਬਦਲ । ਦਾਮਨੀ–ਬਿਜਲੀ । ਮੁਕਤਾ ਮੋਤੀ। ਕਪੂਰ – ਮੁਸ਼ਕਪੂਰ। ਅਉਖਧੀ– ਦਵਾਈ । ਉਪਾਰਜਨਾ – ਪੈਦਾ ਹੁੰਦੀ।

ਜੈਸਾ ਕਿ ਅਕਾਸ ਵਿਚ ਅਚਾਨਕ ਹੀ ਬਦਲ ਪ੍ਰਗਟ ਹੋ ਜਾਂਦੇ ਹਨ, ਕਾਲੀਆਂ ਘਟਾ ਚੜ੍ਹ ਆਉਂ-ਦੀਆਂ ਹਨ(ਤੇ ਫਿਰ) ਪਸਾਰਾ ਕਰ ਲੈਂਦੀਆਂ ਹਨ।

**ਤਾਹੀ ਤੇ ਸ਼ਬਦ ਧੁਨਿ ਘਨ ਗਰਜਤ ਅਤਿ ਚੰਚਲ ਚਰਿਤ੍ਰ ਦਾਮਨੀ ਚਮਤਕਾਰ ਜੀ ॥**

ਉਸੇ ਤੋਂ ਹੀ ਬਦਲ ਦੇ ਗਰਜਦਿਆਂ ਹੀ ਗੂੰਜ ਉਠਦੀ ਹੈ ਅਤੇ ਚੰਚਲ ਕੌਤਕ ਵਾਲੀ ਬਿਜਲੀ ਚਮਤਕਾਰ [ਲਿਸ਼ਕਾਰੇ ਮਾਰਨੇ] ਕਰਦੀ ਹੈ।

**ਬਰਖਾ ਅਮ੍ਰਿਤ ਜਲ ਮੁਕਤਾ ਕਪੂਰ ਤਾਤੇ ਅਉਖਧੀ ਉਪਾਰਜਨਾ ਅਨਿਕ ਪ੍ਰਕਾਰ ਜੀ ॥**

(ਜਿਸਤੋਂ) ਅਮ੍ਰਿਤ ਵਰਗੇਜਲ ਦੀ ਬਰਖਾ ਹੁੰਦੀ ਹੈ, ਉਸ ਤੋਂ ਮੋਤੀ, ਕਪੂਰ ਤੇ ਅਨੇਕ ਤਰ੍ਹਾਂ ਦੀਆਂ ਦਵਾਈਆਂ [ਰੂਪ ਬੂਟੀਆਂ] ਪੈਦਾ ਹੁੰਦੀਆਂ ਹਨ।

**ਦਿਬ ਦੇਹ ਸਾਧ ਜਨਮ ਮਰਨ ਰਹਿਤ ਜਗਿ ਪ੍ਰਗਟਤ ਕਰਬੇ ਕਉ ਪਰ ਉਪਕਾਰ ਜੀ ॥੩੨੫॥**

[ਇਸ ਤਰ੍ਹਾਂ ਹੀ] ਸਾਧੂ ਦੀ ਦਿੱਬ ਦੇਹ ਹੈ, ਜੋ ਜਨਮ ਮਰਨ ਤੋਂ ਰਹਿਤ ਹੈ, ਪਰ ਉਪਕਾਰ ਕਰਨ ਦੇ ਵਾਸਤੇ, ਜਗਤ ਵਿਚ [ਅਚਾਨਕ ਹੀ] ਪ੍ਰਗਟ ਹੋ ਆਉਂਦੀ ਹੈ ॥੩੨੫॥

**ਸਫਲ ਬਿਰਖ ਫਲ ਦੇਤ ਜਿਉ ਪਾਖਾਨ ਮਾਰੇ ਸਿਰਿ ਕਰਵਤ ਸਹਿ ਗਹਿ ਪਾਰਿ ਪਾਰਿ ਹੈ ॥**

ਜਿਸ ਤਰ੍ਹਾਂ ਫਲ ਵਾਲੇ ਦਰਖਤ ਨੂੰ [ਕੋਈ ਪੁਰਸ਼] ਵੱਟਾ ਮਾਰੇ [ਤਾਂ ਉਹ ਅਗੋਂ ਉਸਨੂੰ] ਫਲ ਦੇਂਦਾ ਹੈ, ਅਤੇ ਸਿਰ ਉਤੇ ਆਰਾ ਸਹਾਰ ਕੇ [ਭਾਵ ਦਰਖਤ ਚੀਰਿਆ ਜਾਕੇ, ਬੇੜਾ ਰੂਪ ਹੋ ਕੇ ਚੀਰਨ ਵਾਲੇ ਨੂੰ ਸਾਥੀਆਂ ਸਮੇਤ] [ਗਹਿ] ਆਪਣੇ ਉਤੇ ਲੈਕੇ [ਉਸਨੂੰ ਦਰਿਆ ਤੋਂ] ਪਾਰ ਕਰਕੇ ਪਾਰਲੇ [ਕੰਢੇ] ਪੁਚਾ ਦੇਂਦਾ ਹੈ।

**ਸਾਗਰ ਮੈ ਕਾਢਿ ਮੁਖ ਫੋਰੀਅਤਿ ਸੀਪ ਕੋ ਜਿਉਂ ਦੇਤ ਮੁਕਤਾਹਲ ਅਵਗਿਆ ਨ ਬਿਚਾਰ ਹੈ ॥**

ਜਿਸ ਤਰ੍ਹਾਂ ਸਮੁੰਦਰ ਵਿਚੋਂ ਕਢਕੇ ਸਿਪ ਦਾ ਮੂੰਹ ਭੰਨਿਆ ਜਾਂਦਾ ਹੈ, ਤਾਂ ਉਹ ਮੋਤੀ ਦੇਂਦਾ ਹੈ, ਅਤੇ ਮੂੰਹ ਭੰਨਣ ਵਾਲੇ ਦੀ ਅਵਿਗਜ਼ਾ ਕਰਨ ਦਾ ਵੀਚਾਰ ਨਹੀਂ ਕਰਦਾ ਹੈ।

**ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ ਮਾਨਿਕ ਹੀਰਾ ਅਮੋਲ ਪਰ ਉਪਕਾਰ ਹੈ ॥**

ਜਿਸਤਰ੍ਹਾਂ ਖਨਵਾਰਾ [ਖਾਨ ਪੁਟਨ ਵਾਲਾ]ਖਾਨ ਨੂੰ ਪੁਟਦਾ ਹੋਯਾ ਘਨ [ਹਥੌੜੇ] ਮਾਰਦਾ ਹੈ, [ਤਾਂ ਖਾਨ ਵਾਲੀ ਜਗ੍ਹਾ ਅਗੋਂ] ਮਹਾਨ ਮੁਲ ਵਾਲੇ ਮਾਨਿਕ ਤੇ ਹੀਰੇ ਦੇਕੇ ਪਰਉਪਕਾਰ ਕਰਦਾ ਹੈ।

**ਊਖ ਮੈ ਪਿਊਖ ਜਿਉ ਪਰਗਾਸ ਹੋਤ ਕੋਲੂ ਪਚੈ ਅਵਗੁਨ ਕੀਏ ਗੁਨ ਸਾਧਨ ਕੈ ਦੁਆਰ ਹੈ ॥੩੨੬॥**

ਜਿਵੇਂ ਕੋਲੂ [ਵੇਲਨੇ] ਵਿਚ ਪਾੜਿਆ ਜਾਂਦਾ ਨੂੰ ਤਾਂ ਗੰਨੇ ਵਿਚੋਂ ਅੰਮ੍ਰਿਤ ਸਮਾਨ ਰਸ ਪ੍ਰਗਾਸ ਹੁੰਦਾ ਹੈ, ਇਸੇ ਤਰ੍ਹਾਂ ਔਗਨ ਕਰਨ ਵਾਲੇ ਨਾਲ ਸਾਧਾਂ ਵਲੋਂ

ਉਲਟਾ ਗੁਣ ਹੀ ਹੁੰਦਾ ਹੈ ॥ ੩੨੬ ॥

ਭਾਵ–"ਬੁਰੇ ਨਾਲ ਸਭ ਕਰਨ ਬੁਰਾਈ ਮਾਫ ਕਰਨ ਕਈ ਸਿਆਣੇ ॥ ਬੁਰੇ ਨਾਲ ਫਿਰ ਨੇਕੀ ਕਰਨੀ ਏਹ ਗੁਰ ਨਾਨਕ ਜਾਣੇ ॥

**ਸਾਧ ਸੰਗ ਦਰਸ਼ਨ ਕੋ ਹੈ ਨਿਤ-ਨੇਮ ਜਾਕੋ ਸੋਈ ਦਰਸਨੀ ਸਮ ਦਰਸ ਧਿਆਨੀ ਹੈ ॥**

ਸਾਧ ਸੰਗਤ ਦਾ ਦਰਸ਼ਨ (ਕਰਨ ਦਾ) ਜਿਸਦਾ ਨਿਤਨੇਮ ਹੈ,ਓਹੀ ਦਰਸ਼ਨੀ (ਸਰੀਰ ਹੈ ਅਤੇ) ਸਮ ਦਰਸ਼ ਧਿਆਨੀ (ਭੀ ਉਹ, ਹੈ (ਅਰਥਾਤ ਉਹ ਸਭਨਾ ਨੂੰ ਬ੍ਰਹਮ ਸਰੂਪ ਸਮਝਕੇ ਸਭਨਾਂ ਵਿਚ ਬ੍ਰਹਮ ਦਰਸ਼ਨ ਦਾ ਧਿਆਨ ਕਰਦਾ ਹੈ)।

**ਸ਼ਬਦ ਬਿਬੇਕ ਏਕ ਟੇਕ ਜਾਕੈ ਮਨਿ ਬਸੈ ਮਾਨ ਗੁਰ ਗਿਆਨ ਸੋਈ ਬ੍ਰਹਮ ਗਿਆਨੀ ਹੈ ॥**

ਜਿਸਦੇ ਮਨ ਵਿਚ ਇਕ ਸ਼ਬਦ ਦੀ ਵੀਚਾਰ ਦੀ ਓਟ ਵਸਦੀ ਹੈ, ਓਹੀ ਗੁਰ ਗਿਆਨ ਨੂੰ ਮੰਨਣ ਵਾਲਾ ਗਿਆਨੀ ਹੈ।

**ਦ੍ਰਿਸ਼ਟਿ ਦਰਸ ਅਰੁ ਸ਼ਬਦ ਸੁਰਤਿ ਮਿਲਿ ਪ੍ਰੇਮੀ ਪ੍ਰਿਅ ਪ੍ਰੇਮ ਉਨਮਨ ਉਨਮਾਨੀ ਹੈ ॥**

(ਜਿਸਦੀ) ਨਜ਼ਰ (ਗੁਰ) ਦਰਸ਼ਨ ਵਿਚ ਅਤੇ ਸੁਰਤੀ (ਗੁਰ) ਸ਼ਬਦ ਵਿਚ ਮਿਲੀ ਹੋਈ ਹੈ, ਓਹੀ ਪਿਆਰੇ ਦੇ ਪ੍ਰੇਮਦੀ ਵੀਚਾਰ ਵਾਲਾ ਵੀਚਾਰੀਦਾ ਹੈ।

**ਸਹਜ ਸਮਾਧਿ ਸਾਧ ਸੰਗਿ ਇਕ ਰੰਗ ਜੋਈ ਸੋਈ ਗੁਰਮੁਖ ਨਿਰਮਲ ਨਿਰਬਾਨੀ ਹੈ ॥ ੩੨੭ ॥**

ਜੇਹੜਾ ਸਾਧ ਸੰਗ ਕਰਦਾ ਹੋਇਆ ਇਕ ਸਹਜ ਸਮਾਧੀ ਦੇ ਰੰਗ ਵਾਲਾ ਹੈ ਓਹੀ ਗੁਰਮੁਖ ਨਿਰਮਲ ਤੇ ਨਿਰਬਾਨੀ ਹੈ ॥ ੩੨੭ ॥

**ਦਰਸ ਧਿਆਨ ਧਿਆਨੀ ਸ਼ਬਦ ਗਿਆਨ ਗਿਆਨੀ ਚਰਨਿ ਸਰਨਿ ਦ੍ਰਿੜ ਮਾਇਆ ਮੈ ਉਦਾਸੀ ਹੈ ॥**

(ਜੋ ਗੁਰ) ਦਰਸ਼ਨ ਧਿਆਨ ਦਾ ਧਿਆਨੀ ਹੈ, (ਗੁਰ,ਸ਼ਬਦ ਗਿਆਨ ਕਰਕੇ ਗਿਆਨੀ ਹੈ,(ਗੁਰੂਜੀ ਦੀ, ਚਰਨ ਸਰਨ ਦੇ ਦ੍ਰਿੜ (ਨਿਸਚੇ ਵਾਲਾ ਹੋਕੇ) ਮਾਇਆ ਵਿਚ(ਰਹਿਕੇ ਭੀ,ਮਾਯਾ ਤੋਂ ਉਦਾਸੀ ਹੈ।

**ਹਉਮੈ ਤਿਆਗਿ ਤਿਆਗ ਬਿਸਮਾਦ ਕੈ ਬੈਰਾਗੀ ਭਏ ਤ੍ਰਿਗੁਨ ਅਤੀਤ ਚੀਤ ਅਨਭੈ ਅਬਿਨਾਸੀ ਹੈ ॥**

ਹੌਮੈ ਨੂੰ ਤਿਆਜਕੇ ਤਿਆਗੀ (ਹੋਯਾ) ਹੈ, (ਸਭਨਾਂ ਨੂੰ) ਅਸਚਰਜ (ਰੂਪ ਨਿਸਚੇ) ਕਰਕੇ (ਮੋਹ ਤੋਂ ਰਹਿਤ ਹੋ ਜਾਣ ਕਰਕੇ) ਵੈਰਾਗੀ ਹੋਇਆ ਰਹਿੰਦਾ ਹੈ ਤਿੰਨਾਂ ਗੁਣਾਂ ਤੋਂ ਅਤੀਤ ਹੋਕੇ ਅਨਭਵੀ ਅਭਿਆਸੀ (ਅਰਥਾਤ ਅਨਭਵ ਦੇ ਅਭਿਆਸ ਵਾਲਾ ਹੋ ਰਿਹਾ) ਹੈ।

**ਦੁਬਿਧਾ ਅਪਰਸ ਅਉ ਸਾਧ ਇੰਦ੍ਰੀ ਨਿਗ੍ਰਹ ਕੈ ਆਤਮ ਪੂਜਾ ਬਿਬੇਕੀ ਸੂੰਨ ਮੈ ਸੰਨਿਆਸੀ ਹੈ ॥**

ਦ੍ਵੈਤ ਦਾ ਸਪਰਸ਼ ਨਹੀਂ ਹੈ, ਇੰਦ੍ਰੀਆਂ ਨੂੰ ਰੋਕ ਕਰਕੇ ਸਾਧ (ਕਹਾਯਾ ਹੈ),ਆਤਮ ਪੂਜਾ ਦੇ ਵਿਵੇਕ ਕਰਕੇ ਸੁੰਨ ਰੂਪ ਸੰਨਿਆਸੀ (ਹ ਰਿਹਾ ਹੈ), (ਅਰਥਾਤ ਮਨ ਫੁਰਨਿਆਂ ਦੀ ਦਸ਼ਾ ਤੋਂ ਰਹਿਤ ਹੋ ਕੇ ਆਤਮ ਪੂਜਾ ਵਿਚ ਲੀਨ ਰਹਿੰਦਾ ਹੈ, ਇਸ ਕਰਕੇ ਗੁਰ ਸਿਖ ਪੂਰਾ ਸੰਨਿਆਸੀ ਹੈ)।

**ਸਹਜ ਸੁਭਾਵ ਕਰਿ ਜੀਵਨ ਮੁਕਤਿ ਭਏ ਸੇਵਾ ਸਰਬਾਤਮ ਕੈ ਬ੍ਰਹਮ ਬਿਸ੍ਵਾਸੀ ਹੈ ॥ ੩੨੮ ॥**

ਸ਼ਾਂਤੀ ਸੁਭਾਵ(ਨੂੰ ਧਾਰਨ)ਕਰਕੇ ਜੀਵਨ ਮੁਕਤਿ ਹੋਇਆ ਹੈ,ਸਭਨਾ ਨੂੰ [ਆਤਮ]ਆਪਣਾ ਰੂਪ ਮੰਨ ਕਰਕੇ (ਸਭ ਦੀ) ਸੇਵਾ (ਕਰਦਾ ਹੈ, ਇਸ ਤਰ੍ਹਾਂ)

ਬ੍ਰਹਮ ਦ ਵਿਸ੍ਵਾਸ ਵਾਲਾ ਹੈ ॥ ੩੨੮ ॥

**ਜੈਸੇ ਜਲ ਅੰਤਰਿ ਜੁਗੰਤਰਿ ਬਸੈ ਪਾਖਾਨ ਭਿਦੈ ਨ ਰਿਦੈ ਕਠੋਰ ਬੂਡੈ ਬਜਰ ਭਾਰ ਕੈ ॥**

[ਜੁਗੰਤਰਿ=ਜੁੱਗਾਂ ਤਕ । ਪਖਾਨ=ਪਥਰ । ਭਿਦੈ=ਭਿਜਦਾ । ਬਜਰ ਭਾਰ ਕੈ=ਨਿੱਗਰ ਭਾਰ ਕਰਕ । ਤੂੰਬਰੀ=ਤੂੰਬੀ।ਕਰਵਾਈ=ਕੁੜਤਨ । ਅਹਿਨਿਸਿ=ਦਿਨ ਤੇ ਰਾਤ ਭਰ । ]

ਜਿਸ ਤਰ੍ਹਾਂ ਪਾਣੀ ਦੇ ਅੰਦਰ ਪੱਥਰ ਜੁਗਾਂ ਤਕ ਵੀ ਵੱਸਦਾ ਰਹੇ (ਤਾਂ ਉਸਦਾ) ਹਿਰਦਾ ਭਿਜਦਾ ਨਹੀਂ ਹੈ ਤੇ ਕਠੋਰ (ਹੀ ਰਹਿੰਦਾ ਹੈ ਅਤੇ ਆਪਣੇ) ਨਿਗਰ ਭਾਰ ਕਰਕੇ ਡੁੱਬ ਜਾਂਦਾ ਹੈ।

**ਅਠਿਸਠਿ ਤੀਰਥ ਮਜਨ ਕਰੈ ਤੋਂਬਰੀ ਤਉ ਮਿਟਤ ਨ ਕਰਵਾਈ ਧੋਏ ਵਾਰ ਪਾਰ ਕੈ ॥**

ਜਿਸ ਤਰ੍ਹਾਂ ਅਠਾਹਠ ਤੀਰਥਾਂ ਵਿਚ ਇਸ਼ਨਾਨ ਕਰ ਲਵੇ ਅਤੇ ਵਾਰ-ਪਾਰ [ਅੰਦਰੋਂ-ਬਾਹਰੋਂ] ਕਰਕੇ ਚੰਗੀ ਤਰ੍ਹਾਂ ਧੋਤਾ ਭੀ ਜਾਵੇ ਤਾਂ ਭੀ ਉਸਦੀ ਕੁੜੱਤਨ ਦੂਰ ਨਹੀਂ ਹੁੰਦੀ ਹੈ।

**ਅਹਿਨਿਸਿ ਅਹਿ ਲਪਟਾਨੋ ਰਹੈ ਚੰਦਨਹਿ ਤਜਤ ਨ ਬਿਖੁ ਤਉ ਹਉਮੈ ਅਹੰਕਾਰ ਕੈ ॥**

(ਜਿਸ ਤਰ੍ਹਾਂ)ਸੱਪ ਦਿਨੇ ਰਾਤ ਵਿਚ ਚੰਦਨ ਦੇ ਬੂਟੇ ਨਾਲ ਚੰਬੜਿਆ ਭੀ ਰਹੇ ਤਾਂ ਭੀ ਉਹ ਹੌਮੇ ਤੇ ਹਕਾਰ ਕਰਕੇ (ਆਪਨੀ)ਜ਼ੈਹਰ ਛਡਦਾ ਨਹੀਂ ਹੈ।

**ਕਪਟ ਸਨੇਹ ਦੇਹ ਨਿਹਫਲ ਜਗਤ ਮੈ ਸੰਤਨ ਕੋ ਹੈ ਦੋਖੀ ਦੁਬਿਧਾ ਬਿਕਾਰ ਕੈ ॥ ੩੨੯ ॥**

(ਇਸੇ ਤਰ੍ਹਾਂ)ਜਗਤ ਵਿਚ (ਜੋ ਪੁਰਸ਼)ਕਪਟ ਦੇ ਸਨੇਹ ਵਾਲੇ ਹਨ,(ਉਨ੍ਹਾਂ ਦਾ)ਸਰੀਰ ਜਗਤ ਵਿਚ ਨਿਸਫਲ ਹੋਇਆ ਹੈ, (ਕਿਉਂਕਿ ਉਹ) ਸੰਤਾਂ ਦਾ ਨਿੰਦਕ ਹੈ ਅਤੇ ਦੁਬਿਧਾ ਕਰਕੇ ਵਿਗਾੜ ਦੇ ਕਰਮ ਕਰਦਾ ਹੈ, ਇਸ ਕਰਕੇ ਉਸਦਾ ਜਨਮ ਅਫਲ ਬਤੀਤ ਹੋਇਆ ਹੈ ॥ ੩੨੯ ॥

**ਜੈਸੇ ਨਿਰਮਲ ਦਰਪਨ ਮੈ ਨ ਚਿਤ੍ਰ ਕਛੁ ਸਕਲ ਚਰਿਤ੍ਰ ਚਿਤ੍ਰ ਦੇਖਤ ਦਿਖਾਵਈ ॥**

ਜਿਸ ਤਰ੍ਹਾਂ [ਨਿਰਮਲ] ਸਿਕਲ ਕੀਤੇ ਹੋਏ ਸੁਧ ਸ਼ੀਸ਼ੇ ਵਿਚ ਕੁਛ ਭੀ ਚਿਤ੍ਰ ਨਹੀਂ ਹੁੰਦਾ ਹੈ, (ਪਰ) ਸਾਰੇ ਹੀ ਕੌਤਕ ਰੂਪ ਚਿਤ੍ਰ [ਨਜ਼ਾਰ] ਵੇਖ-ਦਿਆਂ [ਹੀ ਵੇਖਨ ਵਾਲੇ ਨੂੰ] ਵਿਖਾਉਂਦਾ ਹੈ।

**ਜੈਸੇ ਨਿਰਮਲ ਜਲ ਬਰਨ ਅਤੀਤ ਰੀਤਿ ਸਕਲ ਬਰਨ ਮਿਲਿ ਬਰਨ ਬਨਾਵਈ ॥**

ਜਿਸ ਤਰ੍ਹਾਂ ਨਿਰਮਲ ਪਾਣੀ ਦੀ ਰੀਤੀ ਹੀ ਰੰਗ ਤੋਂ ਅਤੀਤ ਹੈ, (ਪਰ) ਸਾਰੇ ਰੰਗਾਂ ਨਾਲ ਮਿਲਕੇ (ਉਹਨਾਂ ਦੇ) ਰੰਗ ਦਾ ਹੀ ਬਣ ਜਾਂਦਾ ਹੈ।

**ਜੈਸੇ ਤਉ ਬਸੁੰਧਰਾ ਸੁਆਦ ਬਾਸਨਾ ਰਹਿਤ ਅਉਖਧੀ ਅਨੇਕ ਰਸ ਗੰਧ ਉਪਜਾਵਈ ॥**

ਜਿਸ ਤਰ੍ਹਾਂ ਕਿ (ਬਸੁੰਧਰਾ) ਧਰਤੀ ਸ੍ਵਾਦ ਤੇ ਵਾਸ਼ਨਾ ਤੋਂ ਰਹਿਤ ਹੈ, (ਪਰ) ਅਨੇਕ ਤਰ੍ਹਾਂ ਦੀ ਦਵਾਈ (ਰੂਪ ਬੂਟੀਆਂ), ਅਨੇਕ ਤਰ੍ਹਾਂ ਦੇ ਸ੍ਵਾਦ ਤੇ ਅਨੇਕ ਤਰਾਂ ਦੀ ਵਾਸ਼ਨਾ ਪੈਦਾ ਕਰ ਦੇਂਦੀ ਹੈ।

**ਤੈਸੇ ਗੁਰਦੇਵ ਸੇਵ ਅਲਖ ਅਭੇਵ ਗਤਿ ਜੈਸੇ ਜੈਸੋ ਭਾਉ ਤੈਸੀ ਕਾਮਨਾ ਪੂਜਾਵਈ ॥ ੩੩੦ ॥**

ਇਸੇ ਤਰ੍ਹਾਂ ਦੀ ਸ੍ਰੀ ਗੁਰਦੇਵ ਜੀ ਦੀ ਸੇਵਾ ਦੀ ਅਲਖ ਅਭੇਵ ਗਤੀ ਹੈ, ਜੇਹੀ ਜੇਹੀ ਭਾਵਨਾ ਕੋਈ ਕਰਦਾ ਹੈ, ਤੇਹੀ ਤੇਹੀ ਕਾਮਨਾ ਪੂਰੀ ਹੁੰਦੀ ਜਾਂਦੀ ਹੈ ॥ ੩੩੦ ॥

**ਸੁਖ ਦੁਖ ਹਾਨਿ ਮ੍ਰਿਤ ਪੂਰਬ ਲਿਖਤ ਲੇਖ ਜੰਤ੍ਰਨ ਕੈ ਨ ਬਸਿ ਕਛੂ ਜੰਤ੍ਰੀ ਜਗਦੀਸ਼ ਹੈ ॥**

ਸੁਖ ਦੁਖ ਹਾਨੀ (ਤੇ ਲਾਭ, ਜਨਮ ਤੇ) ਮਰਨ (ਆਦਿਕ ਸਭ ਕੁਝ) ਪਿਛਲੇ (ਕਰਮਾਂ ਦੇ) ਲਿਖੇ ਹਏ ਲੇਖ (ਦੇ ਅਨੁਸਾਰੀ ਹੀ ਹੁੰਦਾ ਹੈ, ਕਿਉਂਕਿ ਜੰਤ੍ਰਾਂ [ਮਸ਼ੀਨਾਂ ਜਾਂ ਵਾਜਿਆਂ] ਦੇ ਵਸ (ਦੀ ਗਲ) ਕੁਝ ਭੀ ਨਹੀਂ (ਇਨ੍ਹਾਂ [ਜੰਤ੍ਰੀ] ਮਸ਼ੀਨਾਂ ਨੂੰ ਚਲਾਣ ਵਾਲਾ [ਜਾਂ ਵਜੰਤ੍ਰੀ-ਵਾਜੇ ਨੂੰ ਵਜਾਨ ਵਾਲਾ] ਜਗਤ ਦਾ ਈਸ਼ਰ (ਪ੍ਰਭੂ) ਹੈ (ਜਿਵੇਂ ਹੀ ਚਲਾਉਂਦਾ ਹੈ ਜਾਂ ਜੋ ਕੁਝ ਉਹ ਵਜਾਂਦਾ ਹੈ, ਉਸੇ ਤਰਾਂ ਇਹ ਮਸ਼ੀਨਾਂ ਚਲਦੀਆਂ ਜਾ ਵਾਜੇ ਵਜਦੇ ਹਨ)।

**ਭੋਗਤ ਬਿਵਸਿ ਮੇਵ ਕਰਮ ਕਿਰਤ ਗਤਿ ਜਸਿ ਕਰ ਤਸਿ ਲੇਪ-ਕਾਰ ਨ ਕੋ ਈਸ ਹੈ ॥**

ਜਿਸ ਤਰ੍ਹਾਂ ਦਾ ਕਰਮ ਕੀਤਾ ਹੈ, (ਉਸ)ਕਿਰਤ ਦੀ ਗਤੀ ਅਨੁਸਾਰ ਜ਼ਰੂਰ ਹੀ ਫਲ ਭੋਗਣ ਪੈਂਦਾ ਹੈ, (ਇਸ ਵਿਚ) ਈਸ਼ਰ ਨੂੰ ਕੋਈ ਲੇਪ ਦੀ ਕਾਰ ਨਹੀਂ ਹੈ (ਅਰਥਾਤ ਸਾਨੂੰ ਸਾਡੇ ਕੀਤੇ ਕਰਮਾਂ ਦੇ ਅਨੁਸਾਰ ਸੁਖ ਜਾਂ ਦੁਖ ਜ਼ਰੂਰ ਭੋਗਣਾ ਪੈਂਦਾ ਹੈ ਅਤੇ ਉਹ ਦੁਖ ਜਾਂ ਸੁਖ ਈਸ਼ਵਰ ਦੇ ਭਾਣ ਵਿਚ ਸਾਨੂੰ ਮਿਲਦਾ ਹੈ, ਇਸ ਤਰ੍ਹਾਂ ਸਾਨੂੰ ਸੁਖ ਜਾਂ ਦੁਖ ਭੁਗਾਉਂਦਿਆਂ ਹੋਇਆ ਈਸ਼੍ਵਰ ਨੂੰ ਕਈ ਲੇਪ ਛੇਪ ਨਹੀਂ ਹੁੰਦਾ ਹੈ।

**ਕਰਤਾ ਪ੍ਰਧਾਨ ਕਿਧੌ ਕਰਮ ਕਿਧੌ ਹੈ ਜੀਉ ਘਾਟਿ ਬਾਢਿ ਕਉਨ ਕਉਨ ਮਤਿ ਬਿਸ੍ਵਾ ਬੀਸ ਹੈ।**

ਇਹਨਾਂ ਗੱਲਾਂ ਵਿਚ) ਕਰਤਾ ਪ੍ਰਧਾਨ ਹੈ ਜਾਂ ਕਰਮ ਪ੍ਰਧਾਨ ਹੈ ਜਾਂ ਜੀਵ ਪ੍ਰਧਾਨ ਹੈ? ਘਟ ਕੌਣ ਹੈ? ਤੇ ਵਧ ਕੌਣ ਹੈ? ਕੇਹੜਾ ਮਤ ਵੀਹ ਵਿਸ੍ਵੇ ਹੈ?(ਅਰਥਾਤ ਕਰਮਾਂ ਦਾ ਫਲ ਭੋਗਣ ਵਿਚ ਪ੍ਰਧਾਨ ਕੌਣ ਹੈ?ਫਿਰ ਵਡਾ ਕੌਣ ਹੈਤੇ ਛੋਟਾ ਕੌਣ ਹੈ? ਅਤੇ ਪੂਰਾ ਕੌਣ ਹੈ ਜਾਂ ਛੋਟਾ ਕੌਣ ਹੈ (ਇਸ ਗਲ ਦੀ ਵੀਚਾਰ ਨਾ ਕੀਤੀ ਜਾ ਸਕਦੀ ਹੈ ਤੇ ਨਾ ਹੀ ਕਰਨ ਦੀ ਕਿਸੇ ਵਿਚ ਤਾਕਤ ਹੀ ਹੈ)।

**ਅਸਤੁਤਿ ਨਿੰਦਾ ਕਹਾ ਬਿਆਪਤ ਹਰਖ ਸੋਗ ਹੋਨਹਾਰ ਕਹੌ ਕਹਾ ਗਾਰਿ ਅਉ ਅਸੀਸ ਹੈ ॥੩੩੧॥**

ਉਸਤਤਿ ਤੇ ਨਿੰਦਾ ਕਿਸਦੀ ਹੁੰਦੀ ਹੈ? ਹਰਖ ਤੇ ਸੋਗ ਕਿਸ ਨੂੰ ਵਿਆਪਦਾ ਹੈ? ਗਾਲੀ ਅਤੇ ਅਸੀਸ ਕਿਸਨੂੰ (ਲਗਦੀ ਹੈ,ਮੈਂ ਤਾਂ ਏਹੋ) ਕਹਿੰਦਾ ਹਾਂ (ਕਿ ਜੋ ਕੁਝ) ਹੋਣਹਾਰ (ਹੈ, ਓਹੀ ਹੋਇਆ ਹੈ ਤੇ ਓਹੀ ਜ਼ਰੂਰ ਹੋਵੇਗਾ) ॥੩੩੧॥

**ਮਾਨਸਰ ਪਰ ਜਉ ਬੈਠਾਈਐ ਲੈ ਜਾਇ ਬਗੁ ਮੁਕਤਾ ਅਮੋਲ ਤਜਿ ਮੀਨ ਬੀਨਿ ਖਾਤ ਹੈ॥**

ਜਿਸ ਤਰ੍ਹਾਂ) ਜੇ ਕਰ ਬਗਲੇ ਨੂੰ ਲੈ ਜਾਕੇ ਮਾਨ ਸਰੋਵਰ ਉਤੇ ਬਿਠਾ ਦੇਈਏ (ਤਾਂ ਉਹ ਉਥੇ) ਅਮੋਲਕ ਮੋਤੀਆਂ ਨੂੰ ਛਡਕੇ, ਮਛੀਆਂ ਨੂੰ ਚੁਣ ਚੁਣ ਕੇ ਖਾਂਦਾ ਹੈ।

**ਅਸਥਨ ਪਾਨ ਕਰਬੇ ਕਉ ਜਉ ਲਗਾਈਐ ਜੋਕ ਪੀਅਤ ਨ ਪੈ ਲੈ ਲੋਹੂ ਅਚਏ ਅਘਾਤ ਹੈ॥**

(ਜਿਸ ਤਰ੍ਹਾਂ) ਜੇ ਕਰ ਜੋਕ ਨੂੰ ਮੰਮਾ ਪਿਆਉਣ ਵਾਸਤੇ, ਮੰਮੇ ਉਤੇ ਲਾ ਦੇਈਏ, ਤਾਂ ਉਹ ਦੁਧ ਨਹੀਂ ਪੀਂਦੀ ਹੈ, (ਸਗੋਂ) ਲਹੂ ਲੈਕੇ ਪੀਂਦੀ ਹੈ ਤੇ ਰਜ ਜਾਂਦੀ ਹੈ।

**ਪਰਮ ਸੁਗੰਧ ਪਰਿ ਮਾਖੀ ਨ ਰਹਿਤ ਰਾਖੀ ਮਹਾਂ ਦੁਰਗੰਧ ਪਰਿ ਬੇਗਿ ਚਲਿ ਜਾਤ ਹੈ॥**

(ਜਿਸ ਤਰ੍ਹਾਂ ਕਿ) ਬੜੀ ਚੰਗੀ ਵਾਸ਼ਨਾ ਵਾਲੀ ਵਸਤੂ ਉਤੇ ਮਖੀ ਨੂੰ (ਬਿਠਾ) ਰਖੀਏ (ਤਾਂ ਉਹ ਉਥੇ ਬੈਠੀ ਨਹੀਂ ਰਹਿੰਦੀ ਹੈ,(ਸਗੋਂ) ਬੜੀ ਬਦਬੂ ਦਾਰ ਵਸਤੂ ਉਤੇ ਛੇਤੀ ਨਾਲ ਉਡਕੇ ਚਲੀ

ਜਾਂਦੀ ਹੈ।

**ਜੈਸੇ ਗਜ ਮਜਨ ਕੈ ਡਾਰਤ ਹੈ ਛਾਰੁ ਸਿਰਿ ਸੰਤਨ ਕੈ ਦੋਖੀ ਸੰਤ ਸੰਗੁ ਨ ਸੁਹਾਤ ਹੈ ॥੩੩੨॥**

ਜਿਸ ਤਰ੍ਹਾਂ ਕਿ ਹਾਥੀ ਇਸ਼ਨਾਨ ਕਰਕੇ (ਸ਼ੁਧ-ਪਵਿਤਰ ਹੋ ਜਾਂਦਾ ਹੈ, ਪਰ ਮਗਰੋਂ ਝਟ ਹੀ) ਸੁਆਹ ਉਡਾਕੇ ਸਿਰ ਉਤੇ ਪਾ ਲੈਂਦੀ ਹੈ, (ਇਸੇ ਤਰ੍ਹਾਂ) ਸੰਤ ਦੇ ਨਿੰਦਕ (ਪੁਰਸ਼ ਨੂੰ) ਸਤਸੰਗ ਨਹੀਂ ਸੁਹਾਉਂਦੀ ਹੈ, (ਉਹ ਸਾਧ ਸੰਗ ਛਡਕੇ ਝਟ ਹੀ ਕੁਸੰਗਤ ਵਿਚ ਚਲਾ ਜਾਂਦਾ ਹੈ) ॥੩੩੨॥

**ਗੁਰਮਤਿ ਸਤਿ ਏਕ ਟੇਕ ਦੁਤੀਆ ਨਾ ਸਤਿ ਸਿਵ ਨ ਸਕਤਿ ਗਤਿ ਅਨਭੈ ਅਭਿਆਸੀ ਹੈ ॥**

ਗਰਮਤ ਵਿਚ ਇਕ 'ਸਤ' ਦੀ ਓਟ ਹੈ, (ਦੂਜੀ ਕੋਈ ਵਸਤੂ) 'ਸਤ' ਨਹੀਂ ਹੈ,ਸ਼ਿਵ ਤੇ ਸ਼ਕਤੀ(ਦੀ ਭੀ ਗੁਰਮਤਿ ਵਿਚ ਪੂਜਾ) ਨਹੀਂ ਹੈ, (ਗੁਰਸਿਖ ਕੇਵਲ) ਅਨਭਵ ਦਾ ਅਭਿਆਸੀ (ਹੁੰਦਾ) ਹੈ।

**ਤ੍ਰਿਗੁਨ ਅਤੀਤ ਜੀਤ ਹਾਰ ਨ ਹਰਖ ਸੋਗ ਸੰਜੋਗ ਬਿਓਗ ਮੇਟਿ ਸਹਜ ਨਿਵਾਸੀ ਹੈ ॥**

ਤਿੰਨਾਂ ਗੁਣਾਂ ਤੋਂ ਅਤੀਤ (ਹੋਣ ਕਰਕੇ) ਹਾਰ ਤੇ ਜਿਤ ਦਾ ਹਰਖ-ਸੋਗ ਨਹੀਂ (ਹੁੰਦਾ ਹੈ, ਇਸ ਲਈ) ਸੰਜੋਗ ਤੇ ਵਿਜੋਗ (ਦੇ ਖਿਆਲ ਨੂੰ) ਮੇਟਕੇ ਸਹਜ (ਪਦ ਦਾ) ਨਿਵਾਸੀ (ਰਹਿੰਦਾ) ਹੈ।

**ਚਤੁਰ ਬਰਨ ਇਕ ਬਰਨ ਹੁਇ ਸਾਧ ਸੰਗਿ ਪੰਚ ਪਰਪੰਚ ਤਿਆਗਿ ਬਿਸਮ ਬਿਸ੍ਵਾਸੀ ਹੈ ॥**

(ਬ੍ਰਾਹਮਨ, ਖਤਰੀ,ਵੈਸ਼ ਤੇ ਸੂਦਰ, ਇਨ੍ਹਾਂ)ਚੌਹਾਂ ਵਰਨਾਂ (ਦੇ ਪੁਰਸ਼) ਇਕ (ਸਿਖ) ਵਰਨ ਹੋਕੇ ਸਾਧ ਸੰਗ ਕਰਕੇ ਪੰਜਾਂ (ਤੱਤਾਂ ਦੇ) ਪਰਪੰਚ (ਰੂਪ ਜਗਤ ਦਾ ਮੋਹ)ਤਿਆਗ ਕੇ ਅਸਚਰਜ (ਸਰੂਪ ਬ੍ਰਹਮ ਦੇ) ਭਰੋਸੇ ਵਾਲੇ ਹੋ ਜਾਂਦੇ ਹਨ।

**ਖਟ ਦਰਸ਼ਨ ਪਰੈ ਪਾਰ ਹੁਇ ਸਪਤ ਸਰ ਨਵ ਦੁਆਰ ਉਲੰਘਿ ਦਸਮਈ ਉਦਾਸੀ ਹੈ ॥੩੩੩॥**

ਛੇ ਦਰਸ਼ਨਾਂ ਤੋਂ ਪਰੇ, ਸਤਾਂ ਸਰੋਵਰਾਂ ਤੋਂ ਪਾਰ ਹੋਇਆ ਹੈ, ਅਤੇ ਨੌ ਦੁਆਰਿਆਂ ਤੋਂ ਉਲੰਘਕੇ ਦਸਮ ਦ੍ਵਾਰ ਵਿਚ (ਹੀ ਨਿਵਾਸ ਕਰਨ ਵਾਲਾ) ਉਦਾਸੀ [ਅਤੀਤ ਮਹਾਤਮਾਂ] ਹੈ।

(ਇਸਦਾ ਭਾਵ ਇਹ ਹੈ, ਕਿ ਪੰਜ ਗਿਆਨ ਇੰਦਰੇ ਤੇ ਛੇਵਾਂ ਮਨ ਇਨ੍ਹਾਂ ਦੇ ਦਰਸ਼ਨ ਤੋਂ ਰਹਿਤ ਹੋਕੇ ਅਰਥਾਤ ਸ਼ਬਦ, ਸਪਰਸ, ਰੂਪ, ਰਸ ਗੰਧ ਤੇ ਸੰਕਲਪ ਆਦਿਕਾਂ ਤੋਂ ਗੁਰ ਸਿਖ ਰਹਿਤ ਹੋਕੇ ਸਤਾਂ ਸਰੋਵਰਾਂ ਤੋਂ ਪਰੇ ਹੋ ਗਿਆ ਹੈ।

ਚਤੁਸ਼ਟੈ ਅੰਤਹ ਕਰਣ ਤੇ ਤਿੰਨਾਂ ਵਸਥਾ ਇਹ ਸਤ ਸਰੋਵਰ ਹਨ, ਗੁਰ ਸਿਖ ਇਨ੍ਹਾਂ ਤੋਂ ਪਰੇ ਹੋ ਗਿਆ ਹੈ ਅਰਥਾਤ ਮਨ, ਬੁਧਿ, ਚਿਤ ਤੇ ਹੰਕਾਰ, ਜਾਗ੍ਰਤ, ਸੁਪਨ ਤੇ ਸਖੋਪਤੀ, ਇਨ੍ਹਾਂ ਸੱਤਾਂ ਵਿਚ ਵੀ ਉਹ ਫਸ ਨਹੀਂ ਰਿਹਾ ਇਹਨਾਂ ਦਾ ਸਾਖੀ ਰੂਪਆਪ ਨੂੰ ਅਨੁਭਵ ਕਰਕੇ ਇਹਨਾਂ ਤੋਂ ਨਿਰਲੇਪ ਵਰਤਦਾ ਹੈ, ਇਸ ਤਰ੍ਹਾਂ ਨੌ ਗੋਲਕਾਂ ਰੂਪ ਜੋ ਨੌ ਦੁਆਰੇ ਹਨ, ਉਹਨਾਂ ਤੋਂ ਲੰਘਕੇ ਦਸਵਾਂ ਦ੍ਵਾਰਾ ਜੋ ਪ੍ਰੇਮਾ ਭਗਤੀ ਹੈ,ਉਸ ਦੇ ਵਿਚ ਮਨ ਚਿਤ ਹੋਕੇ ਲਗਾ ਰਹਿੰਦਾ ਹੈ ਅਤੇ ਜਗਤ ਤੋਂ ਉਦਾਸੀ ਧਾਰੀ ਹੋਈ ਹੈ ॥੩੩੩॥

**ਨਦੀ ਨਾਵ ਕੋ ਸੰਜੋਗ ਸੁਜਨ ਕੁਟੰਬੁ ਲੋਗੁ ਹੋਇਗੋ ਜੋ ਜੀਓ ਸੋਈ ਮਿਲੈ ਆਗੈ ਜਾਇਕੈ ॥**

(ਜਿਸ ਤਰ੍ਹਾਂ) ਨਦੀ ਉਤੇ ਬੇੜੀ ਦਾ ਪੂਰ ਕਠਾ ਹੋ ਜਾਂਦਾ ਹੈ,(ਉਸੇ ਤਰ੍ਹਾਂ ਦਾ) ਸਜਣਾਂ ਤੇ ਪਰਵਾਰ ਦੇ ਲੋਕਾਂ ਦਾ ਸੰਜੋਗ [ਇਕਠ] ਹੋ ਗਿਆ ਹੋਇਆ ਹੈ, ਜੋ (ਕੁਝ ਪਿਛੇ) ਦਿਤਾ ਸੀ, ਓਹੀ (ਹੁਣ ਆਕੇ) ਮਿਲਿਆ ਹੈ, (ਅਤੇ ਜੋ ਕੁਝ ਹੁਣ ਦੇਂਦੇ ਹਾਂ) ਅਗੇ ਜਾਕੇ (ਓਹ ਕੁਝ ਹੀ) ਮਿਲੇਗਾ।

**ਅਸਨ ਬਸਨ ਧਨ ਸੰਗਿ ਨ**

**ਚਲਤ ਚਲੇ ਅਰਪੈ ਦੀਜੈ ਧਰਮਸਾਲਾ ਪਹੁਚਾਇ ਕੈ ॥**

ਖਾਣ ਦੇ ਅੰਨ ਆਦਿਕ ਪਦਾਰਥ ਤੇ ਪਹਿਰਣ ਦੇ ਕਪੜੇ ਆਦਿਕ ਤੇ ਧਨ-ਸੰਪਦਾ(ਵਿਚੋਂ ਕੁਝ ਵੀ) ਨਾਲ ਨਹੀਂ ਚਲਦਾ ਹੈ, (ਪਰ ਜੋ ਕੁਝ ਧਰਮ ਅਰਥ)ਅਰਪਨ ਕਰ ਦੇਈਏ ਤੇ ਧਰਮਸਾਲਾ ਪਹੁੰਚਾ ਦੇਈਏ (ਉਹ ਕੁਝ ਨਾਲ) ਚਲਦਾ ਹੈ।

**ਆਠੋ ਜਾਮ ਸਾਠੋ ਘਰੀ ਨਿਹਫਲ ਮਾਇਆ ਮੋਹ ਸਫਲ ਪਲਕ ਸਾਧ ਸੰਗਤਿ ਸਮਾਇ ਕੈ ॥**

ਅਠਾਂ ਪਹਿਰਾਂ ਦੀਆਂ ਸਠੇ ਘੜੀਆਂ ਮਾਯਾ ਦੇ ਮੋਹ(ਵਿਚ ਲਗੇ ਰਹਿਣ ਕਰਕੇ) ਨਿਹਫਲ (ਗੁਜ਼ਰ-ਦੀਆਂ ਹਨ, ਪਰ ਜੋ) ਸਾਧ ਸੰਗ ਵਿਚ ਸਮਾਈ ਕਰਕੇ (ਇਕ) ਪਲਕ (ਭੀ ਗੁਜਾਰਨੀ ਹੈ, ਉਹ ਇਕ ਘੜੀ ਭੀ) ਸਫਲ ਹੈ।

**ਮਲ ਮੂਤ੍ਰ ਧਾਰੀ ਅਉ ਬਿਕਾਰੀ ਨਿਰੰਕਾਰੀ ਹੋਤ ਸ਼ਬਦ ਸੁਰਤਿ ਸਾਧ ਸੰਗਿ ਲਿਵ ਲਾਇ ਕੈ ॥੩੩੪॥**

ਸਾਧ ਸੰਗ ਕਰਕੇ(ਗੁਰ)ਸ਼ਬਦ ਵਿਚ ਸੁਰਤੀ ਦੀ ਲਿਵ ਲਾਕੇ, ਮਲ ਮੂਤ੍ਰ ਦੇ ਅਧਾਰ ਰੂਪ ਦੇਹ ਦੇ ਪਿਆਰੇ ਤੇ ਵਿਕਾਰੀ ਪੁਰਸ਼ ਭੀ ਨਿਰੰਕਾਰੀ ਮਹਾਤਮਾਂ ਹੋ ਜਾਂਦੇ ਹਨ (ਅਰਥਾਤ ਸਾਧ ਸੰਗ ਨੀਚ ਤੋਂ ਨੀਚ ਪਾਮਰਾਂ ਨੂੰ ਭੀ ਗੁਰਮੁਖ ਬਣਾ ਦੇਂਦੀ ਹੈ) ।੩੩੪।।

**ਹਉਮੈ ਅਭਿਮਾਨ ਅਸਥਾਨ ਤਜਿ ਬੇਂਝ ਬਨ ਚਰਨ ਕਮਲ ਗੁਰ ਸੰਪਟ ਸਮਾਏ ਹੈ ॥**

[ ਬੇਂਝ=ਵੰਝ, ਵਾਂਸ ॥ ਬਨ=ਜੰਗਲ, ਝਲ ॥]
[ ਸੰਪਟ=ਡਬਾ। (੨) ਮੀਟੇ ਹੋਏ ਕਮਲ ਨੂੰ]
[ਸੰਪਟ ਕਿਹਾ ਜਾਂਦਾ ਹੈ॥ ਹਿਰਾਨੇ=ਥੱਕ]
[ ਗਏ ਹਨ॥ ਸਿਰਾਏ = ਠੰਡੇ ਠਾਰ ਹੋ ]
[ ਗਏ ਹਨ।

ਵਾਂਸਾਂ ਦੇ ਬਨ ਦਾ ਸਥਾਨ(ਜੋ) ਹੌਮੇ ਤੇ ਅਭਿਮਾਨ (ਹੈ, ਉਸਨੂੰ) ਤਿਆਗਕੇ ਗੁਰੂ ਦੇ ਚਰਨ ਕਮਲਾਂ ਦੇ ਸੰਪਟ ਵਿਚ (ਮਨ) ਸਮਾ ਗਿਆ ਹੈ।

**ਅਤਿ ਹੀ ਅਨੂਪ ਰੂਪ ਹੇਰਤ ਹਿਰਾਨੇ ਦ੍ਰਿਗ ਅਨਹਦ ਗੁੰਜਤ ਸ੍ਰਵਨ ਹੂ ਸਿਰਾਏ ਹੈ ॥**

(ਜੋ) ਵਡਾ ਹੀ (ਸੁੰਦਰ) ਉਪਮਾਂ ਤੋਂ ਰਹਿਤ ਰੂਪ (ਆਤਮ ਸਰੂਪ)ਹੈ,(ਉਸਨੂੰ) ਵੇਖਦਿਆਂ ਹੀ ਨੇਤਰ ਥਕ ਗਏ ਹਨ, ਅਤੇ ਅਨਾਹਦ(ਸ਼ਬਦ ਦੀ)ਗੁੰਜਾਰ ਨੂੰ (ਸੁਣਕੇ) ਕੰਨ ਭੀ ਠੰਡੇ ਠਾਰ ਹੋ ਗਏ ਹਨ।

**ਰਸਨਾ ਬਿਸਮ ਅਤਿ ਮਧੁ ਮਕਰੰਦ ਰਸ ਨਾਸਿਕਾ ਚਕਿਤ ਹੀ ਸੁਬਾਸੁ ਮਹਿਕਾਏ ਹੈ ॥**

ਮਕਰੰਦ [ਧੂੜੀ]ਦੇ ਰਸ ਦੀ ਮਿਠਾਸ (ਨੂੰ ਲੈਕੇ) ਰਸਨਾ ਵਡੀ ਹੀ ਅਚਰਜ (ਹੋ ਰਹੀ ਹੈ, ਅਤੇ ਜੋ ਨਾਭਿ ਸਥਾਨ ਤੋਂ) ਸੁਭ ਵਾਸ਼ਨਾਂ ਦੀ ਮਹਿਕ ਆਈ ਹੈ, (ਉਸ ਨਾਲ) ਨਾਸਕਾ ਭੀ ਚਕ੍ਰਤ ਹੋ ਰਹੀ ਹੈ।

**ਕੋਮਲਤਾ ਸੀਤਲਤਾ ਅੰਗ ਸਰ-ਬੰਗ ਭਏ ਮਨ ਮਧੁਕਰ ਪੁਨਿ ਅਨਤ ਨ ਧਾਏ ਹੈ ॥ ੩੩੫ ॥**

(ਗੁਰ ਚਰਨ ਕਮਲਾਂ ਦੀ)ਕੋਮਲਤਾ ਤੇ ਸੀਤਲਤਾ (ਦਾ ਸਪਰਸ਼ ਕਰਕੇ,ਸਿਖ ਦੇ)ਸਾਰੇ ਅੰਗ ਪਿੰਗਲੇ ਹੋ ਗਏ ਹਨ,(ਇਸ ਕਰਕੇ) ਹੁਣ ਫਿਰ ਮਨ ਰੂਪ ਭੌਰਾ ਹੋਰ ਕਿਧਰੇ ਨਹੀਂ ਜਾਂਦਾ ਹੈ,(ਅਰਥਾਤ 'ਪਾਵਹੁ ਤੇ ਪਿੰਗਲ ਭਇਆਮਾਰਿਆ ਸਤਿਗੁਰਬਾਨ)॥੩੩੫॥

**ਬਾਸਨਾ ਕੋ ਬਾਸੁ ਦੂਤ ਸੰਗਤਿ ਬਿਨਾਸ ਕਾਲ ਚਰਨ ਕਮਲ ਗੁਰ ਏਕ ਟੇਕ ਪਾਈ ਹੈ ॥**

(ਜਦ ਤੋਂ) ਇਕ ਗੁਰੂ ਜੀ ਦੇ ਚਰਨ ਕਮਲਾਂ ਦੀ ਓਟ (ਮਨ ਨੇ) ਪਾਈ ਹੈ, (ਤਦ ਤੋਂ ਮਨ ਵਿਚੋਂ)

ਵਾਸ਼ਨਾ ਦਾ ਵਾਸਾ, (ਕਾਮਾਦਿਕ) ਦੂਤਾਂ ਸਗਤ ਕਰਨੀ ਤੇ 'ਕਾਲ' ਮਰਨਾ ਬਿਨਾਸ (ਹੋ ਗਿਆ ਹੈ)।

**ਭੈ ਜਲ ਭਇਆਨਕ ਲਹਰਿ ਨ ਬਿਆਪਿ ਸਕੈ ਨਿਜ ਘਰ ਸੰਪਟ ਕੈ ਦੁਬਿਧਾ ਮਿਟਾਈ ਹੈ ॥**

'ਡਰ'(ਰੂਪ) ਜਲ ਦੇ ਭਰੇ ਹੋਏ ਸੰਸਾਰ ਸਮੁੰਦਰ ਦੀ, ਆਸ਼ਾ-ਤ੍ਰਿਸ਼ਨਾ ਰੂਪ) ਡਰੌਣੀ ਲਹਿਰ ਨਹੀਂ ਵਿਆਪ ਸਕਦੀ, (ਕਿਉਂਕਿ ਮਨ ਨੇ)ਆਪਣੇ ਘਰ [ਸਰੂਪ] ਨੂੰ ਸੰਪਟ ਬਣਾ ਕੇ ਦ੍ਵੈਤ ਮਿਟਾ ਦਿਤੀ ਹੈ।

**ਅਨ ਗਿਆਨ ਧਿਆਨ ਸਿਮਰਨ ਬਿਸਿਮਰਨ ਕੈ ਪ੍ਰੇਮ ਰਸਿ ਬਸਿ ਆਸਾ ਮਨਸਾ ਨ ਪਾਈ ਹੈ ॥**

ਦੂਈ ਦੇ ਗਿਆਨ ਦਾ ਬਿਸਿਮਰਨ ਕਰਕੇ,ਦੂਈ ਦੇ ਧਿਆਨ ਦਾ ਬਿਸਿਮਰਨ ਕਰਕੇ, ਤੇ ਦੂਈ ਦੇ ਸਿਮਰਨ ਦਾ ਬਿਸਿਮਰਨ ਕਰਕੇ, ਪਰੇਮ ਰਸ ਵਿਚ ਵਾਸਾ ਕਰਕੇ ਮਨਸਾ ਵਿਚ ਆਸਾ ਨਹੀਂ ਪਾਈ ਹੈ, (ਅਰਥਾਤ ਦੂਈ ਦੇ ਗਿਆਨ ਧਿਆਨ ਤੇ ਸਿਮਰਨ ਨੂੰ ਭੁਲਾਕੇ ਬੁਧੀ ਨੇ ਆਸਾ ਦਾ ਤਿਆਗ ਕਰ ਦਿਤਾ ਹੈ )

**ਦੁਤੀਆਂ ਨਾਸਤਿ ਏਕ ਟੇਕ ਨਿਹਚਲ ਮਤਿ ਸਹਜ ਸਮਾਧਿ ਉਨ-ਮਨਿ ਲਿਵ ਲਾਈ ਹੈ ॥੩੩੬॥**

(ਇਸ ਤਰ੍ਹਾਂ)ਦ੍ਵੈਤ ਨਸ ਹੋ ਗਈ ਹੈ,ਬੁਧੀ ਇਕ ਦੀ ਓਟ (ਦੇ ਆਸਰੇ ਹੋਕੇ)ਅਚਲ(ਹੋ ਗਈਹੈ,ਇਸ ਤਰ੍ਹਾਂ)ਸਹਜ ਸਮਾਧੀ(ਨੂੰ ਪਾਕੇ)ਉਨਮਨੀ(ਅਵਸਥਾ ਵਿਚ)ਲਿਵਲਾਈ(ਹੋਈ)ਹੈ(ਅਰਥਾਤ ਜੋ ਉਨਮਨੀ ਅਵਸਥਾ ਵਿਚ ਲਿਵ ਲਾਈ ਹੈ,ਏਹੋ ਹੀ ਮਾਨੋ ਮਨ ਨੇ) ਸਹਿਜ ਸਮਾਧੀ ਲਾਈ ਹੋਈ ਹੈ ॥੩੩੬॥

**ਚਰਨ ਕਮਲ ਰਜ ਮਸਤਕਿ ਲੇਪਨ ਕੈ ਭਰਮ ਕਰਮ ਲੇਖ ਸਿਆਮ-ਤਾ ਮਿਟਾਈ ਹੈ ॥**

(ਗੁਰੂ ਦੇ) ਚਰਨ ਕਮਲਾਂ ਦੀ ਧੂੜੀ ਦਾ ਮਥੇ ਉਤੇ ਲੇਪਨ ਕਰਨ ਕਰਕੇ, ਭਰਮਾਂ ਦੇ ਕਰਮ ਰੂਪ ਲੇਖ ਦੀ ਕਾਲਖ (ਮਥੇ ਉਤੇ) ਮਿਟਾ ਲਈ ਹੈ।

**ਚਰਨ ਕਮਲ ਚਰਨਾਮ੍ਰਿਤ ਮਲੀਨ ਮਨਿ ਕਰਿ ਨਿਰਮਲ ਦੂਤ ਦੁਬਿਧਾ ਮਿਟਾਈ ਹੈ ॥**

(ਗੁਰੂ ਦੇ)ਚਰਨ ਕਮਲਾਂ ਦਾ ਚਰਨਾਮ੍ਰਿਤ (ਪੀ ਕਰਕੇ)ਮਨਨੂੰ ਨਿਰਮਲ ਕਰ ਲਿਆ ਹੈ,(ਕਿਉਂਕਿ) ਮਨ ਨੂੰ ਮਲੀਨ ਕਰਨ ਵਾਲੇ ਦੂਤਾਂ ਦੀ ਦੁਬਿਧਾ ਮਨ ਵਿਚੋਂ ਮਿਟਾ ਲਈ ਹੈ।

**ਚਰਨ ਕਮਲ ਸੁਖ ਸੰਪਟ ਸਹਜ ਘਰਿ ਨਿਹਚਲ ਮਤਿ ਏਕ ਟੇਕ ਠਹਿਰਾਈ ਹੈ ॥**

(ਗੁਰੂ ਦੇ) ਚਰਨ ਕਮਲਾਂ ਦੇ ਸੁਖ ਰੂਪ ਸੰਪਟ ਨੂੰ (ਆਪਣਾ) ਸਹਜ ਘਰ ਬਣਾਕੇ ਬੁਧੀ ਅਚਲ ਕਰਕੇ ਇਕ ਦੀ ਓਟ ਤੇ ਟਿਕਾ ਲਿਆ ਹੈ।

**ਚਰਨ ਕਮਲ ਗੁਰ ਮਹਿਮਾਂ ਅਗਾਧਿ ਬੋਧਿ ਸਰਬ ਨਿਧਾਨ ਅਉ ਸਕਲ ਫਲਦਾਈ ਹੈ ॥ ੩੩੭ ॥**

(ਗੁਰੂ ਜੀ ਦੇ ਚਰਨ ਕਮਲਾਂ ਦੀ ਮਹਿਮਾਂ ਦਾ ਬੋਧ [ਗਿਆਨ] ਅਗਾਧ ਹੈ, (ਜੋ) ਸਾਰੇ ਭੰਡਾਰੇ ਤੇ ਸਾਰੇ ਫਲ ਦੇਣ ਵਾਲਾ ਹੈ ॥੩੩੭॥

**ਚਰਨ ਕਮਲ ਰਜ ਮਜਨ ਹੈ ਦਿਬਿ ਦੇਹ ਮਹਾ ਮਲ ਮੂਤ੍ਰ ਧਾਰੀ ਨਿਰੰਕਾਰੀ ਕੀਨੇ ਹੈ ॥**

(ਗੁਰੂ ਦੇ) ਚਰਨ ਕਮਲਾਂ ਦੀ ਧੂੜੀ ਵਿਚ ਇਸ਼ਨਾਨ ਕਰਕੇ ਦੇਹਦਿਬ ਹੋ ਗਈ ਹੈ,(ਕਿਉਂਕਿ) ਮਲ ਮੂਤਰ ਦੇ ਆਸਰਾ ਰਪ ਮਹਾਂ (ਗੰਦੀ ਦੇਹ ਵਾਲੇ ਨੂੰ) ਨਿਰੰਕਾਰ ਦਾ ਪਿਆਰਾ (ਗੁਰ ਸਿਖ) ਕਰ ਲਿਆ ਹੈ ॥

**ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ ॥**

ਅੰਮ੍ਰਿਤ ਦੇ ਨਿਧਾਨ (ਰੂਪ ਗੁਰੂ ਜੀ) ਚਰਨ ਕਮਲਾਂ ਦੇ ਚਰਨਾਮ੍ਰਿਤ ਨੂੰ ਪਾਨ (ਕਰਕੇ) ਤਿੰਨਾਂ ਗੁਣਾਂ ਤੋਂ ਅਤੀਤ ਹੋਕੇ ਚਿਤ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ।

**ਚਰਨ ਕਮਲ ਨਿਜ ਆਸਨ ਸਿੰਘਾਸਨ ਕੈ ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ ॥**

(ਗੁਰੂ ਦੇ) ਚਰਨ ਕਮਲਾਂ(ਦੀ ਧੂੜੀ ਦੇ ਪ੍ਰਤਾਪ ਕਰਕੇ) ਆਪਣੇ ਆਤਮ ਸਰੂਪ ਟਿਕਾਣ ਨੂੰ ਸਿੰਘਾ-ਸਨ ਕਰਕੇ ਤਿੰਨਾਂ ਲਕਾਂ ਤੇ ਤਿੰਨਾਂ ਕਾਲਾਂ ਦੀ ਗੰਮਤਾ ਵਿਚ ਪ੍ਰਬੀਨ [ਬੜੇ ਹੀ ਚਤਰ ਸਿਆਣੇ] ਹੋ ਗਏ ਹਾਂ।

**ਚਰਨ ਕਮਲ ਰਸ ਗੰਧ ਰੂਪ ਸੀਤਲਤਾ ਦੁਤੀਆਨਾਸਤਿ ਏਕ ਟੇਕ ਲਿਵ ਲੀਨੇ ਹੈ ॥੩੩੮॥**

(ਗੁਰੂ ਜੀ ਦੇ)ਚਰਨ ਕਮਲਾਂ ਦੇ ਰਸ ਵਾਸ਼ਨਾਂ, ਰੂਪ ਤੇ ਸੀਤਲਤਾ ਨੂੰ ਪ੍ਰਾਪਤ ਕਰਕੇ) ਦ੍ਵੈਤ ਨੂੰ ਨਾਸ ਕਰਕ ਇਕ ਦੀ ਓਟ ਵਿਚ ਲਿਵ ਨੂੰ ਲਾ ਲਿਆ ਹੈ ॥੩੩੮॥

**ਚਰਨ ਕਮਲ ਰਜ ਮਜਨ ਪ੍ਰਤਾਪ ਅਤਿ ਪੂਰਬ ਤੀਰਥ ਕੋਟਿ ਚਰਨ ਸਰਨ ਹੈ ॥**

ਗੁਰੂ ਜੀ ਦੇ ਚਰਨ ਕਮਲਾਂ ਦੀ ਧੂੜੀ ਦੇ ਇਸ਼-ਨਾਨ ਦਾ ਬੜਾ ਭਾਰੀ ਪ੍ਰਤਾਪ ਹੈ, ਕਿਉਂਕਿ) ਕ੍ਰੋੜਾਂ ਤੀਰਥਾਂ ਦੇ ਪੁਰਬੀ (ਇਸ਼ਨਾਨ ਦਾ ਮਹਾਤਮ ਗੁਰੂ ਜੀ ਦੀ) ਚਰਨ ਸਰਨ ਵਿਚ (ਰਹਿੰਦਾ ਹੈ)।

**ਚਰਨ ਕਮਲ ਰਜ ਮਜਨ ਪ੍ਰਤਾਪ ਅਤਿ ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ ॥**

(ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਪ੍ਰਤਾਪ ਬਹੁਤ ਭਾਰੀ ਹੈ, (ਕਿਉਂਕਿ ਅਨੇਕਾਂ ਦੇਵੀਆਂ ਦੇਵਤੇ ਸੇਵਕ ਹੋਕੇ (ਗੁਰੂ ਜੀ ਦੇ) ਚਰਨਾਂ ਦੀ ਪੂਜਾ ਕਰਦੇ ਹਨ।

**ਚਰਨ ਕਮਲ ਰਜ ਮਜਨ ਪ੍ਰਤਾਪ ਅਤਿ ਕਾਰਨ ਅਧੀਨ ਕੀਨ ਕਾਰਨ ਕਰਨ ਹੈ ॥**

(ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਪ੍ਰਤਾਪ ਬਹੁਤ ਭਾਰੀ ਹੈ (ਕਿਉਂਕਿ ਜਿਨਾਂ)ਕਾਰਨਾਂ ਦੇ ਅਧੀਨ(ਜੀਵ)ਹੁੰਦਾ ਸੀ, (ਫਿਰ ਉਹਨਾਂ) ਕਾਰਨ ਦੇ ਕਰਨ ਵਾਲਾ ਹੋ ਗਿਆ ਹੈ।

**ਚਰਨ ਕਮਲ ਰਜ ਮਜਨ ਪ੍ਰਤਾਪ ਅਤਿ ਪਤਿਤ ਪੁਨੀਤ ਭਏ ਤਾਰਨ ਤਰਨ ਹੈ ॥੩੩੯॥**

(ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਦਾ ਪ੍ਰਤਾਪ ਬਹੁਤ ਭਾਰੀ ਹੈ, (ਕਿਉਂਕਿ ਇਸਨੂੰ ਪ੍ਰਾਪਤ ਕਰਕੇ ਮਹਾਂ ਪਾਪੀ ਪੁਰਸ਼ ਭੀ ਪਵਿਤਰ ਹੋਕੇ(ਜੀਵਾਂ ਨੂੰ ਸੰਸਾਰ ਸਮੁੰਦਰ ਤੋਂ) ਤਾਰਨ ਵਾਲੇ [ਤਰਨ] ਜਹਾਜ਼ ਰੂਪ ਬਣ ਗਏ ਹਨ ॥੩੩੯॥

**ਮਾਨਸਰਿ ਹੰਸ ਸਾਧ ਸੰਗਤ ਪਰਮ ਹੰਸ ਧਰਮ ਧੁਜਾ ਧਰਮ ਸਾਲਾ ਚਲਿ ਆਵਹੀ ॥**

(ਜਿਸਤਰ੍ਹਾਂ)ਮਾਨਸਰੋਵਰ ਉਤੇ ਹੰਸ)ਦੂਰੋਂ ਦੂਰੋਂ) ਚਲਕੇ ਆਉਂਦੇ ਹਨ,(ਏਹੋ)ਧਰਮ (ਮਾਨ ਸਰੋਵਰ ਦੀ[ਧੁਜਾ] ਨਿਸ਼ਾਨੀ ਹੈ, (ਉਸੇ ਤਰ੍ਹਾਂ) ਸਾਧ ਸੰਗਤ ਵਿਚ ਪਰਮ ਹੰਸ[ਪੂਰਨ ਵਿਵੇਕੀ ਮਹਾਤਮਾਂ](ਮਿਲ ਬੈਠਣਲਈ)ਧਰਮਸਾਲਾ ਵਿਚ ਤੁਰਕੇਆਉਂਦੇਹਨ।

**ਉਤ ਮੁਕਤਾਹਲ ਅਹਾਰ ਦੁਤੀਆ**

**ਨਾਸਤਿ ਇਤ ਗੁਰ ਸ਼ਬਦ ਸੁਰਤਿ ਲਿਵ ਲਾਵਹੀ ॥**

ਉਧਰ (ਹੰਸਾਂ ਨੂੰ) ਮੋਤੀਆਂ ਦੀ ਖੁਰਾਕ (ਮਿਲਦੀ ਹੈ, ਹੋਰ ਕੋਈ) ਦੂਜੀ ਵਸਤੂ ਨਹੀਂ ਮਿਲਦੀ ਹੈ, ਅਤੇ ਇਧਰ (ਵਿਵੇਕੀ ਮਹਾਤਮਾਂ)ਗੁਰ ਸ਼ਬਦ ਵਿਚ ਸੁਰਤੀ ਲਿਵ ਲਾਉਂਦੇ ਹਨ।

**ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤਿ ਇਤ ਗੁਰਮਤਿ ਦੁਰਮਤਿ ਸਮਝਾਵਹੀ ॥**

ਉਧਰ ਦੁਧ ਪਾਨੀਦੇ ਨਬੇੜਾ ਕਰਨਾ ਕਿਹਾ ਜਾਂਦਾ ਹੈ (ਅਰਥਾਤ ਲੋਕੀ ਆਖਦੇ ਹਨ, ਜੋ ਹੰਸ ਮਾਨ ਸਰੋਵਰ ਦੇ ਦੁਧ ਵਿਚ ਚੁੰਜ ਪਾਕੇ ਦੁਧ ਤੇ ਪਾਣੀ ਵਖਰਾ-ਵਖਰਾ ਕਰ ਦੇਂਦਾ ਹੈ;ਪਰ)ਇਧਰ ਗੁਰਮਤ ਤੇ ਦੁਰਮਤ ਦੀ ਸੂਝ ਸਮਝਾਈ ਜਾਂਦੀ ਹੈ (ਅਰਥਾਤ ਸਾਧ ਸੰਗਤ ਵਿਚ ਗੁਰ ਸਿਖਯਾ ਤੇ ਬੁਰੀ ਸਿਖਯਾ ਦੀ ਸੂਝ ਹਾਸਲ ਹੁੰਦੀ ਹੈ)।

**ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ ਇਤ ਕਾਗ ਪਾਗਿ ਸਮ ਰੂਪ ਕੈ ਮਿਲਾਵਹੀ ॥ ੩੪੦ ॥**

ਉਧਰ ਬਗਲਿਆਂ ਦੀ ਬੰਸ ਤੇ ਹੰਸਾਂ ਦੀ ਬੰਸ (ਕੱਠੀ ਹੁੰਦੀ ਹੈ,ਜੋ ਆਪੋ ਵਿਚ ਦੀ)ਦੁਬਿਧਾ ਨੂੰ ਮੇਟ ਨਹੀਂ ਸਕਦੇ (ਅਰਥਾਤ ਨਾਂ ਤਾਂ ਹੰਸ ਬਗਲਿਆਂ ਨੂੰ ਹੰਸ ਕਰ ਸਕਦੇ ਹਨ ਅਤੇ ਨਾਂ ਹੀ ਬਗਲੇ ਹੰਸਾਂ ਨੂੰ ਬਗਲੇ ਬਣਾ ਸਕਦੇ ਹਨ, ਏਹ ਦੋਵੇਂ ਕੁਲਾਂ ਉਥੇ ਇਕ ਦੂਜੇ ਦੀਆਂ ਵਿਰੋਧੀ ਹੋਕੇ ਵਸਦੀਆਂ ਹਨ, ਪਰ) ਇਧਰ ਸਾਧ ਸੰਗਤ ਵਿਚ ਕਾਂ ਵਰਗੇ ਮਲਭਖੀ ਤੇ ਜਨਮਾਂ ਜਨਮਾਂ ਤੋਂ ਪਾਪਾਂ ਦੀ ਕਾਲਖ ਨਾਲ ਕਾਲੇ ਹੋਏ ਹੋਏ ਕਾਂ ਵਰਗੇ ਜੀਵਾਂਨੂੰ ਗੁਰੂਦੇ ਸਿਖ ਸਮ ਰੂਪ ਕਰਕੇ (ਆਪਣੇ ਨਾਲ ਹੀ) ਮਿਲਾ ਲੈਂਦੇ ਹਨ(ਅਰ-ਥਾਤ ਮਹਾਂ ਨੀਚ ਤੋਂ ਨੀਚ ਭੀ ਸਾਧ ਸੰਗਤ ਕਰਕੇ ਗੁਰਸਿਖ ਹੋਕੇ ਗੁਰਸਿਖਾਂ ਨਾਲ ਮਿਲ ਜਾਂਦਾ ਤੇ ਉਨ੍ਹਾਂ ਦੇ ਵਿਚ ਹੀ ਅਭੇਦ ਹੋ ਜਾਂਦਾ ਹੈ) ॥ ੩੪੦ ॥

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪੁ ਛਿਨ ਸਿਵ ਸਨਕਾਦਿ ਬ੍ਰਹਮਾ-ਦਿਨ ਨ ਪਾਵਹੀ ॥**

ਗੁਰ ਸਿਖ ਸੰਗਤ ਦੇ ਇਕ ਛਿਨ ਭਰ ਦੇ ਮਿਲਾਪ ਦੇ ਪ੍ਰਤਾਪ ਨੂੰ ਸ਼ਿਵਜੀ, ਸਨਕ, ਸਨੰਦਨ ਸਨਾਤਨ ਤੇ ਸੰਤ ਕੁਮਾਰ ਅਤੇ ਬ੍ਰਹਮਾਂ ਵਰਗੇ ਵੇਦ ਪਾਠੀ ਨਹੀਂ ਪਾਂਦੇ ਹਨ।

**ਸਿੰਮ੍ਰਿਤ ਪੁਰਾਨ ਬੇਦ ਸ਼ਾਸਤ੍ਰ ਅਉ ਨਾਦ ਬਾਦ ਰਾਗ ਰਾਗਨੀ ਹੂ ਨੇਤਿ ਨੇਤਿ ਕਰਿ ਗਾਵਹੀ ॥**

ਸਿਮ੍ਰਤੀਆਂ, ਪੁਰਾਨ, ਵੇਦ, ਸ਼ਾਸਤ੍ਰ, ਨਾਦ, ਵਾਜੇ, ਰਾਗ ਤੇ ਰਾਗਨੀਆਂ ਭੀ ਬੇਅੰਤ ਬੇਅੰਤ ਕਰਕੇ ਹੀ ਗਾਉਂਦੇ ਹਨ।

**ਦੇਵੀ ਦੇਵ ਸਰਬ ਨਿਧਾਨ ਅਉ ਸਕਲ ਫਲ ਸ੍ਵਰਗ ਸਮੂਹ ਸੁਖਧਿਆਨ ਧਰਿ ਧਿਆਵਹੀ ॥**

ਦੇਵੀਆਂ, ਦੇਵਤੇ, ਸਾਰੇ ਨਿਧਾਨ ਅਤੇ ਸਾਰੇ ਫਲ, ਸੁਰਗ ਦੇ ਸਾਰੇ ਸੁਖ (ਗੁਰ ਸੰਗਤ ਦੇ ਮਿਲਾਪ ਦੇ ਪ੍ਰਤਾਪ ਨੂੰ) ਧਿਆਨ ਕਰਕੇ ਧਿਆਉਂਦੇ ਹਨ।

**ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨਿ ਗੁਰ ਸਿਖ ਸ਼ਬਦ ਸੁਰਤਿ ਲਿਵ ਲਾਵਹੀ ॥ ੩੪੧ ॥**

ਪੂਰਨ ਬ੍ਰਹਮ ਨੂੰ[ਸਾਵਧਾਨ]ਪ੍ਰਤੱਖ ਦੇਹ ਧਾਰੀ, ਹਾਜਰ ਨਾਜਰ ਸਤਿਗੁਰੂ ਨੂੰ ਜਾਣਕੇ,ਗੁਰਸਿਖ ਗੁਰ ਸ਼ਬਦ ਵਿਚ ਸੁਰਤ ਦੀ ਲਿਵ ਲਾਂਦੇ ਹਨ ॥੩੧੪॥

**ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰਪਨ ਕਾਹੂ ਸੋਨ ਕੋਊ ਕੀਨੇ ਏਕ ਹੀ ਅਨੇਕ ਹੈ ॥**

(ਸੰਸਾਰ ਦੀ)ਰਚਨਾਂ ਦਾ ਚਿਤ੍ਰ ਤੇ ਕੌਤਕ ਅਚਰਜ ਤੇ ਅਨੋਖਾ ਹੈ,(ਕਿਉਂਕਿ)ਕਿਸੇ ਨੂੰਭੀ ਕਿਸੇ ਵਰਗਾ ਨਹੀਂ ਬਨਾਇਆ ਹੈ, ਇਕੋ ਹੀ (ਵਸਤੂ) ਅਨੇਕ

(ਤਰ੍ਹਾਂ ਦੀ ਦਿਸ ਰਹੀ ਹੈ, ਅਰਥਾਤ ਸਾਰੇ ਪੁਰਖਾਂ ਦੇ ਸ਼ਰੀਰ ਤਾਂ ਇਕ ਸਾਰਖੇ ਹਨ, ਪਰ ਇਕ ਸਰੀਰ ਨਾਲ ਦੂਜਾ ਸਰੀਰ ਨਹੀਂ ਮਿਲਦਾ, ਕੁਝ ਨਾ ਕੁਝ ਜ਼ਰੂਰ ਫਰਕ ਹੈ, ਸਰੀਰਾਂ ਦੀ ਕੋਈ ਗਿਣਤੀ ਨਹੀਂ, ਅਗਿਣਤ ਹੁੰਦੇ ਹੋਏ ਭੀ ਇਕ ਨਾਲ ਇਕ ਨਹੀਂ ਮਿਲਦਾ ਸੰਸਾਰ ਦੀ ਕਿਸੇ ਵਸਤੂ ਨੂੰ ਵੇਖੋ ਇਕੋ ਕਿਸਮ ਦੀਆਂ ਅਨੇਕਾਂ ਵਸਤੂ ਹੋਕ ਭੀ ਇਕ ਨਾਲ ਇਕ ਨਹੀਂ ਮਿਲਦੀਆਂ ਹਨ)।

**ਨਿਪਟ ਕਪਟ ਘਟਿ ਘਟਿ ਨਟ ਵਟ ਨਟ ਗੁਪਤ ਪ੍ਰਗਟ ਅਟ ਪਟ ਜਾਵਦੇਕ ਹੈ ॥**

(ਸੰਸਾਰ ਦੀ ਰਚਨਾਂ) ਬਿਲਕੁਲ ਹੀ ਸਾਰੇ ਦੀ ਸਾਰੀ ਕਪਟ (ਛਲ) (ਰੂਪ) ਹੈ, ਨਟ ਦੀ ਤਰ੍ਹਾਂ ਹੀ (ਪ੍ਰਮਾਤਮਾਂ ਰੂਪ)ਨਟ ਨੇ ਘਟ ਘਟ ਨੂੰ(ਵਖੋ ਵਖਰਾ ਬਣਾਇਆ ਹੈ, ਕੀ) ਗੁਪਤ (ਤੇ ਕੀ) ਪ੍ਰਗਟ, ਜਿਥੋਂ ਤਕ (ਭੀ ਰਚਨਾਂ ਹੈ,ਸਾਰੀ ਦੀ ਸਾਰੀ ਹੀ) ਅਟਪਟੀ ਜੇਹੀ (ਦਿਸ ਰਹੀ ਹੈ, ਅਰਥਾਤ ਜਿਸ ਤਰ੍ਹਾਂ ਬਹੁ ਰੂਪੀਆ ਅਨੇਕਾਂ ਸਾਂਗ ਧਾਰਦਾ ਹੈ ਤੇ ਉਸਦੇ ਸਾਂਗ ਧਾਰਨੇ ਸਾਰੇ ਹੀ ਕਪਟ ਰੂਪ ਹੁੰਦੇਹਨ ਉਸ ਨਟਵਾਂਗੂੰ ਹੀ ਇਹ ਸੰਸਾਰ ਦੀ ਰਚਨਾ ਸਮੂਲਚੀ ਹੀਕਪਟਰੂਪ ਹੈ, ਇਸ ਵਿਚ ਸੱਚਤਾ ਦੀ ਲੇਸ ਭੀ ਨਹੀਂ ਹੈ।

**ਦ੍ਰਿਸ਼ਟਿ ਸੀ ਦ੍ਰਿਸ਼ਟਿ ਨ ਦਰਸ਼ਨ ਸੋ ਦਰਸੁ ਬਚਨ ਸੋ ਬਚਨ ਨ ਸੁਰਤਿ ਸਮੇਕ ਹੈ ॥**

(ਫੇਰ ਵੇਖੋ) ਨਜ਼ਰ ਜੇਹੀ ਨਜ਼ਰ (ਜਾਂ ਅੱਖ ਜੇਹੀ ਅਖ)ਨਹੀਂ ਦਰਸ਼ਨ ਜੇਹਾ ਦਰਸ਼ਨ ਨਹੀਂਗਲਜੇਹੀ ਗੱਲ ਨਹੀਂ,ਸੁਰਤ[ਸੂਝ] ਭੀ ਇਕ ਸਮਾਨ ਨਹੀਂ ਹੈ (ਅਰਥਾਤ ਭਾਵੇਂ ਸਰੀਰਾਂ ਨਾਲ ਅੱਖਾਂ ਹਨ ਸਭ ਦੀਆਂ ਸ਼ਕਲਾਂ ਹਨ,ਸਭ ਨੂੰ ਸਮਝ ਹੈ, ਸਾਰੇ ਬੋਲਦੇ ਹਨ,ਪਰ ਜਦ ਧਿਆਨ ਨਾਲ ਵੇਖੋ ਤਾਂ ਨਜ਼ਰ ਨਾਲ ਨਜ਼ਰ ਨਹੀਂ ਮਿਲਦੀ. ਸ਼ਕਲ [ਦਰਸ਼ਨ] ਨਾਲ ਸ਼ਕਲ ਨਹੀਂ ਮਿਲਦੀ, ਅਵਾਜ਼ ਨਾਲ ਅਵਾਜ ਦਾ ਮੇਲ ਨਹੀਂ ਤੇ ਨਾ ਹੀ ਸ਼ਮਝ ਇਕ ਸਮਾਨ ਹੈ)।

**ਰੂਪ ਰੇਖ ਲੇਖ ਭੇਖ ਨਾਦ ਬਾਦ ਨਾਨਾ ਬਿਧਿ ਅਗਮ ਅਗਾਧਿ ਬੋਧਿ ਬ੍ਰਹਮ ਬਿਬੇਕ ਹੈ ॥੩੪੨॥**

(ਗੱਲ ਕੀ ?) ਰੂਪ, ਰੇਖ, ਲੇਖ (ਕਿਸਮਤ)ਤੇ ਸ਼ਕਲ,ਸ਼ਬਦ ਤੇ ਝਗੜਨਾਂ ਅਨੇਕ ਤਰ੍ਹਾਂ ਦਾ ਹੈ, (ਕਿਸੇ ਨਾਲ ਕਿਸੇ ਦਾ ਰੂਪ ਨਹੀਂ ਮਿਲਦਾ, ਰੇਖਾ ਨਹੀਂ ਮਿਲਦੀਆਂ,ਕਿਸਮਤ ਨਹੀਂ ਮਿਲਦੀ,ਸ਼ਕਲਾਂ ਨਹੀਂ ਮਿਲਦੀਆਂ,[ਨਾਦ] ਵਾਜਾਂ ਨਹੀਂਮਿਲਦੀਆਂ [ਬਾਦ]ਝਗੜੇ ਨਹੀਂ ਮਿਲਦੇ, (ਸਭਨਾਂ ਦੇ ਸਾਰੇ ਹੀ ਕੰਮ ਆਪੋ ਆਪਣੀ ਕਿਸਮ ਦੇ ਹਨ) ਇਸ ਲਈ ਬ੍ਰਹਮ ਦੇ ਬਿਬੇਕ ਦਾ ਬੋਧ [ਗਿਆਨ] ਅਗਮ ਤੇ ਅਗਾਧ ਹੈ, ਉਸਦਾ ਨਾਮ ਬ੍ਰਹਮ ਹੈ ਤੇ ਉਸ ਬ੍ਰਹਮ ਦੇ ਵਿਚਾਰ ਦਾ ਗਿਆਨ ਸਾਡੇ ਮਨ ਤੇ ਸਾਡੀ ਬੁਧੀ ਦੀ ਪਹੁੰਚ ਤੋਂ ਪਰੇ ਹੈ)॥੩੪੨॥

**ਸਤਿ ਰੂਪ ਸਤਿਗੁਰ ਪੂਰਨ ਬ੍ਰਹਮ ਧਿਆਨ ਸਤਿਨਾਮੁ ਸਤਿਗੁਰ ਸਤਿ ਪਾਰਬ੍ਰਹਮ ਹੈ ॥**

ਪੂਰਨ ਬ੍ਰਹਮ ਦਾ ਸਚਾ ਰੂਪ ਸਤਿਗੁਰੂਹੈ,[ਤਾਂਤੇ] ਸਤਿਗੁਰੂ[ਦਾ ਦਰਸ਼ਨ] ਪੂਰਨ ਬ੍ਰਹਮ ਸੱਚ'ਧਿਆਨ' ਹੈ,ਅਤੇ ਸਤਿਗੁਰੂ [ਪਾਸੋਂ ਜੋ] 'ਸਤਿਨਾਮ'[ਉਪਦੇਸ਼ ਮਿਲਿਆ ਹੈ, ਏਹੋ ਸੱਚਾ ਪਾਰਬ੍ਰਹਮ ਹੈ।

**ਸਤਿਗੁਰ ਸ਼ਬਦ ਅਨਾਹਦ ਬ੍ਰਹਮ ਗਿਆਨ ਗੁਰਮੁਖਿ ਪੰਥ ਸਤਿ ਗੰਮਿਤਾ ਅਗਮ ਹੈ ॥**

ਸਤਿਗੁਰੂ ਦਾ ਸ਼ਬਦ ਹੀ ਅਨਾਹਦ ਸ਼ਬਦ ਤੇ ਬ੍ਰਹਮ ਗਿਆਨ ਹੈ, ਅਤੇ ਸਤਿਗੁਰੂ ਦੇ ਪੰਥ ਵਿਚ ਗੰਮਿਤਾ [ਕਰਨੀ ਹੀ] ਅਗਮ ਵਿਚ ਸਚੀ ਗੰਮਤਾ ਹੈ[ਅਰਥਾਤ ਗੁਰਬਾਨੀ ਹੀਅਨਾਹਦ ਸ਼ਬਦਤੇਬ੍ਰਹਮ ਦਾ ਗਿਆਨ ਹੈ, ਤੇ ਸਿਖ ਪੰਥ ਵਿਚ ਦਾਖਲ ਹੋਣਾ ਮਾਨੋਂ ਅਗੰਮ ਪ੍ਰਭੂ ਵਿਚ ਪ੍ਰਵੇਸ਼ ਕਰ ਲੈਣਾ ਹੈ]।

**ਗੁਰ ਸਿਖ ਸਾਧ ਸੰਗ ਬ੍ਰਹਮ**

**ਸਥਾਨ ਸਤਿ ਕੀਰਤਨ ਸਮੈ ਹੁਇ ਸਾਵਧਾਨ ਸਮ ਹੈ ॥**

(ਜੋ) ਗੁਰਸਿਖ ਦੀ ਸਾਧ ਸੰਗਤ ਹੈ, (ਏਹੋ ਹੀ) ਬ੍ਰਹਮ (ਦੇ ਰਹਿਣ ਦਾ ਸੱਚਾ ਸਥਾਨ ਹੈ)ਸ਼ਬਦਕੀਰ-ਤਨ ਦੇ ਸਮੇਂ(ਜਿਹੜੇ ਗੁਰਸਿਖ) ਸਾਵਧਾਨ ਹੋਏਹੁੰਦੇ ਹਨ (ਉਹ ਬ੍ਰਹਮ ਦੇ ਹੀ ਸਮਾਨ) ਹਨ (ਅਰਥਾਤ "ਸਾਵਧਾਨ ਗੁਰਵਾਕ ਨ ਮਨਭਰਮੀਵਨਾ"ਕੀਰਤਨ ਸਮੇਂ ਇਸ ਗਲ ਦੀ ਸਾਵਧਾਨਤਾ ਹੋਣੀ ਚਾਹੀਦੀਹੈ ਜੋ ਮਨ ਕੀਰਤਨ ਤੋਂ ਬਾਹਰ ਨਾਂ ਜਾਵੇ, ਜਿਸਦਾ ਮਨ ਕੀਰਤਨ ਵਿਚ ਲਗਾ ਹੋਇਆ ਹੈ, ਉਹ ਸਿਖ ਨਹੀਂ, ਉਹ ਤਾਂ ਬ੍ਰਹਮ ਦੇ ਸਮਾਨ ਹੈ)।

**ਗੁਰਮੁਖਿ ਭਾਵਨੀ ਭਗਤਿ ਭਾਉ ਚਾਉ ਸਤਿ ਸਹਜਿ ਸੁਭਾਉ ਗੁਰਮੁਖਿ ਨਮੋ ਨਮ ਹੈ ॥੩੪੩॥**

ਗੁਰਸਿਖ ਦੀ [ਭਾਵਨੀ] ਸਰਧਾ ਸੱਚੀ ਹੈ, ਗੁਰ ਸਿਖ ਦੀ ਭਗਤੀ ਸਚੀ ਹੈ, ਗੁਰਸਿਖ ਦਾ ਪ੍ਰੇਮ ਸੱਚਾ ਹੈ, ਗੁਰ ਸਿਖ ਦਾ ਚਾਉ ਸੱਚਾ ਹੈ, (ਇਸ ਤਰਾਂ ਦੇ) ਸਹਜ ਸੁਭਾਉ ਵਾਲੇ ਗੁਰ ਸਿਖ ਤਾਂਈ ਨਮਸ਼ਕਾਰ ਹੈ, ਨਮਸ਼ਕਾਰ ਹੈ ॥ ੩੪੩ ॥

**ਨਿਰੰਕਾਰ ਨਿਰਾਧਾਰ ਨਿਰਾਹਾਰ ਨਿਰ ਬਿਕਾਰ ਅਜੋਨੀ ਅਕਾਲ ਅਪ-ਰੰਪਰ ਅਭੇਵ ਹੈ ॥**

(ਜੋ) ਅਕਾਰ ਤੋਂ ਰਹਿਤ ਹੈ,ਅਧਾਰ ਤੋਂ ਰਹਿਤ ਹੈ,ਅਹਾਰ ਤੋਂ ਰਹਿਤ ਹੈ, ਵਿਕਾਰ ਤੋਂ ਰਹਿਤ ਹੈ, ਜੂਨੀ ਤੋਂ ਰਹਿਤ ਹੈ, ਕਾਲ[ਮੌਤ] ਤੋਂ ਰਹਿਤ ਹੈ, ਉਰੇ ਤੋਂ ਉਰੇ ਹੈ,ਪਰੇ ਤੋਂ ਪਰੇ ਹੈ ਤੇਭੇਦਤੋਂਰਹਿਤਹੈ

**ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ ਨਿਰਭੈ ਨਿਰੰਜਨ ਅਤਹ ਪਰ ਅਤੇਵ ਹੈ ॥**

(ਜੋ) ਮੋਹ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਲੇਪ ਤੋਂ ਰਹਿਤ ਹੈ, ਦੋਖ ਤੋਂ ਰਹਿਤ ਹੈ, ਡਰ ਤੋਂ ਰਹਿਤ ਹੈ, ਮਾਯਾ ਤੋਂ ਰਹਿਤ ਹੈ ਅਤੇ [ਏਵ] ਨਿਸਚੇ ਕਰਕੇ [ਅਤਹ] ਮਹਾਨ (ਵਡੇ) ਤੋਂ [ਪਰ ਅਤਹ] ਬਹੁਤ ਹੀ ਮਹਾਨ ਹੈ।

**ਅਬਿਗਤਿ ਅਗਮ ਅਗੋਚਰ ਅਗਾਧਿ ਬੋਧਿ ਅਚੁਤ ਅਲਖ ਅਤਿ ਅਛਲ ਅਛੇਵ ਹੈ ॥**

(ਉਸਦਾ) [ਗਤਿ] ਪ੍ਰਾਪਤ ਕਰਨਾ ਕਠਨ ਹੈ, ਪਹੁੰਚ ਤੋਂ ਪਰੇ ਹੈ, [ਅ+ਗੋਚਰ] ਇੰਦ੍ਰੀਆਂ ਦੇ ਵਿਸ਼ਯ ਨਹੀਂ ਹੈ,ਮਹਾਨ ਡੂੰਘਾ ਹੈ, ਗਿਆਨ ਰੂਪ ਹੈ, ਟਿਕਾਣੇ ਤੋਂ ਡਿਗਦਾ ਨਹੀਂ ਹੈ ਜਾਣਿਆਂ ਨਹੀਂ ਜਾਂਦਾ,ਛਲਿਆ ਨਹੀਂ ਜਾਂਦਾ ਅਤੇ ਵਡਾ ਹੀ ਅਛੇਦ [ਅਕਟ] ਰੂਪ ਹੈ।

**ਬਿਸਮੈ ਬਿਸਮ ਅਸਚਰਜੈ ਅਸਚਰਜਮੈ ਅਦਭੁਤ ਪਰਮਦਭੁਤ ਗੁਰਦੇਵ ਹੈ ॥ ੩੪੪ ॥**

(ਜੋ) ਬਿਸਮ ਤੋਂ ਬਿਸਮ ਹੈ, ਅਚਰਜ ਤੋਂ ਅਚਰਜ ਰੂਪ ਹੈ, ਅਦਭੁਤ ਤੋਂ ਪਰਮ ਅਦਭੁਤ ਹੈ, ਗੁਰ ਦੇਵ(ਉਸ ਦਾ ਪਰਤਖ)ਰੂਪ ਹੈ ॥ ੩੪੪॥

**ਕਾਰਤਕ ਮਾਸ ਰੁਤਿ ਸਰਦ ਪੂਰਨਮਾਸ਼ੀ ਆਠ ਜਾਮ ਸਾਠਿ ਘਰੀ ਆਜ ਤੇਰੀ ਬਾਰੀ ਹੈ ॥**

ਕਤਕ ਦਾ ਮਹੀਨਾ,ਸਰਦ ਰੁਤਿ ਦੀ ਪੂਰਨਮਾਸ਼ੀ ਦਾ ਦਿਨ ਅੱਠਾਂ ਪਹਰਾਂ ਦੀਆਂ ਸੱਠੇ ਘੜੀਆਂ ਧੰਨ ਹੀ ਹਨ, ਕਿਉਂਕਿ ਅਜ (ਪ੍ਰਗਟ ਹੋਨ ਦੀ) ਤੇਰੀ ਆਪਨੀ ਵਾਰੀ ਹੈ(ਅਰਥਾਤ ਸ੍ਰੀ ਗੁਰੂ ਨਾਨਕ ਜੀ ਨੂੰ ਸਨਮੁਖ ਬੇਨਤੀ ਕਰਦੇ ਹਨ, ਤੇ "ਆਪ ਨਾਰਾਇਣ ਕਲਾਧਾਰਿ ਮੰਨਕੇ ਅਰਜ ਕਰਦੇ ਹਨ" ਕਿ ਜੇਹੜਾ ਵਿਸ਼ਨੂੰ ਅਵਤਾਰ ਧਾਰਕੇ ਭੀ ਪੂਰਾ ਨਹੀਂ ਕਰ ਸਕਿਆ ਸੀ,ਉਸਨੂੰ ਪੂਰਾ ਕਰਨ ਲਈ (ਅਜ ਆਪ ਦੀ ਵਾਰੀਆਈਹੈ,ਆਪ ਅਵਤਾਰੀ ਹੋਕੇ ਆਏ ਹੋ)।

**ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੁਇ ਰੂਪ ਗੁਨ ਜੋਬਨ**

**ਸਿੰਗਾਰ ਅਨਿਕਾਰੀ ਹੈ ॥**

ਅਭੀਚ ਦੇ ਸਮੇਵਿਚ(ਆਪ)ਬਹੁ(ਵਡੇ) ਨਾਇਕ ਦੀ ਨਾਇਕਾ ਹੋਏਹੋ(ਆਪ ਦਾ)ਰੂਪ,(ਆਪਦੇ)ਗੁਨ, (ਆਪ ਦਾ) ਜੋਬਨ (ਤੇ ਆਪ ਦਾ) ਸ਼ਿੰਗਾਰ ਭੀ ਅਧਿਕ ਤੋਂ ਅਧਿਕ ਹੈ (ਅਰਥਾਤ ਹੇ ਗੁਰੂ ਜੀ ! ਆਪ ਬਹੁਤ ਵਡੇ ਸ੍ਵਾਮੀ ਜੀ ਦੀ ਸ੍ਵਾਮਨੀ ਹੋ ਕੇ ਅਵਤਰੇ ਹੋ,ਫਿਰ ਆਪ ਦਾ ਰੂਪ (ਅੰਤਹ ਕਰਨ ਦੀ ਸੁਧਤਾ),ਗੁਨ(ਦੈਵੀਸੰਪਦਾ),ਜੋਬਨ(ਪ੍ਰੇਮ ਪਰ ਪੂਰਨ ਅਵਸਥਾ ਤੇ) ਸ਼ਿੰਗਾਰ (ਮਨ ਮੋਤੀ ਜੋ ਗਹਿਣਾ ਹੋਵੇ ਆਦਿਕ) ਸਭ ਤਰ੍ਹਾਂ ਕਰਕੇ ਆਪ ਉਤਮ ਤੋਂ ਉਤਮ ਹੋ ਕੇ ਪ੍ਰਗਟੇ ਹੋ)।

**ਚਾਤਿਰ ਚਤੁਰ ਪਾਠ ਸੇਵਕਿ ਸਹੇਲੀ ਸਾਤਿ ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ ॥**

ਆਪ ਚਾਤਰ[ਪ੍ਰੇਰਕ ਰੂਪ]ਹੋ, [ਚਤੁਰ] ਸਿਆਣੇ ਹੋ ਪਾਠਕ (ਗੁਰਬਾਣੀ ਦੇ ਰਚਨ ਹਾਰ) ਹੋ। ਸੇਵਕਾਂ ਰੂਪ ਸਹੇਲੀਆਂ ਆਪਨੇ ਨਾਲ [ਸ਼ਾਂਤਿ] ਜੋੜਕੇ ਲਿਆਏ ਹੋ, ਸੰਪਦਾ ਤੇ ਸਮਿਗ੍ਰੀ ਤੋਂ ਸਹਜ ਸੁਖ ਆਦਿਕਾਂ ਨੂੰ [ਸੁਚਾਰੀ] ਇਕਠਾ ਕਰਨ ਵਾਲੇ ਹੋ।

**ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ।। ੩੪੫ ॥**

(ਮਾਤ ਲੋਕ ਰੂਪ) ਸੁੰਦਰ ਮੰਦਰ ਹੈ, ਸ਼ੁਭ ਲਗਨ ਦਾ ਸੰਜੋਗ ਭੋਗ ਹੈ,(ਮੁਰਦਿਆਂ ਨੂੰ) ਜੀਵਨ ਬਖਸ਼ਨ ਲਈ ਆਏ ਹੋ, (ਅਪਦਾ) ਜਨਮ ਧੰਨ ਹੈ,ਹੇ ਪ੍ਰੀਤਮ ਦੀ ਪਿਆਰੀ ! ॥੩੪੫॥

ਨੋਟ:- ਇਸ ਛੰਦ ਵਿਚ ਭਾਈ ਸਾਹਿਬ ਜੀ ਨੇ ਕੱਤਕ ਪੂਰਨਮਾਸ਼ੀ ਦੇ ਦਿਨ ਨੂੰ ਸਤਿਗੁਰੂ ਜੀ ਦੇ ਅਵਤਾਰ ਲੈਣ ਦਾ ਦਿਨ ਜਾਣਕੇ, ਸਤਿਗੁਰੂ ਜੀ ਦੇ ਸਨਮੁਖ ਬੇਨਤੀ ਕੀਤੀਹੈ,ਫਿਰ ਸਤਿਗੁਰੂਨੂੰਪਤਿਬ੍ਰਤਾ ਇਸਤ੍ਰੀ ਰੂਪ ਤੇ ਵਰਣਨ ਕੀਤਾ ਹੈ, ਅਰਥ ਦੀ ਬਿਵਸਥਾ ਲਾਉਣ ਵਾਸਤੇ ਚੌਥੀ ਤੁਕ ਦੇ ਅੰਤਲੇਪਦ ਤੋਂ ਅਰਥ ਚੁਕੀਏ ਤਾਂ ਅਰਥ ਅਪਨੇ ਆਪ ਪੂਰਾ ਉਤਰਦਾ ਜਾਂਦਾ ਹੈ, ਚੂੰਕਿ ਸ੍ਰੀ ਗੁਰੂ ਜੀ ਨੇ ਆਪ ਨੂੰ ਇਸਤ੍ਰੀ ਤੇ ਵਾਹਿਗੁਰੂ ਅਕਾਲ ਪੁਰਖ ਨੂੰ ਪਤੀ ਰੂਪ ਵਰਨਣ ਕੀਤਾ ਹੈ, ਉਸੇ ਮਹਾਂ ਵਾਕ ਦੇ ਅਨੁਸਾਰੀ ਹੋ ਕੇ ਭਾਈ ਸਾਹਿਬ ਜੀ ਨੇ ਸਤਿਗੁਰੂ ਜੀ ਨੂੰ ਸੰਬੋਧ ਕੀਤਾ ਹੈ:- 'ਪ੍ਰੀਤਮ ਪਿਆਰੀ !''

ਇਸ ਛੰਦ ਤੋਂ ਧੁਨੀ ਵਿਚ ਇਉਂ ਮਲੂਮ ਹੁੰਦਾ ਹੈ, ਜਿਵੇ ਕਤਕ ਪੁਨਿਆਂ ਦੇ ਦਿਨ ਹੀ ਸੰਗਤ ਦੇ ਵਿਚ ਭਾਈ ਸਾਹਿਬ ਜੀ ਨੇ ਇਹ ਛੰਦ ਸੁਣਾਇਆ ਹੋਵੇ, ਹੋ ਸਕਦਾ ਹੈ, ਜਿਵੇਂ ਅਜ ਕਲ ਗੁਰਪੁਰਬ ਵਾਲੇ ਦਿਨ ਕਵੀ ਜਨ ਗੁਰ ਚਰਨਾਂ ਉਤੇ ਸ਼ਰਧਾਂ ਦੇ ਫੁਲ ਭੇਟ ਚੜ੍ਹਾਉਂਦੇ ਹਨ, ਉਸੇ ਹੀ ਤਰ੍ਹਾਂ ਭਾਈ ਸਾਹਿਬ ਜੀ ਨੇ ਸ੍ਰੀ ਗੁਰੂ ਜੀ ਦੀ ਹਜ਼ੂਰੀ ਵਿਚ ਜਾਂ ਅਪਰੋਖੇ ਹੀ ਸੰਗਤਦੇਵਿਚ ਗੁਰ ਪੁਰਬ ਦੇ ਸਮੇ ਇਹ ਛੰਦ ਸੰਗਤ ਦੇ ਵਿਚ ਪੜਿਆ ਹੋਣਾ ਹੈ।

(ਕੋਈ ਸਜਨ ਇਸ ਦੇ ਅੰਤੀਵ ਅਰਥ ਭੀ ਕਰਦੇ ਹਨ, ਪਰ ਉਹ ਮੈਨੂੰ ਖਿਚਾਤਣੀ ਦਾ ਪ੍ਰਤੀਤ ਹੋਇਆ ਹੈ, ਇਸ ਲਈ ਨਹੀਂਕੀਤਾ ਹੈ )।

**ਦਿਨਕਰ ਕਿਰਨਿ ਸੁਹਾਤ ਸੁਖ-ਦਾਈ ਅੰਗ ਰਚਤ ਸ਼ਿੰਗਾਰ ਅਭਰਨ ਸਖੀ ਆਇ ਕੈ ॥**

ਦਿਨ ਕਰ=ਸੂਰਜ। ਅਭਰਨ=ਗਹਿਣੇ। ਉਬਟਨਾ=ਵਟਨਾ। ਮਿਲੌਨੀ = ਦਹੀਂ ਵਗੈਰਾ ਕੋਈ ਦ੍ਰਵ੍ਯ ਜੋ ਕੇਸੀ ਨਾਉਨ ਲਈ ਵਰਤਿਆ ਜਾਂਦਾ ਸੀ। ਉਸਨ= ਗਰਮ। ਕੁੰਕਮ=ਕੇਸਰ। ਅਰਗਜਾ= ਅੰਬੀਰ ਵਗੈਰਾ ਸੁਗੰਧੀ। ਚੀਰ=ਕਪੜੇ। ਪਰਜੰਕ=ਮੰਜਾ। ਧਾਵਰੀਨ=ਦਾਸੀਆਂ

ਸੂਰਜ ਦੀਆਂ ਕਿਰਣਾਂ ਸੁਹਾਦਿਆਂਹੀ ਸੁਖਦਾਈ (ਗੁਰੂ ਦੇ) ਸਰੀਰ ਉਤੇ ਸ਼ਿੰਗਾਰ ਕੀਤਾ ਜਾਂਦਾ ਸੀ ਅਤੇ ਸਖੀ ਆਨਕੇ ਗਹਿਣੇ (ਪਹਿਨਾਉਂਦੀ ਸੀ)।

**ਪ੍ਰਿਥਮ ਉਬਟਨਾ ਕੈ ਸੀਸ ਮੈ ਮਲਉਨੀ ਮੇਲਿ ਮਜਨ ਉਸਨ ਜਲ ਨਿਰਮਲ ਭਾਇ ਕੈ ॥**

ਪਹਿਲੇ (ਸਰੀਰ ਉਤੇ)ਵਟਨਾ ਮਲ ਕਰਕੇ,ਸਿਰ ਵਿਚ ਦਹੀਂ ਵਗੈਰਾ ਪਾਕੇ ਸਾਫ ਤੇ ਸੁਥਰੇ ਗਰਮ ਜਲ ਨਾਲ ਪ੍ਰੇਮ ਸਹਿਤ ਇਸ਼ਨਾਨ ਕਰਾਉਂਦੀ ਸੀ।

**ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ ਅੰਗ ਅਰਗਜਾ ਲੇਪ ਹੇਤ ਉਪਜਾਇ ਕੈ॥**

ਕੇਸਰ (ਅਵੇਸ) ਪਾਕੇ (ਜੋ) ਫੁਲੇਲ ਵਾਸ਼ਨਾਂ ਵਾਲਾ ਕੀਤਾ ਹੋਇਆ ਸੀ, ਉਹ ਕੇਸਾਂ ਵਿਚ ਮਲਦੀ ਸੀ ਤੇ (ਮਨ ਵਿਚ) ਹੇਤ ਪਿਆਰ ਪੈਦਾ ਕਰਕੇ ਸਰੀਰ ਉਤੇ ਅਰਗਜਾ ਦਾ ਲੇਪ ਕਰਦੀ ਸੀ।

**ਚੀਰ ਚਾਰੁ ਦਰਪਨ ਮਹਿ ਆਪਾ ਆਪੁ ਚੀਨਿ ਬੈਠੀ ਪਰਜੰਕ ਪਰਿ ਧਾਵਰੀਨ ਧਾਇ ਕੈ ॥੩੪੯॥**

ਸੁੰਦਰ ਕਪੜੇ (ਪਹਿਨਾਕੇ) ਸ਼ੀਸ਼ੇ ਵਿਚੋਂ ਅਪਨਾ ਆਪ ਵਿਖਾਕੇ, ਪਲੰਘ ਉਤੇ (ਗੁਰੂ ਪ੍ਰੀਤਮ ਦੀ) ਬਾਲੜੀ ਦੇਹ ਬੈਠਦੀ ਸੀ ਤਾਂ ਦਾਸੀਆਂ ਭਜਕੇ ਕੋਲ ਆ ਜਾਂਦੀਆਂ ਸਨ ॥੩੪੯॥

ਨੋਟ--ਭਾਈ ਸਾਹਿਬ ਜੀ ਨੇ ਇਸ ਵਿਚ ਗੁਰ ਜਯੋਤੀ ਦੇਬਾਲ ਵਰੇਸ ਦੀਸੇਵਾ ਦਾ ਵਰਣਨ ਕੀਤਾ ਹੈ ਕਿ ਜਦੋਂ ਸ੍ਰੀ ਗੁਰੂ ਜੀ ਮਾਤਾ ਦੀ ਗੋਦੀ ਤੋਂ ਵਡੇਰੀ ਅਵਸਥਾ ਵਿਚ ਹੋ ਕੇ ਪਲੰਘ ਜਾਂ ਪੰਘੂੜੇ ਵਿਚ ਬਿਰਾਜਨ ਲਗੇ ਉਸ ਵੇਲੇ ਆਪ ਜੀ ਦੀ ਇਸ ਤਰਾਂ ਨਾਲ ਸੇਵਾ ਕੀਤੀ ਜਾਂਦੀ ਸੀ।

(੨) ਇਸ ਦਾ ਅੰਤ੍ਰੀਵ ਅਰਥ ਭੀ ਕੀਤਾ ਜਾਂਦਾ ਹੈ,ਜਿਸ ਵਿਚ ਪਿਛਲੇ ਛੰਦ ਜਿੰਨੀ ਖਿਚ ਤਾਨ ਨਹੀਂ ਹੈ, ਇਸ ਕਰਕੇ ਅਸੀਂ ਲਿਖਦੇ ਹਾਂ=

ਜਗਯਾਸੂ ਨੂੰ ਜਦ ਦਸਮ ਦੁਆਰ ਵਿਚ ਗਿਆਨ ਸੂਰਜ ਦੀ ਕਿਰਣ ਪ੍ਰਕਾਸ਼ਦੀ ਹੈ, ਉਸ ਵੇਲੇ 'ਸੁਖ-ਦਾਈ ਸਖੀਆਂ ਕਰਨਾ—ਮੰਤ੍ਰੀ ਆਦਿਕ ਆ ਕੇ, [ਅੰਗ] ਰੋਮ ਰੋਮ ਵਿਚ (ਸ਼ਿੰਗਾਰ)ਸੁੰਦਰਤਾ ਚਮਕਾ ਦੇਂਦੀਆਂ ਹਨ।

ਪਹਿਲੇ ਉਬਟ ਚਾਲ ਆਉਣੀ ਚਾਹੀਦੀ ਹੈ, ਕਿਉਂਕਿਉਬਟ ਚਲੰਤੇ ਇਹ ਮਦ ਪਾਇਆ ਜਾਂਦਾ ਹੈ, ਫਿਰ ਸਿਰ ਵਿਚ ਮਿਲੌਣੀ, ਸੁਰਤ ਦਾ ਟਕਾਉ, ਦਸਮ ਦਵਾਰ ਵਿਚ ਮਿਲਾਉਣਾ ਜਾਂ ਸਵਾਸਾਂ ਦਾ ਮਿਲਾਉਣਾ ਕਰਨਾ ਚਾਹੀਦਾ ਹੈ, (ਉਸਨ ਜਲ) ਉਠੰਤ ਜਲ ਝਰਨੇ ਝਰਨ ਦੇਅੰਮ੍ਰਿਤ ਵਿਚਇਸ਼ਨਾਨ ਕਰਨਾ, ਜਾਂ 'ਅਸਮਾਨ ਮਿਆਨੇ ਲਹਿੰਗ ਦਰੀਆ ਗੁਸਲ ਕਰਦਨ' ਇਉਂ ਕਰਨ ਨਾਲ ਨਿਰਮਲ ਭਾਇ ਜਾ ਸੁਧ ਪ੍ਰੇਮ ਪੈਦਾ ਹੋ ਜਾਂਦਾ ਹੈ।

ਜਿਸ ਟਿਕਾਨੇ ਕੇਸ ਵਸਦੇ ਹਨ, ਉਸ ਟਿਕਾਨੇ ਦੇ ਕੁਸਮ (ਕਮਲ ਫੁਲ)ਵਿਚ (ਅਵੇਸ)ਧਿਆਨ ਦਾ ਪ੍ਰਵੇਸ ਪਾਕੇ ਮਨ ਟਿਕਦਾ ਹੈ ਤਾਂ ਸੁਗੰਧੀ ਦੀ ਸੁਹਾਵਨੀ ਮਹਕ ਦਿਮਾਗ ਨੂੰ ਖਿੜਾਉਨ ਵਾਲੀ ਪ੍ਰਗਟ ਹੋ ਜਾਂਦੀ ਹੈ ਤਾਂ 'ਅੰਗ ਅਰਗਜਾ' ਸਰੀਰ 'ਚ ਵਸਦਾ ਹੀ ਸਰੀਰ ਤੋਂ ਅਲੱਗ ਆਪਣੇ ਆਪ ਨੂੰ ਜਾਨਦਾ ਹੈ, ਅਲੇਪ ਰਹਿੰਦਾ ਤੇ ਵਾਹਿਗੁਰੂ ਦੇ (ਉਪ-ਜਾਇ ਕੈ) ਨੇੜੇ ਜਾਕੇ ਵਸਦਾ ਹੈ।

ਇਸ ਤਰਾਂ ਦੀ (ਚੀਰ ਚਾਰ) ਢਾਲਨਾ ਵਿਚ ਆਪ ਨੂੰ ਢਾਲ ਕੇ ਦਸਮ ਦਵਾਰ ਰੂਪ ਸ਼ੀਸ਼ੇ ਵਿਚੋਂ ਆਪਾ ਆਪ ਪਛਾਣ ਲੈਂਦਾ ਹੈ ਤਾਂ ਫਿਰ ਇਸਥਤੀ ਰੂਪ ਪਲੰਘ ਉਤੇ ਸਥਿਰ ਹੋਕੇ ਟਿਕ ਜਾਂਦਾ ਹੈ ਤੇ ਸੁਰਤ ਵਾ ਜੀਵ ਦਾ ਆਵਾ-ਗਵਨ ਮਿਟ ਜਾਂਦਾ ਹੈ। ਜਿਸ ਕਰਕੇ ਧਾਂਈ ਕਰਕੇ ਮੁੜ ਚੁਰਾਸੀ ਵਿਚ ਧਾ ਵਰੀ ਨਹੀਂ ਕਰਦਾ।

**ਕਕਹੀ ਦੈ ਮਾਂਗ ਉਰਝਾਏ ਸੁਰਝਾਏ ਕੇਸ ਕੁੰਕਮ ਚੰਦਨ ਕੋ ਤਿਲਕ ਦੈ ਲਿਲਾਰ ਮੈ॥**

ਕਕਹੀ—ਕੰਘੀ। ਦੈ—ਫੇਰਕੇ। ਮਾਂਗ—ਚੀਰਨੀ, ਮੱਥੇ ਉਤੇ ਵਾਲਾਂ ਦੀਆਂ ਪਟੀਆਂ ਦੇ ਵਿਚਾਲੇ ਦੀ ਥਾਂ, ਜਿਥੇ ਸੁਹਾਗਨਾਂ ਸੰਧੂਰ ਲਾਂਦੀਆਂ ਹਨ। ਲਿਲਾਰ—ਮਥਾ। ਖੰਜਨ — ਮਮੋਲਾ, ਇਕ ਚਿੜੀ ਜਿਡੇ ਜਨੌਰ ਦਾ ਨਾਮ ਜਿਸ ਦੇ ਨੈਨ ਬੜੇ ਸੁੰਦਰ ਹੁੰਦੇ ਹਨ। ਕਰਨ ਫੂਲ—ਇਕ ਤਰਾਂ ਦਾ ਗਹਿਣਾ ਜੋ ਕੰਨ ਵਿਚ ਪਾਈਦਾ ਹੈ। ਬੇਸਰ—ਨਥ। ਬਾਰੀ—ਵਾਲੀ, ਮੁਰਕੀ। ਸੀਸ ਫੂਲ—ਸਿਰ ਦਾ ਗਹਿਣਾ ਚੋਕ ਫੁਲ, ਚੁਟੀ। ਤਮੋਲ—ਪਾਨ ਦਾ ਬੀੜਾ। ਕੰਠਸਰੀ—

[ਮਾਲਾ । ਕਪੋਤ=ਨਾਮਾ। ਮਰਕਤ=ਇਕ ਤਰਾਂ ਦਾ ਰਤਨ ਜਾਂ ਨਗੀਨਾ ਜੋ ਸਬਜ਼ ਰੰਗ ਦਾ ਹੁੰਦਾ ਹੈ। ਚਰਚਰੀ=ਆਰਸੀ ਮੁੰਦ੍ਰਿਕਾ=ਮੁੰਦਰੀ । ਛੁਦ੍ਰ ਪੀਠ=ਸੁੰਦਰ ਤੜਾਗੀ ।]

ਉਲਝੇ ਹੋਏ ਕੇਸਾਂ ਨੂੰ ਕੰਘੀ ਫੇਰਕੇ ਸੁਲਝਾਕੇ ਚੀਰਨੀ ਬਣਾਕੇ (ਵਿਚ ਸੰਧੂਰ ਪਾਂਦੀ ਹੈ) ਕੇਸਰ ਤੇ ਚੰਦਨ ਦਾ ਟਿਕਾ ਮਥੇ ਵਿਚ ਲਾਂਦੀ ਹੈ ।

**ਅੰਜਨ ਖੰਜਨ ਦ੍ਰਿਗ ਬੇਸਰਿ ਕਰਨ ਫੂਲ ਬਾਰੀ ਸੀਸ ਫੂਲ ਦੈ ਤਮੋਲ ਮੁਖ ਦੁਆਰ ਮੈ ॥**

ਮਮੋਲੇ ਦੇ ਨੈਨਾਂ [ਵਰਗੇ ਸੁੰਦਰ] ਨੈਨਾਂ ਵਿਚ ਸੁਰਮਾਂ ਪਾਕੇ, (ਨਕ ਵਿਚ) ਨਥ (ਕੰਨਾਂ ਵਿਚ) ਕਰਨ ਫੂਲ [ਝੁਮਕੇ] ਤੇ ਮੁਰਕੀ, ਸਿਰ ਉਤੇ ਚੌਂਕ ਫੂਲ ਪਾਕੇ ਮੂੰਹ ਵਿਚ ਪਾਨ ਦਾ ਬੀੜਾ ਖਾਂਦੀ ਹੈ ।

**ਕੰਠ ਸਰੀ ਕਪੋਤਿ ਮਰਕਤ ਅਉ ਮੁਕਤਾਹਲ ਬਰਨ ਬਰਨ ਫੂਲ ਸੋਭਾ ਉਰ ਹਾਰ ਮੈ ॥**

ਮਾਲਾ, ਨਾਮਾਂ ਨਗੀਨੇ ਵਾਲਾ ਅਤੇ ਮੋਤੀਆਂ ਦੇ ਹਾਰ ਰੰਗਾਂ ਰੰਗਾਂ ਦੇ ਫੂਲਾ ਵਾਲਾ ਹਾਰ ਗਲ ਵਿਚ ਸੋਭਾ ਪਾਂਦਾ ਹੈ ।

**ਚਰਚਰੀ ਕੰਕਨ ਮੁਦ੍ਰਿਕਾ ਮਹਦੀ ਬਨੀ ਅੰਗੀਆ ਅਨੂਪ ਛੁਦ੍ਰ ਪੀਠਿ ਕਟਿ ਧਾਰ ਮੈ ॥੩੪੭॥**

(ਅੰਗੂਠੇ ਵਿਚ)ਆਰਸੀ,(ਉਂਗਲੀ ਵਿਚ)ਮੁੰਦਰੀ (ਹਥ ਵਿਚ)ਕੰਗਨ(ਹਥਾਂ ਪੈਰਾਂ ਤੇ) ਮਹਿੰਦੀ ਲਗੀ ਹੋਈ ਹੈ। ਛਾਤੀ ਤੇ) ਅੰਗੀਆਂ ਬੜੀ ਸੁੰਦਰ ਸੋਭਦੀ ਹੈ ਤੇ ਲੱਕ ਵਿਚ ਸੁੰਦਰ ਤੜਾਗੀ ਧਾਰੀ ਹੋਈ ਹੈ ।

ਦੂਜਾ ਅੰਤ੍ਰੀਵ ਅਰਥ ਇਉਂ ਕਰਦੇ ਹਨ :-

ਕੇਸਾਂ ਦੀਆਂ ਉਲਝਨਾਂ ਨੂੰ ਸੁਲਝਾਉਣ ਵਾਂਗੂ ਧਿਆਨ ਦੀ ਕੰਘੀ ਨਾਲ ਬ੍ਰਿਤੀਆਂ ਨੂੰ ਭਲੀ ਤਰਾਂ ਨਰੀਖਣ ਕਰਦੇ ਹੋਇਆਂ 'ਧਾਰਨ' ਰੂਪ ਧੜੀ ਲਾਈ ਤੇ ਨਿਸਕਾਮਤਾ ਰੂਪ ਕੇਸਰ, ਸੀਤਲ ਸੁਭਾਵ ਚੰਦਨ ਅਤੇ ਇਨ੍ਹਾਂ ਦੀ ਦ੍ਰਿੜ ਧਾਰਨੀ ਤਿਲਕ ਲਾਉਣਾ ਕਰੇ ਅੰਤਹਕਰਣ ਰੂਪ ਮਥੇ ਉਤੇ ।

ਮਮੋਲੇ ਵਰਗੇ ਚੰਚਲ ਰਹਿਣ ਵਾਲੇ ਬੁਧੀ ਰੂਪ ਨੈਨਾਂ ਵਿਚ ਵਸਤੂ ਵਿਚਾਰ ਰੂਪ ਸੁਰਮਾ ਪਾਵੇ,ਚਿਤ ਦੀ ਚਾਹਨਾ ਨੂੰ ਭਟਕਨਾਂ ਵਲੋਂ ਨਥੀ ਰਖਣ ਰੂਪ ਨਥ ਪਾਵੇ ਅਤੇ ਨਿਸਚਾ ਤੇਵਿਚਾਰ ਰੂਪ ਕਨ:ਵਿਚ ਸ਼ਬਦ ਕੀਰਤਨ ਦੀ ਧੁਨੀ ਰੂਪ ਕਰਨ ਫੂਲ ਅਤੇ ਕੁਸੰਗਤ ਦੇ ਬਚਨਹੀ ਨਾ ਸੁਣੇਜਾਣ ਰੂਪ ਵਾਲੀਆਂ [ਮੁਰਕੀਆਂ]ਪਾਵੇ,ਦਸਮਦੁਆਰ ਅੰਦਰਜੋ ਸਹਸ਼ਾਰ ਪਦਮ ਜਾਂ ਰੱਬੀ ਪ੍ਰਕਾਸ਼ ਦਾ ਟਿਕਾਣ ਹੈ, ਉਸ ਵਿਚ ਧਯਾਨ ਪ੍ਰਪੱਕ ਕਰਨ ਰੂਪ ਚੌਕ ਫੂਲ ਪਾਵੇ ਅਤੇ ਸ੍ਵਾਸਾਂ ਨੂੰ ਸ੍ਵਾਦ ਦੀ ਚਾਟ ਤੋਂ ਰੋਕਕੇ ਰਖਣਾਂ ਹੀ ਪਾਨਾਂ ਦਾ ਬੀੜਾ ਖਾਣਾ ਅਥਵਾ ਦੂਈ ਦੇ ਬਚਨ ਨਾਂ ਉਚਾਰਨੇ ਹੀ ਤੰਬੂਲ ਦਾ ਖਾਣਾ ਹੈ ।

ਸ੍ਵਾਸਾਂ ਪ੍ਰਤਿ ਸ੍ਵਾਸ ਨਾਮ ਜਪਨਾ ਮਾਲਾ ਅਤੇ ਅਜਪਾ ਜਾਪ ਦੀ ਵਿਧੀ 'ਨਾਮਾਂ' ਕਰਣਾ, ਮੈਤ੍ਰੀ, ਮੁਦਤਾ, ਅਪੇਖਯਾ, ਸਮਾਨਤਾ,ਸਵਾਧਾਨਤਾ,ਖਿਮਾਂ, ਤਤਖਯਾ ਆਦਿਕ ਸੁਭ ਗੁਣ ਹੀ ਰੰਗਾਂ ਰੰਗਾਂ ਦੇ ਫੂਲ ਤੇ ਮਣੀਆਂ, ਮਰਕਤ ਤੇ ਮੋਤੀ ਹਨ, ਇਹਨਾਂ ਦਾ ਥਾਂ ਪਰ ਥਾਂ ਸਿਰ ਵਿਹਾਰ ਵਿਚ ਵਰਤਣਾ ਹੀ ਗਹਿਣਿਆਂ ਨੂੰ ਜੜਾਊ ਕਰਨਾ ਹੈ ।

ਹਰ ਵੇਲੇ ਦਰਸ਼ਨ ਦਾ ਚਾਉ ਚੜਿਆ ਰਹਿਣਾ ਹੀ ਆਰਸੀ ਹੈ, 'ਕਰਤਾਰ ਕਰਤਾਰ' ਕਰਨਾਕੰਗਨ ਹੈ, ਲੋਕਾਂ ਦੀ ਉਂਗਲ ਹੇਠਾਂ ਨਾਂ ਆਉਣਾ ਹੀ ਉਂਗਲ ਵਿਚ ਮੁੰਦਰੀ ਹੈ ਜਾਂ ਉਂਗਲੀ ਹੇਠਾਂ ਆਉਣਾ ਭੀ ਮੁੰਦਰੀ ਹੈ ਜੇਹਾ ਕਿ :-

'ਜਾ ਪਰ ਪਰੇ ਨ ਉਂਗਲੀ ਬੁਧਿ ਜਨ ਗਨਣਾ ਮਾਹਿ ॥ ਤਾ ਕਰ ਜਨਨੀ ਸੁਤ ਵਤੀ ਤਉ ਬੰਧਿਆ ਕਹੁ ਕਾਹਿ ॥'

ਬੁਰੇ ਕਰਮਾਂ ਵਲੋਂ ਹਥਾਂ ਪੈਰਾਂ ਦਾ ਸੰਕੋਚਨਾ ਤੇ ਭਲੇ ਕਰਮਾਂ ਲਈ ਹਥਾਂ ਪੈਰਾਂ ਦਾ ਪਸਾਰਨਾ ਹੀ ਮਹਿੰਦੀ ਲਾਣੀ ਹੈ,ਅੰਗਾਂ (ਇੰਦ੍ਰਿਆਂ] ਨੂੰ ਬੁਰਿਆਂ-ਈਆਂ ਤੋਂ ਰੋਕੀ ਰਖਣਾ ਹੀ ਅੰਗੀ ਪਾਈ ਹੈ, ਇਸਤ੍ਰੀ ਬ੍ਰਿਤਿ ਤੇ ਪਤਿ ਬ੍ਰਿਤਿ ਅਤੇ ਗ੍ਰਹਸਤੀ ਨਾਂ ਹੋਣ ਦੀ ਹਾਲਤ ਵਿਚ (ਬ੍ਰਹਮ ਚਰਜ) ਦੀਧਾਰਨੀ ਹੀ ਲਕ ਵਿਚ ਤੜਾਗੀ ਪਾਈ ਹੋਈ ਹੈ ।

ਨੋਟ-ਇਸ ਅਰਥ ਦੀ ਮਨੋਰੰਜਨ ਅਰਥ ਕਲ-

ਪਨਾ ਕੀਤੀ ਜਾਂਦੀ ਹੈ, ਪਰ ਮੇਰੇ ਖਿਆਲ ਵਿਚ ਜੇ ਕਰ "ਮਨ ਮੋਤੀ ਜੇ ਗਹਿਣਾ ਹੋਵੈ" ਸ਼ਬਦ ਦੇ ਅਰਥਾਂ ਨੂੰ ਹੀ ਇਥੇ ਮੇਲਿਆ ਜਾਏ ਤਾਂ ਚੰਗਾ ਹੋਵੇਗਾ, ਉਹ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਤੀਜੀ ਪੋਥੀ ਦੇ ਪਹਿਲੇ ਸਫਿਆਂ ਤੇ ਪੜ੍ਹੋ ਜੋ ਅਸਾਂ ਉਥੇ ਪੂਰਨ ਵਿਚਾਰ ਨਾਲ ਲਿਖੇ ਹਨ।

**ਸੋਭਿਤ ਸਰਦ ਨਿਸਿ ਜਗਮਗ ਜੋਤਿ ਸਸਿ ਪ੍ਰਿਥਮ ਸਹੇਲੀ ਕਹੈ ਪ੍ਰੇਮ ਰਸ ਸੁ ਚਾਖੀਐ ॥**

ਸਰਦ (ਰੁਤਿ ਦੀ) ਰਾਤ ਵਿਚ ਚੰਦ੍ਰਮਾਂ ਦੀ ਜੋਤ ਜਗਮਗ ੨ ਕਰਕੇ ਸੋਭਦੀ ਹੈ, (ਉਸ ਵੇਲੇ) ਉਤਮ ਸਖੀ ਕਹਿੰਦੀ ਹੈ (ਆਓ ਭੈਣੋ! ਕਠੀਆਂ ਹੋਕੇ) ਪ੍ਰੇਮ ਰਸ ਨੂੰ ਚਖੀਏ।

**ਪੂਰਨ ਕ੍ਰਿਪਾ ਕੈ ਤੇਰੇ ਆਏ ਹੈ ਕ੍ਰਿਪਾ ਨਿਧਾਨ ਮਿਲੀਐ ਨਿਰੰਤਰ ਹੁਇ ਅੰਤਰੁ ਨ ਰਾਖੀਐ ॥**

ਕ੍ਰਿਪਾ ਨਿਧਾਨ (ਸਤਿਗੁਰੂ ਜੀ) ਪੂਰਨ ਕ੍ਰਿਪਾ ਕਰ ਕੇ ਤੇਰੇ (ਮੇਰੇ ਉਧਾਰ ਲਈ ਸੰਸਾਰ ਵਿਚ) ਆਏ ਹਨ [ਨਿਰੰਤਰਿ] ਸੰਗਾ-ਸੰਕੋਚ ਹੋਕੇ (ਉਨ੍ਹਾਂ ਨੂੰ) ਮਿਲੀਏ ਤੇ ਵਿਚਾਲੇ ਕੋਈ ਅੰਤਰਾ (ਪੜਦਾ ਜਾਂ ਵਿਥ) ਨਾ ਰਖੀਏ (ਅਰਥਾਤ ਸਾਧ ਸੰਗਤ ਵਿਚ ਜਾਂਦੇ ਹੋਏ ਕੋਈ ਸੰਗ ਸਕੋਚ ਜਾਂ ਲਜਾ ਕਰੀਏ ਤੇ ਨਾਂ ਕੋਈ ਲੁਕਾ ਛੁਪਾਓ ਰਖੀਏ, ਆਪਣੇ ਮਨ ਦੀਆਂ ਸਾਰੀਆਂ ਬੁਰਿਆਈਆਂ ਵਗੈਰਾ ਗੁਰੂ ਜੀ ਕੋਲ ਅਰਜ ਕਰ ਦੇਈਏ ਤਾਂ ਉਹ ਜ਼ਰੂਰ ਹੀ ਇਸ ਦੇ ਸੁਧਾਰਨ ਦੀ ਕ੍ਰਿਪਾ ਕਰ ਦੇਣਗ ਤੇ ਫਿਰ ਇਹ ਵਸ ਹੋ ਜਾਵੇਗਾ)।

**ਚਰਨ ਕਮਲ ਮਕਰੰਦ ਰਸ ਲੁਭਿਤ ਹੁਇ ਮਨ ਮਧੁਕਰ ਸੁਖ ਸੰਪਟ ਭਿਲਾਖੀਐ ॥**

(ਸ੍ਰੀ ਗੁਰੂ ਜੀ ਦੇ) ਚਰਨ ਕਮਲਾਂ ਦੀ ਧੂੜੀ ਦੇ ਰਸ ਦੇ ਲੋਭੀ ਹੋ ਜਾਈਏ, (ਤਾਂ ਕਿ) ਮਨ ਰੂਪ ਭੌਰੇ ਨੂੰ ਸੁਖ ਵਿਚ [ਸੰਪਟ] ਮਗਨ ਹੋਣ ਦੀ ਅਭਿਲਾਖਾ ਬਣ ਜਾਵੇ (ਅਰਥਾਤ ਮਨ ਨੂੰ ਗੁਰ ਚਰਨਾਂ ਦੀ ਧੂੜੀ ਦੀ ਸਿਕ ਹਰ ਵੇਲੇ ਦੂਣੀ ਤੋਂ ਦੂਣੀ ਹੁੰਦੀ ਜਾਵੇ)।

**ਜੋਈ ਲਜਾਇ ਪਾਈਐ ਨ ਪਦਮ ਦੈ ਪਲਕ ਅਮੋਲ ਪ੍ਰਿਅ ਸੰਗ ਮੁਖ ਸਾਖੀਐ ॥੩੪੮॥**

ਜੇਹੜੇ (ਇਸ ਵੇਲੇ) ਲਜਾ ਵਸ ਹੋਕੇ (ਗੁਰ ਚਰਨਾਂ ਵਿਚ ਨਹੀਂ ਜਾਣਗੇ ਓਹ ਮੁੜਕੇ) ਪਦਮਾਂ ਰੁਪੈ ਖਰਚ ਕਰਕੇ ਭੀ ਨਹੀਂ ਪਾਉਣਗੇ। ਪਿਆਰੇ ਦੇ ਨਾਲ ਮਿਲਣ ਦਾ ਅਨੰਦ ਪ੍ਰਾਪਤ ਹੁੰਦਾ ਹੈ, ਉਸ ਦੀ ਇਕ ਪਲਕ ਦਾ ਭੀ ਮੁਲ ਨਹੀਂ (ਪਾਇਆ ਜਾ ਸਕਦਾ, ਇਸ ਗਲ ਵਿਚ) ਮੁਖੀ ਮੁਖੀ (ਮਹਾਂ ਪੁਰਸ਼ ਭੀ) ਸਾਖੀ ਭਰਦੇ [ਅਰਥਾਤ ਗਵਾਹੀ ਦੇਂਦੇ] ਹਨ। ਯਥਾ—'ਸੋ ਸੁਖ ਮੁਖ ਤੇ ਬਰਨ ਨ ਜਾਵਤ' ਅਤੇ:— 'ਕਬੀਰ:—ਚਰਨ ਕਮਲ ਕੀ ਮਉਜ ਕਉ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ' ਹੈ ॥੩੪੮॥

**ਕੰਚਨ ਅਸੁਧ ਜੈਸੇ ਭ੍ਰਮਤ ਕੁਠਾਰੀ ਬਿਖੈ ਸੁਧ ਭਏ ਭ੍ਰਮਤ ਨ ਪਾਵਕ ਪ੍ਰਗਾਸ ਹੈ ॥**

ਜਿਸ ਤਰ੍ਹਾਂ ਖੋਟਾ ਸੋਨਾ ਕੁਠਾਲੀ ਵਿਚ [ਭ੍ਰਮਤ] ਚੱਕਰ ਹੀ ਖਾਂਦਾ ਰਹਿੰਦਾ ਹੈ ਪਰ ਜਦ ਸ਼ੁਧ ਹੋਜ ਦਾ ਹੈ ਤਾਂ ਫਿਰ ਚੱਕਰ ਨਹੀਂ ਖਾਂਦਾ ਤੇ ਅਗ ਵਾਂਗੂ [ਪ੍ਰਗਾਸ] ਲਟ-ਲਟ ਚਮਕਦਾ ਹੈ (ਅਰਥਾਤ-ਭਾਵੇਂ ਅਜ ਦਾ ਕਿੰਨਾ ਭੀ [ਪ੍ਰਗਾਸ] ਤੇਜ ਹੋਵੇ ਤਾਂ ਭੀ ਚਕਰ ਨਹੀਂ ਖਾਂਦਾ ਹੈ, ਅਡੋਲ ਟਿਕਿਆ ਰਹਿੰਦਾ ਹੈ)।

**ਜੈਸੇ ਕਰ ਕੰਕਨ ਅਨੇਕ ਸੈ ਪ੍ਰਗਟ ਧੁਨਿ ਏਕੈ ਏਕ ਟੇਕ ਪੁਨਿ ਧੁਨਿ ਕੋ ਬਿਨਾਸ ਹੈ ॥**

ਜਿਸ ਤਰ੍ਹਾਂ ਹਥ ਵਿਚ ਬਹੁਤੇ ਕੜਿਆਂ ਤੋਂ ਅਵਾਜ਼ ਹੁੰਦੀ ਹੈ, (ਪਰ ਜਦ ਹਥ ਵਿਚ) ਇਕ ਇਕ) ਕੜਾ ਹੀ) ਟਿਕਿਆ ਹੋਵੇ ਤਾਂ ਅਵਾਜ਼ ਦਾ ਨਾਸ ਹੋ ਜਾਂਦਾ ਹੈ (ਅਰਥਾਤ ਹਥ ਵਿਚ ਬਹੁਤੀਆਂ ਵੰਗਾਂ ਜਾਂ ਕੜੇ ਪਾਏ ਹੋਣ ਤਾਂ ਉਹਨਾਂ ਦੀ ਆਪੋ ਵਿਚ ਟਕਰਾਉਣ ਕਰਕੇ

ਛਨਕਾਰ ਰੂਪ ਅਵਾਜ਼ ਨਿਕਲਦੀ ਹੈ, ਪਰ ਜੇ ਇਕੋ ਇਕ ਵੰਗ ਜਾਂ ਕੜਾ ਹਥ ਵਿਚ ਰਹਿ ਜਾਏ ਤਾਂ ਅਵਾਜ਼ ਆਪੇ ਹੀ ਰੁਕ ਜਾਂਦੀ ਹੈ।)

**ਖੁਧਿਆ ਕੈ ਬਾਲਕ ਬਿਲਲਾਤ ਅਕੁਲਾਤ ਅਤਿ ਅਸਥਨ ਪਾਨ ਕਰਿ ਸਹਜਿ ਨਿਵਾਸ ਹੈ ॥**

(ਜਿਸ ਤਰਾਂ)ਭੁਖ ਕਰਕੇ ਵਿਆਕੁਲ ਹੋਯਾ ਬਚਾ ਰੋਂਦਾ ਕੁਰਲਾਂਦਾ ਹੈ(ਪਰ)ਮੰਮਾ ਪਾਨ ਕਰਕੇ ਸ਼ਾਂਤੀ ਵਿਚ ਨਿਵਾਸ ਕਰ ਜਾਂਦਾ ਹੈ(ਅਰਥਾਤ ਭੁਖਾ ਬਚਾ ਬੜਾ ਹੀ ਰੋਂਦਾ ਕੁਰਲਾਂਦਾ ਹੈ, ਪਰ ਮੰਮਾ ਚੁੰਘਕੇ ਦੁਧ ਪੀ ਲਵੇ ਤਾਂ ਚੁਪ ਕਰਕੇ ਸੌਂ ਰਹਿੰਦਾ ਹੈ)।

**ਤੈਸੇ ਮਾਇਆ ਭ੍ਰਮਤ ਭ੍ਰਮਤ ਚਤੁਰ ਕੁੰਟ ਧਾਵੈ ਗੁਰ ਉਪਦੇਸ ਨਿਹਚਲ ਗ੍ਰਿਹਿ ਬਾਸ ਹੈ ॥੩੪੯॥**

ਇਸੇ ਤਰਾਂ ਜੀਵ ਮਾਯਾ ਦੇ ਮੋਹ ਕਰਕੇ ਚੋਹਾਂ ਕੁੰਟਾਂ [ਜਾਂ ਚੋਹਾਂ ਖਾਣੀਆਂ] ਵਿਚ ਦੌੜਦਾ ਭਜਦਾ ਹੈ ਪਰ ਗੁਰ ਉਪਦੇਸ਼ ਕਰਕੇ ਅਚਲ ਪਦ ਰੂਪ ਘਰ ਵਿਚ ਵਸ ਜਾਂਦਾ ਹੈ। ਅਰਥਾਤ ਮਾਯਾ ਦੇ ਮੋਹ ਕਰਕੇ ਜੀਵ ਚੋਹਾਂ ਖਾਣੀਆਂ ਵਿਚ ਅਨੇਕਾਂ ਜਨਮਾਂ ਤਕ ਭੌਂਦਾ ਰਹਿੰਦਾ ਹੈ, ਪਰ ਗੁਰ ਉਪਦੇਸ਼ ਕਰਕੇ ਆਤਮ ਗਿਆਨ ਨੂੰ ਪਾਕੇ 'ਮੁਕਤ ਪਦ ਵਿਚ ਅਚਲ' ਹੋ ਜਾਂਦਾ ਹੈ ॥੩੪੯॥

**ਜੈਸੇ ਦੀਪ ਦਿਪਤ ਭਵਨ ਉਜਿਆਰੋ ਹੋਤ ਸਗਲ ਸਮਗ੍ਰੀ ਗ੍ਰਿਹਿ ਪ੍ਰਗਟਿ ਦਿਖਾਤ ਹੈ ॥**

ਜਿਸ ਤਰਾਂ ਦੀਵਾ [ਦਿਪਤ] ਜਗਣ ਨਾਲ ਘਰ ਵਿਚ ਚਾਨਣ ਹੁੰਦਾ ਹੈ (ਤਾਂ ਘਰ ਦੀ) ਸਾਰੀ ਸਮਗ੍ਰੀ ਪ੍ਰਗਟ ਹੀ ਦਿਸਣ ਲਗ ਪੈਂਦੀ ਹੈ।

**ਓਤਿ ਪੋਤਿ ਜੋਤ ਹੋਤ ਕਾਰਜ ਬਾਂਛਤ ਸਿਧਿ ਅਨੰਦ ਬਿਨੋਦ ਸੁਖ ਸਹਜਿ ਬਿਹਾਤ ਹੈ ॥**

[ਓਤ ਪੋਤਿ] ਇਧਰ ਉਧਰ, ਅੰਦਰ-ਬਾਹਰ [ਜੋਤ] ਚਾਨਣ ਹੋ ਜਾਣ ਨਾਲ ਮਨ ਦੀ ਇਛਾ ਪੂਰੀ ਹੋ ਜਾਂਦੀ ਹੈ, (ਫਿਰ) ਅਨੰਦ, ਮੌਜ ਤੇ ਸੁਖ ਸ਼ਾਂਤੀ ਵਿਚ [ਬਿਹਾਤ] ਗੁਜਰਦੀ ਹੈ।

**ਲਾਲਚ ਲੁਭਾਇ ਰਸ ਲੁਭਿਤ ਨਾਨਾ ਪਤੰਗ ਬੁਝਤ ਹੀ ਅੰਧਕਾਰ ਭਏ ਅਕੁਲਾਤ ਹੈ ॥**

(ਪਰ ਜਦ ਦਰਸ਼ਨ) ਰਸ ਦੇ ਲਾਲਚ ਲੋਭੀ ਹੋਕੇ ਅਨੇਕਾ ਪਤੰਗੇ (ਦੀਵੇ ਉਤੇ) [ਲੁਭਿਤ] ਲਟੂ ਹੋ ਕੇ ਪੈਂਦੇ ਹਨ (ਤਾਂ ਦੀਵਾ) ਬੁਝ ਜਾਂਦਾ ਹੈ, ਅਤੇ (ਘਰ ਵਿਚ) ਹਨੇਰਾ ਹੋ ਜਾਣ ਕਰਕੇ (ਸਭਨਾਂ ਦਾ ਮਨ) ਘਬਰਾ ਜਾਂਦਾ ਹੈ।

**ਤੈਸੇਬਿਦਿਮਾਨਿ ਜਾਨੀਐ ਨਮਹਿਮਾ ਮਹਾਂਤ ਅੰਤਿਰਗਿਛ ਭਏ ਪਾਛੇ ਲੋਗ ਪਛੁਤਾਤ ਹੈ ॥** ੩੫੦॥

ਇਸੇ ਤਰਾਂ (ਬਜ਼ੁਰਗ ਦੇ) ਵਿਦਮਾਨ [ਮੌਜੂਦ] ਹੁੰਦਿਆਂ (ਉਸਦੀ) ਮਹਿਮਾ ਤੇ ਵਡਿਆਈ ਨਹੀਂ ਜਾਣੀਦੀ ਹੈ, (ਪਰ ਜਦ) [ਅੰਤਰੀਛ] ਲੋਪ ਹੋ ਗਿਆ ਮਗਰੋਂ ਲੋਗਾਂ ਨੂੰ ਪਛਤਾਵਾ ਹੁੰਦਾ ਹੈ (ਅਰਥਾਤ ਪਿਉ ਦਾਦੇ ਜਾਂ ਗੁਰੂ ਸੰਤ ਦੇ ਮੌਜੂਦ ਹੁੰਦਿਆਂ ਘਰ ਪਰਵਾਰ ਦੇ ਬੰਦੇ ਉਸਦੀ ਕਦਰ ਨਹੀਂ ਜਾਣਦੇ ਹਨ, ਪਰ ਜਦ ਉਹ ਮਰ ਜਾਂਦਾ ਹੈ ਤਾਂ ਫਿਰ ਸਾਰੇ ਹੀ ਪਛਤਾਵਾ ਕਰਦੇ ਤੇ ਉਸਦੇ ਗੁਣਾਂ ਨੂੰ ਯਾਦ ਕਰ ੨ ਕੇ ਰੋਂਦੇ ਹਨ ॥੩੫੦॥

**ਜੈਸੇ ਦੀਪ ਦਿਪਤਿ ਮਹਾਤਮੈ ਨ ਜਾਨੈ ਕੋਊ ਬੁਝਤ ਹੀ ਅੰਧਕਾਰ ਭਟਕਟ ਰਾਤ ਹੈ ॥**

ਜਿਸ ਤਰਾਂ ਦੀਵੇ ਦੇ ਜਗਦਿਆਂ ਹੋਇਆਂ(ਉਸ ਦੀ) ਕਦਰ ਨੂੰ ਕੋਈ ਨਹੀਂ ਜਾਣਦਾ ਅਤੇ (ਦੀਵੇ ਦੇ) ਬੁਝਦਿਆਂ ਹੀ ਹਨੇਰਾ (ਹੋ ਜਾਂਦਾ ਹੈ, ਤਾਂ ਸਾਰੀ) ਰਾਤ ਭਟਕਦਿਆਂ (ਹੀ ਗੁਜਰਦੀ) ਹੈ।

**ਜੈਸੇ ਦ੍ਰੁਮ ਆਂਗਨ ਅਛਿਤ**

**ਮਹਿਮਾਂ ਨ ਜਾਨੇ ਕਟਿਤ ਹੀ ਛਾਂਹਿ ਬੈਠਬੇ ਕਉ ਬਿਲਲਾਤ ਹੈ ॥**

ਜਿਸ ਤਰਾਂ [ਆਂਗਨ] ਘਰ ਦੇ ਵੇਹੜੇ ਵਿਚ ਹੁੰਦੇ ਹੋਏ ਦਰਖਤ ਦੀ ਮਹਿਮਾ [ਕਦਰ] ਨੂੰ(ਬੰਦਾ) ਨਹੀਂ ਜਾਣਦਾ, (ਪਰ ਜਦ) ਕੱਟ ਦਿਤਾ ਜਾਂਦਾ ਹੈ, (ਤਾਂ) ਛਾਵੇਂ ਬੈਠਣ ਨੂੰ ਰੋਂਦਾ ਫਿਰਦਾ ਹੈ (ਪਰ ਕਿਧਰੇ ਜਗਾ ਨਹੀਂ ਮਿਲਦੀ ਹੈ)।

**ਜੈਸੇ ਰਾਜ ਨੀਤਿ ਬਿਖੇ ਚੈਨ ਹੁਇ ਚਤਰ ਕੁੰਟ ਛਤ੍ਰ ਢਾਲਾ ਚਾਲ ਭਏ ਜਤ੍ਰ ਕਤ੍ਰ ਜਾਤ ਹੈ ॥**

ਜਿਸ ਤਰਾਂ ਰਾਜ ਮਰਯਾਦਾ ਵਿਚ ਚਹੁੰ ਕੂੰਟਾਂ ਵਿਚ (ਸਭਨਾ ਨੂੰ) [ਚੈਨ] ਅਰਾਮ ਹੁੰਦਾ ਹੈ, (ਪਰ ਜਦ) [ਢਾਲਾ ਚਾਲ] ਮਰਯਾਦਾ ਵਿਚ ਹਲਚਲੀ [ਰਾਜ ਗਰਦਸ਼] ਹੋ ਜਾਵੇ (ਤਾਂ ਹਰ ਕੋਈ) ਜਿਥੇ ਕਿਥੇ ਚਲਾ ਜਾਂਦਾ ਹੈ।

**ਤੈਸੇ ਗੁਰ ਸਿਖ ਸਾਧ ਸੰਗਮ ਜੁਗਤਿ ਜਗਿ ਅੰਤਿਰੀਛ ਭਏ ਪਾਛੇ ਲੋਗ ਪਛੁਤਾਤ ਹੈ ॥੩੫੧॥**

ਇਸੇ ਤਰਾਂ ਹੀ ਗੁਰ ਸਿਖ ਸਾਧ ਸੰਗ ਨਾਲ [ਜੁਗਤਿ] ਜੁੜਨ ਦੀ (ਕਦਰ) ਜਗਤ ਨਹੀਂ ਜਾਣਦਾ ਹੈ, (ਪਰ ਜਦੋਂ) ਸਾਧ ਸੰਗ ਜਾਂ ਗੁਰਸਿਖ ਲੋਪ ਹੋ ਜਾਂਦਾ ਹੈ, (ਤਦ) ਲੋਗ (ਉਸਨੂੰ ਯਾਦ ਕਰ ਕਰਕੇ ਪਛਾਉਂਦੇ ਹਨ) ॥੩੫੧॥

ਭਾਵ-ਲੋਕ ਕਹਾਵਤ ਹੈ ਕਿ, ਸਿਆਣੇ ਦੇ ਆਖੇ ਦਾ ਤੇ ਔਲੇ ਦੇ ਖਾਧੇ ਦਾ ਸੁਆਦ ਮਗਰੋਂ ਆਉਂਦਾ ਹੈ ਇਸੇ ਹੀ ਭਾਵ ਨੂੰ ਸਪਸ਼ਟ ਕਰਨ ਲਈ ਅਨੇਕਾਂ ਦ੍ਰਿਸ਼ਟਾਂਤ ਦਿਤੇ ਹਨ, ਕਿ ਗੁਰੂ ਜੀ ਦੇ ਸਚਖੰਡ ਪਧਾਰ ਜਾਣ ਮਗਰੋਂ ਲੋਕਾਂ ਨੂੰ ਉਹਨਾਂ ਦੇ ਵਿਛੋੜੇ ਦਾ ਮਹਾਨ ਦੁਖ ਹੋਇਆ ਸੀ।

**ਜਉ ਪੈ ਜਾਨੈ ਅਨੂਪ ਰੂਪ ਦ੍ਰਿਗਨ ਕੈ ਦੇਖੀਅਤ ਲੋਚਨ ਅਛਤ ਅੰਧ ਕਾਹੇ ਤੇ ਨ ਪੇਖਹੀ ॥**

ਜੇਕਰ (ਇਹ) ਜਾਣੀਏ (ਕਿ) ਮਹਾਨ ਸੁੰਦਰ ਰੂਪ ਅੱਖਾਂ ਕਰਕੇ ਹੀ ਵੇਖ ਸਕੀਦਾ ਹੈ, (ਤਾਂ ਫਿਰ) ਅੱਖਾਂ ਦੇ ਹੁੰਦੇ ਹੋਇਆਂ ਅੰਨ੍ਹਾਂ (ਪੁਰਸ਼) ਕਿਉਂ ਨਹੀਂ ਵੇਖ ਸਕਦਾ ਹੈ ? (ਅਰਥਾਤ ਕਈ ਇਕ ਅਜੇਹੇ ਅੰਨੇ ਹੁੰਦੇ ਹਨ, ਜਿਨ੍ਹਾਂ ਦੀਆਂ ਅੱਖਾਂਦਿਸਨ ਨੂੰ ਤਾਂ ਬਿਲਕੁਲ ਨਿਰੋਗ ਦਿਸਦੀਆਂ ਹਨ, ਪਰ ਵਿਚ ਨਜ਼ਰ ਨਹੀਂ ਹੁੰਦੀ ਇਸ ਲਈ ਉਨ੍ਹਾਂ ਨੂੰ ਦਿਸਦਾ ਕੁਝ ਭੀ ਨਹੀਂ ਹੈ)।

**ਜਉ ਜਾਨੈ ਸ਼ਬਦ ਰਸ ਰਸਨਾ ਬਖਾਨੀਅਤ ਜਿਹਬਾ ਅਛਤ ਕਤ ਗੁੰਗ ਨ ਸਰੇਖਹੀ ॥**

ਜੇਕਰ ਏਹ ਜਾਨੀਏ ਕਿ 'ਸ਼ਬਦ ਰਸ' ਜੀਭ ਨਾਲ ਕਹੀਦਾ ਹੈ, ਤਾਂ ਜੀਭ ਦੇ ਹੁੰਦੇ ਹੋਇਆਂ ਭੀ ਗੁੰਗਾ ਕਿਉਂ ਨਹੀਂ (ਜੀਭ ਵਾਲਿਆਂ) ਸਾਰਖਾ ਬੋਲ ਸਕਦਾ (ਅਰਥਾਤ ਕਈ ਗੁੰਗੇ ਅਜੇਹੇ ਭੀ ਹੁੰਦੇ ਹਨ, ਜਿਨ੍ਹਾਂ ਦੀ ਜੀਭ ਵਿਚ ਕੋਈ ਨੁਕਸ ਨਹੀਂ ਹੁੰਦਾ ਹੈ,ਪਰ ਬੋਲਨ ਸ਼ਕਤੀ ਉਨ੍ਹਾਂ ਦੀ ਜੀਭ ਵਿਚ ਨਾਂ ਹੋਣ ਕਰਕੇ ਬੋਲ ਨਹੀਂ ਸਕਦੇ ਹਨ)।

**ਜਉਪੈ ਜਾਨੈ ਰਾਗ ਨਾਦ ਸੁਨੀਅਤ ਸ੍ਰਵਨ ਕੈ ਸ੍ਰਵਨ ਸਹਤ ਕਿਉ ਬਹਰੋ ਬਿਸੇਖ ਹੀ ॥**

ਜੇਕਰ ਏਹ ਜਾਣ ਲਈਏ (ਕਿ) ਰਾਗ ਤੇ ਨਾਦ [ਸ਼ਬਦ]ਕੰਨਾਂ ਕਰਕੇ ਸੁਣੇ ਜਾਂਦੇ ਹਨ, (ਤਾਂ) ਕੰਨਾਂ ਦੇ ਸਹਿਤ(ਪੁਰਸ਼)ਦਾਬੋਲੇ ਨਾਲੋਂ ਕੀਵਿਸੇਖਤਾਹੈ? (ਅਰਥਾਤ ਕੰਨ ਤਾਂ ਦੋਹਾਂ ਦੇਇਕ ਸਮਾਨ ਹਨ,ਪਰ ਇਕ ਸੁਣ ਸਕਦਾ ਹੈ, ਪਰ ਦੂਜਾ ਸੁਣਦਾ ਨਹੀਂ ਹੈ।

**ਨੈਨ ਜਿਹਵਾ ਕੋ ਸ੍ਰਵਨ ਕੋ ਨ ਕਛੂਐ ਬਸਾਇ ਸ਼ਬਦਿ ਸੁਰਤਿ ਸੋ ਅਲੇਖ ਲੇਖ ਲੇਖ ਹੀ ॥੩੫੨॥**

(ਸੱਚ ਤਾਂ ਏਹ ਹੈ,ਕਿ)ਅਖਾਂ ਦਾ,ਜੀਭਦਾ, ਕੰਨਾਂ ਦਾ ਕੁਝ ਭੀਵਸ ਨਹੀਂ ਹੈ,(ਗੁਰ)ਸ਼ਬਦਵਿਚ ਸੁਰਤ (ਦੀ ਲਿਵ ਜੋੜਨ)ਨਾਲ ਹੀਅਲੇਖ ਦੇ ਲੇਖ [ਲੇਖ-

ਗਿਆਨ] ਨੂੰ [ਲੇਖ ਹੀ] ਜਾਣੀਦਾ ਹੈ (ਅਰਥਾਤ ਗੁਰ ਸ਼ਬਦ ਦੀ ਸੂਝ ਕਰਕੇ ਇਹ ਜਾਣੀਦਾ ਹੈ, ਜੋ ਅਲੇਖ ਪ੍ਰਭੂ ਹੀ ਇੰਦ੍ਰਿਆਂ ਰਾਹੀਂ ਸਭ ਕੁਝ ਜਣਾਉਂਦਾ ਤੇ ਆਪ ਹੀ ਜਾਣਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ) ।।੩੫੨।।

**ਜਨਨੀ ਜਤਨ ਕਰਿ ਜੁਗਵੈ ਜਠਰ ਰਾਖੈ ਤਾਂਤੇ ਪਿੰਡ ਪੂਰਨ ਹੁਇ ਸੁਤ ਜਨਮਤ ਹੈ ॥**

(ਜਿਸ ਤਰ੍ਹਾਂ) ਮਾਤਾ ਜੁਗਤੀ ਕਰਕੇ (ਸਮਾ) ਗੁਜ਼ਾਰਦੀ ਹੋਈ ਗਰਭ ਦੀ ਰਖਿਆ ਕਰਦੀ ਹੈ, ਉਸ ਕਰਕੇ (ਬੱਚ ਦਾ) ਸਰੀਰ ਪੂਰਨ ਹੋ ਜਾਂਦਾ ਹੈ (ਤਾਂ ਫਿਰ) ਪੁਤ੍ਰ ਜੰਮਦਾ ਹੈ।

**ਬਹੁਰਿਓ ਅਖਾਦਿ ਖਾਦਿ ਸੰਜਮ ਸਹਿਤ ਰਹੈ ਤਾਹੀ ਤੇ ਪੈ ਪੀਅਤ ਅਰੋਗਪਨ ਪਤ ਹੈ ॥**

ਫੇਰ ਉਹ ਨਾ-ਖਾਣ ਯੋਗ ਤੇ ਖਾਣ ਯੋਗ ਦੇ ਪ੍ਰਹੇਜ਼ ਨਾਲ ਰਹਿੰਦੀ ਹੈ, (ਕਿਉਂਕਿ) ਉਸੇ ਕਰਕੇ (ਬਚਾ ਦੁਧ ਪੀਂਦਾ ਹੈ ਤੇ ਰੋਗ ਤੋਂ (ਬਚਕੇ) ਅਰੋਗਤਾ ਨੂੰ ਪ੍ਰਾਪਤ ਹੁੰਦਾ ਹੈ।

**ਮਲ ਮੂਤ੍ਰ ਧਾਰ ਕੋ ਬਿਚਾਰ ਨ ਬਿਚਾਰੈ ਚਿਤ ਕਰੈ ਪ੍ਰਤਿਪਾਲ ਬਾਲੁ ਤਊ ਤਨ ਗਤ ਹੈ ॥**

ਗੂੰਹ ਤੇ ਮੂਤ੍ਰ ਦੀ ਧਾਰ ਦੀ ਵੀਚਾਰ ਨੂੰ (ਮਾਤਾ) ਚਿਤ ਵਿਚ ਨਹੀਂ ਵਿਚਾਰਦੀ (ਇਸ ਤਰ੍ਹਾਂ ਨਾਲ) ਬਚੇ ਦੀ ਪ੍ਰਤਿਪਾਲਾ ਕਰਦੀ ਹੈ, ਤਦੇ ਹੀ (ਤਾਂ ਬਚੇ) ਦਾ ਸਰੀਰ [ਗਤ] ਵਧਦਾ ਫੁਲਦਾ ਹੈ।

**ਤੈਸੇ ਅਭਰਕ ਰੂਪ ਸਿਖ ਹੈ ਸੰਸਾਰ ਮਹਿ ਸ੍ਰੀ ਗੁਰ ਦਇਆਲ ਕੀ ਦਇਆ ਸਨ ਗਤ ਹੈ ॥੩੫੩॥**

ਇਸੇ ਤਰ੍ਹਾਂ ਸੰਸਾਰ ਵਿਚ ਸਿਖ (ਅਭਰਕ]ਦੁਧ-ਚੁੰਘਦੇ ਬੱਚਾ ਰੂਪ ਹੈ ਅਤੇ ਸ੍ਰੀ ਗੁਰੂ ਦਿਆਲ) ਜੀ ਮਾਤਾ ਸਮਾਨ ਹਨ, ਉਨ੍ਹਾਂ ਦੀ [ਸਨ ਗਤ] ਨਾਲ ਹੀ (ਸਿਖ ਦੀ ਗਤੀ ਹੁੰਦੀ ਤੇ ਹੋਣੀ ਹੈ ।।੩੫੩।।

**ਜੈਸੇ ਤਉ ਜਨਨੀ ਖਾਨ ਪਾਨ ਕਉ ਸੰਜਮੁ ਕਰੈ ਤਾਤੇ ਸੁਤ ਰਹੈ ਨਿਰ ਬਿਘਨ ਅਰੋਗ ਜੀ ॥**

ਜਿਸ ਤਰ੍ਹਾਂ ਕਿ ਮਾਤਾ ਖਾਣ ਪੀਣ ਨੂੰ ਪ੍ਰਹੇਜ ਨਾਲ ਕਰਦੀ ਹੈ, ਉਸੇ ਕਰਕੇ ਪੁਤਰ ਵਿਘਨਾਂ ਤੋਂ ਰਹਿਤ ਹੋਕੇ ਅਰੋਗ ਰਹਿੰਦਾ ਹੈ।

**ਜੈਸੇ ਰਾਜ ਨੀਤਿ ਰੀਤਿ ਚਕ੍ਰਵੈ ਚੇਤੰਨ ਰੂਪ ਤਾਤੇ ਨਿਹਚਿੰਤ ਨਿਰਭੈ ਬਸਤ ਲੋਗ ਜੀ ॥**

ਜਿਸ ਤਰ੍ਹਾਂ ਕਿ ਰਾਜਨੀਤੀ ਦੇ ਨਿਯਮ ਵਿਚ ਰਾਜਾ ਸਾਵਧਾਨ ਰੂਪ (ਹੋਕੇ ਰਹਿੰਦਾ ਹੈ) ਉਸੇ ਕਰਕੇ (ਪਰਜਾ ਦੇ ਸਾਰੇ) ਲੋਕ ਚਿੰਤਾ ਤੋਂ ਬਿਨਾਂ ਤੇ ਡਰ ਤੋਂ ਰਹਿਤ ਹੋਕੇ ਵਸਦੇ ਹਨ (ਅਰਥਾਤ ਪਰਜਾ ਨੂੰ ਕਿਸੇ ਤਰਾਂ ਦਾ ਡਰ ਫਿਕਰ ਜਾਂ ਗਮ ਖਤਰਾ ਨਹੀਂ ਹੁੰਦਾ ਹੈ)।

**ਜੈਸੇ ਕਰੀਆ ਸਮੁੰਦ੍ਰ ਬੋਹਿਥ ਮੈ ਸਾਵਧਾਨ ਤਾਤੇ ਪਾਰਿ ਪਹੁੰਚਤ ਪਥਿਕ ਅਸੋਗ ਜੀ ॥**

ਜਿਸ ਤਰ੍ਹਾਂ ਕਿ ਸਮੁੰਦਰ ਵਿਚ ਜਾਂਦੇ ਹੋਏ ਜਹਾਜ਼ ਦਾ [ਕਰੀਆ] ਮਲਾਹ ਸਾਵਧਾਨ (ਰਹਿੰਦਾ ਹੈ) ਉਸ ਕਰਕੇ ਮੁਸਾਫਰ ਲੋਕ ਗਮ ਤੋਂ ਬਿਨਾਂ ਹੀ (ਸਮੁੰਦਰੋਂ) ਪਾਰ ਲੰਘ ਜਾਂਦੇ ਹਨ।

**ਤੈਸੇ ਗੁਰ ਪੂਰਨ ਬ੍ਰਹਮ ਗਿਆਨ ਧਿਆਨ ਲਿਵ ਤਾਂਤੇ ਨਿਰਦੋਖ ਸਿਖ ਨਿਜ ਪਦ ਜੋਗ ਜੀ ॥੩੫੪॥**

ਇਸੇ ਤਰ੍ਹਾਂ ਪੂਰਨ ਬ੍ਰਹਮ ਗੁਰੂ ਦੀ ਗਿਆਨ ਧਿਆਨ ਵਿਚ ਲਿਵ (ਜੁੜੀ ਰਹਿੰਦੀ ਹੈ) ਇਸੇ ਕਰਕੇ ਸਿਖ ਦੋਖਾਂ ਤੋਂ ਰਹਿਤ ਹੋਕੇ ਨਿਜ ਪਦ ਨਾਲ [ਜੋਗ] ਜੁੜ ਜਾਂਦਾ ਹੈ ।।੩੫੪।।

**ਜਨਨੀ ਸੁਤਹਿ ਜਉ ਧਿਕਾਰ ਮਾਰਿ ਪਿਆਰੁ ਕਰੈ ਪਿਆਰ ਝਿਰ-ਕਾਰ ਦੇਖਿ ਸਕਤ ਨ ਆਨ ਕੋ ॥**

(ਜਿਸ ਤਰ੍ਹਾਂ) ਜੇ ਕਰ ਮਾਂ ਪੁਤਰ ਨੂੰ ਧਿਕਾਰੇ ਜਾਂ ਮਾਰੇ (ਤਾਂ ਮਗਰੋਂ) ਪਿਆਰ ਕਰਦੀ ਹੈ, (ਪਰ ਇਸ ਤਰਾਂ ਦਾ) ਪਿਆਰ ਤੇ ਝਿੜਕਾਰ (ਪੁਤਰ ਦਾ, ਕਿਸੇ) ਦੂਜੇ ਵਲੋਂ ਹੁੰਦਾ ਹੋਇਆ ਮਾਤਾ ਵੇਖ ਨਹੀਂ ਸਕਦੀ ਹੈ (ਅਰਥਾਤ ਮਾਂ ਭਾਵੇਂ ਪੁਤਰ ਨੂੰ ਮਾਰੇ ਜਾਂ ਤਾੜੇ ਤੇ ਭਾਵੇਂ ਪਿਆਰ ਕਰੇ, ਪਰ ਜੇ ਕੋਈ ਹੋਰ ਬਚੇ ਨੂੰ ਕੁਝ ਆਖੇ ਤਾਂ ਮਾਤਾ ਚੁਪ ਨਹੀਂ ਰਹਿ ਸਕਦੀ ਹੈ)।

**ਜਨਨੀ ਕੋ ਪਿਆਰੁ ਅਉ ਧਿਕਾਰ ਉਪਕਾਰ ਹੇਤੁ ਆਨ ਕੋ ਧਿਕਾਰ ਪਿਆਰ ਹੈ ਬਿਕਾਰ ਪ੍ਰਾਨ ਕੋ ॥**

ਮਾਤਾ ਦਾ ਪਿਆਰ ਅਤੇ ਫਿਟਕਾਰ (ਤਾਂ ਬਚੇ ਦੇ) ਭਲੇ ਵਾਸਤੇ ਹੈ, (ਪਰ) ਕਿਸੇ ਦੂਜੇ ਦਾ ਪਿਆਰ ਜਾਂ ਫਿਟਕਾਰ (ਬਚੇ ਦੇ) ਪ੍ਰਾਨਾਂ ਨੂੰ ਵਿਗਾ-ੜਨ ਦਾ ਕਾਰਨ ਹੁੰਦਾ ਹੈ।

**ਜੈਸੇ ਜਲ ਅਗਨਿ ਮੈ ਪਰੈ ਬੂਡ ਮਰੈ ਜਰੈ ਤੈਸੇ ਕ੍ਰਿਪਾ ਕ੍ਰੋਧ ਆਨਿ ਬਨਿਤਾ ਅਗਿਆਨ ਕੋ ॥**

ਜਿਸ ਤਰ੍ਹਾਂ (ਜੇਹੜਾ ਕੋਈ) ਪਾਣੀ ਵਿਚ ਡਿਗ ਪਵੇ ਤਾਂ ਡੁਬ ਮਰੇਗਾ ਅਤੇ ਜੇਕਰ ਅਗ ਵਿਚ ਪਵੇ ਤਾਂ ਸੜ ਮਰੇਗਾ, ਉਸੇ ਤਰ੍ਹਾਂ (ਭਾਵੇਂ) ਦੂਜੇ ਦੀ ਕ੍ਰਿਪਾ ਹੋਵੇ ਤੇ ਭਾਵੇਂ ਕ੍ਰੋਧ ਹੋਵੇ, ਇਸਤ੍ਰੀ ਨੂੰ ਅਗਿ-ਆਨ ਦਾ (ਹੀ ਕਾਰਣ ਹੈ, ਅਰਥਾਤ ਆਪ ਗੁਰੂ ਤੋਂ ਬਿਨਾ ਕਿਸੇ ਹੋਰ ਦੇਵੀ ਦੇਵਤੇ ਦੀ ਭਾਵੇਂ ਕ੍ਰਿਪਾ ਹੋ ਜਾਵੇ ਪਰ ਉਹ ਇਸਤਰੀ ਦੇ ਪਰ ਪੁਰਖ ਦੇ ਪਿਆਰ ਵਾਲੀ ਹੀ ਗਲ ਹੈ ਕ੍ਰੋਧ ਤਾਂ ਪੁਰਖ ਮਾਰਣ ਦਾ ਕਾਰਨ ਦਿਸਦਾ ਹੀ ਹੈ)।

**ਤੈਸੇ ਗੁਰ ਸਿਖਨ ਕੇ ਜੁਗਵਤ ਜਤਨ ਕੈ ਦੁਬਿਧਾ ਨ ਬਿਆਪੈ ਪ੍ਰੇਮ ਪਰਮ ਨਿਧਾਨ ਕੋ ॥੩੫੫॥**

ਇਸੇ ਤਰ੍ਹਾਂ ਗੁਰੂ ਜੀ ਸਿਖਾਂ ਨੂੰ [ਜੁਗਵਤ] ਸੰਭਾ-ਲਨ ਦਾ ਜਤਨ ਕਰਦੇ ਹਨ (ਤਦੇ ਹੀ) ਪਰਮ ਨਿਧਾਨ (ਰੂਪ ਗੁਰੂ ਦੇ ਨਾਲ) ਪ੍ਰੇਮ (ਕਰਨ ਕਰਕੇ ਸਿਖਾਂ ਨੂੰ) ਦੁਬਿਧਾ ਨਹੀਂ ਬਿਆਪਦੀ ਹੈ ॥੩੫੫॥

**ਜੈਸੇ ਕਰ ਗਹਤ ਸਰਪ ਸੁਤ ਪੇਖਿ ਮਾਤਾ ਕਹੈ ਨ ਪੁਕਾਰ ਫੁਸਲਾਇ ਉਰ ਮੰਡ ਹੈ ॥**

ਜਿਸ ਤਰ੍ਹਾਂ ਪੁਤ੍ਰ ਨੂੰ ਸਪ ਫੜਦਿਆਂ ਵੇਖਕੇ ਮਾਤਾ ਉਚੀ ਪੁਕਾਰਕੇ (ਕੁਝ ਭੀ) ਨਹੀਂ ਕਹਿੰਦੀ ਹੈ, (ਸਗੋਂ ਪਿਆਰ-ਦਿਲਾਸੇ ਨਾਲ ਬਚੇ ਨੂੰ ਫੁਸ-ਲਾਕੇ [ਵਿਰਚਾਕੇ] ਛਾਤੀ ਨਾਲ ਲਾ ਲੈਂਦੀ ਹੈ।

**ਜੈਸੇ ਬੈਦ ਰੋਗੀ ਪ੍ਰਤਿ ਕਹੈ ਨ ਬਿਥਾਰ ਬ੍ਰਿਥਾ ਸੰਜਮ ਕੈ ਅਉਖਦਿ ਖੁਵਾਇ ਰੋਗ ਡੰਡ ਹੈ ॥**

ਜਿਸ ਤਰ੍ਹਾਂ ਵੈਦ ਰੋਗੀ ਨੂੰ ਦੁਖ ਦਾ ਵਿਸਥਾਰ ਕਰ ਕੇ ਨਹੀਂ ਕਹਿੰਦਾ ਹੈ, (ਕੇਵਲ) ਪ੍ਰਹੇਜ਼ ਕਰਾਕੇ ਤੇ ਦੁਵਾਈ ਖੁਆਕੇ (ਉਸਦੇ) ਰੋਗ ਦਾ ਨਾਸ ਕਰਦਾ ਹੈ।

**ਜੈਸੇ ਭੂਲਿ ਚੂਕਿ ਚਟੀਆ ਕੀ ਨ ਬੀਚਾਰੈ ਪਾਂਧਾ ਕਹਿ ਕਹਿ ਸਿਖਿਆ ਮੂਰਖਤਿ ਮਤਿ ਖੰਡ ਹੈ ॥**

ਜਿਸ ਤਰ੍ਹਾਂ ਵਿਦਯਾਰਥੀ ਦੀ ਭੁਲ-ਚੁਕ ਨੂੰ ਪਾਂਧਾ [ਮਾਸਟਰ] ਨਹੀਂ ਵੀਚਾਰਦਾ ਹੈ, ਸਗੋਂ ਸਿਖਯਾ ਦੀਆਂ ਗੱਲਾਂ ਕਹਿਕੇ (ਉਸਦੀ) ਮੂਰਖਤਾ ਵਾਲੀ ਬੁਧੀ ਨਾਸ ਕਰਦਾ ਹੈ।

**ਤੈਸੇ ਪੇਖਿ ਅਉਗਨ ਕਹੈ ਨ ਸਤਿਗੁਰ ਕਾਹੂ ਪੂਰਨ ਬਿਬੇਕ ਸਮ-ਝਾਵਤ ਪਰਚੰਡ ਹੈ ॥ ੩੫੬ ॥**

ਇਸੇ ਤਰ੍ਹਾਂ (ਸਿਖ ਦੇ) ਔਗੁਣ ਵੇਖਕੇ, ਸਤਿਗੁਰੂ ਕਿਸੇ ਦੇ ਕੋਲ ਨਹੀਂ ਕਹਿੰਦਾ ਹੈ ਸਗੋਂ ਪੂਰਨ ਬਿਬੇਕ (ਦੀਆਂ ਗੱਲਾਂ) ਸਮਝਾ ਸਮਝਾ ਕੇ (ਸਿਖ ਦੀਆਂ) [ਪ੍ਰ] ਬੁਰਾਈਆਂ ਨੂੰ [ਚੰਡ] ਨਾਸ ਕਰ ਦੇਂਦਾ ਹੈ।

ਨੋਟ:-ਹਿੰਦੀ ਵਿਚ 'ਪਰ,'ਪ੍ਰ' ਦਾ ਅਰਥ'ਵੈਰੀ, ਦੁਸ਼ਮਨ' ਹੈ, ਜੀਵ ਦਾ ਸਭ ਤੋਂ ਵਡਾ ਦੁਸ਼ਮਨ ਬੁਰੇ ਕਰਮ ਹਨ, ਇਸ ਲਈ 'ਪ੍ਰ ਚੰਡ' ਦਾ ਅਰਥ ਬੁਰਾਈਆਂ ਨਾਸ ਕਰਨਾ ਕੀਤਾ ਜਾਂਦਾ ਹੈ।

**ਜੈਸੇ ਮਿਸਟਾਨ ਪਾਨ ਪੋਖਿ ਤੋਖਿ ਬਾਲਕਹਿ ਅਸਥਨ ਪਾਨ ਬਾਨਿ ਜਨਨੀ ਮਿਟਾਵਈ ॥**

ਜਿਸ ਤਰ੍ਹਾਂ ਮਿਠੇ ੨ ਪਦਾਰਥ ਖੁਆ ਪਿਆਕੇ ਬੱਚੇ ਨੂੰ ਰਜਾਕੇ ਪ੍ਰਸੰਨ ਕਰਦੀ ਹੈ, (ਇਸ ਤਰ੍ਹਾਂ) ਮਾਤਾ (ਬਚੇ ਦੀ) ਮੰਮਾ ਪੀਣ ਦੀ ਵਾਦੀ ਮਿਟਾ ਦੇਂਦੀ ਹੈ।

**ਮਿਸਰੀ ਮਿਲਾਇ ਜੈਸੇ ਅਉਖਦਿ ਖਵਾਵੈ ਬੈਦੁ ਮੀਠੋ ਕਰਿ ਖਾਤ ਰੋਗੀ ਰੋਗਹਿ ਘਟਾਵਈ ॥**

ਜਿਸ ਤਰ੍ਹਾਂ (ਕੌੜੀ) ਦਵਾਈ ਵਿਚ ਮਿਸ਼ਰੀ ਮਿਲਾ ਕੇ ਵੈਦ ਰੋਗੀ ਨੂੰ ਖੁਆਉਂਦਾ ਹੈ, (ਰੋਗੀ ਦਵਾਈ) ਮਿਠੀ ਜਾਣ ਕਰਕੇ ਖਾਂਦਾ ਹੈ, (ਇਸੇ ਤਰ੍ਹਾਂ ਵੈਦ ਰੋਗੀ) ਦੇ ਰੋਗ ਨੂੰ ਘਟਾ ਦੇਂਦਾ ਹੈ।

**ਜੈਸੇ ਜਲੁ ਸੀਂਚਿ ਸੀਂਚਿ ਧਾਨਹਿ ਕ੍ਰਿਸਾਨ ਪਾਲੈ ਪਰਪਕ ਭਏ ਕਟਿ ਘਰ ਮੈ ਲਿਆਵਈ ॥**

ਜਿਸ ਤਰ੍ਹਾਂ ਕ੍ਰਿਸਾਨ ਪਾਣੀ ਸਿੰਜ ਸਿੰਜ ਕੇ ਧਾਨਾਂ ਦੀ ਪਾਲਨਾ ਕਰਦਾ ਹੈ, (ਪਰ ਜਦ) ਖੇਤ ਪਰਪੱਕ ਹੋ ਜਾਦਾ ਹੈ (ਤਾਂ ਉਸਨੂੰ) ਕੱਟ ਕੇ ਘਰ ਵਿਚ ਲੈ ਆਉਂਦਾ ਹੈ।

**ਤੈਸੇ ਗੁਰ ਕਾਮਨਾ ਪੁਜਾਇ ਨਿਹ-ਕਾਮ ਕਰਿ ਨਿਜ ਪਦ ਨਾਮੁ ਧਾਮੁ ਸਿਖੈ ਪਹੁਚਾਵਈ ॥ ੩੫੮ ॥**

ਉਸੇ ਤਰ੍ਹਾਂ ਗੁਰੂ (ਪਹਲੋਂ) ਸਿਖ ਦੀਆਂ ਕਾਮਨਾ ਪੂਰੀਆਂ ਕਰਦਾ ਹੈ, (ਫਿਰ ਉਸਨੂੰ) ਕਾਮਨਾ ਤੋਂ ਰਹਿਤ ਕਰਕੇ, (ਜਿਸ) ਧਾਮ ਦਾ ਨਾਮ 'ਨਿਜ ਪਦ' ਹੈ, (ਉਸ) ਘਰ ਵਿਚ ਸਿਖ ਨੂੰ ਪੁਚਾ ਦੇਂਦਾ।੩੫੮।

**ਗਿਆਨ ਧਿਆਨ ਪ੍ਰਾਨ ਸੁਤ ਰਾਖਤਿ ਜਨਨਿ ਪ੍ਰਤਿ ਅਵਗੁਨ ਗੁਨ ਮਾਤਾ ਚਿਤ ਮੈ ਨ ਚੇਤ ਹੈ ॥**

(ਜਿਸ ਤਰ੍ਹਾਂ) ਪੁਤ੍ਰ (ਆਪਣਾ) ਗਿਆਨ, ਧਿਆਨ (ਤੇ ਆਪਣੇ) ਪ੍ਰਾਣਾਂ ਦੀ ਰਖਿਆ ਮਾਤਾ ਤਾਈਂ (ਸੌਂਪ ਦੇਂਦਾ ਹੈ, ਇਸ ਕਰਕੇ) ਮਾਤਾ (ਪੁਤ੍ਰ ਦੇ) ਗੁਣਾਂ ਤੇ ਔਗੁਣਾਂ ਨੂੰ ਚਿਤ ਵਿਚ ਚੇਤੇ ਨਹੀਂ ਕਰਦੀ ਹੈ, (ਅਰਥਾਤ ਪੁਤ੍ਰ ਜਿਸ ਤਰ੍ਹਾਂ ਆਪਣੀ ਸਾਰੀ ਸਾਰ ਸੰਭਾਲ ਮਾਤਾ ਨੂੰ ਸੌਂਪ ਛਡਦਾ ਹੈ, ਉਸੇ ਤਰ੍ਹਾਂ ਮਾਤਾ ਭੀ ਉਸਦੇ ਅਪਰਾਧਾਂ ਵਲ ਨਹੀਂ ਵੇਖਦੀ ਹੈ)।

**ਜੈਸੇ ਭਰਤਾਰਿ ਭਾਰਿ ਨਾਰਿ ਉਰ ਹਾਰਿ ਮਾਨੈ ਤਾਤੇ ਲਾਲੁ ਲਲਨਾ ਕੋ ਮਾਨ ਮਨਿ ਲੇਤ ਹੈ ॥**

ਜਿਸ ਤਰ੍ਹਾਂ ਪਤੀ ਦੇ ਭਾਰ ਨੂੰ ਇਸਤ੍ਰੀ ਗਲੇ ਦਾ ਹਾਰ ਕਰਕੇ ਮੰਨਦੀ ਹੈ, ਉਸੇ ਕਰਕੇ ਪਿਆਰਾ ਪਤੀ [ਲਾਲਨਾ] ਪਿਆਰੀ ਪਤਨੀ ਦੇ ਮਾਨ ਨੂੰ ਮੰਨ ਲੈਂਦਾ ਹੈ (ਅਰਥਾਤ ਪਤੀ ਇਸਤ੍ਰੀ ਉਤੇ ਲੰਮਾ ਪੈਂਦਾ ਹੈ ਤਾਂ ਇਸਤ੍ਰੀ ਉਸਦੇ ਭਾਰ ਨੂੰ ਦੁਖ ਰੂਪ ਨਹੀਂ ਸਮਝਦੀ, ਸਗੋਂ ਉਸਨੂੰ ਘੁਟਕੇ ਛਾਤੀ ਨਾਲ ਲਾਕੇ ਪਤੀ ਨੂੰ ਗਲ ਦਾ ਹਾਰ ਬਣਾ ਲੈਂਦੀ ਹੈ, ਉਸੇ ਕਰਕੇ ਪਤੀ ਭੀ ਪਤਨੀ ਦੀ ਹਰੇਕ ਗਲ ਨੂੰ ਮੰਨ ਲੈਂਦਾ ਹੈ)।

**ਜੈਸੇ ਚਟੀਆ ਸਭੀਤਿ ਸਕੁਚਤ ਪਾਂਧਾ ਪੇਖਿ ਤਾਤੇ ਭੂਲਿ ਚੂਕਿ ਪਾਂਧਾ ਛਾਡਤ ਨ ਹੇਤ ਹੈ ॥**

ਜਿਸ ਤਰ੍ਹਾਂ ਵਿਦਿਆਰਥੀ ਪਾਂਧੇ ਨੂੰ ਵੇਖਕੇ ਡਰ ਨਾਲ ਸੁੰਕੜਕੇ ਬੈਠ ਜਾਂਦੇ ਹਨ, ਉਸੇ ਕਰਕੇ ਪਾਂਧਾ ਉਨ੍ਹਾਂ ਦੀ ਭੁਲ ਚੁਕ ਨੂੰ ਛਡ ਦੇਂਦਾ ਹੈ ਪਰ ਪਿਆਰ ਨਹੀਂ ਛਡਦਾ।

ਹੈ (ਅਰਥਾਤ ਵਿਦਯਾਰਥੀ ਪਾਂਧੇ ਤੋਂ ਡਰਦੇ ਹਨ, ਮੁੰਡਿਆਂ ਦੇ ਮਨ ਵਿਚ ਡਰ ਵੇਖਕੇਪਾਂਧਾ ਉਨ੍ਹਾਂ ਦੀ ਕੀਤੀ ਹੋਈ ਗੁਸਤਾਖੀ ਨੂੰ ਭੁਲ ਜਾਂਦਾ ਹੈ,ਪਰ ਉਨ੍ਹਾਂ ਦੇ ਪਿਆਰ ਨੂੰ ਨਹੀਂ ਭੁਲਦਾ ਹੈ,ਕਿਉਂਕਿ ਜਦ ਭੀ ਕੋਈ ਸਮਾ ਆਉਂਦਾ ਹੈ ਤਾਂ ਪਾਂਧਾ ਬਚਿਆਂ ਦੀ ਉਪਮਾ ਕਰਨ ਲਗ ਜਾਂਦਾ ਹੈ ਕਿ ਮੇਰੇ ਇਹ ਵਿਦ-ਯਾਰਥੀ ਬੜੇ ਹੀ ਸੁਯੋਗਯ ਹਨ)।

**ਮਨ ਬਚ ਕ੍ਰਮ ਗੁਰ ਚਰਨਿ ਸਰਨਿ ਸਿਖ ਤਾਂਤੇ ਸਤਿਗੁਰ ਜਮ-ਦੂਤਹਿ ਨ ਦੇਤ ਹੈ ॥੩੫੮॥**

ਜਿਸੇ ਤਰ੍ਹਾਂ ਮਨ ਬਾਣੀ, ਸਰੀਰ ਕਰਕੇ ਸਿਖ ਗੁਰੂ ਦੀ ਚਰਨ ਸਰਨੀ (ਪੈ ਜਾਂਦਾ ਹੈ) ਉਸ ਕਰਕੇ ਸਤਿਗੁਰੂ ਸਿਖਨੂੰਜਮਦੂਤ ਦੇਹਥਵਿਚ ਨਹੀਂ ਦੇਂਦਾ ਹੈ(ਅਰਥਾਤ ਸਿਖ ਭਾਵੇਂ ਕਿੰਨਾਂ ਭੀ ਬੁਰੇ ਤੋਂ ਬੁਰਾ ਕਰਮ ਕਰੇ,ਜਿਸਦਾ ਫਲ ਭੋਗਣ ਲਈ ਨਰਕ ਵਿਚ ਜਾਣਾ ਪਵੇ, ਪਰ ਗੁਰੂ ਕਦੇ ਭੀ ਸਿਖ ਨੂੰ ਜਮਾਂ ਦੇ ਹਵਾਲੇ ਨਹੀਂ ਕਰਦਾਹੈ,ਸਗੋਂ ਗੁਰੂ ਜੀਨੇ ਲਿਖਿਆ ਹੈ–"ਸੰਤ ਉਧਾਰਹੁ ਤਤ ਖਿਨ ਤਾਲਿ॥ ਸੰਤ ਕਉ ਰਾਖਉ ਅਪਨੇ ਜੀਅ ਨਾਲਿ ॥" ੩੫੮ ॥

**ਕੋਟਿਨ ਕੋਟਾਨ ਕਾਮ ਕਟਕ ਹੁਇ ਕਾਮਾਰਥੀ ਕੋਟਿਨ ਕੋਟਾਨਿ ਕ੍ਰੋਧੁ ਕ੍ਰੋਧੀ ਵੰਤ ਆਹਿ ਜੀ ॥**

ਕ੍ਰੋੜਾਂ ਕ੍ਰੋੜ ਕਾਮ ਦੀਆਂ ਫੌਜਾਂ ਕਾਮ ਦੇ ਸੁਆਲੀ (ਇਕਠੇ) ਹੋ ਜਾਣ ਅਤੇ ਕ੍ਰੋੜਾਂ ਕ੍ਰੋੜ ਕ੍ਰੋਧ ਭੀ ਕ੍ਰੋਧ ਵਾਲੇ ਹੋ ਕੇ ਆ ਜਾਣ।

**ਕੋਟਿਨ ਕੋਟਾਨਿ ਲੋਭੀ ਲੋਭਿ ਹੁਇ ਲਾਲਚ ਕਰੈ ਕੋਟਿਨ ਕੋਟਾਨਿ ਮੋਹ ਮੋਹ ਅਵਗਾਹਿ ਜੀ ॥**

ਕ੍ਰੋੜਾਂ ਕ੍ਰੋਧ ਲੋਭ ਭੀ ਲੋਭੀ ਹੋਕੇ ਲਾਲਚ ਕਰਨ ਅਤੇ ਕ੍ਰੋੜਾਂ ਕ੍ਰੋੜ ਮੋਹ ਭੀ (ਰਲਕੇ) ਮੋਹ ਦੀ ਵੀਚਾਰ ਵਾਲੇ ਹੋਣ।

**ਕੋਟਿਨ ਕੋਟਾਨਿ ਅਹੰਕਾਰ ਅਹੰਕਾਰੀ ਹੁਇ ਰੂਪ ਰਿਪੁ ਸੰਪੈ ਸੁਖ ਬਲ ਛਲ ਚਾਹਿ ਜੀ ॥**

ਕ੍ਰੋੜਾਂ ਕ੍ਰੋੜ ਹੰਕਾਰ ਭੀ ਹੰਕਾਰੀ ਹੋ ਜਾਣ (ਜੋ) ਰੂਪ ਦੇ ਵੈਰੀ, ਸੰਪਦਾ ਦੇ ਵੈਰੀਤੇ ਸੁਖਦੇ ਵੈਰੀ(ਹਨ ਇਹ ਸਾਰੇ ਹੀ)ਬਲ ਨਾਲਛਲ ਲੈਣਾ ਚਾਹੁੰਦੇ ਹੋਣ।

**ਸਤਿਗੁਰੂ ਸਿਖਨ ਕੇ ਰੋਮਹਿ ਨਾਂ ਚਾਂਪ ਸਕੈ ਜਾ ਮੈ ਗੁਰ ਗਿਆਨ ਧਿਆਨ ਸ਼ਸਤ੍ਰ ਸਨਾਹਿ ਜੀ ॥੩੫੯॥**

(ਪਰ ਏਹ ਸਾਰੇ ਹੀ) ਸਤਿਗੁਰੂ (ਜੀ ਦੇ ਉਨ੍ਹਾਂ) ਸਿਖਾਂ ਦੇ (ਇਕ) ਰੋਮ ਨੂੰ ਭੀ ਨਹੀਂ ਦਬਾ ਸਕਦੇ ਹਨ, ਜਿਨ੍ਹਾਂ ਦੇ (ਮਨ ਰੂਪ ਹੱਥ ਵਿਚ) ਗੁਰੂ ਦੇ ਗਿਆਨ ਦਾ [ਸ਼ਸਤ੍ਰ] ਖੰਡਾ (ਫੜਿਆ ਹੋਯਾ ਹੈ, ਅਤੇ ਸਰੀਰ ਉਤੇ ਗੁਰ ਚਰਨਾਂ ਦੇ) ਧਿਆਨ(ਰੂਪ) ਸਨਾਹਿ (ਧਾਰੀ ਹੋਈ ਹੈ) ॥੩੫੯॥

**ਜੈਸੇ ਤਉ ਸੁਮੇਰ ਊਚ ਅਚਲ ਅਗੰਮ ਅਤਿ ਪਾਵਕ ਪਵਨ ਜਲ ਬਿਆਪਿ ਨ ਸਕਤਿ ਹੈ ॥**

[ਅਚਲ=ਪਹਾੜ ॥ ਪਾਵਕ=ਅੱਗ ॥]
[ਬਾਨੀ=ਵੰਨੀ, ਰੰਗਤ। ਸੰਗਮ=ਮਿਲਾਪ।]
[ਬਿਆਪ=ਛੋਹਨਾ। ]

ਜਿਸ ਤਰਾਂ ਕਿ ਸੁਮੇਰ ਪਹਾੜਬਹੁਤ ਹੀ ਉਚਾਹੈ, ਜਿਥੇ ਪਹੁੰਚ ਨਹੀਂ(ਹੋ ਸਕਦੀ, ਇਸ ਕਰਕੇ) ਅਗ ਹਵਾ ਤੇ ਪਾਣੀ(ਉਸਨੂੰ)ਬਿਆਪ ਨਹੀਂ ਸਕਦਾ ਹੈ।

**ਪਾਵਕ ਪ੍ਰਗਾਸ ਤਾਸ ਬਾਨੀ ਚਉ-ਗਨੀ ਚੜ੍ਹਤ ਪਉਨ ਗਉਨ ਧੂਰਿ ਦੂਰਿ ਹੋਇ ਚਮਕਤਿ ਹੈ ॥**

(ਭਲਾ ਜੇ ਸੁਮੇਰ ਉਤੇ) ਅੱਗ ਦਾ ਪ੍ਰਕਾਸ਼ (ਹੋ ਜਾਵੇ ਤਾਂ, ਉਸਨੂੰ ਚੌਗਨੀ ਰੰਗਤ ਚੜ੍ਹ ਜਾਂਦੀ ਹੈ, (ਅਤੇ ਜੇਕਰ ਸੁਮੇਰ ਉਤੇ) ਹਵਾ ਗਮਨ ਕਰ ਲਵੇ (ਤਾਂ ਉਸਦੀ) ਧੂੜੀ ਦੂਰ ਹੋ ਜਾਵੇਗੀ (ਤੇ ਉਹ ਅਗੇ ਨਾਲੋਂ ਬਹੁਤਾ) ਚਮਕਣ ਲੱਗ ਜਾਵੇਗਾ।

**ਸੰਗਮ ਸਲਿਲ ਮਲੁ ਧੋਇ ਨਿਰ-ਮਲ ਕਰੈ ਹਰੈ ਦੁਖ ਦੋਖਿ ਸੁਨਿ ਸੁਜਸ ਬਕਤਿ ਹੈ ॥**

(ਜੇ ਮੋਹਲੇ ਧਾਰ ਮੀਂਹ ਪੌਣ ਨਾਲ ਸੁਮੇਰ ਨੂੰ) ਪਾਣੀ ਦਾ ਸੰਗਮ (ਹੋ ਜਾਵੇ ਤਾਂ ਉਸਦੀ) ਮੈਲ ਧੋਤੀ ਜਾਏਗੀ (ਇਸ ਤਰ੍ਹਾਂ ਪਾਣੀ ਭੀ ਉਸਨੂੰ) ਨਿਰਮਲ ਕਰ ਦੇਵੇਗਾ(ਇਸ ਤਰਾਂ ਉਸਦੇ)ਦੁਖ ਦੇ ਦੋਖ ਨਾਸ ਹੋ ਜਾਣਗੇ (ਤਾਂ ਫਿਰ)ਵੇਖਣ ਵਾਲਾ ਤੇ ਸੁਨਣ ਵਾਲਾ ਸੁਜਸ ਹੀ ਉਚਾਰਨ ਕਰੇਗਾ।

**ਤੈਸੇ ਗੁਰ ਸਿਖ ਜੋਗੀ ਤ੍ਰਿਗੁਣ ਅਤੀਤ ਚੀਤ ਸ੍ਰੀ ਗੁਰ ਸ਼ਬਦ ਰਸ ਅੰਮ੍ਰਿਤ ਛਕਤਿ ਹੈ ॥੩੬੦॥**

ਉਸੇ ਤਰ੍ਹਾਂ ਹੀ(ਉਸ) ਗੁਰ ਸਿਖ ਜੋਗੀ ਦਾਚਿਤ ਤਿੰਨ ਗੁਣਾਂ ਤੋਂ ਅਤੀਤ ਹੋਯਾ ਹੈ,(ਜੋ) ਸ੍ਰੀ ਗੁਰੂ ਜੀ ਦੇ ਸ਼ਬਦ ਦੇ ਅੰਮ੍ਰਿਤ ਰਸ ਨੂੰ ਛਕਦਾ ਹੈ॥੩੬੦॥

**ਜੈਸੇ ਸੁਕਦੇਵ ਕੇ ਜਨਮੁ ਸਮੈ ਜਾਕੋ ਜਾਕੋ ਜਨਮੁ ਭਇਓ ਤੇ ਅਕਲ ਸਿਧ ਜਾਨੀਐ ॥**

ਜਿਸ ਤਰਾਂ ਸੁਕਦੇਵ ਦੇ ਜਨਮ ਸਮੇ ਵਿਚ ਜਿਸ੨ ਦਾ ਜਨਮ ਹੋਇਆ ਹੀ, ਉਹ ਸਾਰੇ ਹੀ ਸਿਧ ਹੋ ਗਏ ਜਾਣੀਦੇ ਹਨ।

**ਸ੍ਵਾਂਤਿ ਬੂੰਦ ਜੋਈ ਜੋਈ ਪਰਤ ਸਮੁੰਦ੍ਰ ਬਿਖੈ ਸੀਪ ਕੇ ਸੰਜੋਗ ਮੁਕਤਾ-ਹਲ ਬਖਾਨੀਐ ॥**

(ਜਿਸ ਤਰਾਂ) ਸ੍ਵਾਂਤੀ (ਨਛਤ੍ਰ ਦੇ ਸਮੇਂ ਵਿਚ) ਜੇਹੜੀ ਜੇਹੜੀ ਬੂੰਦ ਸਮੁੰਦਰ ਵਿਚ ਪੈਂਦੀ ਹੈ, ਉਹ ਸਿੱਪੀ ਦੇ ਸੰਜੋਗ ਕਰਕੇ ਮੋਤੀ ਹੋ ਜਾਣ ਦੀ ਗੱਲ ਕਹੀ ਜਾਂਦੀ ਹੈ।

**ਬਾਵਨ ਸੁਗੰਧ ਸਨਬੰਧ ਪਉਨ ਗਉਨ ਕਰੈ ਲਾਗੈ ਜਾਹੀ ਜਾਹੀ ਦ੍ਰੁਮ ਚੰਦਨ ਸਮਾਨੀਐ ॥**

(ਜਿਸ ਤਰਾਂ ਜੇਹੜੀ) ਪੌਣ ਬਾਵਨ ਚੰਦਨ ਦੀ ਸੁਗੰਧੀ ਦੇ ਨਾਲ ਮਿਲ ਕਰਕੇ ਗਮਨ [ਚਲਨਾ] ਕਰਦੀ ਹੈ, ਜਿਸ ਜਿਸ ਦਰਖਤ ਨੂੰ (ਉਹ ਹਵਾ) ਲਗਦੀ ਹੈ, ਉਹ ਉਹ ਦਰਖਤ) ਚੰਦਨ ਦੇ ਹੀ ਸਮਾਨ ਹੋ ਜਾਂਦਾ ਹੈ।

**ਤੈਸੇ ਗੁਰ ਸਿਖ ਸੰਗ ਜੋ ਜੋ ਜਾਗਤ ਅੰਮ੍ਰਿਤ ਜੋਗ ਸ਼ਬਦੁ ਪ੍ਰਸਾਦਿ ਮੋਖ ਪਦ ਪਰਵਾਨੀਐ ॥੩੬੧॥**

ਉਸੇ ਤਰਾਂ ਹੀ ਗੁਰ ਸਿਖਾਂ ਦੇ ਸ਼ੰਗ (ਵਿਚ ਮਿਲਕੇ) ਜੋ ਜੋ(ਪੁਰਸ਼)ਅੰਮ੍ਰਿਤ ਯੋਗ ਵਿਚਜਾਗਦਾ ਹੈ, (ਗੁਰ) ਸ਼ਬਦ ਦੀ ਕ੍ਰਿਪਾ ਨਾਲ (ਉਸ ਉਸ ਪੁਰਸ਼ ਨੂੰ) ਮੋਖ ਪਦ ਪਰਵਾਨ ਕਰਦਾ ਹੈ ॥੩੬੧॥

ਵਾਰਤਾ—ਕਸ਼ਮੀਰ ਦੇ ਇਲਾਕੇਵਿਚਅਮਰਨਾਥ ਵਾਲੀ ਪਹਾੜੀ ਦੀ ਕੰਦਰਾ ਵਿਚ ਬੈਠੇ ਹੋਏਸ਼ਿਵਜੀ ਪਾਰਬਤੀ ਨੂੰ ਅਮਰ ਕਥਾ ਸੁਣਾਨ ਲਗੇ,ਕਥਾ ਸੁਣ-ਦਿਆਂ ੨ ਪਾਰਬਤੀ ਸੌਂ ਗਈ ਅਤੇ ਬੋੜ ਦੀ ਖੋਹ ਵਿਚ ਬੈਠਾ ਹੋਇਆਤੋਤਾ ਹੁੰਗਾਰਾ ਦੇਣਲਗਪਿਆ, ਇਸਤਰ੍ਹਾਂ ਤੋਤੇ ਨੇਸਾਰੀ ਕਥਾ ਸੁਣ ਲਈ ਤੇ ਅਮਰ ਹੋ ਗਿਆ।ਜਦ ਸ਼ਿਵਜੀ ਨੇ ਕਥਾ ਪੂਰੀ ਕਰਕੇ ਅੱਖਾਂ ਖੋਲੀਆਂ ਤਾਂਉਨ੍ਹਾਂ ਨੂੰ ਪਤਾ ਲਗਾ ਜੋ ਪਾਰਬਤੀ ਤਾਂ ਸੁਤੀ ਹੋਈ ਹੈਅਤੇ ਤੋਤੇ ਨੇ ਕਥਾ ਸੁਣ ਲਈ,ਆਪਨੇ ਖੋਹ ਵਿਚ ਬੈਠੇ ਹੋਏ ਤੋਤੇ ਨੂੰ ਫੜਨਾ ਚਾਹਿਆ ਪਰ ਸ਼ਿਵਜੀ ਦੇ ਹਥ ਪੁਜਨ ਤੋਂ ਪਹਿਲਾਂ ਹੀ ਤੋਤਾਉਥੋਂ ਉਡ ਗਿਆ,ਹੁਣ ਅਗੇ੨ ਤੋਤਾ ਤੇ ਮਗਰ੨ ਸ਼ਿਵਜੀ ਅੰਤ ਨੂੰ ਤੋਤਾ ਹਾਰਕੇ ਸੂਖਮ ਰੂਪਧਾਰਕੇ ਬਿਆਸਜੀ ਦੀ ਇਸਤ੍ਰੀ ਦੇ ਗਰਭ ਵਿਚ ਲੁਕ ਬੈਠਾਅਤੇਸ਼ਿਵਜੀ ਬਿਆਸ ਜੀ ਦੀ ਕੁਟੀਆ ਦੇ ਬੂਹੇ ਅਗੇ ਇਸ ਲਈ ਬੈਠਗਿਆ ਕਿਜਦੋਂ ਤੋਤਾ ਬਾਲਕਰੂਪ ਹੋਕੇ ਜਨਮੇਗਾ ਤਦੋਂ ਹੀ ਇਸਨੂੰ ਮਾਰਕੇ ਜਾਵਾਂਗਾ, ਉਥੇ ਬੈਠਿਆਂ ਬਾਰਾਂ ਵਰੇ ਬੀਤਗਏ, ਉਸ ਇਸਤ੍ਰੀਦੇ ਪ੍ਰਾਣੰਤ ਹੋਣ ਨੂੰਆਏ ਤਾਂ ਉਸਦੀ ਰਖਿਆ ਲਈ ਪ੍ਰਭੂ ਦਾ ਹੁਕਮ ਤੋਤੇ ਨੂੰ ਹੋਇਆ ਤੂੰ ਬਾਹਰ ਨਿਕਲਤਾਂਤੋਤੇਨੇਅਰਜ

ਕੀਤੀ ਹੇ ਭਗਵਾਨ!ਮੇਰਾਵੈਰੀ ਸ਼ਿਵਜੀ ਬਾਹਰ ਬੂਹੇ ਤੇ ਬੈਠਾ ਹੈ,ਮੈਂ ਬਾਹਰ ਕਿਵੇਂ ਨਿਕਲਾਂ?ਵਿਸ਼ਨ ਜੀ ਬੁਢੇ ਬ੍ਰਾਹਮਣ ਦਾ ਰੂਪ ਧਾਰਕੇ ਸ਼ਿਵਜੀ ਦੇ ਕੋਲ ਆਕੇ ਪੁਛਣ ਲਗੇ–ਆਪ ਇਥੇ ਕਿਉਂ ਬੈਠੇ ਹੋ ? ਸ਼ਿਵਜੀ ਨੇ ਕਿਹਾ-ਇਕ ਤੋਤੇ ਨੇ ਛਲ ਕਰਕੇ ਮੈਥੋਂ ਅਮਰ ਕਥਾ ਸੁਣ ਲਈ ਹੈ ਅਤੇ ਹੁਣ ਇਸ ਇਸਤ੍ਰੀ ਦੇ ਗਰਭ ਵਿਚ ਲੁਕਿਆ ਬੈਠਾ ਹੈ,ਜਦੋਂ ਜਨਮ ਲੈਕੇ ਬਾਹਰ ਆਵੇਗਾ, ਤਦੋਂ ਉਸਨੂੰ ਮਾਰਕੇ ਹੀ ਇਥੋਂ ਜਾਵਾਂਗਾ।ਵਿਸ਼ਨੂੰ ਜੀ ਨੇ ਪੁਛਿਆ ਕਿ ਅਮਰ ਕਥਾ ਸੁਨਣ ਦਾ ਫਲਕੀ ਹੁੰਦਾ ਹੈ?ਸ਼ਿਵਜੀ ਨੇ ਕਿਹਾ–ਜ ਕੋਈ ਅਮਰ ਕਥਾ ਸੁਣਦਾ ਹੈ,ਉਹ ਫਿਰ ਮਰ ਨਹੀਂ ਸਕਦਾ, ਤਾਂ ਵਿਸ਼ਨੂੰ ਨੇ ਕਿਹਾ–ਤੂੰ ਬੜਾ ਭੋਲਾ ਹੈਂ, ਜਿਸਨੂੰ ਤੂੰ ਆਪੇ ਅਮਰ ਕਥਾ ਸੁਣਾਈ ਹੈ ਅਤੇ ਉਹ ਅਮਰ ਕਥਾ ਸੁਣਕੇ ਅਮਰ ਹੋ ਚੁਕਾ ਹੈ ਤਾਂ ਫਿਰ ਤੂੰ ਉਸਨੂੰ ਮਾਰ ਹੀ ਕਿਵੇਂ ਸਕਦਾ ਹੈਂ'ਇਹ ਸੁਣਦਾ ਹੀ ਸ਼ਿਵਜੀ ਆਪਣੀਭੁਲ ਤੇ ਪਛਤਾਵਾ ਕਰਦਾਹੋਇਆ ਉਠਕੇ ਤੁਰ ਗਿਆ ਤਾਂ ਫਿਰ ਗਰਭ ਵਿਚ ਬੈਠੇ ਹੋਏ ਤੋਤੇ ਨੂੰ ਪ੍ਰਭੂ ਨੇ ਕਿਹਾ ਹੁਣ ਤਾਂ ਬਾਹਰ ਆਓ।ਤੋਤੇ ਨੇ ਅਰਜ ਕੀਤੀ ਇਥੇ ਵਲ ਬੈਠਾ ਹਾਂ ਅਠੇ ਪਹਿਰ ਤੇਰੇ ਸਿਮਰਨ ਵਿਚ ਲਗਾ ਰਹਿੰਦਾਹਾਂ,ਜਦੋਂ ਬਾਹਰ ਆਵਾਂਗਾਤਾਂ ਤੇਰੀਮਾਇਆਮੇਰੇ ਪਾਸੋਂਤੇਰਾ ਸਿਮਰਨ ਛੁਡਵਾ ਦੇਵੇਗੀ।ਪ੍ਰਭੂ ਨੇ ਕਿਹਾਤੂੰ ਬ ਹਰ ਆ ਜਾਹੁ, ਤੇਰੀ ਖਾਤਰ ਮੈ ਦੋ ਘੜੀਆਂ ਲਈ ਮਾਯਾ ਦਾ ਵਰ-ਤਾਵਾਹੀ ਦੂਰ ਕਰਦੇਂਦਾਹਾਂ,ਤੂੰ ਜਨਮ ਲੈਕੇ ਜਿੰਨ੍ਹਾਂ ਚਿਰ ਪ੍ਰਭੂ ਚਰਨਾਂਵਿਚ ਧਿਆਨ ਨਹੀ ਜੋੜ ਲਵੇਗਾ ਤਦ ਤਕ ਮਾਯਾ ਦਾ ਵਰਤਾਰਾ ਜਗਤ ਵਿਚ ਨਹੀਂ ਹੋਵੇਗਾ।ਇਸ ਤਰ੍ਹਾਂ ਜਦ ਸੰਸਾਰ ਵਿਚੋਂ ਮਾਤਾ ਦਾ ਵਰਤਾਰਾਦੂਰ ਹੋ ਗਿਆ,ਉਸ ਵੇਲੇ ਸੁਕਦੇਵ ਜੀ ਨੇ ਜਨਮ ਪਾਇਆ ਸੀ ਜਨਮ ਲੈਂਦੇ ਹੀ ਬਾਰਾਂ ਬਰਸਾਂ ਜੇਡੇ ਹੋ ਕੇ ਬਨ ਨੂੰ ਤੁਰ ਗਏ ਤੇ ਜਾ ਕੇ ਸਮਾਧੀ ਲਾ ਬੈਠੇ ਸਨ, ਉਸ ਵੇਲੇ ਵਿਚ ਹੋਰ ਭੀ ਜੇਹੜਾ ਜੇਹੜਾ ਬਾਲਕ ਜਨਮਿਆ ਸੀ, ਉਸ ਉਸ ਨੂੰ ਮਾਇਆ ਦਾ ਮੋਹ ਨਾਂ ਹੋਣ ਕਰਕੇ ਜਨਮ ਤੋਂ ਸਿਧ ਪੁਰਸ਼ ਹੋ ਗਿਆ ਸੀ, ਕਈਆਂ ਦਾ ਕਥਨ ਹੈ ਉਹ ਸਾਰੇ ਬਚੇ ੮੪ ਸਨ, ਪਰ ਕਈਆਂ ਦਾ ਕਹਿਣਾ ਹੈ ਕਿ ਉਹ ਸਾਰੇ ੮੮੦੦੦ ਹਜ਼ਾਰ ਸਨ, ਜੋ ਸਾਰੇ ਹੀ ਸੂਤ ਜੀ ਦੇ ਸ੍ਰੋਤੇ ਹੋ ਰਹੇ ਸਨ । ਇਸ ਤਰ੍ਹਾਂ ਨਾਲ ਇਹ ਪੁਰਾਣਾਂ ਦੀ ਕਥਾ ਸੁਣੀ ਜਾਂਦੀ ਹੈ ॥

**ਤੀਰਥ ਜਾਤ੍ਰਾ ਸਮੈ ਨ ਏਕ ਸੈ ਆਵਤ ਸਬੈ ਕਾਹੂ ਸਾਧੂ ਪਾਛੈ ਪਾਪ ਸਬਨ ਕੇ ਜਾਤ ਹੈ ॥**

ਜਿਸ ਤਰਾਂ ਤੀਰਥ ਯਾਤ੍ਰਾ ਦੇ ਸਮੇਂ ਵਿਚ (ਸਾਰੇ (ਯਾਤਰੂ) ਇਕੋ ਜੇਹੇ ਨਹੀਂ ਆਉਂਦੇ ਹਨ, ਕਿਸੇ ਇਕ ਸਾਧੂ ਦੇ ਪਿਛੇ ਸਭਨਾਂ ਦੇ ਪਾਪ ਦੂਰ ਹੋ ਜਾਂਦੇ ਹਨ (ਅਰਥਾਤ ਸਾਰੇ ਯਾਤਰੂਆਂ ਵਿਚੋਂ ਕੋਈ ਵਿਰਲਾ ਹੀ ਮਹਾਂ ਪੁਰਸ਼ ਹੁੰਦਾ ਹੈ ਜਿਸ ਦੇ ਪ੍ਰਤਾਪ ਕਰਕੇ ਸਭਨਾਂ ਦੇ ਪਾਪ ਮਿਟ ਜਾਂਦੇ ਹਨ) ।

**ਜੈਸੇ ਨ੍ਰਿਪ ਸੈਨਾ ਸਮਸਰਿ ਨ ਨਕਲ ਹੋਤ ਏਕ ਏਕ ਪਾਛੈ ਕਈ ਕੋਟਿ ਪਰੈ ਖਾਤ ਹੈ ॥**

ਜਿਸ ਤਰਾਂ ਰਾਜੇ ਦੀ ਫੌਜ ਵਿਚ ਸਾਰੇ ਹੀ ਇਕੋ ਜੇਹੇ ਸੂਰਮੇ ਨਹੀਂ ਹੁੰਦੇ, ਕਿਸੇ ਇਕ ਵਿਰਲੇ ਦੇ ਪਿਛੇ ਪਿਛੇ ਕ੍ਰੋੜਾਂ ਪੁਰਸ਼ ਸਿਪਾਹੀ ਹੋਕੇ ਅੰਨ ਪਾਣੀ ਖਾਂਦੇ ਪੀਂਦੇ ਹਨ ।

**ਜੈਸੇ ਤਉ ਸਮੁੰਦ੍ਰ ਜਲ ਬਿਮਲ ਬੋਹਥਿ ਬਸੈ ਏਕ ਏਕ ਮੈ ਅਨੇਕ ਪਾਰਿ ਪਹੁਚਾਤ ਹੈ ॥**

ਜਿਸ ਤਰ੍ਹਾਂ ਕਿ ਸਮੁੰਦਰ ਦੇ ਨਿਰਮਲਤੇ ਅਥਾਹ ਪਾਣੀ ਵਿਚ ਅਨੇਕਾਂ ਜਹਾਜ਼ ਵਸਦੇ ਹਨ,ਪਰ ਕੋਈ ਇਕ ਵਿਰਲਾ ਹੀ ਜਹਾਜ਼ ਹੁੰਦਾ ਹੈ, ਜੋ ਅਨੇਕਾਂ ਪੁਰਸ਼ਾਂ ਨੂੰ ਪਾਰਲੇ ਕੰਢੇ ਤਕ ਪਹੁੰਚਾਉਂਦਾ ਹੈ ।

**ਤੈਸੇ ਗੁਰਸਿਖ ਸਾਖਾ ਅਨਿਕ ਸੰਸਾਰ ਦੁਆਰ ਸਨਮੁਖ ਓਟ ਗਹੈ ਕੋਟਿ ਬਿਆਸਾਤ ਹੈ ॥੩੬੨॥**

ਉਸੇ ਤਰ੍ਹਾਂ ਹੀ ਸੰਸਾਰ ਦੇ ਦਰਵਾਜ਼ੇ ਵਿਚ ਗੁਰ ਸਿਖਾਂ ਦੀ ਅਨੇਕਾਂ ਸ਼ਾਖਾਂ ਹਨ, ਜਿਸ ਦੇ ਸਨਮੁਖ ਹੋਕੇ ਓਟ ਧਾਰ ਲਈਜਾਵੇ,ਓਹੋ ਹੀ ਕ੍ਰੋੜਾਂ ਜੀਵਾਂਦਾ ਉਧਾਰ ਕਰਦਾ ਹੈ (ਅਰਥਾਤ ਨਿਰਮਲੇ, ਨਿਹੰਗ, ਉਦਾਸੀ, ਸੇਵਾ ਪੰਥੀ ਆਦਿਕ ਗੁਰਸਿਖਾਂ ਦੀਆਂ

ਅਨੇਕਾਂ ਹੀ ਸ਼ਾਖਾਂ ਜਾਂ ਸੰਪ੍ਰਦਾਵਾਂ ਹਨ, ਜੇਹੜਾ ਕੋਈ ਜਿਸ ਸੰਪ੍ਰਦਾ ਦੇ ਆਸਰੇ ਹੋਵੇਗਾ, ਉਸਦਾ ਉਸਦੇ ਸਨਮੁਖ ਹੋਇਆਂ ਹੀ ਉਧਾਰ ਹੋਣਾ ਹੈ ॥੩੬੨॥

**ਭਾਜਨ ਕੈ ਜੈਸੇ ਕੋਊ ਦੀਪ ਕੈ ਦੁਰਾਇ ਰਾਖੈ ਮੰਦਰ ਮੈ ਅਛਤ ਹੀ ਦੂਸਰੋ ਨ ਜਾਨਈ ॥**

ਜਿਸ ਤਰਾਂ ਕੋਈ ਆਦਮੀ ਦੀਵੇ ਨੂੰ ਜਗਾ ਕਰ ਕੇ ਭਾਂਡੇ ਹੇਠਾਂ ਲੁਕਾ ਕਰਕੇ ਰਖ ਦੇਵੇ ਤਾਂ ਮਕਾਨ ਵਿਚ ਦੀਵੇ ਦੇ ਹੁੰਦਿਆਂ ਹੋਇਆਂ ਭੀ ਦੂਜਾ ਆਦਮੀ (ਦੀਵੇ ਨੂੰ) ਨਹੀਂ ਜਾਣਦਾ ਹੈ।

**ਜਉ ਪੈ ਰਖਵਈਆ ਪੁਨਿ ਪ੍ਰਗਟ ਪ੍ਰਗਾਸ ਕਰੈ ਹਰੈ ਤਮ ਤਿਮਰ ਉਦੋਤਿ ਜੋਤਿ ਠਾਨਈ ॥**

ਜੇਕਰ (ਉਹ) ਰਖਣ ਵਾਲਾ ਹੀ ਫੇਰ (ਦੀਵੇ ਨੂੰ) ਪ੍ਰਗਟ ਕਰ ਦੇਵੇ (ਤਾਂ ਦੀਵਾ ਆਪਣਾ) ਚਾਨਣ ਕਰਕੇ [ਤਮ ਤਿਮਰ] ਘੁਮ ਹਨੇਰੇ ਨੂੰ ਨਾਸ ਕਰਕੇ, (ਆਪਣੀ) ਜੋਤ [ਲਾਟ] ਨੂੰ ਪ੍ਰਗਟ ਵਿਖਾ ਦੇਵੇਗਾ।

**ਸਕਲ ਸਮਗ੍ਰੀ ਗ੍ਰਿਹਿ ਪੇਖੀਐ ਪ੍ਰਤਛਿ ਰੂਪ ਦੀਪਕ ਦਿਪਈਆ ਤਤ ਖਿਨ ਪਹਿਚਾਨਈ ॥**

(ਫਿਰ) ਘਰ ਦੀ ਸਾਰੀ ਸਮਗ੍ਰੀ ਪਰਤਖ ਰੂਪ ਨਾਲ ਵਖੀ ਜਾਂਦੀ ਹੈ, ਅਤੇ ਦੀਵੇ ਨੂੰ ਪ੍ਰਕਾਸ਼ਨ ਵਾਲਾ ਭੀ ਉਸੇ ਛਿਨ ਵਿਚ ਪਛਾਣਿਆਂ ਜਾਂਦਾ ਹੈ।

**ਤੈਸੇ ਅਵਘਟ ਘਟ ਗੁਪਤ ਜੋਤੀ ਸਰੂਪ ਗੁਰ ਉਪਦੇਸ਼ ਉਨਮਾਨੀ ਉਨਮਾਨਈ ॥੩੬੩॥**

ਉਸੇ ਤਰ੍ਹਾਂ ਹੀ [ਘਟ] ਸਰੀਰ ਦੇ ਅੰਦਰ [ਅਵਘਟ] ਔਖੀ ਘਾਟੀ ਹੀ ਜੋਤੀ ਸਰੂਪ (ਦਾ ਟਿਕਾਣਾ ਹੈ, ਪਰ) ਗੁਰ ਉਪਦੇਸ਼ ਦੀ ਵੀਚਾਰ ਕਰਨ ਵਾਲੇ (ਹੀ ਇਸ ਗੱਲ ਨੂੰ) ਵੀਚਾਰਦੇ ਹਨ॥੩੬੩॥

**ਜੈਸੇ ਬ੍ਰਿਥਾਵੰਤ ਜੰਤ ਅਉਖਧ ਹਿਤਾਇ ਰਿਦੈ ਬ੍ਰਿਥਾ ਬਲੁ ਬਿਮੁਖ ਹੋਇ ਸਹਜਿ ਨਿਵਾਸ ਜੀ ॥**

ਜਿਸ ਤਰ੍ਹਾਂ ਰੋਗ ਵਾਲੇ ਪੁਰਸ਼ ਦੇ ਹਿਰਦੇ ਵਿਚ ਦੁਆਈ [ਹਿਤਾਇ] ਹਿਤ ਕਰ ਆਵੇ (ਭਾਵ ਸੁਖਾ ਜਾਵੇ ਤਾਂ) ਦੁਖ ਜੋਰ ਤੋਂ ਬੇਮੁਖ ਹੋ (ਅਰਥਾਤ ਰੋਗ ਦਾ ਜੋਰ ਘਟ) ਜਾਂਦਾ ਹੈ (ਅਤੇ ਰੋਗੀ ਪੁਰਸ਼) ਸੁਖ ਸ਼ਾਂਤੀ ਵਿਚ ਨਿਵਾਸ ਕਰ ਲੈਂਦਾ ਹੈ,

**ਜੈਸੇ ਆਨ ਧਾਤ ਮੈ ਤਨਕ ਹੀ ਕਲੰਕ ਡਾਰੇ ਅਨਿਕ ਬਰਨ ਮੇਟਿ ਕਨਿਕ ਪ੍ਰਗਾਸ ਹੈ ॥**

ਜਿਸ ਤਰਾਂ ਦੂਜੀ ਧਾਤ ਵਿਚ ਥੋੜਾ ਜੇਹਾ ਹੀ [ਕਲੰਕ-ਕਲਨਕ] ਪਾ ਦਿਤਾ ਜਾਵੇ ਤਾਂ ਅਨੇਕਾਂ ਰਗ ਮੇਟਕੇ (ਇਕੋ) ਸੋਨਾ ਹੀ ਪ੍ਰਗਟ ਹੋ ਜਾਂਦਾ ਹੈ।

**ਜੈਸੇ ਕੋਟਿ ਭਾਰਿ ਕਰ ਕਾਸਟਿ ਇਕੱਤ੍ਰਤਾ ਮੈ ਰੰਚਕ ਹੀ ਆਂਚ ਦੇਤ ਭਸਮ ਉਦਾਸ ਹੈ ॥**

ਜਿਸ ਤਰਾਂ ਕ੍ਰੋੜਾਂ ਭਾਰ ਲਕੜੀ ਦੇ ਇਕਠੇ ਕਰਕੇ ਰਖ ਦੇਈਏ ਤੇ ਉਸ ਵਿਚ ਰਤੀ ਜਿੰਨੀ ਅਗ ਪਾ ਦਿਤੀ ਜਾਵੇ ਤਾਂ ਸਾਰੀਆਂ ਲਕੜਾਂ ਸੜਕੇ ਸੁਆਹ ਹੋਕੇ [ਉਦਾਸ] ਉਡਦੀਆਂ ਹਨ।

**ਤੈਸੇ ਗੁਰ ਉਪਦੇਸ਼ ਉਰ ਅੰਤਰ ਪ੍ਰਵੇਸ ਭਏ ਜਨਮ ਮਰਨ ਦੁਖ ਦੋਖਨ ਬਿਨਾਸ ਹੈ ॥੩੬੪॥**

ਉਸੇ ਤਰਾਂ ਹੀ ਗੁਰੂ ਜੀ ਦੇ ਉਪਦੇਸ਼ ਦਾ ਹਿਰਦੇ ਅੰਦਰ ਪ੍ਰਵੇਸ਼ ਹੋ ਜਾਵੇ ਤਾਂ ਜਨਮ ਮਰਨ (ਦੇਣ ਵਾਲੇ) ਦੁਖਾਂ ਦੋਖਾਂ ਦਾ ਨਾਸ ਹੋ ਜਾਦਾ ਹੈ ॥੩੬੪॥

ਨੋਟ—'ਕਲਨਕ' ਔਲੇ ਸਾਰ ਗੰਧਕ ਪਾਰਾ ਤੇ ਤਾਂਬੇ ਦੇ ਮੇਲ ਤੋਂ ਬਣਦਾ ਹੈ ਅਤੇ ਇਕ ਤੋਲਾ ਕਲਨਕ ਇਕ ਸੌ ਤੋਲੇ ਤਾਂਬੇ ਨੂੰ ਸੋਨਾ ਕਰਦਾ ਹੈ, ਕਲਨਕ ਦੀ ਜੁਗਤੀ ਪਾਰਦ ਸੰਹਿਤਾ ਵਿਚ ਬੜੀ ਲੰਮੀ ਚੌੜੀ ਲਿਖੀ ਹੈ ਸ਼ੌਕੀਨ ਸਜਨ ਉਥੇ ਵੇਖਨਾ

ਦੀ ਖੇਚਲ ਕਰਨ।

(੨) ਪੰਜ ਮਣ ਕਚੇ ਵਜ਼ਨ ਦਾ ਇਕ ਭਾਰ ਹੁੰਦਾ ਹੈ ਪਰ ਭਾਰ ਦਾ ਅਰਥ 'ਪੰਜ਼' ਭੀ ਕੀਤਾ ਜਾਂਦਾ ਹੈ ਅਤੇ ਕਿਤੇ ਕਿਤੇ ਖੋਤੇ ਦੇ ਵਜ਼ਨ ਦਾ ਨਾਮ ਭੀ ਭਾਰ ਕਿਹਾ ਜਾਂਦਾ ਹੈ।

**ਜੈਸੇ ਅਨੀ ਬਾਨ ਰਹਿਤ ਟੂਟਿ ਦੇਹੀ ਬਿਖੈ ਚੁੰਬਿਕ ਦਿਖਾਏ ਤਤਕਾਲ ਨਿਕਸਤ ਹੈ॥**

ਇਸ ਤਰਾਂ ਤੀਰ ਦੀ ਅਣੀ [ਮੁਖ]ਟੁਟਕੇ ਦੇਹੀ ਦੇ ਅੰਦਰ ਰਹਿ ਜਾਵੇ ਤਾਂ ਚਮਕ ਪਥਰ ਵਿਖਾਉਣ ਦੇ ਨਾਲ ਉਹ ਟੁਟੀ ਹੋਈ ਲੋਹੇ ਦੀ ਕਣੀ ਜੇਹੀ ਸਰੀਰ ਤੋਂ ਬਾਹਰ ਝਟਪਟ ਨਿਕਲ ਆਉਂਦੀ ਹੈ।

**ਜੈਸੇ ਜੋਕ ਤੋਬਰੀ ਲਗਾਈਅਤ ਰੋਗੀ ਤਨ ਐਚ ਲੇਤ ਰੁਧਿਰ ਬ੍ਰਿਥਾ ਸ੍ਰਮ ਖਸਤ ਹੈ॥**

ਜਿਸ ਤਰਾਂ ਰੋਗੀ ਪੁਰਸ਼ ਦੇ ਸਰੀਰ ਨੂੰ ਜੋਕ ਜਾਂ ਤੂੰਬੀ ਲਗਾਈ ਜਾਂਦੀ ਹੈ, ਤਾਂ ਉਹ (ਤੂੰਬੀ ਹਵਾ ਨੂੰ ਤੇ ਜੋਕ) ਲਹੂ ਨੂੰ ਖਿਚ ਲੈਂਦੀ ਹੈ, ਜਿਸ ਕਰਕੇ ਰੋਗੀ ਦਾ ਰੋਗ ਤੇ ਕਸ਼ਟ ਨੂੰ ਨਾਸ ਕਰ ਦੇਂਦੀ ਹੈ।

**ਜੈਸੇ ਜੁਵਤਿਨ ਪ੍ਰਤਿ ਮਰਦਨ ਕਰੈ ਦਾਈ ਗਰਭ ਸਥੰਭਨ ਹੁਇ ਪੀੜਾ ਨ ਗ੍ਰਸਤ ਹੈ॥**

ਜਿਸ ਤਰਾਂ [ਜੁਵਤਿਨ] ਇਸਤ੍ਰੀਆਂ ਨੂੰ (ਗਰਭ ਦੀ ਦਸ਼ਾ ਵਿਚ ਦਰਦ ਵਗੈਰਾ ਹੋਣ ਲਗ ਜਾਂਦੀ ਹੈ ਤਾਂ) ਦਾਈ (ਉਸਦੀ ਧਰਨ ਆਦਿਕ ਨੂੰ) ਮਲਦੀ ਹੈ, ਜਿਸ ਕਰਕੇ) ਗਰਭ ਸਥੰਭਨ ਹੋ ਜਾਂਦਾ ਹੈ ਅਤੇ ਪੀੜ ਭੀ ਦੁਖ ਨਹੀਂ ਦੇਂਦੀ ਹੈ।

**ਤੈਸੇ ਪਾਂਚੋ ਦੂਤ ਭੂਤ ਬਿਭ੍ਰਮ ਹੁਇ ਭਾਗਿ ਜਾਤਿ ਸਤਿਗੁਰ ਮੰਤ ਜੰਤ ਰਸਨਾ ਰਸਤ ਹੈ॥ ੩੬੫॥**

ਇਸ ਤਰਾਂ (ਕਾਮਾਦਿਕ) ਪੰਜ ਦੂਤਾਂ ਰੂਪਭੂਤਨੇ [ਵਿਭ੍ਰਮ ਹੋਇ]ਘਾਬਰੇਹੋਏ ਭਜ ਜਾਂਦੇ ਹਨ,(ਜਦੋਂ) ਪੁਰਸ਼ ਸਤਿਗੁਰੂ ਜੀ ਦੇ ਮੰਤ੍ਰ ਨੂੰ ਰਸਨਾਨਾਲਰਸਦਾ ਹੈ) ਅਰਥਾਤ ਜਦੋਂ ਪੁਰਸ਼ ਗੁਰ ਮੰਤ੍ਰ ਦਾ ਰਸ ਜੀਭ ਨਾਲ ਚਖਦਾ ਹੈ ਤਾਂ ਪੰਜੇ ਦੂਤ ਆਪਣੇ ਆਪ ਘਬਰਾਕੇ ਨਸ ਜਾਂਦੇ ਹਨ॥੩੬੫॥

**ਜੈਸੇ ਤਉ ਸਫਲ ਬਨਬਿਖੈ ਬਰਖਾ ਬਿਬਿਧ ਜਾਕੋ ਫਲੁ ਮੀਠੋ ਖਗ ਤਾਪੈ ਚਲਿ ਜਾਤਿ ਹੈ॥**

ਜਿਸ ਤਰ੍ਹਾਂ ਕਿ ਫਲਾਂ ਵਾਲੇ ਬਨ ਵਿਚ ਅਨੇਕ ਤਰਾਂ ਦੇ ਦਰਖਤ ਹੁੰਦੇ ਹਨ, ਪਰ ਜਿਸਦੇ ਫਲਮਿਠੇ ਹੁੰਦੇ ਹਨ, ਪੰਛੀ ਉਸੇ ਉਤੇ ਚਲਕੇ ਜਾਂਦੇ ਹਨ।

**ਜੈਸੇ ਪਰਬਤ ਬਿਖੈ ਦੇਖੀਐਪਾਖਾਨ ਬਹੁ ਜਾਮੈ ਤੇ ਹੀਰਾ ਖੋਜੀ ਖੋਜ ਖਨਵਾਰਾ ਲਲਚਾਤ ਹੈ॥**

ਜਿਸ ਤਰ੍ਹਾਂ ਪਹਾੜ ਵਿਚ ਬਹੁਤ ਤਰ੍ਹਾਂ ਦੇ ਪਥਰ ਵੇਖੇ ਜਾਂਦੇ ਹਨ, ਪਰ ਜਿਸ ਵਿਚ ਹੀਰਾ ਹੁੰਦਾ ਹੈ, ਖੋਜੀ ਖਨਵਾਰਾ ਉਸ ਨੂੰ ਖੋਜਨ ਦਾ ਹੀ ਲਾਲਚ ਕਰਦਾ ਹੈ।

**ਜੈਸੇ ਤਉ ਜਲਧਿ ਮਧਿ ਮਸਤ ਅਨੇਕ ਜੰਤ ਮੁਕਤਾ ਅਮੋਲ ਜਾ ਮੈ ਹੰਸ ਖੋਜ ਖਾਤ ਹੈ॥**

ਜਿਸ ਤਰ੍ਹਾਂ ਕਿ ਸਮੁੰਦਰ ਵਿਚ ਅਨੇਕਾਂ ਜੰਤੂ ਵਸਦੇ ਹਨ, ਪਰ ਜਿਸ ਵਿਚ ਅਮੋਲਕ ਮੋਤੀ ਹੁੰਦਾ ਹੈ ਹੰਸ ਉਸੇ ਨੂੰ ਚੁਣ ਚੁਣਕੇ ਖਾਂਦਾ ਹੈ।

**ਤੈਸੇ ਗੁਰ ਚਰਨਿ ਸਰਨਿ ਹੈ ਅਸੰਖ ਸਿਖ ਜਾ ਮੈ ਗੁਰ ਗਿਆਨ ਤਾਹਿ ਲੋਕ ਲਪਟਾਤ ਹੈ॥ ੩੬੬॥**

ਉਸੇ ਤਰ੍ਹਾਂ ਹੀ ਸ੍ਰੀ ਗੁਰੂ ਜੀ ਦੀ ਚਰਨ ਸਰਨ ਵਿਚ ਅਣਗਿਣਤ ਹੀ ਸਿਖ ਹਨ, ਪਰ ਜਿਸ ਵਿਚ ਗੁਰੂ ਜੀ ਦਾ ਗਿਆਨ ਹੈ, ਲੋਕ ਉਸੇ ਦੇ ਚਰਨਾਂ ਨਾਲ ਲਿਪਟਦੇ ਹਨ॥੩੬੬॥

**ਜੈਸੇ ਸਸਿ ਜੋਤਿ ਹੋਤ ਪੂਰਨ ਪ੍ਰਗਾਸ ਤਾਸਿ ਚਿਤਵਤ ਚਕ੍ਰਤ ਚਕੋਰ ਧਿਆਨ ਧਾਰ ਹੀ ॥**

ਜਿਸ ਤਰਾਂ ਚੰਦ੍ਰਮਾਂ ਦੀ ਜੋਤ ਦਾ ਪੂਰਾ ਪ੍ਰਕਾਸ਼ ਹੁੰਦਾਹੈ ਤਾਂ ਉਸ ਨੂੰ ਵੇਖਦਾ ਹੀ ਚਕੋਰ ਹੈਰਾਨ ਹੋਕੇ ਉਸਦਾ ਧਿਆਨ ਧਾਰ ਲੈਂਦਾਹੈ(ਅਰਥਾਤਪੁੰਨਿਆਂ ਦੇ ਚੰਦ੍ਰਮਾਂ ਦਾ ਹੀ ਚਕੋਰ ਧਿਆਨ ਧਰਦਾ ਹੈ)।

**ਜੈਸੇ ਅੰਧਕਾਰ ਬਿਖੈ ਦੀਪ ਹੀ ਦਿਪਤ ਦੇਖਿ ਅਨਿਕਪਤੰਗ ਓਤਿਪੋਤਿ ਹੁਇ ਗੁੰਜਾਰ ਹੀ ॥**

ਜਿਸ ਤਰ੍ਹਾਂ ਹਨੇਰੇ ਵਿਚ ਦੀਵੇ ਨੂੰ ਪ੍ਰਕਾਸ਼ ਕਰਦਾ ਵੇਖਕੇ ਹੀ ਅਨੇਕਾਂ ਪਤੰਗੇ ਇਧਰੋਂ ਉਧਰੋਂ ਆਕੇ ਉਸ ਦੇ ਉਤੋਂ ਹੁੰਜਾਰ [ਕੁਰਬਾਨ] ਹੋ ਜਾਂਦੇ ਹਨ।

**ਜੈਸੇ ਮਿਸਟਾਨ ਪਾਨ ਜਾਨ ਕਾਜ ਭਾਜਨ ਮੈ ਰਾਖਤ ਹੀ ਚੀਟੀ ਕੋਟਿ ਲੋਭ ਲੁਭਤ ਅਪਾਰ ਹੀ ॥**

ਜਿਸ ਤਰ੍ਹਾਂ ਮਿਠੇ ਖਾਨ ਪੀਨ ਦੇ ਪਦਾਰਥਾਂ ਨੂੰ ਕੰਮ ਦੀ ਵਸਤੂ ਜਾਣਕੇ ਭਾਂਡੇ ਵਿਚ (ਲੁਕਾ ਕੇ) ਰਖੀਦਾ ਹੈ, ਤਾਂ ਕ੍ਰੋੜਾਂ ਕੀੜੀਆਂ ਹੀ ਲੋਭ ਦੀਆਂ ਲੋਭੀਆਂ ਕਠੀਆ ਹੁੰਦੀਆਂ ਹਨ।

**ਤੈਸੇ ਪਰਮ ਨਿਧਾਨ ਗੁਰ ਗਿਆਨ ਪਰਵਾਨ ਜਾਮੈ ਸਕਲ ਸੰਸਾਰ ਤਾਸ ਚਰਨਿ ਨਮਸ਼ਕਾਰ ਹੀ ॥ ੩੬੭ ॥**

ਉਸੇ ਤਰ੍ਹਾਂ ਹੀ ਪਰਮ ਨਿਧਾਨ ਰੂਪ ਗੁਰੂ ਜੀ ਦਾ ਗਿਆਨ ਜਿਸਦੇ ਵਿਚ ਹੈ ਸਾਰਾ ਸੰਸਾਰ ਉਸ (ਸਿਖਦੇ)ਪੈਰਾਂ ਉਤੇ ਨਮਸ਼ਕਾਰ ਕਰਦਾ ਹੈ।੩੬੭।।

**ਜੇਤੇ ਫੂਲ ਫੂਲੇ ਤੇਤੇ ਫਲ ਨ ਲਾਗੈ ਦ੍ਰੁਮ ਲਾਗਤ ਜਿਤੇਕ ਪਰਪੱਕ ਨ ਸਕਲ ਹੈ ॥**

(ਜਿਸ ਤਰ੍ਹਾਂ) ਜਿੰਨੇ ਕੁ ਫੁਲ ਦਰਖਤ ਨੂੰ ਫੁਲਦੇ ਹਨ, ਓਨੇ ਫਲ ਨਹੀਂ ਲਗਦੇ ਹਨ, ਅਤੇ ਜਿੰਨੇ ਕੁ ਫਲ ਲਗਦੇ ਹਨ, ਓਨੇ ਕੁ ਸਾਰੇ ਪਕ ਦੇ ਨਹੀਂ ਹਨ।

**ਜੇਤੇ ਸੁਤ ਜਨਮਤ ਜੀਅਤ ਰਹੈ ਨ ਤੇਤੇ ਜੀਅਤ ਹੈ ਜੇਤੇ ਤੇਤੇ ਕੁਲ ਨ ਕਮਲ ਹੈ ॥**

(ਜਿਸ ਤਰ੍ਹਾਂ (ਜਿੰਨੇ ਕੁ (ਮਾਤਾ ਨੂੰ) ਪੁਤ੍ਰ ਜੰਮਦੇ ਹਨ, ਉਹ ਸਾਰੇ ਜੀਉਂਦੇ ਨਹੀਂ ਰਹਿੰਦੇ ਹਨ, ਜਿੰਨੇ ਕੁ ਜੀਉਂਦੇ ਹਨ, ਉਹ ਸਾਰੇ ਕੁਲ ਦਾ ਕਮਲ ਨਹੀਂ ਹੁੰਦੇ ਹਨ (ਅਰਥਾਤ ਸਾਰੇ ਪੁਤ੍ਰ ਕੁਲ ਦਾ ਨਾਮ ਉਜਲਾ ਕਰਨ ਵਾਲੇ ਨਹੀਂ ਹੁੰਦੇ ਹਨ)।

**ਦਲ ਮਿਲਿ ਜਾਤਿ ਜੇਤੇ ਸੁਭਟ ਨ ਹੋਹਿ ਤੇਤੇ ਜੇਤਿਕ ਸੁਭਟ ਜੂਝਿ ਮਰਤ ਨ ਬਲ ਹੈ ॥**

(ਜਿਸ ਤਰ੍ਹਾਂ) ਜਿੰਨੇ ਕੁ (ਸਿਪਾਹੀ) ਫੌਜ ਵਿਚ ਇਕਠੇ ਹੋ ਕੇ ਜਾਂਦੇ ਹਨ, ਉਹ ਸਾਰੇ ਸੂਰਮੇ ਨਹੀਂ ਹੁੰਦੇ ਹਨ ਅਤੇ ਜਿੰਨੇ ਕੁ ਸੂਰਮੇ ਹੁੰਦੇ ਹਨ,ਉਹਸਾਰੇ ਰਣ ਭੂਮੀ ਵਿਚ ਲੜਕੇ ਸ਼ਹੀਦ ਨਹੀਂ ਹੁੰਦੇ ਹਨ।

**ਆਰਸੀ ਜੁਗਤਿ ਗੁਰ ਸਿਖ ਸਭ ਹੀ ਕਹਾਵੈ ਪਾਵਕ ਪ੍ਰਗਾਸ ਭਏ ਬਿਰਲੇ ਅਚਲ ਹੈ ॥ ੩੬੮ ॥**

(ਇਸੇ ਤਰ੍ਹਾਂ) ਆਰਸੀ ਦੀ ਜੁਗਤੀ ਵਰਗੇ ਤਾਂ ਸਾਰੇ ਹੀ (ਅਪਨੇ ਆਪ ਨੂੰ) ਗੁਰ ਸਿਖ ਕਹਾਉਂਦੇ ਹਨ, ਪਰ ਅਗ ਦੇ ਪ੍ਰਕਾਸ਼ ਵੇਲੇ ਕੋਈ ਵਿਰਲੇ ਹੀ ਸਥਿਰ ਰਹਿੰਦੇ ਹਨ, (ਅਰਥਾਤ ਹਥ ਵਿਚ ਪਈ ਆਰਸੀ [ਸ਼ੀਸ਼ੇ ਵਾਲੇ ਮੁੰਦਰੀ] ਵਰਗੇ ਦਿਸਨ ਨੂੰ ਸਾਰੇ ਹੀ ਸਿਖ ਸੋਹਣੇ ਤੋਂਸੋਹਣੇਹਨ,ਜਿਵੇਂ ਆਰਸੀ ਦਾ ਸ਼ੀਸ਼ਾ ਅੱਗ ਦੇ ਸੇਕ ਨਾਲ ਝਟ ਹੀ ਤਿੜਕ ਜਾਂਦਾ ਹੈ, ਇਸੇ ਤਰਾਂ ਸ੍ਰੀ ਗੁਰੂ ਜੀ ਦੇ ਕ੍ਰੋਧ ਅਗਨੀ ਦੇ ਸਮੇ ਵਿਚ ਸਾਬਤ ਰਹਿਣ ਵਾਲੇ ਕੋਈ ਵਿਰਲੇ ਹੀ ਸਿਖ ਹਨ) ॥

**ਜੈਸੇ ਅਹਿ ਅਗਨਿ ਕਉ ਬਾਲਕ ਬਿਲੋਕ ਸਾਵੇਂ ਗਹਿ ਗਹਿ ਰਾਖੈ ਮਾਤਾ ਸੁਤ ਬਿਲਲਾਤ ਹੈ ॥**

ਜਿਸ ਤਰਾਂ ਸਪ ਤੇ ਅਗ ਨੂੰ ਵੇਖਕੇ ਬਚਾ (ਇਨ੍ਹਾਂ ਨੂੰ ਫੜਨ ਲਈ) ਦੌੜਦਾ ਹੈ, ਫੜ ਫੜ ਕੇ ਮਾਤਾ ਰੋਕ ਰਖਦੀ ਹੈ, (ਪਰ) ਬਚਾ (ਫੜਨ ਵ ਸਤੇ ਹੀ) ਰੋਂਦਾ ਹੈ।

**ਬ੍ਰਿਥਾਵੰਤ ਜੰਤ ਜੈਸੇ ਚਾਹਤ ਅਖਾਦਿ ਖਾਦਿ ਜਤਨਕੈ ਬੈਦ ਜੁਗਵਤ ਨ ਸੁਹਾਤ ਹੈ ॥**

ਜਿਸ ਤਰਾਂ ਰੋਗੀ ਪੁਰਸ਼ ਨਾ ਖਾਣ ਵਾਲੇ ਪਦਾ-ਰਥ ਖਾਣੇ (ਅਰਥਾਤ ਬੀਮਾਰ ਬਦ ਪਰਹੇਜ਼ੀ ਕਰਨੀ) ਚਾਹੁੰਦਾ ਹੈ, (ਪਰ) ਵੈਦ ਜਤਨ ਕਰਕੇ (ਉਸਨੂੰ ਰੋਕਦਾ ਹੈ ਤੇ ਬੀਮਾਰ ਨੂੰ) ਵੈਦ ਦੀ [ਜੁਗਵਤ]ਜੋਗਤਾ ਉਸਨੂੰ ਚੰਗੀਨਹੀਂ ਲਗਦੀਹੈ।

**ਜੈਸੇ ਪੰਥ ਅਪੰਥ ਬਿਬੇਕਹਿ ਨ ਬੂਝੈ ਅੰਧ ਕਰਿ ਗਹੇ ਅਟਪਟੀ ਚਾਲਿ ਚਲਿਓ ਜਾਤਿ ਹੈ ॥**

ਜਿਸ ਤਰਾਂ ਰਾਹ ਕੁਰਾਹ ਦਾ ਵੀਚਾਰਅੰਨ੍ਹੇ ਪੁਰਸ਼ ਨੂੰ ਮਲੂਮ ਨਹੀਂ ਹੁੰਦਾ ਹੈ, (ਉਹ) ਹਥ ਵਿਚ ਸੋਟੀ ਫੜੀ ਅਟਪਟੀ ਚਾਲ ਨਾਲ ਤੁਰਿਆ ਹੀ ਜਾਂਦਾ ਹੈ।

**ਤੈਸੇ ਕਾਮਨਾ ਕਰਤ ਕਨਿਕ ਅਉ ਕਾਮਨੀ ਕੀ ਰਾਖੈ ਨਿਰਲੇਪ ਗੁਰਸਿਖ ਅਕੁਲਾਤ ਹੈ ॥ ੩੬੯ ॥**

ਉਸੇ ਤਰਾਂ ਸਿਖ ਸੋਨੇ ਅਤੇ ਇਸਤਰੀ ਦੀਕਾਮਨਾਂ ਕਰਦਾ ਹੈ, ਪਰ ਗੁਰੂ (ਸਿਖ ਨੂੰ ਇਨ੍ਹਾਂ ਦੋਹਾਂ ਤੋਂ) ਨਿਰਲੇਪ ਰਖਦਾ ਹੈ ਅਤੇ ਸਿਖ ਗੁਰੂ ਦੇ ਭੇਦਨੂੰ ਨਾਂ ਜਾਣਕੇ)ਘਬਰਾਂਦਾ ਹੀ ਘਬਰਾਂਦਾ ਹੈ ॥੩੬੯॥

**ਜੈਸੇਮਾਤਾ ਪਿਤਾ ਅਨੇਕ ਉਪਜਾਤ ਸਤ ਪੂੰਜੀ ਦੈ ਕੈ ਬਨਜ ਬਿਉਹਾਰਹਿ ਲਗਾਵਹੀ ॥**

ਜਿਸ ਤਰਾਂ ਮਾਤਾ ਪਿਤਾ ਅਨੇਕਾਂ ਪੁਤ੍ਰ ਪੈਦਾ ਕਰਦੇ ਹਨ ਅਤੇ ਉਹਨਾਂ ਨੂੰ ਪੂੰਜੀ ਦੇ ਕੇ ਵਣਜ ਕਰਨ ਦੇ ਬਿਉਹਾਰ ਵਿਚ ਲ ਦੇਂਦੇ ਹਨ।

**ਕਿਰਤਿ ਬਿਰਤਿ ਮਰਿ ਕੋਊ ਮੂਲਿ ਖੋਵੈ ਰੋਵੈ ਕੋਊ ਲਾਭ ਲਭਤਿ ਕੈ ਚਉਗੁਨੋ ਬਢਾਵਹੀ ॥**

ਕੋਈ ਤਾ ਕਿਰਤ ਵਿਰਤ ਕਰਕੇ ਮੂਲ ਹੀ ਗੁਆ ਕੇ ਰੋਂਦਾ ਹੈ ਅਤੇ ਕੋਈ ਲਾਭ ਖਟ ਕਰਕੇ ਪੂੰਜੀ ਨੂੰ ਚੌਗੁਣੀ ਨਾਲੋਂ ਭੀ ਵਧਾ ਲੈਂਦਾ ਹੈ।

**ਜੈਸੋ ਜੈਸੋ ਜੋਈ ਕੁਲਾ ਧਰਮ ਹੈ ਕਰਮ ਕਰੈ ਤੈਸੋ ਤੈਸੋ ਜਸੁ ਅਪਜਸੁ ਪ੍ਰਗਟਾਵਹੀ ॥**

ਜਿਸ ਜਿਸ ਤਰਾਂ ਦਾ ਕੋਈ ਕੁਲ ਦਾ ਧਰਮ ਹੈ, ਉਸੇ ਉਸੇਨੂੰ ਜੇਹੜਾ ਕੋਈ ਕਰਦਾ ਹੈ, ਉਨ੍ਹਾਂ ਵਿਚ ਕੋਈ ਓਹੀ ਕੰਮ ਕਰਕੇ ਜਸ ਪਾਂਦਾ ਹੈ ਅਤੇ ਕਿਸੇ ਦਾ ਅਪਜਸ ਪ੍ਰਗਟ ਹੁੰਦਾ ਹੈ, (ਅਰਥਾਤ ਇਕ ਮਾਂ ਪਿਉ ਦੇ ਦੋ ਪੁਤਰ,ਇਕੋ ਹੀ ਕੰਮ,ਇਕੋ ਹੀ ਟਿਕਾਣੇ ਤੇ ਕਰਦੇ ਹਨ, ਪਰ ਇਕ ਉਸੇ ਕੰਮ ਵਿਚ ਘਾਟਾ ਪਾਂਦਾ ਹੈ ਤੇ ਦੂਜਾ ਨਫਾ ਖਟਦਾ ਹੈ, ਇਕ ਨੂੰ ਜਸ ਮਿਲਦਾ ਹੈ ਤੇ ਇਕ ਦੀ ਬਦਨਾਮੀ ਹੁੰਦੀ ਹੈ)।

**ਤੈਸੇ ਸਤਿਗੁਰ ਸਮਦਰਸੀ ਪੁਹਪ ਗਤਿ ਸਿਖ ਸਾਖਾ ਬਿਬਿਧਿ ਬਿਰਖ ਫਲ ਪਾਵਹੀ ॥੩੭੦॥**

ਉਸੇ ਤਰਾਂ ਸਤਿਗੁਰੂ ਤਾਂ ਫੁਲ ਵਾਂਗੂ ਸਮਦਰਸੀ ਹਨ,(ਜੋ ਸਭਨਾਂ ਨੂੰ ਸੁਗੰਧੀ ਦੇਂਦੇ ਹਨ, ਤੇ ਆਪ ਸਭ ਤੋਂ ਨਿਰਲੇਪ ਰਹਿੰਦੇ ਹਨ, ਪਰ) ਦਰਖਤ ਦੇ ਅਨੇਕ ਤਰਾਂ ਦੇ ਟਾਹਨ, ਟਾਹਣੀਆਂ,ਪਤਰ ਤੇ ਫਲ ਸਮਾਨ ਸਿਖ ਪਾਏ ਜਾਂਦੇ ਹਨ (ਅਰਥਾਤ ਜਿਸ ਤਰਾਂ ਇਕੋ ਦਰਖਤ ਵਿਚ ਮੁਢ, ਟਾਹਣੀ, ਪਤਰ ਤੇ ਫਲ ਰੂਪ ਕਈ ਸ਼ਕਲਾਂ ਹਨ, ਇਸ ਤਰਾਂ ਕਈ ਕਈ ਕਰਰਾਂ ਤੇ ਸੁਭਾਵਾਂ ਵਾਲੇ ਲਿਖੇ ਹਨ, ਜੋ ਗੁਰੂ

ਪਾਸੋਂ ਆਪਣੀ ਬ੍ਰਿਤੀ ਅਨੁਸਾਰ ਹੀ ਫਲ ਪਾਂਦੇ ਹਨ) ॥੩੭੦॥

**ਜੈਸੇ ਨਰਪਤਿ ਬਹੁ ਬਨਿਤਾ ਬਿਵਾਹ ਕਰੈ ਜਾਕੇ ਜਨਮਤ ਸੁਤ ਵਾਹੀ ਗ੍ਰਿਹ ਰਾਜ ਹੈ।**

ਜਿਸ ਤਰਾਂ ਰਾਜਾ ਬਹੁਤ ਸਾਰੀਆਂ ਇਸਤ੍ਰੀਆਂ ਨਾਲ ਵਿਆਹ ਕਰਦਾ ਹੈ, ਪਰ ਜਿਸ ਦੇ ਪੇਟੋਂ ਪੁਤਰ ਜੰਮਦਾ ਹੈ,ਉਸੇ ਦੇ ਘਰ ਰਾਜ ਆਉਂਦਾ ਹੈ।

**ਜੈਸੇ ਦਧਿ ਮਧਿ ਚਹੁ ਓਰ ਸੈਂ ਬੋਹਥ ਚਲੈ ਜੋਈ ਪਾਰਿ ਪਹੁਚੈ ਪੂਰਨ ਸਰਬ ਕਾਜ ਹੈ॥**

ਜਿਸ ਤਰਾਂ ਸਮੁੰਦਰ ਵਿਚ ਚੋਹਾਂ ਪਾਸਿਆਂ ਤੋਂ ਜਹਾਜ਼ ਚਲੇ ਆਉਂਦੇ ਹਨ,ਪਰ ਜੇਹੜਾ ਪਾਰ ਲੰਘੇ ਗਾ ਉਸੇ ਦੇ ਹੀ ਸਾਰੇ ਕੰਮ ਪੂਰੇ ਹੋਣਗੇ।

**ਜੈਸੇ ਖਾਨਿ ਖਨਤ ਅਨੰਤ ਖਨ-ਵਾਰਾ ਖੋਜੀ ਹੀਰਾ ਹਾਥ ਚੜੈ ਜਾਕੇ ਤਾਕੈ ਬਾਜੁ ਬਾਜ ਹੈ॥**

ਜਿਸ ਤਰਾਂ ਖਾਨ ਪਟਣ ਵਾਲੇ ਅਨੇਕਾਂ ਹੀ ਖੋਜੀ ਖਾਨ ਨੂੰ ਪੁਟਦੇ ਹਨ, ਪਰ ਜਿਸਦੇ ਹਥ ਵਿਚ ਹੀਰਾ ਆਵਗਾ, ਉਸੇ ਦੇ ਘਰ ਵਾਜੇ ਵਜਨਗੇ।

**ਤੈਸੇ ਗੁਰਸਿਖ ਨਵਤਨ ਅਉ ਪੁਰਾਤਨ ਜਿਨ ਪਰਿ ਕਟਾਛਿ ਕ੍ਰਿਪਾ ਤਾਕੈ ਛਬਿ ਛਾਜ ਹੈ॥੩੭੧॥**

ਉਸ ਤਰਾਂ ਹੀ ਅਨੇਕਾਂ ਹੀ ਨਵੇਂ ਅਤੇ ਪੁਰਾਣੇ ਗੁਰ ਸਿਖ ਹਨ, ਪਰ ਜਿਸ ਉਤੇ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇਗੀ ਉਸੇ ਦੀ ਹੀ ਸਾਰੀ ਸੁੰਦਰਤਾ ਸੋਹਣੀ ਹੋ ਜਾਏਗੀ ॥੩੭੧॥

**ਬੂੰਦ ਬੂੰਦ ਬਰਖ ਪਰਨਾਰੇ ਬਹਿ ਚਲੈ ਜਲੁ ਬਹੁਰਿਓ ਉਮਗਿ ਬਹੈ ਬੀਥੀ ਬੀਥੀ ਆਇਕੈ॥**

(ਵੇਖੋ!) ਇਕ ਇਕ ਬੂੰਦ ਬੂੰਦ ਕਰਕੇ ਬਰਖਾ ਹੁੰਦੀ ਹੈ, ਤਾਂ ਪਾਨੀ ਦੇ ਪਰਨਾਲੇ ਭਰਕੇ ਵਗ ਚਲਦੇ ਹਨ, ਫਿਰ ਉਹ ਪਾਨੀ ਗਲੀ ਵਿਚ ਆਕੇ ਗਲੀ ਤੋਂ ਭੀ ਉਛਲਕੇ ਵਗਦਾ ਹੈ।

**ਤਾਤੇ ਨੋਰਾ ਨੋਰਾ ਭਰਿ ਚਲਤ ਚਤੁਰ ਕੁੰਟਿ ਸਰਿਤਾ ਸਰਿਤਾ ਪ੍ਰਤਿ ਮਿਲਤ ਹੈ ਜਾਇਕੈ॥**

ਉਸ ਤੋਂ [ਨੋਰਾ] ਨਾਲੀਆਂ ਨਾਲੇ ਭਰਕੇ ਵਗਦੇ ਹਨ ਚੌਹਾਂ ਪਾਸਿਆਂ ਵਲ ਫਿਰ ਨਦੀ ਵਿਚ (ਜਾ ਪੈਂਦਾ ਹੈ, ਅਤੇ) ਨਦੀ ਜਾਕੇ ਅਗੇ ਦਰਿਆ ਵਿਚ ਮਿਲ ਜਾਂਦੀ ਹੈ।

**ਸਰਿਤਾ ਸਕਲ ਜਲ ਪ੍ਰਬਲ ਪ੍ਰਵਾਹ ਚਲਿ ਸੰਗਮ ਸਮੁੰਦ੍ਰ ਹੋਤ ਸਮਤ ਸਮਾਇਕੈ॥**

ਸਾਰੀਆਂ ਨਦੀਆਂ ਦਾ ਪਾਨੀ ਬੜਾ ਤੇਜ਼ਚਲਨ ਵਾਲਾ ਪ੍ਰਵਾਹ ਬਣਕੇ ਚਲਦਾ ਹੈ ਤਾਂ ਉਸਦਾ ਸਮੁੰ-ਦਰ ਦੇ ਨਾਲ ਸੰਗਮ [ਮਿਲਾਪ] ਹੋ ਜਾਦਾ ਹੈ,(ਤਾਂ ਸਮੁੰਦਰ ਵਿਚ) ਸਮਤਾ ਕਰਕੇ ਸਮਾਂ ਜਾਂਦਾ ਹੈ।

**ਜਾਮੈ ਜੈਸੀਐ ਸਮਾਈ ਤੈਸੀਐ ਮਹਮਾਂ ਬਡਾਈ ਓਛ ਅਉਗੰਭੀਰਧੀਰ ਬੂਝੀਐ ਬੁਲਾਇਕੈ ॥੩੭੨॥**

(ਅੰਤ ਗੱਲ ਇਹ ਹੈ, ਕਿ) ਜਿਸ ਵਿਚ ਜਿਸ ਤਰਾਂ ਦੀ ਜੀਰ ਦ ਹੁੰਦੀ ਹੈ, ਉਸੇ ਤਰ੍ਹਾਂ ਦੀ (ਉਸ ਦੀ) ਮਹਿਮਾ ਤੇ ਵਡਿਆਈ ਹੁੰਦੀ ਹੈ, ਹੋਛਾ ਤੇ ਗੰਭੀਰ [ਧੀਰਜੀ] ਪੁਰਖ ਦੀ ਪਛਾਣ ਬੁਲਾਇਆਂ ਹੀ ਹੁੰਦੀ ਹੈ ॥੩੭੨॥

ਭਾਵ—ਇਕ੨ ਬੂੰਦ ਦਾ ਪ੍ਰਤਾਪ ਵੇਖੋ ਕਿ ਪਰ-ਨਾਲੇ ਬਣ ਤੁਰਦਾ ਹੈ, ਪਰ ਜਦ ਉਹ ਕੁਝ ਹੋਂਦ ਵਿਚ ਆਉਂਦਾ ਹੈ ਤਾਂ ਆਪਾ ਜਨਾਉਣ ਲਈ ਗਲੀਆਂ ਵਿਚੋਂ ਉਛਲਨ ਲਗ ਪੈਂਦਾ ਹੈ, ਫਿਰ ਨਾਲੀਆਂ ਵਿਚ ਪੈਂਦਾ ਹੈ,ਉਥੋਂ ਭੀ ਉਛਲਿਆ ਤਾਂ

ਦਰਿਆ ਵਿਚ ਪਿਆ, ਦਰਿਆ ਭੀ ਉਛਲਿਆ ਤਾਂ ਸਮੁੰਦਰ ਵਿਚ ਪੈ ਗਿਆ। ਨੌ ਸੌ ਨੜਿੰਨਵੇਂ ਨਦੀ ਸਮੁੰਦਰ ਵਿਚ ਪੈ ਗਈ ਪਰ ਸਮੁੰਦਰ ਨਹੀਂ ਉਛ-ਲਿਆ ਉਹ ਜਿਉਂ ਦਾ ਤਿਉਂ ਉਥੇ ਦਾ ਉਥੇ ਹੀ ਅਹਿਲ ਖੜਾ ਹੈ, ਬਸ ਏਹੋ ਹੀ ਧੀਰਜੀ ਦੀ ਨਿਸ਼ਾਨੀ ਹੈ ਕਿ ਭਾਵੇਂ ਕਿੰਨਾ ਕੁਝ ਭੀ ਮਿਲ ਜਾਏ ਉਹ ਆਪਣੇ ਰੰਗ ਵਿਚ ਹੀ ਮਸਤ ਰਹਿੰਦਾ ਹੈ।

**ਜੈਸੇ ਹੀਰਾ ਹਾਥਿ ਮੈ ਤਨਕ ਸੋ ਦਿਖਾਈ ਦੇਤ ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ ॥**

ਜਿਸ ਤਰ੍ਹਾਂ ਹੀਰਾ ਹਥ ਵਿਚ ਬਿਲਕੁਲ ਛੋਟਾ ਜਿੰਨਾ ਵਿਖਾਈ ਦੇਂਦਾ ਹੈ, (ਪਰ) ਮੁਲ ਵੇਚ ਦੇਣ ਨਾਲ [ਦਮਕਨ] ਦਮੜਿਆਂ ਨਾਲ ਖਜ਼ਾਨਾ ਭਰ ਜਾਂਦਾ ਹੈ।

**ਜੈਸੇ ਬਰ ਬਾਂਧੇ ਹੁੰਡੀ ਲਾਗਤ ਨ ਭਾਰ ਕਛੂ ਆਗੈ ਜਾਇ ਪਾਈਅਤਿ ਲਛਮੀ ਅਪਾਰ ਜੀ ॥**

ਜਿਸ ਤਰ੍ਹਾਂ ਬਰ [ਕਪੜੇ] (ਦੇ ਕੰਨੀ) ਹੁੰਡੀ ਬੰਨ੍ਹੀਏ (ਤਾਂ ਉਸਦਾ) ਕੁਝ ਭਾਰ ਨਹੀਂ ਲਗਦਾਹੈ, ਪਰ ਅਗੇ ਜਾਕੇ (ਹੁੰਡੀ ਦੇਈਏ ਤਾਂ ਸ਼ਾਹੂਕਾਰ ਪਾਸੋਂ) ਅਪਾਰ ਹੀ ਦੌਲਤ ਪਾ ਲਈ ਦੀ ਹੈ।

**ਜੈਸੇ ਬਟਿ ਬੀਜਅਤਿ ਸੂਖਮ ਸਰੂਪ ਹੋਤ ਬੋਏ ਸੈ ਬਿਬਿਧਿ ਕਰੈ ਬਿਰਥਾ ਬਿਸਥਾਰ ਜੀ ॥**

ਜਿਸ ਤਰਾਂ ਬੋੜ੍ਹ ਦਾ ਬੀਜ ਬਹੁਤ ਹੀ ਬਰੀਕ ਸ਼ਕਲ ਦਾ ਹੁੰਦਾ ਹੈ, ਬੀਜ ਦਿਤਾ ਜਾਏ ਤਾਂ ਬਿਰਖ ਹੋਕੇ ਬੜਾ ਵਿਸਥਾਰ ਕਰਦਾ ਹੈ।

**ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ ਜਾਨੀਐ ਮਹਾਤਮ ਗਏ ਹੀ ਹਰਿ ਦੁਆਰ ਜੀ ॥ ੩੭੩ ॥**

ਇਸੇ ਤਰਾਂ ਗੁਰ ਬਚਨ ਦਾ [ਸਚਨ] ਸੰਚਨ [ਇਕਠਾ ਹੋਣਾ] ਗੁਰ ਸਿਖਾਂ ਵਿਚ ਜਾਣੀਦਾ ਹੈ, ਅਤੇ ਇਸ ਦਾ ਮਹਾਤਮ ਹਰੀ ਦੇ ਦਰਬਾਰ ਵਿਚ ਗਿਆਂ ਹੀ ਜਾਣੀਦਾ ਹੈ ॥ ੩੭੩ ॥

ਭਾਵ-ਜਿਵੇਂ ਹੀਰੇ ਦਾ ਵਜੂਦ ਬਹੁਤ ਛੋਟਾ ਹੋਕੇ ਭੀ ਅਪਾਰ ਧਨ ਦੇ ਦੇਣ ਵਾਲਾ ਹੈ ਅਤੇ ਜਿਵੇਂ ਬਿਲਕੁਲ ਤੁਛ ਜੇਹਾ ਕਾਗਤ ਜੋ ਹੁੰਡੀ ਦੀ ਸ਼ਕਲ ਵਿਚ ਹੈ, ਇਹ ਹੀਰੇ ਤੋਂ ਭੀ ਹਲਕਾ ਹੈ, ਹੀਰੇ ਨੂੰ ਸਾਂਭਨ ਦੀ ਬਹੁਤ ਲੋੜ ਹੈ, ਪਰ ਹੁੰਡੀ ਨੂੰ ਓਨੀ ਸੰਭਾਲਨ ਰਖਣ ਦੀ ਲੋੜ ਨਹੀਂ ਹੈ,ਫਿਰ ਧਨ ਉਸ ਤੋਂ ਭੀ ਵਧੀਕ ਮਿਲ ਜਾਂਦਾ ਹੈ, ਇਸੇ ਤਰਾਂ ਗੁਰ ਬਾਨੀ ਦਿਸਣ ਵਿਚ ਆਮ ਬਾਣੀਆਂ ਵਰਗੀ ਹੈ, ਇਸਦਾ ਸੰਗ੍ਰਹ ਕਰਨਾ ਕੋਈ ਬੜਾ ਔਖਾ ਕੰਮ ਭੀ ਨਹੀਂ ਹੈ, ਪਰ ਇਸਦਾ ਪ੍ਰਤਾਪ ਤਾਂ ਪ੍ਰਭੂ ਦੇ ਦਰ-ਬਾਰ ਵਿਚ ਹੀ ਮਲੂਮ ਹੁੰਦਾ ਹੈ, ਜਿਵੇਂ ਹੀਰੇ ਦੀ ਕਦਰ ਜੌਹਰੀ ਦੀ ਨਜ਼ਰ ਵਿਚਹੈ,ਇਵੇਂ ਗੁਰਬਾਣੀ ਦੇ ਪਿਆਰ ਵਾਲੇ ਗੁਰ ਸਿਖ ਦੀ ਕਦਰ ਪ੍ਰਭੂ ਦੇ ਦਰਬਾਰ ਵਿਚ ਹੈ।

**ਜੈਸੇ ਮਦ ਪੀਅਤ ਨ ਜਾਨੀਐ ਮਰੰਮੁ ਤਾ ਕੋ ਪਾਛੈ ਮਤਵਾਰੋ ਹੋਇ ਛਕੈ ਛਕਜਾਤ ਹੈ ॥**

ਜਿਸ ਤਰ੍ਹਾਂ ਸ਼ਰਾਬ ਪੀਤਿਆਂ ਉਸਦਾ ਭੇਦ ਨਹੀਂ ਜਾਣੀਦਾ ਹੈ, (ਪਰ ਮਗਰੋਂ) ਮਤਵਾਲੇ ਹੋਕੇ ਮਸਤ ਹੋਈਦਾ ਹੈ ਤਾਂ [ਛਕ ਜਾਤ] ਹੈਰਾਨ ਹੋਈਦਾ ਹੈ।

**ਜੈਸੇ ਨਾਰਿ ਭੇਟਤ ਭਤਾਰਹਿ ਨ ਭੇਦੁ ਜਾਨੈ ਉਦਿਤਿ ਅਧਾਨ ਆਨ ਚਿਹਨਿ ਦਿਖਾਤ ਹੈ ॥**

ਜਿਸ ਤਰ੍ਹਾਂ ਇਸਤ੍ਰੀ ਪਤੀ ਨਾਲ ਮਿਲਦਿਆਂ ਕਿਸੇ ਭੇਦ ਨੂੰ ਨਹੀਂ ਜਾਣਦੀ ਹੈ, ਪਰ ਮਗਰੋਂ ਜਦ ਗਰਭ ਦੇ ਚਿੰਨ੍ਹ ਆਪੇ ਆਣ ਦਿਖਾਈ ਦੇਂਦੇ ਹਨ (ਤਾਂ ਜਾਣਕੇ ਪ੍ਰਸੰਨ ਹੁੰਦੀ ਹੈ)।

**ਕਰਿ ਪਰਿ ਮਾਨਕੁ ਨ ਲਾਗਤ ਹੈ ਭਾਰੀ ਤੋਲ ਮੋਲ ਸੰਖਯਾ ਦਮਕਨ**

**ਹੇਰਤ ਹਿਰਾਤ ਹੈ ॥**

ਹਥ ਉੱਤੇ ਰਖੇ ਹੋਏ ਮਾਣਕ ਦਾ ਤੋਲ ਕੋਈ ਭਾਰੀ ਨਹੀਂ ਲਗਦਾ ਹੈ, ਪਰ ਜਦ ਮੁਲ ਮਿਲਦਾ ਹੈ ਤਾਂ ਦਮੜਿਆਂ ਦੀ ਗਿਣਤੀ ਵੇਖਦਿਆਂ ਹੀ ਹੈਰਾਨ ਹੋ ਜਾਂਦਾ ਹੈ।

**ਤੈਸੇ ਗੁਰ ਅੰਮ੍ਰਿਤ ਬਚਨ ਸੁਨਿ ਮਾਨੈ ਸਿਖ ਜਾਨੈ ਮਹਿਮਾ ਜਉ ਸੁਖ ਸਾਗਰ ਸਮਾਤ ਹੈ ॥੩੭੪॥**

ਉਸੇ ਤਰਾਂ ਸ੍ਰੀ ਗੁਰੂ ਜੀ ਦੇ ਅੰਮ੍ਰਿਤ ਰੂਪ ਬਚਨ ਸੁਣਕੇ ਸਿਖ ਮੰਨਦਾ ਹੈ, (ਪਰ ਉਸਦੀ) ਮਹਿਮਾਂ ਨੂੰ ਤਦੋਂ ਜਾਣਦਾ ਹੈ, ਜਦੋਂ ਸੁਖ ਰੂਪ ਸਮੁੰਦਰ ਵਿਚ ਸਮਾਂ ਜਾਂਦਾ ਹੈ ॥੩੭੪॥

**ਜੈਸੇ ਮਛ ਕਛ ਬਗ ਹੰਸ ਮੁਕਤਾ ਪਖਾਨ ਅੰਮ੍ਰਿਤ ਬਿਖੈ ਪ੍ਰਗਾਜ ਉਦਧਿ ਸੈ ਜਾਨੀਐ ॥**

ਜਿਸ ਤਰਾਂ ਮੱਛ, ਕਛੂ, ਬਗਲਾ, ਹੰਸ, ਮੋਤੀ, ਪੱਥਰ [ਘੁੱਗਾ ਜਾਂ ਮੁੰਗਾ ਇਹ ਭੀ ਪੱਥਰ ਹਨ], ਅੰਮ੍ਰਿਤ ਤੇਲ ਜ਼ਹਿਰ ਦਾ ਪ੍ਰਗਟ ਹੋਣਾ ਇਕ ਸਮੁੰਦਰ ਵਿਚੋਂ ਹੀ ਜਾਣੀਦਾ ਹੈ।

**ਜੈਸੇ ਤਾਰੋ ਤਾਰੀ ਆਇ ਆਰਸੀ ਸਨਾਹ ਸ਼ਸਤ੍ਰ ਲੋਹ ਏਕ ਸੈ ਅਨੇਕ ਰਚਨਾ ਬਖਾਨੀਐ ॥**

ਜਿਸ ਤਰਾਂ ਜੰਦਰਾ ਕੁੰਜੀ, ਅਤੇ [ਆਰਸੀ] ਤਲਵਾਰ ਤੇ ਸਨਾਹ, (ਹੋਰ ਭੀ ਕਈ ਤਰ੍ਹਾਂ ਦੇ) ਸ਼ਸਤ੍ਰ, ਇਕ ਲੋਹੇ ਤੋਂ (ਏਹੋ ਜੇਹੀ) ਅਨੇਕ ਤਰਾਂ ਦੀ ਰਚਨਾ ਕਹੀ ਜਾਂਦੀ ਹੈ ॥

**ਭਾਂਜਨ ਬਿਬਿਧ ਜੈਸੇ ਹੋਤ ਏਕ ਮ੍ਰਿਤਕਾ ਸੈ ਖੀਰ ਬਿੰਜਨਾਦਿ ਅਉਖਧ ਸਮਾਨੀਐ ॥**

ਜਿਸ ਤਰਾਂ ਅਨੇਕ ਤਰਾਂ ਦੇ, ਭਾਂਡੇ ਇਕ ਮਿੱਟੀ ਤੋਂ ਪੈਦਾ ਹੁੰਦੇ ਹਨ, (ਜਿਨ੍ਹਾਂ ਵਿਚੋਂ ਕਿਸੇ ਵਿਚ) ਦੁੱਧ, (ਕਿਸੇ ਵਿਚ) ਭਾਜੀ-ਸਲੂਣਾ ਆਦਿਕ ਭੋਜਨ (ਤੇ ਕਿਸੇ ਵਿਚ) ਦਵਾਈ ਪਾਈ ਜਾਂਦੀ ਹੈ ॥

**ਤੈਸੇ ਦਰਸ਼ਨ ਬਹੁ ਬਰਨ ਆਸ਼੍ਰਮ ਧਰਮ ਸਕਲ ਗ੍ਰਿਹਸਤ ਕੀ ਸਾਖਾ ਉਨਮਾਨੀਐ ॥ ੩੭੫ ॥**

ਉਸੇ ਤਰ੍ਹਾਂ ਹੀ (ਜੋ) ਅਨੇਕਾਂ ਦਰਸ਼ਨ, ਵਰਨ ਤੇ ਆਸ਼੍ਰਮ (ਹਨ ਇਹ) ਸਾਰੇ ਹੀ ਗ੍ਰਹਸਤ ਧਰਮ ਦੀ ਸ਼ਾਖਾਂ ਹੀ ਵਿਚਾਰਨੇ ਚਾਹੀਦੇ ਹਨ ॥ ੩੭੫ ॥

**ਜੈਸੇ ਸਰੁ ਸਰਿਤਾ ਜਕਲ ਮੈ ਸਮੁੰਦਰ ਬਡੋ ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ ॥**

ਜਿਸ ਤਰਾਂ ਤਲਾਉ ਤੇ ਨਦੀਆਂ (ਆਦਿਕ) ਸਾਰੇ (ਜਲ ਸਥਾਨਾਂ) ਵਿਚੋਂ ਸਮੁੰਦਰ ਵਡਾ ਹੈ, ਪਹਾੜਾਂ ਵਿਚੋਂ ਸੁਮੇਰ ਵੱਡਾ ਹੈ, (ਇਹ ਗਲ ਸਾਰਾ) ਜਗਤ ਆਖਦਾ ਹੈ ॥

**ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ ॥**

ਜਿਸ ਤਰਾਂ ਦਰਖਤਾਂ ਵਿਚੋਂ ਚੰਦਨ ਬ੍ਰਿਛ ਵਡਾ ਹੈ,ਧਾਤਾਂ ਵਿਚੋਂ ਸੋਨਾ ਬੜਾਉਤਮ ਕਰਕੇ ਮੰਨਿਆਂ ਜਾਂਦਾ ਹੈ ॥

**ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਸਾਰਦੂਲੁ ਮੈ ਰਾਗਨ ਮੈ ਸ੍ਰੀ ਰਾਗੁ ਪਾਰਸ ਪਖਾਨ ਹੈ ॥**

ਜਿਸ ਤਰਾਂ ਪੰਛੀਆਂ ਵਿਚੋਂ ਹੰਸ ਵਡਾ ਹੈ, [ਮ੍ਰਿਗ ਰਾਜਨ] ਸ਼ੇਰਾਂ ਵਿਚ [ਸਾਰਦੂਲ] ਬੱਬਰ ਸ਼ੇਰ ਵੱਡਾ ਹੈ, ਰਾਗਾਂ ਵਿਚੋਂ ਸ੍ਰੀ ਰਾਗ (ਸ੍ਰੇਸ਼ਟ ਹੈ, ਅਤੇ) ਪੱਥਰਾਂ ਵਿਚੋਂ (ਸਰਬ ਸ੍ਰੇਸਟ ਹੈ ॥

**ਗਿਆਨਨ ਮੈ ਗਿਆਨ ਅਰੁ**

**ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥੩੭੬॥**

(ਉਸੇ ਤਰਾਂ ਹੀ) ਗਿਆਨਾਂ ਵਿਚੋਂ ਗੁਰੂ ਦਾ ਗਿਆਨ (ਵਡਾ ਹੈ ਤੇ) ਧਿਆਨਾਂ ਵਿਚੋਂ ਗੁਰੂ ਦਾ ਧਿਆਨ ਵਡਾ ਹੈ ਅਤੇ ਸਾਰੇ ਧਰਮਾਂ ਵਿਚ ਗ੍ਰਿਹਸਤ ਧਰਮ ਪ੍ਰਧਾਨ [ਸਭ ਤੋਂ ਮੁਖੀ] ਹੈ ॥੩੭੬॥

**ਤੀਰਥ ਮਜਨ ਕਰਬੇ ਕੋ ਹੈ ਇਹੈ ਗੁਨਾਉ ਨਿਰਮਲ ਤਨ ਤ੍ਰਿਖਾ ਤਪਤਿ ਨਿਵਾਰੀਐ॥**

(ਜਿਸ ਤਰਾਂ) ਤੀਰਥ ਇਸ਼ਨਾਨ ਕਰਨ ਦਾ ਏਹੋ ਗੁਣ ਹੈ, (ਕਿ) ਸਰੀਰ ਨਿਰਮਲ (ਹੋ ਜਾਂਦਾ ਹੈ ਤੇ) ਪਿਆਸ ਅਤੇ ਸਰੀਰ ਦੀ ਤਪਸ਼ ਦੂਰ ਹੋ ਜਾਂਦੀ ਹੈ ॥

**ਦਰਪਨ ਦੀਪ ਕਰ ਗਹੇ ਕੋ ਇਹੈ ਗੁਨਾਉ ਪੇਖਤ ਚਿਹਨ ਮਗ ਸੁਰਤਿ ਸੰਭਾਰੀਐ ॥**

(ਜਿਸ ਤਰਾਂ) ਸ਼ੀਸ਼ਾ ਤੇ ਦੀਪ [ਲੈਂਪ]ਹੱਥਵਿਚ ਫੜਨ ਦਾ ਏਹੋ ਗੁਣ ਹੈ (ਕਿ) ਰਸਤੇ ਦੇ ਨਿਸ਼ਾਨ ਵੇਖਦਿਆਂ ਹੀ ਸੁਰਤ ਸੰਭਾਲੀ ਜਾਵੇ (ਕਿ ਏਹ ਰਾਹ ਠੀਕ ਹੈ ਜਾਂ ਗਲਤ ਜਾ ਰਿਹਾ ਹਾਂ)।

**ਭੇਟਤ ਭਤਾਰਿ ਨਾਰਿ ਕੋ ਇਹੈ ਗੁਨਾਉ ਸ੍ਵਾਂਤਿ ਬੂੰਦ ਸੀਪ ਗਤਿ ਲੈ ਗਰਭ ਪ੍ਰਤਿਪਾਰੀਐ ॥**

ਪਤੀ ਨਾਲ ਮਿਲਾਪ [ਸੰਜੋਗ] ਕਰਨ ਦਾ ਇਸਤ੍ਰੀ ਦਾ ਏਹ ਗੁਣ ਹੈ, ਸਿਪੀ ਦਾ ਸ੍ਵਾਂਤੀ ਬੂੰਦ ਲੈਣ ਵਾਂਗੂ ਗਰਭ (ਧਾਰ) ਲਵੇ(ਤੇ ਫਿਰ ਉਸਦੀ) ਪ੍ਰਤਿਪਾਲਾ ਕਰੇ।

**ਤੈਸੇ ਗੁਰ ਚਰਨਿ ਸਰਨਿ ਹੈ ਇਹੈ ਗੁਨਾਉ ਗੁਰ ਉਪਦੇਸ਼ ਕਰਿ ਹਾਰ ਉਰਿ ਧਾਰੀਐ ॥੩੭੭॥**

ਉਸੇ ਤਰਾਂ ਗੁਰੂ ਜੀ ਦੇ ਚਰਨਾਂ ਦੇ ਸ਼ਰਨੀ (ਆਉਣ ਦਾ) ਏਹੋ ਗੁਣ [ਫਲ] ਹੈ, (ਕਿ) ਗੁਰ ਉਪਦੇਸ਼ ਨੂੰ ਹਾਰ ਬਣਾਕੇ ਗਲ ਵਿਚ ਧਾਰ ਲਵੇ ॥੩੭੭॥

**ਜੈਸੇ ਮਾਤਾ ਪਿਤਾ ਨ ਬਿਚਾਰਤ ਬਿਕਾਰ ਸੁਤ ਪੇਖਤ ਸਪ੍ਰੇਮ ਬਿਹਸਤ ਬਿਹਸਾਇਕੈ ॥**

ਜਿਸ ਤਰਾਂ ਮਾਤਾ-ਪਿਤਾ ਪੁਤ੍ਰ ਦੇ ਬਿਕਾਰਾਂ [ਔਗੁਣਾਂ] ਦਾ ਵਿਚਾਰ ਨਹੀਂ ਕਰਦੇ ਹਨ, ਸਗੋਂ ਹਸ ਹਸ ਕੇ ਪ੍ਰੇਮ ਨਾਲ ਵੇਖਦੇ ਤੇ ਪ੍ਰਸੰਨ ਹੁੰਦੇ ਹਨ।

**ਜੈਸੇ ਬ੍ਰਿਥਾਵੰਤ ਜੰਤ ਬੈਦਹਿ ਬ੍ਰਿਤਾਂਤ ਕਹੈ ਪਰਮ ਪਰੀਖਾ ਉਪਚਾਰਤ ਰਸਾਇਕੈ ॥**

ਜਿਸ ਤਰਾਂ ਰੋਗੀ ਪੁਰਸ਼ ਵੈਦ ਨੂੰ (ਆਪਣੇ ਦੁਖ ਦਾ) ਬ੍ਰਿਤਾਂਤ ਕਹਿੰਦਾ ਹੈ, (ਤਾਂ ਵੈਦ) ਪ੍ਰੀਖਿਆ ਦੁਆਰੇ (ਰੋਗ ਦੀ) ਪਰਖ [ਪਛਾਨ] ਕਰਕੇ ਤੇ ਰਸ [ਉਤਸਾਹਤ ਪ੍ਰੇਮ] ਵਿਚ ਆਕੇ [ਉਪਚਾਰਤ] ਇਲਾਜ ਕਰਦਾ ਹੈ।

**ਚਟੀਆ ਅਨੇਕ ਜੈਸੇ ਏਕ ਚਟਿਸਾਰ ਬਿਖੈ ਬਿਦਿਆ ਵੰਤ ਕਰੇ ਪਾਂਧਾ ਪ੍ਰੀਤਿ ਸੈ ਪੜ੍ਹਾਇਕੈ ॥**

ਜਿਸ ਤਰਾਂ ਇਕ ਪ੍ਰਾਠਸ਼ਾਲਾ [ਸਕੂਲ] ਵਿਚ ਅਨੇਕਾਂ ਵਿਦਿਆਰਥੀ ਹੁੰਦੇ ਹਨ ਅਤੇ ਪਾਂਧਾ(ਉਨ੍ਹਾਂ ਸਭਨਾਂ ਨੂੰ) ਪ੍ਰੇਮ ਨਾਲ ਪੜ੍ਹਾ ੨ ਕੇ ਵਿਦਵ ਨ ਕਰ ਦੇਂਦਾ ਹੈ।

**ਤੈਸੇ ਗੁਰ ਸਿਖਨ ਕੇ ਅਉਗੁਨ ਅਗਿਆਨ ਮੇਟੈ ਬ੍ਰਹਮ ਬਿਬੇਕ ਸੈ ਸਹਜਿ ਸਮਝਾਇਕੈ ॥ ੩੭੮ ॥**

ਉਸੇ ਤਰਾਂ ਹੀ ਗੁਰੂ ਬ੍ਰਹਮ ਵਿਚਾਰ ਨਾਲ ਸਿਖਾਂ ਨੂੰ ਸਮਝਾ ਸਮਝਾਕੇ(ਉਨ੍ਹਾਂਦੇ)ਔਗੁਣ ਤੇ ਅਗਿਆਨ

ਨੂੰ ਸਹਜੇ ਸਹਜੇ ਨਾਸ ਕਰ ਦਾ ਦਾ ਹੈ ॥੩੭੮॥

**ਜੈਸੇ ਤਉ ਕਰਤ ਸੁਤ ਅਨਿਕ ਇਆਨਪਨ ਤਊ ਨ ਜਨਨੀ ਅਉਗੁਨ ਉਰਿ ਧਾਰਿਓ ਹੈ ॥**

ਜਿਸ ਤਰਾਂ ਕਿ ਪੁਤ੍ਰ ਅਨੇਕ ਤਰ੍ਹਾਂ ਦਾ ਇਞਾਣ-ਪੁਣਾ[ਬੇਸਮਝੀ ਦੀ ਕਾਰ] ਕਰਦਾ ਹੈ,(ਪਰ) ਮਾਤਾ ਫਰ ਭੀ ਉਸਦੇ ਔਗੁਣ ਨੂੰ ਦਿਲ ਵਿਚ ਨਹੀਂ ਧਾਰਦੀ ਹੈ।

**ਜੈਸੇ ਤਉ ਸਰਨਿ ਸੂਰਿ ਪੂਰਨ ਪ੍ਰਤਿਗਿਆ ਰਾਖੈ ਅਨਿਕ ਅਵਗਿਆ ਕੀਏ ਮਾਰ ਨ ਬਿਡਾਰਿਓ ਹੈ ॥**

ਜਿਸ ਤਰਾਂ ਕਿ ਸਰਣੀ ਪਏ ਹੋਏ ਦੀਨ ਪੁਰਸ਼ ਦੀ ਰਖਯਾ ਕਰਨ ਵਾਲਾ ਸੂਰਮਾ ਆਪਣੀ ਪ੍ਰਤਗਯਾ ਪੂਰੀ ਰਖਦਾ ਹੈ ਅਤੇ (ਸ਼ਰਣ ਵਿਚ ਆਯਾ ਪੁਰਸ਼ ਭਾਵੇਂ)ਅਨੇਕਾਂ(ਤਰਾਂ ਨਾਲ ਉਸਦੀ)ਅਵਗਯਾ ਕਰੇ, (ਤਾਂ ਭੀ ਉਸਨੂੰ) ਮਾਰਕੇ ਨਾਸ ਨਹੀਂ ਕਰਦਾ ਹੈ।

**ਜੈਸੇ ਤਉ ਸਰਿਤਾ ਜਲੁ ਕਾਸਟਹਿ ਨ ਬੋਰਤ ਕਰਤ ਚਿਤ ਲਾਜ ਅਪਨੋਈ ਪ੍ਰਤਿ ਪਾਰਿਓ ਹੈ ॥**

ਜਿਸ ਤਰਾਂ ਕਿ ਨਦੀ ਦਾ ਪਾਣੀ ਲਕੜ ਨੂੰ ਡੋਬਦਾ ਨਹੀਂ ਹੈ (ਕਿਉਂਕਿ ਪਾਣੀ) ਚਿਤ ਵਿਚ ਇਸ ਗਲ ਦੀ ਲਾਜ ਕਰਦਾ ਹੈ, (ਕਿ ਏਹ ਮੇਰਾ) ਆਪਣਾ ਹੀ ਪਾਲਿਆ ਹੋਇਆ ਹੈ।

**ਤੈਸੇ ਹੀ ਪਰਮ ਗੁਰ ਪਾਰਸਪਰਸ ਗਤਿ ਸਿਖਨ ਕੋ ਕਿਰਤੁ ਕਰਮੁ ਨ ਬੀਚਾਰਿਓ ਹੈ ॥੩੭੯॥**

ਉਸੇ ਤਰਾਂ ਹੀ ਪਾਰਸ ਦੇ ਸਪਰਸ ਦੀ ਗਤੀ ਵਾਲਾ ਪਰਮ ਗੁਰੂ[ਗੁਰੂਆਂ ਦਾ ਗੁਰੂ ਜਾਂ ਸਤਿਗੁਰੂ] ਸਿਖਾਂ ਦ ਕਿਰਤ ਕਰਮ ਦਾ ਕੁਝ ਭੀ ਬਿਚਾਰ ਨਹੀਂ ਕਰਦਾ ਹੈ(ਅਰਥਾਤ ਜਿਸ ਤਰਾਂ ਪਾਰਸ ਨੂੰ ਪਰਸਨ ਵਾਲੀ ਧਾਤੂ ਵਡੀ ਹੋਵੇ ਜਾਂ ਛੋਟੀ, ਵਿੰਗੀ ਹੋਵੇ ਜਾਂ ਟੇਢੀ, ਪਾਰਸ ਉਸ ਵਲ ਧਿਆਨ ਨਹੀਂ ਦੇਂਦਾ ਅਤੇ ਆਪਣਾ ਧਰਮ ਪੂਰਾ ਕਰਦਾ ਹੈ ਜੋ ਪਰਸਨ ਵਾਲੇ ਨੂੰ ਸੋਨਾ ਕਰ ਦੇਂਦਾ ਹੈ, ਇਸੇ ਤਰਾਂ ਸਤਿਗੁਰੂ ਸਿਖ ਦੇ ਭਲੇ ਬੁਰੇ ਕਰਮਾਂ ਵਲ ਨਹੀਂ ਵੇਖਦਾ ਤੇ ਸਰਣਿ ਪਏ ਹੋਏ ਨੂੰ ਚੁਕਕੇ ਗਲ ਨਾਲ ਲਾ ਲੈਂਦਾ ਹੈ ॥੩੭੯॥

**ਜੋਈ ਕੁਲਾ ਧਰਮ ਕਰਮ ਕੈ ਸੁਚਾਰ ਚਾਰ ਸੋਈ ਪਰਵਾਰ ਬਿਖੈ ਸ੍ਰੇਸ਼ਟ ਬਖਾਨੀਐ ॥**

ਜੇਹੜਾ ਕੋਈ ਕੁਲ ਦੇ ਧਰਮ ਨੂੰ ਸ਼ੁਭ ਅਚਾਰ (ਸਮਝਕੇ, ਉਸਦੇ ਅਨੁਸਾਰੀ ਹੋਕੇ) ਸੁੰਦਰ ਕਰਮ ਕਰਦਾ ਹੈ, ਉਸ ਨੂੰ (ਸਾਰੇ) ਪ੍ਰਵਾਰ ਵਿਚ ਸ੍ਰੇਸ਼ਟ ਕਰਕੇ ਮੰਨੀਦਾ ਹੈ।

**ਬਨਜੁ ਬਿਉਹਾਰ ਸਾਚੋ ਸਾਹ ਸਨਮੁਖ ਸਦਾ ਸੋਈ ਤਉ ਬਨਉਟਾ ਨਿਹਕਪਟ ਕੈ ਮਾਨੀਐ ॥**

(ਜੇਹੜਾ ਕੋਈ,ਵਣਜਵਿਉਹਾਰ ਵਿਚ ਸਦਾ ਸ਼ਾਹ ਦੇ ਸਨਮੁਖ ਤੇ ਸਚਾ (ਰਹਿੰਦਾ ਹੈ, ਸ਼ਾਹ) ਉਸੇ ਹੀ ਵਣਜਾਰੇ [ਗੁਮਾਸ਼ਤੇ] ਨੂੰ ਕਪਟ ਤੋਂ ਰਹਿਤ [ਨਿਰ ਛਲੀਆ] ਕਰਕੇ ਮੰਨਦਾ ਹੈ।

**ਸੁਆਮਿ ਕਾਮ ਸਾਵਧਾਨ ਮਾਨਤ ਨਰੇਸ ਆਨ ਸੋਈ ਸੁਆਮਿ ਕਾਰਜੀ ਪ੍ਰਸਿਧ ਪਹਿਚਾਨੀਐ ॥**

(ਜੇਹੜਾ ਕੋਈ)ਸੁਆਮੀ [ਮਾਲਕ] ਦੇ ਕੰਮ ਵਿਚ ਸਾਵਧਾਨ (ਰਹਿੰਦਾ ਹੋਇਆ ਭੀ) ਰਾਜੇ ਦੀ ਆਨ [ਹਕੂਮਤ ਦੇ ਨਿਯਮ] ਮੰਨਦਾ ਹੈ, ਓਹੋ ਹੀ (ਜਗਤ ਵਿਚ] ਸ੍ਵਾਮਿ ਭਗਤ ਪ੍ਰਸਿਧ ਪਛਾਣਿਆਂ ਜਾਂਦਾ ਹੈ, ਜਾਂ ਉਸਨੂੰ ਸ੍ਵਾਮੀ ਦਾ ਕੰਮ ਕਰਨ ਵਾਲਾ ਮਸ਼ਹੂਰ ਕੀਤਾ ਜਾਂਦਾ ਹੈ )।

**ਗੁਰ ਉਪਦੇਸ਼ ਪਰਵੇਸ ਰਿਦਿ ਅੰਤਰਿ ਹੈ ਸ਼ਬਦ ਸੁਰਤਿ ਸੋਈ ਸਿਖੁ**

**ਜਗ ਜਾਨੀਐ ॥੩੯੦॥**

(ਇਸੇ ਤਰਾਂਹੀ ਜਿਸਦੇ)ਹਿਰਦੇ ਦੇ ਅੰਦਰ ਗੁਰ ਉਪਦੇਸ਼ ਦਾ ਆਵੇਸ਼ ਹੈ, ਓਹੀ ਸਿਖ ਸ਼ਬਦ ਸੁਰਤਿ (ਦਾ ਭੇਦੀ) ਜਗਤ ਵਿਚ ਜਾਣੀਦਾ ਹੈ ॥੩੯੦॥

**ਜਲ ਕੈ ਧਰਨਿ ਅਰੁ ਧਰਨਿ ਕੈ ਜੈਸੇ ਜਲੁ ਪ੍ਰੀਤਿ ਕੈ ਪਰਸਪਰ ਸੰਗਮੁ ਸਮਾਰਿ ਹੈ ॥**

ਜਿਸ ਤਰ੍ਹਾਂ ਜਲ ਕਰਦਾ ਹੈ ਧਰਤੀ ਨਾਲ (ਪ੍ਰੀਤ) ਅਤੇ ਧਰਤੀ ਕਰਦੀ ਹੈ ਜਲ ਨਾਲ, ਆਪੋ ਵਿਚ ਇਕ ਦੂਜੇ ਦੀ ਇਕ ਦੂਜੇ ਨਾਲ ਪ੍ਰੀਤੀ ਕੀ ਸੰਗਮ ਨੂੰ ਸੰਭਾਲਦੇ ਹਨ।

**ਜੈਸੇ ਜਲ ਸੀਂਚ ਕੈ ਤਮਾਲਿ ਪ੍ਰਤਿ ਪਾਲੀਅਤ ਬੋਰਤ ਨ ਕਾਸਟਹਿ ਜ੍ਵਾਲਾ ਮੈ ਨ ਜਾਰਿ ਹੈ ॥**

ਜਿਸ ਤਰ੍ਹਾ ਪਾਣੀ ਸਿੰਜ ਸਿੰਜ ਕੇ ਤਮਾਲ [ਤਾੜ] ਬ੍ਰਿਛ ਨੂੰ ਚੰਗੀ ਤਰ੍ਹਾਂ ਪਾਲਿਆ ਜਾਂਦਾ ਹੈ, (ਪਰ ਪਾਣੀ ਉਸਦੇ)ਕਾਠ ਤਾਂਈ ਨਾ ਡੋਬਦਾ ਹੈ ਅਤੇ ਨਾ ਹੀ ਅਗ ਵਿਚ ਸੜਨ ਦੇਂਦਾ ਹੈ।

**ਲੋਸਟ ਕੇ ਜੜਿ ਗੜਿ ਬੋਹਿਥ ਬਨਾਈਅਤ ਲੋਸਟਹਿ ਸਾਗਰ ਅਪਾਰ ਪਾਰ ਪਾਰ ਹੈ ॥**

ਜਿਸ ਤਰ੍ਹਾਂ (ਕਿ ਲਕੜਾਂ ਨੂੰ) ਘੜਕੇ ਤੇ ਲੋਹੇ (ਦੀਆਂ ਮੇਖਾਂ ਨਾਲ)ਜੜਕੇ ਜਹਾਜ਼ ਬਣਾਯਾ ਜਾਂਦਾ ਹੈ, (ਫਿਰ ਉਹ ਜਹਾਜ) ਲੋਹੇ ਨੂੰ (ਆਪਣੇ ਉਤੇ ਲੱਦਕੇ) ਅਪਾਰ ਸਾਗਰ ਤੋਂ ਪਾਰਲੇ ਪਾਰ (ਪੁਚਾ ਦੇਂਦਾ) ਹੈ।

**ਪ੍ਰਭੁ ਕੈ ਜਾਨੀਜੈ ਜਨ ਜਨ ਕੈ ਜਾਨੀਜੈ ਪ੍ਰਭੁ ਤਾਂ ਤੇ ਜਨ ਕੋ ਨ ਗੁਨ ਅਉਗੁਨ ਬੀਚਾਰਿ ਹੈ ॥ ੩੯੧ ॥**

(ਉਸੇ ਤਰਾਂ ਹੀ) ਪ੍ਰਭੂ ਕਰਕੇ ਦਾਸ ਜਾਣਿਆਂ ਜਾਂਦਾ ਹੈ ਅਤੇ ਦਾਸ ਕਰਕੇ ਪ੍ਰਭੂ ਜਾਣਿਆਂ ਜਾਂਦਾ ਹੈ। ਇਸੇ ਕਰਕੇ ਹੀ(ਪ੍ਰਭੂ) ਦਾਸ ਦੇ ਗੁਣਾਂ ਔਗੁਣ ਨੂੰ ਨਹੀਂ ਵੀਚਾਰਦਾ ਹੈ ॥੩੯੧॥

ਭਾਵ—ਇਹ ਨਿਯਮ ਹੈ ਕਿ ਮਾਲਕ ਦੀ ਤਾਕਤ ਕਰਕੇ ਨੌਕਰ ਨੂੰ ਮਾਨ ਮਿਲਦਾ ਹੈ ਤੇ ਨੌਕਰ ਦੀ ਫਰਮਾ ਬਰਦਾਰੀਕਰਕੇ ਮਾਲਕ ਦੀਨੇਕਨਾਮੀ ਹੁੰਦੀ ਹੈ। ਪ੍ਰਭੂ ਦੇ ਪਰਤਾਪ ਨੇ ਹੀ ਜੁਲਾਹੇ, ਚੁਮਾਰ,ਧਬੀ, ਕਸਾਈ ਆਦਿਕ ਨੀਚ ਭਗਤਾਂ ਨੂੰ ਜਗਤ ਵਿਚ ਰੌਸ਼ਨ ਕੀਤਾ ਹੈ, ਜੇ ਪ੍ਰਭੂ ਉਨ੍ਹਾਂ ਦੀ ਸਹਾਇਤਾ ਨਾਂ ਕਰਦਾਤਾਂ ਪ੍ਰਭੂ ਨੂੰਕੋਈ ਜਾਣਦਾ ਹੀ ਨਾਂ।ਅਤੇਜੇਕਰ ਉਹ ਨੀਚ ਪੁਰਸ਼ ਪ੍ਰਭੂ ਦੀ ਭਗਤੀ ਨਾ ਕਰਦੇ ਤਾਂ ਪ੍ਰਭੂ ਦੇ ਨਾਮ ਦਾ ਹੀ ਕਿਸੇ ਨੂੰ ਪਤਾ ਨਹੀਂ ਲਗਣਾ ਸੀ ਏਹ ਅਟੱਲ ਨਿਯਮ ਹੈ ਕਿ ਦਾਸ ਹੀ ਸ੍ਵਾਮੀ ਦਾ ਨਾਮ ਰੌਸ਼ਨ ਕਰਦਾ ਹੈ।

ਨੋਟ—ਤਮਾਲ ਦੀ ਲੱਕੜ ਵਿਚ ਪਾਣੀ ਬਹੁਤਾ ਹੁੰਦਾ ਹੈ,ਜਿਵੇਂ ਕੇਲੇ ਵਿਚ ਅਥਾਹ ਪਾਣੀ ਹੈ, ਇਸੇ ਤਰਾਂ ਤਮਾਲ ਦੀ ਲਕੜ ਨਿਰੇ ਰੇਸ਼ੇ ਜੇਹੇ ਹੀ ਹੁੰਦੇ ਹਨ,ਜਿਸਦੀ ਲਕੜੀ ਦੇ ਫੱਟ ਜੇਹੇ ਚੀਰੇ ਜਾਕੇ ਬੇੜ੍ਹੇ ਬਣਨ ਦੇਕੰਮ ਵਿਚਆ ਸਕਦੇ ਹਨ,ਹੋਰ ਕੁਝ ਨਹੀਂ ਬਣ ਸਕਦਾ, ਉਸਨੂੰ ਅੱਗ ਵਿਚ ਬਾਲਣਾ ਚਾਹੀਏ ਤਾਂ ਉਸਨੂੰ ਅੱਗ ਨਹੀਂ ਲਗਦੀ,ਸਗੋਂ ਬਲਦੀ ਹੋਈ ਭੀ ਬੁਝ ਕੇ ਧੂੰਆਂ ਜੇਹਾ ਹੋਕੇ ਸੌਂ ਹੀ ਜਾਂਦੀ ਹੈ ॥

**ਬਿਆਹ ਸਮੈ ਜੈਸੇ ਦੁਹੂੰ ਓਰ ਗਾਈਅਤਿ ਗੀਤ ਏਕੈ ਹੁਇ ਲਭਤ ਏਕੈ ਹਾਨਿ ਕਾਨਿ ਜਾਨੀਐ ॥**

ਜਿਸ ਤਰਾਂ ਵਿਆਹ ਦੇ ਸਮੇਂ ਦੋਹੀਂ ਪਾਸੀਂ(ਖੁਸ਼ੀ ਤੇ ਮੰਗਿਲ ਦੇ)ਗੀਤ ਗਾਵੇਂ ਜਾਂਦੇ ਹਨ,ਇਕ(ਪੁਤ੍ਰ ਵਾਲੇ ਪਾਸੇ ਵਾਲਿਆਂ ਨੂੰ ਲਾਭ ਹੁੰਦਾ ਹੈ ਅਤੇਇਕ (ਧੀ ਵਾਲੇ ਪਾਸੇ ਵਾਲਿਆਂ ਨੂੰ ਹਾਨ-ਕਾਨ (ਹੁੰਦੀ) ਜਾਣੀ ਜਾਂਦੀ ਹੈ(ਅਰਥਾਤ ਲੜਕੇ ਵਾਲੇ ਦਹੇਜ਼ ਤੇ ਨਜ਼ਰਾਨਾ, ਵਦੈਗੀ ਆਦਿਕ ਲਾਭ ਲੈਂਦੇ ਹਨ, ਅਤੇ ਧੀ ਵਾਲੇ ਧਨ-ਪਦਾਰਥ ਦੇਣ ਤੋਂ ਵਖਰਾ ਆਪ ਉਨ੍ਹਾਂ ਤੋਂ ਨੀਵੇਂਕਰਕੇ ਮੰਨਿਆਂ ਕਰਦੇਹਨ।

**ਦੁਹੂੰ ਦਲ ਬਿਖੈ ਜੈਸੇ ਬਾਜਤ ਨੀਸਾਨ**

**ਤਾਨ ਕਾਹੂ ਕਉ ਜੈ ਕਾਹੂ ਕਉ ਪਰਾ-ਜੈ ਪਹਿਚਾਨੀਐ ॥**

ਜਿਸ ਤਰਾਂ ਦੋਹਾਂ ਫੋਜਾਂ ਵਿਚ [ਤਾਨ] ਜੋਰ-ਸ਼ੋਰ ਨਾਲ ਧੋਸੇ ਵੱਜਦੇ ਹਨ, (ਪਰ) ਕਿਸੇ ਨੂੰ ਜਿੱਤ ਅਤੇ ਕਿਸੇ ਨੂੰ [ਪਰਾਜੈ] ਹਾਰ ਹੁੰਦੀ ਪਛਾਣੀ ਜਾਂਦੀ ਹੈ।

**ਜੈਸੇ ਦੂਹੂੰ ਕੂਲ ਸਰਿਤਾ ਮੈ ਭਰਿ ਨਾਉ ਚਲੈ ਕੋਊ ਮਾਂਝਿ ਧਾਰਿ ਕੋਊ ਪਾਰਿ ਪਰਿਵਾਨੀਐ ॥**

ਜਿਸ ਤਰਾਂ ਨਦੀ ਦੇ ਦੋਹਾਂ ਕਿਨਾਰਿਆਂ ਵਿਚ ਬੇੜੀਆਂ ਪਰ ਭਰਕੇ ਚਲਦੀਆਂ ਹਨ, (ਪਰ) ਕੋਈ ਮੰਝ ਧਾਰ ਵਿਚ ਡੁੱਬ ਜਾਂਦੀ (ਜਾਂ ਹੁੱਸ ਕੇ ਰੁਕ) ਜਾਂਦੀ ਹੈ ਅਤੇ ਕੋਈ ਪਾਰਲੇ(ਕਢੇ ਤੇ ਪੁਜ ਜਾਂਦੀ) ਪ੍ਰਵਾਨ ਕੀਤੀ ਜਾਦੀ ਹੈ।

**ਧਰਮ ਅਧਰਮ ਕਰਮ ਕੈ ਅਸਾਧ ਸਾਧ ਊਚ ਨੀਚ ਪਦਵੀ ਪ੍ਰਸਿਧ ਉਨ ਮਾਨੀਐ ॥੩੯੨॥**

(ਇਸੇ ਤਰਾ) ਧਰਮ ਦੇ ਕਰਮ ਕਰਕੇ ਸਾਧ ਨੂੰ ਉਚੀ ਪਦਵੀ ਨਾਲ ਮਸ਼ਹੂਰ ਵਿਚਾਰੀ ਦਾ ਹੈ ਅਤੇ ਅਧਰਮ ਦੇ ਕਰਮ ਕਰਨ ਕਰਕੇ ਅਸਾਧ ਨੂੰ ਨੀਚ ਪਦਵੀ ਵਿਚ ਮਸ਼ਹੂਰ ਵੀਚਾਰੀ ਦਾ ਹੈ (ਅਰਥਾਤ ਅਸਾਧ ਅਧਰਮ ਦੇਕਰਮ ਕਰਨ ਕਰਕੇਨੀਚਪਦਵੀ ਵਿਚ ਮਸ਼ਹੂਰ ਹੋ ਜਾਂਦਾ ਹੈ ਜੈਸੀ ਕਹਾਵਤ ਹੈ ਕਿ-'ਅਗਰ ਬਦਨਾਮ ਹੋਂਗੇ ਤੋ ਕਿਆ ਨਾਮ ਨ ਹੋਗਾ'।। ਅਤੇ ਕਈ ਪੁਰਸ਼ ਧਰਮ ਦੇ ਕਰਮ ਕਰਕੇ ਨੇਕ ਨਾਮੀ ਵਿਚ ਮਸ਼ਹੂਰ ਹੁੰਦੇ ਹਨ ॥੩੯੨॥

**ਪਾਹਨ ਕੀ ਰੇਖ ਆਦਿ ਅੰਤ ਨਿਰਬਾਹੁ ਕਰੈ ਟਰੈ ਨ ਸਨੇਹ ਸਾਧ ਬਿਗ੍ਰਹ ਅਸਾਧ ਕੋ ॥**

ਜਿਸ ਤਰਾਂ ਪੱਥਰ ਦੀ ਲੀਕ, ਸ਼ੁਰੂ ਤੋਂ ਆਖੀਰ ਤੱਕ ਜਿਉਂ ਦੀ ਤਿਉਂ ਖੜੀ ਹੋਈ ਨਿਰਬਾਹ ਕਰਦੀ ਹੈ, (ਇਸੇ ਤਰ੍ਹਾਂ) ਭਲੇ ਪੁਰਸ਼ ਦਾ ਪ੍ਰੇਮ ਅਤੇ ਬੁਰੇ ਪੁਰਸ਼ ਦਾ ਲੜਾਈ-ਝਗੜਾ ਟਲਦਾ ਨਹੀਂ ਹੈ (ਸਦਾ ਕਾਇਮ ਰਹਿੰਦਾ ਹੈ)

**ਜੈਸੇ ਜਲ ਮੈ ਲਕੀਰ ਧੀਰ ਨ ਧਰਤਿ ਤਤੁ ਅਧਮ ਕੀ ਪ੍ਰੀਤਿ ਅਉ ਬਿਰੁਧ ਜੁਧ ਸਾਧ ਕੋ ॥**

ਜਿਸ ਤਰ੍ਹਾਂ ਪਾਣੀ ਵਿਚ (ਪਾਈ ਹੋਈ) ਲਕੀਰ ਧੀਰਜ [ਅਸਥਿਰਤਾ] ਨਹੀਂ ਧਰਦੀ ਹੈ, ਉਸੇ ਤਰਾਂ ਹੀ ਨੀਚ ਪੁਰਸ਼ ਦੀ ਪ੍ਰੀਤੀ ਹੈ, (ਜੋ ਕਾਇਮ ਨਹੀਂ ਰਹਿੰਦੀ ਹੈ, ਅਤੇ) ਭਲੇ ਪੁਰਸ਼ ਦਾ ਵਿਰੋਧ ਤੇ ਜੁਧ ਹੈ (ਜੋ ਕਾਇਮ ਨਹੀਂ ਰਹਿੰਦਾ ਹੈ)।

**ਬੋਹਰਿ ਉਖਾਰੀ ਉਪਕਾਰੀ ਅਉ ਬਿਕਾਰੀ ਸਹਜਿ ਸੁਭਾਵ ਸਾਧ ਅਧਮ ਉਪਾਧ ਕੋ ॥**

ਜਿਸ ਤਰਾਂ ਬੋਹਰ [ਬਿਕਾਰੀ] ਵਿਗਾੜ ਕਰਨ ਵਾਲਾ ਹੈ ਅਤੇ [ਉਖਾਰੀ]ਕਮਾਦ ਉਪਕਾਰੀ[ਭਲਾ ਕਰਨ ਵਾਲਾ] ਹੈ, (ਇਸੇ ਤਰ੍ਹਾਂ) ਸਾਧੂ ਦਾ ਸੁਭਾਵ [ਸਹਜਿ] ਸ਼ਾਂਤੀ (ਪੈਦਾ ਕਰਨ ਵਾਲਾ ਹੈ ਅਤੇ ਨੀਚ ਪੁਰਸ਼ਦਾ ਸੁਭਾਵ ਉਪਾਧੀ [ਲੜਾਈ-ਝਗੜਾ] ਖੜਾ ਕਰਨ ਵਾਲਾ ਹੈ।

**ਗੁੰਜਾ ਫਲ ਮਾਨਕ ਸੰਸਾਰਿ ਤੁਲਾ ਧਾਰ ਬਿਖੈ ਤੋਲਿ ਕੈ ਸਮਾਨਿ ਮੋਲ ਅਲਪ ਅਗਾਧ ਕੋ ॥ ੩੯੩ ॥**

(ਜਿਸ਼ ਤਰ੍ਹਾਂ) ਸੰਸਾਰ ਵਿਚ [ਤੁਲਾਧਾਰ] ਤਕੜੀ ਉਤੇ ਗੁੰਜਾ-ਫਲ [ਰੱਤਕਾਂ] ਤੇ ਮਾਣਕ (ਤੋਲੇ ਜਾਂਦੇ ਹਨ, ਜਿਨ੍ਹਾਂ ਦਾ) ਤੋਲ ਤਾਂ ਸਮਾਨ ਹੁੰਦਾ ਹੈ, ਪਰ ਮੁਲ ਥੋੜਾ ਤੇ ਮਹਾਨ ਬਹੁਤਾ) ਅਰਥਾਤ ਰੱਤੀਆਂ ਦਾ ਮੁਲ ਬਿਲਕੁਲ ਤੁਛ ਤੇ ਮਾਣਕ ਦਾ ਮੁਲ ਮਹਾਨ ਹੀ ਬਹੁਤ ਹੁੰਦਾ ਹੈ) ॥੩੯੩ ॥

**ਕੁਲਾ ਬਧੂ ਜੈਸੇ ਅੰਗ ਰਚਤ ਸਿੰਗਾਰ ਖੋੜਸ ਤੇਈ ਗਨਿਕਾ ਰਚਿਤ ਸਕਲ ਸੰਸਾਰ ਜੀ ॥**

ਜਿਸ ਤਰਾਂ ਸ੍ਰੇਸ਼ਟ ਕੁਲ ਦੀ ਨੂੰਹ-ਧੀ ਸਰੀਰ

ਉਤੇ ਸੋਲਾਂ ਸ਼ਿੰਗਾਰ ਸਜਾਉਂਦੀ ਹੈ, ਓਹੋ ਹੀ ਸਾਰੇ ਸ਼ਿੰਗਾਰ ਵੇਸਵਾ ਸਰੀਰ ਉਤੇ ਸਜਾਉਂਦੀ ਹੈ।

**ਕੁਲਾ ਬਧੂ ਸਿਹਜਾ ਸਮੈ ਰਮੈ ਭਰ ਤਾਰ ਏਕ ਬੇਸ੍ਵਾ ਤਉ ਅਨੇਕ ਸੈ ਕਰਤ ਬਿਭਚਾਰ ਜੀ ॥**

ਵਿਵਾਹਤਾ ਇਸਤ੍ਰੀ ਤਾਂ ਸੇਜਾ ਸਮੇ ਇਕ ਪਤੀ ਨਾਲ ਭੋਗ ਬਿਲਾਸ ਕਰਦੀ ਹੈ ਪਰ ਵੇਸਵਾ ਅਨੇਕਾਂ [ਦੋਸਤਾਂ] ਨਾਲ ਵਿਭਚਾਰ ਕਰਦੀ ਹੈ।

**ਕੁਲਾ ਬਧੂ ਸੰਗਮੁ ਸੁਜਸੁ ਨਿਰ ਦੋਖ ਮੋਖ ਬੇਸ੍ਵਾ ਪਰਸਤ ਅਪਜਸੁ ਹੁਇ ਬਿਕਾਰ ਜੀ ॥**

ਵਿਵਾਹਤਾ ਇਸਤ੍ਰੀ ਦਾ ਸੰਗਮ [ਭੋਗ-ਬਿਲਾਸ] ਸੁਜਸ (ਦੇਣ ਵਾਲਾ), ਪਾਪ ਤੋਂ ਰਹਿਤ ਤੇ ਮੁਕਤੀ (ਦਾਤਾ ਹੈ,ਪਰ) ਵੇਸਵਾ ਨਾਲ ਸਪਰਸ ਕਰਦਿਆਂ ਹੀ ਬਦਨਾਮੀ ਹੁੰਦੀ ਹੈ ਅਤੇ (ਸਰੀਰ ਤੇ ਆਤਸ਼ਕ ਵਗੈਰਾ ਰੋਗ ਨਾਲ) ਵਿਗਾੜ ਹੋ ਜਾਂਦਾ ਹੈ।

**ਤੈਸੇ ਗੁਰ ਸਿਖਨ ਕਉ ਪਰਮ ਪਵਿਤ੍ਰ ਮਾਇਆ ਸੋਈ ਦੁਖਦਾਇਕ ਹੁਇ ਦਹਤਿ ਸੰਸਾਰ ਜੀ ॥ ੩੯੪ ॥**

ਉਸੇ ਤਰਾਂ ਹੀ (ਇਹ) ਮਾਯਾ ਗੁਰ ਸਿਖਾਂ ਨੂੰ ਤਾਂ ਪਰਮ ਪਵਿਤ੍ਰ (ਫਲ ਦੇਣਵਾਲੀ ਹੁੰਦੀ ਹੈ,ਅਤੇ) ਓਹੀ (ਮਾਯਾ) ਸੰਸਾਰ ਲਈ ਦੁਖਦਾਈ ਹੋਕੇ (ਦੁਖਾਂ-ਕਲੇਸ਼ਾਂ ਵਿਚ) ਸਾੜਦੀ ਹੈ ॥੩੯੪॥

ਨੋਟ–ਸਿੰਗਾਰ ਸੋਲਾਂ ਗਿਣੇ ਜਾਂਦੇ ਹਨਜੋ ਕਾਵ੍ਯ ਦੇ ਗ੍ਰੰਥ 'ਰਸਿਕ ਪ੍ਰਯਾ' ਵਿਚ ਇਉਂ ਲਿਖੇ ਹਨ:– "ਪ੍ਰਿਥਮ ਸਕਲਸੁਚਿ ਮਜਨ ਅਮਲ ਵਾਸ ਜਾਵਕ ਸੁਦੇਸ ਕੇਸ ਪਾਸ਼ ਕੋ ਸੁਧਾਰਬੋ ॥ ਅੰਗਰਾਗ ਭੂਸ਼ਣ ਵਿਵਿਧ ਮੁਖਵਾਸ ਰੰਗ ਕਜਲ ਕਲਿਤ ਲੋਲ ਲੋਚਨ ਨਿਹਾਰਬੋ ॥ ਬੋਲਨ ਹਸਨ ਮ੍ਰਿਦੁ ਚਲਨ ਚਿਤੋਨ ਚਾਰੁ ਪਲ ਪਲ ਪਤਿਬ੍ਰਤ ਪ੍ਰੀਤਿ ਪ੍ਰਤਿ-ਪਾਰਬੋ ॥ ਕੇਸ਼ੋ ਦਾਸ ਸਵਿਲਾਸ ਕਰ ਹੋ ਕੁਵਰਿ ਰਾਧੇ ਇਹ ਵਿਧਿ ਸੋਰਹਿ ਸ਼ਿੰਗਾਰਨ ਸ਼ਿੰਗਾਰਬੋ ॥

**ਸੋਈ ਲੋਹਾ ਬਿਸ੍ਵ ਬਿਖੈ ਬਿਬਿਧਿ ਬੰਧਨ ਰੂਪ ਸੋਈ ਤਉ ਕੰਚਨ ਜੋਤਿ ਪਾਰਸ ਪ੍ਰਸੰਗ ਹੈ ॥**

(ਜਿਸ ਤਰ੍ਹਾਂ) ਓਹੀ ਲੋਹਾ ਸੰਸਾਰ ਵਿਚ ਅਨੇਕ ਤਰਾਂ ਦੇ ਬੰਧਨ ਰੂਪ (ਹੋਕੇ ਵਰਤ ਰਿਹਾ ਹੈ, ਅਤੇ) ਓਹੀ ਲੋਹਾ ਪਾਰਸ ਨਾਲ ਮਿਲ ਕਰਕੇ ਸੋਨਾ ਹੋ ਕੇ [ਜੋਤਿ] ਪ੍ਰਕਾਸ਼ਦਾ ਹੈ।

**ਸੋਈ ਤਉ ਸਿੰਗਾਰ ਅਤਿ ਸੋਭਤ ਪਤਿਬ੍ਰਤਾ ਕਉ ਸੋਈ ਅਭਰਨੁ ਗਨਿਕਾ ਰਚਿਤ ਅੰਗ ਹੈ ॥**

(ਜਿਸ ਤਰ੍ਹਾਂ) ਓਹੋ ਹੀ ਤਾਂ ਸ਼ਿੰਗਾਰ ਪਤਿਬ੍ਰਤਾ ਇਸਤ੍ਰੀ ਦੇ ਸਰੀਰ ਉਤੇ ਸੋਭਾ ਪਾਂਦੇ ਹਨ, ਅਤੇਓਹੋ ਹੀ ਗਹਿਣੇਵੇਸਵਾਆਪਣੇਸਰੀਰ ਉਤੇ ਸਜਾਉਂਦੀਹੈ

**ਸੋਈ ਸ੍ਵਾਂਤਿ ਬੂੰਦ ਮਿਲਿ ਸਾਗਰ ਮੁਕਤਾ ਫਲ ਸੋਈ ਸਾਂਤਿ ਬੂੰਦ ਬਿਖੁ ਭੇਟਤ ਭੁਇਅੰਗ ਹੈ ॥**

(ਜਿਸ ਤਰ੍ਹਾਂ) ਓਹੀ ਤਾਂ ਸ੍ਵਾਂਤੀ ਬੂੰਦ (ਸਿਪੀ ਨਾਲ) ਮਿਲਕੇ ਸਮੁੰਦਰ ਵਿਚ ਮੋਤੀ ਰੂਪ ਫਲ ਬਣ ਜਾਂਦੀ ਹੈ, ਅਤੇ) ਓਹੀ ਸ੍ਵਾਤੀ ਬੂੰਦ ਸੱਪ ਨਾਲ ਮਿਲਦਿਆਂ ਹੀ ਜ਼ੈਹਰ (ਬਣ ਜਾਂਦੀ ਹੈ)।

**ਤੈਸੇ ਮਾਇਆ ਕਿਰਤਿ ਬਿਰਤਿ ਹੈ ਬਿਕਾਰ ਜਗ ਪਰ ਉਪਕਾਰ ਗੁਰ ਸਿਖਨ ਸ੍ਰੰਗ ਹੈ ॥ ੩੯੫ ॥**

ਉਸੇ ਤਰ੍ਹਾਂ ਹੀ ਮਾਯਾ ਸੰਸਾਰ ਵਿਚ [ਕਿਰਤਿ ਬਿਰਤਿ] ਵਿਉਹਾਰ ਰੂਪ ਕਿਰਤ [ਕਾਰਾਂ ਵਿਚਾਰਾਂ] ਵਿਚ ਵਰਤਕੇ ਵਿਗਾੜ ਕਰਦੀ ਹੈ, ਅਤੇ ਓਹੀ ਮਾਯਾ ਗੁਰ ਸਿਖਾਂ ਨਾਲ ਮਿਲ ਕਰਕੇ ਉਨ੍ਹਾਂ ਪਾਸੋਂ ਪਰ ਉਪਕਾਰ ਕਰਾਂਦੀ ਹੈ ॥ ੩੯੫ ॥

**ਕਊਆ ਜਉ ਮਰਾਲ ਸਭਾ ਜਾਇ ਬੈਠੇ ਮਾਨਸਰ ਦੁਚਿਤ ਉਦਾਸ ਬਾਸ**

**ਆਸ ਦੁਰਗੰਧ ਕੀ ॥**

(ਜਿਸ ਤਰ੍ਹਾਂ) ਜੇਕਰ ਕਾਂ ਹੰਸਾਂ ਦੀ ਸਭਾ ਵਿਚ ਮਾਨਸਰੋਵਰ ਉਤੇ ਜਾ ਬੈਠੇ (ਤਾਂ) ਦੁਰਗੰਧ [ਗੂਹ] ਦੀ ਆਸ ਵਿਚ ਹੀ ਦੁਚਿਤਾ ਤੇ ਉਦਾਸ ਜੇਹਾ ਹੀ ਵਾਸ ਕਰਦਾ ਹੈ।

**ਸ੍ਵਾਨ ਜਉ ਬੈਠਾਈਐ ਸੁਭਗ ਪ੍ਰਜੰਕ ਪਰਿ ਤਿਆਗਿ ਜਾਇ ਚਾਕੀ ਚਾਟੈ ਹੀਨ ਮਤਿ ਅੰਧ ਕੀ ॥**

ਜੇਕਰ ਕੁਤੇ ਨੂੰ ਬੜੇ ਸੋਹਣੇ ਜੇਹੇ ਮੰਜੇ ਉਤੇ ਬਿਠਾ ਦੇਈਏ ਤਾਂ ਉਹ ਮਤਿ ਤੋਂ ਹੀਨ ਅੰਨ੍ਹਾ (ਪਲੰਘ ਦਾ) ਤਿਆਗ ਕਰਕੇ ਚਕੀ ਚੱਟਨ ਲਈ ਚਲਾ ਜਾਂਦਾ ਹੈ।

**ਗਰਧਬ ਅੰਗ ਅਰਗਜਾ ਜਉ ਲੇਪਨ ਕੀਜੈ ਲੋਟਤ ਭਸਮ ਸੰਗਿ ਹੈ ਕੁਟੇਵ ਕੰਧ ਕੀ ॥**

ਜੇਕਰ ਖੋਤੇ ਦੇ ਸਰੀਰ ਉਤੇ ਸਭ ਤਰਾਂ ਦੀ ਸੁਗੰਧੀ ਰੂਪ ਅਰਗਜੇ ਦਾ ਲੇਪ ਕਰ ਦਿਤਾ ਜਾਏ ਤਾਂ ਉਹ ਜਾਕੇ ਸੁਆਹ ਵਿਚ ਲੇਟਨ ਲਗ ਜਾਂਦਾ ਹੈ, ਇਹ ਉਸਦੀ ਖੋਟੀ ਬਾਨ ਹੈ।

**ਤੈਸੇ ਹੀ ਅਸਾਧ ਸਾਧ ਸੰਗਤਿ ਨ ਪ੍ਰੀਤਿ ਚੀਤਿ ਮਨਸਾ ਉਪਾਧਿ ਅਪਰਾਧ ਸਨਬੰਧ ਕੀ ॥ ੩੯੬ ॥**

ਉਸੇ ਤਰਾਂ ਹੀ ਅਸਾਧ [ਮਨਮੁਖ] ਦੇ ਵਿਚ ਸਾਧ ਸੰਗਤ ਦੀ ਪ੍ਰੀਤੀ ਨਹੀਂ ਉਸਦੀ ਮਨਸਾ ਦਾ ਸਬੰਧ ਤਾਂ ਉਪਾਧ ਤੇ ਅਪਰਾਧ (ਨਾਲ ਹੀ ਹੁੰਦਾ ਹੈ, ਅਰਥਾਤ ਉਸਦੀ ਏਹੋ ਇਛਾ ਹੁੰਦੀ ਹੈ, ਕਿ ਜਾਂ ਤਾਂ ਕੋਈ ਉਪਾਧੀ ਖੜੀ ਕੀਤੀ ਜਾਏ ਤੇ ਕੋਈ ਬੜਾ ਭਾਰੀ ਅਪਰਾਨ ਕੀਤਾ ਜਾਵੇ ॥੩੯੬॥

**ਨਿਰਾਧਾਰ ਕੋ ਆਧਾਰ ਆਸਰੋ ਨਿਰਾਸਨ ਕੋ ਨਾਥ ਹੈ ਅਨਾਥਨ ਕੋ ਦੀਨ ਕੋ ਦਇਆਲੁ ਹੈ ॥**

(ਸਤਿਗੁਰੂ) ਨਿਧਿਰਿਆਂ ਦੀ ਧਿਰ ਹੈ, ਨਿਆਸਰਿਆਂ ਦਾ ਆਸਰਾ ਹੈ, ਅਨਾਥਾਂ ਦਾ ਨਾਥ ਹੈ ਅਤੇ ਦੀਨਾਂ ਦਾ ਦਿਆਲੂ ਹੈ ॥

**ਅਸਰਨਿ ਸਰਨਿ ਅਉ ਨਿਰਧਨ ਕੋ ਹੈ ਧਨ ਟੇਕ ਅੰਧਨ ਕੀ ਅਉ ਕਿਰਪਨ ਕੇ ਕ੍ਰਿਪਾਲੁ ਹੈ ॥**

ਅਸਰਨਾ ਨੂੰ ਸ਼ਰਨ ਵਿਚ (ਰਖਦਾ ਹੈ) ਅਤੇ ਧਨ ਤੋਂ ਹੀਨਿਆਂ ਨੂੰ ਧਨ ਦੇਂਦਾ ਹੈ, ਅੰਨਿਆਂਦੀ ਓਟ ਹੈ ਅਤੇ ਕਿਰਪਨਾਂ ਨੂੰ ਕਿਰਪਾਲ (ਹੁੰਦਾ) ਹੈ।

**ਅਕ੍ਰਿਤਘਨ ਕੇ ਦਾਤਾਰ ਪਤਿਤ ਪਾਵਨ ਪ੍ਰਭੁ ਨਰਕ ਨਿਵਾਰਨ ਪ੍ਰਤਗਿਆ ਪ੍ਰਤਿਪਾਲੁ ਹੈ ॥**

ਅਕ੍ਰਿਤਘਣਾਂ ਦਾ ਦਾਤਾਰ ਹੈ। ਪੰਡਿਤਾਂ ਨੂੰ ਪਾਵਨ (ਕਰਨ ਵਾਲਾ) ਪ੍ਰਭੂ ਹੈ, ਨਰਕ ਨਿਵਾਰਨ ਹੈ ਅਤੇ ਪ੍ਰਤਗਯਾ ਦੀ ਪ੍ਰਤਿਪਾਲਾ ਕਰਨਵ ਲਾ ਹੈ।

**ਅਵਗੁਨ ਹਰਨ ਕਰਨਿ ਕਰਤਗਿਆ ਸੁਆਮੀ ਸੰਗੀ ਸਰਬੰਗਿ ਰਸ ਰਸਿਕਿ ਰਸਾਲੁ ਹੈ ॥ ੩੯੭ ॥**

ਔਗੁਣਾਂ ਨੂੰ ਨਾਸ ਕਰਨ ਵਾਲਾ ਹੈ, ਕਰਤਗੱਯਤਾ ਪਾਲਨ ਵਾਲੇ ਹਨ (ਅਰਥਾਤ ਲੋੜਵੰਦਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਵਾਲੇ ਹਨ) ਸਾਰੇ ਸਰੀਰਾਂ ਵਿਚ ਸਭਨਾਂ ਦੇ ਸੁਆਮੀ ਤੇ ਸੰਗੀ ਹਨ ਅਤੇ ਰਸ ਲੈਣ ਵਾਲੇ ਰਸਿਕ ਹਨ ਅਤੇ ਰਸ਼ ਭੁਗਾਉਨ ਵਿਚ ਰਸ਼ਾਲੂ [ਰਸਾਂ ਦੇ ਘਰ ਰੂਪ] ਹਨ ॥੩੯੭॥

**ਕੋਇਲਾ ਸੀਤਲ ਕਰ ਕਰਤਿ ਸਿਆਮ ਗਹੈ ਪਰਸਿ ਤਪਤ ਪਰ ਦਗਧਿ ਕਰਤਿ ਹੈ ॥**

(ਜਿਸ ਤਰਾਂ) ਠੰਡਾ ਕੋਲਾ ਫੜੀਏ ਤਾਂ ਹੱਥ ਨੂੰ ਕਾਲਾ ਕਰਦਾ ਹੈ ਅਤੇ ਤੱਤਾ ਪਰਸੀਏ ਤਾਂ [ਪਰ ਦਗਧਿ] ਬੁਰੀ ਤਰਾਂ ਸਾੜਕੇ ਦਾਗੀ ਕਰ ਦੇਂਦਾ ਹੈ ॥

**ਕੂਕਰ ਕੇ ਚਾਟਤ ਕਲੇਵਰਹਿ ਲਾਗੈ ਛੋਤਿ ਕਾਟਤ ਸਰੀਰ ਪੀਰ ਧੀਰ ਨਾ ਧਰਤਿ ਹੈ ॥**

(ਜੇਕਰ ਕੁੱਤਾ ਪਿਆਰ ਕਰੇ ਤਾਂ) ਕੁਤੇ ਦੇ ਚੱਟਣ ਕਰਕੇ ਸਰੀਰ ਵਿਚ ਛੋਹ [ਮਲੀਨਤਾ] ਲਗ ਜਾਂਦੀ (ਭਾਵ ਕੁੱਤੇ ਦੇ ਚੱਟਨ ਨਾਲ ਸਰੀਰ ਗੰਦਾ ਹੋ ਜਾਂਦਾ) ਹੈ ਅਤੇ (ਜੇ ਕ੍ਰੋਧ ਨਾਲ) ਸਰੀਰ ਨੂੰ ਪਾੜ ਖਾਏ ਤਾਂ ਪੀੜ (ਏਨੀ ਹੁੰਦੀ ਹੈ, ਜੋ ਬੰਦਾ) ਧੀਰਜ ਨਹੀਂ ਧਰਦਾ ਹੈ।

**ਫੂਟਤ ਜਿਉ ਗਾਗਰ ਕਰਤਿ ਹੀ ਪਖਾਨ ਪਰਿ ਪਾਹਨ ਪਰਤਿ ਪੁਨਿ ਗਾਗਰਿ ਹਰਤ ਹੈ ॥**

ਜਿਵੇਂ ਪੱਥਰ ਉਤੇ ਗਾਗਰ ਡਿੱਗ ਪਵੇ ਤਾਂ ਗਾਗਰ ਟੁਟ ਜਾਂਦੀ ਹੈ ਅਤੇ ਜੇ ਪੱਥਰ ਮਾਰ ਦੇਈਏ ਫਿਰ ਭੀ ਗਾਗਰ [ਘੜਾ] ਹੀ ਨਾਸ ਹੁੰਦੀ ਹੈ।

**ਤੈਸੇ ਹੀ ਅਸਾਧ ਸੰਗਿ ਪ੍ਰੀਤਿ ਹੂੰ ਬਿਰੋਧ ਬੁਰੋ ਲੋਕ ਪਰਲੋਕ ਦੁਖ ਦੋਖ ਨ ਟਰਤਿ ਹੈ ॥੩੯੮॥**

ਉਸੇ ਤਰ੍ਹਾਂ ਬੁਰੇ ਪੁਰਸ਼ਾਂ ਦੇ ਨਾਲ ਪ੍ਰੀਤੀ ਕਰਨੀ ਭੀ ਬੁਰੀ ਹੈ ਤੇ ਵਿਰੋਧ ਕਰਨਾ ਭੀ ਬੁਰਾ ਹੈ, (ਕਿਉਂਕਿ) ਬੁਰੇ ਪੁਰਸ਼ਾਂ ਨਾਲ ਪ੍ਰੀਤ ਕਰਨ ਕਰਕੇ ਇਸ ਲੋਕ ਵਿਚ [ਦੋਖ] ਪਾਪ ਕਰਨੇ ਪੈਂਦੇ ਹਨ, ਜਿਸਦਾ ਫਲ ਰੂਪ ਦੁਖ ਪ੍ਰਲੋਕ ਵਿਚ ਨਹੀਂ ਛਡਦੇ ਹਨ, ਅਤੇ ਬੁਰਿਆਂ ਨਾਲ ਵਿਰੋਧ ਕਰਨ ਕਰਕੇ ਇਸ ਸੰਸਾਰ ਦੇ ਦੁਖ ਦੂਰ ਨਹੀਂ ਹੁੰਦੇ ਹਨ ॥

ਭਾਵ-ਮਨਮੁਖ ਦੀ ਦੋਸਤੀ ਭੀ ਦੁਖ ਦਾ ਕਾਰਣ ਹੈ ਤੇ ਵੈਰ ਭੀ ਦੁਖ ਹੀ ਦੇਂਦਾ ਹੈ, ਇਹੋ ਗੱਲ ਪ੍ਰਗਟ ਕੀਤੀ ਹੈ, ਫੇਰ ਭੀ—"ਨੀਚ ਕੇ ਸੰਗ ਤੇ ਮੀਚ ਭਲੀ ਪਰਮਾਰਥ ਬੀਚ ਬਿਰੋਧ ਨ ਮਾਸੋ ॥" ਇਹ ਸੁਨੈਹਰੀ ਅਸੂਲਹਰ ਵੇਲੇ ਚੇਤੇ ਰਖਣਾਚਾਹੀਦਾਹੈ।

**ਛਤ੍ਰ ਕੇ ਬਦਲੇ ਜੈਸੇ ਬੈਠੇ ਛਤਨਾ ਕੀ ਛਾਹਿ ਹੀਰਾ ਅਮੋਲਕ ਬਦਲੇ ਫਟਕੁ ਕਉ ਪਾਈਐ ॥**

ਜਿਸ ਤਰ੍ਹਾਂ (ਕੋਈ) ਛੱਤ੍ਰ ਦੀ ਛਾਂ ਹੇਠਾਂ ਬੈਠਣ ਦੇ ਬਦਲੇ ਵਿਚ [ਛਤਨਾ] ਪਦ ਬਹੇੜੇ ਦੀ ਛਾਂ ਹੇਠਾਂ ਬੈਠਣਾ (ਚਾਹੇ, ਅਤੇ) ਅਮੋਲਕ ਹੀਰੇ ਦੇ ਬਦਲੇ ਵਿਚ ਬਲੌਰ ਨੂੰ ਪਾ ਲਵੇ।

**ਜੈਸੇ ਮਨਿ ਕੰਚਨ ਕੇ ਬਦਲੇ ਕਾਚੁ ਗੁੰਜਾ ਕੋ ਫਲੁ ਕਾਂਬਰੀ ਪਟੰਬਰ ਕੇ ਬਦਲੇ ਓਢਾਈਐ ॥**

ਜਿਸ ਤਰ੍ਹਾਂ (ਕੋਈ) ਮਣੀ ਦੇ ਬਦਲੇ ਵਿਚ ਕੱਚ ਅਤੇ ਸੋਨੇ ਦੇ ਵਟੇ ਵਿਚ ਗੁੰਜਾ ਦਾ ਫਲ [ਰੱਤਕਾ] (ਲੈ ਲਵੇ, ਅਤੇ) ਰੇਸ਼ਮੀ ਕਪੜੇ ਦੇ ਬਦਲੇ ਵਿਚ ਕਾਲੀ ਕੰਬਲੀ ਪਹਿਨ ਲਵੇ।

**ਅੰਮ੍ਰਿਤ ਮਿਸ੍ਰਾਨ ਪਾਨ ਕੇ ਬਦਲੇ ਕਰੀ ਫਲ ਕੇਸਰ ਕਪੂਰ ਜਿਉ ਕਚੂਰ ਲੈ ਲਗਾਈਐ ॥**

(ਜਿਸ ਤਰ੍ਹਾਂ ਕੋਈ) ਅੰਮ੍ਰਿਤ ਵਰਗੇ ਮਿਠੇ ਫਲਾਂ) ਦੇ ਬਦਲੇ ਵਿਚ ਕਰੀਰ ਦੇ ਫਲ [ਪੇਂਝੂ] (ਖਾਣ ਲੱਗ ਜਾਵੇ) ਅਤੇ ਕੇਸਰ-ਕਪੂਰ ਦੇ ਬਦਲੇ ਵਿਚ ਕਚੂਰ ਲੈਕੇ (ਲੇਪ) ਲਗਾ ਲਵੇ।

**ਭੇਟਤ ਅਸਾਧ ਸੁਖ ਸੁਕ੍ਰਿਤ ਸੂਖਮ ਹੋਤ ਸਾਗਰ ਅਥਾਹੁ ਜੈਸੇ ਬੇਲੀ ਮੈ ਸਮਾਈਐ ॥੩੯੯॥**

ਇਸੇ ਤਰਾਂ ਹੀ ਬੁਰੇ ਆਦਮੀ ਦੇ ਨਾਲ ਮਿਲ-ਦਿਆਂ ਹੀ ਸੁਖ ਦੇਣ ਵਾਲੇ ਪੁੰਨ [ਸੂਖਮ] ਥੋੜੇ (ਜਾਂ ਛੋਟੇ ਜੇਹੇ, ਹੋ ਜਾਂਦੇ ਹਨ, ਜਿਸ ਤਰਾਂ ਮਾਨੋਂ ਅਥਾਹ ਸਮੁੰਦਰ [ਬੇਲੀ] ਕਟੋਰੀ ਵਿਚ ਸਮਾ ਗਿਆ ਹੈ।

ਨੋਟ—ਹਿੰਦੀ ਬੇਲਿਯਾਂ ਤੋਂ ਬੇਲੀ ਕੀਤਾ ਹੈ, ਇਸ ਦਾ ਅਰਥ ਹੈ 'ਛੋਟੀ ਕਟੋਰੀ' (ਵੇਖੋਹਿ: ਸ: ਸ: ਸਫਾ—੨੫੦੨

**ਕੰਚਨ ਕਲਸ ਜੈਸੇ ਬਾਕੋ ਭਏ**

**ਸੂਧੋ ਹੋਇ ਮਾਟੀ ਕੋ ਕਲਸੁ ਫੂਟੇ ਜੁਰੇ ਨ ਜਤਨ ਸੈ ॥**

ਜਿਸ ਤਰ੍ਹਾਂ ਸੋਨੇ ਦਾ ਘੜਾ ਟੇਢਾ ਹੋ ਜਾਏ ਤਾਂ ਸਿਧਾ ਹੋ ਜਾਂਦਾ ਹੈ, ਪਰ ਮਿਟੀ ਦਾ ਘੜਾ ਟੁਟ ਜਾਏਗਾ (ਪਰ) ਜਤਨ ਕਰਨ ਨਾਲ ਭੀ ਨਹੀਂ ਜੁੜੇਗਾ ।

**ਬਸਨ ਮਲੀਨ ਧੋਏ ਨਿਰਮਲ ਹੋਤ ਜੈਸੇ ਊਜਰੀ ਨ ਹੋਤ ਕਾਰੀ ਕਾਬਰੀ ਪਤਨ ਸੈ ॥**

ਜਿਸ ਤਰ੍ਹਾਂ ਮੈਲੇ ਕਪੜੇ ਧੋਣ ਨਾਲ ਨਿਰਮਲ ਹੋ ਜਾਂਦੇ ਹਨ, (ਪਰ) ਕਾਲੀ ਕੰਬਲੀ (ਧੋਂਦਿਆਂ ੨) ਪਾਟਣ ਨਾਲ ਭੀ ਚਿਟੀ ਨਹੀਂ ਹੁੰਦੀ ਹੈ ।

**ਜੈਸੇ ਲਕੁਟੀ ਅਗਨਿ ਸੇਕਤ ਹੀ ਸੂਧੀ ਹੋਇ ਸ੍ਵਾਨ ਪੂਛਿ ਪਟੰਤਰੋ ਪ੍ਰਗਟ ਮਨਤਨ ਸੈ ॥**

ਜਿਸ ਤਰ੍ਹਾਂ ਟੇਡੀ ਲਕੜੀ ਅਗ ਨਾਲ ਸੇਕਕੇ ਸਿਧੀ ਕੀਤਿਆਂ ਸਿਧੀ ਹੋ ਜਾਂਦੀ ਹੈ, ਪਰ ਕੁਤੇ ਦੀ ਪੂਛ ਦਾ [ਪਟੰਤਰੋ] ਸਮਾਨਤਾ ਪ੍ਰਗਟ ਮਨੀਂਦੀ ਨਹੀਂ ਹੈ [ਅਰਥਾਤ ਭਾਵੇਂ ਕਿਨੇ ਭੀ ਯਤਨ ਕੀਤੇ ਜਾਣ ਕੁਤੇ ਦੀ ਪੂਛ ਸਮਾਨਤਾ [ਸਿਧਾਈ] ਨੂੰ ਨਹੀਂ ਮੰਨਦੀ, [ਭਾਵ ਸਿਧੀ ਨਹੀਂ ਹੁੰਦੀ ਹੈ] ।

**ਤੈਸੇ ਗੁਰ ਸਿਖਨ ਸੁਭਾਉ ਜਲ ਮੈਨ ਗਤਿ ਸਾਕਤ ਸੁਭਾਵ ਲਾਖ ਪਾਹੁਨ ਗਤਿਨ ਸੈ ॥੩੯੦॥**

ਉਸੇ ਤਰ੍ਹਾਂ ਹੀ ਗੁਰ ਸਿਖਾਂ ਦੇ ਸੁਭਾਉ ਦੀ ਗਤੀ ਪਾਣੀ ਤੇ ਮੋਮ ਹੈ ਅਤੇ ਸਾਕਤ ਦੇ ਸੁਭਾਉ ਦੀ ਗਤੀ ਲਾਖ ਤੇ ਪੱਥਰ ਹੈ[ਅਰਥਾਤ ਜਿਸ ਤਰ੍ਹਾਂਪਾਣੀ ਸਾਰੇ ਰੰਗਾਂ ਨਾਲ ਮਿਲਕੇ ਉਨ੍ਹਾਂ ਦਾ ਹੀ ਰੂਪ ਹੋ ਜਾਂਦਾ ਹੈ, ਅਤੇ ਮੋਮ ਵਾਂਗੂ ਢਲਕੇ ਨਰਮ ਹੋ ਜਾਂਦਾ ਹੈ ਪਰ ਸਾਕਤਾਂ ਦਾ ਸੁਭਾਉ ਲਾਖ ਵਾਂਗੂ ਟੁਟ ਭਾਵੇਂ ਜਾਵੇ ਪਰ ਨਰਮ ਨਹੀਂ ਹੁੰਦਾ, ਕ੍ਰੋਧ ਦੀ ਅਗ ਨਾਲ ਸੜ ਭਾਵੇਂ ਜਾਵੇ ਪਰ ਨਰਮਾਈਨੂੰ ਧਾਰਨ ਨਹੀਂ ਕਰਦਾ ਹੈ ਅਤੇ ਪਥਰ ਵਾਂਗੂ ਸਦਾ ਹੀ ਕਠੋਰ ਦਾ ਕਠੋਰ ਰਹਿਕੇ ਘੜੇ ਭੰਨਣ ਦੀ ਕਾਰ ਹੀ ਕਰਦਾ ਹੈ, ਇਸੇ ਤਰ੍ਹਾਂ ਮਨਮੁਖ ਦੂਜੇ ਦੇ ਦਿਲ ਨੂੰ ਤੋੜਨ ਲਈ ਤਾਂ ਹਰ ਵੇਲੇ ਤਿਆਰ ਹੁੰਦਾਹੈ ਪਰ ਜੋੜਨ ਦੀ ਸਮਰਥਾ ਉਸ ਦੀ ਤਾਕਤ ਤੋਂ ਬਾਹਰ ਹੈ ॥੩੯੦॥

**ਕੋਊ ਬੇਚੈ ਗੜਿ ਗੜਿ ਸ਼ਸਤ੍ ਧਨੁਖਬਾਨ ਕੋਊ ਬੇਚੈ ਗੜਿ ਗੜਿ ਬਿਬਿਧਿ ਸਨਾਹ ਜੀ ॥**

[ਜਿਸ ਤਰ੍ਹਾਂ] ਕੋਈ ਪੁਰਸ਼ ਸ਼ਸਤ੍ਰ ਘੜ ਘੜ ਕੇ ਵੇਚਦਾ ਹੈ, ਅਤੇ ਕੋਈ ਅਨੇਕ ਤਰ੍ਹਾਂ ਦੀਆਂ ਸੰਜੋਆਂ ਤੇ ਸਨਾਹਾਂ ਘੜ ਘੜ ਕੇ ਵੇਚਦਾ ਹੈ ।

**ਕੋਊ ਬੇਚੈ ਗੋਰਸ ਦੁਗਧਿ ਦਧਿ ਘ੍ਰਿਤ ਨਿਤ ਕੋਊ ਬੇਚੈ ਬਾਰੁਨੀ ਬਿਖਮ ਸਮ ਚਾਹ ਜੀ ॥**

ਕੋਈਪੁਰਸ਼ ਨਿਤ ਹੀ ਦੁਧ[ਗੋਰਸ] ਮਖਨ,ਦਹੀਂ ਤੇ ਘਿਓ ਸਦਾ ਹੀ ਵੇਚਦਾ ਹੈ ਅਤੇ ਕੋਈ ਪੁਰਸ਼ ਸ਼ਰਾਬ ਵੇਚਦਾ ਹੈ, [ਦੋਹਾਂ ਦੀ]ਚਾਹ ਬਿਖਮ ਤੇ ਸਮ ਹੈ[ ਅਰਥਾਤ ਦੁਧ ਆਦਿਕ ਵੇਚਨ ਵਾਲੇ ਦੀ ਚਾਹ ਸਮਾਨ ਹੈਅਤੇ ਸ਼ਰਾਬ ਵੇਚਨ ਵਾਲੇਦੀ ਚਾਹ ਬਿਖਮ ਹੈ,ਕਿਉਂਕਿ ਸ਼ਰਾਬ ਨੂੰ ਹਰ ਕੋਈ ਨਹੀਂ ਲੈਂਦਾ ਹੈ]।

**ਤੈਸੇ ਹੈ ਬਿਕਾਰੀ ਉਪਕਾਰੀ ਹੈ ਅਸਾਧ ਸਾਧ ਬਿਖਿਆ ਅੰਮ੍ਰਿਤ ਦੇਖੇ ਅਵਗਾਹ ਜੀ ॥**

ਉਸੇ ਤਰ੍ਹਾਂ ਮਨਮੁਖ ਬਿਕਾਰੀ ਹੈ ਜੋ ਵਿਸ਼ਿਆਂ ਦੇ ਬਨ ਨੂੰ [ਅਵਗਾਹ] ਫਿਰ ਫਿਰ ਕੇ ਵੇਖਦਾ ਹੈ ਅਤੇ ਗੁਰਮੁਖ ਉਪਕਾਰੀ ਹੈ, ਜੋ ਅੰਮ੍ਰਿਤ ਦੇ ਬਨ ਨੂੰ ਫਿਰ ਫਿਰ ਕੇ ਵੇਖਦਾ ਹੈ ।

**ਆਤਮਾ ਅਚੇਤ ਪੰਛੀ ਧਾਵਤ ਚਤੁਰ ਕੁੰਟ ਜੈਸੇਈ ਬਿਰਖ ਬੈਠੇ ਚਾਖੇ ਫਲ ਤਾਹ ਜੀ ॥੩੯੧॥**

(ਇਸੇ ਤਰ੍ਹਾਂ) ਆਤਮਾ ਇਕ ਬੇਸਮਝ ਪੰਛੀ ਹੈ, ਜੋ ਚੌਹਾਂ ਕੁੰਟਾਂ ਵਿਚ ਭੱਜਾ ਫਿਰਦਾ ਹੈ, ਜਿਸ ਤਰ੍ਹਾਂ ਦਰਖਤ ਉਤੇ ਬੈਠਦਾ ਹੈ,ਉਸੇ ਤਰ੍ਹਾਂ ਦੇ ਫਲ ਖਾਂਦਾ ਹੈ (ਅਰਥਾਤ ਇਸ ਮਨ ਨੂੰ ਜਿਸ ਤਰ੍ਹਾਂ ਦੀ ਸੰਗਤ ਹੁੰਦੀ ਹੈ, ਉਸੇ ਤਰ੍ਹਾਂ ਦੇ ਫਲ ਖਾਂਦਾ ਹੈ ।।੩੯੧।।

**ਜੈਸੇ ਏਕ ਜਨਨੀ ਕੈ ਹੋਤ ਹੈ ਅਨੇਕ ਸੁਤ ਸਬ ਹੀ ਸੈ ਅਧਿਕ ਪਿਆਰੋ ਸੁਤ ਗੋਦ ਕੋ ॥**

ਜਿਸ ਤਰ੍ਹਾਂ ਇਕ ਮਾਂ ਦੇ ਅਨੇਕਾਂ ਪੁਤ੍ਰ ਹੁੰਦੇ ਹਨ (ਤਾਂ ਉਸਨੂੰ) ਗੋਦੀ ਦਾ ਪੁਤ੍ਰ ਸਭਨਾਂ ਨਾਲੋਂ ਬਹੁਤ ਪਿਆਰਾ ਹੁੰਦਾ ਹੈ।

**ਸਿਆਨੇ ਸੁਤ ਬਨਜ ਬਿਉਹਾਰ ਕੇ ਬੀਚਾਰ ਬਿਖੈ ਗੋਦ ਮੈ ਅਚੇਤੁ ਹੇਤੁ ਸੰਪੈ ਨ ਸਹੋਦ ਕੋ ॥**

(ਕਿਉਂਕਿ)ਸਿਆਣੇਪੁਤ੍ਰ ਤਾਂ ਵਣਜਵਿਉਹਾਰਦੇ ਵੀਚਾਰ ਵਿਚ(ਪਰਚੇ ਹੋਏ ਹੁੰਦੇ ਹਨ, ਪਰ) ਬੇਸਮਝ ਹੈ.ਨਾ (ਉਸਨੂੰ)ਸੰਪਦਾ ਹੇਤ ਹੈ ਤੇ ਨਾ ਹੀ (ਸਹੋਦ–ਸਹੋਦਰਾਂ)ਭਰਾਵਾਂ ਦੇ ਹੀ ਪਿਆਰ ਨੂੰ (ਜਾਣਦਾ ਹੈ)।

**ਪਲਨਾ ਸੁਵਾਇ ਮਾਇ ਗ੍ਰਿਹਿ ਕਾਜ ਲਾਗੈ ਜਾਇ ਸੁਨਿ ਸੁਤ ਰੁਦਨ ਪੈ ਪੀਆਵੈ ਮਨ ਮੋਦ ਕੋ ॥**

ਮਾਂ (ਉਸਨੂੰ) (ਪਲਨਾ) ਪੰਘੂੜੇ ਵਿਚ ਸੁਆਕੇ, ਘਰ ਦੇ ਕੰਮ ਵਿਚ ਜਾ ਲਗਦੀ ਹੈ, ਪਰ ਜਦੋਂ ਪੁਤ੍ਰ ਦਾ ਰੋਣਾ ਸੁਣਦੀ ਹੈ, (ਤਾਂ ਝਟ ਆਣਕੇ ਮਮੇ ਦਾ) ਦੁਧ ਪਿਆਉਂਦੀ ਹੈ ਤੇ (ਬੱਚੇ ਦੇ) ਮਨ ਨੂੰ ਮੋਦ [ਪ੍ਰਸ਼ਨ] (ਕਰਦੀ ਹੈ)।

**ਆਪਾ ਖੋਇ ਜੋਈ ਗੁਰ ਚਰਨਿ ਸਰਨਿ ਗਹੇ ਰਹੇ ਨਿਰਦੋਖ ਮੋਖ ਅਨਦ ਬਿਨੋਦ ਕੋ ।।੩੯੨।।**

(ਇਸੇਤਰਾਂ ਹੀ) ਜੇਕਰ ਕੋਈ ਆਪਾ ਨਾਸ ਕਰ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਗ੍ਰਹਣ ਕਰਦਾ ਹੈ, (ਉਹ ਸੰਸਾਰ ਵਿਚ) ਦੋਖਾਂ ਤੋਂ ਰਹਿਤ (ਰਹਿਕੇ) ਮੁਕਤੀ ਦੇ ਅਨੰਦ ਬਿਨੋਦ ਨੂੰ ਪਾ ਲੈਂਦਾ ਹੈ।੩੯੨।

**ਕਰਤ ਨ ਇਛਾ ਕਛੁ ਮਿਤ੍ਰ ਸਤ੍ਰਤਾ ਨ ਜਾਨੈ ਬਾਲ ਬੁਧਿ ਸੁਧਿ ਨਾਹਿ ਬਾਲਕ ਅਚੇਤ ਕਉ ॥**

(ਜਿਸ ਤਰਾਂ ਬਾਲਕ) ਨਾ ਤਾਂ ਕੁਝ ਇਛਾ ਹੀ ਕਰਦਾ ਹੈ ਅਤੇ ਨਾ ਹੀ ਮਿਤ੍ਰਤਾ ਜਾਂ ਸਤ੍ਰਤਾ ਹੀ ਜਾਨਦਾ ਹੈ, ਅਚੇਤ ਬਾਲਕ ਨੂੰ ਬਾਲ ਬੁਧਿ (ਸਮੇਂ ਕਿਸੇ ਗਲ ਦੀ) ਸੁਧ ਨਹੀਂ ਹੁੰਦੀ ਹੈ।

**ਅਸਨ ਬਸਨ ਲੀਏ ਮਾਤਾ ਪਾਛੈ ਲਾਗੀ ਡੋਲੈ ਬੋਲੈ ਮੁਖਿ ਅੰਮ੍ਰਿਤ ਬਚਨ ਸੁਤ ਹੇਤ ਕਉ ॥**

ਖਾਣ ਦੀ ਵਸਤੂ ਦੇ ਕਪੜੇ [ਹਥ ਵਿਚ] ਲੈ ਕੇ ਮਾਤਾ [ਬੱਚੇ ਦੇ] ਮਗਰ ਮਗਰ ਲਗੀ ਫਿਰਦੀ ਹੈ ਅਤੇ ਮੂੰਹੋਂ ਪੁਤ੍ਰ ਨੂੰ ਪਿਆਰ ਕਰਨ ਵਾਲੇ ਅੰਮ੍ਰਿਤ ਵਰਗੇ ਮਿਠੇ ਤੇ ਪਿਆਰੇ ਬਚਨ ਬੋਲਦੀ ਹੈ।

**ਬਾਲਕੈ ਅਸੀਸ ਦੈਨਹਾਰੀ ਅਤਿ ਪਿਆਰੀ ਲਾਗੈ ਗਾਰਿ ਦੈਨ ਹਾਰੀ ਬਲਿਹਾਰੀ ਡਾਰੀ ਸੇਤ ਕਉ ॥**

ਬੱਚੇ ਨੂੰ ਅਸੀਸ ਦੇਣ ਵਾਲੀ (ਤ੍ਰੀਮਤ, ਬੱਚੇ ਦੀ ਮਾਂ ਨੂੰ) ਬੜੀ ਪਿਆਰੀ ਲਗਦੀ ਹੈ ਅਤੇ (ਬੱਚੇ ਨੂੰ) ਗਾਲ੍ਹ ਕਢਣ ਵਾਲੀ *ਡਾਰੀ ਨੂੰ ਤਾਂ (ਬੱਚੇ) (ਸੇ) ਤੋਂ (ਬਲਿਹਾਰੀ)ਸਦਕੇ ਕਰਦੀ ਹੈ (ਅਰਥਾਤ ਬੱਚੇ ਨੂੰ ਬੁਰਾ ਕਹਿਣ ਵਾਲੀ ਜਨਾਨੀ ਬੱਚੇ ਦੀ ਮਾਂ ਨੂੰ ਬਹੁਤ ਹੀ ਬੁਰੀ ਤੀਵੀਂ ਮਲੂਮ ਹੁੰਦੀ ਹੈ, ਉਸਦਾ ਜ਼ੋਰ ਚਲਦਾ ਹੋਵੇ ਤਾਂ ਉਸ ਨੂੰ ਬੱਚੇ ਤੋਂ ਵਾਰਨ ਕਰ ਦੇਵੇ)।

**ਤੈਸੇ ਗੁਰਸਿਖ ਸਮਦਰਸੀ ਅਨੰਦ ਮਈ ਜੈਸੋ ਜਗੁ ਮਾਨੈ ਤੈਸੋ ਲਾਗੈ**

*ਬਦਕਾਰ ਤੇ ਛਨਾਰ ਇਸਤਰੀ ਨੂੰ ਤ੍ਰੀਮਤਾਂ ਡਾਰੀ ਕਿਹਾ ਕਰਦੀਆਂ ਹਨ ।

**ਫਲ ਖੇਤ ਕਉ ॥ ੩੯੩ ॥**

ਉਸੇ ਤਰਾਂ ਹੀ ਗੁਰੂ ਦੇ ਸਿਖ ਸਮਦਰਸੀ ਤੇ ਅਨੰਦ ਸਰੂਪ ਹਨ, ਜਿਸ ਤਰਾਂ ਦਾ ਜਗਤ(ਉਨਾਂਨੂੰ) ਜਾਣਦਾ ਹੈ, ਤੇਹਾ ਹੀ (ਉਨਾਂ ਨੂੰ) ਫਲ ਮਿਲਦਾ ਹੈ, (ਕਿਉਂਕਿ ਜੇਹਾ ਕੋਈ ਬੀਜ ਬੀਜਦਾ ਹੈ) ਖੇਤ ਨੂੰ ਤੇਹਾ ਹੀ ਫਲ ਲਗਦਾ ਹੈ ॥ ੩੯੩ ॥

**ਜੈਸੇ ਦਰਪਨ ਦਿਬਿ ਸੂਰ ਸਨਮੁਖ ਰਾਖੈ ਪਾਵਕ ਪ੍ਰਗਾਸ ਹੋਤ ਕਿਰਣ ਚਰਿਤ੍ਰ ਕੈ ॥**

ਦਰਪਨਦਿਬ=ਅਲੌਕਿਕ ਸ਼ੀਸ਼ਾ, ਆਤਸ਼ੀ ਸ਼ੀਸ਼ਾ। ਚਰਿਤ੍ਰ=ਕੌਤਕ, ਖੇਡ। ਬਸੁੰਧਰਾ= ਧਰਤੀ। ਉਦਿਤ = ਪ੍ਰਗਟ ਹੁੰਦਾ। ਬਿਗਸਤ=ਅਨੰਦ ਹੁੰਦਾ।

ਜਿਸ ਤਰਾਂ ਆਤਸ਼ੀ ਸ਼ੀਸ਼ਾ ਸੂਰਜ ਦੇ ਸਨਮੁਖ ਰਖ ਦਿਤਾ ਜਾਏ (ਤਾਂ) ਕਿਰਣਾਂ ਦੇ ਕੌਤਕ ਨਾਲ (ਸ਼ੀਸ਼ੇ ਵਿਚੋਂ) ਅਗ ਦਾ ਪ੍ਰਕਾਸ਼ ਹੋ ਜਾਂਦਾ ਹੈ।

**ਜੈਸੇ ਮੇਘ ਬਰਸਤ ਹੀ ਬਸੁੰਧਰਾ ਬਿਰਾਜੈ ਬਿਬਿਧਿ ਬਨਾਸਪਤੀ ਸਫਲ ਸੁਮਿਤ੍ਰ ਹੈ ॥**

ਜਿਸ ਤਰਾਂ ਮੀਂਹ ਵਸਣ ਨਾਲ ਹੀ ਧਰਤੀ ਉਤੇ ਅਨੇਕ ਤਰਾਂ ਦੀ ਬਨਾਸਪਤੀ ਆਕੇ ਸੋਭਾ ਪਾਉਣ ਲਗਦੀ ਹੈ, ਫਲਾਂ ਵਾਲੇ (ਬੂਟੇ ਭੀ) ਸੁਮਿਤ੍ਰਤਾ ਕਰਨ ਲਗਦੇ ਹਨ।

**ਭੇਟਤ ਭਤਾਰਿ ਨਾਰਿ ਸੋਭਿਤ ਸਿੰਗਾਰ ਚਾਰਿ ਪੂਰਨ ਆਨੰਦ ਸੁਤ ਉਦਿਤਿ ਬਚਿਤ੍ਰ ਕੈ ॥**

(ਜਿਸ ਤਰਾਂ) ਪਤੀ ਦੇ ਨਾਲ ਮਿਲਦਿਆਂ ਹੀ ਇਸਤ੍ਰੀ ਸੁੰਦਰ ਸ਼ਿੰਗਾਰ ਨਾਲ ਸੋਭਦੀ ਹੈ (ਅਤੇ ਉਸ ਵੇਲੇ ਉਹ) ਪੂਰਨ ਅਨੰਦ ਹੁੰਦੀ ਹੈ, (ਜਦੋਂ) ਬਚਿਤ੍ਰ ਪੁਤ੍ਰ ਪ੍ਰਗਟ ਹੁੰਦਾ ਹੈ।

**ਸਤਿਗੁਰ ਦਰਸਿ ਪਰਸਿ ਬਿਗਸਤ ਸਿਖ ਪ੍ਰਾਪਤ ਨਿਧਾਨ ਗਿਆਨ ਪਾਵਨ ਪਵਿਤ੍ਰ ਕੈ ॥੩੯੪॥**

(ਇਸੇ ਤਰਾਂ ਹੀ) ਸਤਿਗੁਰੂ ਜੀ ਦੇ ਦਰਸ਼ਨ ਨੂੰ ਪਰਸਕੇ ਸਿਖ ਅਨੰਦ ਹੋ ਜਾਂਦਾ ਹੈ, (ਕਿਉਂਕਿ) ਪਾਵਨ ਪਵਿਤ੍ਰ ਗਿਆਨ ਦਾ ਭੰਡਾਰ ਪ੍ਰਾਪਤ ਕਰ ਲੈਂਦਾ ਹੈ ॥ ੩੯੪ ॥

**ਜੈਸੇ ਕੁਲਾ ਬਧੂ ਬੁਧਿਵੰਤਿ ਸਸੁਰਾਰਿ ਬਿਖੈ ਸਾਵਧਾਨ ਚੇਤਨ ਰਹੈ ਅਚਾਰ ਚਾਰ ਕੈ ॥**

ਜਿਸ ਤਰਾਂ ਉਤਮ ਕੁਲ ਵਾਲੀ ਬੁਧ ਵਤੀ ਇਸਤ੍ਰੀ ਸੋਹਰੇ ਘਰ ਵਿਚ (ਹਰ ਸਮੇਂ) ਸਾਵਧਾਨ ਤੇ ਚੇਤੰਨ ਰਹਿੰਦੀ ਹੋਈ ਸੁੰਦਰ ਆਚਾਰ [ਕਰਮ] ਕਰਦੀ ਹੈ।

**ਸਸੁਰ ਦੇਵਰ ਜੇਠ ਸਕਲ ਕੀ ਸੇਵਾ ਕਰੈ ਖਾਨ ਪਾਨ ਗਿਆਨ ਜਾਨ ਪਤਿ ਪਰਵਾਰ ਕੈ ॥**

(ਅਤੇ) ਸਹੁਰੇ, ਦੇਉਰ ਤੇ ਜੇਠ ਆਦਿਕਾਂ ਦੀ (ਖਾਨ ਪਾਨ ਆਦਿਕਾਂ ਦੀ ਨਾਲ) ਸੇਵਾ ਕਰਦੀ ਹੈ, (ਅਤੇ ਇਸ) ਗਿਆਨ (ਨੂੰ ਭਲੀ ਤਰਾਂ) ਜਾਣਦੀ ਹੈ (ਜੋ ਏਹ ਮੇਰੇ) ਪਤੀ ਦਾ ਪਰਵਾਰ ਹੈ।

**ਮਧੁਰ ਬਚਨ ਗੁਰ ਜਨ ਸੈ ਲਜਾ ਵਾਨ ਸਿਹਜਾ ਸਮੈ ਰਸ ਪ੍ਰੇਮ ਪੂਰਨ ਭਤਾਰ ਕੈ ॥**

(ਪਰਵਾਰ ਦੇ) [ਗੁਜਰਨ] ਵਡੇ ਪੁਰਸ਼ਾਂ ਪਾਸੋਂ ਲਜਾ (ਕਰਦੀ ਹੋਈ ਪਤੀ ਨਾਲ) ਮਿਠੇ ਬਚਨ (ਬੋਲਨ ਤੋਂ)ਲਜਾ ਲੈਂਦੀ ਹੈ,(ਪਰ)ਸੇਜਾ ਸਮੇਂ ਪਤੀ ਦੇ ਨਾਲ ਪੂਰਨ ਪ੍ਰੇਮ ਰਸ ਦਾ(ਵਰਤਾਵ ਕਰਦੀ ਹੈ)

**ਤੈਸੇ ਗੁਰ ਸਿਖ ਸਰਬਾਤਮ ਪੂਜਾ ਪ੍ਰਬੀਨ ਬ੍ਰਹਮ ਗਿਆਨ ਗੁਰ ਮੂਰਤਿ**

## ਅਪਾਰ ਕੈ ॥ ੩੯੫ ॥

ਇਸੇ ਹੀ ਤਰਾਂ ਗੁਰੂ ਦਾ ਸਿਖ ਸਭਨਾਂ ਨੂੰ ਆਪਣਾ (ਰੂਪ ਜਾਣਦਾ ਹੋਇਆ, ਸਭਨਾਂ ਦੀ) ਪੂਜਾ ਕਰਨ ਵਿਚ ਚਤਰ ਹੁੰਦਾ ਹੈ (ਪਰ) ਗੁਰੂ ਦੀ ਮੂਰਤੀ ਨੂੰ ਅਪਾਰ ਬ੍ਰਹਮ ਜਾਣ ਕਰਕੇ ਉਸਦਾ ਧਿਆਨਕਰਦਾ ਹੈ ॥ ੩੯੫ ॥

ਭਾਵ–ਗੁਰ ਮੂਰਤਿ ਦਾ ਅਰਥ ਉਹ ਸ਼ਕਤੀ ਹੈ ਜਿਸਦੇ ਨਾਲ ਗੁਰਤਾ ਰਹੀ ਹੈ, ਜੇਕਰ ਉਹ ਸ਼ਕਤੀ ਸ੍ਰੀ ਲਹਿਣਾ ਜੀ ਵਿਚ ਆਈ ਤਾਂ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਗਏ। ਇਸੇ ਤਰਾਂ ਇਹ ਗੁਰ ਮੂਰਤਿ ਤੀਜੇ, ਚੌਥੇ,ਪੰਜਵੇਂ,ਛੇਵੇਂ ਸਤਵੇਂ ਤੇ ਅਠਵੇਂ ਗੁਰੂ ਵਿਚ ਕ੍ਰਮਵਾਰ ਸਾਮਰਤਖ ਆਉਂਦੀ ਤੁਰੀ ਆਈ,ਲੋਕਾਂ ਨੇ ਰਾਜੇ ਦੇ ਪੁਤਰ ਰਾਜੇ ਵਾਂਗੂੰ ਗੁਰਤਾ ਨੂੰ ਭੀ ਗੁਰੂ ਦੇ ਪੁਤਰ ਨੂੰ ਹੀ ਗੁਰੂ ਹੋਣਾ ਮੰਨ ਲਿਆ ਇਸ ਦਾ ਭੇਦ ਖੋਲ੍ਹ ਦਿਤਾ।

ਅਠਵੇਂ ਗੁਰੂ ਨੇ 'ਬਾਬਾ ਬਕਾਲੇ' ਵਾਕ ਕਹਿ ਤੇ ਗੁਰੂ ਕਹਾਨ ਦੇ ਚਾਹਵਾਨਾਂ ਨੇ ਬਕਾਲੇ ਪੁਜ ਕੇ ਵਡੇ ਵਡੇ ਪਲੰਘ ਤੇ ਸਿੰਘਾਸਨ ਬਣਾ ਲਏ, ਤਖਤ ਚੋਰ ਛਤ੍ਰ ਝੂਲਨ ਲਗੇ, ਗੁਰਤਾ ਦੀ ਦੁਕਾਨ ਘਰ ਘਰ ਖੁਲ੍ਹ ਗਈ, ਪਰ ਇਕ ਗ੍ਰਾਹਕ ਆ ਗਿਆ ਨਿਰਾ ਦੇਖਾ ਦੇਖੀ ਦਾ ਸਿਖ ਹੀ ਨਹੀਂ ਸੀ, ਉਹ ਪੂਰਾ ਪਾਰਖੂ ਸੀ। ਉਹ ਇਹ ਜਾਣਦਾ ਸੀ ਕਿ 'ਗੁਰੂ ਕਰੀਏ ਜਾਣਕੇ ਤੇ ਪਾਣੀ ਪੀਵੀਏਛਾਣਕੇ'ਉਹ ਲਗਾ ਗੁਰੂਆਂ ਦੀ ਖੋਜ-ਪੜਤਾਲ ਕਰਨ, ਪਰ ਬਟਾਲੇ ਵਿਚ ਬੈਠੇ ਹੋਏ ਸਾਰੇ ਹੀ ਗੁਰੂ, ਗੁਰੂ ਸਿਧ ਨਾਂ ਹੋਏ, ਉਸਨੇ ਜੇਹੜਾ ਇਮਤਿਹਾਨ ਦਾ ਪਰਚਾ ਪਾਇਆ ਸੀ, ਉਸ ਨੂੰ ਕਿਸੇ ਨੇ ਭੀ ਹਲ ਨਾ ਕੀਤਾ, ਤਾਂ ਉਸਨੇ ਲੋਕਾਂ ਤੋਂ ਪੁਛਿਆ–ਕੀ ਸਾਰੇ ਏਹੋ ਹੀ ਗੁਰੂ ਹਨ ਜਾਂ ਕੋਈ ਹੋਰ ਭੀ ? ਲੋਕਾਂ ਆਖਿਆ ਗੁਰੂ ਤਾਂ ਏਹੋ ਹਨ। ਮਖਨ ਸ਼ਾਹ ਜੀ ਨੇ ਕਿਹਾ ਏਹ ਗੁਰੂ ਨਹੀਂ ਹਨ, ਇਹ ਗੁਰੂ ਦੇ ਭੇਖ ਵਿਚ ਬੈਠੇ ਹੋਏ ਅਗੁਰੂ ਹਨ, ਕੀ ਗੁਰੂ ਜਗਤ ਤੇ ਨਹੀਂ ਰਿਹਾ,ਅਠਵੇ ਗੁਰੂ ਜੀ ਨੇ ਕਿਹਾ ਸੀ 'ਗੁਰੂ ਬਾਬਾ ਬਕਾਲੇ!' ਕੀ ਇਹ ਵਾਕ ਅੰਨਥਾ ਹੈ, ਏਹ ਝੂਠਾ ਨਹੀਂ ਹੋ ਸਕਦਾ ਗੁਰੂ ਹੋਵੇਗਾ ਤੇ ਜ਼ਰੂਰ ਹੋਵੇਗਾ ਅਤੇ ਇਸੇ ਬਕਾਲੇ ਵਿਚ ਹੋਵੇਗਾ। ਉਸ ਨੇ ਲੋਕਾਂ ਤੋਂ ਫੇਰ ਪੁਛਿਆ ਕੀ ਇਥੇ ਕੋਈ ਹੋਰ ਭੀ ਗੁਰੂ ਕੀ ਅੰਸ ਰਹਿੰਦੀ ਹੈ? ਲੋਕਾਂ ਨੇ ਕਿਹਾ ਹਾਂ! ਛੇਵੇਂ ਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਇਥੇ ਰਹਿੰਦਾ ਹੈ, ਪਰ ਉਹ ਕਿਸੇ ਨਾਲ ਬੋਲਦਾ ਚਾਲਦਾ ਨਹੀਂ, ਕਿਸੇ ਨੂੰ ਮਿਲਦਾ ਗਿਲਦਾ ਨਹੀਂ, ਨਾਂ ਹੀ ਕੋਈ ਉਸ ਨੂੰ ਜਾਣਦਾ ਜਾਂ ਮੰਨਦਾ ਹੈ। ਇਹ ਸੁਣਕੇ ਮਖਣ ਸ਼ਾਹ ਟੁਰ ਪਿਆ, ਮੇਰੇ ਦੀਨ ਦੁਨੀ ਦੇ ਸਾਹਿਬ ਹਿੰਦ ਦੀ ਚਾਦਰ ਸ੍ਰੀ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਪੁਜ ਪਿਆ, ਜਾ ਕੇ ਦੋ ਮੋਹਰਾਂ ਅਗੇ ਰਖਕੇ ਮਥਾ ਟੇਕਿਆ, ਗੁਰ ਮੂਰਤਿ ਨੇ ਹੁਲਾਰਾ ਖਾਧਾ, ਸ੍ਰੀ ਤੇਗ ਬਹਾਦਰ ਜੀ ਨੇ ਅਖਾਂ ਖੋਲ੍ਹਕੇ ਆਖਿਆ, 'ਸਿਖਾ! ਗੁਰੂ ਨੂੰ ਧਨ ਦੀ ਲੋੜ ਨਹੀਂ ਹੈ, ਗੁਰੂ ਦਾਤਾ ਹੈ, ਮੰਗਤਾ ਨਹੀਂ, ਪਰ ਸਿਖ ਦੀ ਸ਼ਰਧਾ ਵੇਖਣੀ ਹੈ ਗੁਰੂ ਨੇ, ਤੂੰ ਸੁਖਿਆ ਕੀ ਸੀ ਤੇ ਲੈਕੇ ਕੀ ਆਇਆ ਹੈਂ, ਜਰਾ ਮੇਰੇ ਮੋਢੇ ਵਲ ਤਾਂ ਵੇਖ, ਤੇਰੇ ਹੀ ਜਹਾਜ਼ ਨੂੰ ਧਕਾ ਦੇਣ ਵੇਲੇ ਇਹ ਕਿਲ ਚੁਭਾ ਸੀ ਨਾ?

ਸ੍ਰੀ ਤੇਗ ਬਹਾਦਰ ਜੀ ਦੀ ਦੇਹ 'ਚ ਗੁਰ ਮੂਰਤਿ ਬੋਲ ਪਈ,ਏਹ ਬਚਨ ਨਹੀਂ ਕਹੇ,ਮਾਨੋ ਮਖਨ ਸ਼ਾਹ ਨੂੰ ਤੀਰ ਮਾਰਿਆ ਇਸ ਤੀਰ ਦੇ ਵਜਦੇ ਹੀ ਮਖਨ ਸ਼ਾਹ ਘਾਇਲ ਹੋਗਿਆ,ਨੀਮ ਬਿਸਮਿਲਿਹੋਕੇਚਰਨਾਂ ਤੇ ਡਿਗ ਪਿਆ,ਆਪਣੀ ਭੁਲ ਦੀਮੁਆਫੀ ਮੰਗੀ ਤੇ 'ਕੋਠੇ ਤੇ ਚੜ੍ਹਕੇ ਪਲੂ ਫੇਰ ਕੇ ਆਖ ਦਿਤਾ–ਲੋਕੋ! ਆਓ, ਇਧਰ ਆਓ, ਮੈਂ ਸਚਾ ਅਵਤਾਰ ਗੁਰੂ ਲਭ ਲਿਆ ਹੈ। ਇਉਂ ਗੁਰ ਮੂਰਤ ਫੇਰ ਪ੍ਰਗਟ ਹੋ ਗਈ ਤਾਰਿਆਂ ਵਰਗੇ ਗੁਰੂ, ਸੂਰਜ ਗੁਰੂ ਦੇ ਉਦੇ ਹੁੰਦਿਆਂ ਫੇਰ ਲੋਪ ਹੋ ਗਏ। ਇਸ ਗੁਰੂ ਮੂਰਤਿ ਨੇ ਫੇਰ ਕਈ ਰੰਗ ਧਾਰੇ, ਕਈ ਸਾਂਗ ਵਰਤਾਏ, ਕਈ ਕੌਤਕ ਕੀਤੇ, ਪੁਤ੍ਰਾਂ, ਮਿੱਤ੍ਰਾਂ ਨੂੰ ਸ਼ਹੀਦ ਕਰਾਕੇ ਗੁਰ ਮੂਰਤਿ ਜਾ ਪੁਜੀ ਗੁਦਾਵਰੀਦੇਕੰਢੇ ਅਜ ਗੁਰਮੂਰਤਿ ਨੇ ਆਪਣਾ ਅਸਲ ਰੂਪ ਫੇਰ ਧਾਰਨਾ ਹੈ, ਆਪਣੇ ਅਸਲ ਰੂਪਨੂੰ ਅਜ ਫੇਰ ਪ੍ਰਗਟ ਕਰਨਾ ਹੈ,ਭਾਵੇਂ ਸੌ ਵਰ੍ਹਾ ਪਹਿਲੋਂ ਸਾਰੀ ਗਲ ਕਹਿ ਦਿਤੀਹੋਈ ਸੀ,ਪਰ ਅਜ ਉਸ ਗਲਨੂੰ ਪ੍ਰਤਖ ਕਰਕੇ ਵਿਖਾ ਦੇਣਾਹੈ,ਗੁਰੂ ਨੇ,ਹਾਂ ਜੀ! ਦਸਵੇਂ ਗੁਰੂ ਨੇ ਗੁਰੂ ਮੂਰਤਿ ਰੂਪ ਗੁਰ-ਬਾਣੀ ਦਾ ਸਮਗ੍ਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦਾ ਪ੍ਰਕਾਸ਼,ਕਰਾਕੇ ਪੰਜ ਪੈਸੇ ਤੇ ਨਰੇਲ ਅਗੇ ਰਖਦਿੱਤਾ, ਚਾਰ ਪ੍ਰਕਰਮਾਂ ਕਰਕੇ ਮੱਥਾ ਟੇਕ ਕੇ ਕਹਿ ਦਿਤਾ, ਖਾਲਸਾ ਜੀ! ਅਜ ਤੋਂ ਤੁਹਾਡਾ ਗੁਰੂ ਤੁਹਾਡੇਗੁਰੂ ਦੀ

ਮੂਰਤਿ ਏਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜੋ ਸ੍ਰੀ ਗੁਰੂ ਜੀ ਦਾ ਸ਼ਬਦ ਹੈ। ਗੁਰੂ ਮੂਰਤਿ ਤਾਂ ਪਹਲੋਂ ਭੀ ਏਹੋ ਸੀ, ਏਹੋ ਮੂਰਤਿ ਸ੍ਰੀ ਅਰਜਨ ਜੀ ਨੂੰ ਲਾਹੌਰ ਵਿਚ ਜਾ ਮਿਲੀ ਸੀ, ਇਸੇ ਮੂਰਤਿ ਨੇ ਸ੍ਰੀ ਅਰਜਨ ਜੀ ਪਾਸੋਂ "ਮੇਰਾ ਮਨੁ ਲੋਚੈ ਗੁਰ ਦਰਸ਼ਨ ਤਾਈ॥" ਲਿਖਵਾਯਾ ਸੀ, ਆਪ ਲਾਹੌਰੋਂ ਸ੍ਰੀ ਰਾਮਦਾਸ ਪੁਰੇ ਆਏ ਤਾਂ ਆਉਂਦੇ ਹੀ ਗੁਰੂ ਹੋ ਗਏ ਕਿਉਂਕਿ ਗੁਰੂ ਮੂਰਤਿ ਨੇ ਜੁਆਪ ਵਿਚਨਿਵਾਸ ਕਰ ਲਿਆ ਹੋਇਆ ਸੀ ਭਾਈ ਗੁਰਦਾਸ ਜੀ ਨੇ,ਉਸੇ ਵੇਲੇ ਹੀ ਇਸ ਭੇਦ ਨੂੰ ਸਮਝਕੇ ਡੰਕੇ ਦੀ ਚੋਟਨਾਲਇਹ ਆਖਿਆ ਸੀ:—

"ਗੁਰ ਮੂਰਤਿ ਗੁਰ ਸ਼ਬਦ ਹੈ,
ਸਾਧ ਸੰਗਤਿ ਸਮਸਰ ਪਰਵਣਾ।"

ਲੋ ਜੀ! ਭੇਦ ਹਥ ਆ ਗਿਆ, ਗੁਰੂ ਦੀ ਮੂਰਤਿ ਕਿਸੇ ਮੁਸੱਵਰ ਜਾਂ ਫੋਟੋਗ੍ਰਾਫਰ ਨੇ ਨਹੀਂ ਬਣਾਈ ਇਹਗੁਰੂ ਜੀ ਨੇ ਆਪ ਹੀ ਜਣਾਈ ਹੈ,ਗੁਰਬਾਣੀ ਹੀ ਗੁਰੂ ਦੀ ਮੂਰਤਿ ਹੈ, ਇਸ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ,ਏਹ ਸਚ ਹੈ ਤੇ ਸੋਲਾਂ ਆਨੇ ਸਚ ਹੈ।

**ਤੀਰਥ ਪੁਰਬ ਦੇਵ ਜਾਤ੍ਰਾ ਜਾਤ ਹੈ ਜਗਤੁ ਪੁਰਬ ਤੀਰਥ ਸੁਰ ਕੋਟਨਿ ਕੋਟਾਨਿ ਕੈ॥**

ਤੀਰਥਾਂ ਉਤੇ ਪੁਰਬੀ(ਸ਼ਨਾਨ ਕਰਨ ਲਈ, ਜਾਂ) ਦੇਵ (ਮੰਦਰਾਂ) ਦੀ ਯਾਤ੍ਰਾ (ਕਰਨ ਲਈ) ਯਾਤ੍ਰੂ ਜਾਂਦੀ ਹੈ, ਜਗਤ ਵਿਚ ਤੀਰਥਾਂ ਦੇ ਪੁਰਬ ਤੇ(ਜਿਨਾਂ ਦੇਵ ਮੰਦਰਾਂ ਦੀ ਯਾਤ੍ਰਾਲਈ ਲੋਕੀ ਜਾਂਦੇ ਹਨ ਖਾਸ ਕਰਕੇ ਉਹ)ਦੇਵ ਭੀ ਕ੍ਰੋੜਾਂ ਕ੍ਰੋੜ ਇਕਠੇ ਹੋ ਕਰਕੇ।

**ਮੁਕਤਿ ਬੈਕੁੰਠ ਜੋਗ ਜੁਗਤਿ ਬਿਬਿਧ ਫਲ ਬਾਂਛਤ ਹੈ ਸਾਧ ਰਜ ਕੋਟਿ ਗਿਆਨ ਧਿਆਨ ਕੈ॥**

(ਸਲੋਕ, ਸਮੀਪ ਸਾਜੁਜ ਤੇ ਸਰੂਪ ਵਿਚ ਇਹ ਚਾਰਦੀ)ਮੁਕਤੀ,(ਬ੍ਰਹਮ ਸ਼ਿਵ ਲੋਕ ਤੇ ਵਿਸ਼ਨ ਲੋਕ ਰੂਪ)ਵੈਕੁੰਠ,(ਹਠ ਜੋਗ,ਮੰਤ੍ਰ ਜੋਗ ਲਯ ਜੋਗ ਤੇਰਾਜ ਜੋਗ ਆਦਿਕ) ਜੋਗ ਦੀ ਜੁਗਤੀ, ਅਨੇਕ ਤਰ੍ਹਾਂ (ਦੇ ਧਰਮਾਂ ਵਾਲਿਆਂਦੇ ਕਥਨ ਕੀਤੇ ਹੋਏ-ਧਰਮ,ਅਰਥ, ਕਾਮ ਤੇ ਮੋਖ ਰੂਪ) ਫਲ, ਕ੍ਰੋੜਾਂ(ਤਰ੍ਹਾਂ ਦਾਰਸ਼ਨਿਕ ਆਦਿਕ) ਗਿਆਨ ਤੇ ਧਿਆਨ (ਜੋ ਸਾਰੇ ਦੇ ਸਾਰੇ) ਸੰਤ ਦੀ ਚਰਨ ਧੂੜੀ ਚਾਹੁੰਦੇ ਹਨ।

**ਅਗਮ ਅਗਾਧਿ ਸਾਧ ਸੰਗਤਿ ਅਸੰਖ ਸਿਖ ਸ੍ਰੀ ਗੁਰੂ ਬਚਨ ਮਿਲੈ ਰਾਮ ਰਸ ਆਨ ਕੈ॥**

(ਇਸ ਤਰ੍ਹਾਂ ਦੇ) ਅਗਮ ਅਗਾਧ (ਆਸ਼ੇ ਵਾਲੇ) ਸਾਧਾਂ ਦੀ ਸੰਗਤ ਹੀ ਅਸੰਖਾਂ ਸਿਖ ਧਨ, (ਜੇਹੜਾ ਕੋਈ ਪੁਰਸ਼)ਸ੍ਰੀ ਗੁਰੂ(ਜੀ ਦੀ ਸ਼ਰਨ ਵਿਚ ਆਣ ਕੇ (ਪ੍ਰਾਪਤ ਹੋਇਆ ਹੈ) ਗੁਰੂ ਜੀ ਦੇ ਉਪਦੇਸ਼ ਦ੍ਵਾਰਾ ਉਸਨੂੰ ਰਾਮ ਰਸ ਮਿਲਿਆ ਹੈ(ਅਰਥਾਤ ਜੋ ਸੰਸਾਰੀ ਸ਼ਰਧਾ ਧਾਰਕੇ ਗੁਰੂ ਜੀ ਦੀ ਸ਼ਰਨੀ ਆਯਾ ਹੈ, ਉਹ ਗੁਰ ਉਪਦੇਸ਼ ਦੇ ਆਸਰੇ ਲਗਕੇ ਰਾਮ ਰਸ ਵਿਚ ਮਿਲ ਗਿਆ ਭਾਵ ਰਾਮ ਜਲ ਦੇ ਨਾਲ ਮਿਲ ਰਾਮ ਰੂਪ ਜਲ ਆਪ ਹੀ ਹੋ ਗਿਆ ਹੈ।

**ਸਹਜ ਸਮਾਧਿ ਅਪਰੰਪਰ ਪੁਰਖ ਲਿਵ ਪੂਰਨ ਬ੍ਰਹਮ ਸਤਿਗੁਰ ਸਾਵ-ਧਾਨ ਕੈ॥੩੯੬॥**

ਪੂਰਨ ਬ੍ਰਹਮ ਸਰੂਪ ਸਤਿਗੁਰੂ (ਉਪਦੇਸ਼ ਨਾਲ) ਸਾਵਧਾਨ ਹੋ ਜਾਣ ਕਰਕੇ ਅਪਰੰਪਰ ਪੁਰਖ ਵਿਚਜੋ ਲਿਵ (ਦਾ ਜੁੜ ਜਾਣਾ ਹੈ, ਏਹੋ ਹੀ) ਸਹਜ ਸਮਾਧੀ ਹੈ(ਅਰਥਾਤ ਗੁਰ ਉਪਦੇਸ਼ ਨਾਲ ਅਜੇਹਾ ਸਾਵਧਾਨ ਹੋ ਜਾਣਾ ਜੋ ਮੁੜਕੇ ਮਾਯਾ ਦਾ ਮੋਹ ਨਾਂ ਵਾਪਰੇ ਤਾਂ ਫਿਰ ਅਪਰੰਪਰ ਪੁਰਖ ਵਿਚ ਲਿਵ ਲਗ ਜਾਂਦੀ ਹੈ, ਅਤੇ ਇਸ ਨੂੰ ਹੀ ਸਹਜ ਸਮਾਧੀ ਗੁਰੂ ਸਿਖ ਆਖਦੇ ਹਨ॥੩੯੬॥

ਨੋਟ—"ਅਪਰੰਪਰ ਪੁਰਖ" ਦਾ ਅਰਥ ਹੈ, ਜੋ "ਅਪਰੰ" ਉਰੇ ਤੋਂ ਉਰੇ ਤੋਂ "ਪਰੰ" ਪਰੇ ਤੋਂ ਪਰੇ ਵਿਚ 'ਪੁਰ' ਪੂਰਨ ਹੋਵੇ'ਖ'ਅਕਾਸ਼ ਵਾਂਗੂ (ਅਰਥਾਤ ਜੋ ਉਰੇ ਤੋਂ ਉਰੇਤੇਪਰੇ ਤੋਂ ਪਰੇਅਕਾਸ਼ ਵਾਂਗੂ ਪੂਰਨ ਹੈ, ਉਸਦਾ ਨਾਮ ਹੈ, "ਅਪਰੰਪਰ ਪੁਰਖ" ਸੰਸਕ੍ਰਿਤ ਵਾਲਿਆਂ ਨੇ ਇਸਦਾ ਅਰਥ ਇਉਂ ਭੀ ਕੀਤਾ ਹੈ:—

ਅਪਰੰ ਜੀਵਾਂ ਤੋਂ ਪਰੇ-ਪਿਤਰ, ਪਿਤਰਾਂ ਤੋਂ ਪਰੇ ਦੇਵਤੇ, ਦੇਵਤਿਆਂ ਤੋਂ ਪਰੇ ਬ੍ਰਹਮਾਦਿਕ, ਬ੍ਰਹਮਾਂ ਆਦਿਕ ਭੀ ਜਿਸ ਤੋਂ ਉਰੇ ਹਨ, ਜਾਂ ਜੋ ਬ੍ਰਹਮਾਂ,

ਵਿਸ਼ਨ ਤੇ ਸ਼ਿਵਜੀ ਤੋਂ ਭੀ ਪਰੇ ਪੁਰਸ਼ ਰੂਪ ਹੈ, ਉਸ ਵਾਹਿਗੁਰੂ ਅਕਾਲ ਪੁਰਖ ਦਾ ਹੀ ਨਾਮ ਹੈ 'ਅਪ-ਰੰਪਰ ਪੁਰਖ'।

**ਦ੍ਰਿਗਨ ਕਉ ਜਿਹਬਾ ਸ੍ਰਵਨ ਜਉ ਮਿਲਹਿ ਜੈਸੋ ਦੇਖੈ ਤੈਸੋ ਕਹਿ ਸੁਨਿ ਗੁਨ ਗਾਵਹੀ ॥**

ਜੇਕਰ ਅੱਖਾਂ ਨੂੰ ਜੀਭ ਤੇ ਕੰਨ ਮਿਲ ਜਾਣ (ਤਾਂ) ਜਿਸ ਤਰ੍ਹਾਂ ਦਾ ਵੇਖਣ, ਉਸੇ ਤਰ੍ਹਾਂ ਦਾ ਕਹਿ ਕੇ ਸੁਣਕੇ ਆਖਿਆ ਕਰਨ।

**ਸ੍ਰਵਨ ਜਿਹਬਾ ਅਉ ਲੋਚਨ ਮਿਲੈ ਦਿਆਲ ਜੈਸੋ ਸੁਨੈ ਤੈਸੋ ਦੇਖਿ ਕਹਿ ਸਮਝਾਵਹੀ ॥**

ਦਿਆਲੂ (ਪਰਮਾਤਮਾਂ ਪਾਸੋਂ ਜੇਕਰ) ਕੰਨਾਂ ਨੂੰ ਜੀਭ ਤੇ ਅੱਖਾਂ ਮਿਲ ਜਾਣ ਤਾਂ ਜੇਹੋ ਜੇਹਾ ਸੁਣਨ, ਉਸੇ ਤਰ੍ਹਾਂ ਦਾ ਦੇਖਕੇ ਕਹਿਕੇ ਸਮਝਾ ਦੇਣ।

**ਜਿਹਬਾ ਕਉ ਲੋਚਨ ਸ੍ਰਵਨ ਜਉ ਮਿਲਹਿ ਦੇਵ ਜੈਸੋ ਕਹੈ ਤੈਸੋ ਸੁਨਿ ਦੇਖਿ ਅਉ ਦਿਖਾਵਹੀ ॥**

ਜੇਕਰ (ਪਰਮਾਤਮਾ) ਦੇਵ ਪਾਸੋਂ ਜੀਭ ਨੂੰ ਅੱਖਾਂ ਤੇ ਕੰਨ ਮਿਲ ਜਾਣ ਜੇਹੋ ਜੇਹਾ ਆਖਣ ਉਸੇ ਤਰ੍ਹਾਂ ਸੁਣਕੇ ਵੇਖਣ ਅਤੇ ਵਿਖਾ ਦੇਣ।

**ਨੈਨ ਜੀਹ ਸ੍ਰਵਨ ਸ੍ਰਵਨ ਲੋਚਨ ਜੀਹ ਜਿਹਬਾ ਨ ਸ੍ਰਵਨ ਲੋਚਨ ਲਲਚਾਵਹੀ ॥੩੯੭॥**

(ਵੇਖੋ !) ਜੀਭ ਤੇ ਕੰਨਾਂ (ਲਈ) ਅੱਖਾਂ ਲਲ-ਚਾਉਂਦੀਆਂ ਹਨ,ਅੱਖਾਂ ਤੇ ਜੀਭ (ਲਈ)ਕੰਨ ਲਲ-ਚਾਉਂਦੇ ਹਨ ਅਤੇ ਜੀਭ (ਕੋਲ)ਕੰਨ ਤੇ ਅੱਖਾਂ ਨਹੀ (ਹਨ, ਜੀਭ ਇਨ੍ਹਾਂ ਵਾਸਤੇ) ਲਲਚਾਉਂਦੀ ਹੈ (ਪਰ ਇਹ ਇਨ੍ਹਾਂ ਨੂੰ ਮਿਲਦੇ ਨਹੀਂ ਹਨ) ॥੩੯੭॥

**ਆਪੁਨੋ ਸੁਅੰਨਿ ਜੈਸੇ ਲਾਗਤ ਪਿਆਰੋ ਜੀਅ ਜਾਨੀਐ ਵੈਸੋ ਈ ਪਿਆਰੋ ਸਕਲ ਸੰਸਾਰ ਕਉ ॥**

ਜਿਸ ਤਰ੍ਹਾਂ ਆਪਣਾ ਪੁਤ੍ਰ ਮਨ ਨੂੰ ਪਿਆਰਾ ਲੱਗਦਾ ਹੈ, ਸਾਰੇ ਸੰਸਾਰ ਨੂੰ ਉਸੇ ਹੀ ਤਰ੍ਹਾਂ ਦਾ ਪਿਆਰਾ ਜਾਣਨਾ ਚਾਹੀਦਾ ਹੈ।

**ਆਪੁਨੋ ਦਰਬੁ ਜੈਸੇ ਰਾਖੀਐ ਜਤਨ ਕਰ ਵੈਸੋ ਈ ਸਮਝਿ ਸਭ ਕਾਹੂ ਕੇ ਬਿਉਹਾਰ ਕਉ ॥**

ਜਿਸ ਤਰ੍ਹਾਂ ਦਾ ਯਤਨ ਕਰਕੇ ਆਪਣੇ ਧਨ ਪਦਾਰਥਨੂੰ ਸਾਂਭਕੇ ਰਖੀਦਾਹੈ ਸਭ ਕਿਸੇ ਦੇ ਵਿਹਾਰ ਨੂੰ ਉਸੇ ਤਰ੍ਹਾਂ ਦਾ ਹੀ ਸਮਝਣਾ ਚਾਹੀਦਾ ਹੈ।

**ਅਸਤੁਤਿ ਨਿੰਦਾ ਸੁਨਿ ਬਿਆਪਤ ਹਰਖ ਸੋਗ ਵੈਸੀਐ ਲਗਤ ਜਗ ਅਨਿਕ ਪ੍ਰਕਾਰ ਕਉ ॥**

(ਜਿਸ ਤਰ੍ਹਾਂ ਦੀ ਆਪਦੀ) ਉਸਤਤਿ ਤੇ ਨਿੰਦਾ ਸੁਣਕੇ ਹਰਖ ਤੇ ਸੋਗ ਵਿਆਪਦਾ ਹੈ (ਅਰਥਾਤ ਆਪਣੀ ਉਸਤਤਿ ਸੁਣਕੇ ਮਨ ਖੁਸ਼ ਹੁੰਦਾ ਹੈ ਅਤੇ ਨਿੰਦਾ ਸੁਣਕੇ ਜਿਸ ਤਰ੍ਹਾਂ ਦਾ ਮਨ ਨੂੰ ਦੁਖ ਹੁੰਦਾ ਹੈ ਅਨੇਕ ਪ੍ਰਕਾਰ ਦੇ ਜਗਤ ਨੂੰ ਭੀ ਉਸੇ ਹੀ ਤਰ੍ਹਾਂ ਦਾ ਲਗਦਾ ਹੈ।

**ਜੈਸੇ ਕੁਲ ਧਰਮੁ ਕਰਮੁ ਜੈਸੋ ਜੈਸੋ ਜਾਕੋ ਉਤਮ ਕੈ ਮਾਨਿ ਜਾਨਿ ਬ੍ਰਹਮ ਬਿਥਾਰ ਕਉ ॥ ੩੯੮ ॥**

ਜਿਸ ਤਰ੍ਹਾਂ ਕਿ ਕਿਸੇ ਦਾ ਜੇਹਾ ਜੇਹਾ ਕੁਲ ਦਾ ਧਰਮ ਹੈ,(ਉਸਦੇ ਅਨੁਸਾਰੀ) ਕਰਮ ਨੂੰ ਜੇਹਾ ਜੇਹਾ ਉਤਮ ਕਰਕੇ ਮੰਨਦਾ ਹੈ ਬ੍ਰਹਮ ਦੇ ਵਿਸਥਾਰ ਨੂੰ(ਭੀ ਉਸੇ ਹੀ ਤਰ੍ਹਾਂ ਦਾ) ਜਾਣਨਾ ਚਾਹੀਦਾ ਹੈ ॥੩੯੮॥

**ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ ਤਾਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ ॥**

ਜਿਸ ਤਰ੍ਹਾਂ ਦੀਆਂ ਅੱਖਾਂ, ਅਵਾਜ਼ ਤੇ ਖੰਭ, ਸਾਰੇ ਅੰਗਾਂ ਕਰਕੇ ਮੋਰ ਸੁੰਦਰ ਹੈ, ਪਰ ਉਸਦੇ ਪੈਰਾਂ ਵੱਲ ਵੇਖਕੇ (ਕੋਈ) ਦੋਸ਼ ਨਹੀਂ ਵਿਚਾਰਨਾ ਚਾਹੀਦਾ।

**ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ ਕੰਟਕਿ ਬਿਲੋਕ ਨ ਅਉਗੁਨ ਉਰ ਧਾਰੀਐ ॥**

ਜਿਸ ਤਰ੍ਹਾਂ ਦਾ ਕਮਲ ਸੁੰਦਰ ਪਤ੍ਰਾਂ ਵਾਲਾ, ਤੇ ਕੋਮਲ ਹੈ, (ਪਰ ਉਸਨੂੰ) ਕੰਡਿਆਂ ਵਾਲਾ ਵੇਖਕੇ (ਕੋਈ) ਔਗੁਣ ਹਿਰਦੇ ਵਿਚ ਨਹੀਂ ਧਾਰਨਾ ਚਾਹੀਦਾ।

**ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ ॥**

ਜਿਸ ਤਰ੍ਹਾਂ ਅੰਮ੍ਰਿਤ ਫਲ[ਅੰਬ]ਮਿਠਾ ਹੈ, ਗੁਣਾਂ ਵਾਲਾ ਹੈ, ਸ੍ਵਾਦੀ ਹੁੰਦਾ ਹੈ, (ਪਰ)ਬੀਜ ਦੀ ਕੁੜਤਨ ਕਰਕੇ(ਫਲਦੀ)ਬੁਰਾਈਨਹੀਂ ਯਾਦਕਰਨੀਚਾਹੀਦੀ।

**ਤੈਸੇ ਗੁਰ ਗਿਆਨ ਦਾਨ ਸਬਹੂ ਸੈ ਮਾਗਿ ਲੀਜੈ ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ ॥ ੩੯੯ ॥**

ਉਸੇ ਤਰ੍ਹਾਂ ਗੁਰੂ ਗਿਆਨ ਦਾ ਦਾਨ (ਦੇਂਦਾ ਹੈ, ਜੋ)ਸਭ ਕਿਸੇ ਨੂੰ ਮੰਗਕੇਲੈਣਾ ਚਾਹੀਦਾ ਹੈ,ਅਤੇਸਾਰੇ ਜੀਵਾਂ ਨੂੰ ਬੰਦਨਾ(ਕਰਨੀ ਚਾਹੀਦੀ ਹੈ)ਨਿੰਦਾ(ਕਿਸੇ ਦੀ ਭੀ) ਨਹੀਂ ਤਕਨੀ ਚਾਹੀਦਾ ॥ ੩੯੯ ॥

**ਪਾਰਸ ਪਰਸ ਦਰਸ ਕਤ ਸਜਨੀ ਕਤ ਵੈ ਨੈਨ ਬੈਨ ਮਨ ਮੋਹਨ ॥**

ਹੇ ਸਖੀ!ਪਾਰਸ ਦੇ ਪਰਸਨ(ਵਰਗਾ ਜਿਨਾਂ ਦਾ) ਦਰਸ਼ਨ ਹੈ (ਉਹ ਸਤਿਗੁਰੂ ਜੀ) ਕਿਥੇ ਹਨ ? ਅਤੇ ਮਨ ਨੂੰ ਮੋਹਨ ਵਾਲੇ ਨੈਨ ਤੇ ਬਚਨ ਕਿਥੇ ਹਨ ?

**ਕਤ ਵੈ ਦਸਨ ਹਸਨ ਸੋਭਾ ਨਿਧਿ ਕਤ ਵੈ ਗਵਨ ਭਵਨ ਬਨ ਸੋਹਨ ॥**

ਕਿਥੇ ਹਨ(ਉਹ)ਦੰਦ, (ਜਿਨਾਂ ਦਾ)ਹਸਣਾ ਸੋਭਾ ਦੀ ਨਿਧੀ ਹੈ ਅਤੇ ਕਿਥੇ ਹੈ (ਉਹ) ਚਲਨਾ (ਜੋ) ਘਰ ਤੇ ਬਨ ਨੂੰ ਸੋਹਣਾ ਕਰਦੇ ਹਨ।

**ਕਤ ਵੈ ਰਾਗ ਰੰਗ ਸੁਖ ਸਾਗਰ ਕਤ ਵੈ ਦਇਆ ਮਇਆ ਦੁਖ ਜੋਹਨ ॥**

ਕਿਥੇ ਹੈ (ਉਹ) ਸੁਖਾਂ ਦਾ ਸਮੁੰਦਰ ਰਾਗ ਰੰਗ ਅਤੇ ਕਿਥੇ ਹੈ ਉਹ ਦਯਾ (ਜੋ) ਦੁਖਾਂ ਨੂੰ ਤਾੜਨਾ ਕਰਦੀ ਹੈ।

**ਕਤ ਵੈ ਜੋਗ ਭੋਗ ਰਸ ਲੀਲਾ ਕਤ ਵੈ ਸੰਤ ਸਭਾ ਛਬਿ ਗੋਹਨ ॥੪੦੦॥**

ਕਿਥੇ ਹੈ ਉਹ ਰਸ ਭੋਗਾਂ ਦੀ ਲੀਲਾ ਰੂਪ ਜੋਗ ? ਅਤੇ ਕਿਥੇ ਹੈ ਉਹ ਸੰਤ ਸਭਾ, (ਜਿਸਦੀ) ਸੁੰਦਰਤਾ [ਗੋ] ਅਗਿਆਨ ਅੰਧਕਾਰ ਨੂੰ [ਹਨ] ਨਾਸ ਕਰਨ ਵਾਲੀ ਹੈ। ੪੦੦ ॥

**ਕਬ ਲਾਗੈ ਮਸਤਕਿ ਚਰਨ ਰਜ ਦਰਸੁ ਦਇਆ ਦ੍ਰਿਗਨ ਕਬ ਦੇਖਉ ॥**

(ਸ੍ਰੀ ਗੁਰੂ ਜੀ) ਚਰਨਾਂ ਦੀ ਧੂੜੀ (ਮੇਰੇ) ਮਥੇ ਉਤੇ ਕਦੋਂ ਲਗੇਗੀ ?ਅਤੇ ਦਇਆ(ਸਰੂਪ ਸਤਿਗੁਰੂ ਜੀ ਦਾ) ਦਰਸ਼ਨ ਅਖਾਂ ਨਾਲ ਕਦੋਂ ਵੇਖਾਂਗਾ ?

**ਅੰਮ੍ਰਿਤ ਬਚਨ ਸੁਨਉ ਕਬ ਸ੍ਰਵਨਨ ਕਬ ਰਸਨਾ ਬੇਨਤੀ ਬਿਸੇਖਉ ॥**

(ਸ੍ਰੀ ਗੁਰੂ ਜੀ ਦੇ) ਅੰਮ੍ਰਿਤ ਰੂਪ ਬਚਨ (ਮੈਂ ਆਪਣੇ)ਕੰਨਾਂ ਨਾਲਕਦੋਂ ਸੁਣਾਂਗਾ ਅਤੇ[ਬਿਸੇਖਉ] ਖਾਸ ਕਰਕੇ, (ਆਪਣੀ) ਜੀਭ (ਨਾਲ ਗੁਰੂ ਜੀ ਦੇ

ਅਗੇ ਬੇਨਤੀ ਕਦੋਂ ਕਰਾਂਗਾ ?

**ਕਬ ਕਰ ਕਰਉ ਡੰਡਉਤਿ ਬੰਦਨਾ ਪਗਨੁ ਪਰਿਕ੍ਰਮਾਦਿ ਪੁਨਿ ਰੇਖਉ ॥**

(ਸ੍ਰੀ ਗੁਰੂ ਜੀ ਦੇ) ਚਰਨਾਂ ਉਤੇ ਕਦੋਂ ਡੰਡੌਤ ਬੰਦਨਾ ਕਰਾਂਗਾ ਅਤੇ ਪਰਕ੍ਰਮਾਂ ਦੀ ਰੇਖਾ ਤੇ ਕਦੋਂ ਤੁਰਾਂਗਾ (ਅਰਥਾਤ ਪਰਦਖਨਾ ਕਦੋਂ ਕਰਾਂਗਾ)

**ਪ੍ਰੇਮ ਭਗਤਿ ਪ੍ਰਤੱਛ ਪ੍ਰਾਨਪਤਿ ਗਿਆਨ ਧਿਆਨ ਜੀਵਨ ਪਦ ਲੇਖਉ ॥੪੦੧॥**

(ਜੋ) ਪ੍ਰਾਨ ਪਤੀ ਜੀ ਦੀ ਪ੍ਰੇਮਾ ਭਗਤੀ ਹੈ, (ਉਹ ਮੈਨੂੰ ਕਦੋਂ) ਪ੍ਰਤੱਖ (ਹੋਵੇਗੀ, ਜਿਸ ਕਰਕੇ) ਗਿਆਨ ਧਿਆਨ (ਨੂੰ ਪ੍ਰਾਪਤ ਕਰਕੇ) ਜੀਵਨ ਪਦ ਨੂੰ ਜਾਣ ਸਕਾਂਗਾ ॥ ੪੦੧ ॥

**ਬਿਰਖੈ ਬਇਆਰ ਲਾਗੈ ਜੈਸੇ ਹਰਰਾਤਿ ਪਾਤਿ ਪੰਛੀ ਨ ਧੀਰਜ ਕਰਿ ਠਉਰ ਠਹਿਰਾਤ ਹੈ ॥**

[ਬਇਆਰ=ਹਵਾ ॥ ਹਰਰਾਤਿ=ਖੜਾਕ ਕਰਦੇ ਹਨ ।ਘਾਮ=ਧੁਪ। ਬਾਰਜ=ਕਮਲ ਬਿਲਖ ਮੁਖ=ਰੋਣਾ ਮੂੰਹ । ਅਕੁਲਾਤ= ਘਬਰਾ ਜਾਂਦੇ । ਸਾਰਦੂਰ=ਕੇਸਰੀ,ਬੱਬਰ ਸ਼ੇਰ । ਮ੍ਰਿਗ ਮਾਲ=ਹਰਨਾਂ ਦੀ ਡਾਰ । ਚਕ੍ਰਿਤ=ਹੈਰਾਨ । ]

ਜਿਸ ਤਰਾਂ ਦਰਖਤ ਨੂੰ ਹਵਾ ਦਾ ਬੁਲਾ ਲਗਦਾ ਹੈ ਤਾਂ ਪਤੇ ਖੜਕਨ ਲਗ ਜਾਂਦੇ ਹਨ, ਅਤੇ, ਪੰਛੀ ਭੀ ਧੀਰਜ ਧਰਕੇ (ਆਪਣੀ) ਜਗਾ ਤੇ ਨਹੀਂ ਟਿਕਦੇ ਹਨ ।

**ਸਰਵਰ ਘਾਮ ਲਾਗੈ ਬਾਰਜ ਬਿਲਖ ਮੁਖ ਪ੍ਰਾਨ ਅੰਤ ਹੋਤ ਜਲ ਜੰਤ ਅਕੁਲਾਤ ਹੈ ॥**

(ਜਿਸ ਤਰਾਂ, ਜਦ) ਤਲਾਉ ਤੇ ਧੁਪ ਲਗਦੀ ਹੈ ਤਾਂ ਕਮਲ ਦਾ ਰੋਣਾ ਮੂੰਹ ਹੋ ਜਾਂਦਾ ਹੈ, (ਅਰਥਾਤ ਕਮਲ ਮੁਰਝਾ ਜਾਂਦਾ ਹੈ) ਅਤੇ (ਦੂਜੇ)ਜਲ ਜੰਤੂ ਭੀ ਅਜੇਹੇ) ਘਬਰਾਉਂਦੇ ਹਨ, (ਮਾਨੋ ਉਹਨਾਂ ਦੇ) ਪ੍ਰਾਨਾਂ ਦੇ ਅੰਤ (ਦਾ ਸਮਾਂ ਪੁਜਾ ਹੈ ਤੇ) ਮਰਨ ਲਗੇ ਹਨ ।

**ਸਾਰਦੂਰ ਦੇਖੈ ਮ੍ਰਿਗ ਅਲਚਲਿ ਚਿਤ ਬਨ ਵਾਸ ਮੈ ਨ ਤ੍ਰਾਸ ਕਰਿ ਆਸ੍ਰਮ ਸੁਹਾਤ ਹੈ ॥**

ਜਿਸਤਰਾਂ ਕੇਸਰੀ ਸ਼ੇਰ ਨੂੰ ਵੇਖਕੇ ਹਰਨਾਂ ਦੀ ਡਾਰ ਦਾ ਚਿਤ ਦਹਲ ਜਾਂਦਾ ਹੈ, ਅਤੇ ਬਨ ਵਿਚ ਵਸਣ ਵਾਲਿਆਂ ਨੂੰ ਡਰ ਨਾਲ (ਅਪਣਾ) ਆਸ਼੍ਰਮ (ਘੁਰਨਾਂ) ਭੀ ਨਹੀ ਸੁਹਾਉਂਦਾ ਹੈ। (ਅਰਥਾਤ ਬਨਵਾਸੀ ਅਜੇਹੇ ਡਰਦੇ ਹਨ,ਜੋ ਉਹਨਾਂ ਨੂੰ ਆਪਣੇ ਘੁਰਨੇ ਭੀ ਨਹੀਂ ਭਾਉਂਦੇ ਹਨ) ।

**ਤੈਸੇ ਗੁਰ ਆਂਗ ਸ੍ਵਾਂਗਿ ਭਏ ਭੈ ਚਕਿਤ ਸਿਖ ਦੁਖਿਤ ਉਦਾਸ ਬਾਸ ਅਤਿ ਬਿਲਲਾਤ ਹੈ ॥੪੦੨॥**

ਉਸੇ ਤਰਾਂ ਹੀ (ਜਦ ਕੋਈ ਪਰਖ ਕਰਨ ਲਈ) ਗੁਰੂ (ਅਪਨੇ) ਸਰੀਰ ਉਤੇ (ਕੋਈ) ਸ੍ਵਾਂਗ ਧਾਰਨ ਕਰਦਾ ਹੈ,(ਤਾਂ) ਸਿਖ ਡਰ ਨਾਲ ਹੈਰਾਨ ਹੋਕੇ ਦੁਖੀ ਹੁੰਦੇ ਹਨ, ਅਤਯੰਤ(ਨੇੜੇ) ਵਸਣ ਵਾਲੇ ਭੀ ਘਬਰਾ ਜਾਂਦੇ ਹਨ ॥੪੦੨॥

ਭਾਵ—ਜਦ ਗੁਰੂ ਸਾਂਗ ਵਰਤਦਾ ਹੈ ਤਾਂ ਸਿਖ ਧੀਰਜ ਨਹੀਂ ਧਰ ਸਕਦੇ, ਨਿਕਟ ਤੋਂ ਨਿਕਟ ਵਰਤੀ ਸਿਖ ਭੀ ਸ੍ਵਾਂਗ ਵੇਲੇ ਘਬਰਾ ਜਾਂਦੇ ਹਨ।

**ਓਲਾ ਬਰਖਨ ਕਰਖਨ ਦਾਮਿਨੀ ਬਯਾਰਿ ਸਾਗਰ ਲਹਰਿ ਬਨ ਜਰਤ ਅਗਨਿ ਹੈ ॥**

[ਓਲਾ=ਗੜੇ । ਕਰਖਨ = ਕੜਕਨਾ । ਬਯਾਰ=ਹਵਾ । ਭੂਕੰਪਿਕਾ = ਭੁਚਾਲ । ਬੰਦਸਾਲ=ਹਵਾਲਾਤ।ਸਾਸਨਾ=ਤਾੜਨਾ ਮਾਰ ਪੈਣੀ।ਛਿਦ੍ਰ=ਔਗੁਨ । ਅਦ੍ਰਿਸ਼ਟ=]

[ਕਰਮ ਫਲ।

ਗੜਿਆਂ ਦੀ ਬਾਰਸ਼ ਹੋਵੇ, ਬਿਜਲੀਆਂ ਕੜਕਨ ਝਖੜ ਝੁਲਦਾ ਹੋਵੇ, ਸਮੁੰਦਰ ਵਿਚ ਲਹਿਰਾਂ ਉਠ-ਦੀਆਂ ਹੋਣ ਤੇ ਅਗ ਨਾਲ ਜੰਗਲ ਸੜਦੇ ਹੋਣ।

**ਰਾਜੀ ਬਿਰਾਜੀ ਭੂਕੰਪਿਕਾ ਅੰਤਰ ਬ੍ਰਿਥਾ ਬਲ ਬੰਦ ਸਾਲਾ ਸਾਸਨਾ ਸੰਕਟ ਮੈ ਮਗਨੁ ਹੈ ॥**

ਭੁਚਾਲਾਂ ਨਾਲ [ਰਾਜੀ] ਧਰਤੀ (ਬਿਰਾਜੀ) ਉਲਟ ਜਾਵੇ,(ਜਾਂ ਸਰੀਰ ਦੇ)ਅੰਦਰ ਦੀ ਪੀੜ ਦੇ ਜੋਰ (ਨਾਲ ਦੁਖੀ ਹੋ ਰਿਹਾ ਹੋਵੇ, ਹਵਾਲਾਤ ਵਿਚ (ਪਿਆ) ਤਾੜਨਾ(ਸਹਾਰਦਾ ਹੋਵੇ ਅਤੇ ਸਰੀਰ ਦੇ) ਦੁਖਾਂ ਕਲੇਸ਼ਾਂ ਵਿਚ ਮਸਤ (ਹੋ ਰਿਹਾ ਹੋਵੇ)।

**ਅਪਦਾ ਅਧੀਨ ਦੀਨ ਦੂਖਨਾ ਦਰਿਦ੍ਰ ਛਿਦ੍ਰਿ ਭ੍ਰਮਤਿ ਉਦਾਸ ਰਿਦ ਦਾਸਨਿ ਨਗਨ ਹੈ ॥**

(ਸਰੀਰ) ਬਿਪਤਾ ਦੇ ਅਧੀਨ (ਹੋ ਗਿਆ ਹੋਵੇ) ਦੀਨ ਹੋਵੇ, ਦੁਖੀ ਹੋਵੇ, ਕੰਗਾਲ ਹੋ ਗਿਆ ਹੋਵੇ, ਔਗੁਨਾਂ ਦਾ ਭਰਿਆ, ਉਦਾਸ ਹੋਇਆ ਫਿਰਦਾ ਹੋਵੇ, ਕਰਜਾ (ਦੇ ਨਾ ਸਕਣ ਕਾਰਨ) ਉਦਾਸ ਹੋਵੇ,ਦਾਸਾ ਭਾਵ ਧਾਰਕੇ ਭੀ ਨੰਗਾ ਮੁਨੰਗਾ (ਫਿਰੇ।

**ਤੈਸੇ ਹੀ ਸ੍ਰਿਸਟਿ ਕੋ ਅਦ੍ਰਿਸਟ ਜਉ ਆਇ ਲਾਗੈ ਜਗ ਮੈ ਭਗਤਨ ਕੇ ਰੋਮ ਨਾ ਭਗਨ ਹੈ ॥ ੪੦੩ ॥**

ਇਸੇ ਤਰਾਂ ਦੇ(ਹੋਰ ਭੀ ਅਨੇਕਾਂ ਕਸ਼ਟ)ਜੇਕਰਮਾਂ ਦੇ ਫਲ (ਰੂਪ) ਦੁਨੀਆਂ ਨੂੰ ਆਕੇ ਲਗ ਜਾਣ (ਤਦ) ਜਗਤ ਵਿਚ ਭਗਤ ਦਾ ਇਕ ਰੋਮ ਭੀ ਨਹੀ ਟੁਟਦਾ ਹੈ ॥ ੪੦੩ ॥

ਭਾਵ-ਦੁਨੀਆਂ ਦੇ ਵਡੇ ਤੋਂ ਵਡੇ ਦੁਖ, ਵਡੀਆਂ ਤੋਂ ਵਡੀਆਂ ਬਿਪਤਾਂ ਤੇ ਨਮੋਸ਼ੀਆਂ ਅਤੇ ਬਦਨਾਮੀ-ਆਂ ਕਠੀਆਂ ਹੋ ਕੇ ਗੁਰਸਿਖ ਦੇ ਸਰੀਰ ਤੇ ਆਜਾਣ ਤਾਂ ਗੁਰਸਿਖ ਨੂੰ ਇਨਾਂ ਸਭਨਾਂ ਦਾ ਏਨਾਂ ਭੀ ਦੁਖ ਮਲੂਮ ਨਹੀਂ ਹੁੰਦਾ ਜਿੰਨਾ ਕੁ ਇਕ ਰੋਮ ਦੇ ਪੁਟੇ ਜਾਣ ਨਾਲ ਦੁਖ ਹੁੰਦਾ ਹੈ।

**ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਚੜੈ ਪੰਛੀ ਉਡਿ ਜਾਇ ਬੈਸੇ ਨਿਕਟਿ ਹੀ ਫਲ ਹੈ ॥**

ਜਿਸ ਤਰਾਂ ਕੀੜੀ ਨੰਬਰਵਾਰ ਸਾਰੀਆਂ ਟਾਹਣਾਂ ਟਾਹਣੀਆਂ ਤੋਂ ਹੁੰਦੀ ਹੋਈ, ਅੰਤ ਨੂੰ ਦਰਖਤ ਦੀ ਚੋਟੀ ਤਕ ਚੜ ਜਾਂਦੀ ਹੈ, ਪਰ ਪੰਖੀ ਉਡਕੇ ਝਟ ਹੀ ਜਾਕੇ ਫਲ ਦੇ ਕੋਲ ਹੀ ਬੈਠਦਾ ਹੈ।

**ਜੈਸੇ ਗਾਡੀ ਚਲੀ ਜਾਹਿ ਲੀਕਨ ਮੈ ਧੀਰਜ ਸੈ ਘੋਰੋ ਉਰਿ ਜਾਇ ਬਾਂਇ ਦਾਹਨੇ ਸਬਲ ਕੈ॥**

ਜਿਸ ਤਰਾਂ ਗਡੀ ਲੀਕਾਂ ਦੇ ਵਿਚ ਧੀਰਜ ਨਾਲ ਤੁਰੀ ਜਾਂਦੀ ਹੈ, ਪਰ ਘੋੜਾ ਸਜੇ ਖਬੇ ਹਥ ਵਲੋਂ ਹੁੰਦਾ ਹੋਇਆ ਜੋਰ ਨਾਲ ਝਟ ਹੀ ਦੌੜ ਜਾਂਦਾ ਹੈ।

**ਜੈਸੇ ਕੋਸ ਭਰਿ ਚਲਿ ਸਕੀਐ ਨ ਪਾਇਨ ਕੈ ਆਤਮਾ ਚਤੁਰ ਕੁੰਟਿ ਧਾਇ ਆਵੈ ਪਲ ਕੈ ॥**

ਜਿਸ ਤਰਾਂ ਪੈਰਾਂ ਨਾਲ ਤੁਰਕੇ ਇਕ ਕੋਹ ਭਰ ਨਹੀਂ ਚਲ ਸਕੀਦਾ ਹੈ, ਪਰ ਮਨ ਇਕ ਪਲ ਵਿਚ ਚੌਹਾਂ ਕੂੰਟਾਂ ਵਿਚ ਦੌੜਕੇ ਫਿਰ ਆਉਂਦਾ ਹੈ।

**ਤੈਸੇ ਲੋਗ ਬੇਦ ਭੇਦ ਗਿਆਨ ਉਨ-ਮਾਨ ਪੱਛ ਗੰਮ ਗੁਰੁ ਚਰਨਿ ਸਰਨਿ ਅਸਥਲ ਕੈ ॥ ੪੦੪ ॥**

ਇਸੇ ਤਰਾਂ ਲੋਕਾਂ ਦੇ ਗਿਆਨ ਤੇ ਵੇਦਾਂ ਦੇ ਗਿਆਨ ਦੀ ਵਿਚਾਰ ਦਾ ਭੇਦ ਹੈ, ਕੇਵਲ ਇਕ [ਅਸਥਲ] ਮੰਜ਼ਲਿ ਮਕਸੂਦ ਦੇ ਪਖ ਤੇ ਪਹੁੰਚਾਣ ਵਾਲੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਹੈ।(ਅਰਥਾਤ ਜਿਸ ਸਥਾਨ ਤੇ ਲੌਕਿਕ ਤੇ ਵੈਦਿਕ ਗਿਆਨ ਨਾਲ ਨਹੀਂ ਪੁਜ ਸਕੀਦਾ,ਉਸ ਟਿਕਾਣੇ ਤੇ ਪੁਜਾਣ ਵਾਲੀ ਇਕੋ ਇਕ ਸ੍ਰੀ ਗੁਰੂ ਜੀ ਦੇ ਚਰਨਾਂ ਦੀ ਓਟ ਹੈ) ॥ ੪੦੪ ॥

ਭਾਵ—ਕੀੜੀ ਜਿਸ ਫਲਤੇਪੁਜਣ ਲਈ ਵਰਿਆਂ ਤਕ ਤੁਰਦੀ ਰਹਿੰਦੀ ਹੈ, ਪੰਛੀ ਉਸ ਫਲ ਕੋਲ ਝਟ ਹੀ ਪੁਜ ਜਾਂਦਾ ਹੈ। ਇਸ ਤਰ੍ਹਾਂ ਜਿਸ ਮੁਕਤੀ ਨੂੰ ਪ੍ਰਾਪਤ ਕਰਨ ਲਈ ਵੈਦਕ ਕਰਮ ਕਈ ਬਰਸਾਂ ਤਕ ਕਰਨੇ ਪੈਂਦੇ ਹਨ, ਉਹ ਮੁਕਤੀ ਗੁਰੂ ਜੀ ਦੀ ਕ੍ਰਿਪਾ ਨਾਲ ਸਹਜੇ ਹੀ ਮਿਲ ਜਾਂਦੀ ਹੈ।

**ਜੈਸੇ ਬਨ ਰਾਇ ਪਰਫੁਲਤ ਫਲ ਨਮਿਤਿ ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ ॥**

ਜੈਸੇ ਬਨਾਸਪਤੀ ਫਲ ਦੇ ਵਾਸਤੇ ਹੀ ਖਿੜਦੀ [ਫੁਲਾਂ ਨਾਲ ਲੱਦੀ] ਜਾਂਦੀ ਹੈ, ਅਤੇ (ਜਦ) ਫਲ ਲਗਦੇ ਹਨ ਤਾਂ [ਪਤ੍ਰਿ] ਦਰਖਤ ਨਾਲੋਂ ਫੁਲ ਦੂਰ ਹੋ ਜਾਂਦੇ ਹਨ।

**ਜੈਸੇ ਤ੍ਰੀਯਾ ਰਚਿਤ ਸਿੰਗਾਰ ਭਰ— ਤਾਰ ਹੇਤਿ ਭੇਟਤ ਭਰਤਾਰ ਉਰ ਹਾਰ ਨ ਸਮਾਤ ਹੈ ॥**

ਜਿਸ ਤਰ੍ਹਾਂ ਇਸਤ੍ਰੀ ਪਤੀ ਨੂੰ ਪ੍ਰਸੰਨ ਕਰਨ ਲਈ ਕਈ ਤਰ੍ਹਾਂ ਦੇ ਸ਼ਿੰਗਾਰ ਸਜਾਉਂਦੀ ਹੈ, ਅਤੇ ਜਦ ਪਤੀ ਮਿਲਾਪ ਹੋ ਜਾਂਦਾ ਹੈ, ਉਸ ਵੇਲੇ ਗਲ ਵਿਚ ਹਾਰ ਪਾਉਣਾ ਭੀ ਮਨ ਨੂੰ ਚੰਗਾ ਨਹੀਂ ਲਗਦਾ ਹੈ।

**ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ ਸੁਚਿਤ ਚੇਤੰਨ ਭਏ ਸਬੈ ਬਿਸਰਾਤ ਹੈ ॥**

ਜਿਸ ਤਰ੍ਹਾਂ ਇਵਾਣਾ ਬੱਚਾ ਅਨੇਕ ਤਰ੍ਹਾਂ ਦੀਆਂ ਖੇਡਾਂ ਕਰਦਾ ਹੈ ਪਰ ਜਦੋਂ ਸਿਆਨਾ ਤੇ ਸਮਝ ਦਾਰ ਹੋ ਜਾਂਦਾ ਹੈ ਤਾਂ ਉਹ ਸਾਰੀਆਂ ਹੀ ਭੁਲ ਜਾਂਦੀਆਂ ਹਨ।

**ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ ਗਿਆਨ ਭਾਨ ਉਦੈ ਉਡ ਕਰਮ ਉਡਾਤ ਹੈ ॥੪੦੫॥**

ਇਸੇ ਤਰ੍ਹਾਂ ਹੀ ਛੇ ਕਰਮ [ਜਗ, ਦਾਨ, ਤਪ, ਤੀਰਥ ਇਸ਼ਨਾਨ, ਬ੍ਰਤ ਸੇਵਨ ਤੇ ਪੂਜਾ-ਬੰਦਨ] ਧਰਮ ਦੇ ਕਰਮ ਤੇ ਵਰਨਾਂ ਦੇ ਧਰਮ ਤੇ ਆਸ਼੍ਰਮਾਂ [ ਬ੍ਰਹਮ ਚਰਜ, ਗ੍ਰਹਸਤ ਬਾਨ ਪ੍ਰਸਤ ਤੇ ਸੰਨਿਆਸ] ਦੇ ਕਰਮ (ਇਹ ਸਭ ਕੁਝ) ਗਿਆਨ ਦੇ [ਕਾਜ] ਵਾਸਤੇ ਹੈ, ਜਦ ਗਿਆਨ ਰੂਪ ਸੂਰਜ ਉਦੈ ਹੁੰਦਾ ਹੈ (ਤਾਂ) ਕਰਮਾਂ ਰੂਪ [ਉਡ] ਤਾਰੇ ਉਡ ਜਾਂਦੇ ਹਨ ॥ ੪੦੫ ॥

ਭਾਵ—"ਘ੍ਰਿਤ ਕਾਰਨਿ ਦਧਿ ਮਥੈ ਸਇਆਨ ॥ ਗਿਆਨਹਿ ਕਾਰਨ ਕਰਮ ਅਭਿਆਸ ॥ ਗਿਆਨ ਭਇਆ ਤਾ ਕਰਮਹਿ ਨਾਸ ॥"

**ਜੈਸੇ ਹਸ ਬੋਲਤ ਹੀ ਡਾਕਨਿ ਹਰੇ ਕਰੇਜੋ ਬਾਲਕ ਤਾਹੀ ਲੌ ਧਾਵੈ ਜਾਨੈ ਗੋਦਿ ਲੇਤ ਹੈ ॥**

ਜਿਸ ਤਰ੍ਹਾਂ ਡੈਣ ਹੱਸ ਹੱਸ ਬੋਲਦੀ ਹੋਈ ਹੀ ਬਚੇ ਦਾ ਕਲੇਜਾ ਕੱਢ ਲੈਂਦੀ ਹੈ, (ਪਰ) ਬਾਲਕ ਉਸੇ ਵੱਲ ਦੌੜਦਾ ਹੈ ਅਤੇ ਜਾਣਦਾ ਹੈ ਜੋ ਮੈਨੂੰ ਗੋਦ ਵਿਚ ਲੈਂਦੀ ਹੈ।

**ਰੋਵਤ ਸੁਤਹਿ ਜੈਸੇ ਅਉਖਧਿ ਪਿਆਵੈ ਮਾਤਾ ਬਾਲਕੁ ਜਾਨਤ ਮੋਹਿ ਕਾਲਕੂਟਿ ਦੇਤ ਹੈ ॥**

ਜਿਸ ਤਰ੍ਹਾਂ ਮਾਂ ਬਚੇ ਨੂੰ ਦੁਆਈ ਪਿਆਉਂਦੀ ਹੈ ਤਾਂ ਬੱਚਾ ਰੋਂਦਾ ਹੈ ਅਤੇ ਬੱਚਾਸਮਝਦਾ ਹੈ (ਜੋ ਇਹ) ਮੈਨੂੰ [ਕਾਲਕੂਟ] ਜ਼ੈਹਰ ਦੇਂਦੀ ਹੈ।

**ਹਰਨ ਭਰਨਿ ਗਤਿ ਸਤਿਗੁਰ ਜਾਨੀਐ ਨ ਬਾਲਕ ਜੁਗਤਿ ਮਤਿ ਜਗਤ ਅਚੇਤ ਹੈ ॥**

ਨਾਸ ਕਰਨ ਵਾਲੀ ਤੇ ਪਾਲਨਾ ਕਰਨ ਵਾਲੀ ਗਤੀ ਸਤਿਗੁਰੂ ਦੀ ਨਹੀਂ ਜਾਣੀ ਜਾਂਦੀ ਹੈ, (ਕਿਉਂ ਕਿ) ਬਾਲਕ ਦੀ [ਜੁਗਤਿ] ਤਰ੍ਹਾਂ ਹੀ ਜਗਤ ਦੀ ਮਤਿ ਅਚੇਤ ਹੈ (ਅਰਥਾਤ ਜਿਸ ਤਰਾਂ ਬੇ ਸਮਝਬੱਚਾ ਮਾਂ ਦੇ ਭਲੇ ਨੂੰ ਨਹੀਂ ਸਮਝਦਾ ਤੇਉਸਦੀ ਭਲਿਆਈ ਨੂੰ ਬੁਰਾਈ ਮੰਨਕੇ ਰੋਂਦਾ ਹੈ, ਇਸੇ ਤਰ੍ਹਾਂ ਜਗਤ ਬੇਸਮਝਹੈ, ਜੋ ਸਤਿਗੁਰੂ ਦੇ ਉਪਕਾਰ ਨੂੰ ਨਾਂ ਸਮਝਕੇ

ਸਗੋਂ ਬੁਰਾ ਹੀ ਮੰਨਦਾ ਹੈ,ਤਦੇ ਹੀ ਤਾਂ ਜਗਤ ਨੇ ਇਹ ਆਖਿਆ ਸੀ:–

"ਰੋਡੂ ਗਿਦੜੂ ਭੌਂਦੂ ਸਾਰੇ ॥ ਦਬੜੂ ਘੁਸੜੂ ਕਰਮਾ ਮਾਰੇ ॥ ਕਹਿਣ ਹਾਇ ਹੁਣ ਪਈ ਬਲਾਇ ॥ ਲਗੇ ਖਿਸਕਨੇ ਅੱਖ ਚੁਰਾਇ ॥ ਨਹਿ ਐਸੇ ਨੌਂ ਗੁਰੂ ਅਨਿ ਕੀਨ ॥ ਏਹ ਲੜਕਾ ਹੈ ਗੁਰੂ ਨਵੀਨ ॥

**ਅਕਲ ਕਲਾ ਅਲਖ ਅਤਿ ਹੀ ਅਗਾਧ ਬੋਧ ਆਪ ਹੀ ਜਾਨਤ ਆਪ ਨੇਤਿ ਨੇਤਿ ਨੇਤਿ ਹੈ॥੪੦੬॥**

ਜੋ ਅਕਲਦੀ ਕਲਾ ਕਰਕੇ[ਅ+ਲਖ]ਜਾਣਿਆਂ ਨਹੀਂ ਜਾਂਦਾ ਹੈ, ਜਿਸਦਾ ਬੋਧ ਵਡਾ ਹੀ ਅਗਾਧ ਹੈ ਆਪਣੀ(ਗਤੀ ਨੂੰ ਉਹ ਗੁਰੂ)ਆਪ ਹੀ ਜਾਣਦਾ ਹੈ, (ਕਿਉਂਕਿ ਸਤਿਗੁਰੂ) ਬੇਅੰਤ ਹੈ ਬੇਅੰਤ ਹੈ, ਬੇਅੰਤ ਹੈ॥ ੪੦੬ ॥

**ਦੈਤ ਸੁਤ ਭਗਤ ਪ੍ਰਗਟ ਪ੍ਰਹਿ-ਲਾਦ ਭਏ ਦੇਵ ਸੁਤ ਜਗ ਮੈ ਸਨੀਚਰ ਬਖਾਨੀਐ ॥**

ਹਰਨਾਖਸ਼ ਦੈਤ ਦਾ ਪੁਤ੍ਰ ਪ੍ਰਹਲਾਦ ਭਗਤ ਪ੍ਰਗਟ ਹੋਇਆ ਹੈ,(ਸੂਰਜ)ਦੇਵਤੇ ਦਾ ਪੁਤ੍ਰ ਛਨਿਵਰ ਜਗਤ ਵਿਚ ਕਿਹਾ ਜਾਂਦਾ ਹੈ।

**ਮਧੁ ਪੁਰ ਬਾਸੀ ਕੰਸ ਅਧਮ ਅਸੁਰ ਪਏ ਲੰਕਾ ਬਾਸੀ ਸੇਵਕ ਭਭੀਖਣ ਪਛਾਨੀਐ ॥**

ਮਥਰਾ ਸ਼ੈਹਰ ਦਾ ਵਸੱਣ ਵਾਲਾ ਮਹਾਂ ਨੀਚ ਕੰਸ ਦੈਂਤ ਹੋਇਆ ਹੈ, ਅਤੇ ਲੰਕਾ ਦੇ ਰਹਿਣ ਵਾਲਾ ਬਿਭੀਖਨ ਰਾਮ ਜੀ ਦਾ ਸੇਵਕ ਪਛਾਣੀਦਾ ਹੈ।

**ਸਾਗਰ ਗੰਭੀਰ ਬਿਖੈ ਬਿਖਿਆ ਪ੍ਰਗਾਸ ਭਈ ਅਹਿ ਮਸਤਕਿ ਮਨਿ ਉਦੈ ਉਨਮਾਨੀਐ ॥**

ਮਹਾਂਨ ਡੂੰਘੇ ਸਮੁੰਦਰ ਵਿਚੋਂ ਬਿਖਿਆ ਪ੍ਰਗਟ ਹੋਈ ਅਤੇ ਸੱਪ ਦੇ ਸਿਰ ਵਿਚੋਂ ਮਣੀ ਪ੍ਰਗਟ ਹੁੰਦੀ ਵਿਚਾਰੀ ਜਾਂਦੀ ਹੈ।

**ਬਰਨ ਸਥਾਨ ਲਘੁ ਦੀਰਘ ਜਤਨ ਪਰੈ ਅਕਥ ਕਥਾ ਬਿਨੋਦ ਬਿਸਮ ਨ ਜਾਨੀਐ॥ ੪੦੭ ॥**

ਵਰਨਤੇਸਥਾਨ ਜਤਨ ਛੋਟਾ-ਵਡਾਨਹੀਂ ਕਰਦਾ ਹੈ,(ਇਸਦੀ)ਕਥਾ ਅਕਥ ਹੈ ਤੇ ਕੌਤਕ ਬਿਸਮਾਦ ਹੈ (ਇਹ) ਜਾਣੀਦਾ ਨਹੀਂ ਹੈ। ਭਾਵ:–

ਇਹ ਨਹੀਂ ਕਿਹਾ ਜਾ ਸਕਦਾ ਕਿ ਉਤਮ ਵਰਨ ਵਿਚੋਂ ਉਤਮ ਪੁਰਸ਼ ਪੈਦਾ ਹੁੰਦਾਹੈ, ਜਾਂ ਕਿਸੇ ਪਵਿਤ੍ਰ ਜਗ੍ਹਾ ਉਤੇ ਹੀ ਪਵਿਤ੍ਰ ਪੁਰਸ਼ ਪੈਦਾ ਹੁੰਦਾ ਹੈ, ਇਸੇ ਗਲ ਨੂੰ ਸੂਚਨ ਕਰਨ ਲਈ ਕਿਹਾ ਹੈ ਕਿ ਦੈਤ ਕੁਲ ਵਿਚ ਪ੍ਰਭੂ ਦਾ ਭਗਤ ਤੇ ਦੇਵ ਕੁਲ ਵਿਚ ਪ੍ਰਭੂ ਦਾ ਵਿਰੋਧੀ ਪ੍ਰਭੂਦੇ ਆਪਣੇ ਹੀ ਸ਼ੈਹਰ ਮਥਰਾ ਵਿਚ ਦੈਤ ਤੇ ਵੈਰੀ ਦੇ ਘਰ [ਲੰਕਾ] ਵਿਚ ਰਾਮ ਜੀ ਦਾ ਸੇਵਕ,ਪੈਦਾ ਹੋਏ ਤੇ ਹੋ ਸਕਦੇ ਹਨ ਇਸੇ ਗਲ ਨੂੰ ਕਈ ਤਰਾਂ ਦੇ ਦ੍ਰਿਸ਼ਟਾਂਤ ਦੇਕੇ ਸਾਬਤ ਕੀਤਾ ਹੈ।

**ਚਿੰਤਾਮਨਿ ਚਿਤਵਤ ਚਿੰਤਾ ਚਿਤ ਤੇ ਚੁਰਾਈ ਅਜੋਨੀ ਅਰਾਧੇ ਜੋਨਿ ਸੰਕਟਿ ਕਟਾਏ ਹੈ॥**

ਪ੍ਰਭੂ ਦਾ ਚਿੰਤਾਮਨੀ(ਨਾਮ)[ਚਿਤਵਨ]ਅਰਾਧਨ ਕਰਕੇ ਚਿਤ ਤੋਂ ਚਿੰਤਾ ਚੁਰਾਈ[ਨਾਸ ਕੀਤੀ]ਜਾਂਦੀ ਹੈ, ਤੇ ਅਜੋਨੀ ਨੂੰ ਅਰਾਧਨੇ ਕਰਕੇ ਜੂਨਾਂ ਦਾ ਸੰਕਟ ਕਟਿਆ ਜਾਂਦਾ ਹੈ।

**ਜਪਤ ਅਕਾਲ ਕਾਲ ਕੰਟਕ ਕਲੇਸ ਨਾਸੇ ਨਿਰਭੈ ਭਜਨ ਭ੍ਰਮ ਭੈ ਦਲ ਭਜਾਏ ਹੈ ॥**

ਅਕਾਲ (ਨਾਮ) ਜਪਨ ਕਰਕੇ ਦੁਖਦਾਈ ਕਾਲ ਦਾ ਕਲੇਸ ਨਾਸ ਹੁੰਦਾ ਹੈ ਅਤੇ ਨਿਰਭੈ ਦਾ ਭਜਨ ਕਰਨ ਕਰਕੇ ਭਰਮ ਤੇ ਡਰ ਦਾ ਦਲ [ਫੌਜ] ਭਜ ਜਾਂਦਾ ਹੈ।

**ਸਿਮਰਤ ਨਾਥ ਨਿਰਵੈਰੁ ਬੈਰ**

**ਭਾਉ ਤਿਆਗਿਓ ਭਾਗਿਓ ਭੇਦੁ ਖੇਦੁ ਨਿਰਭੇਦ ਗੁਣ ਗਾਏ ਹੈ॥**

ਸੁਆਮੀ (ਪ੍ਰਭੂ ਦਾ) ਨਿਰਵੈਰੁ(ਨਾਮ)ਸਿਮਰਦਿਆਂ ਹੀ ਵੈਰ-ਭਾਵ ਤਿਆਗਿਆ ਜਾਂਦਾ ਹੈਅਤੇ ਨਿਰਭੇਦ (ਨਾਮ ਨਾਲ ਪ੍ਰਭੂ ਦੇ) ਗੁਣ ਗਾਏ (ਜਾਣ ਤਾਂ) ਭੇਦ ਰੂਪ ਖੇਦ (ਮਿਟ ਜਾਂਦਾ ਹੈ)।

**ਅਕੁਲ ਅੰਚਲ ਗਹੇ ਕੁਲ ਨ ਬਿਚਾਰੈ ਕੋਊ ਅਟਲ ਸਰਨਿ ਆਵਾ ਗਵਨ ਮਿਟਾਏ ਹੈ॥ ੪੦੮॥**

'ਅਕੁਲ' (ਨਾਮ ਸਿਮਰਦਿਆਂ ਹੋਇਆਂ ਸੁਆਮੀ ਦਾ) ਪਲਾ [ਓਟ] ਫੜ ਲਈਏ (ਤਾਂ)ਕੋਈ ਭੀ ਕੁਲ (ਦੇ ਊਚ ਨੀਚ ਹੋਣ ਦਾ) ਵੀਚਾਰ ਨਹੀਂ ਕਰਦਾ, 'ਅਟਲ' (ਪ੍ਰਭੂ ਦੀ) ਸਰਨੀ (ਪੈ ਜਾਈਏ ਤਾਂ)ਔਣਾ ਜਾਣਾ (ਜੰਮਣ ਮਰਨਾ) ਮਿਟ ਜਾਂਦਾ ਹੈ॥ ੪੦੮॥

**ਬਾਛੈ ਨ ਸ੍ਵਰਗ ਬਾਸ ਮਾਨੈ ਨ ਨਰਕ ਤ੍ਰਾਸ ਆਸਾ ਨ ਕਰਤ ਚਿਤ ਹੋਨਹਾਰ ਹੋਇ ਹੈ॥**

ਸੁਰਗ ਦੇ ਵਸਣ ਦੀ ਇਛਾ ਨਾਂ ਕਰੀਏ ਤੇ ਨਰਕ ਤੋਂ ਡਰ ਨਾਂ ਮੰਨੀਏ, ਮਨ ਵਿਚ ਕੋਈ ਆਸਾ ਨਾਂ ਕਰੀਏ, (ਇਹ ਭਰੋਸਾ ਰਖੀਏ ਕਿ) ਹੋਣਹਾਰ ਜ਼ਰੂਰ ਹੀ) ਹੋਵੇਗਾ ਯਥਾ:—

'ਸੁਰਗ ਬਾਸ ਨ ਬਾਛੀਐ ਡਰੀਐ ਨ ਨਰਕ ਨਿਵਾਸ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥''

**ਸੰਪਤਿ ਨ ਹਰਖ ਬਿਪਤ ਮੇਂ ਨ ਸੋਗ ਤਾਹਿ ਸੁਖ ਦੁਖ ਸਮਸਰਿ ਬਿਹਸ ਨ ਰੋਇ ਹੈ॥**

ਸੰਪਦਾ ਵਿਚ ਖੁਸ਼ ਨਾ (ਹੁੰਦੇ ਤੇ) ਬਿਪਤਾ ਵਿਚ ਉਨਾਂ ਨੂੰ ਸੋਗ ਨਹੀਂ ਹੈ, ਸੁਖ ਦੁਖ ਇਕੋ ਸਾਰ ਜਾਣ ਕੇ ਹਸਦੇ ਹਨ, ਰੋਂਦੇ ਨਹੀਂ ਹਨ ਯਥਾ

'ਸੰਪੈ ਦੇਖਿ ਨ ਹਰਖੀਐ ਬਿਪਤ ਦੇਖਿ ਨ ਰੋਇ॥ ਜਿਉਂ ਸੰਪੈ ਤਿਉਂ ਬਿਪਤਿ ਹੈ, ਬਿਧਿ ਨੇ ਰਚਿਆ ਸੋ ਹੋਇ॥''

**ਜਨਮ ਜੀਵਨ ਮ੍ਰਿਤ ਮੁਕਤਿ ਨ ਭੇਦ ਖੇਦ ਗੰਮਿਤਾ ਤ੍ਰਿਕਾਲ ਬਾਲ ਬੁਧਿ ਅਵਿਲੋਇ ਹੈ॥**

ਜਨਮ ਜੀਵਨ, ਮਰਣਾ ਤੇ ਮੁਕਤੀ ਦੇ ਭੇਦ ਦਾ ਦੁਖ ਨਹੀਂ ਹੈ, (ਕਿਉਂਕਿ) ਤਿੰਨਾਂ ਕਾਲਾਂ ਵਿਚ (ਉਹਨਾਂ ਦੀ) ਗੰਮਤਾ (ਪਹੁੰਚ) ਹੈ ਅਤੇ ਬਾਲ ਬੁਧੀ ਵਾਲੇ ਨਜ਼ਰ ਆਉਂਦੇ ਹਨ।

**ਗਿਆਨ ਗੁਰ ਅੰਜਨ ਕੈ ਚੀਨਤ ਨਿਰੰਜਨਹਿ ਬਿਰਲੋ ਸੰਸਾਰ ਪ੍ਰੇਮ ਭਗਤ ਮੈ ਕੋਇ ਹੈ॥੪੦੯॥**

ਗੁਰੂ ਦੇ ਗਿਆਨ ਰੂਪ ਸੁਰਮੇ ਨੂੰ (ਬੁਧੀ ਰੂਪ ਅਖਾਂ ਵਿਚ) ਪਾ ਕਰਕੇ ਮਾਯਾ ਤੋਂ ਰਹਿਤ ਪ੍ਰਭੂ ਨੂੰ ਜਾਣ ਲਿਆ(ਜਿਨਾਂ ਨੇ,ਇਸ ਤਰਾਂ ਦੇ)ਪਰੇਮ ਪੂਰਨ ਭਗਤ ਸੰਸਾਰ ਵਿਚ ਕੋਈ ਵਿਰਲੇ ਹਨ॥ ੪੦੯॥

**ਜੈਸੇ ਤਉ ਮਿਠਾਈ ਰਾਖੀਐ ਛ੍ਰਪਾਇ ਜਤਨ ਕੈ ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ॥**

ਜਿਸ ਤਰਾਂ ਕਿ ਮਿਠਾਸ ਨੂੰ (ਭਾਵੇਂ ਕਿੰਨਾ ਭੀ) ਜਤਨ ਨਾਲ ਲੁਕਾ ਕਰਕੇ ਰਖੀਏ ਤਾਂ ਕੀੜੀ ਉਸਨੂੰ ਪਛਾਣਕੇ ਉਥੇ ਚਲੀ ਜਾਂਦੀ ਤੇ ਉਸ ਨਾਲ ਲਪਟ ਜਾਂਦੀ ਹੈ।

**ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ ਪ੍ਰਗਟਿ ਪਤੰਗ ਤਾਮੈ ਸਹਜਿ ਸਮਾਤ ਹੈ॥**

ਜਿਸ ਤਰਾਂ ਦੀਵਾ ਜਗਾਕੇ ਘਰ ਦੇ ਵਿਚ ਲੁਕਾ ਰਖੀਏ ਤਾਂ ਪਤੰਗ ਉਸਨੂੰ ਪ੍ਰਗਟ ਕਰਕੇ ਉਸਦੇ ਉਤੇ ਸਹਜੇ ਹੀ ਸਮਾ ਜਾਂਦਾ ਹੈ।

**ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ ਮਧੁਕਰ ਮਧੁ ਅਚਵਨ**

**ਤਹਿ ਜਾਤ ਹੈ ॥**

ਜਿਸ ਤਰਾਂ ਕਿ ਨਿਰਮਲ ਪਾਣੀ ਵਿਚ ਕਮਲ ਇਕ ਪਾਸੇ ਵਿਚ ਏਕਾਂਤ ਵਸਦਾ ਹੈ (ਪਰ ਉਸਦੇ) ਮਧੁ [ਕਮਲ ਰਸ] ਨੂੰ ਪੀਣ ਵਾਸਤੇ ਭੌਰਾ ਉਥੇ ਹੀ ਪਹੁੰਚ ਜਾਂਦਾ ਹੈ।

**ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ ਸਕਲ ਸੰਸਾਰ ਤਿਹਿ ਦੁਆਰ ਬਿਲਲਾਤ ਹੈ ॥੪੧੦॥**

ਉਸ ਤਰਾਂ ਜਿਸ ਗੁਰਮੁਖ ਦੇ ਹਿਰਦੇ ਵਿਚ ਪਰੇਮ ਪ੍ਰਗਟ ਹੁੰਦਾ ਹੈ, ਸਾਰਾ ਸੰਸਾਰ ਉਸ ਦੇ ਬੂਹੇ ਤੇ ਜਾ ਕੇ ਪੁਕਾਰਾਂ ਕਰਦਾ ਹੈ ॥੪੧੦॥

**ਬਾਜਤ ਨਿਸਾਨ ਸੁਨੀਅਤ ਚਹੂੰ ਓਰ ਜੈਸੇ ਉਦਤ ਪ੍ਰਧਾਨ ਭਾਨ ਦੁਰੈ ਨ ਦੁਰਾਏ ਸੈ ॥**

ਜਿਸ ਤਰਾਂ (ਜਗਤ ਦਾ) ਪ੍ਰਧਾਨ ਸੂਰਜ ਉਦੈ ਹੁੰਦਾ ਹੈ (ਤਾਂ ਰਾਜ ਦੁਆਰੇ ਤੇ) ਧੌਂਸੇ ਵਜਦੇ ਹਨ ਜੋ ਚੌਹੀਂ ਪਾਸੀਂ ਸੁਣੇ ਜਾਂਦੇ ਹਨ ਅਤੇ ਛੁਪਾਇਆਂ ਛੁਪਦੇ ਨਹੀਂ।

**ਦੀਪਕ ਸੈ ਦਾਵਾ ਭਏ ਸਕਲ ਸੰਸਾਰ ਜਾਨੈ ਘਟਕਾ ਮੈ ਸਿੰਧ ਜੈਸੇ ਛਪੈ ਨ ਛਪਾਇ ਸੈ ॥**

[ਦਾਵਾ] ਅਗ ਤੋਂ ਦੀਵਾ ਪ੍ਰਗਟ ਹੋਇਆ ਹੈ, (ਇਹ ਗਲ) ਸਾਰਾ ਸੰਸਾਰ ਜਾਣਦਾ ਹੈ, ਜਿਸ ਤਰਾਂ ਕੋਈ [ਘਟਿਕਾ] ਕੁਜੀ ਨਾਲ ਸਮੁੰਦਰ ਲੁਕਾਣਾ ਚਾਹੇ ਤਾਂ ਲੁਕਦਾ ਨਹੀਂ ਹੈ, (ਇਸੇ ਤਰਾਂ ਪਿਛਲੀ ਗਲ ਭੀ ਲੁਕਦੀ ਨਹੀਂ ਹੈ)।

**ਜੈਸੇ ਚਕ੍ਰਵੈ ਨ ਛਾਨੋ ਰਹਿਤ ਸਿੰਘਾਸਨ ਸੈ ਦੇਸ ਮੈ ਦੁਹਾਈ ਫੇਰੇ ਮਿਟੈ ਨ ਮਿਟਾਏ ਸੈ ॥**

ਜਿਸ ਤਰਾਂ ਤਖਤ ਉਤੇ ਬੈਠਾ ਹੋਇਆ ਰਾਜਾ ਭੀ ਲੁਕਿਆ ਨਹੀਂ ਰਹਿੰਦਾ ਹੈ, (ਉਸਦੀ) ਦੁਹਾਈ ਦੇਸ ਵਿਚ ਫੇਰੀ ਜਾਂਦੀ ਹੈ ਜੋ ਮਿਟਾਇਆਂ ਮਿਟਦੀ ਨਹੀਂ ਹੈ।

**ਤੈਸੇ ਗੁਰਮੁਖਿ ਪ੍ਰਿਅ ਪ੍ਰੇਮ ਕੋ ਪ੍ਰਗਾਸ ਜਾਸੁ ਗੁਪਤ ਨ ਰਹੈ ਮੋਨਿ ਬ੍ਰਿਤ ਉਪਜਾਏ ਸੈ ॥੪੧੧॥**

ਉਸੇ ਤਰਾਂ ਜਿਸ ਗੁਰਮੁਖ ਦੇ (ਹਿਰਦੇ ਵਿਚ) ਪਿਆਰੇ (ਪ੍ਰਭੂ) ਦੇ ਪ੍ਰੇਮ ਦਾ ਪ੍ਰਕਾਸ਼ (ਹੋਇਆ ਹੈ; ਉਹ ਭਾਵੇਂ) ਮੋਨਿ ਬ੍ਰਿਤ ਭੀ ਪੈਦਾ ਕਰ ਲਵੇ (ਤਾਂ ਭੀ) ਗੁਪਤ ਨਹੀਂ ਰਹਿੰਦਾ ਹੈ (ਅਰਥਾਤ ਨਾਮ ਜਪਨ ਵਾਲਾ ਤੇ ਜਪਦਾ ਜਪਦਾ ਨਾਮੀ ਤਕ ਪੁਜ ਜਾਣ ਵਾਲਾ ਗੁਰਮੁਖ ਆਪਨੇ ਆਪ ਨੂੰ ਲੁਕਾਉਣ ਦੀ ਬਥੇਰੀ ਕੋਸ਼ਸ਼ ਕਰਦਾ ਹੈ ਅਤੇ ਲੁਕਦਾ ਭੀ ਹੈ ਪਰ ਲੁਕਿਆ ਨਹੀਂ ਰਹਿ ਸਕਦਾ ਹੈ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ ॥ ੪੧੧ ॥

**ਜਉਪੈ ਦੇਖਿ ਦੀਪਕ ਪਤੰਗ ਪਛਮ ਨੋ ਤਾਕੈ ਜੀਵਨ ਜਨਮ ਕੁਲ ਲਾਛਨ ਲਗਾਵਈ ॥**

ਜੇਕਰ ਦੀਵੇ ਨੂੰ (ਜਗਦਾ ਹੋਇਆ) ਦੇਖਕੇ, ਪਤੰਗਾ ਪਿਛਲੇ ਪਾਸੇ ਵਲ ਨੂੰ ਤਕੇ (ਤਾਂ ਆਪਣੇ) ਜੀਵਨ (ਨੂੰ ਆਪਣੇ) ਜਨਮ (ਨੂੰ ਤੇ ਆਪਣੀ) ਕੁਲ ਨੂੰ [ਲਾਛਨ] ਕਲੰਕ ਲਗਵਾ ਲਵੇਗਾ।

**ਜਉਪੈ ਨਾਦ ਬਾਦ ਸੁਨਿ ਮ੍ਰਿਗ ਆਨ ਗਿਆਨ ਰਾਚੈ ਪ੍ਰਾਨ ਸੁਖ ਹੁਇ ਸ਼ਬਦ ਬੇਧੀ ਨ ਕਹਾਵਈ ॥**

ਜੇਕਰ [ਬਾਦ] ਘੰਡੇਹੇੜੇ ਦਾ [ਨਾਦ] ਸ਼ਬਦ ਸੁਣਕੇ ਹਰਨ ਹੋਰ ਕਿਸੇ ਗਿਆਨ ਵਿਚ ਰਚ ਜਾਵੇ (ਤਾਂ ਉਸਨੂੰ) ਪ੍ਰਾਨਾਂ ਦਾ ਸੁਖ ਤਾਂ ਹੋਵੇਗਾ, (ਪਰ) ਸ਼ਬਦ ਬੇਧੀ ਨਹੀਂ ਕਹਾ ਸਕੇਗਾ (ਅਰਥਾਤ ਹਰਨਾਂ ਨੂੰ ਸ਼ਬਦ ਬੇਧੀ ਕਿਹਾ ਜਾਂਦਾ ਹੈ, ਪਰ ਜੇ ਘੰਡੇਹੇੜੇ ਦਾ ਸ਼ਬਦ ਸੁਣਕੇ ਜੀਉਂਦਾ ਰਹਿ ਜਾਵੇ ਤਾਂ ਉਸਦਾ ਸ਼ਬਦ ਬੇਧੀ ਨਾਮ ਮਿਟ ਜਾਇਗਾ)।

**ਜਉਪੈ ਜਲ ਸੈ ਨਿਕਸ ਮੀਨ ਸਰਜੀਵ ਰਹੈ ਸਹੈ ਦੂਖ ਦੂਖਿਨ ਬਿਰਹੁ ਬਿਲਖਾਵਈ ॥**

ਜੇ ਕਰ ਪਾਣੀ ਤੋਂ ਬਾਹਰ ਨਿਕਲਕੇ ਮਛੀ ਜੀਉਂਦੀ ਰਹਿ ਜਾਵੇ ਤਾਂ ਦੁਖਾਂ ਨੂੰ ਸਹੇਗੀ, ਦੋਖਾਂ (ਕਲੰਕਾਂ) ਨੂੰ ਸਹਾਰੇਗੀ ਤੇ ਵਿਛੋੜੇ (ਨੂੰ ਗੁਆ ਕੇ ਭੀ ਰੋਵੇਗੀ।

**ਸੇਵਾ ਗੁਰ ਗਿਆਨ ਧਿਆਨ ਤਜੈ ਭਜੈ ਦੁਬਿਧਾ ਕਉ ਸੰਗਤਿ ਮੈ ਗੁਰਮੁਖਿ ਪਦਵੀ ਨ ਪਾਵਈ।੪੧੨।**

ਉਸੇ ਤਰਾਂ ਹੀ ਜੇਹੜਾ ਸਿਖ) ਗੁਰੂ ਦੀ ਸੇਵਾ, ਗਿਆਨ ਤੇ (ਗੁਰ ਚਰਨਾਂ ਦਾ) ਧਿਆਨ ਤਿਆਗ ਦੇਵੇਗਾ, ਉਹ ਦੁਬਿਧਾ ਨੂੰ ਪਾ ਲਵੇਗਾ ਅਤੇ ਸੰਗਤ ਵਿਚ ਗੁਰਮੁਖ ਪਦਵੀ ਨਹੀਂ ਪਾਵੇਗਾ ॥ ੪੧੨ ॥

**ਜੈਸੇ ਏਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤਿ ਇਕ ਟਕ ਪਗ ਡਗ ਮਗਿ ਸਾਵਧਾਨ ਹੈ ॥**

ਜਿਵੇਂ ਇਕ ਕੀੜੀ ਦੇ ਮਗਰ ਕ੍ਰੋੜਾਂ ਕੀੜੀਆਂ ਤੁਰੀਆਂ ਜਾਂਦੀਆਂ ਹਨ, (ਸਭਨਾਂ ਦੀ) ਇਕ ਟਕ (ਨਜ਼ਰ ਹੈ ਤੇ) ਇਕ ਹੀ ਕਦਮ ਹੈ ਸਭਨਾ ਦਾ, ਰਸਤੇ ਦੇ ਕਦਮ ਵਿਚ ਸਾਰੀਆਂ ਹੀ ਸਾਵਧਾਨ ਹਨ

**ਜੈਸੇ ਕੂੰਜ ਪਾਂਤਿ ਭਲੀ ਭਾਂਤਿ ਸ਼ਾਂਤਿ ਸਹਜ ਮੈ ਉਡਤ ਅਕਾਸ਼ ਚਾਰੀ ਆਗੈ ਅਗਵਾਨ ਹੈ ॥**

ਜਿਵੇਂ ਕੂੰਜਾਂ ਦੀ ਡਾਰ ਭਲੀ ਤਰਾਂ ਨਾਲ ਸ਼ਾਂਤਿ ਸੁਭਾਵ ਵਿਚ ਅਕਾਸ਼ ਵਿਚ ਉਡਦੀ ਜਾਂਦੀ ਹੈ, (ਪਰ ਉਹਨਾਂ) ਅਕਾਸ਼ ਵਿਚ ਜਾਣ ਵਾਲੀਆਂ ਦੇ ਅਗੇ ੨ ਉਹਨਾਂ ਦੀ ਅਗਵਾਨ (ਜਥੇਦਾਰਨੀ) ਹੈ।

**ਜੈਸੇ ਮ੍ਰਿਗ ਮਾਲ ਚਾਲ ਚਲਤ ਟਲਤ ਨਾਹਿ ਜਤ੍ਰ ਤਤ੍ਰ ਅਗ੍ਰਭਾਗੀ ਰਮਤ ਤਤ ਧਿਆਨ ਹੈ ॥**

ਜਿਸ ਤਰਾਂ ਹਰਨਾਂ ਦੀ ਡਾਰ (ਆਪਣੀ) ਚਾਲੇ ਤੁਰੀ ਜਾਂਦੀ ਹੈ, ਟਲਦੀ ਨਹੀਂ ਹੈ, ਜਿਥੇ ਕਿਥੇ ਜਥੇਦਾਰ ਜਾਂਦਾ ਹੈ, (ਸਾਰੀ ਡਾਰ ਦਾ) ਉਧਰ ਹੀ ਧਿਆਨ ਹੈ।

**ਚੀਟੀ ਖਗ ਮ੍ਰਿਗ ਸਨਮੁਖ ਪਾਛੈ ਲਾਗੇ ਜਾਹਿ ਪ੍ਰਾਨੀ ਗੁਰ ਪੰਥ ਛਾਡਿ ਚਲਿਤ ਅਗਿਆਨ ਹੈ ॥੪੧੩॥**

ਕੀੜੀ, ਪੰਛੀ ਤੇ ਹਰਨ (ਆਪਣੇ) ਸਨਮੁਖ (ਮੋਢੀ) ਦੇ ਪਿਛੇ ਜਾਂਦੇ ਹਨ, (ਪਰ ਇਕ) ਮਨੁਖ ਹੀ ਹੈ (ਜੋ) ਗੁਰੂ ਦਾ ਰਾਹ ਛਡਕੇ ਅਗਿਆਨ ਦੇ ਮਗਰ ਜਾਂਦਾ ਹੈ ॥ ੪੧੩ ॥

**ਜੈਸੇ ਪ੍ਰਿਅ ਸੰਗਮ ਸੁਜਸੁ ਨਾਇਕਾ ਬਖਾਨੈ ਸੁਨਿ ਸੁਨਿ ਸਜਨੀ ਸਗਲ ਬਿਗਸਾਤ ਹੈ ॥**

ਜਿਸ ਤਰਾਂ ਇਸਤ੍ਰੀ ਪਤੀ ਦੇ ਮਿਲਾਪ ਦੇ ਸੁਜਸ ਨੂੰ ਕਹਿੰਦੀ ਹੈ, (ਜਿਸਨੂੰ) ਸੁਣ ਸੁਣਕੇ (ਉਸ ਦੀਆਂ ਸਾਰੀਆਂ ਸਹੇਲੀਆਂ ਪ੍ਰਸੰਨ ਹੁੰਦੀਆਂ ਹਨ।

**ਸਿਮਰਿ ਸਿਮਰਿ ਪ੍ਰਿਅ ਪ੍ਰੇਮ ਰਸ ਬਿਸਮ ਹੁਇ ਸੋਭਾ ਦੇਤ ਮੋਨਿ ਗਹੇ ਮਨਿ ਮੁਸਕਾਤ ਹੈ ॥**

ਪਤੀ ਦੇ ਪ੍ਰੇਮ ਰਸ ਨੂੰ ਸਿਮਰ ਸਿਮਰਕੇ ਹੈਰਾਨ ਹੋ ਕੇ ਚੁਪ ਧਾਰ ਲੈਂਦੀ ਹੈ ਤਾਂ ਭੀ ਮਨ ਵਿਚ ਮੁਸ-ਕ੍ਰਾਉਂਦੀ ਹੋਈ ਸੋਭਾ ਦੇਂਦੀ ਹੈ, (ਅਰਥਾਤ ਉਸਦਾ ਚੁਪ ਕਰਨਾ ਭੀ ਸੋਹਣਾ ਲਗਦਾ ਤੇ ਮਨ ਵਿਚ ਮੁਸਕਾਉਂਦਿਆਂ ਹੋਇਆ ਚੁਪ ਕਰਨਾ ਭੀ ਸੋਹਣਾ ਲਗਦਾ ਹੈ)।

**ਪੂਰਨ ਅਧਾਨ ਪ੍ਰਸੂਤ ਸਮੈ ਰੁਦਨ ਸੈ ਗੁਰਜਨ ਮੁਦਿਤ ਹੁਇ ਤਾਹੀ ਲਪਟਾਤ ਹੈ ॥**

ਗਰਭ ਦੇ ਪੂਰਨ (ਹੋਣ ਤੇ) ਪ੍ਰਸੂਤਾ (ਬਚਾ ਜਨਮਨ) ਦੇ ਸਮੇ (ਉਸਦੇ) ਰੋਣ ਕਰਕੇ (ਭੀ ਘਰ ਦੇ) ਬਜੁਰਗ ਬੰਦੇ ਪ੍ਰਸੰਨ ਹੁੰਦੇ ਹਨ, (ਅਤੇ ਜਿਸ ਪਤੀ ਦਾ ਸੰਗ ਕਰਕੇ ਏਨੀ ਦੁਖੀ) ਹੋਈ ਹੁੰਦੀ ਹੈ। (ਫਿਰ ਭੀ) ਉਸੇ ਦੇ ਗਲ ਨਾਲ ਲਿਪਟਦੀ(ਅਰਥਾਤ ਪਤੀ ਦੇ ਗਲ ਦਾ ਹਾਰ ਹੁੰਦੀ) ਹੈ।

**ਤੈਸੇ ਗੁਰਮੁਖਿ ਪ੍ਰੇਮ ਭਗਤਿ ਪ੍ਰਗਾਸੁ ਜਾਸੁ ਬੋਲਤ ਬੈਰਾਗ ਮੋਨਿ ਸਭਹੂ ਸੁਹਾਤ ਹੈ ॥ ੪੧੪ ॥**

ਉਸੇ ਤਰਾਂ ਜਿਸ ਗੁਰਮੁਖ ਦੇ (ਹਿਰਦੇ ਵਿਚ ਪ੍ਰੇਮ ਭਗਤੀ ਦਾ ਪ੍ਰਗਾਸ (ਹੁੰਦਾ ਹੈ, ਉਹ ਭਾਵੇਂ) ਬੋਲਦਾ ਹੈ, (ਭਾਵੇਂ) ਵੈਰਾਗ ਕਰਦਾ (ਰੋਂਦਾ) ਹੈ (ਤੇ ਭਾਵੇਂ ਚੁਪ ਕਰਕੇ ਬੈਠ ਰਹਿੰਦਾ ਹੈ (ਉਸਦਾ) ਸਭ ਕੁਝ ਹੀ ਸੁਹਾਵਣਾ ਲਗਦਾ ਹੈ ॥ ੪੧੪ ॥

**ਜੈਸੇ ਕਾਛੀ ਫਲ ਹੇਤ ਬਿਬਿਧ ਬਿਰਖ ਰੋਪੈ ਨਿਹਫਲ ਰਹੈ ਬਿਰਖੈ ਨ ਕਾਹੂ ਕਾਜ ਹੈ ॥**

ਜਿਸ ਤਰਾਂ [ਕਾਛੀ] ਅਰਾਂਈ (ਜਾਂ ਕੰਬੋਅ)ਫਲ ਦੇ ਵਾਸਤੇ ਅਨੇਕ ਤਰਾਂ ਦਰਖਤ ਲਾਉਂਦਾ ਹੈ, ਫਲ ਤੋਂ ਹੀਨੇ ਦਰਖਤ ਕਿਸੇ ਵੀ ਕੰਮ ਨਹੀਂ ਹਨ।

**ਸੰਤਤਿ ਨਿਮਿਤਿ ਨ੍ਰਿਪ ਅਨਿਕ ਬਿਵਾਹ ਕਰੈ ਸੰਤਤਿ ਬਿਹੂਨ ਬਨਿਤਾ ਨ ਗ੍ਰਿਹਿ ਛਾਜ ਹੈ॥**

ਜਿਸ ਤਰਾਂ ਉਲਾਦ ਦੇ ਵਾਸਤੇ ਰਾਜਾ ਅਨੇਕਾਂ ਵਿਆਹ ਕਰਦਾ ਹੈ, ਉਲਾਦ ਤੋਂ ਹੀਨੀ ਇਸਤ੍ਰੀ ਘਰ ਦੇ ਵਿਚ ਸੋਭਾ ਨਹੀਂ ਪਾਂਦੀ ਹੈ।

**ਬਿਦਿਆ ਦਾਨ ਜਾਨ ਜੈਸੇ ਪਾਂਧਾ ਚਟਸਾਰ ਜੋਰੈ ਬਿਦਿਆ ਹੀਨ ਦੀਨ ਖਲ ਨਾਮ ਉਪਰਾਜ ਹੈ ॥**

ਜਿਸ ਤਰਾਂ ਵਿਦਯਾ ਦਾਨ (ਕਰਨ ਦਾ ਬੜਾ ਭਾਰਾ ਪੁੰਨ) ਜਾਣਕੇ ਪਾਂਧਾ ਪਾਠਸਾਲਾ(ਵਿਚ ਵਿਦਯਾਰਥੀ ਕਠੇ ਕਰਦਾ ਹੈ, (ਕਿਉਂਕਿ)ਵਿਦਯਾ ਤੋਂ ਹੀਨੇ ਕੰਗਾਲ ਦਾ ਨਾਮ ਮੂਰਖ(ਉਪਰਾਜ)ਪੈਜਾਂਦਾਹੈ

**ਸਤਿਗੁਰ ਸਿਖ ਸਾਖਾ ਸੰਗ੍ਰਹੈ ਸੁਗਿਆਨ ਨਿਮਿਤ ਬਿਨੁਗੁਰਗਿਆਨ ਧ੍ਰਿਗ ਜਨਮ ਕਉ ਲਾਜਿ ਹੈ॥੪੧੫॥**

(ਇਸੇ ਤਰਾਂ) ਸਤਿਗੁਰੂ(ਕੇਵਲ)ਬ੍ਰਹਮ ਗਿਆਨ ਲਈ ਸਿਖਾਂ ਸੇਵਕਾਂ ਦੀਆਂ ਸ਼ਾਖਾਂ ਕਠੀਆਂ ਕਰਦਾ ਹੈ, ਗੁਰ ਗਿਆਨ ਤੋਂ ਹੀਨੇ ਦੇ ਜਨਮ ਨੂੰ ਧ੍ਰਿਕਾਰ ਤੇ ਸ਼ਰਮ ਹੈ। (ਅਰਥਾਤ ਕੇਵਲ ਗਿਆਨ ਪ੍ਰਾਪਤੀ ਲਈ ਹੀ ਮਨੁਖਾ ਜਨਮ ਪ੍ਰਾਪਤ ਹੋਇਆ ਹੈ, ਜੇ ਗਿਆਨ ਨਹੀਂ ਹੋਇਆ ਤਾਂ ਜਨਮ ਨੂੰ ਧਿਕਾਰ ਤੇ ਸਰਮ ਹੈ) ॥ ੪੧੫ ॥

**ਸੁਰਸੁਰੀ ਸੁਰਸਤੀ ਜਮੁਨਾ ਗੋਦਾਵਰੀ ਗਇਆ ਪ੍ਰਿਯਾਗਿ ਸੇਤੁ ਕੁਰਖੇਤ ਮਾਨਸਰ ਹੈ ॥**

ਸੁਰਸਰੀ=ਦੇਵ ਨਦੀ, ਗੰਗਾ। ਇਹ ਹਿੰਦੂ ਮਤ ਵਿਚ ਪਵਿਤਰ ਤੇ ਪ੍ਰਸਿਧ ਨਦੀ ਹੈ ਜੋ ਗੋਮੁਖ ਚਸ਼ਮੇਂ ਵਿਚੋਂ (ਹਰਿਦਵਾਰ ਤੋਂ ੧੯੦ ਮੀਲ ਉਪਰ ਤੋਂ ਨਿਕਲਦੀ ਅਤੇ ੧੫੫੦ ਮੀਲ ਵਹਿੰਦੀ ਹੋਈ ਗੰਗਾ ਸਾਗਰ ਦੇ ਸੰਗਮ ਪੁਜ ਸਮੁੰਦਰ ਨਾਲ ਜਾ ਮਿਲਦੀ ਹੈ, ਪੁਰਾਨਾਂ ਵਿਚ ਇਸ ਦੇ ਸਬੰਧ ਦੀਆਂ ਕਈ ਕਥਾਂ ਹਨ। ਇਕ ਥਾਂ ਤੇ ਲਿਖਿਆ ਹੈ ਜਦ ਵਾਮਨ ਅਵਤਾਰ ਦਾ ਪੈਰ ਬ੍ਰਹਮ ਲੋਕ ਵਿਚ ਜਾ ਟਿਕਿਆ ਤਾਂ ਬ੍ਰਹਮਾਂ ਨੇ ਉਸ ਚਰਨ ਨੂੰ ਧੋ ਕੇ ਜਲ ਨੂੰ ਕਮੰਡਲ ਵਿਚ ਪਾ ਕੇ ਰਖ ਲਿਆ ਤੇ ਭਗੀਰਥ ਦੀ ਪ੍ਰਾਰਥਨਾ ਕਰਨ ਪੁਰ ਬ੍ਰਹਮ ਲੋਕ ਤੋਂ ਕਰਮੰਡਲ ਨੂੰ ਉਲਟਾ ਦਿਤਾ, ਜੋ ਸ਼ਿਵਜੀ ਦੀਆਂ ਜਟਾਂ ਵਿਚ ਡਿਗ ਕੇ ਫੇਰ ਧਰਤੀ ਉਤੇ ਵਗਿਆ।

ਬਾਲਮੀਕੀ ਰਮਾਇਣ ਵਿਚ ਕਥਾ ਹੈ— ਹਿਮਾਲਯ ਦੇ ਘਰ, ਸੁਮੇਰ ਦੀ ਕੰਨਿਆਂ ਮੇਨਕਾ ਦੇ ਉਦਰ ਤੋਂ ਗੰਗਾ ਅਤੇ ਉਮਾ

ਨਾਮ ਦੀਆਂ ਦੋ ਭੈਣਾਂ ਪੈਦਾ ਹੋਈਆਂ। ਇਕ ਵੇਰੀ ਸ਼ਿਵਜੀ ਨੇ ਆਪਣਾ ਬੀਰਜ ਗੰਗਾ ਵਿਚ ਪਾਇਆ, ਪਰ ਗੰਗਾ ਉਸਨੂੰ ਧਾਰਨ ਨਾ ਕਰ ਸਕੀ ਅਤੇ ਗਰਭ ਨੂੰ ਸੁਟ ਕੇ ਬ੍ਰਹਮਾਂ ਦੇ ਕਰਮੰਡਲ ਵਿਚ ਜਾ ਕੇ ਲੁਕ ਬੈਠੀ। ਜੋ ਫੇਰ ਭਗੀਰਥ ਦੀ ਬੇਨਤੀ ਮੰਨਕੇ ਬ੍ਰਹਮਾਂ ਦੇ ਕ੍ਰਮੰਡਲ ਵਿਚੋਂ ਧਰਤੀ ਪੁਰ ਆਈ। ਗੰਗਾ ਨੂੰ ਰਾਜਾ ਸ਼ਾਂਤਨੁ ਦੀ ਇਸਤ੍ਰੀ ਭੀ ਲਿਖਿਆ ਹੈ, ਇਸੇ ਦੇ ਪੇਟੋਂ ਭੀਸ਼ਮ ਪਿਤਾਮਾ ਦਾ ਜਨਮ ਹੋਇਆ ਸੀ ਜਿਸ ਕਰਕੇ ਉਸਦਾ ਨਾਮ 'ਗੰਗੇਜ' ਭੀ ਕਿਹਾ ਜਾਂਦਾ ਹੈ।

ਸਰਸ੍ਵਤੀ—ਇਕ ਨਦੀ ਦਾ ਨਾਮ ਹੈ, ਜੋ ਪਹਿਲੇ ਬ੍ਰਹਮਾਵਰਤ ਦੀ ਹੱਦ ਸੀ ਪਰ ਹੁਣ ਇਹ ਸਰਮੌਰ ਦੇ ਇਲਾਕੇ ਤੋਂ ਨਿਕਲ ਕੇ ਕਈ ਥਾਂਈਂ ਰੇਤ ਵਿਚ ਲੋਪ ਪਰਗਟ ਹੁੰਦੀ ਹੋਈ ਪਟਿਆਲੇ ਦੇ ਇਲਾਕੇ ਅੰਦਰ ਘੱਗਰ ਦਰਿਆ ਵਿਚ ਜਾ ਮਿਲਦੀ ਹੈ।

ਜਮਨਾ=ਇਕ ਪ੍ਰਸਿਧ ਨਦੀ, ਜਿਸ ਦੀ ਗਿਣਤੀ ਤ੍ਰਿਬੇਣੀ ਵਿਚ ਹੈ, ਪੁਰਾਣਾ ਵਿਚ ਇਸਨੂੰ ਸੂਰਜ ਦੀ ਪੁਤ੍ਰੀ ਲਿਖਿਆ ਹੈ, ਇਹ ਟੇਹਰੀ ਦੇ ਇਲਾਕੇ ਵਿਚੋਂ ਨਿਕਲਕੇ ੮੬੦ ਮੀਲ ਵਗਦੀ ਹੋਈ ਪ੍ਰਯਾਗ ਦੇ ਕੋਲ ਜਾ ਕੇ ਗੰਗਾ ਵਿਚ ਮਿਲ ਜਾਂਦੀ ਹੈ। ਪੁਰਾਣਾਂ ਦਾ ਕਥਨ ਹੈ ਕਿ ਇਸ ਵਿਚ ਇਸ਼ਨਾਨ ਕਰਨ ਵਾਲੇ ਨੂੰ ਜਮ ਦਾ ਦੰਡ ਨਹੀਂ ਸਹਾਰਨਾ ਪੈਂਦਾ।

ਗੁਦਾਵਰੀ=ਗੋਦਾਵਰੀ ਇਹ ਨਦੀ ਪੂਰਬੀ ਘਾਟਾਂ ਤੋਂ ਤ੍ਰਿਅੰਬਕ ਪਾਸੋਂ ਨਿਕਲ ਕੇ ਬੰਗਾਲ ਦੀ ਖਾੜੀ ਵਿਚ ਜਾ ਡਿਗਦੀ ਹੈ ਬ੍ਰਹਮਾਂਡ ਉਪ ਪੁਰਾਣ ਵਿਚ ਲਿਖਿਆ ਹੈ:- ਗੌਤਮ ਰਿਖੀ ਇਕ ਮੋਈ ਹੋਈ ਗਊ ਨੂੰ ਜੀਊਂਦਾ ਕਰਨ ਲਈ ਸ਼ਿਵਜੀ ਦੀਆਂ ਜਟਾਂ ਵਿਚੋਂ ਜੋ ਗੰਗਾ ਦੀ ਧਾਰਾ ਲਿਆ- ਇਆ ਸੀ, ਉਸੇ ਤੋਂ ਗੋਦਾਵਰੀ ਨਦੀ ਹੋਈ, ਤਦੇ ਹੀ ਇਸਦਾ ਨਾਮ 'ਗੌਤਮੀ' ਭੀ ਕਿਹਾ ਜਾਂਦਾ ਹੈ।

ਬ੍ਰਹਮ ਵੈਵਰਤ ਪੁਰਾਣ ਵਿਚ ਇਕ ਹੋਰ ਕਥਾ ਲਿਖੀ ਹੈ:—ਇਕ ਬ੍ਰਾਹਮਣੀ ਤੀਰਥ ਕਰਦੀ ਫਿਰਦੀ ਸੀ, ਇਕ ਜੰਗਲ ਵਿਚਕੋਈ ਕਾਮੀ ਪੁਰਸ਼ ਉਸਨੂੰ ਮਿਲ ਗਿਆ। ਬ੍ਰਾਹ- ਮਣੀ ਦੀ ਮਰਜ਼ੀ ਤੋਂ ਉਲਟ ਕਾਮੀ ਨੇ ਜੋਰਾਵਰੀ ਨਾਲ ਉਸ ਨਾਲ ਭੋਗ ਕੀਤਾ, ਬ੍ਰਾਹਮਣੀ ਨੇ ਉਸ ਵੇਲੇ ਉਸ ਪਰ ਪੁਰਖ ਦੇ ਵੀਰਜ ਨੂੰ ਤਿਆਗ ਦਿਤਾ, ਜਿਸ ਤੋਂ ਤੁਰਤ ਹੀ ਇਕ ਬੜਾ ਸੁੰਦਰ ਬਾਲਕ ਪੈਦਾ ਹੋ ਗਿਆ, ਬ੍ਰਾਹਮਣੀ ਪੁਤ੍ਰ ਸਮੇਤ ਰੋਂਦੀ ਰੋਂਦੀ ਆਪਣੇ ਪਤੀ ਕੋਲ ਆਈ ਅਤੇ ਆਪਣੇ ਨਾਲ ਵਰਤ ਚੁਕੀ ਹੋਈ ਸਾਰੀ ਵਾਰਤਾ ਉਸਨੇ ਪਤੀ ਨੂੰ ਸੁਣਾ ਦਿਤੀ। ਪਤੀ ਨੇ ਇਸਤ੍ਰੀ ਦਾ ਤਿਆਗ ਕਰ ਦਿਤਾ, ਇਸ ਪੁਰ ਬ੍ਰਾਹਮਣੀ ਨੇ ਤਪ ਅਤੇ ਯੋਗ ਅਭਿ- ਆਸ ਕਰਨਾ ਆਰੰਭ ਕਰ ਦਿਤਾ, ਉਸਦੇ ਪੁੰਨ ਦੇ ਪ੍ਰਭਾਵ ਕਰਕੇ ਗੋਦਾਵਰੀ ਨਦੀ ਰੂਪ ਹੋ ਕੇ ਸੰਸਾਰ ਪੁਰ ਵਹਿਣ ਲਗੀ।

ਗਇਆ=ਗਯਾ, ਹਿੰਦੂਆਂ ਦੀਆਂ ਸਤ ਪੁਰੀਆਂ ਵਿਚੋਂ ਇਕ ਪੁਰੀ ਦਾ ਨਾਮ ਹੈ, ਜੋ ਬਿਹਾਰ ਦੇਸ ਵਿਚ ਪਟਨੇ ਦੇ ਇਲਾਕੇ ਵਿਚ, ਫਲਗੂ ਨਦੀ ਦੇ ਕੰਢੇ ਤੇ ਹੈ। ਇਸ ਥਾਂ ਤੇ ਪਿਤਰਾਂ ਦੀ ਗਤੀ ਲਈ ਹਿੰਦੂ ਪਿੰਡ ਜਾਨ ਕਰਦੇ ਹਨ।

ਪ੍ਰਾਗ=ਪ੍ਰਯਾਗ, ਯੂ ਪੀ ਵਿਚ ਗੰਗਾ ਜਮਨਾ ਦੇ ਸੰਗਮ ਦਾ ਇਕ ਮਸ਼ਹੂਰ ਤੀਰਥ ਹੈ, ਜਿਥੇ ਸਰਸ੍ਵਤੀ ਨਦੀ ਦਾ ਗੁਪਤ ਸੰਗਮ ਮੰਨਿਆ ਜਾਂਦਾ ਹੈ। ਪੁਰਾਣਾਂ ਦੇ ਮਤ ਅਨੁਸਾਰ ਜਦ ਸੰਖਾਸੁਰ ਤੋਂ ਵਿਸ਼ਨੂੰ ਨੇ ਵੇਦ ਮੋੜ ਲਿਆਂਦੇ ਤੇ ਬ੍ਰਹਮਾਂ ਨੂੰ ਮੋੜ ਦਿਤੇ ਸਨ, ਤਦ ਉਸਨੇ ਦਸ ਅਸ੍ਵਮੇਧ ਯਗਯ ਇਥੇ ਕੀਤੇ ਸਨ ਜਿਸ ਤੋਂ ਨਾਮ 'ਪ੍ਰਯਾਗ' ਹੋ ਗਿਆ। ਪ੍ਰਯਾਗ ਵਿਚ ਇਕ ਅਖੈਬਟ ਸੀ, ਜਿਸ ਤੋਂ ਡਿਗਕੇ ਮਰ ਜਾਣਾ ਹਿੰਦੂ ਮੁਕਤੀ ਦਾ

(ਸਾਧਨ ਮੰਨਦੇ ਸਨ, ਜੋ ਬਾਦਸ਼ਾਹ ਜਹਾਂਗੀਰ)
(ਨੇ ਕਟਵਾ ਦਿਤਾ ਸੀ।)
(ਸੇਤ=ਸੇਤੁ ਬੰਧ ਰਾਮਸ੍ਵਰ । ਰਾਮਚੰਦਰ)
(ਜੀ ਦਾ ਦਖਣ ਵਿਚ ਪਾਮਬਨ ਦੰਪ)
(ਵਿਚ ਰਾਮਾਨਾਦ ਜਿਮੀਦਾਰੀ ਦੇ ਅੰਦਰ)
(ਸਮੁੰਦਰ ਦੇ ਕਿਨਾਰੇ ਅਸਥਾਪਨ ਕੀਤਾ)
(ਸ਼ਿਵਲਿਗ, ਜਿਸ ਪੁਰ ੧੦੦ ਫੁਟ ਉਚਾ)
(ਸੁੰਦਰ ਮੰਦਰ ਹੈ, ਮੰਦਰ ਦੇ ਕਾਰਣ ਪਾਸ)
(ਦੀ ਵਸਤੀ ਦਾ ਨਾਮ ਭੀ ਰਾਮੇਸ਼ਵਰ)
(ਹੋ ਗਿਆ ਹੈ।)
(ਕੁਰਖੇਤ੍=ਕੁਰੁਛੇਤ੍ ਇਕ ਪੁੰਨ ਸਥਾਨ ਦਾ)
(ਨਾਮ ਹੈ, ਜਿਥ ਬੜਾ ਭਾਰੀ ਤਲਾਉ ਹੈ,)
(ਇਹ ਘਗਰ ਨਦੀ ਦੇ ਉਤਰ ਤੇ ਸਰਸਵਤੀ)
(ਦੇ ਦਖਣ ਹੈ, ਇਸਦਾ ਪ੍ਰਮਾਣ ਬਾਰਾਂ)
(ਜੋਜਨ (ਅਠਤਾਲੀ ਕੋਹ) ਹੈ, ਇਸ ਵਿਚ)
(੩੬੫ ਤੀਰਥ ਲਿਖੇ ਹਨ. ਰਿਗ ਵੇਦ)
(ਵਿਚ ਭੀ ਕੁਰੁਛੇਤ੍ ਦਾ ਜਿਕਰ ਆਉਂਦਾ)
(ਹੈ। ਮਹਾਂ ਭਾਰਤ ਦੇ ਸੁਲਯ ਪਰਬ ਦੇ)
(ਪਤ੍ ਅਧਯਾ ਵਿਚ ਲਿਖਿਆ ਹੈ—ਕੁਰੂ)
(ਰਿਸ਼ੀ ਰਿਖੀ ਨੇ ਇਸ ਥਾਂ ਤੇ ਕਰਸ਼ਣ)
(ਕੀਤਾ ਸੀ, ਅਰਥਾਤ ਯਗਯ ਕਰਨ ਲਈ)
(ਜਮੀਨ ਸਾਫ ਕਰਨ ਲਈ)
(ਰਾਜੇ ਨੇ ਆਪ ਹਲ ਵਾਹਿਆ ਸੀ।)
(ਕੌਰਵਾਂ ਤੇ ਪਾਂਡਵਾ ਦਾ ਜੁਧ ਭੀ ਇਸ)
(ਥਾਂ ਤੇ ਹੋਇਆ ਸੀ, ਇਸ ਥਾਂ ਤੇ ਹੋਰ ਭੀ)
(ਕਈ ਵਡੇ ਵਡੇ ਜੱਗ ਹੋਏ ਹਨ, ਕੁਰਛੇਤ੍)
(ਈ. ਆਈ. ਰਲਵੇ ਦਾ ਸਟੇਸ਼ਨ ਹੈ।)
(ਮਾਨਸਰ=ਮਾਨਸ, ਮਾਨ ਸਰੋਵਰ। ਤਿਬਤ)
(ਦੀ ਇਕ ਪ੍ਰਸਿਧ ਝੀਲ, ਜੋ ਪੁਰਾਣਾਂ)
(ਅਨੁਸਾਰ ਬ੍ਰਹਮਾ ਨੇ ਕੈਲਾਸ਼ ਪਾਸ ਰਚੀ)
(ਹੈ, ਇਸ ਤਾਲ ਦਾ ਵਿਸਥਾਰ ੫੦-੬੦)
(ਮੀਲ ਹੈ, ਇਹ ਕੈਲਾਸ਼ ਦੇ ਦਖਣ ਵਲ)
(੧੫੩੦੦ ਫੁਟ ਦੀ ਉਚਾਈ ਤੇ ਹੈ,)
(ਕਵੀਆਂ ਨੇ ਇਸ ਨੂੰ ਹੰਸਾਂ ਦਾ ਨਿਵਾਸ)
(ਥਾਨ ਲਿਖਿਆ ਹੈ।)
(ਕਾਂਸ਼ੀ=ਬਨਾਰਸ, ਯੂ. ਪੀ. ਵਿਚ ਹਿੰਦੂਆਂ)
(ਦਾ ਪ੍ਰਧਾਨ ਨਗਰ, ਜੋ ਵਿਦਯਾ ਦੀ)
(ਟਕਸਾਲ ਅਤੇ ਮਹਾਂ ਤੀਰਥ ਹੈ, ਸ਼ਿਵਪੁਰਿ,)
(ਕਾਂਸ਼ੀ ਗੰਗਾ ਦੇ ਖਬੇ ਪਾਸੇ ਆਬਾਦ)
(ਹੈ। ਹਿੰਦੁਸਤਾਨ ਵਿਚ ਚਿਰ ਕਾਲ ਤੋਂ)
(ਕਾਂਸ਼ੀ ਦੀ ਮਹਿਮਾ ਹੈ। ਇਸ ਦੇ ਵਿਚ)
(ਵਿਸ਼ਵੇਸ਼ਰ ਨਾਥ ਦਾ ਮੰਦਰ ਹੈ, ਜੋ ਬਾਰਾਂ)
(ਜਯੋਤੀ ਲਿੰਗਾਂ ਵਿਚੋਂ ਇਕ ਪ੍ਰਧਾਨ)
(ਜਯੋਤੀ ਲਿੰਗ ਹੈ।)
(ਕਾਤੀ=ਕਾਂਚੀ ਹਿੰਦੂਆਂ ਦੀਆਂ ਸੱਤ)
(ਪਵਿਤ੍ ਪੁਈਆਂ ਵਿਚ ਇਕ ਪਵਿਤ੍ ਪੁਰੀ)
(ਜੋ ਮਦਰਾਸ ਦੇ ਇਲਾਕੇ ਦੇ ਚੇਂਗਲਪਟ)
(ਜਿਲ ਵਿਚ ਹੈ, ਹੁਣ ਇਸ ਦਾ ਨਾਉਂ)
(ਕਾਂਜੀ ਵਰਮ (Conjeeverm) ਹੈ।)
(ਦੁਆਰਾਵਤੀ=ਦ੍ਵਾਰਾਵਤੀ, ਹਿੰਦੂਆਂ)
(ਦੀਆਂ ਸੱਤ ਪਵਿਤ੍ ਪੁਰੀਆਂ ਵਿਚੋਂ ਇਕ)
(ਹੈ, ਜੋ ਬੰਬਈ ਹਾਤੇ ਕਾਠੀਆਵਾੜ ਵਿਚ)
(ਬੜੌਦਾ ਰਾਜ ਅੰਦਰ ਸਮੁੰਦਰ ਦੇ ਕੰਢੇ)
(ਉਤੇ ਹੈ, ਇਹ ਚਿਰਕਾਲ ਤਕ ਯਾਦਵਾਂ)
(ਦੀ ਰਾਜਧਾਨੀ ਰਹੀ ਹੈ। ਕਹਿੰਦੇ ਹਨ. ਸ੍ਰੀ)
(ਕ੍ਰਿਸ਼ਨ ਜੀ ਦੇ ਪਰਮ ਧਾਮ ਪਿਛੋਂ ਸਤਵੇਂ)
(ਦਿਨ ਦਵਾਰਵਤੀ ਨੂੰ ਸਮੁੰਦਰ ਨੇ ਆਪਣੇ)
(ਵਿਚ ਲੈ ਕਰ ਲਿਆ ਸੀ, ਜੋ ਅਬਾਦੀ)
(ਹੁਣ ਦਿਸਦੀ ਹੈ ਏਹ ਫੇਰ ਵਸੀ ਹੈ, ਦਵਾਰਾ)
(ਵਤੀ ਬੜੌਦੇ ਤੋਂ ੨੭੦ ਮੀਲ ਦੇ ਫਾਸਲੇ)
(ਪੁਰ ਹੈ, ਇਥੇ ਇਕ ਬੜਾ ਵਡਾ)
(ਮੰਦਰ ਹੈ. ਜਿਸ ਵਿਚ 'ਰਣਛੋਰ' ਨਾਮ)
(ਧਾਰੀ ਕ੍ਰਿਸ਼ਨ ਜੀ ਦੀ ਮੂਰਤੀ ਹੈ।)
(ਮਥਰਾ=ਮਧੁ ਪੁਰੀ, ਹਿੰਦੂਆਂ ਦੀਆਂ ਸੱਤਾਂ)
(ਪਵਿਤ੍ ਪੁਰੀਆ ਵਿਚੋਂ ਇਕ ਪੁਰੀ ਹੈ, ਜੋ)
(ਇਲਾਹਾਬਾਦ ਦੇ ਇਲਾਕੇ ਜਮਨਾ ਨਦੀ)
(ਦੇ ਸਜੇ ਕੰਢੇ ਉਤੇ ਬ੍ਰਿਜਭੂਮੀ ਵਿਚ ਮਥਰਾ)
(ਨਾਮ ਦਾ ਪ੍ਰਸਿਧ ਸ਼ੈਹਰ ਹੈ, ਸ੍ਰੀ ਕ੍ਰਿਸ਼ਨ)
(ਜੀ ਦਾ ਏਥੇ ਹੀ ਜਨਮ ਹੋਇਆ ਸੀ,)
(ਵਿਸ਼ਨ ਪੁਰਾਣ ਦੀ ਕਥਾ ਹੈ, ਇਥੇ ਇਕ)
(ਮਧੁ ਨਾਮ ਦਾ ਦੈਂਤ ਰਾਜ ਕਰਦਾ ਸੀ.)
(ਜਿਸ ਤੋਂ ਇਸ ਨਗਰੀ ਦਾ ਨਾਮ 'ਮਧੁ)
(ਪੁਰੀ' ਹੋ ਗਿਆ। ਜਦ ਮਧੁ ਦੇ ਪੁਤਰ)
(ਲਵਣ ਨੂੰ ਸ੍ਰੀ ਰਾਮ ਜੀ ਦੇ ਭਰਾ)

(ਸ਼ਤ੍ਰਘਨ ਨੇ ਮਾਰ ਦਿਤਾ ਤਾਂ ਇਸ ਸ਼ੈਹਰ)
(ਦਾ ਨਾਮ 'ਮਥੁਰਾ' ਰਖ ਦਿਤਾ ਸੀ।)
(ਮਾਇਆ=ਮਾਯਾ ਪੁਰੀ, ਹਿੰਦੂਆਂ ਦੀਆਂ)
(ਸਤ ਪੁਰੀਆਂ ਵਿਚੋਂ ਇਕ ਪੁਰੀ। ਹਰਿਦ੍ਵਾਰ)
(ਤੋਂ ਕਨਖਲ ਤਕ ਦੀ ਆਬਾਦੀ ਦਾ)
(ਨਾਮ ਹੈ।)
(ਅਯੁਧਿਆ=ਹਿੰਦੂਆਂ ਦੀਆਂ ਪਵਿਤਰ)
(ਸੱਤ ਪੁਰੀਆਂ ਵਿਚੋਂ ਇਕ ਪੁਰੀ ਹੈ ਜੋ)
(ਯੂ. ਪੀ ਵਿਚ ਫੈਜ਼ਾਬਾਦ ਦੇ ਜ਼ਿਲੇ ਦੀ)
(ਸੂਰਜ ਨਦੀ ਦੇ ਕੰਢੇ ਉਤੇ ਕੋਸਲ ਦੇਸ਼ ਦੀ)
(ਪ੍ਰਧਾਨ ਨਗਰੀ ਹੈ, ਸ੍ਰੀ ਰਾਮ ਚੰਦਰ ਜੀ)
(ਦਾ ਜਨਮ ਇਥੇ ਹੀ ਹੋਇਆ ਸੀ, ਇਹ)
(ਸੂਰਜ ਬੰਸੀ ਰਾਜਿਆਂ ਦੀ ਚਿਰਕਾਲ)
(ਤਕ ਰਾਜਧਾਨੀ ਰਿਹਾ ਹੈ। ਬਾਲਮੀਕੀ)
(ਰਾਮ ਇਣ ਵਿਚ ਲਿਖਿਆ ਹੈ, ਅਯੁਧਿਆ)
(ਵੈਵਸ੍ਵਤ ਮਨੂ ਨੇ ਵਸਾਈ ਸੀ। ਇਸਦੀ)
(ਲੰਬਾਈ ੧੨ ਯੋਜਨ ਤੇ ਚੌੜਾਈ ਦੋ)
(ਯੋਜਨ (ਅਠ ਕੋਹ) ਦਸੀ ਹੈ।)
(ਗੋਮਤੀ=ਇਕ ਨਦੀ ਦਾ ਨਾਮ ਹੈ, ਜੋ)
(ਯੂ. ਪੀ. ਦੇ ਪੀਲੀ ਭੀਤ ਜ਼ਿਲੇ ਵਿਚੋਂ)
(ਸ਼ਾਹ ਜਹਾਨ ਪੁਰ ਦੀ ਝੀਲ ਤੋਂ ਨਿਕਲ)
(ਕੇ ਖੇੜੀ, ਲਖਨਊ, ਜੌਨਪੁਰ ਵਗੈਰਾ ਵਿਚੋਂ)
(ਵਗਦੀ ਹੋਈ ਸੈਦਪੁਰ ਦੇ ਮੁਕਾਮ ਉਤੇ)
(ਗੰਗਾ ਨਾਲ ਮਿਲ ਜਾਂਦੀ ਹੈ, ਇਸ ਦਾ)
(ਦੂਜਾ ਨਾਮ 'ਵਸ਼ਿਸ਼ਠੀ' ਭੀ ਹੈ।)
(ਅਵੰਤਕਾ=ਮਧ ਭਾਰਤ ਵਿਚ ਅਵੰਤੀ)
(ਨਦੀ ਦੇ ਕੰਢੇ ਗਵਾਲੀਅਰ ਦੇ ਰਾਜ)
(ਵਿਚ ਇਕ ਨਗਰੀ ਹੈ, ਜਿਸਦਾ ਨਾਉਂ)
(ਵਿਸ਼ਾਲਾ ਅਤੇ ਉਜੈਨ ਹੈ, ਇਸ ਦੀ)
(ਗਿਣਤੀ ਹਿੰਦੂਆਂ ਦੀਆਂ ਪਵਿਤ੍ਰ ਸਤ)
(ਪੁਰੀਆਂ ਵਿਚੋਂ ਇਕ ਹੈ।)
(ਕੇਦਾਰ=ਇਕ ਤੀਰਥ, ਜੋ ਰਿਆਸਤ ਗੜ੍ਹ)
(ਵਾਲ ਵਿਚ ਰੁਦ੍ਰ ਹਿਮਾਲੇ ਦੀ ਬਰਫਾਨੀ)
(ਧਾਰਾ ਵਿਚ ਮਹਾਂ ਪੰਥ ਦੀ ਚੋਟੀ ਤਲੇ ਟਿਲ)
(ਉਤੇ ਹੈ, ਇਸਦੀ ਉਚਾਈ ੧੧੭੫੩ ਫੁਟ)
(ਹੈ, ਇਥੇ ਸਦਾ ਸ਼ਿਵ ਦਾ ਮੰਦਰ ਹੈ, ਜਿਸ)
(ਵਿਚ ਝੋਟੇ ਦੀ ਸ਼ਕਲ ਦਾ ਮਹਾਂਦੇਵ ਹੈ।)
(ਕਹਿੰਦੇ ਹਨ ਪਾਂਡਵਾਂ ਤੋਂ ਹਾਰ ਖਾਕੇ ਸ਼ਿਵ)
(ਜੀ ਇਸ ਥਾਂ ਤੇ ਝੋਟਾ ਬਣ ਕੇ ਆ ਗਿਆ)
(ਸੀ, ਮੰਦਰ ਦੇ ਪੁਜਾਰੀ ਜੰਗਮ ਸਾਧੂ ਹਨ।)
(ਨੋਟ—ਅਰਜਨ ਤੋਂ ਹਾਰ ਖਾ ਕੇ ਸ਼ਿਵਜੀ)
(ਨੇ ਝੋਟ ਦੀ ਸ਼ਕਲ ਵਿਚ ਇਥੇ ਪਨਾਹ)
(ਲਈ, ਧੜ ਪਹਾੜ ਵਿਚ ਧਸ ਗਿਆ,)
(ਕੇਵਲ ਪਿਠ ਬਾਹਰ ਦਿਖਾਈ ਦੇਂਦੀ ਹੈ,)
(ਜਿਸਦੀ ਪੂਜਾ ਲੋਕ ਕਰਦੇ ਹਨ। ਬਾਕੀ)
(ਹਿਸਿਆਂ ਦੀ ਪੂਜਾ ਚਾਰ ਹੋਰਨਾਂ ਥਾਵਾਂ)
(ਤੇ ਹੁੰਦੀ ਹੈ--ਬਾਹਾਂ ਦੀ ਪੂਜਾ ਤੁੰਗ ਨਾਥ)
(ਤੇ, ਮੂੰਹ ਦੀ ਰੁਦ੍ਰ ਨਾਥ ਤੇ, ਨਾਭੀ ਦੀ)
(ਮਧਯੇਸ਼੍ਵਰ ਤੇ, ਸਿਰ ਅਤੇ ਜਟਾਂ ਦੀ ਪੂਜਾ)
(ਕਪਲੇਸ਼੍ਵਰ ਤੇ, ਇਹ ਪੰਜੇ ਸਥਾਨ ਪੰਜ)
(ਕੇਦਾਰ ਸਦਾਂਦੇ ਹਨ।)
(ਹਿਮਧਰ=ਹਿਮਾਚਲ (ਹਿਮ=ਬਰਫ+)
(ਅਚਲ=ਪਹਾੜ) ਪਹਾੜ ਰੂਪ ਬਰਫ।)
(ਭਾਰਤ ਦੇ ਉਤਰ ਵਲ ਅਰ ਤਿਬਤ ਅਤੇ)
(ਭਾਰਤ ਦੇ ਮਧਯ, ਬਰਫ ਦਾ ਪੁੰਜ ਰੂਪ)
(ਪਹਾੜ, ਜੋ ਦੁਨੀਆਂ ਦੇ ਸਾਰੇ ਪਹਾੜਾਂ ਤੋਂ)
(ਉਚਾ ਹੈ, ਇਸ ਦੀ ਸਭ ਤੋਂ ਉਚੀ ਚੋਟੀ)
(੨੯੦੦੦ ਹਜ਼ਾਰ ਫੁਟ ਹੈ।)
(ਬਦ੍ਰਕਾਸ਼੍ਰਮ--ਗੜ੍ਹਵਾਲ ਦੇ ਇਲਾਕੇ ਵਿਚ)
(ਅਲਕ ਨੰਦਾ ਨਦੀ ਦੇ ਪਛਮੀ ਕੰਢੇ ਉਤੇ)
(ਇਕ ਵੈਸ਼ਨਵ ਮੰਦਿਰ, ਜੋ ਹਿਮਾਲਯ)
(ਦੀ ਧਾਰਾ ਵਿਚ ੧੦੪੦੦ ਫੁਟ ਦੀ)
(ਉਚਾਈ ਪੁਰ ਹੈ. ਇਸਦਾ ਨਾਮ ਬਦਰੀ)
(ਨਾਥ ਅਤੇ ਬਦਰੀ ਨਾਰਾਇਣ ਭੀ ਪ੍ਰਸਿਧ)
(ਹੈ। ਨਰ ਨਾਰਾਇਣ ਅਵਤਾਰ ਦੇ ਤਪ)
(ਕਰਨ ਦਾ ਇਹ ਅਸਥਾਨ ਹੈ, ਪਦਮ ਪੁਰਾਣ)
(ਵਿਚ ਇਸਦੀ ਸਭ ਤੀਰਥਾਂ ਤੋਂ ਵਿਸ਼ਸ਼ਤਾ)
(ਦਸੀ ਹੈ, ਨਾਮ ਦਾ ਕਾਰਣ ਇਹ ਲਿਖਿਆ)
(ਹੈ ਕਿ ਭ੍ਰਿਗੁ ਤੁੰਗ ਨਾਮਕ ਪਹਾੜ ਦੀ)
(ਚੋਟੀ ਪੁਰ ਇਕ ਬਦਰੀ (ਬੇਰੀ) ਦਾ ਦਰ-)
(ਖਤ ਸੀ, ਜਿਸ ਤੋਂ ਬਦਰਿਕਾਸ਼੍ਰਮ ਨਾਮ)
(ਹੋਇਆ ਹੈ।)
(ਨਰਬਦਾ=ਨਰਮਦਾ, ਇਕ ਨਦੀ ਦਾ)
(ਨਾਮ, ਜੋ ਅਮਰ ਕੰਟਕ ਤੋਂ ਨਿਕਲਕੇ)

(ਭੜੌਚ ਪਾਸ ਖੰਭਾਤ ਦੀ ਖਾਡੀ ਵਿਚ)
(ਡਿਗਦੀ ਹੈ, ਇਸਦੀ ਸਾਰੀ ਲੰਬਾਈ)
(੮੦੧ ਮੀਲ ਹੈ, ਇਸ ਵਿਚੋਂ ਸ਼ਿਵਲਿੰਗ)
(ਨਿਕਲਦੇ ਹਨ।)
(ਨੀਲ ਇਕ ਪਹਾੜ ਦਾ ਨਾਮ ਹੈ, ਜੋ)
(ਇਲਾ ਬ੍ਰਤ ਖੰਡ ਵਿਚ ਹੈ ਅਤੇ ਰਮਯਕ)
(ਵਰਜ ਦੀ ਹਦ ਉਤੇ ਹੈ।)

ਗੰਗਾ ਸਰਸ੍ਵਤੀ ਜਮਨਾ, ਗੁਦਾਵਰੀ, ਗਯਾ, ਪ੍ਰਯਾਗ ਰਾਜ, ਸੇਤੁ ਬੰਧ (ਰਾਮਸੂਰ) ਕੁਰਛੇਤ੍ਰ ਤੇ ਮਾਨ ਸਰਵਰ (ਆਦਿਕ ਜੋ ਤੀਰਥ ਹਨ)।

**ਕਾਂਸੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ ਗੋਮਤੀ ਆਵੰਤਿਕ ਕੇਦਾਰ ਹਿਮਧਰ ਹੈ ॥**

ਕਾਂਸੀ, ਕਾਂਤੀ (ਕਾਂਚੀ) ਦੁਆਰਿਕਾ, ਮਾਇਆ ਪੁਰੀ ਮਥਰਾ, ਅਜੁਧਿਆ, ਗੋਮਤੀ, ਆਵੰਤਕਾ, ਕੇਦਾਰ ਨਾਥ, ਹਿਮਧਰ (ਅਰਥਾਤ ਬਰਫ ਨੂੰ ਧਾਰਨ ਵਾਲਾ ਪਹਾੜ ਹਿਮਾਲਯ ਭਾਵ ਬਦਰੀ ਨਾਥ ਜਾਂ ਬਦ੍ਰਿਕਾਸ਼੍ਰਮ)।

**ਨਰਬਦਾ ਬਿਬਿਧ ਬਨ ਦੇਵਾ ਸਥਲ ਕਵਲਾਸ ਨੀਲ ਮੰਦਰਾਚਲ ਸੁਮੇਰ ਗਿਰਵਰ ਹੈ ॥**

ਨਰਬਦਾ ਨਦੀ, ਅਨੇਕਾਂ ਹੀ ਬਨ (ਜੋ ਭਗਵਾਨ ਦੇ ਲੀਲਾ ਸਥਾਨ ਹੋਣ ਕਰ ਕੇ ਤੀਰਥ ਰੂਪ ਹੋ ਚੁਕੇ ਹਨ, ਜੈਸਾ ਕਿ ਬਿੰਦ੍ਰਾਬਨ ਜਾਂ ਨੈਮਿ ਖਾਰੰਨ ਆਦਿਕ ਦੇਵ ਸਥਾਨ, ਕੈਲਾਸ ਪਰਬਤ, ਨੀਲ ਪਰਬਤ, ਮੰਦ੍ਰਾਚਲ ਤੇ ਸੁਮੇਰ ਪਹਾੜ।

**ਤੀਰਥ ਅਰਥ ਸਤ ਧਰਮ ਦਇਆ ਸੰਤੋਖ ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ ॥ ੪੧੬ ॥**

(ਇਸ ਤਰ੍ਹਾਂ ਦੇ) ਤੀਰਥਾਂ (ਦੇ ਸਨਾਨ ਤੇ ਯਾਤਰਾ ਵਗੈਰਾ ਕਰਨ ਕਰਕੇ ਜੋ ਪੁੰਨ ਰੂਪ) (ਅਰਥ) ਮਹਾਤਮ ਹੈ, ਸਤ, ਧਰਮ, ਦਯਾ, ਸੰਤੋਖ (ਆਦਿਕ ਜੋ ਗੁਣ ਹਨ, ਇਹ) ਸਾਰੇ ਹੀ ਸ੍ਰੀ ਗੁਰੂ ਜੀ ਦੇ ਚਰਨਾਂ ਦੀ ਧੂੜੀ ਦੇ ਬਰਾਬਰ ਨਹੀਂ ਹਨ ॥ ੪੧੬ ॥

**ਜੈਸੇ ਕੁਆਰ ਕੰਨਿਆ ਮਿਲਿ ਖੇਲਤਿ ਅਨੇਕ ਸਖੀ ਸਗਲ ਕੋ ਏਕੈ ਦਿਨ ਹੋਤ ਨ ਬਿਵਾਹ ਜੀ ॥**

ਜਿਸ ਤਰ੍ਹਾਂ ਕੁਆਰੀਆਂ ਕੁੜੀਆਂ ਅਨੇਕਾਂ ਹੀ ਸਹੇਲੀਆਂ ਇਕਠੀਆਂ ਹੋ ਕੇ (ਖੇਡਾਂ) ਖੇਡਦੀਆਂ ਹਨ, (ਪਰ ਉਹਨਾਂ) ਸਭਨਾਂ ਦਾ ਇਕੋ ਦਿਨ ਵਿਵਾਹ ਨਹੀਂ ਹੁੰਦਾ ਹੈ।

**ਜੈਸੇ ਬੀਰ ਖੇਤ ਬਿਖੈ ਜਾਤ ਹੈ ਸੁਭਟ ਜੇਤੇ ਸਬੈ ਨ ਮਰਤ ਤੇਤੇ ਸ਼ਸਤ੍ਰਨ ਸਨਾਹ ਜੀ ॥**

ਜਿਸ ਤਰ੍ਹਾਂ (ਬੀਰ ਖੇਤ) ਜੁਧ ਭੂਮੀ ਵਿਚ ਜਿਨੇ ਭੀ ਯੋਧੇ (ਇਕਠੇ ਹੋ ਕੇ) ਜਾਂਦੇ ਹਨ (ਅਤੇ ਸਾਰੇ ਹੀ ਸ਼ਸਤ੍ਰਾਂ ਤੇ ਸੰਜੋਆਂ (ਨਾਲ ਸਜੇ ਹੋਏ ਹੁੰਦੇ ਹਨ, ਪਰ) ਸਾਰੇ ਇਕ ਵੇਰੀ (ਸ਼ਹੀਦ ਹੋ ਕੇ) ਮਰਦੇ ਨਹੀਂ ਹਨ।

**ਬਾਵਨ ਸਮੀਪ ਜੈਸੇ ਬਿਬਿਧ ਬਨਾਸਪਤੀ ਏਕੈ ਬੇਰ ਚੰਦਨ ਕਰਤ ਹੈ ਨ ਤਾਹਿ ਜੀ ॥**

ਜਿਸ ਤਰ੍ਹਾਂ ਬਾਵਨ ਚੰਦਨ ਦੇ ਕੋਲ ਅਨੇਕ ਤਰ੍ਹਾਂ ਦੀ ਬਨਾਸਪਤੀ (ਦੇ ਦਰਖਤ) ਖੜੇ ਹੁੰਦੇ ਹਨ, ਪਰ ਬਾਵਨ ਚੰਦਨ ਉਹਨਾਂ ਸਾਰਿਆਂ ਨੂੰ ਇਕੋ ਵੇਰੀ ਚੰਦਨ ਨਹੀਂ ਬਣਾਉਂਦਾ ਹੈ।

**ਜੈਸੇ ਗੁਰ ਚਰਨ ਸਰਨਿ ਜਾਤੁ ਹੈ ਜਗਤੁ ਜੀਵਨ ਮੁਕਤਿ ਪਦ ਚਾਹਤ ਹੈ ਜਾਹਿ ਜੀ ॥ ੪੧੭ ॥**

ਉਸ ਤਰ੍ਹਾਂ ਹੀ ਜਗਤ ਸ੍ਰੀ ਗੁਰੂ ਜੀ ਦੀ ਚਰਨ ਸ਼ਰਨ ਵਿਚ (ਚਲਕੇ) ਜਾਂਦਾ ਹੈ, ਜਿਨ੍ਹਾਂ ਨੂੰ ਜੀਵਨ ਮੁਕਤੀ ਪਦ (ਪ੍ਰਾਪਤ ਕਰਨ ਦੀ) ਇਛਾ ਹੈ (ਪਰ ਸਭਨਾਂ ਨੂੰ ਇਕੋ ਵੇਰੀ ਮੁਕਤ ਪਦ ਪ੍ਰਾਪਤ ਨਹੀਂ

ਹੁੰਦਾ ਹੈ) ॥ ੪੧੭ ॥

**ਜੈਸੇ ਗੁਆਰ ਗਾਇਨ ਚਰਾਵਤ ਜਤਨ ਬਨ ਖੇਤ ਨ ਪਰਤ ਸਬੈ ਚਰਤ ਅਘਾਇ ਕੈ ॥**

ਜਿਸ ਤਰ੍ਹਾਂ ਗੁਆਲਾ ਬਨ ਵਿਚ ਗਊਆਂ ਚਰ ਉਂਦਾ ਹੈ, ਅਤੇ ਜਤਨ ਕਰਦਾ ਹੈ, (ਜ) ਗਊਆਂ ਕਿਸੇ ਦੇ ਖੇਤ ਵਿਚ ਨਾ ਪੈਣ ਅਤੇ ਚਰਕੇ ਰਜ ਜਾਂਦੀ ਹੈ।

**ਜੈਸੇ ਰਾਜਾ ਧਰਮ ਸਰੂਪ ਰਾਜ ਨੀਤਿ ਬਿਖੈ ਤਾਕੇ ਦੇਸ ਪਰਜਾ ਬਸਤ ਸੁਖ ਪਾਇਕੈ ॥**

ਜਿਸ ਤਰ੍ਹਾਂ ਜੋ ਰਾਜਾ ਰਾਜ ਨੀਤੀ ਦੀ ਮਰਯਾਦਾ ਵਿਚ ਧਰਮ ਸਰੂਪ ਹੁੰਦਾ ਹੈ, ਉਸ ਦੇ ਦੇਸ ਦੀ ਪਰਜਾ ਸੁਖ ਪਾਕ ਵਸਦੀ ਹੈ।

**ਜੈਸੇ ਹੋਤ ਖੇਵਟ ਚੈਤੰਨਿ ਸਾਵ-ਧਾਨ ਜਾਮੈ ਲਾਗੈ ਨਿਰਬਿਘਨ ਬੋਹਿਥ ਪਾਰਿ ਜਾਇਕੈ ॥**

ਜਿਸ ਤਰ੍ਹਾਂ ਜਿਸ ਜਹਾਜ਼ ਵਿਚ ਮਲਾਹ ਸਾਵਧਾਨ ਤੇ ਹੁਸ਼ਿਆਰ ਹੁੰਦਾ ਹੈ, ਉਹ ਜਹਾਜ ਨਿਰਬਿਘਨ ਹੀ ਪਰਲੇ ਕੰਢ ਜਾ ਲਗਦਾ ਹੈ।

**ਤੈਸੇ ਗੁਰ ਉਨਮਨ ਮਗਨ ਬ੍ਰਹਮ ਜੋਤਿ ਜੀਵਨ ਮੁਕਤਿ ਕਰੈ ਸਿਖ ਸਮ-ਝਾਇ ਕੈ ॥ ੪੧੮ ॥**

ਉਸੇ ਤਰ੍ਹਾਂ (ਜੋ) ਬ੍ਰਹਮ ਜੋਤੀ (ਸਰੂਪ) ਗੁਰ ਉਨਮਨ (ਅਵਸਥਾ ਵਿਚ) ਮਗਨ ਹੈ, (ਉਹ) ਸਿਖਯਾ ਸਮਝਾ ਸਮਝਾਕ ਸਿਖਾਂ ਨੂੰ ਜੀਵਨ ਮੁਕਤਿ ਕਰਦਾ ਹੈ। ॥ ੪੧੮ ॥

**ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ ॥**

ਜਿਸ ਤਰ੍ਹਾਂ ਜਖਮੀ ਪੁਰਸ਼ ਦਾ ਇਲਾਜ਼ ਕਰਨ ਨਾਲ ਜਖਮ ਤਾਂ ਰਾਜੀ ਹੋ ਜਾਂਦਾ ਹੈ ਤੇ ਪੀੜ ਭੀ ਮਿਟ ਜਾਂਦੀ ਹੈ, (ਪਰ ਜਖਮ ਦੇ) ਦਾਗ ਦੀ ਲੀਕ ਨਹੀਂ ਮਿਟਦੀ ਹੈ, (ਉਹ) ਦਿਸਦੀ ਹੈ।

**ਜੈਸੇ ਫਾਟੇ ਅੰਬਰੇ ਸੀਆਇ ਪੁਨਿ ਓਢੀਅਤਿ ਨਾਗੋ ਤਉ ਨ ਹੋਇ ਤਊ ਥੇਗਰੀ ਪਰੇਖੀਐ ॥**

ਜਿਸ ਤਰ੍ਹਾਂ ਪਾਟਾ ਹੋਇਆ ਕਪੜਾ ਸੀਵਾਕੇ ਫੇਰ ਪਾ ਲਿਆ ਜਾਂਦਾ ਹੈ, ਜਿਸ ਨਾਲ ਸਰੀਰ ਨੰਗਾ ਤਾਂ ਨਹੀਂ ਹੁੰਦਾ ਹੈ (ਪਰ ਕਪੜੇ ਨੂੰ ਗੰਢ ਦੀ) ਟਾਕੀ ਵਖਰੀ ਹੀ ਦਿਸਦੀ ਰਹਿੰਦੀ ਹੈ।

**ਜੈਸੇ ਟੂਟੇ ਬਾਸਨੁ ਸੁਵਾਰ ਦੇਤ ਹੈ ਠਠੇਰੋ ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ ॥**

ਜਿਸ ਤਰ੍ਹਾਂ ਟੁਟੇ ਹੋਏ ਭਾਂਡੇ ਨੂੰ ਠਠੇਰਾ (ਗੰਢ ਲਾਕੇ) ਸਵਾਰ ਦੇਂਦਾ ਹੈ (ਜਿਸ ਕਰਕੇ ਭਾਂਡੇ ਵਿਚੋਂ) ਪਾਣੀ ਤਾਂ ਨਹੀਂ ਚੋਂਦਾ ਹੈ, ਪਰ ਗੰਢੀਲ ਦੀ ਸ਼ਕਲ ਦਿਸਦੀ ਰਹਿੰਦੀ ਹੈ।

**ਤੈਸੇ ਗੁਰ ਚਰਨਿ ਬਿਮੁਖ ਦੁਖ ਦੇਖਿ ਪੁਨਿ ਸਰਨ ਗਹੇ ਪੁਨੀਤ ਪੈ ਕਲੰਕੁ ਲੇਖ ਲੇਖੀਐ ॥ ੪੧੯ ॥**

ਉਸੇ ਤਰ੍ਹਾਂ (ਜੇਹੜਾ ਕੋਈ) ਗੁਰੂ ਦੇ ਚਰਨਾਂ ਤੋਂ ਬਮੁਖ (ਹੋਕੇ) ਦੁਖ ਦੇਖਕੇ ਫੇਰ (ਗੁਰੂ ਜੀ ਦੀ) (ਸ਼ਰਨਿ) ਓਟ ਆ ਜਾਵੇ ਉਹ ਪਵਿਤ੍ਰ ਤਾਂ ਹੋ ਜਾਂਦਾ ਹੈ, ਪਰ ਕਲੰਕ ਦਾ ਨਿਸ਼ਾਨ ਤਾਂ ਜਾਣਿਆ ਹੀ ਜਾਂਦਾ ਹੈ।

**ਦੇਖਿ ਦੇਖਿ ਦ੍ਰਿਗਨ ਦਰਸ ਮਹਿਮਾ ਨ ਜਾਨੀ ਸੁਨਿ ਸੁਨਿ ਸ਼ਬਦੁ ਮਹਾਤਮ ਨ ਜਾਨਿਓ ਹੈ ॥**

ਅੱਖਾਂ ਨੇ ਦਰਸ਼ਨ ਨੂੰ ਵੇਖ ਵੇਖਕੇ ਭੀ ਮਹਿਮਾ ਨਹੀਂ ਜਾਣੀ ਹੈ ਅਤੇ (ਕੰਨਾਂ ਨੇ) ਸ਼ਬਦ ਨੂੰ ਸੁਣ ਸੁਣ ਕ

ਮਹਾਤਮ ਨਹੀਂ ਜਾਣਿਆਂ ਹੈ।

**ਗਾਇ ਗਾਇ ਗੰਮਿਤਾ ਗੁਨ ਗਨ ਗੁਨਿ ਨਿਧਾਨ ਹਸਿ ਹਸਿ ਪ੍ਰੇਮ ਕੌ ਪ੍ਰਤਾਪੁ ਨ ਪਛਾਨਿਓ ਹੈ ॥**

ਗੁਣ ਦੇ ਨਿਧਾਨ (ਰੂਪ ਗੁਰੂ ਦੇ [ਗਨ] ਸਮੂਹ ਗੁਣਾਂ ਨੂੰ ਗਾਉ ਗਾਉ ਕੇ ਗੰਮਤਾ ਨਹੀਂ (ਪਾਈ ਹੈ) ਅਤੇ ਹਸ ਹਸ ਕੇ (ਸਮਾ ਗੁਜ਼ਾਰ ਦਿਤਾ ਹੈ, ਪਰ) ਪ੍ਰੇਮ ਰਸ ਦੇ ਪ੍ਰਤਾਪ ਨੂੰ ਨਹੀਂ ਜਾਣਿਆਂ ਹੈ।

**ਰੋਇ ਰੋਇ ਬਿਰਹਾ ਬਿਓਗ ਕੋ ਨ ਸੋਗੁ ਜਾਨਿਓ ਮਨ ਗਹਿ ਗਹਿ ਮਨ ਮੁਘਦੁ ਨ ਮਾਨਿਓ ਹੈ ॥**

ਰੋ ਰੋ ਕੇ (ਢਾਹਾਂ ਮਾਰੀਆਂ, ਪਰ ਬਿਰਹ ਦੇ ਵਿਛੋੜੇ ਦੇ ਸੋਗ ਨੂੰ ਨਹੀਂ ਜਾਣਿਆਂ ਹੈ, ਅਤੇ ਮਨ ਨੇ (ਸੰਸਾਰਕ ਪਦਾਰਥਾਂ ਨੂੰ) ਫੜ ਫੜਕੇ (ਉਮਰ ਬਿਤਾ ਲਈ ਹੈ, ਪਰ) ਮੂਰਖ ਮਨ (ਨੇ ਭਾਣੇ ਨੂੰ) ਨਹੀਂ ਮੰਨਿਆ ਹੈ।

**ਲੋਗ ਬੇਦ ਗਿਆਨ ਉਨਮਾਨਿ ਕੈ ਨ ਜਾਨਿ ਸਕਿਓ ਜਨਮ ਜੀਵਨ ਧ੍ਰਿਗੁ ਬਿਮੁਖ ਬਿਹਾਨਿਓ ਹੈ ॥ ੪੨੦ ॥**

ਲੋਗਾਂ ਦਾ ਗਿਆਨ ਤੇ ਵੇਦਾਂ ਦੇ ਗਿਆਨ ਦੀ ਵੀਚਾਰ ਕਰਕੇ ਭੀ ਗਿਆਨ ਨੂੰ ਜਾਣ ਨਹੀਂ ਸਕਿਆ ਹੈ (ਉਸਦੇ) ਜਨਮ ਤੇ ਜੀਵਨ ਨੂੰ ਧ੍ਰਿਗ ਹੈ, (ਜਿਸਨੇ ਗੁਰੂ ਤੋਂ) ਬੇਮੁਖਤਾਈ ਵਿਚ ਸਮਾ ਗੁਜ਼ਾਰ ਦਿਤਾ ਹੈ ॥੪੨੦॥

**ਕੋਟਿਨ ਕੋਟਾਨਿ ਮਨਿ ਕੋ ਚਮਤਕਾਰ ਵਾਰਉ ਸਸੀਅਰ ਸੂਰ ਕੋਟਿ ਕੋਟਿਨ ਪ੍ਰਗਾਸ ਜੀ ॥**

ਕ੍ਰੋੜਾਂ ਕ੍ਰੋੜਾਂ ਮਣੀਆਂ ਦੇ ਚਮਤਕਾਰ ਨੂੰ ਵਾਰਨੇ ਕਰਦਾ ਹਾਂ ਅਤੇ ਕ੍ਰੋੜਾਂ ਕ੍ਰੋੜ ਚੰਦ੍ਰਮਾਂ ਤੇ ਕ੍ਰੋੜਾਂ ਕ੍ਰੋੜ ਸੂਰਜਾਂ ਦੇ ਪ੍ਰਕਾਸ਼ [ਚਾਨਣ] ਨੂੰ ਵਾਰਨੇ ਕਰਦਾ ਹਾਂ।

**ਕੋਟਿਨ ਕੋਟਾਨਿ ਭਾਗਿ ਪੂਰਨ ਪ੍ਰਤਾਪ ਛਬਿ ਜਗਿ ਮਗਿ ਜੋਤਿ ਹੈ ਸੁਜਸ ਨਿਵਾਸ ਜੀ ॥**

ਕ੍ਰੋੜਾਂ ਕ੍ਰੋੜ ਪੂਰਨ ਭਾਗਾਂ ਦੇ ਪ੍ਰਤਾਪ ਦੀ ਛਬੀ [ਸੁੰਦ੍ਰਤਾ], ਅਤੇ ਕ੍ਰੋੜਾਂ ਕ੍ਰੋੜ (ਚੇਹਰੇ ਉਪਰਲੀਉਹ) ਜਗਮਗ ੨ ਕਰਨ ਵਾਲੀ ਜੋਤੀ, (ਜਿਸ ਵਿਚ) ਸੁਜਸ ਦਾ ਨਿਵਾਸ ਹੈ (ਉਸਤੋਂ ਸਦਕੇ ਕਰਦਾ ਹਾਂ)

**ਸਿਵ ਸਨਕਾਦਿਕ ਬ੍ਰਹਮਾਦਿਕ ਮਨੋਰਥ ਕੈ ਤੀਰਥ ਕੋਟਾਨਿ ਕੋਟਿ ਬਾਂਛਤ ਹੈ ਤਾਸ ਜੀ ॥**

(ਕ੍ਰੋੜਾਂ ਕ੍ਰੋੜ) ਸ਼ਿਵਜੀ) (ਵਰਗੇ ਧਿਆਨੀ) ਸਨਕ ਵਰਗੇ (ਬਾਲ ਜਤੀ ਮਹਾਤਮਾ, ਤੇ) ਬ੍ਰਹਮਾ (ਵਰਗੇ ਗਿਆਨੀ ਉਸ ਨੂੰ) [ਮਨੋਰਥ ਕੈ] ਲੋਚਨਾ [ਇਛਾ] ਕਰਦੇ ਹਨ, ਅਤੇ ਕ੍ਰੋੜਾਂ ਕ੍ਰੋੜ ਤੀਰਥਾਂ (ਦਾ ਮਹਾਤਮ ਭੀ) ਉਸ ਨੂੰ ਚਾਹੁੰਦਾ ਹੈ।

**ਮਸਤਕਿ ਦਰਸ਼ਨ ਸੋਭਾ ਕੋ ਮਹਾਤਮ ਅਗਾਧਿ ਬੋਧਿ ਸ੍ਰੀ ਗੁਰ ਚਰਨ ਰਜ ਮਾਤ੍ਰ ਲਾਗੈ ਜਾਸ ਜੀ ॥ ੪੨੧ ॥**

(ਉਸ ਦੇ) ਮਥੇ ਦੇ ਦਰਸ਼ਨ ਦੀ ਸ਼ੋਭਾ ਦੇ ਮਹਾਤਮ ਦਾ [ਬੋਧ] ਜਾਣਨਾ ਅਗਾਧ ਹੈ, ਜਿਸਦੇ (ਮਥੇ ਉਤੇ ਕੇਵਲ ਸ੍ਰੀ ਗੁਰੂ ਜੀ ਦੇ ਚਰਨਾਂ ਦੀ ਧੂੜੀ ਲਗੀ ਹੈ ॥੪੨੧॥

**ਸ੍ਵੈਯਾ-ਖਗ ਮ੍ਰਿਗ ਮੀਨ ਪਤੰਗ ਚਰਾਚਰ ਜੋਨਿ ਅਨੇਕ ਬਿਖੈ ਭ੍ਰਮਿ ਆਇਓ ॥**

(ਇਹ ਜੀਵ) ਪੰਛੀ, ਹਰਨ-ਪਸ਼ੂ ਮਛੀ, ਪਤੰਗਾ [ਕੀੜੇ] (ਆਦਿਕ) [ਚਰ+ਅਚਰ] ਜੜ ਤੇ ਚੈਤੰਨ ਅਨੇਕਾਂ ਜੂਨਾ ਵਿਚ ਭੌਂਦਾ ਆਇਆ ਹੈ।

**ਸੁਨਿ ਸੁਨਿ ਪਾਇ ਰਸਾਤਲ**

**ਭੂਤਲ ਦੇਵਪੁਰੀ ਪ੍ਰਿਤ ਲਉ ਬਹੁ ਧਾਇਓ ॥**

[ਸੁਨਿ] ਕੰਨਾਂ (ਨਾਲ ਇਹ ਗੱਲਾਂ) ਸੁਣ ਪਾਈਆਂ ਹਨ, (ਕਿ) [ਰਸਾਤਲਿ] ਪਤਾਲ ਲੋਕ [ਭੂਤਲ] ਮਾਤਲੋਕ [ਇਹ ਜਗਤ]ਤੇ [ਦੇਵ ਪੁਰੀ] ਸੁਰਗ ਲੋਕ ਨੂੰ (ਇਹ ਜੀਵ) ਬਹੁਤ (ਜਨਮਾਂ)ਤਕ ਭਜਦਾ ਹੀ ਰਿਹਾ ਹੈ।

**ਜੋਗ ਹੂ ਭੋਗ ਦੁਖਾਦਿ ਸੁਖਾ- ਦਿਕ ਧਰਮ ਅਧਰਮ ਸੁਕਰਮ ਕਮਾਇਓ ॥**

(ਕਦੇ ਤਾਂ) ਜੋਗ ਨੂੰ (ਸਾਧਕੇ) ਸੁਖ ਆਦਿਕ (ਅਤੇ ਕਦੇ) ਭੋਗਾਂ (ਨੂੰ ਭੋਗਨ ਕਰਕੇ)ਦੁਖਆਦਿਕ (ਜੇਹਾ ਜੇਹਾ) ਧਰਮ ਰੂਪ ਸੁਕਰਮ ਤੇ ਅਧਰਮ (ਜਨਕ ਬੁਰਾ ਕਰਮ) ਕਮਾਇਆ ਹੈ।

**ਹਾਰਿ ਪਰਿਓ ਸਰਨਾਗਤਿ ਆਇ ਗੁਰੂ ਮੁਖਿ ਦੇਖਿ ਗਰੂ ਸੁਖ ਪਾਇਓ ॥ ੪੨੨ ॥**

(ਹੁਣ) ਹਾਰ ਪਿਆ [ਥਕ ਗਿਆ] ਹਾਂ, (ਸ੍ਰੀ ਗੁਰੂ ਜੀ) ਸਰਨਾਗਤ ਆਇਆ ਹਾਂ ਅਤੇ ਗੁਰੂ ਜੀ ਦੇ ਮੁਖ ਨੂੰ ਦੇਖਕੇ [ਗੁਰੂ] ਮਹਾਨ-ਬਹੁਤ ਵਡਾ ਸੁਖ ਪਾਇਆ ਹੈ ॥੪੨੨॥

**ਚਾਹਿ ਚਾਹਿ ਚੰਦ੍ਰ ਮੁਖ ਚਾਇਕੈ ਚਕੋਰ ਚਖਿ ਅੰਮ੍ਰਿਤ ਕਿਰਨਿ ਅਚਵਤ ਨ ਅਘਾਨੇ ਹੈ ॥**

(ਜਿਸ ਤਰ੍ਹਾਂ ਚਾਇ [ਉਤਸ਼ਾਹ]ਕਰਕੇ ਤੇ ਚਾਹ ਚਾਹ ਕੇ ਚਕੋਰ [ਚਖਿ] ਨੈਣ ਚੰਦ੍ਰਮਾਂ ਦੇ ਮੂੰਹ ਨੂੰ ਵਖਕੇ (ਤੇ ਉਸਦੀ) ਅੰਮ੍ਰਿਤ ਰੂਪ ਕਿਰਣਾ ਨੂੰ ਪੀਂਦੇ ਹੋਏ ਰਜਦੇ ਨਹੀਂ ਹਨ।

**ਸੁਨਿ ਸੁਨਿ ਅਨਹਦ ਸ਼ਬਦ ਸ੍ਰਵਨ ਮ੍ਰਿਗ ਆਨੰਦ ਉਦੋਤ ਕਰਿ ਸ਼ਾਂਤਿ ਨ ਸਮਾਨੇ ਹੈ ॥**

(ਜਿਸ ਤਰਾਂ) ਹਰਨ ਦੇ ਕੰਨ [ਅਨਹਦ] ਇਕ ਰਸ ਲਗਾਤਾਰ (ਘੰਡੇਹੇੜੇ ਦੇ) ਸ਼ਬਦ ਨੂੰ ਸੁਣਕੇ, (ਮਨ ਵਿਚ) ਅਨੰਦ ਨੂੰ [ਉਦੋਤ=ਪ੍ਰਗਟ] ਪ੍ਰਾਪਤ ਕਰਕੇ ਸ਼ਾਂਤੀ ਵਿਚ ਨਹੀਂ ਸਮਾਏ ਹਨ।

**ਰਸਿਕ ਰਸਾਲ ਜਸੁ ਜੰਪਤ ਬਾਸੁਰ ਨਿਸ ਚਾਤ੍ਰਿਕ ਜੁਗਤਿ ਜਿਹਬਾ ਨ ਤ੍ਰਿਪਤਾਨੇ ਹੈ ॥**

(ਉਸੇ ਤਰਾਂ) [ਚਾਤ੍ਰਿਕ ਜੁਗਤਿ] ਪਪੀਹੇ ਵਾਂਗੂ (ਨਿਸ ਬਾਸਰ) ਰਾਤ ਦਿਨ ਪ੍ਰੇਮੀ ਹੋ ਕੇ ਰਸਾਂ ਦੇ ਘਰ ਰੂਪ (ਗੁਰੂ ਜੀ ਦੇ) ਜਸ ਨੂੰ ਜਪਦਿਆਂ ਜਪ- ਦਿਆਂ ਜੀਭ ਨਹੀਂ ਰਜਦੀ ਹੈ।

**ਦੇਖਤ ਸੁਨਤ ਅਰੁ ਗਾਵਤ ਪਾਵਤ ਸੁਖ ਪ੍ਰੇਮ ਰਸ ਬਸ ਮਨ ਮਗਨ ਹਿਰਾਨੇ ਹੈ ॥੪੨੩॥**

(ਗੁਰ ਦਰਸ਼ਨ ਨੂੰ (ਵੇਖਦਿਆਂ ਅਤੇ (ਗੁਰ ਸ਼ਬਦ ਨੂੰ) ਗਾਉਂਦਿਆਂ ਤੇ ਸੁਣਦਿਆਂ ਹੋਯਾਂ(ਸਿਖ ਦਾ ਮਨ) ਸੁਖ ਪਾਂਦਾ ਹੈ ਅਤੇ ਪ੍ਰੇਮ ਰਸ ਦੇ ਵਸ ਹੋ ਕੇ ਮਨ ਮਸਤ ਤੇ ਹੈਰਾਨ ਹੋ ਰਿਹਾ ਹੈ ॥੪੨੩॥

**ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ ॥**

ਜਿਸ ਤਰਾਂ ਪਾਨੀ ਵਿਚ ਵਸਣ ਦੀ ਰੁਚੀ ਮਛੀ ਦੀ ਨਹੀਂ ਘਟਦੀ ਹੈ ਅਤੇ ਦੀਵੇ ਦਾ ਪ੍ਰਕਾਸ਼ਵੇਖਣ ਦੀ ਪ੍ਰੀਤੀ ਪਤੰਗੇ ਦੀ ਨਹੀਂ ਘਟਦੀ ਹੈ।

**ਕੁਸਮ ਸੁਬਾਸ ਜੈਸੇ ਤ੍ਰਿਪਤਿ ਨ ਮਧੁਪ ਕਉ ਉਡਤ ਅਕਾਸ ਆਸ ਘਟੈ ਨ ਬਿਹੰਗ ਕੀ ॥**

ਜਿਸ ਤਰਾਂ ਫੁਲਾਂ ਦੀ ਵਾਸ਼ਨਾਂ ਤੋਂ ਭੌਰੇ ਹੈ ਤ੍ਰਿਪਤੀ ਨਹੀਂ ਹੁੰਦੀ ਹੈ, ਅਤੇ ਅਕਾਸ਼ ਵਿਚ ਉਡਨ

ਦੀ ਆਸਾ ਪੰਛੀ(ਦੇ ਮਨ ਵਿਚੋਂ)ਨਹੀਂ ਘਟਦੀ ਹੈ।

**ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ ॥**

(ਜਿਸ ਤਰਾਂ) ਕਾਲੇ ਬਦਲਾ ਦੇ ਗਰਜਨ ਦੀ ਅਵਾਜ਼ ਨਾਲ ਮੋਰ ਤੇ ਪਪੀਹੇ ਦੇ ਹਿਰਦ ਵਿਚ [ਉਲਾਸ] ਖੁਸ਼ੀ ਪੈਦਾ ਹੁੰਦੀ ਹੈ ਅਤੇ [ਬਾਦ] ਘੰਡੇ ਹੇੜ ਦੇ ਸ਼ਬਦ ਨੂੰ ਸੁਣਨ ਦੀ ਪ੍ਰੀਤੀ ਹਰਨ ਦੀ ਨਹੀਂ ਘਟਦੀ ਹੈ।

**ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ ॥੪੨੪॥**

ਇਸੇ ਤਰਾਂ ਹੀ [ਰਸਾਲੁ] ਰਸਾਂ ਦੇ ਘਰ ਰੂਪ ਪ੍ਰਭੂ ਪਿਆਰੇ ਦੇ ਪ੍ਰੇਮ ਰਸ ਦੇ ਰਸੀਏ ਸੰਤਾਂ (ਜਨਾਂ) ਦੀ ਇਛਾ ਨਹੀਂ ਘਟਦੀ ਹੈ, (ਜੋ ਕਿ) ਅੰਗ ਅੰਗ ਦੀ ਪ੍ਰਬਲ (ਹੋ ਰਹੀ ਹੈ) ॥੪੨੪॥

**ਸਲਿਲ ਸੁਭਾਵ ਦੇਖੋ ਬੋਰਤ ਨ ਕਾਸਟਹਿ ਲਾਜ ਗਹੈ ਕਹੈ ਅਪਨੋ ਈ ਪ੍ਰਤਿਪਾਰਿਓ ਹੈ ॥**

ਵੇਖੋ, ਪਾਨੀ ਦੇ ਸੁਭਾਵ ਨੂੰ ਜੋ ਕਾਠ ਨੂੰ ਡੋਬਦਾ ਨਹੀਂ ਹੈ, ਅਤੇ (ਪਾਲਨ ਦੀ) ਲਾਜ ਧਾਰੀ ਹੋਈ ਹੈ, ਅਤੇ ਕਹਿੰਦਾ ਹੈ (ਕਿ ਇਹ ਕਾਠ ਮੇਰਾ) ਆਪਣਾ ਹੀ ਪਾਲਿਆ ਹੋਇਆ ਹੈ।

**ਜੁਗਵਤ ਕਾਸਟਿ ਰਿਦੰਤਰਿ ਬੈਸੰਤਰਹਿ ਬੈਸੰਤਰਿ ਅੰਤਰਿ ਲੈ ਕਾਸਟਿ ਪ੍ਰਜਾਰਿਓ ਹੈ ॥**

(ਹੋਰ ਵੇਖੋ !, ਕਾਠ ਭੀ ਆਪਣੇ ਦਿਲਵਿਚਅਗ ਦੀ [ਜੁਗਵਤ] ਸੰਭਾਲ ਕਰਦਾ ਹੈ, ਅਤੇ ਮਨ ਵਿਚ ਸੋਚਦਾ ਹੈ ਜੋ ਮੇਰ ਪਾਲਕ ਨੂੰ ਅਗ ਹੀ ਪੈਦਾ ਕਰਦੀ ਹੈ, ਪਰ)ਅਗ ਨੇ ਕਾਠ ਨੂੰ (ਆਪਣੇ)ਅੰਦਰ ਲੈਂਦਿਆ (ਸਾਰ ਹੀ) ਸਾੜ ਸੁਟਿਆ ਹੈ।

**ਅਗਰਹਿ ਜਲ ਬੋਰ ਕਾਢੈ ਬਾਢੈ ਮੋਲ ਤਾਕੋ ਪਾਵਕ ਪ੍ਰਦਗਧ ਕੈ ਅਧਿਕ ਅਉਟਾਰਿਓ ਹੈ ॥**

ਅਗਰ (ਨਾਮ ਵਾਲੇ ਕਾਠ) ਨੂੰ ਪਾਨੀ (ਆਪ ਜਾਣ ਬਝਕੇ) ਡੋਬਦਾ ਹੈ, (ਕਿਉਂਕਿ ਡੁਬਣ ਨਾਲ ਹੀ) ਉਸ ਦਾ ਮੁਲ ਨਿਕਲਦਾ ਹੈ (ਅਤੇ ਫਿਰ) ਅਗ ਨਾਲ [ਦਗਧ ਕੈ] ਸੜ ਕਰਕੇ ਬਹੁਤਾ ਹੀ [ਅਉਟਾਰਿਓ] ਕਾੜਿਆ ਜਾਂਦਾ ਹੈ।

**ਤਊ ਤਾਕੋ ਰੁਧਰਿ ਚੁਇ ਚੋਆ ਹੋਇ ਸਲਿਲ ਮਿਲ ਅਉਗਨਹਿ ਗੁਨ ਮਾਨੈ ਬਿਰਦੁ ਬੀਚਾਰਿਓ ਹੈ ॥੪੨੫॥**

ਤਦ ਉਸਦਾ ਲਹੂ ਚੋਂਦਾ ਹੈ, (ਜੋ) ਪਾਨੀ ਨਾਲ ਮਿਲਕੇ ਅਤਰ ਹੋ ਜਾਂਦਾ ਹੈ (ਪਾਨੀ) ਅਗ ਦੇ ਗੁਣ ਨੂੰ ਮੰਨਦਾ ਹੈ, (ਔਗੁਣ ਨੂੰ ਨਹੀਂ ਵੇਖਦਾ ਕਿਉਂਕਿ ਪਾਨੀ ਨੇ ਆਪਣ) ਬਿਰਦ ਨੂੰ ਵੀਚਾ-ਰਿਆ ਹੈ ॥੪੨੫॥

**ਸਲਿਲ ਸੁਭਾਵ ਜੈਸੇ ਨਿਵਨ ਗਵਨ ਗੁਨ ਸੀਚੀਅਤ ਉਪਬਨ ਬਿਰਵਾ ਲਗਾਇ ਕੈ ॥**

(ਜਿਸ ਤਰਾਂ ਪਾਨੀ ਦਾ ਨੀਵੇਂ ਪਾਸੇ ਵਲ ਚਲਨ ਦਾ ਸੁਭਾਵ [ਗੁਨ] ਵੀਚਾਰੀਦਾ ਹੈ ਅਤੇ [ਉਪਬਨ] ਬਾਗ ਲਗਾਕੇ (ਉਸ ਨੂੰ ਪਾਨੀ ਨਾਲ) ਸਿੰਜ ਦੇਈਦਾ ਹੈ।

**ਜਲਿ ਮਿਲਿ ਬਿਰਖਹਿ ਕਰਤ ਉਰਧ ਤਪ ਸਾਖਾ ਨਏ ਸਫਲ ਹੁਇ ਝੁਕ ਰਹੈ ਆਇਕੈ ॥**

ਪਾਨੀ ਦੇ ਮਿਲਿਆਂ ਬਿਰਖ ਭੀ ਉਲਟਾ (ਖੜਾ ਹੋਕੇ) ਤਪ ਕਰਦਾ ਹੈ (ਤਾਂ ਉਸਦੀਆਂ) ਨਵੀਆਂ ਸ਼ਾਖਾਂ (ਫੁਟਦੀਆਂ ਹਨ ਤਦ)ਫਲਾਂ ਸਹਿਤ ਹੁੰਦਾਹੈ (ਤਾਂ ਫਿਰ)ਝੁਕਾਉ ਵਿਚ ਆ ਰਹਿੰਦਾ ਹੈ(ਅਰਥਾਤ ਜਦ ਦਰਖਤ ਨੂੰ ਫਲ ਲਗਦੇ ਹਨ ਤਾਂ ਉਸ ਵਿਚ

ਝੁਕਾਉ [ਨੀਵਾਂ ਹੋ ਜਾਣਾ] ਆ ਜਾਂਦਾ ਹੈ)।

**ਪਾਹਨ ਹਨਤ ਫਲ ਦਾਈ ਕਾਟੇ ਹੋਇ ਨਉਕਾ ਲੋਸਟਿ ਕੈ ਛੇਦੇ ਭੇਦੇ ਬੰਧਨ ਬੰਧਾਇਕੈ ॥**

(ਉਸ ਨੂੰ (ਕੋਈ) ਪਥਰ ਮਾਰਦਾ ਹੈ (ਤਾਂ ਇਹ ਉਸ ਨੂੰ)ਫਲ ਦੇਂਦਾ ਹੈ, (ਦਰਖਤ ਨੂੰ) ਕਟ ਦਿਓ ਤਾਂ ਬੇੜੀ ਹੋ ਜਾਂਦਾ ਹੈ, (ਜੋ) ਲੋਹੇ ਦ ਕਿਲਾਂ ਕਰ ਕੇ ਛੇਕ ਛੇਕ ਹੁੰਦਾ ਹੈ, ਵਿੰਨਿਆ ਜਾਂਦਾ ਹੈ ਅਤੇ ਬਧਨਾਂ ਵਿਚ ਬਨਿਆਂ ਜਾਂਦਾ ਹੈ।

**ਪ੍ਰਬਲ ਪ੍ਰਵਾਹ ਸੁਤ ਸਤ੍ਰ ਗਹਿ ਪਾਰਿ ਪਰੈ ਸਤਿਗੁਰ ਸਿਖ ਦੋਖੀ ਤਾਰੇ ਸਮਝਾਇਕੈ ॥੪੨੬॥**

ਬੜੇ ਤੇਜ ਪ੍ਰਵਾਹ ਤੋਂ ਪੁਤਰ ਦੇ ਵੈਰੀਨੂੰ ਫੜਕੇ ਪਾਰਲੇ (ਕੰਢੇ ਤੇ) ਪਹੁੰਚਾ ਦੇਂਦਾ ਹੈ, (ਇਸਤਰਾਂ) ਸਤਿਗੁਰੂ(ਆਪਣੇ)ਸਿਖ ਦੇ ਦੋਖੀ ਨੂੰ ਭੀ[ਸਸਝਾਇ ਕੈ] ਜਾਣ ਬੁਣਕੇ ਤਾਰਦਾ ਹੈ ॥੪੨੬॥

ਭਾਵ–ਪਾਣੀ ਦਾ ਪੁਤਰ ਕਾਠ ਹੈ ਤੇ ਕਾਠ ਦਾ ਵੈਰੀ ਤਰਖਾਨ ਹੈ, ਉਹ ਤਰਖਾਨ ਬੇੜੇਉਤੇ ਸਵਾਰ ਹੋਕੇ ਲੋਹੇ ਦੇ ਔਜ਼ਾਰ ਉਸਦੇ ਕੋਲ ਹੁੰਦੇ ਹਨ, ਇਹ ਔਜ਼ਾਰ ਭੀ ਕਾਠ ਦੇ ਵੈਰੀ ਹਨ,ਫਿਰ ਅਗਭੀ ਉਸ ਦ ਕੋਲ ਬਲ ਰਹੀ ਹੈ ਜੋ ਆਮ ਕਰਕੇ ਮਲਾਹਲੋਕ ਹੁਕਾ ਵਗੈਰਾ ਪੀਣ ਕਰਕੇ ਬਾਲਦੇ ਹਨ, ਤੇ ਉਹ ਅਗ ਦੀ ਕਾਠ ਦੀ ਦੁਸ਼ਮਨ ਹੈ, ਇਹ ਤਿੰਨੇ ਚਾਰੇ ਕਾਠ ਦੇ ਦੁਸ਼ਮਨ ਹਨ, ਇਉਂ ਇਹ ਸਾਰੇ ਹੀ ਪਾਨੀ ਦੇ ਪੁਤਰ ਦੇ ਵੈਰੀ ਹਨ,ਪਰ ਪਾਣੀ ਨੇ ਉਨ੍ਹਾਂ ਸਾਰਿਆਂ ਨੂੰ ਦਰਿਆ ਤੋਂ ਪਾਰ ਲੰਘਾ ਦਿਤਾ ਹੈ ਪੁਤਰਦਾ ਵੈਰ ਨਹੀਂ ਲਿਆ,ਕਿਉਂ ਤਾਰਿਆ?ਇਸ ਲਈ ਕਿ ਮੇਰੇ ਪੁਤਰ ਦੀ ਸਰਣ ਵਿਚ ਆਏ ਹਨ, ਇਵੇਂ ਹੀ ਗੁਰੂ ਜਾਣ ਬੁਝਕੇ ਹੀ ਸਿਖਾਂ ਦੇ ਵੈਰੀਆਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਦੇ ਹਨ,

**ਗੁਰ ਉਪਦੇਸ਼ ਪਰਵੇਸ ਕਰਿ ਭੈ ਭਵਨ ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈ ॥**

(ਜਿਨ੍ਹਾਂ ਨੇ)ਗੁਰ ਉਪਦੇਸ਼ ਵਿਚ ਪ੍ਰਵੇਸ਼ ਕੀਤਾ ਹੈ, (ਉਹ) ਡਰ ਦੇ ਘਰ, ਸਰਧਾ, ਭਗਤੀ ਤੇ ਪ੍ਰੇਮ ਨਾਲ ਚਾਉ ਕਰਕੇ ਚਾਹ ਵਾਲੇ ਹੋ ਰਹੇ ਹਨ।

**ਸੰਗਮ ਸੰਜੋਗ ਭੋਗੁ ਸਹਜਿਸਮਾਧਿ ਸਾਧਿ ਪ੍ਰੇਮ ਰਸ ਅੰਮ੍ਰਿਤ ਕੈ ਰਸਿਕ ਰਸੀਲੇ ਹੈ ॥**

ਮਿਲਾਪ ਦੇ [ਸੰਜੋਗ] ਸਮੇਂ ਨੂੰ ਭੋਗਦੇ ਹਨ, ਸਹਜ ਸਮਾਧੀ ਨੂੰ ਸਾਧਦੇ ਹਨ, ਅਤ ਪਰੇਮ ਰਸ ਅੰਮ੍ਰਿਤ ਕਰਕੇ ਰਸਕ ਰਸੀਲੇ ਹਨ।

**ਬ੍ਰਹਮ ਬਿਬੇਕ ਟੇਕ ਏਕ ਅਉ ਅਨੇਕ ਲਿਵ ਬਿਮਲ ਬੈਰਾਗਿ ਫਬਿ ਛਬਿ ਕੈ ਛਬੀਲੇ ਹੈ ॥**

ਬ੍ਰਹਮ ਵਿਚਾਰ ਦੀ ਓਟ, (ਜੋ)ਇਕ ਤੋਂ ਅਨੇਕ ਰੂਪ ਅਤੇ ਅਨੇਕ ਤੋਂ ਇਕ ਰੂਪ ਦੀ ਲਿਵ ਹੈ, ਨਿਰਮਲ ਵੈਰਾਗ ਕਰਕੇ ਫਬਦੇ ਹਨਅਤੇ ਸੁੰਦਰਤਾ ਕਰਕੇ ਸੁੰਦਰ ਹੋ ਰਹੇ ਹਨ।

**ਪਰਮਦਭੁਤਗਤਿ ਅਤਿ ਅਸਚਰਜ ਮੈ ਬਿਸਮ ਬਿਦੇਹ ਉਨਮਨ ਉਨਮੀਲੇ ਹੈ ॥੪੨੭॥**

ਪਰਮ ਅਦਭੁਤ ਗਤੀ ਹੈ, ਵਡਾ ਹੀ ਅਚਰਜ ਹੈ, ਅਚਰਜ ਤੇ ਦੇਹ ਤੋਂ ਰਹਿਤ ਹੋਕੇ [ਉਨਮਨ] ਤੁਰੀਆ ਪਦ ਦੀ ਅਨੰਦ ਮਗਨਾਵਸਥਾ ਵਿਚ [ਉਨਮੀਲਤ] ਮਸਤ ਹੋ ਰਹੇ ਹਨ ॥੪੨੭॥

**ਜਉ ਲਉ ਕਰਿ ਕਾਮਨਾ ਕਾਮਾਰਥੀ ਕਰਮ ਕੀਨੇ ਪੂਰਨ ਮਨੋਰਥ ਭਇਓ ਨ ਕਾਹੂ ਕਾਮ ਕੋ ॥**

ਜਿੰਨਾਂ ਚਿਰ ਕਾਮਨਾ ਕਰਕੇ ਕਾਮਨਾਦੀ ਪੂਰਤੀ ਵਾਸਤੇ ਕਰਮ ਕੀਤੇ ਸਨ,(ਤਦ ਤਕ)ਕਿਸੇਵੀ ਕੰਮ ਦਾ ਮਨੋਰਥ [ਸੰਕਲਪ] ਪੂਰਾ ਨਹੀਂ ਹੋਇਆ ਹੈ।

**ਜਉ ਲਉ ਕਰਿ ਆਸਾ ਆਸਵੰਤ ਹੁਇ ਆਸਰੋ ਗਹਿਓ ਬਹਿਓ ਫਿਰਿਓ ਠੌਰ ਠੌਰ ਪਾਯੋ ਨ ਬਿਸ੍ਰਾਮ ਕੋ ॥**

ਜਿੰਨਾ ਚਿਰ ਆਸਾ ਵੰਤ ਹੋਕੇ, ਆਸਾ ਕਰਕੇ (ਲੋਕਾਂ ਦੇ) ਆਸਰੇ ਹੋਇਆ (ਰਿਹਾ ਹਾਂ, ਓਨਾਂ ਚਿਰ) ਜਗਾਂ ਜਗ੍ਹਾਂ ਤੇ ਰੁੜਦਾ ਫਿਰਿਆਂ ਹਾਂ (ਤੇ ਕਿਤੇ ਭੀ) ਬਿਸ੍ਰਾਮ ਨਹੀਂ ਪਾਇਆ ਹੈ ।

**ਜਉ ਲਉ ਕਰਿ ਮਮਤਾ ਮਮਤ ਮੂੰੜ ਬੋਝ ਲੀਨੋ ਦੀਨੋ ਡੰਡ ਖੰਡ ਖੰਡ ਖੇਦ ਠਾਮ ਠਾਮ ਕੋ ॥**

ਜਿੰਨਾਂ ਚਿਰ ਮਮਤਾ ਕਰਕੇ ਮਮਤ੍ਵ ਦਾ ਭਾਰ ਸਿਰ ਉਤੇ ਚੁਕ ਲਿਆ ਸੀ, (ਉਨ੍ਹਾਂ ਚਿਰ) ਡੰਡ [ਜੁਰਮਾਨੇ] ਦੇਂਦਾ ਰਿਹਾ ਹਾਂ, ਚੂਰ ਚੂਰ ਹੋਕੇ ਜਗ੍ਹਾਂ ਜਗ੍ਹਾਂ ਉਤੇ ਦੁਖ (ਭੋਗਦਾ ਰਿਹਾ ਹਾਂ ।)

**ਗੁਰ ਉਪਦੇਸ਼ ਨਿਹਕਾਮ ਅਉ ਨਿਰਾਸ ਭਏ ਨਿਮ੍ਰਤਾ ਸਹਜ ਸੁਖ ਨਿਜ ਪਦ ਨਾਮ ਕੋ ॥੪੨੮॥**

(ਪਰਜਦੋਂ ਹੀ) ਗੁਰ ਉਪਦੇਸ਼ ਕਰਕੇ ਕਾਮ ਤੋਂ ਰਹਿਤ, ਅਤੇ (ਆਸਾ ਤੋਂ) ਨਿਰ ਸ ਹੋਇਆ ਹਾਂ, (ਤਦ ਤਾਂ ਹੀ) ਨਿਮ੍ਰਤਾ (ਨੂੰ ਧਾਰਨ ਕਰਕੇ) ਸਹਜ ਸੁਖ ਨਾਮ ਦੇ ਨਿਜ ਪਦ ਨੂੰ (ਪਾ ਲਿਆ ਹੈ) ॥੪੨੮॥

ਭਾਵ—ਜਬ ਲਗ ਮੇਰੀ ਮੇਰੀ ਕਰੈ ॥
ਤਬ ਲਗ ਕ ਜ ਏਕ ਨਹੀਂ ਸਰੈ ॥
ਜਬ ਮੇਰੀ ਮੇਰੀ ਮਿਟ ਜਾਇ ॥
ਤਬ ਪ੍ਰਭੁ ਕਾਜ ਸਵਾਰੈ ਆਇ ॥

ਇਸੇ ਮਹਾਂ ਵਾਕ ਦਾ ਸਿਧਾਂਤ ਪ੍ਰਗਟ ਕੀਤਾ ਹੈ, ਕਿ ਜਿੰਨਾ ਚਿਰ ਸੰਸਾਰਕ ਪਦਾਰਤਾਂਦੀਇਛਾ ਨਾਲ ਪਦਾਰਥਾਂ ਦੀ ਪ੍ਰਾਪਤੀ ਦੇ ਕਰਮ ਕਰਦਾ ਰਿਹਾ ਹਾਂ, ਓਨਾ ਚਿਰ ਪਦਾਰਥਾਂ ਮਗਰ ਧਕੇ ਹੀ ਖਾਧੇ ਹਨ, ਏਹ ਦੁਖ ਕਲੇਸ਼ ਉਠਾਇਆ ਹੈ, ਪਰ ਜਦ ਤੋਂ ਉਨ੍ਹਾਂ ਦਾ ਤਿਆਗ ਕਰਕੇ, ਗੁਰ ਉਪਦੇਸ਼ ਨੂੰ ਧਾਰ ਕੇ ਨਿਹਕਾਮ ਤੇ ਨਿਰਾਸ ਹੋਇਆ ਹਾਂ, ਤਦ ਤੋਂ 'ਨਿਜ ਪਦ ਉਪਰ ਲਾਗੋ ਧਿਆਨ' ਆਤਮ ਸੁਖ ਮਾਨ ਰਿਹਾ ਹਾਂ ।

**ਸਤਿਗੁਰ ਚਰਨ ਕਮਲ ਮਕਰੰਦ ਰਜ ਲੁਭਤਿ ਹੁਇ ਮਨ ਮਧੁਕਰ ਲਪ-ਟਾਨੇ ਹੈ ॥**

ਸਤਿਗੁਰੂ ਦੇ ਚਰਨ ਕਮਲ ਦੀ ਧੂੜੀ ਮਕਰੰਦ ਰਸ ਦਾ ਮਨ ਰੂਪ ਭੌਰਾ ਲੋਭੀ ਹੋ ਕੇ (ਚਰਨਾਂ ਨਾਲ ਲਪਟਾ ਗਿਆ ਹੈ ।

**ਅੰਮ੍ਰਿਤ ਨਿਧਾਨ ਪਾਨ ਅਹਿ-ਨਿਸਿ ਰਸਿਕ ਹੁਇ ਅਤਿ ਉਨਮਤਿ ਆਨ ਗਿਆਨ ਬਿਸਰਾਨੇ ਹੈ ॥**

(ਜੋ)ਰਸੀਆ ਹੋ ਕੇ ਦਿਨ ਰਾਤ ਅੰਮ੍ਰਿਤ ਨਿਧਾਨ ਨੂੰ ਪਾਨ ਕਰਦਾ ਹੈ, (ਉਹ) ਵਡਾ ਉਨਮਤ ਹੋਕੇ ਦੂਜਾ (ਸਾਰਾ) ਗਿਆਨ ਭੁਲ ਗਿਆ ਹੈ ।

**ਸਹਜ ਸਨੇਹ ਗੇਹ ਬਿਸਮ ਬਦੇਹ ਰੂਪ ਸ੍ਵਾਂਤ ਬੂੰਦ ਗਤਿ ਸੀਪ ਸੰਪਟਿ ਸਮਾਨੇ ਹੈ ॥**

(ਜੋ) ਸਹਜ ਘਰ ਨਾਲ ਪ੍ਰੇਮ (ਕਰਦਾ ਹੈ,)ਉਹ) ਅਚਰਜ ਬਿਦੇਹ ਰੂਪ (ਹੋਇਆ ਓਹ) ਸਿਪੀ ਵਿਚ ਸ੍ਵਾਂਤੀ ਬੂੰਦ (ਦੇ ਸਮਾ ਜਾਣ ਦੀ) ਤਰਾਂ (ਸੁਖ ਰੂਪ) ਸੰਪਟ ਵਿਚ ਸਮਾ ਗਿਆ ਹੈ ।

**ਚਰਨ ਸਰਨ ਸੁਖ ਸਾਗਰ ਕਟਾਛ ਕਰਿ ਮੁਕਤਾ ਮਹਾਂਤ ਹੁਇ ਅਨੂਪ ਰੂਪ ਠਾਨੇ ਹੈ ॥ ੪੨੯ ॥**

ਸੁਖਾਂ ਦੇ ਸਮੁੰਦਰ (ਰੂਪ ਗੁਰੂ ਦੀ) ਚਰਨ ਸ਼ਰਨ ਵਿਚ(ਆਯਾ ਮਨ ਉਨ੍ਹਾ ਦੀ) ਕ੍ਰਿਪਾ ਦ੍ਰਿਸ਼ਟੀਕਰਕੇ [ਮੁਕਤਾ ਮਹਾਂਤ] ਕੇਵਲ ਮੁਕਤੀ ਦਾ (ਅਧਿਕਾਰੀ) ਹੋ ਕੇ ਅਨੂਪ ਰੂਪ ਧਾਰ ਲੈਂਦਾ ਹੈ ॥ ੪੨੯ ।

**ਰੋਮ ਰੋਮ ਕੋਟ ਮੁਖ ਮੁਖ ਰਸਨਾ**

**ਅਨੰਤ ਅਨਿਕ ਮਨੰਤਰ ਲਉ ਕਹਤ ਨ ਆਵਈ ॥**

(ਕਹਿੰਦੇ ਹਨ ਸਰੀਰ ਉੱਤੇ ਤੇਤੀ ਕ੍ਰੋੜ ਰੋਮ ਹੁੰਦਾ ਹੈ, ਜੇ ਕਰ) ਰੋਮ ਰੋਮ (ਉੱਤੇ) ਕ੍ਰੋੜ ਕ੍ਰੋੜ ਮੂੰਹ (ਪੈਂਦਾ ਹੋ ਜਾਵੇ ਤੇ ਫਿਰ ਇਕ ਇਕ ਮੂੰਹ ਵਿਚ ਬਅੰਤ ਜੀਭਾਂ(ਹੋ ਜਾਣ ਤਾਂ) ਅਨੇਕਾਂ ਮਨੰਤਰਾਂ ਤਕ (ਜਸ ਨੂੰ ਕਹਿੰਦੇ ਰਹੀਏ, ਤਾਂ ਭੀ) ਕਹਿਣ ਵਿਚ ਨਹੀਂ ਆਉਂਦਾ ਹੈ।

**ਕੋਟਿ ਬ੍ਰਹਮੰਡ ਭਾਰ ਡਾਰ ਤੁਲਾ ਧਾਰ ਬਿਖੈ ਤੋਲੀਐ ਜਉ ਬਾਰਿ ਬਾਰਿ ਤੋਲ ਨ ਸਮਾਵਈ ॥**

(ਜੇਕਰ)ਕ੍ਰੋੜਾਂ ਬ੍ਰਹਮੰਡਾਂ ਨੂੰ ਤਕੜੀ ਵਿਚ ਪਾ ਕੇ ਭਾਰ ਨੂੰ ਤੋਲੀਏ (ਤੇ ਫਿਰ) ਮੁੜ ਮੁੜਕੇ (ਪ੍ਰਭੂਤਾਨੂੰ ਤੋਲੀਏ ਤਾਂ ਭੀ) ਤੋਲ ਵਿਚ ਨਹੀਂ ਆਉਂਦੀ ਹੈ।

**ਚਤੁਰ ਪਦਾਰਥ ਅਉ ਸਾਗਰ ਸਮੂਹ ਸੁਖ ਬਿਬਿਧਿ ਬੈਕੁੰਠਿ ਮੋਲ ਮਹਿਮਾ ਨ ਪਾਵਈ ॥**

ਜੇਕਰ ਚਾਰੇ ਪਦਾਰਥ ਅਤੇ ਸਾਰੇ ਹੀ ਸੁਖਾਂ ਦੇ ਪੁੰਜ ਅਤੇ ਅਨੇਕ ਤਰਾਂ ਦੇ ਬੈਕੁੰਠ (ਉਸਦੇ) ਮੁਲ ਦੀ ਮਹਿਮਾ ਨਹੀਂ ਪਾਂਦੇ ਹਨ।

**ਸਮਝ ਨ ਪਰੈ ਕਹੈ ਕਉਨ ਗਉਨ ਭਉਨ ਮਨ ਪੂਰਨ ਬ੍ਰਹਮ ਗੁਰ ਸ਼ਬਦ ਸੁਨਾਵਈ ॥ ੪੩੦ ॥**

(ਇਸ ਗਲ ਦੀ) ਸਮਝ ਨਹੀਂ ਪੈਂਦੀ (ਕਿ ਉਸ ਵੇਲੇ) ਮਨ ਕੇਹੜੇ ਘਰ ਵਿਚ ਗਮਨ ਕਰਦਾ ਹੈ, (ਜਦੋਂ) ਪੂਰਨ ਬ੍ਰਹਮ ਰੂਪ ਗੁਰੂ ਜੀ ਸ਼ਬਦ ਨੂੰ ਸੁਣਾਂਦੇ ਹਨ ॥ ੪੩੦ ॥

**ਲੋਚਨ ਪਤੰਗ ਦੀਪ ਦਰਸ ਦੇਖਨ ਗਏ ਜੋਤੀ ਜੋਤ ਮਿਲਿ ਪਨਿ ਊਤਰ ਨ ਆਨੇ ਹੈ ॥**

ਪਤੰਗੇ ਦੀਆਂ ਅੱਖਾਂ ਦੀਵੇ ਦਾ ਦਰਸ਼ਨ ਵੇਖਨ ਵਾਸਤੇ ਗਈਆਂ (ਤੇ ਜਾਂਦੀਆਂ ਹੀ) [ਜੋਤੀ] ਦੀਵੇ ਦੀ ਲਾਟ ਵਿਚ ਮਿਲਕੇ ਲਾਟ ਹੀ ਹੋ ਗਈ,(ਮੁੜਕੇ) ਵਾਪਸ ਨਹੀਂ ਆਈਆਂ ਹਨ।

**ਨਾਦ ਬਾਦ ਸੁਨਬੇ ਕਉ ਸ੍ਰਵਨ ਹਰਨ ਗਏ ਸੁਨਿ ਧੁਨਿ ਥਕਤ ਭਏ ਨ ਬਹੁਰਾਨੇ ਹੈ ॥**

ਘੰਡੇਹੇੜੇ ਦੇ ਸ਼ਬਦ ਨੂੰ ਸੁਣਨ ਦੇ ਵਾਸਤੇ ਹਰਨ ਦੇ ਕੰਨ ਗਏ, ਅਵਾਜ਼ ਨੂੰ ਸੁਣਕੇ ਥਕ ਗਏ ਤੇਮੁੜਕੇ ਵਾਪਸ ਨਹੀ ਆਏ ਹਨ।

**ਚਰਨ ਕਮਲ ਮਕਰੰਦ ਰਸਿ ਰਸਿਕ ਹੁਇ ਮਨ ਮਧੁਕਰ ਸੁਖ ਸੰਪਟ ਸਮਾਨੇ ਹੈ ॥**

(ਗੁਰੂ ਦੇ) ਚਰਨ ਕਮਲਾਂ ਦੇ ਮਕਰੰਦ ਰਸ ਦਾ ਰਸੀਆ ਹੋ ਗਿਆ (ਮੇਰਾ) ਮਨ ਰੂਪ ਭੌਰਾ ਤੇ ਸੁਖ ਸੰਪਟ ਵਿਚ ਸਮਾ ਗਿਆ ਹੈ।

**ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ ਆਨ ਗਿਆਨ ਧਿਆਨ ਰਸ ਭਰਮਿ ਭੁਲਾਨੇ ਹੈ ॥੪੩੧॥**

ਰੂਪ,ਗੁਣ ਤੇ ਪ੍ਰੇਮ ਰਸ ਦੇ ਪੂਰਨ ਪਦ ਪਰਮ ਪਦ (ਨੂੰ ਪਾਕੇ) ਹੋਰ (ਸਾਰੇ) ਗਿਆਨ, ਧਿਆਨ ਤੇ ਰਸ ਨੂੰ ਭਰਮ ਵਿਚ ਭੁਲਾ ਦਿਤਾ ਹੈ ॥ ੪੩੧ ॥

**ਪ੍ਰਥਮ ਹੀ ਆਨ ਧਿਆਨ ਹਾਨਿ ਕੈ ਪਤੰਗ ਬਿਧਿ ਪਾਛੈ ਕੈ ਅਨੂਪ ਰੂਪ ਦੀਪਕ ਦਿਖਾਏ ਹੈ ॥**

ਪਹਿਲਾਂ ਹੀ ਪਤੰਗੇਦੀਤਰਾਂ ਦੂਜੇਹੋਰਕਿਸੇਧਿਆਨ ਦਾ ਨਾਸ ਕਰ ਦੇਵੇ ਤਾਂ ਮਗਰੋਂ ਦੀਵੇ ਦੇ (ਸਮਾਨ ਪ੍ਰਭੂ ਦਾ) ਅਨੂਪ ਰੂਪ ਦਿਸ ਆਉਂਦਾ ਹੈ।

**ਪ੍ਰਿਥਮ ਹੀ ਆਨ ਗਿਆਨ ਸੁਰਤਿ ਬਿਸਰਜਿ ਕੈ ਅਨਹਦ ਨਾਦ ਮ੍ਰਿਗ**

**ਜੁਗਤਿ ਸੁਨਾਏ ਹੈ**

ਪਹਿਲੇ ਤੋਂ ਹੀ ਹੋਰਨਾਂ ਗਿਆਨਾਂ ਵਲੋਂ ਸੁਰਤ ਨੂੰ ਹਰਨ ਵਾਂਗੂ ਬਿਸਰਜ ਕਰ ਦੇਵੇ (ਤਾਂ ਪ੍ਰਭੂ ਅਨਹਦ ਸ਼ਬਦ ਸੁਣਾਂਦਾ ਹੈ।

**ਪ੍ਰਥਮ ਹੀ ਬਚਨ ਰਚਨ ਹਰਿ ਗੁੰਗ ਸਾਜਿ ਪਾਛੈ ਕੈ ਅੰਮ੍ਰਿਤ ਰਸ ਅਪਿਉ ਪੀਆਏ ਹੈ ॥**

ਪਹਿਲਾਂ ਤੋਂ ਹੀ ਬਚਨਾਂ ਦੀ ਰਚਨਾਂ ਨੂੰ [ਹਰਿ] ਨਾਸ ਕਰ ਦੇਵੇ ਤੇ ਗੁੰਗਾ ਬਣ ਜਾਵੇ ਤਾਂ ਮਗਰੋਂ (ਪ੍ਰਭੂ ਨਾਂ ਪੀਤੇ ਜਾਣ ਵਾਲਾ ਅੰਮ੍ਰਿਤ ਰਸ ਪੀਆਉਂਦਾ ਹੈ।

**ਪੇਖਿ ਸੁਨਿ ਅਚਵਤ ਹੀ ਭਏ ਬਿਸਮ ਅਤਿ ਪਰਮਦਭੁਤ ਅਸਚਰਜ ਸਮਾਏ ਹੈ ॥ ੪੩੨ ॥**

-(ਪ੍ਰਭੂ ਦਰਸ਼ਨ ਨੂੰ)ਵੇਖਕੇ,(ਅਨਹਦ ਸ਼ਬਦ ਨੂੰ) ਸੁਣਕੇ (ਤੇ ਅੰਮ੍ਰਿਤ ਨੂੰ) ਪੀਂਦਿਆਂ ਹੀ ਵਡੇ ਬਿਸਮਾਦ ਰੂਪ ਹੋ ਜਾਂਦੇ ਹਨ, ਪਰਮ ਅਦਭੁਤ ਰੂਪ ਅਸਚਰਜ (ਪ੍ਰਭੂ ਵਿਚ) ਸਮਾ ਗਏ ਹਨ ॥੪੩੨॥

**ਜਾਤਿ ਸਿਹਜਾਸਨ ਜਉ ਕਾਮਨੀ ਜਾਮਨੀ ਸਮੈ ਗੁਰਜਨ ਸੁਜਨ ਕੀ ਬਾਤ ਨ ਸੁਹਾਤ ਹੈ ॥**

ਜਿਸ ਤਰ੍ਹਾਂ ਜਦ ਇਸਤ੍ਰੀ ਰਾਤ ਦੇਸਮੇਂ [ਸਿਹਜ ਆਸਨ]ਸੇਜ ਉਤੇ ਆਸਨ [ਹਮ ਬਿਸਤਰ] ਵਾਸਤੇ ਜਾਂਦੀ ਹੈ, (ਤਦ ਉਸ ਨੂੰ) ਘਰ ਦੇ ਵਡੇ ਪੁਰਸ਼ਾਂ ਤੇ ਸਜਨਾਂ ਦੀ ਗਲ ਭੀ ਨਹੀਂ ਸੁਹਾਉਂਦੀ।

**ਹਿਮਕਰਿ ਉਦਿਤ ਮੁਦਿਤ ਹੈ ਚਕੋਰ ਚਿਤਿ ਇਕ ਟਕ ਧਿਆਨ ਕੈ ਸਮਾਰਤ ਨ ਗਾਤ ਹੈ ॥**

(ਜਦ) [ਹਿਮਕਰਿ] ਚੰਦ੍ਰਮਾਂ ਦੇ [ਉਦਿਤ] ਚੜ੍ਹਦਿਆਂ ਚਕੋਰ ਪ੍ਰਸੰਨ ਹੋ ਜਾਂਦਾ ਹੈ, ਤੇ ਉਸ ਦਾ ਇਕ ਟਕ ਧਿਆਨ ਕਰਦਾਹੈ,(ਅਤੇ ਆਪਣੇ)ਸਰੀਰ ਦੀ ਗਤੀ ਭੀ ਯਾਦ ਨਹੀਂ ਕਰਦਾ ਹੈ

**ਜੈਸੇ ਮਧੁਕਰਿ ਮਕਰੰਦ ਰਸ ਲੁਭਿਤ ਹੈ ਬਿਸਮ ਕਮਲ ਦਲ ਸੰਪਟ ਸਮਾਤਿ ਹੈ ॥**

ਜਿਸ ਤਰਾਂ ਭੌਰਾ (ਕਮਲ ਦੀ)ਮਕਰੰਦ ਰਸ ਦਾ ਲੋਭੀ ਹੋ ਜਾਂਦਾ ਹੈ ਤਾਂ ਅਸਚਰਜ(ਰੂਪ)ਕਮਲ ਪਤ੍ਰਾਂ ਦੇ ਸੰਪਟ [ਡਬੇ] ਵਿਚ ਸਮਾ ਜਾਂਦਾ ਹੈ।

**ਤੈਸੇ ਗੁਰ ਚਰਨ ਸਰਨ ਚਲਿ ਜਾਤਿ ਸਿਖ ਦਰਸ ਪਰਸ ਪ੍ਰੇਮ ਰਸ ਮੁਸਕਾਤਿ ਹੈ ॥੪੩੩ ॥**

ਉਸੇ ਤਰਾਂ (ਹੀ ਜੇਹੜਾ) ਸਿਖ ਗੁਰ ਚਰਨ ਸ਼ਰਨ ਵਿਚ ਜਾਂਦਾ ਹੈ, (ਉਹ ਗੁਰੂ ਜੀ)ਦਰਸ਼ਨ ਤੇ ਪ੍ਰੇਮ ਰਸ ਦਾ ਪਰਸਨ ਕਰਕੇਮੁਸਕ੍ਰਾਉਂਦਾਹੈ।੪੩੩।

**ਆਵਤ ਹੈ ਜਾਕੈ ਭੀਖ ਮਾਂਗਨਿ ਭਿਖਾਰੀ ਦੀਨ ਦੇਖਤ ਅਧੀਨਹਿ ਨਿਰਾਸੋ ਨ ਬਿਡਾਰਿ ਹੈ ॥**

ਜਿਸਦੇ (ਘਰ ਕੋਈ) ਦੀਨ ਭਿਖਾਰੀ ਭੀਖ ਮੰਗਣ ਲਈ ਆਉਂਦਾ ਹੈ, ਤਾਂ ਘਰ ਵਾਲਾ (ਉਸ ਦੀ) ਅਧੀਨਤਾ ਨੂੰ ਵੇਖਕੇ ਨਿਰਾਸਾ ਨਹੀਂ ਮੋੜਦਾ ਹੈ।

**ਬੈਠਤ ਹੈ ਜਾਕੈ ਦੁਆਰ ਆਸਾ ਕੈ ਬਿਡਾਰ ਸ੍ਵਾਨ ਅੰਤ ਕਰੁਨਾ ਕੈ ਤੋਰਿ ਟੂਕ ਤਾਹਿ ਡਾਰਿ ਹੈ ॥**

ਜਿਸਦੇ ਬੂਹੇ ਉਤੇ ਕੁਤਾ ਆਸਾ ਕਰਕੇ (ਤੇ ਹੋਰਨਾਂ ਦੀ)ਆਸਾ ਤਿਆਗ ਕਰਕੇ ਬੈਠ ਜਾਂਦਾ ਹੈ ਤਾਂ ਅੰਤ ਨੂੰ [ਕਰੁਨਾ] ਤਰਸ ਕਰਕੇ ਟੁਕਰ ਤੋੜਕੇ ਉਸਦੇ ਅਗੇ ਸੁਟ ਦੇਂਦਾ ਹੈ।

**ਪਾਇਨ ਕੀ ਪਨਹੀ ਰਹਤ ਪਰਹਰੀ ਪਰੀ ਤਾਹੂ ਕਹੂ ਕਾਜਿ ਉਠਿ ਚਲਤਿ ਸੁਮਾਰਿ ਹੈ ॥**

ਜਿਸ ਤਰਾਂ) ਪੈਰਾਂ ਦੀ [ਪਨਹੀ] ਜੁਤੀ [ਪਰ-ਹਰੀ] ਤਿਆਗੀ ਹੋਈ (ਕਿਧਰੇ) ਪਈ ਰਹਿੰਦੀ ਹੈ, ਤਾਂ ਕਿਸੇ ਕੰਮ ਦੇ ਵਾਸਤੇ ਉਠਕੇ ਜਾਂਦਾ ਹੋਇਆ ਉਸ (ਜੁਤੀ ਨੂੰ ਚੇਤੇ ਕਰਦਾ ਹੈ।

**ਛਾਡਿ ਅਹੰਕਾਰ ਛਾਰ ਹੋਇ ਗੁਰ ਮਾਰਗ ਮੈ ਕਬਹੂ ਕੈ ਦਇਆ ਕੈ ਦਇਆਲ ਪਗਿ ਧਾਰਿਹੈ ॥ ੪੩੪॥**

(ਇਸੇ ਤਰਾਂ ਜੇਹੜਾ ਕੋਈ) ਹੰਕਾਰ ਛਡਕੇ (ਤੇ ਪੈਰਾਂ ਦੀ)ਖਾਕ ਹੋਕੇ ਗੁਰੂ ਦੇ ਰਾਹ ਉਤੇ(ਤੁਰਦਾਹੈ, ਤਾਂ)ਕਦੇ ਨਾਂ ਕਦੇ (ਗੁਰੂ) ਦਿਆਲ ਹੋ ਕੇ ਤੇ ਦਯਾ ਕਰਕੇ(ਉਸਨੂੰ)ਚਰਨਾਂ ਉਤੇ ਪਾ ਲੈਂਦਾਹੈ॥੪੩੪॥

**ਦ੍ਰੋਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ ਤਾਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ ॥**

ਜੇਕਰ ਦ੍ਰੋਪਤੀ ਨੇ ਕੇਵਲ ਇਕ ਲੰਗੋਟੀ ਦੁਰ-ਬਾਸਾ ਮੁਨੀ ਨੂੰ ਦਿਤੀ, ਉਸੇ ਕਰਕੇ (ਕੈਰਵਾਂ ਦੀ) ਸਭਾ ਵਿਚ (ਦ੍ਰੋਪਤੀ ਦਾ ਪੜਦਾ ਢਕਨ ਲਈ) ਕਪੜੇ ਦਾ ਪ੍ਰਵਾਹ ਵਗ ਤੁਰਿਆ ਸੀ।

ਕਥਾ–ਇਕ ਵੇਰੀ ਦੁਰਬਾਸਾ ਰਿਖੀ ਨਦੀ ਵਿਚ ਇਸ਼ਨਾਨ ਕਰ ਰਹੇ ਸਨਪਾਣੀ ਦੇ ਤਿਖੇ ਵੇਗ ਨਾਲ ਕੁਪੀਨ ਖੁਲਕੇ ਪਾਣੀ ਵਿਚ ਰੁੜ ਗਈਨਦੀ ਦੇਕੰਢੇ ਉਤੇ ਦ੍ਰੋਪਦੀ ਬਾਲ ਉਮਰਾ ਵਿਚ ਸਹੇਲੀਆਂਨਾਲ ਸੈਰ ਕਰਰਹੀ ਸੀ,ਦੁਰਬਾਸਾ ਜੀ ਨੇ ਉਨ੍ਹਾਂ ਕੁੜੀਆਂ ਨੂੰ ਸੰਬੋਧਨ ਕਰਕੇ ਕਿਹਾ–ਪੁਤ੍ਰੀਓ ! ਮੇਰੀ ਕੁਪੀਨ ਪਾਣੀ ਵਿਚ ਰੁੜ ਗਈ ਹੈ,ਮੈਂ ਬਿਲਕੁਲ ਨੰਗਾ ਖੜਾ ਹਾਂ, ਨੰਗੇ ਹੋਣ ਦੇ ਕਾਰਨ ਮੈਂ ਪਾਣੀ ਤੋਂ ਬਾਹਰ ਨਹੀਂ ਨਿਕਲ ਸਕਦਾ, ਤੁਸੀਂ ਇਕ ਗਿਠ ਜਿਨ੍ਹਾਂ ਕਪੜਾ ਮੈਨੂੰ ਦਿਓ ਤਾਂ ਕਿ ਮੈਂ ਨੰਗੇਜ ਢਕ ਸਕਾਂ, ਉਸਦੀ ਗਲਸੁਣਕੇ ਦ੍ਰੋਪਦੀਨੇ ਆਪਣੀਚੁੰਨੀਨਾਲੋਂ ਲੀਰਪਾੜਕੇਮੁਨੀਵਲਸੁਟ ਦਿਤੀ,ਜੋਪਾਣੀਵਿਚ ਰੁੜ ਗਈ, ਦ੍ਰੋਪਦੀ ਨੇ ਹੋਰ ਪਾੜਕੇ ਸੁਟੀ,ਉਹ ਭੀ ਰੁੜ ਗਈ,ਇਸੇ ਤਰਾਂਕਰਦਿਆਂ ਕਰਦਿਆਂ ਸਾਰੀ ਚੁੰਨੀ ਹੀ ਪਾੜ ਪਾੜ ਕੇ ਸੁਟ ਦਿਤੀ, ਜਿਸ ਵਿਚੋਂ ਕੇਵਲ ਇਕ ਲੀਰ ਅੰਤ ਨੂੰ ਦੁਰਬਾਸਾ ਜੀ ਦੇ ਹਥ ਆਈ, ਜਿਸ ਨੂੰ ਲੰਗੋਟੀ ਵਾਂਗੂ ਬੰਨਕੇ ਦੁਰਬਾਸਾਜੀ ਪਾਣੀ ਤੋਂ ਬਾਹਰ ਨਿਕਲੇ ਤੇ ਆਕੇਕਿਹਾ...ਪੁਤ੍ਰੀਤੂੰ ਮੇਰਾ ਨੰਗ ਢਕਿਆਹੈ, ਪਰਮਾਤਮਾ ਤੇਰਾ ਨੰਗ ਢਕੇਗਾ।

ਜਦ ਧਰਮ ਪੁਤਰ ਦੁਰਯੋਧਨਨਾਲਜੂਆਖੇਡਣ ਲਗਾ ਤਾਂ ਪੰਜਾਂ ਭਰਾਵਾਂ ਨੂੰਦਰੋਪਤੀਸਣੇ ਜੂਏ ਵਿਚ ਹਾਰਦਿਤਾ,ਉਸਵੇਲੇਦੁਰਯੋਧਨਨੇਅਪਨੇਭਰਾ ਦੁਹ-ਸਾਸਨ ਨੂੰ ਕਿਹਾ–ਪੰਜੇ ਪਾਂਡਵ ਮੇਰੇ ਗੋਲੇ ਹਨ ਤੇ ਪੰਜਾਂ ਦੀ ਬਾਂਦੀ ਨੇ ਮੈਨੂੰ ਅੰਨੇ ਦਾ ਅੰਨ੍ਹਾ ਕਿਹਾ ਸੀ। ਤੁਸੀਂ ਜਾਓ ਤੇ ਉਸਨੂੰ ਕੇਸਾਂ ਤੋਂ ਫੜਕੇ ਮੇਰੀ ਸਭਾ ਵਿਚ ਹਾਜ਼ਰ ਕਰੋ, ਜਦ ਦਰੋਪਤੀ ਆ ਗਈ ਤਾਂ ਫਿਰ ਕਿਹਾ, ਇਸ ਦੀ ਸਾੜੀ ਉਤਾਰਕੇ ਇਸਨੂੰ ਮੇਰੀ ਸਭਾ ਵਿਚ ਨੰਗਿਆਂ ਕਰ ਦਿਓ,ਮੈਂ ਵੇਖਦਾ ਹਾਂ ਜੋ ਇਸ ਨੂੰ ਹੁਣ ਕੌਣ ਛੁਡਾਏਗਾ, ਅੰਤ ਹੁਕਮ ਦੀ ਤਾਮੀਲ ਹੋਣੀ ਸ਼ੁਰੂ ਹੋ ਗਈ ਤੇ:–

'ਕਪੜ ਕੋਟਿ ਉਸਾਰਿਅਨ ਥਕੇ ਦੂਤ ਨ ਪਾਰਵਸਾਂਦੀ॥'ਇਸ ਤਰਾਂ ਨਾਲ ਕੈਰਵ ਸਭਾ ਵਿਚ ਉਸਨੂੰ ਕੋਈ ਭੀ ਨੰਗਿਆਂਨਹੀਂ ਕਰ ਸਕਿਆ ਸੀ।

**ਤਨਕ ਤੰਦੁਲ ਜਗਦੀਸਹਿ ਦਏ ਸੁਦਾਮਾ ਤਾਂਤੇ ਪਾਏ ਚਤੁਰ ਪਦਾਰਥ ਅਥਾਹ ਜੀ ॥**

ਸੁਦਾਮਾ ਜੀ ਨੇ ਥੋੜੇ ਜਿਨੇ ਚੌਲ ਭਗਵਾਨ ਕਿਸ਼ਨ ਜੀ ਨੂੰ ਦਿਤੇ ਸਨ,ਉਸਕਰਕੇ(ਉਸਨੇ)ਚਾਰ ਪਦਾਰਥ (ਇਨੇ) ਪਾਏ ਸਨ, (ਜਿਨਾਂ ਦੀ ਥਾਹ ਨਹੀਂ ਪਾਈ ਜਾਂਦੀ ਸੀ।

**ਦੂਖਿਤ ਗਜਿੰਦ ਅਰਇੰਦ ਗਹਿ ਭੇਟ ਰਾਖੇ ਤਾਕੇ ਕਾਜੇ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ ॥**

ਦੁਖੀ ਹੋਏ ਗਜਰਾਜ ਨੇ(ਡੁਬਣਦੇਵੇਲੇ,ਤਲਾਉ ਵਿਚੋਂ)ਕਮਲ ਫੂਲ ਫੜਕੇ (ਪ੍ਰਭੂ ਅਗੇ) ਭੇਟਾ ਰਖੀ ਸੀ,ਉਸ ਦੇ ਕਾਰਜ ਲਈ [ਚਕ੍ਰਪਾਨਿ] ਵਿਸ਼ਨੂੰ ਭਗਵਾਨ ਜੀ ਨੇ ਆਣਕੇ ਗ੍ਰਾਹ ਦੀ [ਗ੍ਰਸੇ] ਫਾਹੀ ਤੋਂ (ਗਜਰਾਜ ਨੂੰ ਛੁਡਾ ਦਿਤਾ ਸੀ)।

**ਕਹਾ ਕੋਊ ਕਰੈ ਕਛੁ ਹੋਤੁ ਨ ਕਾਹੂ**

**ਕੈ ਕੀਏ ਜਾਕੀ ਪ੍ਰਭ ਮਾਨਿ ਲੇਹਿ ਸਭੈ ਸੁਖ ਤਾਹਿ ਜੀ ॥ ੪੩੫ ॥**

ਕੋਟਾਂ ਕੀ ਕਰੇ ? (ਕਿਉਂਕਿ)ਕਿਸੇਦੇ ਕੀਤਿਆਂ ਕੁਝ ਹੁੰਦਾ ਨਹੀਂ ਹੈ, ਜਿਸਦੀ ਪ੍ਰਭੂ ਮੰਨ ਲੈਂਦਾ ਹੈ, ਉਸੇ ਨੂੰ ਹੀ ਸਾਰੇ ਸੁਖ ਪਰਾਪਤ ਹੁੰਦੇ ਹਨ॥੪੩੫॥

**ਸਰਵਨ ਸੇਵਾ ਕੀਨੀ ਮਾਤਾ ਪਿਤਾ ਕੀ ਬਿਸੇਖ ਤਾਤੇ ਗਾਈਅਤ ਜਸੁ ਜਗਤ ਮੈ ਤਾਹੂ ਕੋ ॥**

ਸਰਵਨ ਨੇ (ਅੰਨੀ) ਮਾਤਾ (ਤੇ ਅੰਨੇ) ਪਿਤਾ ਦੀ ਖਾਸ ਕਰਕੇ ਬੜੀ ਚੰਗੀ ਸੇਵਾ ਕੀਤੀ ਸੀ, ਉਸੇ ਕਰਕ ਹੀ ਉਸਦਾ ਜਸ ਜਗਤ ਵਿਚ ਗਾਂਵਿਆਂ ਜਾਂਦਾ ਹੈ।

**ਜਨ ਪ੍ਰਹਿਲਾਦ ਆਦਿ ਅੰਤ ਲਉ ਅਵਗਿਆ ਕੀਨੀ ਤਾਤ ਘਾਤ ਕਰਿ ਪ੍ਰਭ ਰਾਖਿਓ ਪ੍ਰਨਿ ਤਾਹੂ ਕੋ ॥**

ਪ੍ਰਹਿਲਾਦ ਭਗਤ ਨੇ ਸ਼ੁਰੂ ਤੋਂ ਲੈਕੇ ਅੰਤ ਤਕ (ਪਿਤਾ ਦੀ)ਅਵਗਿਆ ਕੀਤੀ ਸੀ, (ਪਰ ਫੇਰ ਭੀ) ਪ੍ਰਭੂ ਨੇ (ਉਸਦੇ) ਪਿਤਾ ਨੂੰ ਨਾਸ ਕਰਕੇ ਉਸਦੇ ਪ੍ਰਾਣਾਂ ਦੀ ਰਖਿਆ ਕੀਤੀ ਸੀ।

**ਦੁਆਦਸ ਬਰਖ ਸੁਕ ਜਨਨੀ ਦੁਖਿਤ ਕਰੀ ਸਿਧ ਭਏ ਤਤਖਿਨ ਜਨਮੁ ਹੈ ਜਾਹੂ ਕੋ ॥**

ਸੁਕਦੇਵ ਨੇ ਬਾਰਾਂ ਵਰੇ ਮਾਂ (ਦੇ ਗਰਭ ਵਿਚ ਵਸਕੇ) ਮਾਤਾ ਨੂੰ ਦੁਖੀ ਕੀਤਾ ਸੀ (ਪਰ) ਉਸਦੇ ਜਨਮ ਸਮੇਂ (ਹੋਰ ਭੀ) ਜਿਸ ਕਿਸੇ ਦਾ ਜਨਮ ਹੋਯਾ ਸੀ, ਉਹ ਸਾਰੇ ਹੀ ਜਨਮ ਤੋਂ ਹੀ ਸਿਧ ਪੁਰਸ਼ ਹੋ ਗਏ ਸਨ।

**ਅਕਥ ਕਥਾ ਬਿਸਮ ਜਾਨੀਐ ਨ ਜਾਇ ਕਛੁ ਪਹੁਚੈ ਨ ਗਿਆਨ ਉਨਮਾਨੁ ਆਨ ਕਾਹੂ ਕੋ ॥੪੩੬॥**

ਬਿਸਮ (ਰੂਪ ਪ੍ਰਭੂ ਦੀ) ਕਥਾ ਅਕਥ ਹੈ, ਜੋ ਕੁਝ ਜਾਣੀ ਨਹੀਂ ਜਾਂਦੀ, ਹੋਰ ਕਿਸੇ ਦਾ ਗਿਆਨ ਤੇ ਵਿਚਾਰ ਭੀ ਉਥੇ ਤਕ ਨਹੀਂ ਪਹੁੰਚਦਾ ਹੈ ॥੪੩੬॥

**ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ ॥**

(ਜਿਸ ਤਰਾਂ) ਖੰਡ ਖੰਡ ਆਖਿਆਂ ਜੀਭ ਨੂੰ ਮਿਠੇ ਦਾ ਸ੍ਵਾਦ ਨਹੀਂ ਆਉਂਦਾ ਹੈ ਅਤੇ ਅੱਗ ਅੱਗ ਆਖਿਆ ਠੰਢ ਦਾ ਨਾਸ ਨਹੀਂ ਹੁੰਦਾ ਏ।

**ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥**

(ਜਿਸ ਤਰਾਂ) ਵੈਦ ਵੈਦ ਆਖਿਆਂ ਰੋਗ ਕਿਸੇ ਦਾ ਮਿਟਦਾ ਨਹੀਂ ਹੈ, ਧਨ ਧਨ ਆਖਿਆਂ ਕੋਈ ਧਨ ਦੀ ਖੁਸ਼ੀ ਨਹੀਂ ਹੁੰਦੀ ਹੈ।

**ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸੁ ਚੰਦੁ ਚੰਦੁ ਕਹੈ ਉਜਿਆਰੋ ਨ ਪ੍ਰਗਾਸ ਹੈ ॥**

(ਜਿਵੇਂ) ਚੰਦਨ ਚੰਦਨ ਕਹਿੰਦਿਆਂ ਚੰਦਨਦੀ ਵਾਸ਼ਨਾ ਪ੍ਰਗਟ ਨਹੀਂ ਹੁੰਦੀ ਹੈ ਅਤੇ ਚੰਦ ਚੰਦ ਆਖਿਆਂ ਰੋਸ਼ਨੀ ਦਾ ਪ੍ਰਕਾਸ਼ ਨਹੀਂ ਹੁੰਦਾ ਹੈ।

**ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ ਕਰਨੀ ਪ੍ਰਧਾਨ ਭਾਨੁ ਉਦਤਿ ਅਕਾਸ਼ ਹੈ ॥੪੩੭॥**

ਉਸੇ ਤਰਾਂ ਗਿਆਨ ਦੀ ਗੋਸ਼ਟ[ਪ੍ਰਸ਼ਨ-ਉਤਰ] ਕਹਿੰਦਿਆਂ ਰਹਿਣੀ ਪ੍ਰਾਪਤ ਨਹੀਂ ਹੁੰਦੀਹੈ,ਕਰਨੀ (ਇਸ ਤਰਾਂ) ਪਰਧਾਨ ਹੈ, ਇਸੇ ਨਾਲ ਅਕਾਸ਼ ਤੇ ਸੂਰਜ ਚੜਦਾ ਹੈ (ਅਰਥਾਤ ਭਗਤੀ ਦੇ ਕਰਨ ਨਾਲ ਹੀ ਅੰਤਹ ਕਰਣ ਰੂਪ ਅਕਾਸ਼ ਵਿਚਗਿਆਨ ਰੂਪ ਸੂਰਜ ਚੜਦਾ ਹੈ) ॥੪੩੭॥

**ਹਸਤ ਹਸਤ ਪੂਛੈ ਹਸਿ ਹਸਿ ਕੈ ਹਸਾਇ ਰੋਵਤ ਰੋਵਤ ਪੂਛੈ ਰੋਇ ਅਉ ਰੁਵਾਇ ਕੈ ॥**

ਹਸਦੇ (ਪੁਰਸ਼ ਨੂੰ ਹਰ ਕੋਈ) ਹਸਦੇ ਹਸਦੇ (ਹੀ ਸੁਖ ਸਾਂਦ) ਪੁਛਦਾ ਹੈ (ਅਗੋਂ) ਹਸ ਹਸ ਕੇ (ਉਤਰ ਦੇ ਕੇ) ਹਸਾਉਂਦਾ ਹੈ ਅਤੇ ਰੋਂਦੇ ਹੋਏ (ਪੁਰਖ ਨੂੰ ਦੁਖ ਦਾ ਭੇਦ) ਰੋ ਰੋ ਕੇ ਹੀ ਪੁਛਦਾ ਹੈ ਅਤੇ (ਉਹ ਭੀ)ਰੋ ਕੇ(ਉਤਰ ਦੇ ਕੇ)ਰੁਆਉਂਦਾ ਹੈ।

**ਬੈਠੇ ਬੈਠੇ ਪੂਛੈ ਬੈਠਿ ਬੈਠਿ ਕੈ ਨਿਕਟਿ ਜਾਇ ਚਲਿਤ ਚਲਿਤ ਪੂਛੈ ਦਹਿਦਿਸਿ ਧਾਇ ਕੈ ॥**

ਬੈਠੇ (ਪੁਰਸ਼ ਕੋਲੋਂ) ਬੈਠਕੇ ਹੀ ਪੁਛਦਾ ਹੈ ਅਤੇ ਬੈਠਾ ਹੋਇਆ(ਉਸੇ ਨੂੰ ਪੂਰਾ ੨ ਉਤਰ ਦੇਂਦਾ ਹੈ, ਜੋ ਉਸਦੇ) ਨੇੜੇ ਜਾਕ ਬੈਠਦਾ ਹੈ, ਅਤੇ ਤੁਰੇ ਜਾਂਦੇ ਪੁਰਸ਼ ਕੋਲੋਂ (ਓਹੀ ਕੁਝ) ਪੁਛਦਾ ਹੈ (ਜੋ) ਦਸਾਂ ਦਿਸਾਂ ਵਲ ਧਾਈ ਕਰਕੇ ਜਾਂਦਾ ਹੈ।

**ਲੋਗ ਪੂਛੈ ਲੋਗਾਚਾਰ ਬੇਦ ਪੂਛੈ ਬੇਦ ਬਿਧਿ ਜੋਗੀ ਭੋਗੀ ਜੋਗ ਭੋਗ ਜੁਗਤਿ ਜੁਗਾਇਕੈ ॥**

ਲੋਕਾਂ ਕੋਲੋਂ ਲੋਕ ਚਾਰੀ ਦੇ ਕਰਮ ਲੋਕ ਪੁਛਦੇ ਹਨ, ਵੇਦ ਵਕਤਾ ਕੋਲੋਂ ਵੇਦ ਦੀ ਵੀਚਾਰ ਪੁਛਦੇ ਹਨ, ਜੋਗੀ ਕੋਲੋਂ ਜੋਗ ਦੀ ਜੁਗਤੀ ਤੇ ਭੋਗੀ ਕੋਲੋਂ ਭੋਗ ਦੀ ਜੁਗਤੀ ਨੂੰ (ਪੁਛ ਕੇ) ਜਾਣਦੇ ਹਨ।

**ਜਨਮ ਮਰਣ ਭ੍ਰਮ ਕਾਹੂ ਨ ਮਿਟਾਇ ਸਕਿਓ ਨਿਹਚਲ ਭਏ ਗੁਰ ਚਰਨ ਸਮਾਇ ਕੈ ॥ ੪੩੮ ॥**

ਜਨਮ ਮਰਣ ਰੂਪ ਚਕ੍ਰ ਕੋਈ ਭੀ ਨਹੀਂ ਮਿਟਾ ਸਕਿਆ ਹੈ, (ਜੋ) ਗੁਰੂ ਜੀ ਦੀ ਸ਼ਰਨ ਵਿਚ ਸਮਾ ਗਿਆ ਹੈ, ਉਹ ਚਕ੍ਰ ਤੋਂ ਰਹਿਤ ਹੋ ਕੇ ਅਚਲ ਹੋ ਗਿਆ ਹੈ ॥੪੩੮॥

**ਪੂਛਤ ਪਥਕਿ ਤਿਹ ਮਾਰਗਿ ਨ ਧਾਰੈ ਪਗੁ ਪ੍ਰੀਤਮ ਕੈ ਦੇਸ ਕੈਸੇ ਬਾਤਨ ਕੈ ਜਾਈਐ ॥**

[ਪਥਕਿ=ਪਥਕੀ, ਪਾਂਧੀ, ਰਾਹੀ। ਸੰਗਮ=]
[ਪਰਹੇਜ਼। ਗਹਿ=ਲੈਕੇ, ਧਾਰਨ ਕਰਕੇ]

(ਜਿਵੇਂ ਕੋਈ)ਰਾਹੀ (ਰਾਹ) ਪੁਛਦਾ ਹੈ, (ਪਰ ਦਸੇ ਹੋਏ)ਰਾਹਉਤੇਪੈਰ ਨਹੀਂ ਧਰਦਾਹੈ,(ਅਰਥਾਤ ਕੋਈ ਰਾਹੀ ਕਿਸੇ ਜਗ੍ਹਾਦਾ ਰਾਹਪੁਛਦਾਹੈ,ਪਰ ਉਸ ਰਾਹ ਉਤੇ ਤੁਰਦਾ ਨਹੀਂ ਹੈ, ਤਾਂ) ਪ੍ਰੀਤਮ ਦੇ ਦੇਸ਼ ਵਿਚ,ਗਲਾਂ ਕਰਨ ਨਾਲ ਹੀ,ਕਿਸ ਤਰ੍ਹਾਂ ਜਾਵੇਗਾ?

**ਪੂਛਤ ਹੈ ਬੈਦ ਖਾਤ ਅਉਖਦਿ ਨ ਸੰਜਮ ਸੈ ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ॥**

(ਜਿਵੇਂ ਕੋਈ) ਵੈਦ ਨੂੰ (ਰੋਗ ਦਾ ਦਾਰੂ) ਪੁਛਦਾ ਹੈ,(ਪਰ ਉਹ ਵੈਦ ਦੀ ਦਸੀ ਹੋਈ(ਦਵਾਈ ਨੂੰ ਪੂਰੇ ੨ ਪਰਹੇਜ਼ ਨਾਲ ਖਾਂਦਾ ਨਹੀਂ ਹੈ, (ਤਾਂ ਉਸਦਾ, ਰੋਗ ਕਿਸ ਤਰਾਂ ਮਿਟੇਗਾ ਤੇ ਸਹਜੇ ਹੀ ਸੁਖ ਵਿਚ ਸਮਾਈ ਕਿਸ ਤਰਾਂ ਹੋਵੇਗੀ ?

**ਪੂਛਤ ਹੈ ਸੁਹਾਗਨਿ ਕਰਮ ਹੈ ਦੁਹਾਗਨਿ ਕੈ ਰਿਦੈ ਬਿਭਚਾਰ ਕਤ ਸਿਹਜਾ ਬੁਲਾਈਐ ॥**

(ਜਿਵੇਂ)ਸੁਹਾਗਨੀ ਪਾਸੋਂ(ਪਤਿਬ੍ਰਤਾ ਦੇ ਗੁਣਾਂ-ਕਰਮਾਂ ਤੇ ਪ੍ਰਤਾਪ ਦੀਆਂ ਗਲਾਂ) ਪੁਛਦੀ ਹੈ, ਅਤੇ ਦੁਹਾਗਣੀ ਵਾਲੇ ਕਰਮਕਰਦੀ ਹੈ,ਹਿਰਦੇਵਿਚ ਪਰ ਪੁਰਖ ਨਾਲਵਿਭਚਾਰ ਦੀਇਕਾ ਰਖਦੀਹੈ ਤਾਂ ਉਸ ਨੂੰ ਪਤੀ ਸੰਗਮ ਲਈ ਸੇਵਾਉਤੇ ਕਿਵੇਂ ਬੁਲਾਵੇਗਾ। (ਭਾਵ ਇਕ ਪੁਰਸ਼ ਗੁਰ ਸਿਖੀ ਦੇ ਕਰਮ ਪੁਛਦਾ ਹੈ ਪਰ ਆਪ ਮਨਮੁਖਾਂ ਦੇ ਕਰਮ ਕਰਦਾਹੈ ਤਾਂ ਉਸ ਨੂੰ ਆਤਮ ਗਿਆਨ ਕਿਵੇਂ ਹੋ ਸਕਦਾਹੈ)।

**ਗਾਏ ਸੁਨੈ ਆਂਖੈ ਮੀਚੈ ਪਾਈਐ ਨ ਪਰਮ ਪਦ ਗੁਰ ਉਪਦੇਸੁ ਗਹਿ**

**ਜਉ ਲਉ ਨ ਕਮਾਈਐ ॥ ੪੩੯ ॥**

(ਇਸੇਤਰਾਂ ਕੋਈ ਆਉ ਦਾ ਹਰਿਜਸਦੇ ਗੀਤ) ਗਾਉਂਦਾ ਹੈ,(ਜਾ ਹਰਿ ਕੀਰਤਨ)ਸੁਣਦਾ ਹੈ,(ਜਾਂ) ਅੱਖਾਂ ਮੀਟਕੇ(ਸਮਾਧੀ) ਲਾ ਬੈਠਦਾ ਹੈ,(ਉਹ ਓਨਾਂ ਚਿਰ) ਪਰਮਪਦ ਨਹੀਂ ਪਾਵੇਗਾ,(ਜਿਨਾਚਿਰ,ਗੁਰ ਉਪਦੇਸ਼ ਨੂੰ ਧਾਰਨ ਕਰਕੇ, ਜਿਨਾ ਚਿਰ ਤਕ ਉਸ ਉਪਦੇਸ਼ ਦੀਕਮਾਈ ਨਹੀਂ ਕਰਦਾਹੈ ॥੪੩੯॥

**ਖੋਜੀ ਖੋਜਿ ਦੇਖਿ ਚਲਿਓ ਜਾਇ ਪਹੁਚੈ ਠਿਕਾਨੇ ਆਲਸ ਬਿਲੰਬ ਕੀਏ ਖੋਜ ਮਿਟ ਜਾਤ ਹੈ ॥**

[ਖੋਜੀ=ਚੋਰੀ ਹੋ ਗਏ ਪਸ਼ੂ ਦੇ ਪੈਰਾਂ ਦੇ]
[ਨਿਸ਼ਾਨਾਂ ਨੂੰ ਪਛਾਣਕੇ, ਉਸਦੇ ਟਿਕਾਣੇ ਤੇ]
[ਪੁੂਜਨ ਵਾਲੇ ਪੁਰਖ ਦਾ ਨਾਮ ਹੈ।ਖੋਜ=]
[ਪੈਰਾਂ ਦੇ ਖੁਰਾਂ ਦੇਨਿਸ਼ਾਨ। ਬਿਲੰਬ=ਡੇਰ]

(ਜਿਵੇਂ) ਖੋਜੀ ਖੋਜ ਦੇ ਨਿਸ਼ਾਨਾਂ ਨੂੰ ਵੇਖਦਾ ਵੇਖਦਾ ਤੁਰਿਆ ਜਾਂਦਾ ਹੈ ਅਤੇ ਟਿਕਾਣੇ ਉਤੇ ਪਹੁੰਚ ਜਾਂਦਾ ਹੈ, (ਭਲਾ ਜੇ ਕਰ)ਆਲਸ ਜਾਂ ਡੇਰ ਕਰ ਦੇਵੇ (ਤਾਂ ਹਵਾ ਨਾਲ ਉਡੇ ਹੋਏ ਘਟੇ ਨਾਲ) ਖੋਜ ਮਿਟ ਜਾਂਦਾ ਹੈ ।

**ਸਿਹਜਾ ਸਮੈ ਰਮੈ ਭਰਤਾਰਿ ਬਰ ਨਾਰਿ ਸੋਈ ਕਰੈ ਜਉ ਆਗਿਆ ਨ ਮਾਨੈ ਪ੍ਰਗਟਤ ਪ੍ਰਾਤ ਹੈ ॥**

(ਜਿਵੇ)ਇਸਤ੍ਰੀ ਸਮ ਸਿਰ ਪਤੀਸੇਜਾ ਤੇ ਰਮਨ [ਭੋਗ]ਕਰ ਦੀ ਹੈ,ਓਹੀ ਇਸਤ੍ਰੀਪੁਤ੍ਰ ਪ੍ਰਾਪਤੀਕਰਕੇ,(ਸਭਨਾਂ ਤੋਂ)ਸ੍ਰੇਸ਼ਟਹੁੰਦੀ ਹੈ,ਅਤੇ ਜੇਹੜੀ (ਆਲਸ ਕਰਕੇ ਪਤੀ ਪਾਸ ਨਹੀਂ ਜਾਂਦੀ, ਜਾਂ ਪਤੀ ਦੀ) ਆਗਿਆ ਨਹੀਂ ਮੰਨਦੀ ਹੈ,(ਉਹ ਜਦ)ਪ੍ਰਾਤਾਕਾਲ ਪ੍ਰਗਟ ਹੋ ਆਉਂਦਾ ਹੈ(ਤਦ ਪਛਤਾਵਾ ਕਰਦੀਹੈ)।

**ਬਰਖਤ ਮੇਘ ਜਲ ਚਾਤ੍ਰਿਕ ਤ੍ਰਿਪਤਿ ਪੀਜੇ ਮੋਨਿ ਗਹੈ ਬਰਖ ਬਤੀਤੇ ਬਿਲਲਾਤ ਹੈ ॥**

(ਜਿਵੇਂ)ਵਸਦੇ ਹੋਏ ਮੀਂਹਦੇ ਪਾਣੀ ਹੈ ਪਪੀਹਾ ਪੀ ਲਵੇ (ਤਾਂ ਉਹ)ਤ੍ਰਿਪਤੀ ਨੂੰ ਪਾਕੇਸ਼ਾਂਤ ਹੋ ਜਾਵੇਗਾ,(ਪਰ ਜੇ ਕਰ ਉਸ ਵੇਲੇ)ਚੁਪ ਕਰਕੇ ਮੋਨ ਬ੍ਰਤ ਧਾਰ ਲਵੇ ਤਾਂ ਮੀਂਹ ਦਾ ਸਮਾਂ ਲੰਘ ਜਾਵੇ (ਤਾਂ ਫਿਰ ਮਗਰੋਂ) ਰੋਂਦਾ ਰਹਿੰਦਾ ਹੈ ।

**ਸਿਖ ਸੋਈ ਸੁਨਿ ਗੁਰ ਸ਼ਬਦ ਰਹਿਤ ਰਹੈ ਕਪਟ ਸਨੇਹ ਕੀਏ ਪਾਛੈ ਪਛੁਤਾਤ ਹੈ ॥੪੪੦॥**

(ਇਵੇਂ ਹ )ਓਹੀ ਸਿਖ(ਅਨੰਦ ਪ੍ਰਸੰਨ)ਰਹਿੰਦਾ ਹੈ,(ਜੋ) ਗੁਰੂ ਉਪਦਸ਼ (ਦੇ ਅਨੁਸਾਰ)ਰਹਿਤ ਵਿਚ ਰਹਿੰਦਾ ਹੈ, (ਅਤੇ ਜੋ) ਕਪਟ ਦਾ ਸਨੇਹ ਕਰਦਾ ਹੈ, (ਉਹ) ਮਗਰੋਂ ਪਛਤਾਂਦਾ ਹੈ ॥੪੪੦॥

**ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਬਨ ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ ॥**

[ਦੁਗਧ=ਦੁਧ । ਮੁਕਤ ਫਲ=ਮੋਤੀ ।]
[ਭੁਗਤ=ਖੁਰਾਕ । ਗਾਤ ਕੀ=ਸਰੀਰ ਦੀ]
[ਰਹਿਓ ਨਪਰਤ=ਰਹਿਣਾ ਨਹੀਂ ਪਾਂਦਾ,]
[ਜਾਂ ਰਹਿ ਨਹੀਂ ਸਕਦਾ।ਪਾਤਕੀ=ਪਾਪੀ]

ਜਿਸ ਤਰਾਂ ਵਛਾ (ਆਪਣੀ ਮਾਂ ਤੋਂ) ਵਿਛੜਕੇ, ਹੋਰ ਕਿਸੇ ਗਊ ਦੇ ਥਨਾਂ ਨੂੰ ਜਾਵੇ (ਤਾਂ ਉਹ) ਦੁਧ ਪਾਨ ਨਹੀਂ ਕਰ ਸਕਦਾ,(ਕਿਉਂਕਿ ਗਊ ਉਸਨੂੰ) ਲਤ ਦੀ ਛੜ ਮਾਰਦੀ ਹੈ ।

**ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ ਖਾਤ ਨ ਮੁਕਤਾ ਫਲ ਭੁਗਤ ਜੁ ਗਾਤ ਕੀ ॥**

ਜਿਸ ਤਰਾਂ ਹੰਸ ਮਾਨਸਰ ਨੂੰ ਤਿਆਗਕੇ (ਕਿਸੇ ਹੋਰ) ਸਰੋਵਰ ਤੇ ਚਲਾ ਜਾਂਦਾ ਹੈ ਤਾਂ ਉਹ ਮੋਤੀ ਨਹੀਂ ਖਾ ਸਕਦਾ,(ਜੋ ਉਸਦੇ)ਸਰੀਰਦੀਖੁਰਾਕ ਹੈ।

**ਜੈਸੇ ਰਾਜ ਦੁਆਰ ਤਜਿ ਆਨ ਦੁਆਰ ਜਾਤੁ ਜਨੁ ਹੋਤ ਮਾਨ ਭੰਗੁ ਮਹਿਮਾ ਨ ਕਾਹੂ ਬਾਤ ਕੀ ॥**

ਜਿਸ ਤਰ੍ਹਾਂ ਪੁਰਸ਼ ਰਾਜ ਦਰਬਾਰ ਨੂੰ ਛਡਕੇ, (ਕਿਸੇ) ਹੋਰ ਦੇ ਬੂਹੇ ਤੇ ਜਾਂਦਾ ਹੈ ਤਾਂ ਉਸਦਾ ਮਾਨ ਭੰਗ ਹੁੰਦਾ ਹੈ ਅਤੇ (ਉਸਦੇ) ਕਿਸੇ ਭੀ ਗਲ ਦੀ ਮਹਿਮਾ ਨਹੀਂ ਹੁੰਦੀ ਹੈ।

**ਤੈਸੇ ਗੁਰ ਸਿਖ ਆਨ ਦੇਵ ਕੀ ਸਰਨਿ ਜਾਤਿ ਰਹਿਓ ਨ ਪਰਤ ਰਾਖਿ ਸਕਤ ਨ ਪਾਤਕੀ ॥ ੪੪੧ ॥**

ਉਸੇ ਤਰਾਂ (ਜੇ) ਗੁਰੂ ਦਾ ਸਿਖ(ਗੁਰੂ ਤੋਂ ਬੇਮੁਖ ਹੋਕੇ,ਕਿਸੇ) ਹੋਰ ਦੇਵਤੇ ਦੀ ਸ਼ਰਨ ਵਿਚ ਚਲਾ ਜਾਂਦਾ ਹੈ, (ਉਥੇ ਉਹ) ਰਹਿਣ ਨਹੀਂ ਪਾਂਦਾ, (ਕਿਉਂਕਿ ਉਸ) ਪਾਤਕੀ [ਨੀਚ ਪਾਪੀ] ਨੂੰ ਉਹ ਦੇਵਤਾ ਰਖ ਹੀ ਨਹੀਂ ਸਕਦਾ ਹੈ ॥੪੪੧॥

**ਜੈਸੇ ਘਨ ਘੋਰ ਮੋਰ ਚਾਤ੍ਰਿਕ ਸਨੇਹ ਗਤਿ ਬਰਖਤ ਮੇਹ ਅਸਨੇਹ ਕੈ ਦਿਖਾਵਈ ॥**

ਜਿਸ ਤਰਾਂ ਬਦਲ ਦੀ ਗੜਗੱਜ ਨਾਲ ਮੋਰ ਤੇ ਪਹੀਹੇ ਦੀ ਪ੍ਰੇਮ ਦੀ ਗਤੀ [ਚਾਲ] ਹੁੰਦੀ ਹੈ, ਪਰ ਉਹ) ਮੀਂਹ ਦੇ ਵਸਦਿਆਂ ਹੀ [ਅਸਨੇਹ] ਪ੍ਰੇਮ ਕਰਕੇ ਵਿਖਾਉਂਦੇ ਹਨ।

**ਜੈਸੇ ਤਉ ਕਮਲ ਜਲ ਅੰਤਰਿ ਦਿਸੰਤਰਿ ਹੁਇ ਮਧੁਕਰ ਦਿਨਕਰ ਹੇਤ ਉਪਜਾਵਈ ॥**

ਜਿਸ ਤਰਾਂ ਕਿ ਕਮਲ ਤਾਂ ਪਾਨੀ ਦੇ ਅੰਦਰ ਹੁੰਦਾ ਹੈ,(ਪਰ)ਭੌਰ ਕਿਸੇ ਹੋਰ ਦੇਸ ਵਿਚ ਹੁੰਦਾ ਹੈ,(ਪਰ ਜਦ ਕਮਲ)ਸੂਰਜ ਨਾਲ ਪ੍ਰੇਮ ਪੈਦਾ ਕਰਦਾ ਹੈ(ਤਾਂ ਭੌਰ) ਝਟ ਹੀ ਕੋਲ ਫੁਲ ਤੇ ਆ ਜਾਂਦਾ ਹੈ,ਅਰਥਾਤ ਸੂਰਜ ਚੜਦਿਆਂ ਕਮਲ ਖਿੜਦਾ ਹੈ ਤਾਂ ਭੌਰਾ ਆ ਜਾਂਦਾ ਹੈ, ਅਨਖਿੜੇ ਕੋਮਲ ਕੋਲ ਆਉਂਦਾ ਹੈ।

**ਦਾਦਰ ਨਿਰਾਦਰ ਹੁਇ ਜੀਅਤ ਪਵਨ ਭਖਿ ਜਲਿ ਤਜਿ ਮਰਤ ਨ ਪ੍ਰੇਮਹਿ ਲਜਾਵਈ ॥**

ਡੱਡੂ (ਦਾ ਪਾਨੀ ਕੋਲੋਂ) ਨਿਰਾਦਰ ਹੁੰਦਾ ਹੈ (ਤਾਂ ਉਹ)ਹਵਾ ਨੂੰ ਭਵਨ ਕਰਕੇ ਜੀਊਂਦਾ ਹੈ,ਪਾਨੀ ਨੂੰ ਤਿਆਗ ਕੇ ਮਰਦਾ(ਭਾਵੇਂ)ਨਹੀਂ ਹੈ,(ਪਰ)ਪ੍ਰੇਮ ਜਾਂ ਲਾਜ ਲਗਾਂਵਦਾ ਹੈ, [ਅਰਥਾਤ ਜਦ ਪਾਨੀ ਸੁੱਕ ਜਾਂਦਾ ਹੈ, ਤਾਂ ਮੱਛੀ ਮਰ ਜਾਂਦੀ ਹੈ ਪਰ ਡਡੂ ਹਵਾ ਦੇ ਆਸਰੇ ਜੀਂਦਾ ਰਹਿੰਦਾ ਹੈ, ਇਉਂ ਡਡੂ ਆਪਨੇ ਪ੍ਰੇਮ ਨੂੰ ਕਲੰਕੀ ਕਰ ਲੈਂਦਾ ਹੈ।

**ਕਪਟ ਸਨੇਹੀ ਤੈਸੇ ਆਨ ਦੇਵ ਸੇਵਕੁ ਹੈ ਗੁਰ ਸਿਖ ਮੀਨ ਜਲ ਹੇਤ ਠਹਿਰਾਵਈ ॥੪੪੨॥**

ਇਸੇ ਤਰਾਂ ਕਪਟ ਦੇ ਪਿਆਰ ਵਾਲਾ ਹੋਰਨਾਂ ਦੇਵਦਿਆਂ ਦਾ ਸੇਵਕ ਹੁੰਦਾ ਹੈ,(ਪਰ)ਗੁਰੂ ਦਾ ਸਿਖ (ਗੁਰੂ ਨਾਲ) ਮਛੀ-ਜਲ (ਵਰਗਾ) ਪ੍ਰੇਮ ਪਹਿਰਾਉਂਦਾ ਹੈ(ਅਰਥਾਤ ਜਿਵੇਂ ਮਛੀ ਪਾਨੀ ਤੋਂ ਬਿਨਾਂ ਹੋਰ ਕਿਸੇ ਪਦਾਰਥ ਵਿਚ ਜੀਊਂਦੀ ਨਹੀਂ ਰਹਿ ਸਕਦੀ ਇਸੇ ਤਰਾਂ ਗੁਰਸਿਖ ਗੁਰੂ ਤੋਂ ਵਿਛੜਕੇ ਰਹਿ ਨਹੀਂ ਸਕਦਾ,ਪਰ ਮਨ ਮੁਖ ਡੱਡੂ ਵਾਂਗੂ ਹੋਰਨਾਂ ਦੇ ਨਾਲ ਪ੍ਰੇਮ ਕਰਕੇ ਸਮਾਂ ਗੁਜਾਰ ਲੈਂਦਾ ਹੈ ॥੪੪੨॥

**ਪੁਰਖ ਨਿਪੁੰਸਕ ਨ ਜਾਨੈ ਬਨਿਤਾ ਬਿਲਾਸ ਬਾਂਝ ਕਹਾਂ ਜਾਨੈ ਸੁਖ ਸੰਤਤਿ ਸਨੇਹ ਕਉ ॥**

(ਜਿਸ ਤਰਾਂ)ਹੀਜੜਾ ਪੁਰਖ ਇਸਤ੍ਰੀ ਦੇ ਅਨੰਦ ਨੂੰ ਨਹੀਂ ਜਾਣਦਾ ਹੈ ਅਤੇ ਬੰਝ ਇਸਤ੍ਰੀ ਉਲਾਦ ਦੇ ਪਿਆਰ ਤੇ ਸੁਖ ਨੂੰ ਕੀ ਜਾਣ ਸਕਦੀ ਹੈ।

**ਗਨਿਕਾ ਸੰਤਾਨ ਕੋ ਬਖਾਨ ਕਹਾ ਗੋਤਾਚਾਰ ਨਾਹਿ ਉਪਚਾਰ ਕਛੁ ਕੁਸ਼ਟੀ ਕੀ ਦੇਹ ਕਉ ॥**

(ਜਿਸ ਤਰਾਂ) ਕੰਜਰੀ ਦੀ ਸੰਤਾਨ ਦਾ ਗੋਤਾ-ਚਾਰ ਕੀ ਪੜ੍ਹਿਆ ਜਾਏਗਾ ਅਤੇ ਕੋੜ੍ਹੀ ਦੀ ਦੇਹ ਦਾ ਇਲਾਜ ਨਹੀਂ ਹੋ ਸਕਦਾ ਹੈ।

**ਆਂਧਰੋ ਨ ਜਾਨੈ ਰੂਪ ਰੰਗ ਨ ਦਸਨ ਛਬਿ ਜਾਨਤ ਨ ਬਧਰੋ ਪ੍ਰਸਨ**

ਅਸਪ੍ਰੇਹ ਕਉ ॥

(ਜਿਵੇਂ) ਅੰਨ੍ਹਾਂ ਪੁਰਖ ਰੂਪ, ਰੰਗ ਤੇ ਵੰਦਾਂ ਦੀ ਸੁੰਦਰਤਾ ਨਹੀਂ ਜਾਣਦਾ ਹੈ ਅਤੇ ਬੋਲਾ ਪੁਰਸ਼ ਪ੍ਰਸੰਨਤਾ ਤ (ਅਸਪਰੇਹ) ਤੇ ਨਾਰਾਜਗੀ ਨੂੰ ਨਹੀਂ ਜਾਣਦਾ ਹੈ।

**ਆਨ ਦੇਵ ਸੇਵਕ ਨ ਜਾਨੈ ਗੁਰ ਦੇਵ ਸੇਵ ਜੈਸੇ ਤਉ ਜਵਾਸੋਂ ਨਹੀਂ ਚਾਹਤ ਹੈ ਮੇਹ ਕਉ ॥ ੪੪੩ ॥**

(ਇਸੇ ਤਰ੍ਹਾਂ) ਹੋਰਨਾਂ ਦਵਤਿਆਂ ਦਾ ਸੇਵਕ ਗੁਰ ਦਵ ਜੀ ਦੀ ਸਵਾ ਨੂੰ ਨਹੀਂ ਜਾਣਦਾ ਹੈ, ਜਿਸਤਰਾਂ ਜਵ ਸਾ ਮੀਂਹ ਨੂੰ ਨਹੀਂ ਚਾਹੁੰਦਾ ਹੈ ॥ ੪੪੩ ॥

**ਜੈਸੇ ਭੂਲਿ ਬਛੁਰਾ ਪਰਤ ਆਨ ਗਾਇ ਥਨ ਬਹੁਰਿਓ ਪਰਤ ਮਾਤ ਬਾਤ ਨ ਸਮਾਰ ਹੈ ॥**

ਜਿਸ ਤਰਾਂ ਵਛਾ ਕੁਲਕੇ ਕਿਸੇ ਦੂਜੀ ਗਊ ਦੇ ਥਣੀਂ ਜਾ ਪੈਂਦਾ ਹੈ ਤਾਂ ਫਿਰ ਮਾਂ ਨੂੰ ਮਿਲਦਾ ਹੈ, (ਤਾਂ) ਮਾਤਾ (ਉਸਦੀ ਭੁਲ) ਗੱਲ ਨਹੀਂ ਚੇਤੇ ਕਰਦੀ।

**ਜੈਸੇ ਆਨ ਸਰ ਭ੍ਰਮਿ ਆਵੈ ਮਾਨ ਸਰ ਹੰਸ ਦੇਤ ਮੁਕਤਾ ਅਮੋਲ ਦੋਖ ਨ ਬੀਚਾਰ ਹੈ ॥**

ਜਿਸਤਰਾਂ ਹੰਸ ਹੋਰਨਾਂ ਸਰੋਵਰਾਂ ਤੇ ਭੌਂਦਾ ਹੋਇਆ ਮਾਨ ਸਰੋਵਰ ਤੇ ਆ ਜਾਂਦਾ ਹੈ ਤਾਂ (ਮਾਨਸਰ ਉਸਨੂੰ) ਅਮੋਲਕ ਮੋਤੀ (ਖਾਣ ਨੂੰ) ਦੇਂਦਾ ਹੈ (ਅਤੇ ਉਸਦੇ) ਦੋਖ ਨੂੰ ਵਿਚਾਰਦਾ ਨਹੀਂ ਹੈ।

**ਜੈਸੇ ਨ੍ਰਿਪ ਸੇਵਕ ਜਉ ਆਨ ਦੁਆਰਿ ਹਾਰਿ ਆਵੈ ਚਉਗੁਨੋ ਬਢਾਵੈ ਨ ਅਵਗਿਆ ਉਰਿਧਾਰ ਹੈ ॥**

ਜਿਸਤਰਾਂ ਰਾਜੇ ਦਾ ਸਵਕ ਜੇਕਰ ਹੋਰਨਾਂ ਦਰਬਾਰਾਂ ਵਿਚ ਫਿਰਦਾ ਹੋਇਆ ਹਾਰ ਕੇ (ਫਿਰ ਰਾਜੇ ਦੇ) ਦੁਆਰੇ ਤੇ ਆ ਜਾਵ(ਤਾਂ ਰਾਜਾ ਉਸਦਾ ਔਹਦਾ) ਚਾਰ ਗੁਣਾਂ ਵਧਾ ਦੇਂਦਾ ਹੈ ਅਤ(ਉਸਦੀ ਕੀਤੀ ਹੋਈ) ਅਵਗਿਆ ਨੂੰ ਦਿਲ ਵਿਚ ਧਾਰਦਾ ਨਹੀਂ ਹੈ।

**ਸਤਿਗੁਰ ਅਸਰਨਿ ਸਰਨਿ ਦਇਆਲ ਦੇਵ ਸਿਖਨ ਕੋ ਭੂਲਿਬੋ ਨ ਰਿਦ ਮੈ ਨਿਹਾਰ ਹੈ ॥ ੪੪੪ ॥**

(ਇਸਤਰਾਂ) ਸਰਨ ਤੋਂ ਹੀਣਿਆਂ ਨੂੰ ਸ਼ਰਨ ਵਿਚ (ਆਸਰਾ ਦੇਣ ਵਾਲ) ਸਤਿਗੁਰੂ ਦਿਆਲੂ ਦੇਵ ਹਨ, (ਜੋ) ਸਿਖਾਂ ਦੀ ਭੁਲ ਨੂੰ ਹਿਰਦੇ ਵਿਚ ਵੇਖਦੇ ਹੀ ਨਹੀਂ ਹਨ (ਅਰਥਾਤ ਜੇਕਰ ਕੋਈ ਸਿਖ ਗੁਰੂ ਤੋਂ ਬੇਮੁਖ ਹੋ ਕੇ, ਫੇਰ ਗੁਰ ਸ਼ਰਨ ਵਿਚ ਆ ਜਾਵੇ ਤਾਂ ਸਤਿਗੁਰੂ ਸਿਖ ਦਾ ਉਧਾਰ ਕਰਦੇ ਹਨ ਅਤੇ ਉਸਦੀ ਭੁਲ ਵਲ ਧਿਆਨ ਹੀ ਨਹੀਂ ਦੇਂਦੇ ॥ ੪੪੪ ॥

**ਬਾਂਝ ਬਧੂ ਪੁਰਖੁ ਨਿਪੁੰਸਕ ਨ ਸੰਤਤਿ ਹੁਇ ਸਲਿਲ ਬਿਲੋਏ ਕਤ ਮਾਖਨ ਪ੍ਰਗਾਸ ਹੈ ॥**

(ਜਿਸਤਰਾਂ) ਸੰਢ ਇਸਤ੍ਰੀ ਤੇ ਹੀਜੜੇ ਪੁਰਖ ਤੋਂ ਉਲਾਦ ਨਹੀਂ ਹੁੰਦੀ ਹੈ, ਅਤ ਪਾਣੀ ਦੇ ਰਿੜਕਿਆਂ ਮੱਖਣ ਕਦੋਂ ਪ੍ਰਗਟ ਹੁੰਦਾ ਹੈ।

**ਫਨਿ ਗਹਿ ਦੁਗਧ ਪੀਆਏ ਨ ਮਿਟਤ ਬਿਖੁ ਮੂਰੀ ਖਾਏ ਮੁਖ ਸੈ ਨ ਪ੍ਰਗਟ ਸੁਬਾਸ ਹੈ ॥**

(ਜਿਸਤਰਾਂ) ਸੱਪ ਨੂੰ ਫੜਕੇ ਦੁਧ ਪਿਆਇਆ ਜਾਏ ਤਾਂ ਉਸਦੀ ਜ਼ੈਹਰ ਨਹੀਂ ਮਿਟਦੀ ਅਤੇ ਮੂਲੀ ਦੇ ਖਾਧਿਆਂ ਮੂੰਹ ਵਿਚੋਂ ਸੁਗੰਧੀ ਨਹੀਂ ਆਉਂਦੀ ਹੈ।

**ਮਾਨਸਰ ਪਰ ਬੈਠੇ ਬਾਇਸੁ ਉਦਾਸ ਬਾਸ ਅਰਗਜਾ ਲੇਪੁ ਖਰ ਭਸਮ ਨਿਵਾਸ ਹੈ ॥**

(ਜਿਸਤਰਾਂ) ਮਾਨ ਸਰੋਵਰ ਉਤੇ ਬੈਠੇ ਹੋਏ ਕਾਂ ਦਾ ਮਨ ਉਦਾਸ ਰਹਿਦਾ ਹੈ ਅਤੇ ਅਰਗਜਾ ਦੇ ਲੇਪ ਕਰ ਦੇਣ ਨਾਲ ਖੋਤਾ ਸਵਾਹ ਵਿਚ ਹੀ ਲੇਟਦਾ ਹੈ।

**ਆਨ ਦੇਵ ਸੇਵਕ ਨ ਜਾਨੈ ਗੁਰਦੇਵ ਸੇਵ ਕਠਿਨ ਕੁਟੇਵ ਨ ਮਿਟਤ**

**ਦੇਵ ਦਾਸ ਹੈ ॥ ੪੪੫ ॥**

(ਇਸੇ ਤਰ੍ਹਾਂ) ਹੋਰਨਾਂ ਦੇਵਤਿਆਂ ਦਾ ਸੇਵਕ ਗੁਰਦੇਵ ਜੀ ਦੀ ਸੇਵਾ ਨੂੰ ਨਹੀਂ ਜਾਣਦਾ ਹੈ, (ਕਿਉਂਕਿ) ਦੇਵਤਿਆਂ ਦੇ ਦਾਸ ਦੀ ਕਠਨ ਤੇ ਖੋਟੀ ਬਾਣ (ਵਾਦੀ) ਨਹੀਂ ਮਿਟਦੀ ਹੈ ॥ ੪੪੫ ॥

**ਜੈਸੇ ਤਉ ਗਗਨ ਘਟਾ ਘਮੰਡ ਬਿਲੋਕੀਅਤਿ ਗਰਜਿ ਗਰਜਿ ਬਿਨੁ ਬਰਖਾ ਬਿਲਾਤ ਹੈ ॥**

ਜਿਸ ਤਰ੍ਹਾਂ ਕਿ ਅਕਾਸ ਵਿਚ ਕਾਲੀਆਂ ਘਟਾਂ ਦਾ ਘਟਾਘੋਰ ਵਖੀਦਾ ਹੈ, (ਜੋ) ਗੱਜ ਗੱਜ ਕੇ (ਲੋਕਾਂ ਨੂੰ ਡਰਾ ਦੇਂਦਾ ਹੈ, ਅਤੇ) ਵਸੇ ਤੋਂ ਬਿਨਾਂ ਹੀ ਦੂਰ ਹੋ ਜਾਂਦਾ ਹੈ।

**ਜੈਸੇ ਤਉ ਹਿਮਾਚਲਿ ਕਠੋਰ ਅਉ ਸੀਤਲ ਅਤਿ ਸਕੀਐ ਨ ਖਾਇ ਖਾਇ ਤ੍ਰਿਖਾ ਨ ਮਿਟਾਤ ਹੈ ॥**

ਜਿਸਤਰ੍ਹਾਂ ਕਿ ਬਰਫ ਦਾ ਪਹਾੜ ਬੜਾ ਅਤੇ ਬਹੁਤ ਠੰਡਾ (ਹੋਣ ਕਰ ਕੇ) ਖਾ ਨਹੀਂ ਸਕੀਦਾ ਹੈ, ਅਤੇ ਜੇ (ਬਰਫ) ਖਾ ਲਈ ਜਾਏ ਤਾਂ ਤਰੇਹ ਨਹੀਂ ਮਿਟਦੀ ਹੈ।

**ਜੈਸੇ ਓਸ ਪਰਤ ਕਰਤ ਹੈ ਸਜਲ ਦੇਹੀ ਰਾਖੀਐ ਚਿਰੰਕਾਲ ਨ ਠਉਰ ਠਹਿਰਾਤ ਹੈ ॥**

ਜਿਸਤਰ੍ਹਾਂ ਤਰੇਲ ਪੈ ਕੇ ਦੇਹ ਨੂੰ ਸਜਲ (ਪਾਣੀ ਨਾਲ ਭਿਜੀ ਹੋਈ) ਕਰ ਦੇਂਦੀ ਹੈ, (ਉਸ) (ਤ੍ਰੇਲ ਨੂੰ ਜੇਕਰ) ਬਹੁਤ ਸਮੇਂ ਤਕ ਰਖਣਾ ਚਾਹੀਏ ਤਾਂ (ਉਹ) ਠਕਾਣੇ ਉਤੇ ਟਿਕਦੀ ਨਹੀਂ ਹੈ।

**ਤੈਸੇ ਆਨ ਦੇਵ ਸੇਵ ਤ੍ਰਿਬਿਧਿ ਚਪਲ ਫਲ ਸਤਿਗੁਰ ਅੰਮ੍ਰਿਤ ਪ੍ਰਵਾਹ ਨਿਤ ਪ੍ਰਾਤ ਹੈ ॥ ੪੪੬ ॥**

ਇਸੇ ਤਰ੍ਹਾਂ ਇਹਨਾਂ ਤਿੰਨਾਂ ਬਿਧੀਆਂ ਵਾਂਗੂੰ ਹੋਰਨਾਂ ਦੇਵਤਿਆਂ ਦੀ ਸੇਵਾ ਹੈ, ਜਿਸਦਾ ਫਲ ਚਪਲ ਹੈ, ਨਹੀਂ ਰਹਿੰਦਾ ਕੇਵਲ ਸਤਿਗੁਰੂ (ਦੀ ਸੇਵਾ ਤੋਂ ਪ੍ਰਾਪਤ ਹੋਏ) ਅੰਮ੍ਰਿਤ ਦਾ ਪ੍ਰਵਾਹ ਸਦਾ (ਹੀ ਰਾਤ) ਦਿਨ ਇਕ ਸਾਰ ਹੈ ॥ ੪੪੬ ॥

**ਬੈਸਨੋ ਅਨੰਨਿ ਬ੍ਰਹਮੰਨਿ ਸਾਲ ਗ੍ਰਾਮ ਸੇਵਾ ਗੀਤਾ ਭਾਗਵਤ ਸ੍ਰੋਤਾ ਇਕਾਕੀ ਕਹਾਵਹੀ ॥**

(ਇਕ) ਬ੍ਰਹਮ (ਜੋ) ਅਨਿੰਨ ਵੈਸ਼ਨਵ ਭਗਤ, ਨਿਤ ਸਾਲਗ੍ਰਾਮ ਦੀ ਸੇਵਾ ਕਰਦਾ, ਗੀਤਾ ਤੇ ਸ੍ਰੀ ਮਦ ਭਾਗਵਤ ਦਾ ਸਰੋਤਾ (ਤੇ ਵਕਤਾ ਸੀ) ਅਤੇ ਇਕ ਭਗਵਾਨ ਦੀ (ਭਗਤੀ ਕਰਨ ਵਾਲਾ) ਕਹਾਂਦਾ ਸੀ।

**ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛਿ ਕਰਤ ਗਵਨ ਸੋ ਮਹੂਰਤ ਸੁਧਾਵਹੀ ॥**

ਤੀਰਥ ਯਾਤਰਾ, ਧਰਮ ਸਥਾਨ ਦੀ ਯਾਤਰਾ ਤੇ ਦੇਵ ਮੰਦਰ ਦੀ ਯਾਤਰਾ ਨੂੰ (ਜਾਣ ਵਾਸਤੇ) ਪੰਡਤ ਨੂੰ ਪੁਛਕੇ ਗਵਨ ਕੀਤਾ (ਤੇ ਬੜੇ ਚੰਗੇ) ਮਹੂਰਤ ਨਾਲ ਉਹ ਤੁਰਿਆ ਸੀ।

**ਬਾਹਰਿ ਨਿਕਸਿ ਗਰਧਬ ਸ੍ਵਾਨ ਸਗਨੁ ਕੈ ਸੰਕਾ ਉਪਰਾਜਿ ਕੈ ਬਹੁਰਿ ਘਰਿ ਆਵਹੀ ॥**

(ਜਦ ਘਰ ਤੋਂ) ਬਾਹਰ ਨਿਕਲਿਆ (ਤਾਂ) ਖੋਤੇ ਤੇ ਕੁਤੇ ਦੇ ਸਗਨਾਂ ਨੂੰ ਵੇਖ ਕਰਕੇ ਤੇ ਮਨ ਵਿਚ ਸ਼ੰਕਾ ਪੈਦਾ ਕਰਕੇ ਫਿਰ ਘਰ ਨੂੰ ਮੁੜ ਆਇਆ ਸੀ।

**ਪਤਿਬ੍ਰਤਾ ਗਹਿ ਰਹਿ ਸਕਤ ਨ ਏਕਾ ਟੇਕ ਦੁਬਿਧਾ ਅਛਿਤ ਨ ਪਰਮ ਪਦੁ ਪਾਵਹੀ ॥ ੪੪੭ ॥**

(ਉਹ ਪਤਿਬ੍ਰਤਾ ਦੀ (ਗਹਿ ਰਹਿ, ਰਹਿਣੀ ਰ'ਹਕੇ ਇਕ ਓਟ (ਰਖ) ਨਹੀਂ ਸਕਦਾ ਹੈ ਅਤੇ ਦੁਬਿਧਾ ਦੇ ਮੌਜੂਦ ਹੁੰਦਿਆਂ ਪਰਮਪਦ ਨਹੀਂ ਪਾ ਸਕਦਾ ਹੈ। ੪੪੭ ॥

**ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ॥**

ਗੁਰਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਅਜੇਹਾ ਹੈ ਕਿ ਪਤਿਬ੍ਰਤਾ ਇਸਤਰੀ (ਸਮਾਨ) ਇਕ ਦੀ ਓਟ (ਵਿਚ ਰਹਿਕੇ) ਦੁਬਿਧਾ ਦੂਰ ਕਰ ਦਿਤੀ ਹੈ।

**ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੂ ਗ੍ਰਿਹ ਅਉ ਨਿਖਤ੍ਰ ਕੀ ਨ ਸੰਕਾ ਉਰ ਧਾਰੀ ਹੈ ॥**

ਜਤਸ਼ੀ ਨੂੰ ਨਹੀਂ ਪੁਛਦੇ ਅਤੇ ਵੇਦਾਂ ਦੀ ਵੀਚਾਰ (ਕਰਕੇ) ਥਿਤ ਵਾਰ ਆਦਿਕ ਕੁਝ (ਨਹੀਂ ਮੰਨਦੇ) ਅਤੇ ਨੌ ਗ੍ਰਹਿ (ਤੇ ਸਤਾਈ) ਨਛਤਰਾਂ ਦੀ ਸ਼ੰਕਾ ਭੀ ਮਨ ਵਿਚ ਧਾਰੀ ਹਈ ਨਹੀਂ ਹੈ।

**ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸ਼ਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ ॥**

ਨਾ ਲਗਨ ਤੇ ਸਗਨ ਨੂੰ ਜਾਣਦੇ ਹਨ, ਨਾਂ (ਕਿਸੇ) ਹੋਰ ਦੇਵਤੇ ਦੀ ਸਵਾ (ਕਰਨੀ) ਜਾਣਦੇ ਹਨ, (ਗੁਰ) ਸ਼ਬਦ ਵਿਚ ਸੁਰਤੀ ਦੀ ਲਿਵ (ਜੋੜਕੇ) ਨਿਰਕਾਰ ਦ ਨੇਹ (ਵਾਲ ਹੋਕੇ) ਸਮਾਂ ਗੁਜ਼ਾਰਦੇ ਹਨ।

**ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕਿ ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥ ੪੪੯ ॥**

ਸਿਖ ਸੰਤ ਬਾਲਕ (ਬਚੇ) ਹਨ, ਸ੍ਰੀ ਗੁਰੂ ਜੀ (ਇਸ ਬਚੇ ਦੀ) ਪ੍ਰਤਿਪਾਲਨਾ ਕਰਨ ਵਾਲੇ ਬਣੇ ਹਏ ਹਨ, ਬ੍ਰਹਮ ਦੀ ਵੀਚਰ ਵਾਲੇ ਹੋ ਕੇ ਜੀਵਨ ਮੁਕਤਿ ਅਵਸਥਾ (ਵਿਚ ਰਹਿੰਦੇ ਹਨ) ॥ ੪੪੯ ॥

ਵਾਰਤਾ—ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਇਕ ਪੰਡਿਤ ਰਹਿੰਦਾ ਸੀ, ਜੋ ਹਰ ਰੋਜ ਉਪਨਿਸ਼ਦਾਂ ਦੀ ਕਥਾ ਕਰਿਆ ਕਰਦਾ ਸੀ ਅਤੇ ਆਪਣੇ ਆਪ ਨੂੰ ਅਨਿੰਨ ਭਗਤ ਸਮਝਦਾ ਸੀ, ਇਕ ਦਿਨ ਭਾਈ ਪੈੜਾ ਜੀ ਸ੍ਰੀ ਗੁਰੂ ਸਾਹਿਬ ਜੀ ਦੇ ਹਜ਼ੂਰ ਆਏ ਤਾਂ ਸਾਹਿਬਾਂ ਨੇ ਫੁਰਮਾਇਆ—ਆਓ ਭਾਈ ਅਨਿੰਨ ਭਗਤਾ ! ਇਹ ਸੁਣਕੇ ਪੰਡਤ ਦੇ ਮਨ ਵਿਚ ਫੁਰਨਾ ਹੋਇਆ, ਵੇਖੋ ਜੀ ! ਗੁਰੂ ਸਾਹਿਬ ਜੀ ਨੇ ਮੇਰੀ ਜਰਾ ਜਿੰਨੀ ਭੀ ਕਦਰ ਨਹੀਂ ਪਾਈ। ਮੈਂ ਇਨ੍ਹਾਂ ਦੇ ਦਰਬਾਰ ਵਿਚ ਬ੍ਰਹਮ ਬਾਣੀ ਦਾ ਵੀਚਾਰ ਵਰਨਣ ਕਰਦਾ ਹਾਂ, ਫਿਰ ਬ੍ਰਾਹਮਣ ਤੇ ਖਾਸ ਕਰਕੇ ਵੇਦ ਵਕਤਾ ਪੰਡਿਤ ਹੋ ਕੇ ਵੀ ਇਹਨਾਂ ਦੀ, ਜੋ ਕਿ ਖਤਰੀ ਹਨ ਇਹਨਾਂ ਦੇ ਦਰਬਾਰ ਦੀ, ਸ਼ੋਭਾ ਦਾ ਕਾਰਣ ਹੋ ਰਿਹਾ ਹਾਂ ਅਤੇ ਖਾਸ ਕਰਕੇ ਸ੍ਰੀ ਭਗਵਾਨ ਕ੍ਰਿਸ਼ਨ ਜੀ ਨਾਲੋਂ ਭੀ ਇਹਨਾਂ ਦੇ ਪ੍ਰਤਾਪ ਨੂੰ ਜਗਤ ਵਿਚ ਵਧੀਕ ਪ੍ਰਗਟ ਕਰ ਰਿਹਾ ਹਾਂ, ਫਿਰ ਇਹਨਾਂ ਨੇ ਮੇਰੇ ਸਾਹਮਣੇ ਇਕ ਅੰਨਪੜ ਜਟ ਜੇਹੇ ਗਵਾਰ ਨੂੰ ਅਨਿੰਨ ਭਗਤਾ ਕਹਿਕੇ ਸਨਮਾਨ ਦਿਤਾ ਹੈ, ਅਤੇ ਮੈਨੂੰ ਇਸਤਰਾਂ ਦੇ ਸਨਮਾਨ ਨਾਲ ਕਦੇ ਭੀ ਸਨਮਾਨਤ ਨਹੀਂ ਕੀਤਾ। ਇਸਤਰਾਂ ਦੀਆਂ ਸੋਚਾਂ ਕਰ ਰਹੇ ਪੰਡਿਤ ਜੀ ਦੇ ਮਨ ਦੀਆਂ ਜਾਨਣਹਾਰ ਸਤਿਗੁਰੂ ਜੀ ਨੇ ਫੁਰਮਾਇਆ ਪੰਡਿਤ ਜੀ ! ਜਿਨ੍ਹਾਂ ਉਪਨਿਸ਼ਦਾਂ ਦੀ ਆਪ ਕਥਾ ਕਰਦੇ ਹੋ ਇਹ ਸਾਰੀਆਂ ਹੀ ਆਪ ਦੇ ਕੋਲ ਹੈਗੀਆਂ ਹਨ ? ਪੰਡਿਤ ਜੀ ਨੇ ਕਿਹਾ—ਸਾਹਿਬ ਜੀ ! ਏਹ ਸਾਰੀਆਂ ਉਪਨਿਸ਼ਦਾਂ ਦੋ ਪੁਸਤਕਾਂ ਵਿਚ ਹਨ, ਜਿਨ੍ਹਾਂ ਵਿਚੋਂ ਪਹਿਲੀ ਪੁਸਤਕ ਮੇਰੇ ਪਾਸ ਹੈ, ਜਿਸ ਦੀ ਰੋਜ ਕਥਾ ਕੀਤੀ ਜਾਂਦੀ ਹੈ, ਜੋ ਉਮੈਦ ਹੈ ਪਰਮਾਤਮਾਂ ਚਾਹੇ ਤਾਂ ਤਿੰਨਾਂ ਮਹੀਨਿਆਂ ਤਕ ਸੰਪੂਰਨ ਹੋ ਜਾਏਗੀ, ਇਸ ਦੀ ਦੂਜੀ ਪੁਸਤਕ ਮੇਰੇ ਘਰ ਕਾਂਸ਼ੀ ਵਿਚ ਪਈ ਹੈ, ਇਥੇ ਮੇਰੇ ਪਾਸ ਨਹੀਂ ਹੈ। ਸਤਿਗੁਰੂ ਜੀ ਨੇ ਫੁਰਮਾਇਆ—ਪੰਡਿਤ ਜੀ ! ਉਪਨਿਸਦਾਂ ਦੀ ਦੂਜੀ ਪੁਸਤਕ ਜਰੂਰ ਮੰਗਵਾਣੀ ਚਾਹੀਦੀ ਹੈ, ਤਾਂਕਿ ਸਾਰੇ ਪੁਸਤਕ ਦੀ ਕਥਾ ਵਾਚੀ ਜਾਵ। ਪੰਡਿਤ ਨੇ ਕਿਹਾ—ਆਪ ਹੁਕਮ ਕਰੋ ਤਾਂ ਮੈਂ ਆਪਣੇ ਪੁਤਰ ਨੂੰ ਕਾਂਸ਼ੀ ਭੇਜਕੇ ਪੁਸਤਕ ਮੰਗਵਾ ਲੈਂਦਾ ਹਾਂ, ਪਰ ਅਜ ਕਲ ਸਫਰ ਕਰਨਾ ਭੀ ਕੋਈ ਸੌਖਾ ਕੰਮ ਨਹੀਂ ਹੈ, ਆਪ ਜੈਸੇ ਭਗਵਾਨ ਹੀ ਇਸ ਦਾ ਪ੍ਰਬੰਧ ਕਰ ਸਕਦੇ ਹਨ। ਗਲ ਕੀ ਪੰਡਿਤ ਜੀ ਨੇ ਆਪਣੇ ਪੁਤਰ ਨੂੰ ਕਾਂਸ਼ੀ ਭੇਜਣ ਲਈ ਤਿਆਰ ਕੀਤਾ, ਪੰਜ ਹਜਾਰ ਰੁਪਯਾ ਸਫਰ ਖਰਚ ਦੇ ਬਹਾਨੇ

ਨਾਲ ਸ੍ਰੀ ਗੁਰੂ ਜੀ ਪਾਸੋਂ ਵਸੂਲ ਕਰ ਲਿਆ, ਕੋਈ ਲਾਂਗਰੀ ਤੇ ਕੋਈ ਸੇਵਾਦਾਰ, ਕੋਈ ਪਹਿਰੇਦਾਰ, ਇਸ ਤਰਾਂ ਦੇ ਬਹਾਨੇ ਵਗੈਰਾ ਕਰਕੇ ਪੰਝੀ ਕੁ ਆਦਮੀ ਸ੍ਰੀ ਗੁਰੂ ਜੀ ਪਾਸੋਂ ਮੰਗ ਲਏ ਤੇ ਇਸ ਛੋਟੇ ਜੇਹੇ ਕਾਫਲੇ ਦਾ ਸਰਦਾਰ ਪੰਡਤ ਨੇ ਆਪਣੇ ਪੁਤਰ ਨੂੰ ਬਣਾ ਦਿਤਾ। ਕੋਈ ਦੋ ਕੁ ਮਹੀਨੇ ਗ੍ਰਹਿ ਵਾਰ ਨਛਤ੍ਰ ਦਿਸਾਸੂਲ, ਜੋਗਨੀਆਂ ਆਦਿਕਾਂ ਦੀ ਵਿਚਾਰ ਵਿਚ ਹੀ ਗੁਜਾਰ ਦਿਤੇ, ਦੋ ਮਹੀਨਿਆਂ ਦੇ ਮਗਰੋਂ ਕਈ ਸੁਖਾਂ ਸੁਖਦਿਆਂ ਤੇ ਸ਼ੁਕਰ ਸ਼ੁਕਰ ਕਰਦਿਆਂ ਯਾਤਰਾ ਕਾਲ ਦਾ ਸੰਜੋਗ ਹੋਇਆ। ਪੰਡਿਤ ਜੀ ਆਪਣੇ ਪੁਤਰ ਨੂੰ ਵਿਦਾ ਕਰਨ ਲਈ ਸ੍ਰੀ ਰਾਮਦਾਸ ਪੁਰੇ ਤੋਂ ਬਾਹਰ ਆ ਗਏ। ਜਦ ਇਹ ਕਾਫਲਾ ਤੁਰਿਆ ਤਾਂ ਕੁਦਰਤ ਕਰਤਾਰ ਦੀ ਅਜੇਹੀ ਵਰਤੀ ਕਿ ਕਾਫਲੇ ਦੇ ਸਜੇ ਹਥ ਵਲ ਖੋਤਾ ਹੀਂਗ ਪਿਆ, ਖੋਤੇ ਦੀ ਹੀਂਗਣ ਦੀ ਅਵਾਜ ਸੁਣਦਿਆਂ ਹੀ ਪੰਡਿਤ ਦੇ ਮਥੇ ਦੇ ਤੌਰ ਬਦਲ ਗਏ, ਰੰਗ ਫਕ ਹੋ ਗਿਆ, ਯਾਤਰਾ ਦੀ ਸਲਾਹ ਰਹਿਤ ਹੋ ਗਈ, ਪੁਤਰ ਨੂੰ ਕਾਫਲੇ ਸਮੇਤ ਘਰ ਮੋੜ ਲਿਆਇਆ, ਪੁਤਰ ਨੂੰ ਘਰ ਛਡਕੇ ਆਪ ਸ੍ਰੀ ਗੁਰੂ ਜੀ ਦੇ ਦਰਬਾਰ ਵਿਚ ਕਥਾ ਵਾਚਨ ਚਲਾ ਗਿਆ, ਜਦ ਇਹ ਕਥਾ ਵਾਚ ਚੁਕਾ ਤਾਂ ਸਤਿਗੁਰੂ ਜੀ ਨੇ ਪੁਛਿਆ—ਪੰਡਿਤ ਜੀ! ਆਪਣੇ ਪੁਤਰ ਨੂੰ ਕਾਂਸ਼ੀ ਵਲ ਅਜ ਤੋਰ ਦਿਤਾ ਜੇ ? ਇਹ ਸੁਣ ਕੇ ਨਿੰਮੋਝੂਣੀ ਦਸ਼ਾ ਵਿਚ ਪੰਡਿਤ ਨੇ ਕਿਹਾ—ਮਹਾਰਾਜ! ਕੀ ਤੋਰਨਾ ਸੀ, ਮਸਾਂ ਮਸਾਂ, ਲਗਨਾਂ ਸਗਨਾਂ ਦੀ ਵਿਚਾਰ ਕਰਦਿਆਂ ਗ੍ਰਹ, ਨਛਤ੍ਰਾਂ, ਦਿਸ਼ਾ ਸੂਲ ਤੇ ਕਲਜੋਗਨਾਂ ਦੀਆਂ ਵਿਧਾਂ ਮੇਲਦਿਆਂ ਛੇ ਮਹੀਨੇ ਗੁਜਰ ਗਏ ਹਨ, ਅਜ ਦਾ ਬੜਾ ਸੁੰਦਰ ਯੋਗ ਬਣਿਆ ਸੀ, ਪਰ ਜਦ ਮੈਂ ਕਾਕੇ ਨੂੰ ਵਿਦਾ ਕਰਨ ਲਈ ਬਾਹਰ ਗਿਆ ਤੇ ਯਾਤਰਾ ਕਰਨ ਲਈ ਸਰਸਵਤੀ ਵਾਚਨ ਕਰਕ ਯਾਤਰਾ ਅਰੰਭ ਕਰਾਈ ਤਾਂ ਉਸੇ ਵੇਲੇ ਹੀ ਸਜੇ ਹਥ ਵਲ ਸੀਤਲਾ ਬਾਹਨ (ਗਰਧਬ) ਬੋਲ ਪਿਆ ਮਨ ਵਿਚ ਸ਼ੰਕਾ ਹੋ ਗਈ ਤੇ ਸਾਰਿਆਂ ਨੂੰ ਘਰ ਮੋੜ ਲਿਆਇਆ ਹਾਂ ਹੁਣ ਫੇਰ ਜਦੋਂ ਕੋਈ ਮਹੂਰਤ ਨਿਕਲੇਗਾ, ਉਸ ਦਿਨ ਯਾਤਰਾ ਅਰੰਭ ਕਰ ਦੇਵਾਂਗਾ। ਇਹ ਗਲ ਸੁਣਕੇ ਸਾਹਿਬ ਜੀ ਮੁਸਕਰਾਏ ਤੇ ਮੁਖਾਰਬਿੰਦ ਤੋਂ ਫੁਰਮਾਇਆ—ਪੰਡਿਤ ਜੀ! ਤੁਹਾਡੇ ਜੋਤਸ਼ ਸ਼ਾਸਤ੍ਰ ਦੀ ਵੀਚਾਰ ਨਾਲੋਂ ਖੋਤੇ ਦੀ ਅਵਾਜ ਜ਼ੋਰ ਵਾਲੀ ਹੋਈ ਨਾ, ਜਿਸਨੇ ਤੁਹਾਡੇ ਛੇ ਮਹੀਨੇ ਦੇ ਯਤਨਾਂ ਨੂੰ ਇਕ ਛਿਨ ਵਿਚ ਹੀ ਛਿਨ ਭਿੰਨ ਕਰ ਦਿਤਾ। ਕੀ ਏਹੋ ਹੀ ਅਨਿੰਨ ਭਗਤ ਦੇ ਲਛਨ ਹੁੰਦੇ ਹਨ ? ਕੀ ਇਸੇ ਹੀ ਵਿਸ੍ਵਾਸ਼ ਦੇ ਪਾਤ੍ਰ ਹੋ ਕੇ ਆਪਣੇ ਆਪ ਨੂੰ ਅਨਿੰਨ ਭਗਤੀ ਮੰਨੀ ਬੈਠੇ ਹੋ ? ਪਰ ਗਲਾਂ ਵਿਚ ਕਿਸੇ ਨੂੰ ਭੀ ਬਰਾਬਰ ਨਾ ਸਮਝਨ ਵਾਲੇ ਪੰਡਿਤ ਨੇ ਫਿਰ ਕਿਹਾ ਮਹਾਰਾਜ ਗਲਾਂ ਨਾਲ ਤਾਂ ਸਭੇ ਹੀ ਸੁਹਾਗਨਾਂ ਬਣ ਬੈਠਦੀਆਂ ਹਨ ਪਰ ਦੁਹਾਗਨੀ ਨੇ ਗਲਾਂ ਨਾਲ ਸੁਹਾਗਨੀ ਨਹੀਂ ਹੋ ਜਾਣਾ। ਏਹ ਗਲਾਂ ਹੋ ਹੀ ਰਹੀਆਂ ਸਨ ਕਿ ਉਸ ਵੇਲੇ ਭਾਈ ਪੈੜਾ ਜੀ ਨੇ ਆ ਕੇ ਸਤਿਗੁਰੂ ਜੀ ਦੇ ਚਰਨਾਂ ਉਤੇ ਮਥਾ ਟੇਕਿਆ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ ਐ ਭਾਈ ਪੈੜਾ ਜੀ! ਤੁਸੀਂ ਸੰਗਲਾ ਦੀਪ ਵਿਖੇ ਜਾਵੋ ਅਤੇ ਉਥੇ ਸ੍ਰੀ ਗੁਰੂ ਜੀ ਦੀ ਉਚਾਰਨ ਕੀਤੀ ਹੋਈ ਪੋਥੀ ਪ੍ਰਾਣ ਸੰਗਲੀ ਰਾਜੇ ਦੇ ਕੋਲ ਹੈ ਉਹ ਲੈ ਆਓ ਤਾਂਕਿ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿਤਾ ਜਾਵੇ। ਭਾਈ ਜੀ ਨੇ ਹੁਕਮ ਸੁਣਦਿਆਂ ਹੀ ਕਮਰ ਕਸਾ ਕਰ ਲਿਆ ਤੇ ਮਥਾ ਟੇਕਕੇ ਸੰਗਲਾ ਦੀਪ ਜਾਣ ਦੀ ਆਗਿਆ ਮੰਗੀ। ਉਧਰੋਂ ਕਿਸੇ ਪਰੇਮੀ ਨੇ ਆਣਕੇ ਪੰਜ ਪੈਸੇ ਸ੍ਰੀ ਗੁਰੂ ਜੀ ਦੀ ਭੇਟ ਕੀਤੇ। ਸਾਹਿਬਾਂ ਨੇ ਓਹੀ ਪੰਜ ਪੈਸੇ ਰਾਹਦਾਰੀ ਦੇ ਖਰਚ ਲਈ ਤੇ ਥਾਪੀ ਦੇ ਕੇ ਭਾਈ ਜੀ ਨੂੰ ਫੁਰਮਾਯਾ ਜਾਓ ਗੁਰੂ ਅੰਗ ਸੰਗ ਸਹਾਈ ਹੋਵੇ। ਕੁਝ ਥੋੜੇ ਹੀ ਦਿਨਾਂ ਮਗਰੋਂ ਭਾਈ ਜੀ ਪ੍ਰਾਣ ਸੰਗਲੀ ਲੈ ਕੇ ਆ ਗਏ ਪਰ ਏਨੇ ਸਮੇਂ ਤਕ ਪੰਡਿਤ ਜੀ ਨੂੰ ਕੋਈ ਯਾਤਰਾ ਕਾਲ ਦਾ ਸੁਅਵਸਰ ਹੀ ਹਥ ਨਾ ਆਇਆ। ਇਹਨਾਂ ਦੋਹਾਂ ਵਾਰਤਾਂ ਨੂੰ ਵੇਖਕੇ ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ਼ਾਰੇ ਨੂੰ ਸਮਝਨ ਵਾਲ ਭਾਈ ਸਾਹਿਬ ਜੀ ਨੇ ਇਕ ਕਬਿਤ ਵਿਚ ਪੰਡਿਤ ਦੀ ਅਨਿੰਨ ਭਗਤੀ ਤੇ ਦੂਜੇ ਵਿਚ ਗੁਰਸਿਖ ਦੀ ਭਗਤੀ ਦਾ ਵਰਣਨ ਕਰਕ ਸਾਰੀ ਸੰਗਤ ਨੂੰ ਸਮਝਾਇਆ ਜੋ ਦੋਵੇਂ ਕਬਿਤ ਉਪਰ ਲਿਖੇ ਜਾ ਚੁਕ ਹਨ।

**ਨਾਰਿ ਕੈ ਭਤਾਰ ਕੈ ਸਨੇਹ ਪਤਿਬ੍ਰਤਾ ਹੁਇ ਗੁਰ ਸਿਖ ਏਕ ਟੇਕ ਪਤਿਬ੍ਰਤ ਲੀਨ ਹੈ॥**

(ਜਿਸ ਤਰਾਂ) ਇਸਤ੍ਰੀ ਇਸਤ੍ਰੀ ਧਰਮ ਕਰਕੇ ਤੇ ਪਤੀ

ਨਾਲ ਸਨੇਹ ਕਰਕੇ 'ਪਤਿਬ੍ਰਤਾ' ਹੁੰਦੀ ਹੈ, (ਇਸੇ ਹੀ ਤਰ੍ਹਾਂ) ਗੁਰ ਸਿਖ ਨੇ ਇਕ (ਗੁਰੂ ਦੀ) ਓਟ (ਧਾਰਨ ਰੂਪ) ਪਤੀਬ੍ਰਤ ਧਾਰ ਲਿਆ ਹੈ।

**ਰਾਗ ਨਾਦ ਬਾਦ ਅਉ ਸੰਬਾਦ ਪਤਿਬ੍ਰਤਾ ਹੁਇ ਬਿਨੁ ਗੁਰ ਸ਼ਬਦੁ ਨ ਕਾਨ ਸਿਖ ਦੀਨ ਹੈ॥**

(ਜਿਸਤਰਾਂ) ਪਤਿਬ੍ਰਤਾ ਨੇ ਰਾਗ ਤੇ ਵਾਜਿਆਂ ਦੇ ਨਾਦ ਅਤੇ ਸੰਬਾਦ (ਗਲਾਂ ਬਾਤਾਂ) ਵਿਚ ਪਤੀਬ੍ਰਤ (ਹੀ ਧਾਰਿਆ ਹੈ, ਪਤੀ ਤੋਂ ਬਿਨਾਂ ਹੋਰ ਰਾਗ, ਨਾਦ, ਬਾਦ ਸੰਬਾਦ ਨਹੀਂ ਜਾਣਦੀ ਹੈ ਇਸੇ ਤਰ੍ਹਾਂ ਹੀ) ਗੁਰੂ ਸਿਖ ਨੇ ਗੁਰ ਸ਼ਬਦ ਤੋਂ ਬਿਨਾਂ ਹੋਰ ਕਿਧਰੇ ਕੰਨ ਹੀ ਨਹੀਂ ਦਿਤਾ ਹੈ।

**ਰੂਪ ਰੰਗ ਅੰਗ ਸਰਬੰਗ ਹੇਰੇ ਪਤਿਬ੍ਰਤਾ ਆਨ ਦੇਵ ਸੇਵਕ ਨ ਦਰਸ਼ਨ ਕੀਨ ਹੈ॥**

(ਜਿਸਤਰਾਂ) ਪਤਿਬ੍ਰਤਾ (ਇਸਤ੍ਰੀ ਪਤੀ ਦੇ ਹੀ) ਰੂਪ (ਨੂੰ ਪਤੀ ਦੇ ਹੀ) ਰਗ (ਨੂੰ ਤੇ ਪਤੀ ਦੇ) ਸਰੀਰ ਨੂੰ (ਸਰਬੰਗ) ਸਾਰੇ ਰੂਪਾਂ ਵਿਚ ਹੀ ਵੇਖਦੀ ਹੈ, (ਇਸੇ ਤਰ੍ਹਾਂ ਹੀ ਗੁਰ ਸਿਖ) ਦੂਜੇ ਕਿਸੇ ਦੇਵਤ ਤੇ ਦੇਵਤੇ ਦੇ ਸੇਵਕ ਦਾ ਦਰਸ਼ਨ ਨਹੀਂ ਕਰਦਾ ਹੈ।

**ਸੁਜਨ ਕੁਟੰਬ ਗ੍ਰਿਹਿ ਗਉਨ ਕਰੈ ਪਤਿਬ੍ਰਤਾ ਆਨ ਦੇਵ ਸਥਾਨ ਜੈਸੇ ਜਲ ਬਿਨੁ ਮੀਨ ਹੈ॥੪੪੯॥**

(ਜਿਸਤਰਾ) ਪ ਤਬ੍ਰਤਾ (ਇਸਤ੍ਰੀ) ਸਜਨਾ ਤੇ ਸਬੰਧੀਆਂ ਦੇ ਘਰ ਗਮਨ (ਜਾਣਾ) ਕਰਦੀ ਹੈ, ਪਰ ਹੋਰ ਕਿਸੇ ਦੇ ਘਰ (ਨਹੀਂ ਜ ਦੀ ਹੈ, ਇਸੇ ਤਰਾਂ ਸਿਖ ਗੁਰੂ ਘਰ ਦੇ ਸਥਾਨਾਂ ਤੇ ਤਾਂ ਜਾਣਾ ਕਰਦਾ ਹੈ, ਪਰ) ਹੋਰ ਕਿਸੇ ਦੇਵ ਸਥਾਨ ਤੇ ਜਾਣਾ (ਇਉਂ ਜਾਣਦਾ ਹੈ) ਜਿਸਤਰਾਂ ਪਾਣੀ ਤੋਂ ਬਿਨਾਂ ਮਛੀ ਹੁੰਦੀ ਹੈ, (ਅਰਥਾਤ ਜਲ ਤੋਂ ਹੀਣੀ ਮਛੀ ਦੀ ਜੇਹੀ ਹਾਲਤ ਹੁੰਦੀ ਹੈ, ਤੇਹਾ ਹੀ ਗੁਰੂ ਤੋਂ ਬਿਨਾਂ ਸਿਖ ਦੀ ਦਸ਼ਾ ਹੁੰਦੀ ਹੈ)॥ ੪੪੯॥

**ਐਸੀ ਨਾਇਕਾ ਸੈ ਕੁਆਰ ਪਾਤ੍ਰ ਹੀ ਸੁਪਾਤ੍ਰ ਭਲੀ ਆਸਾ ਪਿਆਸੀ ਮਾਤਾ ਪਿਤਾ ਏਕੈ ਕਾਹ ਦੇਤ ਹੈ॥**

ਅਜੇਹੀ ਇਸਤਰੀ ਨਾਲੋਂ ਕੁਆਰ ਪਾਤ੍ਰ ਹੀ ਚੰਗੀ ਸੁਪਾਤ੍ਰ ਹੈ, (ਜੋ ਇਸ) ਆਸ ਦੀ ਪਿਆਸੀ (ਹੈ, ਮੇਰੇ ਮਾਪੇ) ਕਿਸੇ ਇਕ ਨਾਲ (ਮੈਨੂੰ ਵਿਆਹ) ਦੇਣਗੇ (ਅਰਥਾਤ ਕੁਆਰੀ ਕੰਨਿਆਂ ਹੀ ਚੰਗੀ ਸੁਪਾਤ੍ਰ ਹੈ, ਜਿਸ ਨੂੰ ਇਸ ਗਲ ਦੀ ਸਿਕ ਹੈ ਕਿ ਮਾਪੇ ਇਕ ਨਾਲ ਵਿਆਹ ਕਰ ਦੇਣਗੇ ਭਾਵ ਇਕ ਨਾਲ ਵਿਆਹੇ ਜਾਣ ਦੀ ਇਛਾਵਾਨ ਹੈ)।

**ਐਸੀ ਨਾਇਕਾ ਸੈ ਦੀਨਤਾ ਕੈ ਦੂਹਾਗਨਿ ਭਲੀ ਪਤਿਤ ਪਾਵਨ ਪ੍ਰਿਅ ਪਾਇ ਲਾਇ ਲੇਤ ਹੈ॥**

ਅਜੇਹੀ ਇਸਤ੍ਰੀ ਨਾਲੋਂ ਉਹ ਦੁਹਾਗਣੀ ਹੀ ਚੰਗੀ ਹੈ (ਜਿਸਦੀ) ਦੀਨਤਾ (ਨੂੰ ਦੇਖ) ਕਰਕੇ ਪਤਿਤ ਪਾਵਨ ਪਤੀ ਚਰਨਾਂ ਨਾਲ ਲਾ ਲੈਂਦਾ ਹੈ। (ਉਹ ਬੇਮੁਖ ਹੀ ਚੰਗਾ ਹੈ, ਜੋ ਨਿਮ੍ਰਤਾ ਧਾਰਕੇ ਬੇਨਤੀ ਕਰਦਾ ਹੈ ਤੇ ਉਸਦੀ ਬੇਨਤੀ ਮੰਨਕੇ ਪਤਿਤ ਪਾਵਨ ਸਤਿਗੁਰ ਚਰਨਾਂ ਨਾਲ ਲਾ ਲੈਂਦਾ ਹੈ)।

**ਐਸੀ ਨਾਇਕਾ ਸੈ ਭਲੇ ਬਿਰਹਾ ਬਿਓਗ ਸੋਗ ਲਗਨ ਸਗਨ ਸੋਧੈ ਸਰਧਾ ਸਹਿਤ ਹੈ॥**

ਅਜੇਹੀ ਇਸਤ੍ਰੀ ਨਾਲੋਂ ਓਹ ਚੰਗੀ ਹੈ, (ਜੋ) ਬਿਰਹ ਤੇ ਵਿਜੋਗ ਦੇ ਸਗ ਨੂੰ (ਨਾਸ ਕਰਨ ਲਈ) ਸਰਧਾ ਤੇ ਪ੍ਰੇਮ ਨਾਲ ਲਗਨ ਸਗਨ ਸੋਧਦੀ ਹੈ ਅਰਥਾਤ ਜੋ ਪਤੀ ਤੋਂ ਵਿਛੜੀ ਹੋਈ ਔਂਸੀਆਂ ਪਾਂਦੀ ਤੇ ਕਾਂ ਉਡਾਉਂਦੀ ਹੋਈ ਅਰਜਾਂ ਕਰਦੀ ਹੈ, ਭਾਵ--ਜੋ ਗੁਰਸਿਖ ਗੁਰੂ ਨੂੰ ਮਿਲਨ ਲਈ ਹੀਲੇ ਬਹਾਨੇ ਕਰਦਾ ਹੈ।

**ਐਸੀ ਨਾਇਕਾ ਸੈ ਮਾਤ ਗਰਭ ਹੀ ਗਲੀ ਭਲੀ ਕਪਟ ਸਨੇਹ ਦੁਬਿਧਾ**

## ਜਿਉ ਰਾਹੁ ਕੇਤੁ ਹੈ ॥ ੪੫੦ ॥

ਅਜੇਹੀ ਇਸਤਰੀ ਨਾਲੋਂ ਮਾਂ ਦੇ ਗਰਭ ਵਿਚ ਹੀ ਗਲ ਗਈ ਹੋਈ ਚੰਗੀ ਹੈ, ਜੋ ਕਪਟ ਤੇ ਸਨੇਹ ਵਾਲੀ ਰਾਹੂ ਕੇਤੂ ਵਾਂਗੂ ਅੰਦਰੋਂ ਹੋਰ ਤ ਬਾਹਰੋਂ ਹੋਰ ਹੋ ਕੇ ਦੁਬਿਧਾ ਵਿਚ ਵਰਤ ਰਹੀ ਹੈ, (ਜੋ ਸ਼ਕਲ ਦਾ ਸਿਖ ਤੇ ਮਨ ਵਿਚ ਦੇਵੀ ਦੇਵਤਿਆਂ ਦੀ ਸ਼ਰਧਾ ਧਾਰੀ ਰਖਦਾ ਹੈ, ਅਜੇਹੇ ਸਿਖ ਦੇ ਜੀਵਨ ਨਾਲੋਂ ਮਰਨਾ ਭਲਾ ਹੈ) ॥ ੪੫੦ ॥

## ਜੈਸੇ ਜਲ ਕੂਪ ਨਿਕਸਤ ਹੈ ਜਤਨ ਕੀਏ ਸੀਚੀਅਤ ਖੇਤ ਏਕੈ ਪਹੂਚਤ ਨ ਆਨ ਕਉ ॥

ਜਿਸਤਰਾਂ ਪਾਣੀ ਖੂਹ ਵਿਚੋਂ ਜਤਨ ਕੀਤਿਆਂ ਨਿਕਲਦਾ ਹੈ, ਜੋ ਇਕ ਖੇਤ ਨੂੰ ਸਿੰਜਿਆਂ ਜਾਂਦਾ ਹੈ, ਪਰ ਇਕੋ ਸਮੇਂ ਵਿਚ ਦੂਜੇ ਖੇਤ ਨੂੰ ਨਹੀਂ ਪੁਜਦਾ ਹੈ।

## ਪਥਿਕ ਪਪੀਹਾ ਪਿਆਸੇ ਆਸ ਲਗਿ ਢਿਗ ਬੈਠਿ ਬਿਨ ਗੁਨੁ ਭਾਂਜਨ ਤ੍ਰਿਪਤਿ ਕਤ ਪ੍ਰਾਨ ਕਉ ॥

ਰਾਹੀ ਤੇ ਪਪੀਹਾ ਪਿਆਸੇ (ਪਾਣੀ ਦੀ) ਆਸ ਵਿਚ ਲਗਕੇ (ਖੂਹ ਦੇ)ਕੋਲ ਹੀ ਬੈਠੇ ਰਹਿੰਦੇ ਹਨ, (ਕਿਉਂਕਿ) (ਗੁਨ) ਲਜ ਤੇ ਭਾਂਡੇ ਤੋਂ ਬਿਨਾਂ (ਉਹਨਾਂ ਦੇ) ਪ੍ਰਾਣਾਂ ਨੂੰ ਤ੍ਰਿਪਤੀ ਕਿਸਤਰਾਂ ਆ ਸਕਦੀ ਹੈ ? ਅਰਥਾਤ ਖੂਹ ਉਤੇ ਡਲ ਤ ਲਜ ਨਾ ਹੋਵੇ ਤੇ ਰਾਹੀ ਕੋਲ ਭੀ (ਗੁਨ) ਜੇਵੜੀ ਤੇ ਗੜਵੀ ਨਾ ਹੋਵੇ ਤਾਂ ਉਹਨਾਂ ਦੀ ਤਰੇਹ ਕਸਤਰਾਂ ਮਿਟ ਸਕਦੀ ਹੈ ?

## ਤੈਸੇ ਹੀ ਸਕਲ ਦੇਵ ਟੇਵ ਸੈ ਟਰਤ ਨਾਹਿ ਸੇਵਾ ਕੀਏ ਦੇਤ ਫਲ ਕਾਮਨਾ ਸਮਾਨ ਕਉ ॥

ਉਸ ਤਰਾਂ ਹੀ ਸਾਰੇ ਦੇਵਤੇ (ਆਪੋ ਆਪਣੇ) ਟੇਵ (ਵਾਦੀ) ਤੋਂ ਟਲਦ ਨਹੀਂ ਹਨ, ਅਤੇ ਸੇਵਾ ਕਰਨ ਉਤੇ (ਸੇਵਾ ਕਰਨ ਵਾਲੇ ਨੂੰ) ਸਮਾਨ ਕਾਮਨਾ ਦਾ ਫਲ ਦੇਂਦੇ ਹਨ (ਅਰਥਾਤ ਇਸਤਰੀ, ਪੁਤਰ ਜਾਂ ਧਨ ਪਦਾਰਥ ਰੂਪ ਫਲ ਦੇ ਦੇਂਦੇ ਹਨ, ਪਰ ਮੁਕਤੀ ਰੂਪ ਫਲ ਨਹੀਂ ਦੇ ਸਕਦੇ)।

## ਪੂਰਨ ਬ੍ਰਹਮ ਗੁਰ ਬਰਖਾ ਅੰਮ੍ਰਿਤ ਹਿਤਿ ਬਰਖ ਬਰਖ ਦੇਤ ਸਰਬ ਨਿਧਾਨ ਕਉ ॥ ੪੫੧ ॥

ਪੂਰਨ ਬ੍ਰਹਮ ਰੂਪ ਗੁਰੂ ਪਰੇਮ ਅੰਮ੍ਰਿਤ ਦੀ ਬਰਖਾ ਬਰਖਾਕੇ (ਹਰਖ) ਖੁਸ਼ੀ ਅਨੰਦ ਤੇ (ਸਰਬ ਨਿਧਾਨ) ਸਾਰੇ ਪਦਾਰਥਾਂ ਨੂੰ ਦੇਂਦੇ ਹਨ। ੪੫੧ ॥

ਭਾਵ—ਜਿਸਤਰਾਂ ਖੂਹ ਇਕੋ ਸਮੇਂ ਸਾਰਿਆਂ ਖੇਤਾਂ ਨੂੰ ਨਾ ਤਾਂ ਹਰਿਆ ਭਰਿਆ ਕਰ ਸਕਦਾ ਤੇ ਨਾ ਹੀ ਸਭਨਾਂ ਦੀ ਪਿਆਸ ਬੁਝਾ ਸਕਦਾ ਹੈ, ਇਸੇ ਤਰਾਂ ਦੇਵੀਆਂ ਦੇਵਤੇ ਸਾਰਿਆਂ ਨੂੰ ਸਾਰੇ ਫਲ ਨਹੀਂ ਦੇ ਸਕਦੇ। ਜਿਵੇਂ ਬਰਖਾ ਦਾ ਪਾਣੀ ਇਕੋ ਸਮੇਂ ਸਾਰੇ ਦੇਸ਼ ਨੂੰ ਹਰਾ ਭਰਾ ਕਰਕੇ, ਦੇਸ਼ ਨੂੰ ਸੁਹਾਵਨਾ ਕਰ ਦੇਂਦਾ ਹੈ, ਇਸੇ ਤਰਾਂ ਸਤਿਗੁਰੂ ਸਾਰਿਆਂ ਨੂੰ ਸਾਰੇ ਪਦਾਰਥ ਇਕੋ ਵੇਲੇ ਬਖਸ਼ ਕੇ ਸਭਨਾਂ ਦੀ ਕਲਿਆਣ ਦਾ ਕਾਰਣ ਹੋ ਜਾਂਦੇ ਹਨ।

## ਜੈਸੇ ਉਲੂ ਦਿਨ ਸਮੇ ਕਾਹੂ ਐ ਨ ਦੇਖਿਓ ਭਾਵੈ ਤੈਸੇ ਸਾਧ ਸੰਗਤਿ ਮੈ ਆਨ ਦੇਵ ਸੇਵਕੈ ॥

ਜਿਸਤਰਾਂ ਦਿਨ ਦੇ ਸਮੇਂ ਉਲੂ ਦਾ ਵੇਖਣਾ ਕਿਸੇ ਨੂੰ ਭੀ ਭਾਉਂਦਾ ਨਹੀਂ ਹੈ, ਉਸੇ ਤਰਾਂ ਸਾਧ ਸੰਗਤ ਵਿਚ ਹੋਰਨਾਂ ਦੇਵਤਿਆਂ ਦਾ ਸੇਵਕ ਭੀ (ਵੇਖਿਆ ਨਹੀਂ ਭਾਉਂਦਾ)।

## ਜੈਸੇ ਕਊਆ ਬਿਦਿਮਾਨ ਬੋਲਤ ਕਾਹੂ ਨ ਭਾਵੈ ਆਨ ਦੇਵ ਸੇਵਕ ਜਉ ਬੋਲੈ ਅਹੰਮੇਵ ਕੈ ॥

ਜਿਸਤਰਾਂ ਆਪਣੇ ਸਾਹਮਣੇ ਬੈਠ ਕੇ ਕਾਂ ਦਾ ਬੋਲਣਾ ਕਿਸੇ ਨੂੰ ਭੀ ਚੰਗਾ ਨਹੀਂ ਲਗਦਾ ਹੈ, (ਇਸਤਰਾਂ) ਹੋਰਨਾ ਦੇਵਤਿਆਂ ਦਾ ਸੇਵਕ ਜੋ ਹੰਕਾਰ ਕਰਕੇ ਬੋਲਦਾ ਹੈ, (ਉਸਦਾ ਬੋਲਣਾ ਭੀ ਕਿਸੇ ਭਲੇ ਪੁਰਸ਼ ਨੂੰ ਭਾਉਂਦਾ ਨਹੀਂ ਹੈ)।

**ਕਟਤ ਚਟਤ ਸ੍ਵਾਨ ਪ੍ਰੀਤਿ ਬਿਪ੍ਰੀਤੀ ਜੈਸੇ ਆਨ ਦੇਵ ਸੇਵਕ ਸੁਹਾਇ ਨ ਕਟੇਵ ਕੈ ॥**

ਜਿਸਤਰਾਂ ਕੁਤਾ ਪ੍ਰੀਤ ਕਰਨ ਵੇਲੇ (ਸਰੀਰ ਨੂੰ) ਚਟਦਾ ਹੈ ਅਤੇ (ਬਿਪ੍ਰੀਤਿ) ਤਾੜਨਾ ਕਰੀਏ ਤਾਂ ਕਟਦਾ (ਵਢਦਾ) ਹੈ, ਦੋਵਾਂ ਢੰਗ ਹੀ ਦੁਖ ਦਾ ਕਾਰਨ ਹਨ, (ਇਸੇ ਤਰਾਂ) ਹੋਰਨਾਂ ਦਵਤਿਆਂ ਦਾ ਸਵਕ, ਭੈੜੀ ਬਾਨ ਕਰਕੇ (ਸਾਧ ਸੰਗਤ ਵਿਚ)ਸੁਹਾਉਂਦਾ ਨਹੀਂ ਹੈ ।

**ਜੈਸੇ ਮਰਾਲ ਮਾਲ ਸੋਭਤ ਨ ਬਗੁ ਠਗੁ ਕਾਢੀਐ ਪਕਰਿ ਕਰਿ ਆਨ ਦੇਵ ਸੇਵਕੈ ॥ ੪੫੨॥**

ਜਿਸਤਰਾਂ ਹੰਸਾਂ ਦੀ ਸਭਾ ਵਿਚ ਬਗਲਾ ਠਗ ਸੋਭਦਾ ਨਹੀਂ ਹੈ, (ਰੋੜਾ ਮਾਰਕੇ ਉਡਾ ਦੇਈਦਾ ਹੈ) ਇਸੇ ਤਰਾਂ (ਸਾਧ ਸੰਗਤ ਵਿਚੋਂ) ਹੋਰਨਾਂ ਦੇਵਤਿਆਂ ਦੇ ਸੇਵਕ ਨੂੰ ਹਥ ਤੋਂ ਫੜਕੇ (ਬਾਹਰ) ਕਢ ਦੇਈਦਾ ਹੈ ॥ ੪੫੨ ॥

**ਜੈਸੇ ਉਲੂ ਆਦਿਤ ਉਦੋਤ ਜੋਤ ਕਉ ਨ ਜਾਨੈ ਆਨ ਦੇਵ ਸੇਵਕੈ ਨ ਸੂਝੈ ਸਾਧ ਸੰਗ ਮੈ ॥**

(ਆਦਿਤ=ਸੂਰਜ । ਉਦੋਤ=ਚੜਨਾ ।)
(ਮਰਕਟ=ਬਾਂਦਰ । ਫਨਿੰਦ੍ਰ=ਸ਼ਸ਼ਨਾਗ,)
(ਸੱਪ। ਪੈ ਪਾਨ=ਦੁਧ ਪਿਅਈਏ। ਮਹਾਂ)
(ਪ੍ਰਸਾਦਿ=ਕੜਾਹ ਪ੍ਰਸਾਦ। ਤਰੰਗ=ਲੈਹਰ)

ਜਿਸ ਤਰਾਂ ਸੂਰਜ ਦੇ ਚੜ੍ਹਨ ਤੇ ਉਸ ਦੀ ਜੋਤ ਨੂੰ ਉਲੂ ਨਹੀਂ ਜਾਂਦਾ ਹੈ, (ਇਸੇ ਤਰਾਂ) ਹੋਰਨਾਂ ਦੇਵਤਿਆਂ ਦੇ ਸੇਵਕ ਨੂੰ ਸਾਧ ਸੰਗਤ ਵਿਚ (ਕੁਝ ਭੀ) ਨਹੀਂ ਸੁਝਦਾ ਹੈ ।

**ਮਰਕਟ ਮਨਿ ਮਾਨਕ ਮਹਿਮਾ ਨ ਜਾਨੈ ਆਨ ਦੇਵ ਸੇਵਕ ਨ ਸਬਦੁ ਪ੍ਰਸੰਗ ਮੈ ॥**

ਜਿਸਤਰਾਂ ਮਣੀਆਂ ਮਾਣਕਾਂ ਦੀ ਮਹਿਮਾ ਨੂੰ ਬਾਂਦਰ ਨਹੀਂ ਜਾਣਦਾ ਹੈ, (ਇਸੇ ਤਰਾਂ) ਹੋਰਨਾਂ ਦੇਵਤਿਆਂ ਦਾ ਸੇਵਕ (ਗੁਰ) ਸ਼ਬਦ (ਨੂੰ ਤੇ ਗੁਰੂ ਦੇ) ਪ੍ਰਸੰਗ ਨੂੰ ਨਹੀਂ ਸਮਝਦਾ ਹੈ ।

**ਜੈਸੇ ਤਉ ਫਨਿੰਦ੍ਰ ਪੈ ਪਾਨ ਮਹਾਤਮੈ ਨ ਜਾਨੈ ਆਨ ਦੇਵ ਸੇਵਕ ਮਹਾਂ ਪ੍ਰਸਾਦਿ ਅੰਗ ਮੈ ॥**

ਜਿਸਤਰਾਂ ਕਿ ਸਪ ਦੁਧ ਪੀਣ ਦੇ ਮਹਾਤਮ ਨੂੰ ਨਹੀਂ ਜਾਣਦਾ ਹੈ, (ਇਸੇ ਤਰਾਂ) ਹੋਰਨਾਂ ਦੇਵਤਿਆਂ ਦਾ ਸੇਵਕ ਕੜਾਹ ਪ੍ਰਸਾਦਿ ਦੇ (ਅੰਗ) ਪਖ ਵਿਚ (ਬੇ ਸਮਝ ਦਿਸਦਾ ਹੈ) ।

**ਬਿਨੁ ਹੰਸ ਬੰਸ ਬਗ ਠਗ ਨ ਸਕਤ ਟਿਕ ਅਗਮ ਅਗਾਧਿ ਸੁਖ ਸਾਗਰ ਤਰੰਗ ਮੈ ॥ ੪੫੩ ॥**

(ਇਸੇ ਤਰਾਂ) ਹੰਸਾਂ ਦੀ (ਬੰਸ) ਉਲਾਦ ਤੋਂ ਬਿਨਾਂ ਅਗਮ ਅਗਾਧ (ਰੂਪ) ਸੁਖ ਸਮੁੰਦਰ ਦੀਆਂ ਲੈਹਰਾਂ ਵਿਚ ਬਗਲਾ ਠਗ ਟਿਕ ਨਹੀਂ ਸਕਦਾ ਹੈ (ਅਰਥਾਤ ਸੁਖਾਂ ਦਾ ਸਮੁੰਦਰ ਅਗਮ ਅਗਾਧ ਰੂਪ ਸਾਧ ਸੰਗਤ ਹੈ, ਇਸ ਦੇ ਕੌਤਕਾਂ ਰੂਪ ਤਰੰਗਾਂ ਵਿਚ ਗੁਰਸਿਖਾਂ ਰੂਪ ਹੰਸਾਂ ਦੀ ਉਲਾਦ (ਗੁਰਸਿਖਾਂ ਦੀ ਉਲਾਦ) ਤੋਂ ਬਿਨਾਂ ਬਗਲਾ ਠਗ ਰੂਪ ਹੋਰਨਾਂ ਦਵਤਿਆਂ ਦਾ ਸੇਵਕ ਟਿਕ ਨਹੀਂ ਸਕਦਾ ਹੈ, ਭਾਵ ਸਾਧ ਸੰਗਤ ਦੇ ਕੌਤਕਾਂ ਨੂੰ ਨਾ ਸਮਝ ਸਕਣ ਦੇ ਕਾਰਨ ਦੇਵੀਆਂ ਦਵਤਿਆਂ ਦਾ ਭਗਤ ਉਥੋਂ ਉਠ ਦੌੜਦਾ ਹੈ ॥ ੪੫੩ ॥

**ਜੈਸੇ ਤਉ ਨਗਰ ਏਕ ਹੋਤ ਹੈ ਅਨੇਕ ਹਾਟੈ ਗਾਹਕ ਅਸੰਖ ਆਵੈ ਬੇਚਨ ਅਰੁ ਲੈਨ ਕਉ ॥**

ਜਿਸਤਰਾਂ ਕਿ ਇਕ ਸ਼ਹਿਰ ਵਿਚ ਅਨੇਕ ਹਟੀਆਂ ਹੁੰਦੀਆਂ ਹਨ (ਅਤੇ ਉਨ੍ਹਾਂ ਹਟਾਂ ਉਤੇ) ਅਸੰਖਾਂ ਗ੍ਰਾਹਕ (ਸੌਦਾ) ਲੈਣ ਅਤੇ (ਮਾਲ) ਵੇਚਣ ਨੂੰ ਆਉਂਦੇ ਹਨ ।

**ਜਾਪੈ ਕਛੁ ਬੇਚੈ ਅਰੁ ਬਨਜੁ ਨ ਮਾਗੈ ਪਾਵੈ ਆਨ ਪੈ ਬਿਸਾਹੈ ਜਾਇ ਦੇਖੈ ਸੁਖ ਨੈਨ ਕਉ ॥**

ਜਿਸ ਦੇ ਕੋਲ ਕੁਝ (ਮਾਲ) ਵੇਚੇ ਅਤੇ ਵਣਜਨ ਨੂੰ ਮੰਗਿਆ (ਮਾਲ) ਨਾ ਲੈ ਸਕੇ, (ਤਾਂ ਉਹ ਗ੍ਰਾਹਕ) ਦੂਸਰੇ ਕੋਲੋਂ ਜਾਕੇ ਖਰੀਦਦਾ ਹੈ, (ਜਦ ਕਿ) ਅਖਾਂ ਨੂੰ ਸੁਖਦਾਈ ਸੌਦਾ ਵੇਖਦਾ ਹੈ (ਅਰਥਾਤ ਇਕ ਵਪਾਰੀ ਕਿਸੇ ਦੁਕਾਨ ਤੇ ਮਾਲ ਵੇਚੇ ਤੇ ਆਪਣਾ ਸੌਦਾ ਮੰਗੇ, ਪਰ ਉਸ ਪਾਸੋਂ ਉਹ ਸੌਦਾ ਨਾ ਮਿਲੇ ਤਾਂ ਵਾਪਾਰੀ ਦੂਜੀ ਦੁਕਾਨ ਤੇ ਚਲਾ ਜਾਂਦਾ ਹੈ ਅਤੇ ਉਥੋਂ ਉਹ ਮਾਲ ਖਰੀਦ ਕਰਦਾ ਹੈ, ਜ ਉਸ ਨੂੰ ਪਸੰਦ ਹੁੰਦਾ ਹੈ)।

**ਜਾਕੀ ਹਾਟ ਸਕਲ ਸਮਗ੍ਰੀ ਪਾਵੈ ਅਉ ਬਿਕਾਵੈ ਬੇਚਤ ਬਿਸਾਹਤ ਚਾਹਤ ਚਿਤ ਚੈਨ ਕਉ ॥**

ਜਿਸ ਦੀ ਹਟੀ ਉਤੋਂ ਸਾਰੇ ਸੌਦੇ ਮਿਲ ਸਕਦੇ ਹੋਨ ਜੋ ਸਭ ਤਰ੍ਹਾਂ ਦੇ ਮਾਲ ਦੀ ਖਰੀਦ ਤੇ ਫਰੋਖਤ ਕਰਦਾ ਹੋਵੇ ਤਾਂ (ਉਸ ਪਾਸ) ਵਚਦਿਆਂ (ਤੇ ਉਸ ਤੋਂ) (ਬਿਸਾਹਤ) ਖਰੀਦਿਆਂ (ਵਪਾਰੀ ਦੇ) ਚਿਤ ਨੂੰ ਚੈਨ (ਖੁਸ਼ੀ) ਹੁੰਦੀ ਹੈ।

**ਆਨ ਦੇਵ ਸੇਵ ਜਾਇ ਸਤਿਗੁਰ ਪੂਰੇ ਸਾਹਿ ਸਰਬ ਨਿਧਾਨ ਜਾਕੈ ਲੈਨ ਅਰੁ ਦੈਨ ਕਉ ॥ ੪੫੪ ॥**

(ਇਸਤਰਾਂ) ਹੋਰਨਾਂ ਦਵਤਿਆਂ ਦ ਸੇਵਕ (ਰੂਪ ਵਪਾਰੀ) ਪੂਰੇ ਸਾਹ ਰੂਪ ਸਤਿਗੁਰੂ (ਜੀ ਕੋਲ) ਜਾਕ, ਜਿਸ ਦੇ ਕੋਲ ਸਾਰੇ ਪਦਾਰਥਾਂ ਦੇ ਨਿਧਾਨ (ਭੰਡਾਰ) ਲੈਣ ਅਰ ਦੇਣ ਨੂੰ ਭਰੇ ਹੋਏ ਹਨ (ਅਰਥਾਤ ਸਤਿਗੁਰ ਜੀ ਦੇ ਕੋਲ ਸੇਵਕਾਂ ਨੂੰ ਦੇਣ ਵਾਸਤੇ ਚਾਰ ਪਦਾਰਥ ਨੌ ਨਿਧਾਂ ਤੇ ਅਠਾਰਾਂ ਸਿਧਾਂ ਰੂਪ ਪਦਾਰਥ ਦੇ ਭੰਡਾਰ ਭਰੇ ਹੋਏ ਹਨ, ਜੋ ਸੇਵਕਾਂ ਦੇ ਔਗੁਣ ਲੈਂਦੇ ਤੇ ਸਿਖਾਂ ਨੂੰ ਮਨ ਇਛਤ ਫਲ ਦੇਂਦੇ ਹਨ)॥ ੪੫੪ ॥

**ਬਨਜ ਬਿਉਹਾਰ ਬਿਖੈ ਰਤਨ ਪਾਰਖੁ ਹੋਇ ਰਤਨ ਜਨਮ ਕੀ ਪਰੀ-ਖਿਆ ਨਹੀ ਪਾਈ ਹੈ ॥**

(ਵੇਖੋ) ਵਣਜ ਵਿਹਾਰ ਵਿਚ (ਏਡੇ ੨ ਸਿਆਣੇ ਹਨ, ਜੋ) ਰਤਨਾਂ ਦੇ ਪਾਰਖੂ ਹੋਏ ਹਨ, (ਉਨ੍ਹਾਂ ਨੇ ਅਮੋਲਕ ਮਨੁਖਾ) ਜਨਮ ਰੂਪ ਰਤਨ ਦੀ ਪ੍ਰੀਖਯਾ (ਕਰਨ ਦੀ ਸਮਝ) ਨਹੀਂ ਪਾਈ ਹੈ।

**ਲੇਖੈ ਚਿਤ੍ਰ ਗੁਪਤ ਸੇ ਲੇਖਕ ਲਿਖਾਰੀ ਭਏ ਜਨਮ ਮਰਨ ਕੀ ਅਸੰਕਾ ਨ ਮਿਟਾਈ ਹੈ ॥**

ਲੇਖੇ ਲਿਖਨ ਵਿਚ ਚਿਤਰ ਗੁਪਤ (ਸਮਾਨ) (ਲੇਖਕ) ਹਿਸਾਬੀ ਤੇ ਲਿਖਾਰੀ (ਲਖਾਂ) ਹੋਏ ਹਨ, (ਪਰ ਉਹਨਾਂ ਨੇ) ਮਰਣ ਜੰਮਨ ਦੀ (ਅਸੰਕਾ) ਭਰਾਂਤੀ ਦੂਰ ਨਹੀਂ ਕੀਤੀ ਹੈ)।

**ਬੀਰ ਬਿਦਿਆ ਮਹਾ ਬਲੀ ਭਏ ਹੈ ਧਨੁਖਧਾਰੀ ਹਉਮੈ ਮਾਰਿ ਸਕੀ ਨ ਸਹਜਿ ਲਿਵ ਲਾਈ ਹੈ ॥**

ਸੂਰਮਿਆਂ ਦੀ ਵਿਦਿਆ (ਸ਼ਸਤ੍ਰ ਵਿਦਿਆ) (ਸਿਖ ਕੇ) ਲਖਾਂ ਹੀ ਮਹਾਂਬਲੀ ਤੇ ਧਨੁਖ ਧਾਰੀ ਹੋ ਗੁਜ਼ਰੇ ਹਨ, (ਪਰ ਉਹਨਾਂ ਨੇ) ਹੰਮੇ ਨੂੰ ਮਾਰਕੇ ਸ਼ਾਂਤੀ ਵਿਚ ਲਿਵ ਨਹੀਂ ਲਾਈ ਹੈ।

**ਪੂਰਨ ਬ੍ਰਹਮ ਗੁਰਦੇਵ ਸੇਵ ਕਲੀ ਕਾਲ ਮਾਇਆ ਮੈ ਉਦਾਸੀ ਗੁਰ ਸਿਖਨ ਜਤਾਈ ਹੈ ॥ ੪੫੫ ॥**

ਪੂਰਨ ਬ੍ਰਹਮ ਦੇ ਰੂਪ ਗੁਰਦੇਵ ਦੀ ਸੇਵਾ ਨੇ (ਇਸ) ਕਲਿਜੁਗ ਦੇ ਸਮੇਂ ਵਿਚ ਮਾਯਾ ਵਿਚ ਉਦਾਸੀ (ਧਾਰਨ ਦੀ ਜੁਗਤੀ) ਗੁਰ ਸਿਖਾਂ ਨੂੰ ਜਤਾ ਦਿਤੀ ਹੈ ॥ ੪੫੫ ॥

**ਜੈਸੇ ਆਨ ਬਿਰਖ ਸਫਲ ਹੋਤ**

**ਸਮੈ ਪਾਇ ਸਰਬਦਾ ਫਲੰਤੇ ਸਦਾ ਫਲ ਸੁ ਸ੍ਵਾਦਿ ਹੈ ॥**

ਜਿਸਤਰਾਂ (ਇਕ) ਦਰਖਤ ਤਾਂ ਸਰਬਦਾ ਕਾਲ (ਸਰੀਆਂ ਰੁਤਾਂ ਵਿਚ) ਫਲਦੇ ਹਨ, ਉਹਨਾਂ ਦਾ ਫਲ ਸਦਾ ਹੀ ਸਵਾਦੀ ਹੁੰਦਾ ਹੈ ਅਤੇ (ਆਨ) ਦੂਜੇ ਦਰਖਤ ਸਮਾਂ ਪਾਕੇ ਸਫਲ ਹੁੰਦੇ ਹਨ (ਅਰਥਾਤ ਆਪਣੀ ਰੁਤ ਦੇ ਨਾਲ ਉਹਨਾਂ ਨੂੰ ਫੂਲ ਫਲ ਲਗਦੇ ਹਨ)।

**ਜੈਸੇ ਕੂਪ ਜਲ ਨਿਕਸਤ ਹੈ ਜਤਨ ਕੀਏ ਗੰਗਾ ਜਲ ਮੁਕਤਿ ਪ੍ਰਵਾਹਿ ਪਰਸਾਦਿ ਹੈ ॥**

ਜਿਸਤਰਾਂ ਖੂਹ ਦਾ ਪਾਣੀ ਯਤਨ ਕੀਤਿਆਂ ਹੀ ਨਿਕਲਦਾ ਹੈ, (ਪਰ) ਗੰਗਾ ਦਾ ਜਲ (ਮੁਕਤ) ਖੁਲ੍ਹਾ ਪਰਵਾਹ (ਵਗਦਾ ਹੋਯਾ, ਸੁਖ ਦੇਣ ਦੀ) ਕਿਰਪਾ ਕਰਦਾ ਹੈ।

**ਮ੍ਰਿਤਕਾ ਅਗਨਿ ਤੂਲ ਤੇਲ ਮਿਲਿ ਦੀਪ ਦਿਪੈ ਜਗਮਗ ਜੋਤਿ ਸਸੀਅਰ ਬਿਸਮਾਦਿ ਹੈ ॥**

(ਜਿਸਤਰਾਂ) ਮਿਟੀ (ਦੀ ਪਿਆਲੀ) ਅੱਗ, ਤੂੰ ਤੇ ਤੇਲ ਮਿਲਨ ਕਰਕੇ ਦੀਵਾ (ਦਿਪੈ) ਪ੍ਰਕਾਸ਼ ਕਰਦਾ ਹੈ, (ਪਰ) ਜਗ ਮਗ ਜੋਤ ਵਾਲੇ ਚੰਦ੍ਰਮਾਂ (ਦਾ ਪ੍ਰਕਾਸ਼ ਹੀ) ਅਸਚਰਜ ਹੈ।

**ਤੈਸੇ ਆਨ ਦੇਵ ਸੇਵ ਕੀਏ ਫਲੁ ਦੇਤ ਜੇਤ ਸਤਿਗੁਰ ਦਰਸ ਨ ਸਾਸਨ ਜਮਾਦਿ ਹੈ ॥ ੪੫੬ ॥**

ਉਸੇ ਤਰਾਂ ਹੋਰਨਾਂ ਦੇਵਤਿਆਂ ਦੀ ਸੇਵਾ ਕੀਤੀਆਂ ਫਲ ਦੇਂਦੀ ਹੈ ਅਤੇ (ਜੇਤ) ਜਿੰਨਾ ਕੂੰ (ਮੰਗੀਏ, ਓਨਾ ਕੂ ਹੀ ਦੇਂਦੀ ਹੈ, ਪਰ) ਸਤਿਗੁਰੂ ਦੇ ਦਰਸ਼ਨ (ਮਾਤਰ ਤੋਂ ਹੀ ਸਰਬ ਫਲ ਦੀ ਪ੍ਰਾਪਤੀ ਤੇ) ਜਮ ਆਦਿਕਾਂ ਦੀ ਸਾਸਨਾ (ਤਾੜਨਾ) ਨਹੀਂ ਹੁੰਦੀ ਹੈ ॥ ੪੫੬ ॥

**ਪੰਚ ਪਰਪੰਚ ਕੈ ਭਏ ਹੈ ਮਹਾਂ ਭਾਰਥ ਸੇ ਪੰਚ ਮਾਰਿ ਕਾਹੂਐ ਨ ਦੁਬਿਧਾ ਨਿਵਾਰੀ ਹੈ ॥**

(ਪਰਪੰਚ=ਵਲ ਛਲ। ਮਹਾਂ=ਮਹਾਨ ਯੋਧੇ।)
(ਭਾਰਥ=ਪਾਰਥ, ਅਰਜਨ ਪਾਂਡਵ। ਨਵ)
(ਨਾਥ=ਨੌਂ ਨਾਥ ਗੋਰਖ ਵਰਗੇ। ਪ੍ਰਬੋਧੈ=)
(ਉਪਦੇਸ਼ ਕਰਦਾ ਹੈ। ਸਮੋਧ=ਉਪਦੇਸ਼ ਦੇ)
( ਕੇ ਸ਼ਾਂਤ ਕਰਨਾ। )

ਵਲ ਛਲ ਕਰਕੇ ਮਹਾਂ ਭਾਰਥ ਦੇ ਪੰਜਾਂ (ਪਾਂਡਵਾਂ) ਵਰਗੇ (ਸੂਰਮੇ ਤਾਂ ਬਹੁਤੇ) ਹੋਏ ਹਨ, (ਪਰ) ਪੰਜ (ਕਾਮਾਦਿਕਾਂ ਨੂੰ) ਮਾਰਕੇ, ਦੁਬਿਧਾ ਨੂੰ ਭੀ ਦੂਰ ਨਹੀਂ ਕੀਤਾ ਹੈ (ਅਰਥਾਤ ਪਾਂਡਵਾਂ ਵਰਗੇ ਸੂਰਮੇ ਤਾਂ ਹੋ ਗਏ ਹਨ, ਪਰ ਕਾਮਾਦਿਕਾਂ ਨੂੰ ਮਾਰਕੇ ਦੂਈ ਨੂੰ ਕੋਈ ਨਹੀਂ ਮਾਰ ਸਕਿਆ)।

**ਗ੍ਰਿਹਿ ਤਜਿ ਨਵਿ ਨਾਥ ਸਿਧਿ ਜੋਗੀਸੁਰ ਹੁਇ ਨ ਤ੍ਰਿਗੁਨ ਅਤੀਤ ਨਿਜ ਆਸਨ ਮੈ ਤਾਰੀ ਹੈ ॥**

ਘਰ ਦਾ ਤਿਆਗ ਕਰਕੇ, ਨੌ ਨਾਥ, ਸਿਧ ਤੇ ਜੋਗੀਸਰ (ਤਾਂ ਬਹੁਤ) ਹੋ ਗਏ ਹਨ, (ਪਰ) ਤਿੰਨਾਂ ਗੁਣਾਂ ਤੋਂ ਅਤੀਤ ਹੋਕੇ ਨਿਜ ਆਸਨ ਵਿਚ ਤਾੜੀ (ਸਮਾਧੀ) (ਕਿਸੇ ਨੇ ਭੀ) ਨਹੀਂ (ਲਾਈ ਹੈ, ਅਰਥਾਤ ਸਿਧੀਆਂ ਨੂੰ ਪ੍ਰਾਪਤ ਕਰਕੇ ਜੋਗੀਸਰ ਤਾਂ ਬਹੁਤ ਹੋ ਗਏ ਹਨ ਪਰ ਮਨ ਨੂੰ ਕਾਬੂ ਕਰਕੇ ਨਿਜ ਸਰੂਪ ਵਿਚ ਵਾਸਾ ਕਿਸੇ ਨੇ ਭੀ ਨਹੀਂ ਕੀਤਾ ਹੈ)।

**ਬੇਦ ਪਾਠਿ ਪੜਿ ਪੜਿ ਪੰਡਿਤ ਪ੍ਰਬੋਧੈ ਜਗੁ ਸਕੈ ਨ ਸਮੋਧ ਮਨ ਤ੍ਰਿਸਨਾ ਨ ਹਾਰੀ ਹੈ ॥**

ਵੇਦ ਤੇ (ਪਾਠ) ਵਿਆਕਰਣ ਪੜ੍ਹ ਪੜ੍ਹਕੇ ਪੰਡਿਤ (ਬਹੁਤ ਹੋਏ ਹਨ, ਜੋ) ਜਗਤ ਨੂੰ ਪ੍ਰਬੋਧ (ਗਿਆਨ ਉਪਦੇਸ਼) ਕਰਦੇ ਹਨ, (ਪਰ ਉਹ) ਮਨ ਨੂੰ ਸੰਬੋਧ ਨਹੀਂ ਸਕੇ ਤੇ ਨਾ ਹੀ ਉਨ੍ਹਾਂ ਦੇ ਮਨ ਤੋਂ ਤ੍ਰਿਸ਼ਨਾ ਨਾਸ ਹੋਈ ਹੈ (ਅਰਥਾਤ ਪੰਡਿਤ ਹੋ ਕੇ ਲੋਕਾਂ ਨੂੰ ਉਪਦੇਸ਼ ਕਰਨ ਵਾਲੇ ਅਨੇਕਾਂ ਹਨ, ਪਰ ਆਪਣੇ ਮਨ

ਨੂੰ ਸੁਧਾਰਨ ਵਾਲਾ ਇਕ ਭੀ ਨਹੀਂ ਹੈ)।

**ਪੂਰਨ ਬ੍ਰਹਮ ਗੁਰਦੇਵ, ਸੇਵ ਸਾਧ ਸੰਗ ਸਬਦ ਸੁਰਤਿ ਲਿਵ ਬ੍ਰਹਮ ਬੀਚਾਰੀ ਹੈ ॥ ੪੫੭॥**

(ਪਰ ਜਿਸਨੇ) ਸਾਧ ਸੰਗ ਕਰਕੇ ਪੂਰਨ ਬ੍ਰਹਮ ਰੂਪ ਸਤਿਗੁਰੂ ਜੀ ਦੀ ਸੇਵਾ ਕੀਤੀ ਹੈ, (ਓਹੀ) ਸਬਦ ਵਿਚ ਸੁਰਤੀ ਦੀ ਲਿਵ (ਜੋੜਨ ਵਾਲਾ) ਬ੍ਰਹਮ ਦੀ ਵੀਚਾਰ ਵਾਲਾ (ਮਹਾਂ ਪੁਰਸ਼) ਹੈ ॥ ੪੫੭ ॥

**ਪੂਰਨ ਬ੍ਰਹਮ ਸਮ ਦੇਖਿ ਸਮ ਦਰਸੀ ਹੁਇ ਅਕਥ ਕਥਾ ਬੀਚਾਰ ਹਾਰਿ ਮੋਨਿ ਧਾਰੀ ਹੈ ॥**

ਬ੍ਰਹਮ ਨੂੰ (ਸਭਨਾਂ ਵਿਚ) ਸਮਾਨ ਪੂਰਨ ਵੇਖ ਕਰਕੇ ਸਮਦਰਸੀ ਹੋਏ ਹਨ, ਨਾ ਕਥਨ ਕੀਤੇ ਜਾਣ ਵਾਲੇ ਬ੍ਰਹਮ ਦੀ ਕਥਾ ਦਾ ਵੀਚਾਰ (ਕਰਨ ਕਰਕੇ) ਮਨ ਨ ਹਾਰ ਧਾਰ ਲਈ ਹੈ,(ਅਰਥਾਤ ਮਨ ਹਾਰ ਮੰਨਕੇ ਬ੍ਰਹਮ ਵੀਚਾਰ ਦੀ ਅਕਥ ਕਥਾ ਵਿਚ ਲਗ ਰਿਹਾ ਹੈ)।

**ਹੋਨਹਾਰ ਹੋਇ ਤਾਂਤੇ ਆਸਾ ਤੇ ਨਿਰਾਸ ਭਏ ਕਾਰਨ ਕਰਨ ਪ੍ਰਭੁ ਜਾਨਿ ਹਉਮੈ ਮਾਰੀ ਹੈ ॥**

(ਜੋ) ਹੋਨਹਾਰ (ਹੈ, ਓਹੀ) ਹਵੇਗੀ, ਇਸੇ ਕਰਕੇ ਆਸਾ ਤੋਂ ਨਿਰਾਸ ਹੋ ਗਏ ਹਨ, ਅਤੇ ਸਾਰ ਕਾਰਨਾਂ ਦ ਕਰਨ ਵਾਲਾ ਪ੍ਰਭੂ ਨੂੰ ਜਾਣਕੇ ਹੋਮੈ ਮਾਰ ਲਈ ਹੈ (ਅਰਥਾਤ ਮਨ ਨੇ ਇਹ ਭਰੋਸਾ ਕਰ ਲਿਆ ਹੈ, ਕਿ ਜੋ ਕੁਝ ਹੋਣਹਾਰ ਹੈ ਉਹੋ ਹੀ ਹੋਵੇਗੀ, ਅਨਹੋਣੀ ਨ ਕਦੇ ਹੋਣਾ ਹੀ ਨਹੀਂ, ਫਰ ਆਸਾ ਕੇਹੀ ਤੇ ਹੰਕਾਰ ਕੇਹਾ)।

**ਸੂਖਮ ਸਥੂਲ ਓਅੰਕਾਰ ਕੈ ਅਕਾਰ ਹੁਇ ਬ੍ਰਹਮ ਬਿਬੇਕ ਬੁਧਿ ਭਏ ਬ੍ਰਹਮਚਾਰੀ ਹੈ ॥**

ਓਅੰਕਾਰ ਕਰਕੇ ਹੀ ਸੂਖਮ ਤੇ ਸਥੂਲ ਅਕਾਰ ਹੋਏ ਹਨ (ਅਰਥਾਤ ਇਕ ਫੁਰਨੇ ਮਾਤ੍ਰ ਕਰਕੇ ਹੀ ਸਾਰੇ ਨਾ ਦਿਸਨ ਵਾਲੇ ਸਰੀਰ ਪੈਦਾ ਹੋਏ ਹਨ) ਇਸ ਤਰਾਂ ਦੇ ਬ੍ਰਹਮ ਵਿਚਾਰ ਵਾਲੀ ਬੁਧੀ (ਨੂੰ ਪ੍ਰਾਪਤ ਕਰਨ ਕਰਕੇ) ਬ੍ਰਹਮ ਵਿਚ (ਚਾਰੀ) ਵਿਚਰਨ ਵਾਲੇ ਹੋਏ ਹਨ।

**ਬਟ ਬੀਜ ਕੋ ਬਿਥਾਰ ਬ੍ਰਹਮ ਕੈ ਮਾਇਆ ਛਾਇਆ ਗੁਰਮੁਖਿ ਏਕ ਟੇਕ ਦੁਬਿਧਾ ਨਿਵਾਰੀ ਹੈ ॥ ੪੫੮ ॥**

(ਜਿਵੇਂ) ਬੋਹੜ ਦੇ ਬੀਜ ਤੋਂ ਹੀ ਬੋਹੜ ਦਾ ਵਿਸਥਾਰ (ਫੈਲਾਵ) (ਹੁੰਦਾ ਹੈ, ਉਸੇ ਤਰਾਂ) ਬ੍ਰਹਮ ਕਰਕੇ ਹੀ ਛਾਯਾ ਰੂਪ ਮਾਇਆ (ਪਸਾਰਾ ਕੀਤਾ ਹੈ) ਗੁਰਮੁਖ ਨੇ ਇਕ (ਇਸੇ) ਨਿਸਚੇ ਨੂੰ ਮਨ ਦੀ ਓਟ (ਬਣਾਕੇ) ਦੁਬਿਧਾ ਦੂਰ ਕਰ ਲਈ ਹੈ ॥ ੪੫੮ ॥

ਭਾਵ—ਮਨ ਚੰਚਲ ਹੋਨ ਕਰਕੇ ਟਿਕ ਨਹੀਂ ਸਕਦਾ ਹੈ, ਕਿਸੇ ਨਾ ਕਿਸੇ ਦੀ ਓਟ ਦੇ ਸਹਾਰ ਹੀ ਟਿਕ ਸਕਦਾ ਹੈ। ਦੂਈ ਦੀ ਓਟ ਵਿਚ ਦੁਬਿਧਾ ਹੁੰਦੀ ਹੈ, ਗੁਰਮੁਖ ਨੇ ਇਕ ਓਟ ਲਈ ਇਸ ਕਰਕੇ ਦੁਬਿਧਾ ਦੂਰ ਕਰ ਲਈ ਦੁਬਿਧਾ। ਨਾਸ ਕਰਨ ਦੀ ਇਸ ਲਈ ਲੋੜ ਹੈ ਕਿ—

ਦੁਬਿਧਾ ਮੈ ਦੋਨੋ ਗਏ ਮਾਇਆ ਮਿਲੀ ਨ ਰਾਮ।

**ਜੈਸੇ ਤਉ ਸਕਲ ਦ੍ਰੁਮ ਆਪਨੀ ਆਪਨੀ ਭਾਂਤਿ ਚੰਦਨੁ ਚੰਦਨ ਕਰੈ ਸਰਬ ਤਮਾਲ ਕਉ ॥**

(ਦ੍ਰੂਮ=ਦਰਖਤ । ਤਮਾਲ=ਦਰਖਤ ।)
(ਕੰਚਨ=ਸੋਨਾ।ਕਲੰਕ=ਕਲਨਕ (ਗੰਧਕ)
(ਤੇ ਪਾਰ ਤੋਂ ਬਣੀ ਹੋਈ ਇਕ ਦਵਾਈ)
(ਦਾ ਨਾਮ ਹੈ) । ਉਜਾਲ=ਪ੍ਰਕਾਸ਼ ਰੂਪ)
(ਲਾਲਤੂ ਭਾਹ ਭਾਵ ਸੇਣਾ । ਸਰਿਤਾ=)
(ਨਦੀ । ਬਿਬਿਧ=ਅਨੇਕਾਂ । ਸੁਰਸਰੀ=)
(ਗੰਗਾ । ਸੁਢਾਲ=ਬਣਾ ਲੈਂਦਾ ਹੈ ।)
(ਟੇਵ=ਬਾਨ, ਸੁਭਾਵ, ਵਾਦੀ। ਅਕਾਲ=)
(ਮੌਤ ਰਹਿਤ । )

ਜਿਸਤਰਾਂ ਕਿ ਸਾਰੇ ਬ੍ਰਿਛ ਆਪਣੀ ਆਪਣੀ

ਸ਼ਕਲ ਬ੍ਰਿਧੀ (ਵਿਚ ਹੁੰਦੇ ਹਨ, ਅਤੇ) ਚੰਦਨ ਸਾਰੇ ਦਰਖਤਾਂ ਨੂੰ ਚੰਦਨ ਕਰ ਦੇਂਦਾ ਹੈ (ਅਰਥਾਤ ਦਰਖਤ ਚੰਦਨ ਹੋ ਜਾਂਦੇ ਹਨ ਪਰ ਸ਼ਕਲ ਤੇ ਕਿਸਮ ਦਰਖਤਾਂ ਦੀ ਆਪਣੀ ਆਪਣੀ ਹੀ ਰਹਿੰਦੀ ਹੈ)।

**ਤਾਂਬਾ ਹੀ ਸੈ ਹੋਤ ਜੈਸੇ ਕੰਚਨ ਕਲੰਕੁ ਡਾਰੈ ਪਾਰਸ ਪਰਸਿ ਧਾਤੁ ਸਕਲ ਉਜਾਲ ਕਉ ॥**

ਜਿਸਤਰਾਂ ਕਲਨਕ ਪਾਇਆਂ ਤਾਂਬੇ ਹੀ ਤੋਂ ਸੋਨਾ ਹੁੰਦਾ ਹੈ, (ਪਰ) ਪਾਰਸ ਦਾ ਸਪਰਸ (ਛੋਹਨਾ) ਸਾਰੀਆਂ ਧਾਤਾਂ ਨੂੰ ਸੋਨਾ ਕਰਦਾ ਹੈ (ਅਰਥਾਤ ਕਲਨਕ ਭੀ ਸੋਨਾ ਕਰਦਾ ਹੈ ਤੇ ਪਾਰਸ ਭੀ ਸੋਨਾ ਕਰਦਾ ਹੈ, ਪਰ ਕਲਨਕ ਇਕ ਤਾਂਬੇ ਨੂੰ ਅਤੇ ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਕਰਦਾ ਹੈ)।

**ਸਰਿਤਾ ਅਨੇਕ ਜੈਸੇ ਬਿਬਿਧਿ ਪ੍ਰਵਾਹ ਗਤਿ ਸੁਰਸਰੀ ਸੰਗਮ ਸਮ ਜਲ ਸੁਢਾਲ ਕਉ ॥**

ਜਿਸਤਰਾਂ ਅਨੇਕਾਂ ਨਦੀ ਦੇ ਪ੍ਰਵਾਹ (ਵੈਹਨ) ਦੀ ਚਾਲ ਅਨਕ ਤਰਾ ਦੀ ਹੁੰਦੀ ਹੈ, ਅਤੇ (ਜੋ ਨਦੀ) ਗੰਗਾ ਨਾਲ ਸੰਗਮ (ਮਿਲਾਪ) ਕਰਦੀ ਹੈ, (ਉਸ ਦੇ) ਜਲ ਨੂੰ ਗੰਗਾ (ਅਪਨ) ਸਮਾਨ ਬਣਾ ਲੈਂਦੀ ਹੈ।

**ਤੈਸੇ ਹੀ ਸਕਲ ਦੇਵ ਟੇਵ ਸੈ ਟਰਤ ਨਾਹਿ ਸਤਿਗੁਰੁ ਅਸਰਨਿ ਸਰਨਿ ਅਕਾਲ ਕਉ ॥ ੪੫੯ ॥**

ਉਸ ਤਰਾਂ ਹੀ ਸਾਰੇ ਦਵਤ (ਅਪੋ ਆਪਣੀ) ਬਾਣ ਛਡਦ ਨਹੀਂ ਹਨ, (ਕੇਵਲ) ਸਤਿਗੁਰੂ ਸਰਨ ਵਿਚ ਨਾ ਆਉਣ ਯੋਗ ਪੁਰਸ਼ਾਂ ਨੂੰ ਸ਼ਰਨ ਵਿਚ ਲੈ ਕੇ ਮੌਤ ਤੋਂ ਰਹਿਤ (ਕਰ ਦੇਂਦ ਹਨ) ॥ ੪੫੯ ॥

ਭਾਵ—ਜਿਵੇਂ ਦਰਖਤ ਚੰਦਨ ਹੋ ਕੇ ਭੀ ਆਪੋ ਆਪਣੀ ਸ਼ਕਲ ਨਹੀਂ ਛਡਦੇ ਹਨ, ਭਾਵ ਏਹ ਹੈ ਕਿ ਚੰਦਨ ਉਨ੍ਹਾਂ ਦਾ ਗੁਣ ਬਦਲਾ ਸਕਦਾ ਹੈ, ਸ਼ਕਲ ਨਹੀਂ ਬਦਲਾ ਸਕਦਾ, ਇਸੇ ਤਰਾਂ ਆਨ ਦੇਵ ਫਲ ਦੇ ਸਕਦੇ ਹਨ, ਕਰਮ ਨਹੀਂ ਮੇਟ ਸਕਦੇ। ਪਰ ਦੂਜੇ ਪਾਸੇ ਕਲਨਕ ਅਜੇਹੀ ਵਸਤੂ ਹੈ ਜੋ ਗੁਣ ਤੇ ਸ਼ਕਲ ਭੀ ਬਦਲ ਸਕਦੀ ਹੈ, ਪਰ ਉਹ ਇਕ ਖਾਸ ਧਾਤ ਦੀ ਸ਼ਕਲ ਬਦਲਦੀ ਹੈ, ਸਾਰੀਆਂ ਧਾਤਾਂ ਦੀ ਨਹੀਂ, ਅਤੇ ਪਾਰਸ ਸਾਰੀਆਂ ਧਾਤਾਂ ਦੀ ਸ਼ਕਲ ਬਦਲ ਦੇਂਦਾ ਹੈ, ਪਰ ਮਨੂਰ ਦੀ ਹਸਤੀ ਨੂੰ ਨਹੀਂ ਮੇਟ ਸਕਦਾ, ਇਸੇ ਤਰਾਂ ਆਨ ਦੇਵਾਂ ਵਿਚੋਂ ਕੋਈ ਖਾਸ ਦੇਵਤਾ ਕੁਝ ਖਾਸ ਵਿਸ਼ੇਸ਼ਤਾ ਰਖਦਾ ਭੀ ਹੋਵੇਗਾ ਤਾਂ ਉਹ ਜਗਯਾਸੂ ਨੂੰ ਸੁਧਾਰੇਗਾ, ਪਾਮਰ ਨੂੰ ਨਹੀਂ। ਅਗੇ ਗੰਗਾ ਦਾ ਸੰਗਮ ਸਾਰੇ ਪਾਣੀਆਂ ਨੂੰ ਗੰਗਾ ਕਰ ਲੈਂਦਾ ਹੈ ਪਰ ਸਮੁੰਦਰ ਨੂੰ ਨਹੀਂ। ਸਮੁੰਦਰ ਭੀ ਜਲ ਰੂਪ ਹੈ ਤੇ ਨਦੀ ਭੀ ਜਲ ਰੂਪ ਹੈ, ਗੰਗਾ ਨਦੀ ਨੂੰ ਗੰਗਾ ਕਰਦੀ ਹੈ ਪਰ ਸਮੁੰਦਰ ਵਿਚ ਜਾਕੇ ਗੰਗਾ ਭੀ ਖਤਮ ਹੋ ਜਾਂਦੀ ਹੈ, ਇਸੇ ਤਰਾਂ ਆਨ ਦੇਵ ਜੇ ਕਿਸੇ ਨੂੰ ਸੁਧਾਰਦੇ ਹਨ ਤਾਂ ਤੁਛ ਅਤਿਤੁਛ ਨੂੰ ਮਹਾਨ ਨਾਲ ਮਿਲਕੇ ਆਪ ਭੀ ਕਲੰਕੀ ਹੋ ਜਾਂਦੇ ਹਨ, ਜੇਹਾ ਕਿ ਵਿਸ਼ਨ, ਸ਼ਿਵ, ਬ੍ਰਹਮਾ ਆਦਿਕ ਵਡੇ ਵਡੇ ਦੇਵਤ ਭੀ ਕਲੰਕੀ ਹੋ ਕੇ ਜਨਮ ਲੈਂਦੇ ਰਹੇ ਹਨ, ਕੇਵਲ ਇਕ ਸਤਿਗੁਰੂ ਜੀ ਹੀ ਅਜੂਨੀ ਵਿਅਕਤੀ ਹਨ, ਜੋ ਅਸ਼ਰਨਾਂ ਨੂੰ ਭੀ ਮਰਣ ਜੰਮਣ ਤੋਂ ਰਹਿਤ ਕਰ ਦੇਂਦੇ ਹਨ।

**ਗਿਰਗਟ ਕੈ ਰੰਗ ਕਮਲ ਸਮੇਹ ਬਹੁ ਬਨੁ ਬਨੁ ਡੋਲੈ ਕਊਆ ਕਹਾ ਧਉਸ ਵਾਨ ਹੈ ॥**

(ਗਿਰਗਟ=ਕਿਰਲਾ। ਸਮੇਹ=ਮੀਂਹ ਦੇ)
(ਸਮੇਂ, ਬਰਸਾਤ ਰੁਤ, ਚਮਾਸਾ। ਧਉਸ-)
(ਵਾਨ=ਸ਼ਿਕਾਰ ਮਾਰਨ ਵਾਲਾ, ਮੀਰ)
(ਸ਼ਿਕਾਰੀ। ਮਜਾਰ=ਬਿਲਾ। ਬੇਸਵਾ=)
(ਕੰਜਰੀ। ਬਿਸਨੀ=ਵਿਭਚਾਰਨੀ। ਮਰਾਲ)
(ਮਾਲ=ਹੰਸ ਮਾਲਾ। ਬਗੁ=ਬਗਲਾ।)
(ਦੁਰਗੰਧਿ=ਬਦਬੂ ਵਾਲੀ।)

ਕਿਰਲੇ ਦਾ ਰੰਗ ਕਮਲ (ਜੇਹਾ ਹੁੰਦਾ ਹੈ, ਪਰ) ਚਮਾਸੇ ਵਿਚ ਬਹੁਤੇ ਰੰਗ ਕਰਦਾ ਹੈ (ਕੀ ਉਹ ਕਮਲ ਦੇ ਸਮਾਨ ਹੈ?) ਕਾਂ ਬਨ ਬਨ ਵਿਚ ਫਿਰਦਾ ਹੈ, (ਤਾਂ ਕੀ) ਕਾਂ ਮੀਰ ਸ਼ਿਕਾਰੀ ਦੇ ਸਮਾਨ ਹੈ (ਅਰਥਾਤ ਕਿਰਲੇ ਤੇ ਕਮਲ ਦਾ ਰੰਗ ਭਾਵੇਂ ਮਿਲਦਾ ਹੈ, ਪਰ ਕਿਰਲਾ ਕਮਲ ਨਹੀਂ ਹੈ ਅਤੇ ਕਾਂ ਜੰਗਲ ਵਿਚ

ਫਿਰਦਾ ਹੈ ਤੇ ਮੀਰ ਸ਼ਿਕਾਰੀ ਦੀ ਭਾਲ ਵਿਚ ਜੰਗਲਾਂ ਵਿਚ ਭਜਾ ਫਿਰਦਾ ਹੈ ਤਾਂ ਕੀ ਕਾਂ ਭੀ ਸ਼ਿਕਾਰੀ ਕਿਹਾ ਜਾ ਸਕਦਾ ਹੈ)।

**ਘਰ ਘਰ ਫਿਰਤ ਮੰਜਾਰ ਅਹਾਰ ਪਾਵੈ ਬੇਸ੍ਵਾ ਬਿਸਨੀ ਅਨੇਕ ਸਤੀ ਨ ਸਮਾਨ ਹੈ ॥**

ਘਰ ਘਰ ਵਿਚ ਫਿਰਦਿਆਂ ਹੋਇਆਂ ਬਿਲਾ ਭੋਜਨ ਪਾਂਦਾ ਹੈ (ਤਾਂ ਕੀ ਬਿਲਾ ਹੀ ਭਿਖਛੂ ਹੈ ਜੋ ਘਰ ਘਰ ਤੋਂ ਮੰਧੂਕੜੀ ਲੈ ਕੇ ਭੋਜਨ ਪਾਦਾ ਹੈ) ਕੰਜਰੀ ਤੇ ਵਿਭਚਾਰਨੀ ਅਨੇਕ(ਤਰਾਂ ਦੇ ਹਾਵ--ਭਾਵ ਤੇ ਕਾਮ ਕਲੋਲ ਕਰਕੇ ਆਪਣੇ ਮਿਤ੍ਰਾਂ ਨੂੰ ਪ੍ਰਸੰਨ ਰਖਦੀਆਂ ਹਨ, ਪਰ ਉਹ) ਸਤੀ ਦੇ ਸਮਾਨ ਨਹੀਂ ਹਨ।

**ਸਰ ਸਰ ਭ੍ਰਮਤ ਨ ਮਿਲਤ ਮਰਾਲ ਮਾਲ ਜੀਵ ਘਾਤ ਕਰਤ ਨ ਮੋਨੀ ਬਗੁ ਧਿਆਨ ਹੈ ॥**

ਤਲਾਉ ਤਲਾਉ (ਜਾਂ ਟੋਭੇ ਟੋਭੇ) ਤੇ ਫਿਰਦਿਆਂ ਹੰਸਾਂ ਦੀ ਸਭਾ ਨਹੀਂ ਮਿਲ ਜਾਣੀ ਅਤੇ ਜੀਵ ਘਾਤ ਕਰਨ ਲਈ ਚੁਪ ਕਰਕੇ ਖੜੇ ਰਹਿਣ ਵਾਲੇ ਬਗਲੇ ਨੇ ਧਿਆਨੀ ਨਹੀਂ (ਬਣ ਜਾਣਾ)।

**ਬਿਨੁ ਗੁਰਦੇਵ ਸੇਵ ਆਨ ਦੇਵ ਸੇਵਕ ਹੁਇ ਮਾਖੀ ਤਿਆਗਿ ਚੰਦਨ ਦੁਰਗੰਧਿ ਅਸਥਾਨ ਹੈ ॥ ੪੯੦ ॥**

(ਇਸੇ ਤਰਾਂ) ਸਤਿਗੁਰੂ ਦੀ ਸੇਵਾ ਤੋਂ ਬਿਨਾਂ (ਜੋ ਭੀ) ਹੋਰਨਾਂ ਦੇਵਤਿਆਂ ਦਾ ਸਵਕ ਹੋਇਆ ਹੈ, (ਉਹ ਤਾਂ ਇਉਂ ਹੈ, ਜਿਵੇਂ) ਮਖੀ ਚੰਦਨ ਦਾ ਤਿਆਗ ਕਰਕੇ ਬਦਬੂ ਵਾਲੀ ਜਗਾ ਉਤੇ ਜਾ ਕੇ ਬੈਠ ਜਾਂਦੀ ਹੈ ॥ ੪੯੦ ॥

ਭਾਵ - ਗੁਰਦੇਵ ਦੀ ਸੇਵਾ ਦਾ ਤਿਆਗ ਕਰਨ ਵਾਲਾ ਪੁਰਸ਼ ਮਖੀ ਸਮਾਨ ਹੈ, ਜੋ ਦੂਜੇ ਦੇਵਤਿਆਂ ਦੀ ਸੇਵਾ ਕਰਨ ਰੂਪ ਅਰੂੜੀ ਤੇ ਬੈਠਾ ਹੋਇਆ ਹੈ।

**ਆਨ ਹਾਟ ਕੇ ਹਟੂਆ ਲੇਤ ਹੈ ਘਟਾਇ ਮੋਲ ਦੇਤ ਹੈ ਚੜਾਇ ਡਹਕਤ ਜੋਈ ਆਵੈ ਜੀ ॥**

(ਹਾਟ=ਦੁਕਾਨ, ਹੱਟੀ। ਹਟੂਆ=ਦੁਕਾਨ-)
(ਦਾਰ। ਡਹਕਤ=ਠੱਗਦਾ। ਬਿੜਤਾ=)
(ਨਫਾ, ਵਾਧਾ। ਟੋਟਾ=ਘਾਟੇ ਵੰਦਾ। )

ਹਟੀ ਉਤੇ ਆਣਕੇ (ਸੌਦਾ ਵੇਚਣਾ ਚਾਹੇ ਤਾਂ) ਦੁਕਾਨ ਦਾਰ ਮੁਲ ਘਟਾਕੇ (ਸੌਦਾ) ਲੈਂਦਾ ਹੈ, ਅਤੇ (ਕੋਈ ਖਰੀਦਨ) ਆਵੇ (ਤਾਂ ਫਿਰ) ਮੁੱਲ ਚੜ੍ਹਾਕੇ ਸੌਦਾ ਦੇਂਦਾ ਹੈ, (ਇਸ ਵੇਚਨ ਜਾਂ ਖਰੀਦਨ ਲਈ) ਜ ਭੀ ਆਉਂਦਾ ਹੈ, ਦੁਕਾਨਦਾਰ ਸਭਨਾਂ ਨੂੰ ਠੱਗ ਲੈਂਦਾ ਹੈ।

**ਤਿਨ ਸੈ ਬਨਜ ਕੀਏ ਬਿੜਤਾ ਨ ਪਾਵੈ ਕੋਊ ਟੋਟਾ ਕੇ ਬਨਜ ਪੇਖਿ ਪੇਖਿ ਪਛੁਤਾਵੈ ਜੀ ॥**

ਉਹਨਾਂ (ਦੁਕਨਦਾਰਾਂ) ਨਾਲ ਵਣਜ ਕੀਤਿਆਂ ਕੋਈ ਭੀ ਨਫਾ ਨਹੀਂ ਪਾਂਦਾ ਹੈ, ਅਤੇ ਵਣਜ ਵਿਚ ਘਾਟਾ ਵੇਖ ਵੇਖਕੇ ਪਛੁਤਾਂਦਾ ਹੈ।

**ਕਾਠ ਕੀ ਹਾਂਡੀ ਜੈਸੇ ਚਢੈ ਏਕੈ ਬਾਰ ਕੋਊ ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੀ ॥**

ਜਿਸਤਰਾਂ ਕਾਠ ਦੀ ਹਾਂਡੀ ਇਕੋ ਵੇਰੀ (ਚੁਲੇ ਉਤੇ) ਚੜ੍ਹਦੀ ਹੈ, (ਇਸੇ ਤਰਾਂ ਏਹੋ ਜੇਹੇ ਵਪਾਰੀ ਦੀ ਦੁਕਾਨ ਤੇ ਗ੍ਰਾਹਕ ਇਕ ਵੇਰੀ ਆਕੇ ਮੁੜ ਅ ਉਨ ਦਾ ਨਾਮ ਹੀ ਨਹੀਂ ਲੈਂਦਾ ਹੈ, ਕਿਉਂਕਿ) ਕਪਟ ਦਾ ਵਿਹਾਰ ਕਰਨ ਵਾਲਾ ਆਪਣੇ ਆਪ ਨੂੰ ਲਖਵਾ ਦੇਂਦਾ ਹੈ।

**ਸਤਿਗੁਰ ਸਾਹ ਗੁਨਿ ਬੇਚਿ ਅਵ-ਗੁਨ ਲੇਤ ਸੁਨਿ ਸੁਨਿ ਸੁਜਸੁ ਜਗਤ ਉਠਿ ਧਾਵੈ ਜੀ ॥ ੪੯੧ ॥**

ਸਤਿਗੁਰੂ ਸ਼ਾਹ ਹੈ, (ਜੋ ਸੇਵਕ ਦੇ) ਔਗੁਣ ਲੈਂਦਾ ਹੈ, (ਅਤੇ ਉਸਨੂੰ ਸ਼ੁਭ) ਗੁਣ ਦੇਂਦਾ ਹੈ, (ਇਸਤਰਾਂ ਦਾ) ਸੁਜਸ ਸੁਣ ਸੁਣਕੇ, ਜਗਤ (ਸ੍ਰੀ ਗੁਰ ਦੇਵ ਜੀ

ਵੱਲ) ਉੱਠਕੇ ਭਜਾ ਆ ਰਿਹਾ ਹੈ ॥੪੬੧॥

**ਪੂਰਨ ਬ੍ਰਹਮ ਸਮਸਰਿ ਦੁਤੀਆ ਨਾਸਤਿ ਪ੍ਰਤਿਆ ਅਨੇਕ ਹੋਇ ਕੈਸੇ ਬਨਿ ਆਵਈ ॥**

ਬ੍ਰਹਮ ਇਕ ਸਮਾਨ ਪੂਰਨ ਹੈ, ਦੂਸਰਾ (ਉਸਦੇ ਸਮਾਨ) ਨਹੀਂ ਹੈ, (ਜੋ) ਅਨੇਕਾਂ ਮੂਰਤਾਂ ਬਣੀਆਂ ਹੋਈਆਂ ਹਨ, (ਉਨ੍ਹਾਂ ਦੀ ਸਮਾਨਤਾ) ਕਿਸ ਤਰ੍ਹਾਂ ਨਾਲ ਬਣ ਆਉਂਦੀ ਹੈ ?

**ਘਟਿ ਘਟਿ ਪੂਰਨ ਬ੍ਰਹਮੁ ਦੇਖੈ ਸੁਨੈ ਬੋਲੈ ਪ੍ਰਤਿਆ ਮੈ ਕਾਹੇ ਨ ਪ੍ਰਗਟੁ ਹੁਇ ਦਿਖਾਵਈ ॥**

ਸਰੀਰ ਸਰੀਰ ਵਿਚ ਬ੍ਰਹਮ ਪੂਰਨ ਹੈ, (ਉਹੀ) ਵੇਖਦਾ ਹੈ, ਸੁਣਦਾ ਹੈ, ਬੋਲਦਾ ਹੈ, (ਤਾਂ ਫਿਰ ਉਹ) ਮੂਰਤੀ ਵਿਚੋਂ ਕਿਸ ਕਰਕੇ ਪ੍ਰਗਟ ਨਹੀਂ ਹੋ ਆਉਂਦਾ ? (ਅਰਥਾਤ ਜੇ ਮੂਰਤੀ ਭੀ ਉਸੇ ਦੀ ਹੈ ਤਾਂ ਫਿਰ ਮੂਰਤੀ ਵਿਚੋਂ ਪ੍ਰਗਟ ਕਿਉਂ ਨਹੀਂ ਹੁੰਦਾ ?)।

**ਘਰ ਘਰ ਘਰਨਿ ਅਨੇਕ ਏਕ ਰੂਪ ਹੁਤੇ ਪ੍ਰਤਿਆ ਸਕਲ ਦੇਵ ਸਥਲ ਹੁਇ ਨ ਸੁਹਾਵਈ ॥**

ਘੜ ਘੜਕੇ ਇਕੋ ਰੂਪ ਤੋਂ ਹੀ ਅਨੇਕਾਂ ਮੂਰਤਾਂ ਘੜੀਆਂ ਹਨ, (ਫਿਰ ਭੀ) ਸਾਰੀਆਂ ਮੂਰਤੀਆਂ ਦਵ ਮੰਦਰਾਂ ਵਿਚ ਸ਼ੋਭਾਇਮਾਨ ਨਹੀਂ ਹੁੰਦੀਆਂ ਹਨ।

**ਸਤਿਗੁਰ ਪੂਰਨ ਬ੍ਰਹਮ ਸਾਵਧਾਨ ਸੋਈ ਏਕ ਜੋਤਿ ਮੂਰਤਿ ਜੁਗਲ ਹੁਇ ਪੁਜਾਵਈ ॥ ੪੬੨ ॥**

ਪੂਰਨ ਬ੍ਰਹਮ ਦਾ ਸਾਵਧਾਨ (ਸਾਮਰਥੱਖ ਸਰੂਪ) 'ਸਤਿਗੁਰੂ' ਹੈ, ਓਹੀ ਇਕ 'ਜੋਤਿ' ਦੋ ਮੂਰਤਾਂ ਹੋਕੇ ਪੂਜਾ ਕਰਾ ਰਹੀ ਹੈ (ਅਰਥਾਤ ਸਤਿਗੁਰੂ ਤੇ ਪਾਰ ਬ੍ਰਹਮ ਦੋਹਾਂ ਦੀ ਜੋਤ (ਆਤਮਾ) ਇਕੋ ਹੈ, ਪਾਰਬ੍ਰਹਮ ਦੀ ਪ੍ਰਤਮਾ (ਤਸਵੀਰ ਜਾਂ ਫੋਟੋ) ਰੂਪ ਸਤਿਗੁਰੂ ਹੈ, ਇਕ ਗੁਰੂ ਦੀ ਪੂਜਾ ਕਰਨ ਵਿਚ ਦੋਹਾਂ ਦੀ ਪੂਜਾ ਤੇ ਦੋਹਾਂ ਦੀ ਪੂਜਾ ਇਕ ਦੀ ਪੂਜਾ ਹੈ) ॥੪੬੨॥

**ਮਾਨਸਰ ਤਿਆਗਿ ਆਨ ਸਰ ਜਾਇ ਬੈਠੇ ਹੰਸੁ ਖਾਇ ਜਲ ਜੰਤ ਹੰਸ ਬੰਸਹਿ ਲਜਾਵਈ ॥**

(ਜਿਸ ਤਰਾਂ) ਹੰਸ ਮਾਨ ਸਰੋਵਰ ਨੂੰ ਤਿਆਗ ਕਰਕੇ ਦੂਸਰ ਤਲਾਉ ਉਤੇ ਜਾ ਬੈਠੇ (ਤਾਂ ਮੋਤੀ ਨਹੀਂ ਖਾਇਗਾ, ਅਤੇ) ਪਾਨੀ ਦੇ ਜੀਵ(ਮਛੀਆਂ-ਡੱਡੂਆਦਿਕ) ਖਾਕੇ (ਆਪਨੀ) ਹੰਸ ਕੁਲ ਨੂੰ ਸ਼ਰਮਿੰਦਾ ਕਰਾਏਗਾ।

**ਸਲਿਲ ਬਿਛੋਹ ਭਸੇ ਜੀਅਤ ਰਹੈ ਜਉ ਮੀਨ ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥**

(ਜਿਸ ਤਰਾਂ) ਪਾਨੀ ਤੋਂ ਵਿਛੋੜਾ ਹੋ ਜਾਣ ਉਤੇ ਮੱਛੀ ਜੀਉਂਦੀ ਰਹੇ (ਤਾਂ ਉਹ) ਝੂਠ ਪ੍ਰੇਮ (ਵਾਲੀ ਹੋਣ) ਕਰਕੇ, ਸਨੇਹੀ (ਪ੍ਰੇਮੀ) ਨਹੀਂ ਕਹਾ ਸਕੇਗੀ।

**ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ ॥**

ਜਿਸ ਤਰ੍ਹਾਂ ਬੱਦਲ ਦੀ ਬੂੰਦ ਤੋਂ ਬਿਨਾ ਦੂਸਰੇ ਪਾਨੀ ਨੂੰ ਪੀ ਲਵੇ ਤਾਂ ਪਪੀਹਾ (ਆਪਣੀ) ਪਪੀਹਾ ਕੁਲ ਵਿਚ ਕਲੰਕ ਲਗਵ ਏਗਾ।

**ਚਰਨ ਕਮਲ ਅਲਿ ਗੁਰੁ ਸਿਖ ਮੋਖ ਹੁਇ ਆਨ ਦੇਵ ਸੇਵਕੁ ਹੁਇ ਮੁਕਤਿ ਨ ਪਾਵਈ ॥੪੬੩॥**

ਗੁਰੂ ਦੇ ਚਰਨ ਕਮਲਾਂ ਦਾ ਸਿਖ ਭੌਰਾ ਹੋ ਜਾਵੇ ਤਾਂ ਮੁਕਤ (ਪਦ ਨੂੰ ਪ੍ਰਾਪਤ) ਹੋਵੇਗਾ ਅਤੇ ਹੋਰਨਾਂ ਦੇਵਤਿਆਂ ਦਾ ਸੇਵਕ ਹੋਣ ਵਾਲਾ ਮੁਕਤੀ ਨਹੀਂ ਪਾਵੇਗਾ ॥੪੬੩॥

**ਜਉ ਕੋਊ ਮਵਾਸ ਸਾਧਿ ਭੂਮੀਆ ਮਿਲਾਵੈ ਆਨਿ ਤਾ ਪਰਿ ਪ੍ਰਸੰਨ ਹੋਤਿ**

**ਨਿਰਖਿ ਨਰਿੰਦ ਜੀ ॥**

( ਮਵਾਸ=ਆਕੀ। ਭੂਮੀਆ=ਜਗੀਰਦਾਰ। )
( ਸਾਧਿ=ਸਿਧਾ ਕਰਕੇ, ਆਕੀਪੁਣਾ ਭੰਨਕੇ। )
( ਨਿਰਖਿ=ਵੇਖਦਾ ਹੈ। ਨਰਿੰਦ=ਰਾਜਾ। )
( ਭ੍ਰਿਤ=ਦਾਸ, ਸੇਵਕ। ਧਾਇ=ਧਾਵਾ )
( ਕਰਕੇ। ਰਜਿੰਦ=ਰਾਜਿਆਂਦਾ ਰਾਜਾ, ਮਹਾ )
( ਰਾਜਾ। ਨਰੇਸ=ਰਾਜਾ। ਬਿੰਦ=ਜਾਣਿਆ )
( ਜਾਂਦਾ।

ਜਿਸ ਤਰ੍ਹਾਂ ਕੋਈ (ਸੂਰਮਾ) ਆਕੀ ਹੋਏ ਹੋਏ ਜਗੀਰ ਦਾਰ ਨੂੰ ਸਿਧਾ ਕਰਕੇ (ਰਾਜੇ ਨਾਲ) ਲਿਆ ਮਿਲਾਵੇ, ਤਾਂ ਰਾਜਾ ਉਸ ਉਤੇ ਪ੍ਰਸੰਨ ਹੋਇਆ ਵਖੀਦਾ ਹੈ।

**ਜਉ ਕੋਊ ਨ੍ਰਿਪਤਿ ਭ੍ਰਿਤਿ ਭਾਗਿ ਭੂਮੀਆ ਪੈ ਜਾਇ ਧਾਇ ਮਾਰੇ ਭੂਮੀਆ ਸਹਿਤ ਹੀ ਰਜਿੰਦ ਜੀ ॥**

ਜੇਕਰ ਕੋਈ ਰਾਜੇ ਦਾ ਸੇਵਕ (ਰਾਜ ਦਰਬਾਰ ਵਿਚੋਂ) ਭਜ ਕਰਕੇ, ਜਗੀਰਦਾਰ ਦੇ ਕੋਲ ਚਲਾ ਜਾਵੇ, ਤਾਂ ਮਹਾਰਾਜਾ ਚੜ੍ਹਾਈ ਕਰਕੇ ਜਗੀਰਦਾਰ ਸਮੇਤ ਉਸ ਸੂਰਮੇ ਨੂੰ ਮਾਰ ਸੁਟਦਾ ਹੈ।

**ਆਨ ਕੋ ਸੇਵਕ ਰਾਜ ਦੁਆਰ ਜਾਇ ਸੋਭਾ ਪਾਵੈ ਸੇਵਕ ਨਰੇਸ ਆਨ ਦੁਆਰ ਜਾਤ ਨਿੰਦ ਜੀ ॥**

(ਜਿਸ ਤਰ੍ਹਾਂ) ਕਿਸੇ ਹੋਰ ਬੰਦੇ ਦਾ ਸੇਵਕ ਰਾਜ ਦਰਬਾਰ ਵਿਚ ਚਲਾ ਜਾਵੇ (ਤਾਂ ਉਹ) ਸੋਭਾ ਤੇ ਇੱਜਤ ਪਾਂਦਾ ਹੈ ਪਰ ਰਾਜੇ ਦਾ ਸੇਵਕ ਕਿਸੇ ਦੂਜੇ ਦੇ ਦਰ ਤੇ ਚਲਾ ਜਾਵੇ ਤਾਂ ਉਸਦੀ ਨਿੰਦਾ ਹੁੰਦੀ ਹੈ।

**ਤੈਸੇ ਗੁਰ ਸਿਖ ਆਨ ਅਨਤ ਸਰਨਿ ਗੁਰ ਆਨ ਨ ਸਮਰਥ ਗੁਰ ਸਿਖ ਪ੍ਰਤਿ ਬਿੰਦ ਜੀ ॥੪੬੪॥**

ਉਸੇ ਤਰ੍ਹਾਂ ਹੀ ਗੁਰ ਸਿਖ ਨੂੰ ਗੁਰੂ [ਤੋਂ ਬਿਨਾਂ] ਦੂਸਰੇ ਦੀ ਸ਼ਰਨ ਵਿਚ ਜਾਣ ਦੀ [ਆਨ] ਸੌਂਹ ਹੈ, [ਕਿਉਂਕਿ] ਗੁਰ ਸਿਖ ਨੂੰ (ਰਖਣ ਲਈ) ਹੋਰ ਕੋਈ ਭੀ ਸਮਰੱਥ ਨਹੀਂ ਜਾਣੀਦਾ ਹੈ (ਅਰਥਾਤ ਜਿਵੇਂ ਰਾਜੇ ਦੇ ਸੇਵਕ ਨੂੰ ਕੋਈ ਰਖ ਨਹੀਂ ਸਕਦਾ, ਤਿਵੇਂ ਗੁਰ ਸਿਖ ਨੂੰ ਕੋਈ ਭੀ ਦੇਵੀ ਦੇਵਤਾ ਰਖ ਨਹੀਂ ਸਕਦਾਹੈ)।੪੬੪।

**ਜੈਸੇ ਉਪਬਨ ਆਂਬ ਸੇਂਬਲ ਹੈ ਊਚ ਨੀਚ ਨਿਹਫਲ ਸਫਲ ਪ੍ਰਗਟ ਪਹਿਚਾਨੀਐ ॥**

( ਉਪਬਨ=ਬਾਗ। ਸ਼ਿਵ=ਰਬੀ, ਗੁਣ। )
( ਸਕਤਿ=ਮਾਇਕ ਗੁਣ। ਸੰਤਤਿ=ਉਲਾਦ )

ਜਿਸ ਤਰ੍ਹਾਂ ਬਾਗ ਵਿਚ ਅੰਬ ਤੇ ਸਿੰਮਲ (ਆਦਿਕ) ਉਚੇ-ਨੀਵੇਂ ਦਰਖਤ ਹੁੰਦੇ ਹਨ, (ਜੋ) ਫਲਾਂ ਤੋਂ ਹੀਨੇ ਤ ਫਲਾਂ ਸਹਿਤ ਪਛਾਣੀਦੇ ਹਨ।

**ਚੰਦਨ ਸਮੀਪ ਜੈਸੇ ਬਾਂਸ ਅਉ ਬਨਾਸਪਤੀ ਗੰਧ ਨਿਰਗੰਧ ਸ਼ਿਵ ਸਕਤਿ ਕੈ ਜਾਨੀਐ ॥**

ਜਿਸ ਤਰ੍ਹਾਂ ਚੰਦਨ ਦ ਕੋਲ ਬਾਂਸ ਅਤੇ ਬਨਾਸਪਤੀ ਰਹਿੰਦੀ ਹੈ, (ਜੋ) ਰਬੀ ਸੁਭਾਵ ਵਾਲੀ ਬਨਾਸਪਤੀ ਸੁਗੰਧੀ ਵਾਲੀ ਤੇ ਮਾਇਕੀ ਸੁਭਾਵ ਵਾਲਾ ਵਾਂਸ ਵਾਸ਼ਨਾ ਤੋਂ ਹੀਨਾ ਕਰਕੇ ਜਾਣੀਦਾ ਹੈ (ਅਰਥਾਤ ਅੰਦਰੋਂ ਬਾਹਰੋਂ ਇਕ ਸਮਾਨ ਹੋਣਾ ਰਬੀ ਸੁਭਾਵ ਹੈ ਅਤੇ ਅੰਦਰੋਂ ਪੋਲਾ ਤ ਬਾਹਰੋਂ ਸੋਹਣਾ ਹੋਣਾ ਮ ਇਕੀ ਸੁਭਾਵ ਹੈ, ਇਹੋ ਗੁਣ ਵਾਂਸ ਦੇ ਵੇਖੇ ਜਾਂਦੇ ਹਨ)।

**ਸੀਪ ਸੰਖ ਦੋਊ ਜੈਸੇ ਰਹਿਤ ਸਮੁਦ੍ਰ ਬਿਖੈ ਸ੍ਵਾਂਤਿ ਬੂੰਦ ਸੰਤਤਿ ਨ ਸਮਤ ਬਿਧਾਨੀਐ ॥**

ਜਿਸ ਤਰ੍ਹਾਂ ਸਿਪ ਤੇ ਸੰਖ ਦੋਵੇਂ ਹੀ ਸਮੁੰਦਰ ਵਿਚ ਰਹਿੰਦੇ ਹਨ, (ਪਰ) ਸ੍ਵਾਂਤੀ ਬੂੰਦ ਦੀ ਉਲਾਦ (ਸਿਪ ਤੋਂ ਮੋਤੀ ਪ੍ਰਗਟ ਹੁੰਦਾ ਹੈ, ਪਰ ਸੰਖ ਤੋਂ ਨਹੀਂ ਇਸ) ਬਿਧੀ ਵਿਚ ਇਨਾਂ ਵਿਚ ਸਮ ਨਤਾ ਨਹੀਂ ਹੈ।

**ਤੈਸੇ ਗੁਰਦੇਵ ਆਨਦੇਵ ਸੇਵ ਕੀਨ ਭੇਦ ਅਹੰਬੁਧਿ ਨਿਮ੍ਰਤਾ ਅਮਾਨ ਜਗੁ ਮਾਨੀਐ ॥ ੪੬੫ ॥**

ਉਸੇ ਤਰ੍ਹਾਂ ਹੀ ਗੁਰਦੇਵ ਤੇ ਆਨ੍ਹਦੇਵ ਦੇ ਸੇਵਕਾਂ

ਵਿਚ ਭੇਦ ਹੈ, (ਕਿਉਂਕਿ ਗੁਰਦੇਵ ਦੇ ਸਿਖਾਂ ਨੂੰ) ਨਿਮ੍ਰਤਾ ਵਾਲੇ ਤੇ ਮਾਨ ਤੋਂ ਰਹਿਤ ਜਗਤ (ਵਿਚ ਵੇਖੀਦਾ ਹੈ, ਅਤੇ) ਆਨ ਦੇਵ ਦੇ ਸੇਵਕ ਹੰਕਾਰ ਦੀ ਬੁਧੀ ਵਾਲ ਮਾਨ ਧਾਰੀ ਜਗਤ ਵਿਚ ਮੰਨੇ ਜਾਂਦੇ ਹਨ ॥ ੪੬੫ ॥

## ਜੈਸੇ ਪਤਿਬ੍ਰਤਾ ਪਰ ਪੁਰਖੈ ਨ ਦੇਖਿਓ ਚਾਹੈ ਪੂਰਨ ਪਤਿਬ੍ਰਤਾ ਕੈ ਪਤਿ ਹੀ ਕੈ ਧਿਆਨ ਹੈ ॥

ਜਿਸ ਤਰ੍ਹਾਂ ਪਤਿਬ੍ਰਤਾ ਇਸਤ੍ਰੀ ਪਰਾਏ ਪੁਰਖ ਵਲ ਵੇਖਣਾ ਭੀ ਨਹੀਂ ਚਾਹੁੰਦੀ ਹੈ, ਪਤਿਬ੍ਰਤਾ (ਧਰਮ) ਪੂਰਨ (ਹੋਣ) ਕਰਕੇ ਪਤਿ ਹੀ ਦੇ ਧਿਆਨ (ਵਿਚ ਮਗਨ) ਹੈ ।

## ਸਰ ਸਰਿਤਾ ਸਮੁੰਦ੍ਰ ਚਾਤ੍ਰਿਕ ਨ ਚਾਹੈ ਕਾਹੂ ਆਸਘਨ ਬੂੰਦ ਪ੍ਰਿਅ ਪ੍ਰਿਅ ਗੁਨ ਗਿਆਨ ਹੈ ॥

(ਜਿਸ ਤਰ੍ਹਾਂ) ਤਲਾਉ, ਨਦੀਆਂ ਤੇ ਸਮੁੰਦਰ ਨੂੰ ਪਪੀਹਾ ਨਹੀਂ ਚਾਹੁੰਦਾ ਹੈ, ਬਦਲ ਦੀ ਬੂੰਦ ਦੀ ਆਸ (ਮਨ ਵਿਚ ਰਖਕੇ) ਪ੍ਰਿਅ, ਪ੍ਰਿਅ ਕਰਕੇ ਗੁਣ (ਗਾਉਣੇ ਹੀ) (ਗਿਆਨ) ਜਾਣਦਾ ਹੈ ।

## ਦਿਨਕਰ ਓਰ ਭੋਰ ਚਾਹਤ ਨਹੀ ਚਕੋਰ ਮਨ ਬਚ ਕ੍ਰਮ ਹਿਮਕਰਿ ਪ੍ਰਿਅ ਪ੍ਰਾਨ ਹੈ ॥

ਚਕੋਰ ਸੂਰਜ ਵਲ (ਭੋਰ) ਸਵੇਰੇ ਵੇਲੇ (ਚਾਹਤ) ਵੇਖਦਾ ਨਹੀਂ ਹੈ, (ਕਿਉਂਕਿ) ਮਨ, ਬਾਣੀ ਸਰੀਰ ਕਰਕੇ (ਹਿਮਕਰਿ) ਚੰਦ੍ਰਮਾਂ (ਹੀ ਉਸ ਦੇ) ਪ੍ਰਾਣਾਂ ਦਾ ਪਿਆਰਾ ਹੈ ।

## ਤੈਸੇ ਗੁਰ ਸਿਖ ਆਨ ਦੇਵ ਸੇਵ ਰਹਿਤ ਪੈ ਸਹਜ ਸੁਭਾਵ ਨ ਅਵ-ਗਿਆ ਅਭਿਮਾਨ ਹੈ ॥ ੪੬੬ ॥

ਉਸੇ ਤਰ੍ਹਾਂ ਗੁਰ ਸਿਖ ਹੋਰਨਾਂ ਦੇਵਤਿਆਂ ਦੀ ਸੇਵਾ ਤੋਂ ਰਹਿਤ ਹੈ, ਪਰ (ਇਹ ਗਲ ਸਹਜ ਸੁਭਾਵ ਹੈ) (ਇਸ ਵਿਚ) ਅਵਗਿਆ ਤੇ ਅਭਿਮਾਨ ਨਹੀਂ ਹੈ (ਅਰਥਾਤ ਗੁਰ ਸਿਖ ਇਸ ਗੱਲ ਦਾ ਅਭਿਮਾਨ ਨਹੀਂ ਕਰਦਾ ਜੋ ਮੈਂ ਗੁਰ ਸਿਖ ਹਾਂ ਅਤੇ ਨਾ ਹੀ ਉਹ ਦੂਜਿਆਂ ਦੀ ਅਵਗਿਆ (ਨਰਾਦਰ) ਹੀ ਕਰਦਾ ਹੈ । ਇਹ ਸਭ ਕੁਝ ਸਹਜ ਸੁਭਾਵਕ ਹੀ ਹੋ ਰਿਹਾ ਹੈ) ॥ ੪੬੬ ॥

## ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ ਦੋਇ ਨਾਵ ਪਾਵ ਧਰੈ ਪਹੁਚੈ ਨ ਪਾਰਿ ਹੈ ॥

ਜਿਸ ਤਰ੍ਹਾਂ ਦੋਹ ਸ਼ੀਸ਼ਿਆਂ ਵਿਚੋਂ ਮੂੰਹ ਵੇਖੀਏ ਤਾਂ ਇਕ ਤੋਂ ਅਨੇਕਾਂ ਰੂਪ (ਹੋਕੇ ਨਜ਼ਰ ਆਉਂਦੇ ਹਨ) ਅਤੇ ਦੋਹ ਬੇੜੀਆਂ ਤੇ ਪੈਰ ਧਰਿਆਂ (ਬੰਦਾ) ਪਾਰ ਨਹੀਂ ਪਹੁੰਚਦਾ ਹੈ ।

## ਦੁਇ ਦਿਸਾ ਗਹੇ ਗਹਾਏ ਸੈ ਹਾਥ ਪਾਉ ਟੂਟੈ ਦੁਰਾਹੈ ਦੁਚਿਤ ਹੋਇ ਭੂਲਿ ਪਗੁ ਧਾਰਿ ਹੈ ॥

ਦੋਹਾਂ ਦਿਸ਼ਾਂ ਤੋਂ (ਹਥ ਨੂੰ) ਫੜ ਫੜਾਕ (ਖਿੱਚਾ ਧੂਹੀ ਕਰਨ) ਨਾਲ ਹਥ ਪੈਰ ਟੁਟ ਜਾਂਦਾ ਹੈ, ਅਤੇ ਦੁਰਾਹੇ ਵਿਚ ਦੁਚਿੱਤਾ ਹੋ ਜਾਣ ਵਾਲਾ ਰਾਹੋਂ ਭੁਲਕੇ (ਕੁਰਾਹੇ) ਪੈਰ ਧਰ ਦੇਂਦਾ ਹੈ (ਅਰਥਾਤ ਦੁਰਾਹੇ ਤੇ ਪੁਜਕੇ ਅਨਜਾਣ ਬੰਦਾ ਦੁਚਿਤਾ ਹੋਕੇ ਰਾਹੋਂ ਖੁੰਝਕੇ ਦੂਜੇ ਪਾਸੇ ਹੀ ਚਲਾ ਜਾਂਦਾ ਹੈ) ।

## ਦੁਇ ਭੂਪ ਤਾਕੇ ਗਾਉ ਪਰਜਾ ਨ ਸੁਖੀ ਹੋਤ ਦੋਇ ਪੁਰਖਨ ਕੀ ਨ ਕੁਲਾ ਬਧੂ ਨਾਰਿ ਹੈ ॥

(ਜੇਹੜਾ) ਇਕ ਪਿੰਡ ਦੋਹ ਰਾਜਿਆਂ ਦੀ ਰਈਯਤ ਹੈ, ਉਸ ਵਿਚ ਵਸਣ ਵਾਲੇ ਕਦੇ ਭੀ ਸੁਖੀ ਨਹੀਂ ਹੁੰਦੇ ਹਨ, (ਇਸੇ ਤਰ੍ਹਾਂ) ਇਕ ਇਸਤ੍ਰੀ ਦੋਹ (ਪੁਰਖਾਂ ਦੀ ਵਹੁਟੀ ਹੋਕੇ) ਕੁਲਾ ਬਧੂ ਨਹੀਂ ਹੁੰਦੀ ਹੈ ।

## ਗੁਰ ਸਿਖ ਹੋਇ ਆਨ ਦੇਵ ਸੇਵ ਟੇਵ ਗਹੈ ਸਹੈ ਜਮ ਡੰਡ ਧ੍ਰਿਗੁ ਜੀਵਨੁ

**ਸੰਸਾਰਿ ਹੈ ॥ ੪੯੭ ॥**

(ਇਸੇ ਤਰ੍ਹਾਂ ਜੇਹੜਾ) ਗੁਰ ਸਿਖ ਹੋਕੇ ਕਿਸੇ ਦੇਵਤੇ ਦੀ ਸੇਵਾ ਦੀ ਓਟ ਫੜਦਾ ਹੈ, (ਉਹ ਮਰਨ ਮਗਰੋਂ) ਜਮਡੰਡ ਸਹਾਰੇਗਾ (ਅਤੇ) ਸੰਸਾਰ ਤੇ ਉਸਦੇ ਜੀਵਨ ਨੂੰ ਧ੍ਰਿਕਾਰ (ਪੈਂਦੀ ਹੈ) ॥ ੪੯੭ ॥

**ਜੈਸੇ ਤਉ ਬਿਰਖ ਮੂਲ ਸੀਚੀਐ ਸਲਿਲ ਤਾਤੇ ਸਾਖਾ ਪਤ੍ਰ ਪਤ੍ਰ ਕਰਿ ਹਰਿਓ ਹੋਇ ਹੈ ॥**

ਜਿਸ ਤਰ੍ਹਾਂ ਕਿ ਬਿਰਖ ਦੇ ਮੁਢ ਨੂੰ ਪਾਣੀ ਨਾਲ ਸਿੰਜੀਏ ਤਾਂ ਉਸ ਤੋਂ ਟਾਹਨ, ਟਾਹਨੀਆ ਅਤੇ ਪਤ੍ਰ ਪਤ੍ਰ ਹਰਿਆਉਲੇ ਕਰਕੇ (ਹਰਾ-ਭਰਾ) ਹੁੰਦਾ ਹੈ।

**ਜੈਸੇ ਪਤਿਬ੍ਰਤਾ ਪਤਿਬ੍ਰਤ ਸਤਿ ਸਾਵਧਾਨ ਸਕਲ ਕੁਟੰਬ ਸੁ ਪ੍ਰਸੰਨਿ ਧੰਨਿ ਸੋਇ ਹੈ ॥**

ਜਿਸ ਤਰ੍ਹਾਂ ਪਤਿਬ੍ਰਤਾ (ਇਸਤ੍ਰੀ ਆਪਣੇ) ਪਤਿ ਬ੍ਰਤ ਰੂਪ ਸਤਯ ਵਿਚ ਸਾਵਧਾਨ (ਰਹਿੰਦੀ ਹੈ, ਤਾਂ) ਸਾਰਾ ਪਰਵਾਰ ਉਸ ਤੇ ਪ੍ਰਸ਼ੰਨ ਹੁੰਦਾ ਹੈ ਅਤੇ ਉਹ (ਸਭਨਾਂ ਵਿਚ) ਧੰਨ ਮੰਨੀ ਜਾਂਦੀ ਹੈ।

**ਜੈਸੇ ਮੁਖ ਦੁਆਰ ਮਿਸ਼ਟਾਨ ਪਾਨ ਭੋਜਨ ਕੈ ਅੰਗ ਅੰਗ ਤੁਸਟਿ ਪੁਸਟਿ ਅਵਿਲੋਇ ਹੈ ॥**

ਜਿਸ ਤਰ੍ਹਾਂ ਮੂੰਹ ਦੇ ਰਾਹੀ ਮਿਠੇ ੨ (ਪਾਨ) ਸ਼ਰ-ਬਤ ਤੇ ਭੋਜਨ ਛਕਨ ਕਰਕੇ (ਸਰੀਰ ਦਾ) ਅੰਗ ਅੰਗ ਪ੍ਰਸੰਨ ਤੇ ਤਾਕਤ ਵਾਲਾ ਵੇਖਿਆ ਜਾਂਦਾ ਹੈ।

**ਤੈਸੇ ਗੁਰਦੇਵਸੇਵ ਏਕ ਟੇਕ ਜਾਂਹਿ ਤਾਂਹਿ ਸੁਰਿ ਨਰ ਬਰੰ ਬ੍ਰੂਹ ਕੋਟਿ ਮਧੇ ਕੋਇ ਹੈ ॥ ੪੯੮ ॥**

ਉਸੇ ਤਰ੍ਹਾਂ ਜਿਸ ਇਕ ਗੁਰਦੇਵ ਜੀ ਦੀ ਸੇਵਾ ਦੀ ਓਟ ਹੈ, ਉਸਨੂੰ (ਸਾਰੇ) ਦੇਵਤੇ ਤੇ ਮਨੁਖ 'ਬਰੰਬ੍ਰੂਹ' (ਵਰ ਮੰਗ ਜਾਂ ਭਲਾ ਭਲਾ) ਕਹਿੰਦੇ ਹਨ, ਪਰ ਇਸ ਤਰ੍ਹਾਂ ਦਾ ਸਿਖ ਕਰੋੜਾਂ ਵਿਚੋਂ ਕੋਈ (ਇਕ ਵਿਰਲਾ) ਹੈ ॥ ੪੯੮ ॥

**ਸੋਈ ਪਾਰੋ ਖਾਤ ਗਾਤ ਬਿਬਿਧਿ ਬਿਕਾਰਹੋਤ ਸੋਈ ਪਾਰੋ ਖਾਤ ਗਾਤ ਹੋਤ ਉਪਚਾਰ ਹੈ ॥**

ਓਹੀ ਪਾਰਾ ਖਾਧਿਆਂ ਸਰੀਰ ਵਿਚ ਅਨੇਕ ਤਰ੍ਹਾਂ ਦੇ ਵਿਕਾਰ (ਰੋਗ) ਹੋ ਜਾਂਦੇ ਹਨ, ਅਤੇ ਓਹੀ ਪਾਰਾ ਖਾਧਿਆਂ ਸਰੀਰ ਦਾ ਇਲਾਜ ਹੋ ਜਾਂਦਾ ਹੈ।

**ਸੋਈ ਪਾਰੋ ਪਰਸਤ ਕੰਚਨਹਿ ਸੋਖ ਲੇਤ ਸੋਈ ਪਾਰੋ ਪਰਸ ਤਾਂਬੋ ਕਨਿਕ ਧਾਰਿ ਹੈ ॥**

ਓਹੀ ਪਾਰਾ ਮੇਲ ਕਰਦਿਆਂ ਸੋਨੇ ਨੂੰ ਸੁਕਾ (ਭਾਵ ਪਾਰਾ ਸੋਨੇ ਨੂੰ ਖਾ) ਲੈਂਦਾ ਹੈ ਅਤੇ ਓਹੀ ਪਾਰਾ ਮਿਲ-ਦਿਆਂ ਤਾਂਬਾ ਸੋਨਾ (ਧਾਰਿ) ਬਣ ਜਾਂਦਾ ਹੈ।

**ਸੋਈ ਪਾਰੋ ਅਗਹੁ ਨ ਹਾਥਨ ਕੈ ਗਹਿਓ ਜਾਇ ਸੋਈ ਪਾਰੋ ਗੁਟਕਾ ਹੁਇ ਸਿਧ ਨਮਸਕਾਰ ਹੈ ॥**

ਓਹੀ ਪਾਰਾ (ਅਗਹੁ) ਚੰਚਲ ਹਥ ਨਾਲ ਫੜਿਆ ਨਹੀਂ ਜਾਂਦਾ, ਅਤ ਓਹੀ ਪਾਰਾ ਗੋਲੀ ਬਣ ਜਾਂਦਾ ਹੈ (ਤਾਂ ਉਸਨੂੰ) ਸਿੱਧ (ਪੁਰਸ਼ ਭੀ)ਨਮਸ਼ਕ ਰ ਕਰਦ ਹਨ।

**ਮਾਨਸ ਜਨਮ ਪਾਇ ਜੈਸੀਐ ਸੰਗਤਿ ਮਿਲੈ ਤੈਸੀ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ ॥੪੯੯॥**

(ਉਸ ਪਾਰੇ ਵਰਗਾ ਹੀ) ਮਨੁਖ ਜਨਮ ਪਾਇਆ ਹੈ, ਜਿਸ ਤਰ੍ਹਾਂ ਦੀ ਸੰਗਤ ਵਿਚ ਮਿਲਦਾ ਹੈ ਉਸੇ ਤਰ੍ਹਾਂ ਦੀ ਪਦਵੀ ਤੇ ਅਧਿਕਾਰ ਪ੍ਰਾਪਤ ਕਰਦਾ ਹੈ ॥ ੪੯੯ ॥

**ਕੂਆ ਕੋ ਮੇਂਡਕ ਨਿਧਿ ਜਾਨੈ ਕਹਾਂ ਸਾਗਰਕੀ ਸ੍ਵਾਤਿਬੂੰਦ ਮਹਿਮਾ ਨ**

**ਸੰਖ ਜੀਅ ਜਾਨਈ ॥**

( ਮੇਂਡਕ=ਡੱਡੂ । ਦਿਨਕਰ=ਸੂਰਜ । )
( ਉਦੋਤ=ਪ੍ਰਗਟ । ਸੂਆ=ਤੋਤਾ।ਬਾਇਸ= )
( ਕਾਂ । ਮਰਾਲ=ਹੰਸ । ਮਰਕਟ=ਬਾਂਦਰ । )
( ਬਹਰੇ=ਬੋਲੇ ਨੇ ।

ਖੂਹ ਦਾ ਡੱਡੂ ਸਮੁੰਦਰ ਦੀ ਨਿਧਿ ਨੂੰ ਕਿਸ ਤਰ੍ਹਾਂ ਜਾਣ ਸਕਦਾ ਹੈ, ਅਤੇ ਸ੍ਵਾਂਤੀ ਬੂੰਦ ਦੀ ਮਹਿਮਾ ਸੰਖ ਕੀ ਜਾਣ ਸਕਦਾ ਹੈ ।

**ਦਿਨ ਕਰਿ ਜੋਤਿ ਕੋ ਉਦੋਤ ਕਹਾ ਜਾਨੈ ਉਲੂ ਸੇਬਲ ਸੈ ਕਹਾਂ ਖਾਇ ਸੂਆ ਹਿਤ ਠਾਨਈ ॥**

ਸੂਰਜ ਦੀ ਜੋਤਿ ਦੇ ਉਦੈ ਹੋਣ ਨੂੰ ਉਲੂ ਕੀ ਜਾਣਦਾ ਹੈ ? ਅਤੇ ਸਿੰਬਲ ਖਾਣ ਨਾਲ ਤੋਤਾ ਕਿਸ ਤਰ੍ਹਾਂ ਪ੍ਰੇਮ ਲਗਾਏਗਾ ?

**ਬਾਇਸ ਨ ਜਾਨਤ ਮਰਾਲ ਮਾਲ ਸੰਗਤਿ ਕੋ ਮਰਕਟ ਮਾਨਿਕੁ ਹੀਰਾ ਨ ਪਹਿਚਾਨਈ ॥**

ਹੰਸਾ ਦੀ ਡਾਰ ਦੀ ਸੰਗਤ ਦੇ (ਗੁਣ ਨੂੰ) ਕਾਂ ਨਹੀਂ ਜਾਣਦਾ ਹੈ, ਬਾਦਰ (ਦੇ ਕੋਲ ਜ) ਅਨਕਾਂ ਹੀਰੇ (ਰਖ ਦੇਇ ਏ ਤਾਂ ਉਹ ਉਨ੍ਹਾਂ ਨੂੰ) ਕੀ ਪਛਾਣਦਾ ਹੈ ।

**ਆਨ ਦੇਵ ਸੇਵਕ ਨ ਜਾਨੈ ਗੁਰ-ਦੇਵ ਸੇਵ ਗੂੰਗੇ ਬਹਰੇ ਨ ਕਹਿ ਸੁਨਿ ਮਨ ਮਾਨਈ ॥ ੪੭੦ ॥**

ਦੂਸਰ ਦੇਵਤਿਆਂ ਦਾ ਸੇਵਕ ਗੁਰਦੇਵ ਦੀ ਸੇਵਾ (ਕਰਨੀ) ਨਹੀਂ ਜਾਣਦਾ ਹੈ, ਜਿਵੇਂ ਗੂੰਗੇ-ਬੋਲੇ ਦਾ ਮਨ ਕਹਿ-ਸੁਣਕੇ ਮੰਨਦਾ ਨਹੀਂ ਹੈ ॥ ੪੭੦ ॥

**ਜੈਸੇ ਘਾਮ ਤੀਖਨ ਤਪਤਿ ਅਤਿ ਬਿਖਮ ਬੈਸੰਤਰਿ ਬਿਹੂਨ ਸਿਧ ਕਰਤ ਨ ਗ੍ਰਾਸ ਕਉ ॥**

ਜਿਸ ਤਰ੍ਹਾਂ ਤਿਖੀ ਧੁਪ ਬੜੀ ਕਠਨ ਤਪਦੀ ਹੈ, ਪਰ ਅਗ ਤੋਂ ਬਿਨਾਂ (ਗ੍ਰਾਸ) ਭੋਜਨ ਨੂੰ (ਸਿਧ ਕਰਤ) ਪਕਾ ਨਹੀਂ ਸਕਦੀ ਹੈ ।

**ਜੈਸੇ ਨਿਸ ਓਸ ਕੈ ਸਜਲ ਹੋਤ ਮੇਰੁ ਤਿਨ ਬਿਨੁ ਜਲ ਪਾਨ ਨ ਨਿਵਾਰਤ ਪਿਆਸ ਕਉ ॥**

ਜਿਸ ਤਰ੍ਹਾਂ ਰਾਤ ਵਲੇ ਤਰੇਲ ਨਾਲ ਪਹਾੜ ਤੋਂ ਲੈ ਕੇ ਘਾਹ ਤਕ (ਸਜਲ ਹੋਤ) ਭਿਜ ਜਾਂਦੇ ਹਨ, (ਪਰ) ਪਾਣੀ ਪੀਤੇ ਤੋਂ ਬਿਨਾਂ (ਤਰੇਲ) ਪਿਆਸ ਨੂੰ ਨਹੀਂ ਮਿਟਾਉਂਦੀ ਹੈ ।

**ਜੈਸੇ ਹੀ ਗ੍ਰੀਖਮ ਰੁਤਿ ਪ੍ਰਗਟੇ ਪ੍ਰਸੇਦ ਅੰਗ ਮਿਟਤ ਨ ਫੂਕੇ ਬਿਨੁ ਪਵਨ ਪ੍ਰਗਾਸ ਕਉ ॥**

ਜਿਸ ਤਰ੍ਹਾਂ ਗਰਮੀ ਦੀ ਰੁਤ ਵਿਚ ਸਰੀਰ ਵਿਚੋਂ ਪਸੀਨਾ ਪ੍ਰਗਟ ਹੁੰਦਾ ਹੈ, (ਜੋ) ਹਵਾ ਦੇ ਪਰਕਾਸ਼ ਤੋਂ ਬਿਨਾਂ ਫੂਕਾਂ (ਮਾਰਨ ਨਾਲ) ਮਿਟਦਾ (ਜਾਂ ਸੁਕਦਾ) ਨਹੀਂ ਹੈ ।

**ਤੈਸੇ ਆਵਾ ਗੌਨ ਨ ਮਿਟਤ ਆਨ ਦੇਵ ਸੇਵ ਗੁਰਮੁਖਿ ਪਾਵੈ ਨਿਜ ਪਦ ਕੇ ਨਿਵਾਸ ਕਉ ॥ ੪੭੧ ॥**

ਇਸ ਤਰ੍ਹਾਂ ਹੋਰਨਾਂ ਦੇਵਤਿਆਂ ਦੀ ਸੇਵਾ ਕਰਨ ਕਰਕੇ ਜੰਮਣਾ-ਮਰਣਾ ਨਹੀਂ ਮਿਟਦਾ ਹੈ, ਕੇਵਲ ਗੁਰਮੁਖ ਹੀ ਨਿਜ ਪਦ ਦੇ ਨਿਵਾਸ ਨੂੰ ਪਾਂਦਾ ਹੈ ॥ ੪੭੧ ॥

**ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ ਪਿਤਾ ਕੋ ਪਿਆਰੁ ਨ ਪਰੋਸੀ ਪਹਿ ਪਾਈਐ ॥**

(ਸਧਰ=ਸਿਕ, ਇਛਾ । ਆਬਲੀ=ਅੰਬਾਂ-)
(ਖੜੀ, ਕਚ ਨੂੰ ਛਿਲਕੇ ਤੇ ਫਾੜੀਆਂ ਕਰਕੇ)
(ਸੁਕਾ ਹੋਯਾ । ਪਰੋਸੀ=ਗਵਾਂਢੀ, ਹਮਸਾਯਾ।)
(ਪੋਖਰ=ਛਪੜ । ਦਿਨਕਰ=ਸੂਰਜ ।)
(ਸਰਿ=ਬਰਾਬਰ । ਪਲਾਸ=ਢੱਕ, ਛਿਛਰਾ ।)

(ਮਹਿਕਾਈ=ਸੁਗੰਧੀ ਦੇਂਦਾ ਹੈ। ਉਦੇ)
(ਅਸਤ=ਚੜ੍ਹਦੇ ਤੋਂ ਲਹਿੰਦੇ। )

(ਜਿਵੇਂ) ਅੰਬਾਖੜੀ ਖਾਣ ਨਾਲ ਅੰਬ ਖਾਣ ਦੀ ਇਛਾ ਪੂਰੀ ਨਹੀਂ ਹੁੰਦੀ ਹੈ, ਅਤੇ ਪਿਤਾ ਦਾ ਪਿਆਰ ਪੜੋਸੀ ਕੋਲੋਂ ਨਹੀਂ ਪਾਈਦਾ ਹੈ।

**ਸਾਗਰ ਕੀ ਨਿਧਿ ਕਤ ਪਾਈ-ਅਤਿ ਪੋਖਰ ਸੈ ਦਿਨਕਰਿ ਸਰਿ ਦੀਪ ਜੋਤਿ ਨ ਪੁਜਾਈਐ॥**

(ਜਿਵੇਂ) ਸਮੁੰਦਰ ਦਾ ਖਜਾਨਾ ਛਪੜ ਵਿਚੋਂ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ? ਅਤੇ ਸੂਰਜ ਦੇ ਬਰਾਬਰ ਦੀਵੇ ਦੀ ਰੋਸ਼ਨੀ ਨਹੀਂ ਪੁਚਾਈ ਜਾਂਦੀ।

**ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਪ ਜਲ ਚੰਦਨੁ ਸੁਬਾਸ ਨ ਪਲਾਸ ਮਹਿਕਾਈਐ॥**

(ਜਿਵੇਂ) ਇੰਦਰ ਦੀ ਬਾਰਸ਼ ਸਮਾਨ ਖੂਹ ਦਾ ਪਾਣੀ ਨਹੀਂ ਪੁਜਦਾ ਹੈ ਅਤੇ ਚੰਦਨ ਦੀ ਸੁਗੰਧੀ ਵਰਗੀ ਸੁਗੰਧੀ ਛਿਛਰੇ ਤੋਂ ਨਹੀਂ ਆਉਂਦੀ ਹੈ।

**ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ ਜਉ ਖੰਡ ਬ੍ਰਹਮੰਡ ਉਦੈ ਅਸਤ ਲਉ ਧਾਈਐ॥੪੭੨॥**

(ਇਵੇਂ ਹੀ) ਸ੍ਰੀ ਗੁਰੂ ਦਿਆਲੂ ਜੇਹੀ ਦਯਾ (ਕਿਸੇ) ਹੋਰ ਦੇਵਤੇ ਵਿਚ ਨਹੀਂ ਹੈ, ਜੇ ਕਰ ਖੰਡਾਂ ਬ੍ਰਹਮੰਡਾਂ ਵਿਚ ਚੜ੍ਹਦੇ ਤੋਂ ਲਹਿੰਦੇ ਤਕ ਫਿਰਕੇ ਚੰਗੀ ਤਰ੍ਹਾਂ ਵੇਖ ਲਈਏ (ਤਾਂ ਉਹ ਕਿਤੇ ਭੀ) ਦਿਸਦੀ ਨਹੀਂ ਹੈ॥ ੪੭੨॥

**ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ ਜਉ ਗਹੈ ਆਸਰੋ ਪਵਨ ਕਵ-ਨਹਿ ਕਾਜਿ ਹੈ॥**

ਜੇ ਕਰ (ਕੋਈ ਆਦਮੀ) ਅਕਾਸ਼ ਤੋਂ ਧਰਤੀ ਉਤੇ ਡਿਗਦਾ ਹੋਇਆ ਹਵਾ ਦਾ ਆਸਰਾ ਫੜੇ ਤਾਂ ਉਹ ਕਿਸ ਕੰਮ ਹੈ।

**ਜਰਤ ਬੈਸੰਤਰ ਜਉ ਧਾਇ ਧਾਇ ਧੂਮ੍ਰ ਗਹੈ ਨਿਕਸਿਓ ਨ ਜਾਇ ਖਲ ਬੁਧਿ ਉਪਰਾਜਿ ਹੈ॥**

ਜ ਕਰ (ਕੋਈ ਆਦਮੀ) ਅੱਗ ਵਿਚ ਸੜਦਾ ਹੋਇਆ (ਆਪਣੇ ਬਚਾਉ ਵਾਸਤੇ) ਭਜ ਭਜ ਕੇ ਧੂੰਏਂ ਨੂੰ ਫੜਦਾ ਹੈ (ਤਾਂ ਉਸ ਨੂੰ ਅਗ ਵਿਚੋਂ ਬਚਕੇ) ਨਿਕ-ਲਿਆ ਨਹੀਂ ਜਾਣਾ, (ਸਗੋਂ ਉਲਟਾ ਆਪਣੀ) ਮੂਰਖ ਬੁਧੀ ਨੂੰ ਪੈਦਾ ਕਰ ਰਿਹਾ ਹੈ, (ਅਰਥਾਤ ਉਸਦੀ ਅਜੇਹੀ ਹਾਲਤ ਵੇਖਕੇ ਹਰ ਕੋਈ ਉਸਨੂੰ ਮੂਰਖ ਸਮਝਣ ਲਗ ਜਾਂਦਾ ਹੈ।

**ਸਾਗਰ ਅਪਾਰ ਧਾਰ ਬੂਡਤ ਜਉ ਫੇਨ ਗਹੈ ਅਨਿਥਾ ਬੀਚਾਰ ਪਾਰ ਜੈਬੇ ਕੋ ਨ ਸਾਜ ਹੈ॥**

ਜੇ ਕਰ (ਕੋਈ ਆਦਮੀ) ਅਪਾਰ ਸਮੁੰਦਰ ਦੀ ਧਾਰ ਵਿਚ ਡੁਬਣ ਲਗਾ (ਆਪਣੇ ਬਚਾਉ ਲਈ ਸਮੁੰਦਰ ਦੀ) ਝਗ ਨੂੰ ਫੜਨ ਲਗ, (ਤਾ ਇਹ) ਵੀਚਾਰ (ਉਸ ਦਾ ਝੂਠਾ ਹੈ, ਕਿਉਂਕਿ ਇਹ ਸਮੁੰਦਰ ਤੋਂ) ਪਾਰ ਲੰਘਣ ਵਾਸਤੇ (ਇਹ ਕੋਈ) ਸਾਧਨ ਨਹੀਂ ਹੈ।

**ਤੈਸੇ ਆਵਾ ਗਵਨ ਦੁਖਤ ਆਨ ਦੇਵ ਸੇਵ ਬਿਨੁ ਗੁਰ ਸਰਨਿ ਨ ਮੋਖ ਪਦੁ ਰਾਜ ਹੈ॥ ੪੭੩॥**

ਉਸ ਤਰ੍ਹਾਂ ਹੀ ਹੋਰਨਾਂ ਦੇਵਤਿਆਂ ਦੀ ਸੇਵਾ (ਕਰਨ ਕਰਕੇ ਭੀ) ਜਮਣ ਮਰਨ ਦਾ ਦੁਖ ਬਣਿਆ ਰਹਿੰਦਾ ਹੈ, (ਕਿਉਂਕਿ) ਗੁਰੂ ਦੀ ਸ਼ਰਨ (ਪ੍ਰਾਪਤ ਹੋਏ ਤੋਂ) ਬਿਨਾਂ ਮੋਖ ਪਦ ਦਾ ਰਾਜ (ਕਿਸੇ ਤਰ੍ਹਾਂ ਭੀ ਪ੍ਰਾਪਤ) ਨਹੀਂ ਹੁੰਦਾ ਹੈ॥੪੭੩॥

**ਜੈਸੇ ਰੂਪ ਰੰਗ ਬਿਧਿ ਪੂਛੈ ਅੰਧ੍ਰ ਅੰਧਪੁਤਿ ਆਪ ਹੀ ਨ ਦੇਖੈ ਤਾਹਿ**

**ਕੈਸੇ ਕੈ ਦਿਖਾਵਈ ॥**

ਜਿਸ ਤਰ੍ਹਾਂ (ਕੋਈ) ਅੰਨ੍ਹਾ (ਪੁਰਸ ਕਿਸੇ) ਅੰਨੇ ਪਾਸੋਂ ਹੀ ਰੂਪ ਰੰਗ ਦੀ ਬਿਧੀ ਪੁਛੇ (ਤਾਂ ਉਹ ਬਿਅਰਥ ਹੈ, ਕਿਉਂਕਿ ਜੋ) ਆਪ ਹੀ ਨਹੀਂ ਵੇਖ ਸਕਦਾ, ਉਹ ਉਸਨੂੰ ਕਿਸ ਤਰ੍ਹਾਂ ਵਿਖਾਏਗਾ ?

**ਰਾਗ ਨਾਦ ਬਾਦ ਪੂਛੈ ਬਹਰੋ ਜਉ ਬਹਰਾ ਪੈ ਸਮਝੈ ਨ ਆਪਿ ਤਾਹਿ ਕੈਸੇ ਸਮਝਾਵਈ ॥**

ਜੇ ਕਰ ਕੋਈ ਬੋਲਾ ਪੁਰਸ਼ ਬੋਲੇ ਪਾਸੋਂ ਰਾਗ ਨਾਦ ਦੀ ਗਲ ਪੁਛੇ (ਤਾਂ ਜੋ) ਆਪ ਹੀ ਸਮਝ ਨਹੀਂ ਸਕਦਾ ਉਸਨੂੰ ਕਿਸ ਤਰ੍ਹਾਂ ਸਮਝਾਏਗਾ ?

**ਜੈਸੇ ਗੁੰਗ ਗੁੰਗ ਪਹਿ ਬਚਨ ਬਿਬੇਕ ਪੂਛੈ ਚਾਹੈ ਬੋਲਿ ਨ ਸਕਤਿ ਕੈਸੇ ਸ਼ਬਦੁ ਸੁਨਾਵਈ ॥**

ਜਿਸ ਤਰ੍ਹਾਂ ਕੋਈ ਗੂੰਗਾ ਪੁਰਸ਼ (ਕਿਸੇ) ਗੂੰਗੇ ਪਾਸੋਂ ਹੀ ਗਲ–ਬਾਤ ਕਰਨ ਦਾ ਵੀਚਾਰ ਪੁਛੇ ਤਾਂ ਜੋ ਆਪ ਬੋਲ ਹੀ ਨਹੀਂ ਸਕਦਾ ਹੈ, ਉਹ ਦੂਜੇ ਨੂੰ ਕਿਸ ਤਰ੍ਹਾਂ ਨਾਲ ਸ਼ਬਦ ਸੁਣਾਏਗਾ ?

**ਬਿਨੁ ਸਤਿਗੁਰ ਖੋਜੇ ਬ੍ਰਹਮ ਗਿਆਨ ਧਿਆਨ ਅਨਿਥਾਅਗਿਆਨ ਮਤਿ ਆਨ ਪੈ ਨ ਪਾਵਈ ॥੪੭੪॥**

(ਇਸੇ ਤਰ੍ਹਾਂ ਹੀ ਜੋ ਕਈ) ਸਤਿਗੁਰੂ ਤੋਂ ਬਿਨਾਂ ਹੋਰ ਥਾਂ ਤੋਂ ਬ੍ਰਹਮ ਗਿਆਨ ਤੇ ਬ੍ਰਹਮ ਧਿਆਨ ਦੀ ਖੋਜ ਕਰਦਾ ਹੈ, (ਤਾਂ ਉਹ) ਉਲਟਾ (ਆਪਣੀ) ਅਗਿਆਨ ਬੁਧੀ (ਹੋਰਨਾਂ ਵਿਚ ਪ੍ਰਗਟ ਕਰਦਾ ਹੈ, ਅਤੇ ਬ੍ਰਹਮ ਗਿਆਨ ਧਿਆਨ ਹੋਰ ਕਿਸੇ) ਪਾਸੋਂ ਭੀ ਨਹੀਂ ਪਾਵੇਗਾ ॥ ੪੭੪ ॥

**ਅੰਬਰ ਬੇਚਨ ਜਾਇ ਦੇਸ ਦਿਗੰ-ਬਰ ਕੈ ਪ੍ਰਾਪਤ ਨ ਹੋਇ ਲਾਭ ਸਹਸੋ ਹੈ ਮੂਲ ਕੋ ॥**

(ਜੇਕਰ ਕੋਈ ਆਦਮੀ) (ਦਗੰਬਰਨ) ਨਾਂਗਿਆ ਦੇ ਦੇਸ ਵਿਚ ਕਪੜਾ ਵੇਚਨ ਜਾਵੇ (ਤਾਂ ਉਸਨੂੰ) ਨਫਾ ਕੀ ਹੋਣਾ ਹੈ, (ਉਥੇ) ਮੂਲ ਦੇ ਨਾਸ ਹੋ ਜਾਣ ਦਾ ਹੀ ਖਤਰਾ ਹੈ ।

**ਰਤਨ ਪਰੀਖਿਆ ਸੰਖਿਆ ਚਾਹੈ ਜਉ ਆਂਧਨ ਪੈ ਰੰਕਨ ਪੈ ਰਾਜੁ ਮਾਂਗੈ ਮਿਥਿਆ ਭ੍ਰਮ ਭੂਲਿ ਕੋ ॥**

(ਜਿਸ ਤਰ੍ਹਾਂ ਕੋਈ) ਅੰਨ੍ਹਿਆਂ ਆਦਮੀਆਂ ਪਾਸੋਂ ਰਤਨਾਂ ਦੀ ਪ੍ਰੀਖਯਾ ਸਿਖਣੀ ਚਾਹੇ ਅਤੇ ਕੰਗਾ ਂ ਕਲੋਂ ਰਾਜ ਮੰਗੇ (ਤਾਂ ਇਹ ਉਨ੍ਹਾਂ ਦੀ) ਮਿਥਿਆ ਭ੍ਰਮ ਦੀ ਭੁਲ ਹੈ ।

**ਗੁੰਗਾ ਪੈ ਪੜਨ ਜਾਇ ਜੋਤਿਕ ਬੈਦਕ ਬਿਦਿਆ ਬਹਿਰਾ ਪੈ ਰਾਗ ਨਾਦ ਅਨਿਥਾ ਅਭੂਲਿ ਕੋ ॥**

(ਜੇਕਰ ਕੋਈ ਆਦਮੀ) ਗੁੰਗੇ ਪੁਰਸ਼ ਪਾਸੋਂ ਜੋਤਸ਼ ਤੇ ਵੈਦਕ (ਹਕੀਮੀ) ਵਿਦਿਆ ਪੜ੍ਹਨ ਲਈ ਜਾਵੇ ਜਾਂ ਬੋਲੇ ਆਦਮੀ ਪਾਸੋਂ ਰਾਗ ਅਲਾਪ (ਸਿਖਣਾ ਚਾਹੇ ਤਾਂ ਇਹ) ਅਨਹੋਣੀ (ਅਭੂਲ) ਸਿਆਣਪ ਹੈ (ਅਰਥਾਤ ਉਸਨੂੰ ਮਹਾਂ ਮੂਰਖ ਸਮਝਣਾ ਚਾਹੀਦਾ ਹੈ) ।

**ਤੈਸੇ ਆਨ ਦੇਵ ਸੇਵ ਦੋਖ ਮੇਟਿ ਮੋਖ ਚਾਹੈ ਬਿਨੁ ਸਤਿਗੁਰ ਦੁਖ ਸਹੈ ਜਮ ਸੂਲਿ ਕੋ ॥ ੪੭੫ ॥**

ਉਸ ਤਰ੍ਹਾਂ (ਜੇਹੜਾ ਕੋਈ) ਹੋਰਨਾਂ ਦੇਵਤਿਆਂ ਦੀ ਸੇਵਾ (ਕਰਕੇ) ਦੋਖ ਮੇਟਕੇ ਮੋਖ ਚਾਹੁੰਦਾ ਹੈ, ਉਹ ਸਤਿਗੁਰੂ ਤੋਂ ਹੀਨ ਜਮਾਂ ਦੀ ਪੀੜਾ ਦੇ ਦੁਖ ਨੂੰ ਜ਼ਰੂਰ ਸਹਾਰੇਗਾ ॥ ੪੭੫ ॥

**ਬੀਜ ਬੋਇ ਕਾਲਰ ਮੈ ਨਿਪਜੈ ਨ ਧਾਨ ਪਾਨ ਮੂਲ ਖੋਇ ਰੋਵੈ ਪੁਨਿ ਰਾਜ ਡੰਡੁ ਲਾਗਈ ॥**

ਕਲਰ ਵਿਚ ਬੀਜ ਬੀਜਿਆਂ ਅੰਨ ਦਾ ਪਤਾ ਭੀ

ਪੈਦਾ ਨਹੀਂ ਹੁੰਦਾ, ਸਗੋਂ ਮੂਲ ਨਾਸ ਕਰਕੇ ਰੋਂਦਾ ਹੈ (ਅਤੇ ਉਸਨੂੰ ਮਾਮਲਾ ਭਰਨ ਰੂਪ) ਰਾਜ ਡੰਡ ਲਗਦਾ ਹੈ।

**ਸਲਲਿ ਬਿਲੋਇ ਜੈਸੇ ਨਿਕਸਤ ਨਾਹਿ ਘ੍ਰਿਤਿ ਮਟੁਕੀ ਮਥਨੀਆ ਹੂ ਫੋਰਿ ਤੋਰਿ ਭਾਗਈ॥**

ਜਿਸ ਤਰ੍ਹਾਂ ਪਾਣੀ ਦੇ ਰਿੜਕਿਆਂ ਘਿਉ ਨਹੀਂ ਨਿਕਲਦਾ ਹੈ, (ਉਲਟੀ) ਚਾਟੀ ਤੇ ਮਧਾਣੀ ਨੂੰ ਭੰਨ ਤੋੜਕੇ ਭੱਜ ਜਾਂਦਾ ਹੈ।

**ਭੂਤਨਪੈ ਪੂਤ ਆਗੈ ਹੋਤ ਨਸਪੂਤੀ ਕੋਊ ਜੀਅ ਕੋ ਪਰਤ ਸੰਸੋ ਤਿਆਗੈ ਹੂ ਨ ਤਿਆਗਈ॥**

(ਜਿਵੇਂ ਕੋਈ) ਭੂਤਾਂ ਪਾਸੋਂ ਪੁਤ੍ਰ ਮੰਗਣ ਵਾਲੀ ਕੋਈ ਭੀ ਸਪੁਤ੍ਰੀ ਨਹੀਂ ਹੋਈ ਹੈ, ਉਲਟਾ ਜਾਨ ਦਾ ਖਤਰਾ ਪੈ ਜਾਂਦਾ ਹੈ, (ਜੇ ਭੂਤਾਂ ਨੂੰ) ਛਡਨਾ ਚਾਹੀਏ (ਤਾਂ ਭੀ ਉਹ ਤਿਆਗਦੇ ਨਹੀਂ ਹਨ।)

**ਬਿਨੁ ਗੁਰਦੇਵ ਸੇਵ ਆਨ ਸੇਵ ਦੁਖਦਾਇਕ ਹੈ ਲੋਕ ਪਰਲੋਕ ਸੋਕਿ ਗਾਹਿ ਅਨੁਰਾਗਈ॥੪੭੬॥**

(ਇਸੇ ਤਰ੍ਹਾਂ) ਗੁਰਦੇਵ ਦੀ ਸਵਾ ਤੋਂ ਬਿਨਾਂ ਹੋਰਨਾਂ ਦੇਵਤਿਆਂ ਦੀ ਸੇਵਾ ਦੁਖਦਾਇਕ ਹੈ, ਜਿਸ ਕਰਕ ਲੋਕ ਪ੍ਰਲੋਕ ਦੇ ਸ਼ੋਕ ਨਾਲ ਪ੍ਰੇਮ ਬਣਿਆ ਰਹਿੰਦਾ ਹੈ, (ਭਾਵ ਜਿਸ ਕਰਕੇ ਲੋਕ-ਪ੍ਰਲੋਕ ਦਾ ਸ਼ੋਕ ਹੀ ਭੋਗਨਾ ਪੈਂਦਾ ਹੈ)॥ ੪੭੬॥

**ਜੈਸੇ ਮ੍ਰਿਗਰਾਜ ਤਨ ਜੰਬੁਕ ਅਧੀਨ ਹੋਤ ਖਗਪਤਿ ਸੁਤ ਜਾਇ ਜੁਹਾਰਤ ਕਾਗ ਹੈ॥**

(ਮ੍ਰਿਗਰਾਗ=ਸ਼ੇਰ। ਤਨੁ=ਪੁਤ੍ਰ। ਜੰਬੁਕ=)
(ਗਿਦੜ। ਖਗਪਤਿ=ਗਰੜ। ਜੁਹਾਰਤ=)
(ਨਮਸ਼ਕਾਰ ਕਰਦਾ ਹੈ, ਮਥਾ ਟੇਕਦਾ ਹੈ।)
(ਗ੍ਰਿਹਨ=ਘਰਾਂ। ਸੁਰ ਤਰੁ=ਕਲਪ ਬ੍ਰਿਛ।)
(ਅਰਕ=ਅਕ। ਰਵਿ ਸਸਿ=ਸੂਰਜ ਚੰਦ੍ਰਮਾਂ।)
(ਸੂਕਰੀ=ਸੂਰਨੀ। ਸਥਨ ਪਾਨ=ਦੁਧ)
(ਚੁੰਘਦਾ। ਐਰਾਪਤਿ=ਇੰਦ੍ਰ ਦੀ ਸਵਾਰੀ)
(ਦਾ ਹਾਥੀ। ਗਰਧਭ=ਖੋਤਾ। ਅਗ੍ਰ=)
( ਸਾਹਮਣੇ। ਬਜਾਗਿ=ਕਲੰਕੀ। )

ਜਿਸ ਤਰ੍ਹਾਂ ਸ਼ੇਰ ਦਾ ਪੁਤ੍ਰ ਗਿਦੜ ਦਾ ਗੁਲਾਮ ਹੋ ਜਾਵੇ ਅਤੇ ਗਰੜ ਦਾ ਪੁਤ੍ਰ ਜਾਕੇ ਕਾਂ ਨੂੰ ਮਥਾ ਟਕੇ।

**ਜੈਸੇ ਰਾਹੁ ਕੇਤੁ ਬਸ ਗ੍ਰਿਹਨ ਮੈ ਸੁਰ ਤਰੁ ਸੋਭ ਨ ਅਰਕ ਬਨਿ ਰਵਿ ਸਸਿ ਲਾਗਿ ਹੈ॥**

ਜਿਸ ਤਰ੍ਹਾਂ ਰਾਹੂ ਤੇ ਕੇਤੂ ਦੇ ਘਰਾਂ ਵਿਚ ਸੂਰਜ ਤੇ ਚੰਦ੍ਰਮਾਂ ਵਸੇਬਾ (ਉਲਟੀ) ਗਲ ਹੈ, ਅਤੇ ਜਿਸ ਤਰ੍ਹਾਂ ਅਕ ਦੇ ਬਣ ਵਿਚ ਕਲਪ ਬ੍ਰਿਛ ਲਗਾਨਾ ਸੋਭਦਾ ਨਹੀਂ ਹੈ।

**ਜੈਸੇ ਕਾਮਧੇਨ ਸੁਤ ਸੂਕਰੀ ਸਥਨ ਪਾਨ ਐਰਾਪਤਿ ਸੁਤ ਗਰਧਭ ਅਗ੍ਰ ਭਾਗਿ ਹੈ॥**

ਜਿਸ ਤਰ੍ਹਾਂ ਕਾਮਧੇਨ ਗਊ ਦਾ ਪੁਤ੍ਰ ਸੂਰਨੀ ਦਾ ਦੁਧ ਚੁੰਘਣ ਲਗ ਜਾਵੇ ਅਤੇ ਐਰਾਪਤਿ ਹਾਥੀ ਦਾ ਪੁਤ ਖੋਤੇ ਦੇ ਸਾਹਮਣਿਓਂ ਭਜ ਜਾਵੇ।

**ਤੈਸੇ ਗੁਰ ਸਿਖ ਸੁਤ ਆਨ ਦੇਵ ਸੇਵਕੁ ਹੁਇ ਨਿਹਫਲ ਜਨਮੁ ਜਿਉ ਬੰਸ ਮੈ ਬਜਾਗਿ ਹੈ॥੪੭੭॥**

ਉਸੇ ਤਰ੍ਹਾਂ ਜੋ ਗੁਰ ਸਿਖ ਦਾ ਪੁਤ੍ਰ ਹੋਕੇ ਹੋਰ ਕਿਸੇ ਦੇਵਤੇ ਦਾ ਸੇਵਕ ਹੋ ਗਿਆ ਹੈ, ਉਸਦਾ ਮਾਨਸ ਜਨਮ ਨਿਹਫਲ ਹੈ ਅਤੇ ਉਹ ਕੁਲ ਵਿਚ ਕਲੰਕ ਰੂਪ ਹੈ।

ਨੋਟ—'ਬਜਾਗਿ' ਦਾ ਅਰਥ ਵੀਚਾਰਨਾ ਚਾਹੀਦਾ ਹੈ, ਕਿਉਂ ਇਥੇ 'ਜਿਉ' ਪਦ ਸਾਬਤ ਕਰਦਾ ਹੈ ਜ ਬਜਾਗ ਦਾ ਦ੍ਰਿਸ਼ਟਾਂਤ ਦਿਤਾ ਹੈ।

**ਜਉ ਪੈ ਤੂੰਬਰੀ ਨ ਬੂਡੈ ਸਰਿਤਾ**

**ਪਰਵਾਹ ਬਿਖੈ ਬਿਖਮੈ ਤਊ ਨ ਤਜਤ ਹੈ ਮਨ ਤੇ ॥**

(ਤੂੰਬਰੀ=ਤੂੰਬੀ, ਲਹੁਕੀ, ਅਲ। ਸਰਿਤਾ)
(ਪ੍ਰਵਾਹ=ਨਦੀ ਦੇ ਵਹਣ, ਦਰਿਆ ਦੇ)
(ਰੋੜ੍ਹ । ਬਿਖਮੈ=ਕ੍ਰਤਨ। ਪਾਖਾਨ=)
(ਪਥਰ । ਅਕਾਸ਼ਚਾਰੀ=ਅਕਾਸ਼ ਵਿਚ)
(ਉਡਣ ਵਾਲੀ ਇਲ ਜਾਂ ਤਾਰਾ। ਕ੍ਰਿਤਘਨ)
(ਦੇਵਤੇ=ਜਰਾ ਜਿੰਨੀ ਪੂਜਾ ਦੀ ਵਿਧੀ)
(ਖੰਡਤ ਹੋ ਜਾਏ ਜਾਂ ਕੋਈ ਹੋਰ ਬੇਸੰਜਮੀ ਜਾਂ)
(ਬੇਨਿਯਮੀ ਗਲ ਹੋ ਜਾਏ ਤਾਂ ਦੇਵਤਾ ਝਟ)
(ਕ੍ਰੋਧ ਹੋ ਕੇ ਜਗਯਾਸੂ ਦੀ ਕੀਤੀ ਕਤਰੀ ਤੇ)
(ਪਾਣੀ ਫਰ ਕੇ ਉਸਦੇ ਕੰਮ ਦਾ ਨਾਸ ਕਰ)
(ਦੇਂਦਾ ਹੈ, ਇਸ ਲਈ ਦਵਤਿਆਂ ਦਾ ਦਾਨ)
( ਕ੍ਰਿਤਘਨ ਪੈ ਗਿਆ ਹੈ। )

ਜੇਕਰ ਤੂੰਬੀ ਦਰਿਆ ਦੇ ਰੋੜ ਵਿਚ ਨਹੀਂ ਡੁਬਦੀ ਹੈ ਤਾਂ ਮਨ ਤੋਂ ਕੁੜਤਨ ਨਹੀਂ ਛਡਦੀ ਹੈ।

**ਜਉ ਪੈ ਲਪਟੈ ਪਾਖਾਨ ਪਾਵਕ ਨ ਜਰੈ ਸੂਤ੍ਰ ਜਲ ਮੈ ਲੈ ਬੋਰਤਿ ਰਿਦੈ ਕਠੋਰਪਨ ਤੇ ॥**

ਜੇ ਕਰ ਅਗ ਦੀਆਂ ਲਪਟਾਂ ਨਾਲ ਪਥਰ ਸੜਦਾ ਨਹੀਂ ਹੈ (ਤਾਂ ਆਪਣੇ) ਕਠੋਰ ਪਣ ਕਰਕੇ ਸੂਤਰ ਨੂੰ ਨਾਲ ਲੈ ਕੇ ਪਾਣੀ ਵਿਚ ਡੁਬ ਜਾਂਦਾ ਹੈ।

**ਜਉ ਪੈ ਗੁਡੀ ਉਡੀ ਦੇਖੀਅਤਿ ਹੈ ਅਕਾਸ਼ਚਾਰੀ ਬਰਖਤ ਮੇਹ ਬਾਚੀਐ ਨ ਬਾਲਕਨ ਤੇ ॥**

ਜੇ ਕਰ ਉਡਦੀ ਹੋਈ ਗੁਡੀ 'ਤਾਰਾ' ਬਣੀ ਹੋਈ ਵੇਖੀ ਜਾਂਦੀ ਹੈ ਤਾਂ ਮੀਂਹ ਵਸਣ ਵੇਲੇ ਬਾਲਕਾਂ ਪਸੋਂ (ਪਾਣੀ ਨਾਲ ਗਲਣ ਤੋਂ ਤਾਂ) ਨਹੀਂ ਬਚਦੀ ਹੈ।

**ਤੈਸੇ ਰਿਧਿ ਸਿਧਿ ਭਾਉ ਦੁਤੀਆ ਤ੍ਰਿਗੁਨ ਖੇਲ ਗੁਰਮੁਖਿ ਸੁਖ ਫਲ ਨਾਹਿ ਕ੍ਰਿਤਘਨ ਤੇ ॥ ੪੭੮ ॥**

ਇਸੇ ਤਰ੍ਹਾਂ (ਆਨ ਦੇਵ ਸੇਵਾ ਕਰਕ) ਰਿਧੀ ਸਿਧੀ (ਪਾ ਵੀ ਲਈ ਜਾਵੇ ਤਾਂ ਇਹ) ਦੂਜਾ ਭਾਉ ਤੇ ਤਿੰਨਾਂ ਗੁਣਾ ਦਾ ਹੀ ਖੇਲ ਹੈ, (ਗੁਰਮੁਖਿ) ਗੁਰ ਸਿਖੀ ਦਾ ਸੁਖ ਫਲ ਦੇਵਤਿਆਂ ਪਾਸੋਂ ਨਹੀਂ ਮਿਲਦਾ ਹੈ। ੪੭੮।

ਭਾਵ—ਤੂੰਬੀ ਵਾਗੂੰ ਪਾਣੀ ਤੇ ਤਰਨਾ ਤੇ ਪਥਰ ਰੂਪ ਹੋ ਕੇ ਅੱਗ ਵਿਚ ਨਾ ਸੜਨਾ ਜਾਂ ਅਕਾਸ਼ ਵਿਚ ਉਡਾਰੀਆਂ ਲਾਣੀਆਂ, ਇਹ ਸਭ ਰਿਧਾਂ ਸਿਧਾਂ ਹਨ, ਜੋ ਅਨਦ ਗੁਰ ਸਿਖੀ ਦਾ ਹੈ, ਉਹ ਇਨ੍ਹਾਂ ਰਿਧਾਂ ਸਿਧਾਂ ਦੇ ਦਾਤਿਆਂ ਪਾਸੋਂ ਨਹੀ ਮਿਲਦਾ ਹੈ।

**ਕਉਡਾਂ ਪੈਸਾ ਰੁਪਈਆ ਸੁਨਈਆ ਕੋ ਬਨਜੁ ਕਰੈ ਰਤਨ ਪਾਰਖੂ ਹੋਇ ਜਉਹਰੀ ਕਹਾਵਈ ॥**

(ਜਿਸ ਤਰ੍ਹਾਂ ਕੋਈ) ਕੌਡਾਂ, ਪੈਸਿਆਂ, ਰੁਪਯਾਂ ਤੇ ਮੋਹਰਾਂ ਦਾ ਵਣਜ ਕਰਦਾ ਕਰਦਾ ਰਤਨਾਂ ਦਾ ਪਾਰਖੂ ਹੋ ਕ ਜੌਹਰੀ ਕਹਾਉਣ ਲੱਗ ਜਾਂਦਾ ਹੈ।

**ਜਉਹਰੀ ਕਹਾਇ ਪੁਨਿ ਕਉਡਾਂ ਕੋ ਬਨਜੁ ਕਰੈ ਪੰਚਪਰਵਾਨ ਮੈ ਪਤਿਸਟਾ ਘਟਾਵਈ ॥**

(ਜੇ) ਜੌਹਰੀ ਕਹਾਕੇ ਫੇਰ ਕੌਡਾਂ ਦਾ ਵਣਜ ਕਰਦਾ ਹੈ, (ਪਰ) ਮੰਨੇ ਪ੍ਰਮੰਨੇ ਪੰਚਾਂ ਵਿਚ (ਆਪਣੀ) ਇਜਤ ਨੂੰ ਘਟਾ ਲੈਂਦਾ ਹੈ।

**ਆਨਦੇਵ ਸੇਵ ਗੁਰਦੇਵ ਕੋ ਸੇਵਕੁ ਹੁਇ ਲੋਕ ਪਰਲੋਕ ਬਿਖੇ ਊਚ ਪਦੁ ਪਾਵਈ ॥**

(ਇਸੇ ਤਰ੍ਹਾਂ ਜੋ) ਹੋਰਨਾਂ ਦੇਵਤਿਆਂ ਦੀ ਸੇਵਾ (ਕਰਨ ਵ ਲਾ) ਗੁਰਦਵ ਜੀ ਦਾ ਸੇਵਕ ਹੋ ਜਾਵੇ (ਤਾਂ ਉਹ) ਲੋਕ-ਪ੍ਰਲੋਕ ਵਿਚ ਉਚੀ ਪਦਵੀ ਪਾ ਲੈਂਦਾ ਹੈ।

**ਛਾਡਿ ਗੁਰਦੇਵ ਸੇਵ ਆਨਦੇਵ ਸੇਵਕੁ ਹੁਇ ਨਿਹਫਲ ਜਨਮੁ ਕਪੂਤ ਹੁਇ ਹਸਾਵਈ ॥ ੪੭੯ ॥**

(ਅਤੇ ਜੋ) ਗੁਰਦੇਵ ਦੀ ਸੇਵਾ ਛਡਕੇ ਹੋਰਨਾਂ ਦੇਵ-ਤਿਆਂ ਦਾ ਸੇਵਕ ਹੋਇਆ ਹੈ, (ਉਸਦਾ) ਜਨਮ ਨਿਹ-ਫਲ ਹੈ, ਅਤੇ ਕੁਪੁਤ੍ਰ ਹੋ ਕੇ (ਉਹ ਆਪਣੀ ਕੁਲ ਨੂੰ) ਹਾਸੋ ਹੀਣੇ ਕਰਾਉਂਦਾ ਹੈ ॥ ੪੭੯ ॥

**ਮਨ ਬਚ ਕ੍ਰਮ ਕੈ ਪਤਿਬ੍ਰਤਾ ਕਰੈ ਜਉ ਨਾਰਿ ਤਾਹਿ ਮਨ ਬਚ ਕ੍ਰਮ ਚਾਹਤ ਭਤਾਰ ਹੈ ॥**

ਜੋ ਇਸਤ੍ਰੀ ਮਨ, ਬਾਣੀ, ਸਰੀਰ ਕਰਕੇ ਪਤਿਬ੍ਰਤ (ਧਾਰਨ) ਕਰਦੀ ਹੈ, ਉਸਨੂੰ ਮਨ, ਬਾਣੀ, ਸਰੀਰ ਕਰਕੇ ਪਤੀ ਚਾਹੁੰਦਾ ਹੈ ।

**ਅਭਰਨ ਸਿੰਗਾਰ ਚਾਰੁ ਸਿਹਜਾ ਸੰਜੋਗ ਭੋਗ ਸਕਲ ਕੁਟੰਬ ਹੀ ਮੈ ਤਾਕੋ ਜੈ ਜੈ ਕਾਰ ਹੈ ॥**

(ਉਹ) ਸੁੰਦਰ ਗਹਿਣਿਆਂ (ਨੂੰ ਧਾਰਨ ਕਰਦੀ ਹੋਈ) ਸਿਹਜਾ (ਤੇ ਪਤੀ) ਸੰਜੋਗ ਨੂੰ ਭੋਗਦੀ ਹੈ ਅਤੇ ਸਾਰੇ ਪਰਵਾਰ ਵਿਚ ਉਸੇ ਦਾ ਹੀ ਜੈ ਜੈ ਕਾਰ (ਆਦਰ-ਸਤਕਾਰ) ਹੁੰਦਾ ਹੈ ।

**ਸਹਜ ਆਨੰਦ ਸੁਖਮੰਗਲ ਸੁਹਾਗ ਭਾਗ ਸੁੰਦਰ ਮੰਦਰ ਛਬਿ ਸੋਭਤ ਸੁਚਾਰ ਹੈ ॥**

ਸ਼ਾਂਤੀ, ਅਨੰਦ, ਸੁਖ, ਮੰਗਲ, ਸੁਹਾਗ, ਭਾਗ, ਸੁੰਦਰ ਮੰਦਰ ਤੇ ਸੁਭ ਅਚਾਰਦੀ ਛਬਿਨਾਲ ਸੋਭਾ ਪਾਂਦੀ ਹੈ ।

**ਸਤਿਗੁਰ ਸਿਖਨ ਕਉ ਰਾਖਤ ਗ੍ਰਿਹਸਤ ਮੈ ਸਾਵਧਾਨ ਆਨ ਦੇਵਸੇਵ ਭਾਉ ਦੁਬਿਧਾ ਨਿਵਾਰ ਹੈ ॥ ੪੯੦ ॥**

(ਇਸ ਤਰ੍ਹਾਂ) ਸਤਿਗੁਰੂ ਸਿਖਾਂ ਨੂੰ ਗ੍ਰਿਹਸਤ ਵਿਚ ਸਾਵਧਾਨ ਰਖਦਾ ਹੈ, ਇਸ ਲਈ ਸਿਖਾਂ ਨੇ ਮਨ ਵਿਚੋਂ ਦੂਜੇ ਦੇਵਤਿਆਂ ਦੀ ਸੇਵਾ (ਤੇ ਉਨ੍ਹਾਂ ਦਾ) ਪਰਮ (ਆਦਿਕ) ਦੁਬਿਧਾ ਦੂਰ ਕਰ ਦਿਤੀ ਹੈ ॥ ੪੯੦ ॥

ਭਾਵ—ਜਿਵੇਂ ਇਸਤ੍ਰੀ ਪਤਿਬ੍ਰਤ ਧਰਮ ਧਾਰਦੀ ਹੈ ਤੇ ਪਤੀ ਉਸਨੂੰ ਜਾ ਪਿਆਰ ਕਰਦਾ ਹੈ, ਇਵੇਂ ਜੋ ਸਿਖ ਤਨ ਮਨ ਕਰਕੇ ਸਤਿਗੁਰੂ ਦਾ ਸੇਵਕ ਹੈ, ਸਤਿਗੁਰੂ ਉਸਦਾ ਹਰ ਥਾਂ ਸਹਾਈ ਹੁੰਦਾ ਹੈ ।

**ਜੈਸੇ ਤਉ ਪਤਿਬ੍ਰਤ ਪਤਿਬ੍ਰਤ ਮੈ ਸਾਵਧਾਨ ਤਾਹੀ ਤੇ ਗ੍ਰਿਹੇਸੁਰ ਹੁਇ ਨਾਇਕਾ ਕਹਾਵਈ ॥**

ਜਿਸਤਰਾਂ ਕਿ ਪਤਿਬ੍ਰਤਾ ਪਤਿਬ੍ਰਤ ਵਿਚ ਸਾਵਧਾਨ (ਰਹਿੰਦੀ ਹੈ) ਉਸੇ ਕਰਕੇ ਉਹ ਘਰ ਦੀ ਰਾਣੀ ਹੋ ਕੇ (ਨਾਇਕਾ) ਸੁਆਮਣੀ ਕਹਾਉਂਦੀ ਹੈ ।

**ਅਸਨ ਬਸਨ ਧਨ ਧਾਮ ਕਾਮਨਾ ਪੁਜਾਵੈ ਸੋਭਤਿ ਸਿੰਗਾਰ ਚਾਰੁ ਸਿਹਜਾ ਸਮਾਵਈ ॥**

ਅੰਨ, ਬਸਤਰ, ਧਨ ਦੌਲਤ ਤੇ ਮੰਦਰ (ਆਦਿਕ ਵਲੋਂ ਪਤੀ ਉਸਦੀਆਂ ਸਾਰੀਆਂ) ਕਾਮਨਾਂ ਪੂਰੀਆਂ ਕਰਦਾ ਹੈ, ਸੁੰਦਰ ਸ਼ਿੰਗਾਰ ਨਾਲ ਸੋਭਦੀ ਹੋਈ ਸੇਜਾ ਉਤੇ (ਪਤੀ ਦੇ ਅੰਕ ਵਿਚ) ਸਮਾ ਜਾਂਦੀ ਹੈ ।

**ਸਤਿਗੁਰ ਸਿਖਨ ਕਉ ਰਾਖਤ ਗ੍ਰਿਹਸਤ ਮੈ ਸੰਪਦਾ ਸਮੂਹ ਸੁਖ ਲਡੇ ਤੇ ਲਡਾਵਈ ॥**

(ਇਸ ਤਰ੍ਹਾਂ) ਸਤਿਗੁਰੂ ਸਿਖਾਂ ਨੂੰ ਗ੍ਰਿਹਸਤ ਵਿਚ ਰਖਦਾ ਹੈ, ਅਤ ਸਾਰੀ ਸੰਪਦਾ ਦੇ ਸੁਖ ਲਾਡ ਨਾਲ ਲਡਾਉਂਦਾ ਹੈ ।

**ਅਸਨ ਬਸਨ ਧਨ ਧਾਮ ਕਾਮਨਾ ਪਵਿਤ੍ਰ ਆਨ ਦੇਵ ਸੇਵਾਭਾਉ ਦੁਤੀਆ ਮਿਟਾਵਈ ॥ ੪੯੧ ॥**

ਅੰਨ, ਬਸਤਰ, ਧਨ ਦੌਲਤ ਦੀ ਪਵਿਤ੍ਰ ਕਾਮਨਾ (ਪੂਰੀ ਕਰਦੇ ਹਨ ਅਤੇ ਸਿਖ ਦੇ ਮਨ ਵਿਚੋਂ) ਆਨ ਦੇਵ ਸੇਵਾ ਦਾ ਦੁਤੀਆ ਭਾਉ ਮਿਟਾ ਦੇਂਦੇ ਹਨ ।੪੯੧।

**ਲੋਗ ਬੇਦ ਗਿਆਨ ਉਪਦੇਸ ਹੈ**

**ਪਤਿਬ੍ਰਤਾ ਕਉ ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ ॥**

ਲੋਕ ਗਿਆਨ ਤੇ ਵੇਦ ਗਿਆਨ ਵਿਚੋਂ ਪਤਿਬ੍ਰਤਾ ਨੂੰ (ਏਹੋ) ਉਪਦੇਸ਼ (ਮਿਲਦਾ) ਹੈ, (ਕਿ ਉਸਨੂੰ) ਮਨ, ਬਾਣੀ, ਸਰੀਰ ਕਰਕੇ ਸਵਾਮੀ ਦੀ ਸੇਵਾ (ਕਰਨ ਦਾ ਹੀ) ਅਧਿਕਾਰ (ਹੱਕ) ਹੈ ।

**ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ ਤੀਰਥ ਬਰਤ ਪੂਜਾ ਨੇਮ ਨਤਕਾਰ ਹੈ ॥**

(ਵਿਸ਼ਨ ਸਹੰਸ੍ਰ) ਨਾਮ (ਆਦਿਕ ਸਤੋਤ੍ਰਾਂ ਦਾ ਪਾਠ ਤੀਰਥਾਂ ਦੇ) ਇਸ਼ਨਾਨ, ਅੰਨ, ਬਸਤਰ, ਸੋਨਾ, ਚਾਂਦੀ ਤੇਲ ਮਾਹ ਅਦਿਕਾਂ ਦਾ) ਦਾਨ, ਇੰਦਰ ਰੋਕਣ ਜਾਂ ਕੋਈ ਪ੍ਰਣ ਕਰਨ ਰੂਪ) ਸੰਜਮ ਦੀ (ਲੋੜ) ਨਹੀਂ ਹੈ, (ਅਤੇ ਮੰਤ੍ਰਾਂ ਦੇ) ਜਾਪ ਤੇ (ਛਿਲੇ ਕਟਨ ਆਦਿਕ) ਤਪ ਕਰਨ, (ਮਾਘ ਮਹੀਨੇ ਪ੍ਰਯਾਗ ਜਾਂ ਗ੍ਰਹਿਣ ਸਮੇ ਆਦਿਕ ਕੁਰਖੇਤ੍ਰ ਆਦਿਕ) ਤੀਰਥ (ਯਾਤਰਾ, ਚੰਦ੍ਰਾਇਣ ਆਦਿਕ) ਬਰਤ, (ਠਾਕੁਰ ਜਾਂ ਸਿਵ ਦੀ) ਪੂਜਾ (ਕਰਨੀ ਜਾਂ ਕੋਈ ਹਰ ਧਾਰਮਿਕ) ਨੇਮ (ਦੀ ਪਤਿਬ੍ਰਤਾ ਇਸਤ੍ਰੀ ਨੂੰ) (ਨਤਕਾਰ) ਆਗਿਆ (ਜਾਂ ਲੋੜ) ਨਹੀਂ ਹੈ ।

**ਹੋਮ ਜਗ ਭੋਗ ਨਈਬੇਦ ਨਹੀ ਦੇਵੀ ਦੇਵ ਸੇਵ ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ ॥**

(ਅੱਗ ਵਿਚ ਅਹੂਤੀਆਂ ਪਾਣ ਰੂਪ) ਹੋਮ, ਬ੍ਰਹਮ ਭੋਜ ਆਦਿਕ) ਜੱਗ, (ਅਨੇਕ ਤਰ੍ਹਾਂ ਖਾਦਯ ਪਦਾਰਥ ਪ੍ਰਭੂ ਅਰਪਨ ਕਰਨ ਰੂਪ) ਭੋਗ (ਲਆਉਣੇ, ਫਲ, ਪੁਸ਼ਪ ਮਾਲਾ ਆਦਿਕ ਭੇਟਾ ਚੜ੍ਹਾਉਣ ਰੂਪ) ਨੈਵੇਦ, ਦੇਵੀਆਂ ਦੇਵਤਿਆਂ ਦੀ ਸੇਵਾ (ਕਰਨ ਦੀ ਭੀ ਪਤਿ-ਬਰਤਾ ਨੂੰ ਆਗਿਆ) ਨਹੀਂ ਹੈ,ਰਾਗਾਂ ਦਾ ਅਲਾਪ,ਵਾਦ ਨਿਰਣਯ ਰੂਪ ਸੰਬਾਦ (ਚਰਚਾ) ਕਰਨੀ ਤੇ ਹੋਰ ਕਿਸੇ ਦੇ ਬੂਹ ਤੇ ਜਾਣ ਦੀ (ਭੀ ਪਤਿਬਰਤਾ ਨੂੰ ਆਗਿਆ) ਨਹੀਂ ਹੈ ।

**ਤੈਸੇ ਗੁਰ ਸਿਖਨ ਮੈ ਏਕ ਟੇਕ ਹੀ ਪ੍ਰਧਾਨ ਆਨ ਗਿਆਨ ਧਿਆਨ ਸਿਮਰਨ ਬਿਭਚਾਰ ਹੈ ॥ ੪੯੨ ॥**

ਉਸੇ ਤਰ੍ਹਾਂ ਹੀ ਗੁਰ ਸਿਖਾਂ ਨੂੰ ਇਕ (ਗੁਰੂ ਦੀ) ਓਟ ਰਖਣੀ ਹੀ ਪ੍ਰਧਾਨ (ਕਰਮ ਹੈ, ਇਸ ਤੋਂ ਬਿਨਾਂ) ਹੋਰ ਕੋਈ ਗਿਆਨ, ਧਿਆਨ ਤੇ ਸਿਮਰਨ ਕਰਨਾ ਵਿਭਚਾਰ (ਦੇ ਹੀ ਸਮਾਨ) ਹੈ ॥ ੪੯੨ ॥

ਭਾਵ—ਜਿਸ ਤਰ੍ਹਾਂ ਪਤਿਬ੍ਰਤਾ ਇਸਤ੍ਰੀ ਲਈ ਕੇਵਲ ਪਤਿ ਸੇਵਾ ਤੋਂ ਬਿਨਾਂ ਹੋਰ ਕੋਈ ਨਾਮ, ਦਾਨ, ਹੋਮ, ਜਗ, ਪਾਠ, ਪੂਜਾ,ਤੀਰਥ ਇਸ਼ਨਾਨ, ਦੇਵ ਪੂਜਾ ਆਦਿਕ ਕਰਮ ਕਰਨ ਦੀ ਆਗਿਆ ਨਹੀਂ ਹੈ ਇਸੇ ਤਰ੍ਹਾਂ ਗੁਰ ਸਿਖਾ ਲਈ ਗੁਰੂ ਤੋਂ ਬਿਨਾਂ ਹੋਰ ਕੋਈ ਗਿਆਨ, ਧਿਆਨ ਤੇ ਸਿਮਰਨ ਕਰਨਾ ਇਸ ਤਰ੍ਹਾਂ ਦਾ ਕਰਮ ਹੈ, ਜਿਸ ਤਰ੍ਹਾਂ ਪਤਿਬ੍ਰਤਾ ਲਈ ਪਰ ਪੁਰਖ ਨਾਲ ਵਿਭਚਾਰ ਕਰਨਾ ਮਹਾਂ ਪਾਪ ਦੇ ਸਮਾਨ ਹੈ ।

**ਜੈਸੇ ਪਤਿਬ੍ਰਤਾ ਕਉ ਪਵਿਤ੍ਰ ਘਰਿ ਵਾਸ ਨ੍ਹਾਤ ਅਸਨ ਬਸਨ ਧਨ ਧਾਮ ਲੋਕਾਚਾਰ ਹੈ ॥**

ਜਿਸ ਤਰ੍ਹਾਂ ਪਤਿਬ੍ਰਤਾ [ਇਸਤ੍ਰੀ] ਨੂੰ ਘਰ ਦਾ ਵਸਣਾ, ਨ੍ਹਾਉਣਾ, ਭੋਜਨ, ਕਪੜੇ, ਧਨ ਦੌਲਤ, ਮੰਦਰ ਤੇ ਲਕਾਂ ਦੇ ਕਰਮ [ਆਦਿਕ ਸਭ ਕੁਝ] ਪਵਿਤ੍ਰ (ਕਰਮ) ਹੈ । ਇਸੇ ਤਰ੍ਹਾਂ—

**ਤਾਤ ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ ਸੇਵਾ ਗੁਰ ਜਨ ਸੁਖ ਅਭਰਨ ਸਿੰਗਾਰ ਹੈ ॥**

ਪਿਉ, ਮਾਂ, ਭਰਾ, ਪੁਤਰ, ਸਜਨ, ਪਰਵਾਰ, ਮਿਤਰ ਬਜੁਰਗ ਸਜਨ (ਆਦਿਕਾਂ ਦੀ) ਸੇਵਾ (ਕਰਨ ਵਿਚ ਹੀ) ਸੁਖ (ਮੰਨਣਾ ਤੇ) ਗਹਿਣਿਆਂ ਨਾਲ ਸਰੀਰ ਤੇ ਸ਼ਿੰਗਾਰ (ਕਰਨਾ ਹੈ) ।

**ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰ ਧਾਰੀ ਸਕਲ ਕੁਟੰਬ ਮੈ ਪਵਿਤ੍ਰ ਬਿਬਿਧ ਅਚਾਰ ਹੈ ॥**

(ਜੋ ਸਰੀਰਕ ਪਾਲਨ ਲਈ) ਉਪਜੀਵਕਾ ਦੀ ਕਿਰਤ ਕਰਨੀ ਹੈ। ਪ੍ਰਸੂਤ (ਕਾਲ ਵਿਚ ਜੋ) ਮਲ-ਮੂਤ੍ਰ ਧਾਰੀ (ਸਰੀਰ ਦਾ ਹੋਣਾ ਹੈ) ਜੋ ਭੀ ਕਰਮ ਹੈ, ਇਹ ਅਨੇਕ ਤਰ੍ਹਾਂ ਦੇ ਕਰਤੱਬ(ਪਤਿਬ੍ਰਤਾ ਲਈ) ਪਵਿਤ੍ਰ ਹਨ।

**ਤੈਸੇ ਗੁਰ ਸਿਖਨ ਕਉ ਲੇਪੁ ਨ ਗ੍ਰਿਹਸਤ ਮੈ ਆਨ ਦੇਵ ਸੇਵ ਧ੍ਰਿਗ ਜਨਮ ਸੰਸਾਰ ਹੈ॥ ੪੯੩॥**

ਇਸੇ ਤਰ੍ਹਾਂ ਗੁਰ ਸਿਖਾਂ ਨੂੰ ਗ੍ਰਹਸਤ ਵਿਚ ਰਹਿਕੇ ਗ੍ਰਹਸਤੀ ਦੇ ਕਰਮ ਧਰਮ ਕਰਨ ਦਾ ਕੋਈ ਲੇਪ ਨਹੀਂ ਲਗਦਾ ਹੈ, (ਕੇਵਲ) ਹੋਰਨਾਂ ਦੇਵਤਿਆਂ ਦੀ ਸੇਵਾ ਕਰਨ ਤੋਂ ਸੰਸਾਰ ਵਿਚ ਗੁਰ ਸਿਖ ਦੇ ਜਨਮ ਨੂੰ ਧ੍ਰਿਕਾਰ ਮਿਲਦੀ ਹੈ॥ ੪੯੩॥

**ਆਦਿਤ ਅਉ ਸੋਮ ਭੋਮ ਬੁਧ ਹੂੰ ਬ੍ਰਿਹਸਪਤਿ ਸੂਕਰ ਸ਼ਨੀਚਰ ਸਾਤੋ ਬਾਰ ਬਾਟ ਲੀਨੇ ਹੈ॥**

(ਆਦਿਤ=ਸੂਰਜ, ਸੂਰਜ ਦਾ ਦਿਨ ਐਤ) (ਵਾਰ। ਭੋਮ=ਮੰਗਲ। ਬ੍ਰਿਹਸਪਤਿ=ਵੀਰ) (ਵਾਰ। ਉਪਾਰਜਨ=ਪੈਦਾ ਕਰਨਾ।) (ਅਜੋਨੀ=ਜਨਮ ਤੋਂ ਰਹਿਤ, ਪ੍ਰਮਾਤਮਾ।)

ਐਤ ਤੇ ਸੋਮ, ਮੰਗਲ, ਬੁਧ ਤੇ ਵੀਰ, ਸੁਕ੍ਰ ਅਤੇ ਸਨੀਚਰ, ਇਹ ਸੱਤ ਵਾਰ ਵੰਡ ਲਏ ਹਨ।

**ਥਿਤਿ ਪਛ ਮਾਸ ਰੁਤਿ ਲੋਗਨ ਮੈ ਲੋਗਾਚਾਰ ਏਕ ਏਕੰਕਾਰ ਕੋ ਨ ਕੋਊ ਦਿਨ ਦੀਨੇ ਹੈ॥**

੧੫ ਥਿੱਤਾਂ (ਦਾ ਇਕ) ਪੱਖ, (ਹਨੇਰਾ ਤੇ ਚਾਨਣਾ ਰੂਪ ਦੋਂਹ ਪੱਖਾਂ ਦਾ ਇਕ ਮਹੀਨਾ) (ਜੋ ਪਿਤਰਾਂ ਦਾ ਦਿਨ ਰਾਤ ਕਰਕੇ ਮੰਨਿਆਂ ਜਾਂਦਾ ਹੈ, ਅਤੇ ਫਿਰ ਦੋਂਹ ਮਹੀਨਿਆਂ ਦੀ ਇਕ ਰੁਤ ਬਣਾਕੇ ਵਰੇ ਦੀਆਂ ਛੇ ਰੁੱਤਾਂ ਥਾਪੀਆਂ ਹੋਈਆਂ ਹਨ, ਜੋ ਲੋਕਾਂ ਨ ਲੋਕਾਚਾਰੀ ਦੀ ਵੰਡ ਕਰ ਰਖੀ ਹੈ, ਪਰ ਇਨ੍ਹਾਂ ਸਭਨਾਂ ਵਿਚੋਂ) ਇਕ ਏਕੰਕਾਰ ਦਾ ਕੋਈ ਭੀ ਦਿਨ ਨਹੀ ਮੰਨਿਆ ਹੈ।

**ਜਨਮ ਅਸ਼ਟਮੀ ਰਾਮ ਨਉਮੀ ਏਕਾਦਸੀ ਭਈ ਦੁਆਦਸੀ ਚਤੁਰਦਸੀ ਜਨਮੁ ਏ ਕੀਨੇ ਹੈ॥**

ਭਾਦਰੋਂ ਸੁਦੀ ਅਸ਼ਟਮੀ ਨੂੰ ਕ੍ਰਿਸ਼ਨ ਜਨਮ ਦਿਨ, ਤੇ ਚੇਤਰ ਦੀ ਨੋਮੀ ਨੂੰ ਰਾਮ ਜੀ ਦਾ ਜਨਮ ਦਿਨ ਜਾਣਕੇ ਰਾਮ ਨੌਮੀ, ਏਕਾਦਸ਼ੀ (ਨੂੰ ਹਰੀ ਬਾਸਰ) ਦੁਆਦਸੀ (ਨੂੰ ਬਾਵਨ ਅਵਤਾਰ ਦਿਨ ਅਤੇ ਚੋਦਸ ਨੂੰ ਨਰਸਿੰਘ) ਚਤੁਰ ਦਸੀ ਨਾਮ ਰਖ ਦਿੱਤਾ ਹੈ, ਤੇ ਇਨ੍ਹਾਂ ਦਿਨਾਂ ਨੂੰ ਭਗਵਾਨ ਦੇ ਜਨਮ ਦਿਨ ਬਣਾ ਰਖਿਆ ਹੈ।

**ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨੁ ਅਜੋਨੀ ਜਨਮ ਦਿਨੁ ਕਹੋ ਕੈਸੇ ਚੀਨੇ ਹੈ॥ ੪੯੪॥**

(ਪਰ ਹੈਰਾਨੀ ਹੈ ਕਿ ਜਿਸ ਦਿਨ ਕਰਤਾਰ ਨੇ ਇਹ) ਪਰਜਾ (ਸ੍ਰਿਸ਼ਟੀ) ਪੈਦਾ ਕੀਤੀ ਸੀ, (ਉਸ) ਦਿਨ ਨੂੰ ਤਾਂ ਕੋਈ ਭੀ ਮਨੁਖ ਨਹੀ ਪਾ ਸਕਿਆ ਹੈ, ਅਤੇ ਜੋ ਜੂਨ ਵਿਚ ਨਹੀਂ ਆਉਣ ਵਾਲਾ ਉਸਦੇ ਜਨਮ ਦਿਨ ਨੂੰ ਦਸੋ ਕਿਸ ਤਰ੍ਹਾਂ ਪਛਾਨਿਆ ਹੈ ? ॥ ੪੯੪॥

**ਜਾਕੋ ਨਾਮੁ ਹੈ ਅਜੋਨੀ ਕੈਸੇ ਕੈ ਜਨਮੁ ਲੈਤ ਕਹਾ ਜਾਨ ਬ੍ਰਤ ਜਨਮਾਸ਼ਟਮੀ ਕੋ ਕੀਨੋ ਹੈ॥**

ਜਿਸਦਾ ਨਾਮ ਹੀ ਅਜੋਨੀ(ਜੂਨ-ਰਹਿਤ) ਹੈ, (ਓਹ) ਕਿਸ ਤਰ੍ਹਾਂ ਜਨਮ ਲੈਂਦਾ ਹੈ, (ਫਿਰ) ਉਸ (ਦਿਨ ਨੂੰ ਕਿਸ ਤਰ੍ਹਾਂ ਨਾਲ) ਜਾਣ ਕਰਕੇ ਜਨਮ ਅਸਟਮੀ ਦਾ ਬਰਤ ਬਣਾ ਲਿਆ ਹੈ।

**ਜਾਕੋ ਜਗ ਜੀਵਨ ਅਕਾਲ ਅਬਿਨਾਸੀ ਨਾਮੁ ਕੈਸੇ ਕੈ ਬਧਿਕ ਮਾਰਿਓ ਅਪਜਸੁ ਲੀਨੋ ਹੈ॥**

(ਫਿਰ) ਜਿਸਦਾ ਨਾਮ ਹੀ 'ਜਗ ਜੀਵਨ' (ਜਗਤ ਦਾ ਜੀਵਨ) ਅਕਾਲ (ਕਾਲ-ਰਹਿਤ) ਤੇ ਅਬਿਨਾਸੀ (ਨਾਸ ਤੋਂ ਰਹਿਤ) ਹੈ, (ਉਸਨੂੰ) ਕਿਸ ਤਰ੍ਹਾਂ ਕਰਕੇ ਬਧਿਕ ਨੇ ਮਾਰਿਆ ਤੇ ਅਪਜਸ ਲਿਆ ਸੀ (ਅਥਵਾ ਉਸਨੇ ਕਿਸ ਤਰ੍ਹਾਂ ਕਰਕੇ ਬਧਿਕ ਵਾਂਗੂੰ ਲੁਕਕੇ ਬਾਲੀ

ਨੂੰ ਮਾਰਿਆ ਤੇ ਅਪਜਸ ਲਿਆ ਸੀ)।

**ਨਿਰਮਲ ਨਿਰਦੋਖ ਮੋਖ ਪਦੁ ਜਾਕੇ ਨਾਮਿ ਗੋਪੀਨਾਥ ਕੈਸੇ ਹੁਇ ਬਿਰਹ ਦੁਖ ਦੀਨੋ ਹੈ ॥**

ਜੋ ਸੁਧ ਹੈ, ਨਿਰਵਿਕਾਰ ਹੈ, ਮੋਖ ਪਦ (ਮੁਕਤ ਦਾਤਾ) (ਆਦਿਕ) ਜਿਸਦੇ ਨਾਮ (ਉਚਾਰ ਜਾਂਦ ਹਨ, ਦਸੋ, ਉਸਨੇ) ਗੋਪੀ ਨਾਥ ਹੋ ਕੇ ਕਿਸ ਤਰ੍ਹਾਂ ਨਾਲ ਗੋਪੀਆਂ ਨੂੰ ਵਿਛੋੜੇ ਦਾ ਦੁਖ ਦਿਤਾ ਸੀ।

**ਪਾਹਨ ਕੀ ਪ੍ਰਤਿਮਾ ਕੇ ਅੰਧ ਕੰਧ ਹੈ ਪੂਜਾਰੀ ਅੰਤਰਿ ਅਗਿਆਨ ਮਤਿ ਗਿਆਨ ਗੁਰ ਹੀਨੋ ਹੈ ॥ ੪੯੫ ॥**

(ਫਿਰ ਦੂਜ ਪ ਸ) ਪਥਰ ਦੀ ਮੂਰਤੀ ਨੂੰ ਈਸ਼ਵਰ ਮੰਨਕੇ) ਅੰਨ (ਕੰਧ) ਜੜ ਪੁਜਾਰੀ ਜਿਨ੍ਹਾਂ ਦੇ ਹਿਰਦ ਵਿਚ ਅਗਿਆਨ ਬੁਧੀ ਹੈ, ਉਹ ਗੁਰ ਗਿਆਨ ਤੋਂ ਹੀਣ ਹਨ (ਉਹ ਉਸ ਪਥਰ ਦੀ ਮੂਰਤੀ ਦੀ ਪੂਜਾ ਕਰਦੇ ਹਨ) ॥ ੪੯੫ ॥

**ਸੂਰਜ ਪ੍ਰਗਾਸਨਾਸ ਉਡਗਨ ਅਗ ਨਿਤ ਆਨ ਦੇਵ ਸੇਵ ਗੁਰਦੇਵ ਕੇ ਧਿਆਨ ਕੈ ॥**

(ਉਡਗਨ=ਤਾਰੇ। ਦਰੋਹ=ਛਲ, ਫਰਬ)
(ਮੇਂਡਕ =ਡਡੂ ॥ ਸਿਵਾਲ=ਜਾਲਾ, ਕਈ।)

(ਜਿਵੇਂ) ਸੂਰਜ ਦਾ ਪ੍ਰਕਾਸ਼ (ਹੁੰਦਿਆਂ ਹੀ)ਅਗਣਤ ਤਾਰੇ ਨਾਸ ਹੋ ਜਾਂਦ ਹਨ, (ਉਸੇ ਤਰ੍ਹਾਂ) ਸ੍ਰੀ ਗਰਦਵ ਜੀ ਦਾ ਧਿਆਨ ਕਰਦਿਆਂ ਹੀ ਅ ਨ ਦਵ ਦੀ ਸੇਵਾ (ਨਸ਼ਟ ਹੋ ਜਾਂਦੀ ਹੈ)।

**ਹਾਟ ਬਾਟ ਘਾਟ ਠਾਟੁ ਘਟੈ ਘਟੈ ਨਿਸ ਦਿਨੁ ਤੈਸੇ ਲੋਗ ਬੇਦ ਭੇਦ ਸਤਿਗੁਰ ਗਿਆਨ ਕੈ ॥**

(ਜਿਸ ਤਰ੍ਹਾਂ) ਹੱਟੀਆਂ, ਰਸਤਿਆਂ, ਘਾਟਾਂ (ਪਤਨਾਂ) ਦਾ ਠਾਟ ਰਾਤ ਦਿਨ (ਕਰਕੇ) ਘਟਦਾ ਹੀ ਘਟਦਾ (ਜਾਂਦਾ ਹੈ) ਉਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਜੀ ਦੇ ਗਿਆਨ ਕਰਕੇ ਲੋਗਾਂ ਤੇ ਬੇਦਾਂ ਦਾ ਭੇਦ (ਹਰ ਰੋਜ ਘਟਦਾ ਜਾਂਦਾ ਹੈ, ਅਰਥਾਤ ਨਵੀਂ ਰੌਸ਼ਨੀ ਦੇ ਕਾਰਨ ਸਨਾਤਨ ਮਰਯ ਦਾ ਰੋਜ ਦੀ ਰੋਜ ਨਸ਼ਟ ਹੁੰਦੀ ਜਾ ਰਹੀ ਹੈ।

**ਚੋਰ ਜਾਰ ਔ ਜੂਆਰ ਮੋਹ ਦ੍ਰੋਹ ਅੰਧਕਾਰ ਪ੍ਰਾਤ ਸਮੈ ਸੋਭਾ ਨਾਮ ਦਾਨ ਇਸਨਾਨ ਕੈ ॥**

ਚੋਰਾਂ ਯਾਰਾਂ ਅਤੇ ਜੁਆਰੀਆਂ ਦਾ ਮੋਹਣਾ (ਠਗਨਾ) ਤੇ ਛਲ ਕਰਨ ਰੂਪ ਹਨੇਰਾ (ਸਮਾਂ ਨਸ਼ਟ ਹੁੰਦਾ ਜਾਂਦਾ ਹੈ ਅਤੇ) ਨਾਮ ਦਾਨ ਤੇ ਇਸ਼ਨਾਨ ਕਰਨ ਕਰਾਨ ਦਾ ਪ੍ਰਾਤਾਕਾਲ ਸੋਭਾ ਪਾਂਦਾ ਆ ਰਿਹਾ ਹੈ।

**ਆਨਸਰ ਮੇਂਡਕੁ ਸਿਵਾਲ ਘੋਘਾ ਮਾਨਸਰ ਪੂਰਨ ਬ੍ਰਹਮ ਗੁਰ ਸਰਬ ਨਿਧਾਨ ਕੈ ॥ ੪੯੬ ॥**

(ਆਨ ਦੇਵ ਦੀ ਸੇਵਾ ਇਸ ਤਰ੍ਹਾਂ ਹੈ, ਜਿਵੇਂ) ਦੂਸਰਿਆਂ ਤਲਾਵਾਂ ਉਤੇ ਡਡੂ ਜਾਲਾ ਤ ਘੋਗੇ (ਹੁੰਦੇ ਹਨ, ਅਤ) ਮਾਨਸਰੋਵਰ (ਦੇ ਸਮਾਨ) ਪੂਰਨ ਬ੍ਰਹਮ (ਸਰੂਪ) ਗੁਰੂ ਸਾਰੇ (ਪਦਾਰਥਾਂ ਦਾ) ਨਿਧਾਨ (ਭੰਡਾਰ) ਹੈ ॥ ੪੯੬ ॥

**ਨਿਸ ਦਿਨ ਅੰਤਰਿ ਜਿਉ ਅੰਤਰੁ ਬਖਾਨੀਅਤ ਤੈਸੇ ਆਨ ਦੇਵ ਗੁਰਦੇਵ ਸੇਵ ਜਾਨੀਐ ॥**

ਜਿਸ ਤਰ੍ਹਾਂ ਰਾਤ ਤੇ ਦਿਨ ਵਿਚ ਲੋ ਅੰਤਰਾ (ਫਰਕ) ਹੈ, ਇਸੇ ਤਰ੍ਹਾਂ ਹੋਰਨਾਂ ਦੇਵਤਿਆਂ ਦੀ ਸੇਵਾ ਤ ਗੁਰਦਵ ਦੀ ਸੇਵਾ ਜਾਣੀ ਜਾਂਦੀ ਹੈ (ਅਰਥਾਤ ਰਾਤ ਸਮਾਨ ਆਨ ਦੇਵ ਸੇਵਾ ਅਤੇ ਦਿਨ ਸਮਾਨ ਗੁਰਦੇਵ ਸੇਵਾ ਜਾਣਨੀ ਚਾਹੀਦੀ ਹੈ।

**ਨਿਸ ਅੰਧਕਾਰ ਬਹੁ ਤਾਰਿਕਾ ਚਮਤਕਾਰ ਦਿਨ ਦਿਨਕਰਿ ਏਕੰਕਾਰ ਪਹਿਚਾਨੀਐ ॥**

(ਜਿਸ ਤਰ੍ਹਾਂ) ਰਾਤ ਨੂੰ ਹਨੇਰਾ (ਫੈਲ ਜਾਂਦਾ ਹੈ ਤੇ ਉਸ ਵਿਚ) ਬਹੁਤ ਸਾਰੇ ਤਾਰੇ ਚਮਤਕਾਰ (ਕਰਦੇ ਹਨ, ਇਸੇ ਤਰ੍ਹਾਂ ਆਨ ਦੇਵ ਸੇਵਾ ਵਿਖੇ ਅਗਿਆਨ ਰੂਪ ਅੰਧਕਾਰ ਵਿਚ ਅਨੇਕ ਤਰ੍ਹਾਂ ਧਰਮ, ਭੇਖ ਤੇ ਪਖੰਡ ਪ੍ਰਵਿਰਤ ਹੋ ਜਾਂਦੇ ਹਨ, ਅਤੇ ਜਿਵੇਂ) ਦਿਨ ਦੇ ਸਮੇਂ ਇਕ ਸੂਰਜ ਦੇ ਸਰੀਰ ਨੂੰ ਪਛਾਣੀਦਾ ਹੈ, (ਇਸੇ ਤਰ੍ਹਾਂ ਗੁਰਦੇਵ ਜੀ ਦੀ ਸੇਵਾ ਕਰਨ ਕਰਕੇ ਅਗਿਆਨ ਰੂਪ ਅੰਧਕਾਰ ਨਸ਼ਟ ਭ੍ਰਸ਼ਟ ਹੋ ਜਾਂਦਾ ਹੈ ਅਤੇ ਇਕ ਵਾਹਿਗੁਰੂ ਦੇ ਸਿਮਰਨ, ਪੂਜਨ, ਮੰਨਣ ਆਦਿਕ ਸੂਰਜ ਦਾ ਪ੍ਰਕਾਸ਼ ਹੋ ਜਾਂਦਾ ਹੈ)।

**ਨਿਸ ਅੰਧਿਆਰੀ ਮੈ ਬਿਕਾਰੀ ਹੈ ਬਿਕਾਰ ਹੇਤੁ ਪ੍ਰਾਤ ਸਮੈ ਨੇਹੁ ਨਿਰੰਕਾਰੀ ਉਨਮਾਨੀ ਐ ॥**

(ਜਿਸ ਤਰ੍ਹਾਂ) ਹਨੇਰੀ ਰਾਤ ਵਿਚ ਵਿਕਾਰੀ (ਵਿਸ਼ਈ ਪਾਂਮਰ] ਲੋਕ ਵਿਕਾਰਾਂ (ਬੁਰੇ ਕਰਮਾਂ ਨਾਲ) ਹੇਤੁ (ਪ੍ਰੇਮ) ਲਾਂਦੇ ਹਨ, (ਇਸ ਤਰ੍ਹਾਂ ਆਨ ਦਵ ਸੇਵਾ ਅਗਿਆਨੀ ਪੁਰਸ਼ਾਂ ਨੂੰ ਸਕਾਮੀ ਬਣਾਈ ਜਾਂਦੀ ਹੈ ਜਿਸ ਤਰ੍ਹਾਂ) ਪ੍ਰਾਤਾਕਾਲ ਵਿਚ ਨਿਰੰਕਾਰੀ ਪਿਆਰ ਵਾਲੇ ਮਹਾਤਮਾਂ ਪੁਰਸ਼ ਨਿਰੰਕਾਰ ਦੀ ਵੀਚਾਰ (ਸਿਮਰਨ ਭਗਤੀ) ਕਰਦੇ ਹਨ, (ਇਸੇ ਤਰ੍ਹਾਂ ਗੁਰਦੇਵ ਜੀ ਦੀ ਸੇਵਾ ਕਰਨ ਕਰਕੇ ਪੁਰਸ਼ ਸੁਤੇ ਹੀ ਨਿਸ਼ਕਾਮ ਹੋ ਕੇ ਹਰਿ ਕੀਰਤਨ ਪ੍ਰਾਇਣ ਹੋ ਜਾਂਦਾ ਹੈ)।

**ਰੈਨ ਸੈਨ ਸਮੈ ਠਗ ਚੋਰ ਜਾਰ ਹੁਇ ਅਨੀਤ ਰਾਜੁਨੀਤਿ ਰੀਤਿ ਪ੍ਰੀਤਿ ਬਾਸੁਰ ਬਖਾਨੀਐ ॥ ੪੯੭ ॥**

(ਜਿਸ ਤਰ੍ਹਾਂ) ਰਾਤ ਨੂੰ ਸੌਣ ਦੇ ਸਮੇਂ ਵਿਚ ਠਗ, ਚੋਰ ਤੇ ਯਾਰ ਲੋਕਾਂ ਤੋਂ ਅਨੀਤੀ (ਬੇ-ਇਨਸਾਫੀ ਦੀ ਕਾਰ) ਹੁੰਦੀ ਹੈ, ਇਸੇ ਤਰ੍ਹਾਂ ਆਨ ਦੇਵ ਸੇਵਾ ਕਰਨ ਕਰਕੇ ਕਾਮ, ਕਰੋਧ, ਲੋਭ, ਮੋਹ ਆਦਿਕਾਂ ਦਾ ਪ੍ਰਭਾਵ ਵਧਦਾ ਹੀ ਵਧਦਾ ਜਾਂਦਾ ਹੈ ਅਤੇ ਜਿਸ ਤਰ੍ਹਾਂ) ਦਿਨ ਦੇ ਸਮੇਂ ਰਾਜਨੀਤੀ ਦੀ ਰੀਤਿ (ਮਰਯਾਦਾ) ਨਾਲ ਪ੍ਰੀਤਿ ਕਹੀ ਜਾਂਦੀ ਹੈ (ਇਸੇ ਤਰ੍ਹਾਂ ਗੁਰਦੇਵ ਦੀ ਸੇਵਾ ਕਰਨ ਕਰਕੇ ਪੁਰਸ਼ ਧਰਮ ਪ੍ਰਾਇਣ ਹੋ ਕੇ ਕਲਿਜੁਗ ਦੇ ਸਮੇਂ ਦੇ ਕਰਮ 'ਕਲਿ ਕੇਵਲ ਨਾਮ ਅਧਾਰ' ਨਾਮ ਸਿਮਰਨ ਵਿਚ ਲਗ ਜਾਂਦਾ ਹੈ ॥ ੪੯੭ ॥

**ਨਿਸ ਦੁਰਮਤਿ ਹੁਇ ਅਧਰਮੁ ਕਰਮ ਹੇਤੁ ਗੁਰਮਤਿ ਬਾਸੁਰ ਸੁ ਧਰਮ ਕਰਮ ਹੈ ॥**

ਖੋਟੀ ਸਿਖਯਾ ਰੂਪ ਰਾਤ ਵਿਚ ਬੁਰੀ ਮਤਿ ਦੇ ਕਾਰਨ (ਪੁਰਸ਼ ਪਾਸੋਂ) ਅਧਰਮ ਦੇ ਕਰਮ ਹੁੰਦੇ ਹਨ ਅਤੇ ਗੁਰ ਉਪਦੇਸ਼ ਰੂਪ ਦਿਨ (ਵਿਚ ਪੁਰਸ਼ ਪਾਸੋਂ) ਧਰਮ ਦੇ ਸ਼ੁਭ ਕਰਮ ਹੁੰਦੇ ਹਨ।

**ਦਿਨਕਰਿ ਜੋਤਿ ਕੇ ਉਦੋਤ ਸਭ ਕਿਛੁ ਸੂਝੈ ਨਿਸ ਅੰਧਿਆਰੀ ਭੂਲੇ ਭ੍ਰਮਤ ਭਰਮ ਹੈ ॥**

ਦਿਨ ਦੇ ਸਮੇਂ ਸੂਰਜ ਦੀ ਜੋਤਿ ਦੇ ਪ੍ਰਗਟ ਹੋਣ ਕਰਕੇ ਸਭ ਕੁਝ ਸੁਝਣ ਲਗ ਪੈਂਦਾ ਹੈ ਅਤੇ ਰਾਤ ਹਨੇਰੀ ਸਮਾਨ ਭਰਮ ਵਿਚ ਭੁਲੇ ਜੀਵ ਫਿਰਦੇ ਹੀ ਫਿਰਦੇ (ਰਹਿੰਦੇ ਹਨ)।

**ਗੁਰਮੁਖਿ ਸੁਖਫਲ ਦਿਬਿ ਦੇਹ ਦ੍ਰਿਸ਼ਟਿ ਹੁਇ ਆਨ ਦੇਵ ਸੇਵਕੁ ਹੁਇ ਦ੍ਰਿਸ਼ਟਿ ਚਰਮ ਹੈ ॥**

ਗੁਰਮੁਖਾਂ ਨੂੰ ਸੁਖ ਫਲ (ਦੇਣ ਵਾਲੀ) ਦਿਬ ਦੇਹ ਤੇ ਦਿਬ ਦ੍ਰਿਸ਼ਟੀ (ਪ੍ਰਾਪਤ) ਹੋਈ ਹੈ ਅਤੇ ਆਨ ਦੇਵ ਸੇਵਕ ਨੂੰ ਚਰਮ ਦ੍ਰਿਸ਼ਟੀ (ਹੀ ਮਿਲੀ) ਹੋਈ ਹੈ (ਅਰਥਾਤ ਗੁਰਸਿਖ ਆਤਮ ਅਨੰਦ ਦੇ ਨਜ਼ਾਰੇ ਵੇਖਦੇ ਹੋਏ ਅਨੰਦ ਮਾਣਦੇ ਹਨ, ਪਰ ਆਨ ਦੇਵ ਸੇਵਕ ਨੂੰ ਚੰਮ ਦੇ ਸਰੀਰ ਨੂੰ ਵੇਖਣ ਵਾਲੀਆਂ ਅਖਾਂ ਦੇ ਹੀ ਨਜ਼ਾਰੇ ਨਜ਼ਰ ਅਉਂਦੇ ਹਨ।

**ਸੰਸਾਰੀ ਸੰਸਾਰ ਸੰਗਿ ਅੰਧ ਅੰਧ ਕੰਧ ਲਾਗੈ ਗੁਰਮੁਖਿ ਸੰਧਿ ਪਰਮਾਰਥ ਮਰਮੁ ਹੈ ॥ ੪੯੮ ॥**

(ਜਿਵੇਂ) ਸੰਸਾਰੀ ਲੋਕ ਸੰਸਾਰੀ ਲੋਕਾਂ ਦੇ ਸੰਗ

ਵਿਚ (ਹੀ) ਮਿਲਦੇ ਬੈਠਦੇ ਹਨ, ਇਵੇਂ ਹੀ ਆਨ ਦੇਵ ਸੇਵਕੀ ਅੰਨੀ ਕੰਧ (ਸਮਾਨ ਜੋ ਪ੍ਰਤਿਮਾ ਹੈ, ਉਸਦੀ ਭਗਤੀ ਪੂਜਾ ਵਿਚ) ਲਗ ਹੋਏ ਹਨ ਅਤੇ ਗੁਰਮੁਖਾਂ ਦੀ ਸੰਧੀ ਪਰਮਾਰਥ ਦਾ ਮਰਮ ਹੈ (ਅਰਥਾਤ ਗੁਰਦੇਵ ਸੇਵਕਾਂ ਦਾ ਆਪੋ ਵਿਚ ਮਿਲਕੇ ਬੈਠਣ ਨਾਲ ਪਰਮਾਰਥ ਦਾ ਮਰਮ ਜਾਂ ਭੇਦ ਖੁਲ੍ਹਦਾ ਹੈ) ॥ ੪੯੮ ॥

**ਜੈਸੇ ਜਲ ਮਿਲਿ ਬਹੁ ਬਰਨ ਬਨਾਸਪਤਿ ਚੰਦਨ ਸੁਗੰਧ ਬਨ ਚੰਦਨ ਕਰਤ ਹੈ ॥**

ਜਿਸ ਤਰ੍ਹਾਂ ਪਾਣੀ ਨਾਲ ਮਿਲ ਕਰਕੇ ਬਨਾਸਪਤੀ-ਬਹੁਤੇ ਰੰਗਾਂ (ਵਾਲੀ ਹੋ ਕੇ ਫਲਦੀ ਫੁਲਦੀ ਹੈ, ਪਰ) ਚੰਦਨ ਦੀ ਸੁਗੰਧੀ ਸਾਰੇ ਬਨ ਨੂੰ ਚੰਦਨ ਕਰ ਦੇਂਦੀ ਹੈ (ਅਰਥਾਤ ਇਕ ਜਲ ਦੀ ਸੰਗਤ ਕਰਕੇ ਬਨਾਸਪਤੀ ਵਿਚ ਅਨੇਕਤਾ ਪ੍ਰਫੁਲਤ ਹੋ ਆਉਂਦੀ ਹੈ, ਪਰ ਚੰਦਨ ਦੀ ਸੁਗੰਧੀ ਅਨਕ ਦੀ ਬ੍ਰਿਖ ਜਾਤੀ ਰੂਪ ਬਨ ਨੂੰ ਚੰਦਨ (ਅਨੇਕਤਾ ਤੋਂ ਏਕਤਾ) ਕਰ ਦੇਂਦਾ ਹੈ। ਇਸੇ ਤਰ੍ਹਾਂ ਆਨਦੇਵ ਸੇਵਾ ਅਨੇਕਾਂ ਜਨਮਾਂ ਵਿਚ ਭ੍ਰਮਾਨ ਦਾ ਕਰਨ ਹੁੰਦੀ ਹੈ ਅਤੇ ਗੁਰਦੇਵ ਦੀ ਸੇਵਾ ਅਨੇਕਾਂ ਜਨਮਾਂ ਦੇ ਕਰਮਾਂ ਨੂੰ ਨਸ਼ਟ-ਭ੍ਰਸ਼ਟ ਕਰਕੇ ਇਕ ਨਿਰੰਕਾਰ ਨਾਲ ਮਿਲਾਉਣ ਦਾ ਕਾਰਨ ਹੁੰਦੀ ਹੈ)।

**ਜੈਸੇ ਅਗਨਿ ਅਗਨਿ ਧਾਤੁ ਜੋਈ ਸੋਈ ਦੇਖੀਅਤਿ ਪਾਰਸ ਪਰਸਿ ਜੋਤਿ ਕੰਚਨ ਧਰਤ ਹੈ ॥**

ਜਿਸ ਤਰ੍ਹਾਂ ਜੋ ਭੀ ਧਾਤੂ ਅਗਨੀ (ਵਿਚ ਪਾਈ ਜਾਂਦੀ ਹੈ) ਓਹੀ ਧਾਤੂ ਅਗਨਿ ਰੂਪ ਹੋਈ ਹੀ ਦੇਖੀ ਜਾਂਦੀ ਹੈ, ਪਰ ਪਾਰਸ ਨੂੰ ਪਰਸ ਕੇ (ਹਰੇਕ ਧਾਤੂ ਸੋਨੇ ਦੀ ਜੋਤਿ ਧਾਰਨ ਕਰ ਲੈਂਦੀ ਹੈ, (ਅਰਥਾਤ ਅਗਨਿ ਦੀ ਸੰਗਤ ਕਰਕੇ ਧਾਤੂ ਦਾ ਰੂਪ, ਗੁਣ ਤੇ ਨਾਮ ਆਪਣਾ ਹੀ ਰਹਿੰਦਾ ਹੈ, ਪਰ ਪਾਰਸ ਦੇ ਪਰਸਨੇ ਕਰਕੇ ਧਾਤੂ ਦਾ ਨਾਮ ਗੁਣ ਤੇ ਰੂਪ ਹੀ ਬਦਲ ਜਾਂਦਾ ਹੈ)।

**ਤੈਸੇ ਆਨਦੇਵ ਸੇਵ ਮਿਟਤ ਨਹੀ ਕੁਟੇਵ ਸਤਿਗੁਰ ਦੇਵ ਸੇਵ ਭੈਜਲੁ ਤਰਤ ਹੈ ॥**

ਇਸੇ ਤਰ੍ਹਾਂ ਹੀ ਆਨ ਦੇਵ ਦੀ ਸੇਵਾ ਰੂਪ ਬੁਰੀ ਆਦਤ ਮਿਟਦੀ ਨਹੀਂ ਹੈ ਅਤੇ ਸਤਿਗੁਰੂ ਦੇਵ ਜੀ ਦੀ ਸੇਵਾ (ਕਰਨ ਵਾਲਾ) ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ।

**ਗੁਰਮੁਖਿ ਸੁਖਫਲ ਮਹਾਤਮ ਅਗਾਧ ਬੋਧ ਨੇਤਿ ਨੇਤਿ ਨੇਤਿ ਨਮੋ ਨਮੋ ਉਚਰਤ ਹੈ ॥ ੪੯੯ ॥**

ਗੁਰਮੁਖ ਨੇ (ਜੋ) ਸੁਖ ਫਲ (ਪ੍ਰਾਪਤ ਕੀਤਾ ਹੈ, ਉਸਦੇ) ਮਹਾਤਮ ਦਾ (ਬੋਧ) ਗਿਆਨ ਅਗਾਧ ਹੈ, (ਤਾਂਤੇ ਗੁਰਮੁਖ ਨੂੰ) ਬੇਅੰਤ ਵਾਰੀ ਨਮਸਕਾਰ (ਕਰਦੇ ਹਾਂ, ਅਤੇ) ਬੇਅੰਤ ਵਾਰੀ ਨਮਸ਼ਕਾਰ ਉਚਾਰਨ ਕਰਦਾ ਹਾਂ ॥ ੪੯੯ ।

**ਪ੍ਰਗਟਿ ਸੰਸਾਰ ਬਿਭਚਾਰ ਕਰੈ ਗਨਿਕਾ ਪੈ ਤਾਹਿ ਲੋਗ ਬੇਦ ਅਰੁ ਗਿਆਨ ਕੀ ਨ ਕਾਨਿ ਹੈ ॥**

ਸੰਸਾਰ (ਦੇ ਲੋਕ) ਪ੍ਰਗਟ (ਸਭਨਾਂ ਦੇ ਸਾਹਮਣੇ) ਹੀ ਵੇਸਵਾ ਕੋਲ (ਜਾਕੇ ਉਸ ਨਾਲ) ਵਿਭਚਾਰ ਕਰਦੇ ਹਨ, (ਕਿਉਂਕਿ) ਉਸਨੂੰ ਲੋਕ (ਲਾਜ) ਅਤੇ ਵੇਦ ਗਿਆਨ ਦੀ (ਕੁਝ ਭੀ) ਕਾਨ ਨਹੀਂ ਹੈ।

**ਕੁਲਾ ਬਧੂ ਛਾਡਿ ਭਰਤਾਰਿ ਆਨ ਦੁਆਰੁ ਜਾਇ ਲਾਂਛਨੁ ਲਗਾਵੈ ਕੁਲ ਅੰਕੁਸ ਨ ਮਾਨਿ ਹੈ ॥**

(ਜੇ ਕਰ) ਕੁਲਾ ਬਧੂ ਭਲੇ ਘਰ ਦੀ ਨੂੰਹ-ਧੀ ਪਤੀ ਨੂੰ ਛਡਕੇ (ਕਿਸੇ) ਹੋਰ ਦੇ ਬੂਹੇ ਚਲੀ ਜਾਵੇ (ਤਾਂ ਉਹ ਧਰਮ ਰੂਪ) (ਅੰਕੁਸ) ਕੁੰਡੇ ਨੂੰ ਨਾ ਮੰਨਣ ਵਾਲੀ ਹੋ ਕੇ ਕੁਲ ਨੂੰ ਕਲੰਕ ਲਗਾਂਦੀ ਹੈ।

**ਕਪਟ ਸਨੇਹੀ ਬਗ ਧਿਆਨ**

**ਆਨ ਸਰ ਫਿਰੈ ਮਾਨਸਰ ਛਾਡੈ ਹੰਸੁ ਬੰਸੁ ਮੈ ਅਗਿਆਨਿ ਹੈ ॥**

(ਜਿਵੇਂ) ਕਪਟ ਦਾ ਧਿਆਨ ਲਾਉਣ ਵਾਲਾ ਬਗਲਾ ਛਪੜਾਂ ਉਪਰ ਫਿਰਦਾ ਹੈ, (ਇਵੇਂ) ਕਪਟ ਸਨੇਹੀ ਆਨ (ਦੇਵ ਦੀ ਸੇਵਾ ਪੂਜਾ ਲਈ ਭੱਜਾ ਫਿਰਦਾ ਹੈ, ਅਤੇ ਜੋ) ਮਾਨ ਸਰ ਨੂੰ ਛਡਕੇ (ਹੋਰਨਾਂ ਸਰਾਂ ਤੇ ਜਾਂਦਾ ਹੈ, ਉਹ) ਹੰਸ ਕੁਲ ਵਿਚ ਅਗਿਆਨੀ ਹੈ,(ਇਵੇਂ ਜੋ ਸਿਖ ਆਨ ਦੇਵ ਦੀ ਸੇਵਾ ਪੂਜਾ ਵਿਚ ਲਗਾ ਹੋਇਆ ਹੈ, ਉਹ ਸਿਖ ਕੁਲ ਵਿਚ ਵਡਾ ਭਾਰਾ ਅਗਿਆਨੀ ਹੈ)।

**ਗੁਰਮੁਖਿ ਮਨਮੁਖਿ ਦੁਰਮਤਿ ਗੁਰਮਤਿ ਪਰ ਤਨ ਧਨੁ ਲੇਪ ਨਿਰ-ਲੇਪ ਧਿਆਨਿ ਹੈ ॥ ੪੯੦ ॥**

ਗੁਰਮੁਖ ਗੁਰਮਤ ਕਰ ਕੇ ਪਰ ਤਨ ਤੇ ਪਰ ਧਨ ਤੋਂ ਨਿਰਲੇਪ (ਰਹਿਣ ਦਾ) ਧਿਆਨ (ਰਖਦਾ) ਹੈ ਅਤੇ ਮਨਮੁਖ ਖੋਟੀ ਮਤ ਕਰਕੇ ਪਰ ਤਨ ਤੇ ਪਰ ਧਨ ਦੇ ਲੇਪ ਦਾ ਧਿਆਨ (ਵਿਚ ਲਗਾ ਹੁੰਦਾ) ਹੈ ॥ ੪੯੦ ॥

**ਪਾਨ ਕਪੂਰ ਲਉਂਗ ਚਰ ਕਾਗੈ ਆਗੈ ਰਾਖੈ ਬਿਸ਼ਟਾ ਬਿਗੰਧ ਖਾਤ ਅਧਿਕ ਸਿਆਨ ਕੈ ॥**

(ਜੇ ਕਰ) ਪਾਨ, ਕਪੂਰ ਲੌਂਗ (ਸੁਗੰਧਤ ਵਸਤਾਂ ਦੇ ਮੇਲ ਤੋਂ ਬਣਾਕੇ) (ਚਰ) ਖਾਣ ਵਾਸਤੇ ਕਾਂ ਦੇ ਅਗੇ ਰਖ ਦਈਏ (ਤਾਂ ਉਹ ਇਹਨਾਂ ਦਾ ਤਿਆਗ ਕਰਕੇ) ਬਦਬੂ ਦਾਰ ਵਿਸ਼ਟਾ (ਗੂਹ) ਖਾਣ ਵਾਸਤੇ ਬਹੁਤ (ਸਿਆਨ ਕੈ) ਭਜ ਭਜ ਕ ਜਾਂਦਾ ਹੈ।

**ਬਾਰ ਬਾਰ ਸ੍ਵਾਨ ਜਉਪੈ ਗੰਗਾ ਇਸਨਾਨੁ ਕਰੈ ਟਰੈ ਨ ਕੁਟੇਵ ਦੇਵ ਹੋਤ ਨ ਅਗਿਆਨ ਕੈ ॥**

ਜੇ ਕਰ ਕੁਤਾ ਬਾਰੰਬਾਰ ਗੰਗਾ ਵਿਚ ਇਸ਼ਨਾਨ ਕਰੇ, ਤਾਂ (ਉਸਦੀ ਭੈੜੀ ਵਾਦੀ ਨਹੀਂ ਹਟਦੀ ਹੈ, ਅਤੇ ਅਗਿਆਨ (ਦੇ ਕਾਰਣ, ਉਹ ਕੋਈ) ਦੇਵਤਾ ਭੀ ਨਹੀਂ ਹੁੰਦਾ ਹੈ।

**ਸਾਪਹਿ ਪੈ ਪਾਨ ਮਿਸਟਾਨ ਮਹਾਂ ਅੰਮ੍ਰਿਤ ਕੈ ਉਗਲਿਤ ਕਾਲਕੂਟ ਹਉਮੈ ਅਭਿਮਾਨ ਕੈ ॥**

(ਜਕਰ) ਸਪ ਨੂੰ ਦੁਧ ਪਿਆਈਏ (ਕੇ) ਜਾਂ ਮਹਾਂ ਅੰਮ੍ਰਿਤ (ਸਵਾਦ) ਰੂਪ) ਮਿਠੇ ਮਿਠੇ ਪ੍ਰਸਾਦਿ ਖੁਆਈਏ (ਤਾਂ ਉਹ) ਹੋਮੈ ਤ ਅਗਿਆਨ ਦੇ ਕਾਰਣ ਕਰਕੇ ਮੂੰਹ ਵਿਚੋਂ ਕਾਲਕੂਟ (ਬੜੀ ਤੇਜ ਜ਼ੈਹਰ) ਹੀ ਉਗਲਦਾ ਹੈ।

**ਤੈਸੇ ਮਾਨਸਰ ਸਾਧ ਸੰਗਤਿ ਮਰਾਲ ਸਭਾ ਆਨ ਦੇਵ ਸੇਵਕ ਤਕਤੁ ਬਗੁ ਧਿਆਨ ਕੈ ॥ ੪੯੧ ॥**

ਉਸੇ ਤਰ੍ਹਾਂ ਸਾਧ ਸੰਗਤ ਹੀ ਮਾਨ ਸਰੋਵਰ ਉਤੇ ਗੁਰ ਸਿਖਾਂ ਦੀ ਸੰਗਤ ਹੰਸਾਂ ਦੀ ਸਭਾ ਹੈ ਅਤ ਆਨ ਦੇਵ ਸੇਵਕ (ਕਪਟ) ਧਿਆਨੀ ਬਗਲੇ (ਤਕਤੁ) ਦਿਸਦੇ ਹਨ ਅਥਵਾ ਆਨ ਦੇਵ ਸੇਵਕ ਰੂਪ ਬਗਲਾ ਧਿਆਨ ਕਰਕੇ (ਪਰ ਤਨ ਧਨ ਰੂਪ ਮਛੀ ਨੂ) ਤਕਦਾ ਹੈ ॥ ੪੯੧ ॥

**ਚਕਵੀ ਚਕੋਰ ਅਹਿਨਿਸਿ ਸਸਿ ਭਾਨ ਧਿਆਨ ਜਾਹੀ ਜਾਹੀ ਰੰਗ ਰਚਿਓ ਤਾਹੀ ਤਾਹੀ ਚਾਹੈ ਜੀ ॥**

ਚਕਵੀ ਦਿਨ ਦ ਸਮੇਂ ਸੂਰਜ ਨੂੰ ਧਿਆਨ (ਵਿਚ ਲਿਆਉਂਦੀ ਹੈ, ਅਤੇ) ਚਕੋਰ ਰਾਤ ਸਮੇਂ ਚਦ੍ਮਾਂ ਨੂੰ ਧਿਆਨ ਵਚ ਲਿਆਉਂਦਾ ਹੈ, ਜਿਸ ਜਿਸ ਰੰਗ ਵਿਚ ਕੋਈ ਲਗਾ ਹੋਇਆ ਹੈ, ਉਸੇ ਉਸੇ ਰਗ ਨੂੰ ਚਾਹੁੰਦਾ ਹੈ।

**ਮੀਨ ਅਉ ਪਤੰਗ ਜਲ ਪਾਵਕ ਪ੍ਰਸੰਗ ਹੇਤਿ ਟਾਰੀ ਨ ਟਰਤ ਟੇਵ ਓਰ ਨਿਬਹਾਵੈ ਜੀ ॥**

ਮੀਨ ਨੂੰ ਜਲ ਦੇ ਪ੍ਰਸੰਗ ਦਾ ਪਰੇਮ ਹੈ ਅਤੇ ਪਤੰਗੇ

ਨੂੰ ਅਗਨਿ (ਰੂਪ ਦੀਵੇ ਦੇ) ਪ੍ਰਸੰਗ ਦਾ ਪਰੇਮ ਹੈ, (ਇਨ੍ਹਾਂ ਦੀ) (ਟੱਵ) ਆਦਤ ਹਟਾਈ ਨਹੀਂ ਹਟਦੀ ਹੈ, (ਆਪਣੇ ਪ੍ਰਾਣਾਂ ਦੇ) ਅੰਤ ਤਕ ਨਿਬਾਹੁੰਦੇ ਹਨ।

**ਮਾਨਸਰ ਆਨਸਰ ਹੰਸੁ ਬਗੁ ਪ੍ਰੀਤਿ ਰੀਤਿ ਉਤਮ ਅਉ ਨੀਚ ਨ ਸਮਾਨ ਸਮ ਤਾਹੈ ਜੀ॥**

ਮਾਨਸਰ ਨਾਲ ਹੰਸ ਦੀ ਪ੍ਰੀਤੀ ਦੀ ਰੀਤੀ ਹੈ ਅਤੇ ਆਨਸਰ ਨਾਲ ਬਗਲੇ ਦੀ ਪ੍ਰੀਤੀ ਦੀ ਰੀਤੀ ਹੈ, ਹੰਸ ਉਤਮ ਤੇ ਬਗਲਾ ਨੀਚ ਹੈ, (ਇਨ੍ਹਾਂ ਦੋਹਾਂ ਦੀ) ਸਮਤਾ ਨਹੀਂ ਹੈ, (ਇਸ ਲਈ ਇਹ) ਬਰਾਬਰ ਨਹੀਂ ਹਨ।

**ਤੈਸੇ ਗੁਰਦੇਵ ਆਨਦੇਵ ਸੇਵਕ ਨ ਭੇਦ ਸਮਸਰ ਨ ਹੋਤ ਸਮੁੰਦਰ ਸਰਿਤਾ ਹੈ ਜੀ॥ ੪੯੨॥**

ਇਸੇ ਤਰ੍ਹਾਂ ਗੁਰਦੇਵ ਤੇ ਆਨਦੇਵ ਦੇ ਸੇਵਕਾਂ ਦਾ (ਭੇਦ) ਫਰਕ ਹੈ, (ਕਿਉਂਕਿ) ਸਮੁੰਦਰ ਤੇ ਨਦੀ ਦੀ ਬਰਾਬਰੀ ਨਹੀਂ ਹੁੰਦੀ ਹੈ (ਅਰਥਾਤ ਗੁਰਦੇਵ ਜੀ ਦੇ ਸੇਵਕ ਸਮੁੰਦਰ ਸਮਾਨ ਅਗਾਧ ਆਸ਼ ਵਾਲ ਹਨ, ਅਤੇ ਆਨ ਦੇਵ ਦੇ ਸੇਵਕ ਨਦੀ ਸਮਾਨ ਤੁਛ ਹਨ)॥੪੯੨॥

**ਪ੍ਰੀਤਿ ਭਾਇ ਪੇਖੈ ਪ੍ਰਤਿਬਿੰਬੁ ਚਕਈ ਜਿਉ ਨਿਸਿ ਗੁਰਮਤਿ ਆਪਾ ਆਪ ਚੀਨਿ ਪਹਿਚਾਨੀਐ॥**

ਜਿਵੇਂ ਪ੍ਰੀਤੀ ਭਾਵ ਵਾਲੀ ਚਕਵੀ ਰਾਤ ਦੇ ਸਮੇਂ (ਪਾਣੀ ਵਿਚ ਆਪਣਾ) ਪ੍ਰਛਾਵਾਂ ਵਖਦੀ ਹੈ (ਤਾਂ ਉਸ ਨੂੰ ਪਤੀ ਸਮਝਕੇ ਉਸ ਨਾਲ ਪ੍ਰੀਤੀ ਕਰਦੀ ਹੈ, (ਇਵੇਂ ਹੀ ਗੁਰ ਸਿਖ) ਗੁਰ ਉਪਦੇਸ਼ ਕਰਕੇ ਆਪਣ ਆਪ (ਆਪਣ ਆਤਮ ਸਰੂਪ) ਨੂੰ ਚੀਨਕੇ (ਵੇਖ ਕੇ) (ਉਸਨੂੰ ਪਰਮਾਤਮਾ ਰੂਪ) ਪਛਾਣਦਾ ਹੈ।

**ਬੈਰ ਭਾਇ ਪੇਖਿ ਪਰਛਾਹੀ ਕੂਪੰਤਰਿ ਪਰੈ ਸਿੰਘੁ ਦੁਰਮਤਿ ਲਾਗਿ ਦੁਬਿਧਾ ਕੈ ਜਾਨੀਐ॥**

(ਜਿਵੇਂ) ਵੈਰ ਭਾਵ ਵਾਲਾ ਸ਼ੇਰ (ਆਪਣਾ) ਪਰਛਾਵਾਂ ਵੇਖਕੇ ਖੂਹ ਵਿਚ ਛਾਲ ਮਾਰ ਗਿਆ ਸੀ (ਇਵੇਂ ਹੀ) ਖੋਟੀ ਮਤ ਵਾਲਾ (ਆਨ ਦੇਵ ਸੇਵਕ) ਦੁਬਿਧਾ ਵਿਚ ਲਗ ਕਰਕੇ (ਸੰਸਾਰ ਖੂਹ ਵਿਚ ਡਿਗ ਪੈਂਦਾ) ਜਾਣੀਦਾ ਹੈ।

**ਗਊ ਸੁਤ ਅਨੇਕ ਏਕ ਸੰਗਿ ਹਿਲਿ ਮਿਲਿ ਰਹੈ ਸ੍ਵਾਨ ਆਨ ਦੇਖਤ ਬਿਰੁਧ ਜੁਧ ਠਾਨੀਐ॥**

(ਜਿਵੇਂ) ਗਊ ਦੇ ਅਨੇਕਾਂ ਪੁਤਰ (ਹੁੰਦ ਹਨ, ਜੋ ਆਪੋ ਵਿਚ) ਇਕ ਦੂਜੇ ਨਾਲ ਹਿਲ ਮਿਲਕੇ ਇਕਠੇ ਰਹਿੰਦੇ ਹਨ, ਪਰ ਕੁਤਾ ਦੂਜੇ ਨੂੰ ਵੇਖਦਾ ਹੀ ਵਿਰੋਧ ਨਾਲ ਜੁਧ ਕਰਨ ਲਗ ਜਾਂਦਾ ਹੈ (ਇਵੇਂ ਗੁਰਦੇਵ ਸੇਵਕ ਹਜ਼ਾਰਾਂ ਹੀ ਇਕ ਦੂਜੇ ਦੇ ਦੁਖ ਨੂੰ ਵੰਡਾਉਣ ਲਈ ਇਕਠੇ ਰਹਿੰਦੇ ਹਨ, ਪਰ ਆਨ ਦਵ ਸੇਵਕ ਆਪੋ ਵਿਚ ਵੈਰ ਭਾਵ ਰਖਕੇ ਵਿਰੋਧ ਕਰਦੇ ਰਹਿੰਦੇ ਹਨ।

**ਗੁਰਮੁਖਿ ਮਨਮੁਖਿ ਚੰਦਨ ਅਉ ਬਾਂਸ ਬਿਧਿ ਬਰਨ ਕੇ ਦੋਖੀ ਬਿਕਾਰੀ ਉਪਕਾਰੀ ਉਨਮਾਨੀਐ॥ ੪੯੩॥**

ਗੁਰਮੁਖ ਤੇ ਮਨਮੁਖ ਦਾ ਦਾਲਾ ਚੰਦਨ ਅਤ ਵਾਂਸ ਦੀ ਬਿਧੀ ਸਮਾਨ ਹੈ (ਵਾਂਸ)ਵਰਨ ਦਾ ਦੋਖੀ ਤੇ ਵਿਗਾੜ ਕਰਨ ਵਾਲਾ ਹੈ ਅਤੇ ਚੰਦਨ ਉਪਕਾਰ ਕਰਨ ਵਾਲਾ ਵਿਚਾਰਿਆ ਜਾਂਦਾ ਹੈ (ਅਰਥਾਤ ਜਿਵੇਂ ਵਾਂਸ ਆਪਣੇ ਵਿਚੋਂ ਅਗ ਕਢਕੇ ਆਪਣੀ ਕੁਲ ਨੂੰ ਨਸ ਕਰਦਾ ਹੈ ਅਤ ਚੰਦਨ ਆਪਣ ਵਿਚੋਂ ਸੁਗੰਧੀ ਦੇ ਕੇ ਸਾਰੀ ਬਨਾਸਪਤੀ ਨੂੰ ਚਦਨ ਕਰ ਲੈਂਦਾ ਹੈ, ਇਵੇਂ ਹੀ ਗੁਰਮੁਖ ਉਪਕਾਰੀ ਜੋ ਬੁਰਿਆਂ ਦਾ ਭੀ ਭਲਾ ਕਰਦਾ ਹੈ ਅਤੇ ਮਨਮੁਖ ਅਜੇਹਾ ਪਾਮਰ ਹੈ, ਜੋ ਭਲਿਆਂ ਪੁਰਸ਼ਾਂ ਦੀ ਸੰਗਤ ਵਿਚ ਜਾ ਕੇ ਭੀ ਉਨ੍ਹਾਂ ਨਾਲ ਬੁਰਾ ਵਰਤਾਵ ਕਰਦਾ ਹੈ)॥ ੪੯੩॥

**ਜਉ ਕੋਊ ਬੁਲਾਵੈ ਕਹਿ ਸ੍ਵਾਨ**

**ਮ੍ਰਿਗਿ ਸਰਪ ਕੈ ਸੁਨਤ ਰਿਸਾਇ ਧਾਇ ਗਾਰਿ ਮਾਰਿ ਦੀਜੀਐ ॥**

ਜੇ ਕਰ ਕੋਈ (ਮਨਮੁਖ ਨੂੰ) ਕੁਤਾ, ਹਰਨ ਜਾਂ ਸਪ ਕਹਿ ਕਰਕੇ ਬੁਲਾਵੇ (ਤਾਂ ਇਹ ਨਾਮ) ਸੁਣਦਿਆਂ ਹੀ ਗੁਸੇ ਨਾਲ ਭਜਕੇ ਆਵੇਗਾ ਗਾਲਾਂ ਦੇਵੇਂਗਾ ਜਾਂ ਡੰਡਾ ਸੋਟਾ ਮਾਰੇਗਾ ।

**ਸ੍ਵਾਨ ਸ੍ਵਾਮਿ ਕਾਜ ਲਾਗਿ ਜਾਮਨੀ ਜਾਗ੍ਰਤ ਰਹੈ ਨਾਦਹਿ ਸੁਨਾਇ ਮ੍ਰਿਗ ਪ੍ਰਾਨ ਹਾਨਿ ਕੀਜੀਐ ॥**

( ਵੇਖੋ ! ) ਕੁਤਾ ਸਵਾਮੀ ਦੇ ਕੰਮ ਵਿਚ ਲਗਕੇ (ਸਾਰੀ) ਰਾਤ ਜ ਗਦਾ ਰਹਿੰਦਾ ਹੈ ਅਤੇ ਘੰਡ ਹੇੜ ਦਾ ਸ਼ਬਦ ਸੁਣਾਕੇ ਹਰਣ ਦੇ ਪ੍ਰਾਣਾ ਦਾ ਨਾਸ ਕਰ ਦੇਈਦਾ ਹੈ ।

**ਧੁਨ ਮੰਤ੍ਰ ਪੜੈ ਸਰਪ ਅਰਪ ਦੇਤ ਤਨ ਮਨ ਦੰਤ ਹੰਤ ਹੋਤ ਗੋਤ ਲਾਜ ਗਹਿ ਲੀਜੀਐ ॥**

(ਫਿਰ ਬੀਨ ਦੀ) ਧਵਨਿ ਉਤੇ ਸਰਪ ਤਨ ਮਨ ਅਰਪ ਦੇਂਦਾ ਹੈ ਅਤੇ ਮੰਤ੍ਰ ਪੜਕੇ (ਸਪ ਨੂੰ ਫੜ ਲਈਏ ਤਾਂ ਉਸਦੇ) ਦੰਦਾਂ ਦਾ ਨਾਸ ਹੁੰਦਾ ਹੈ ਅਤੇ ਗੋਤ ਦੀ ਲਾਜ (ਦਾ ਵਾਸਤਾ ਪਾ ਕੇ ਸਪ ਨੂੰ) ਫੜ ਲਈਦਾ ਹੈ, (ਪਰ ਉਹ ਜਰਾ ਭੀ ਹਿਲਦਾ-ਡੋਲਦਾ ਨਹੀਂ ਹੈ) ।

**ਮੋਹ ਨ ਭਗਤਿ ਭਾਵ ਸ਼ਬਦ ਸੁਰਤਿ ਹੀਨਿ ਗੁਰ ਉਪਦੇਸ਼ ਬਿਨੁ ਧ੍ਰਿਗੁ ਜਗਿ ਜੀਜੀਐ ॥ ੪੯੪ ॥**

(ਜਿਸ ਮਨਮੁਖ ਦਾ ਭਗਤੀ ਭਾਵ ਵਿਚ) (ਮੋਹ) ਪਿਆਰ ਨਹੀਂ ਹੈ,(ਜੋ) ਸ਼ਬਦ ਸੁਰਤ ਤੋਂ ਹੀਨੇ ਹਨ,ਗੁਰ ਉਪਦੇਸ਼ ਤੋਂ ਭੀ ਬਿਨਾਂ ਹੈ ਜਗਤ (ਵਿਚ ਉਸਦੇ) ਜੀਵਨ ਨੂੰ ਧ੍ਰਿਗ ਹੈ ॥ ੪੯੪ ॥

**ਜੈਸੇ ਘਰਿ ਲਾਗੈ ਆਗ ਜਾਗਿ ਕੂਆ ਖੋਦਿਓ ਚਾਹੈ ਕਾਰਜੁ ਨ ਸਿਧਿ ਹੋਇ ਰੋਇ ਪਛੁਤਾਈਐ ॥**

ਜਿਸ ਤਰ੍ਹਾਂ (ਰਾਤ ਨੂੰ ਸੁਤੇ ਪਿਆਂ) ਘਰ ਨੂੰ ਅਗ ਲਗ ਜਾਵੇ (ਤਾਂ ਘਰ ਦਾ ਮਾਲਕ ਨੀਦ ਤੋਂ) ਜਾਗਕੇ ਖੂਹ ਪੁਟਾਣਾ ਚਾਹੇ (ਤਾਂ ਉਸਦਾ) ਕੰਮ ਪੂਰਾ ਨਹੀਂ ਹੋਵੇਗਾ (ਅਤੇ ਘਰ ਦੇ ਸੜ ਜਾਣ ਕਰਕੇ) ਰੋਵੇਂਗਾ ਤੇ ਪਛਤਾਵੇਗਾ ।

**ਜੈਸੇ ਤਉ ਸੰਗ੍ਰਾਮ ਸਮੈ ਸੀਖਿਓ ਚਾਹੈ ਬੀਰ ਬਿਦਿਆ ਅਨਿਥਾ ਉਦਮ ਜੈਤ ਪਦਵੀ ਨ ਪਾਈਐ ॥**

ਜਿਸ ਤਰ੍ਹਾਂ ਕਿ ਜੰਗ ਦੇ ਸਮੇਂ ਸਿਰ (ਕੋਈ ਆਦਮੀ ਜੰਗ ਜਿਤਣ ਲਈ) ਸ਼ਸਤ੍ਰ ਵਿਦਿਆ ਸਿਖਣੀ ਚਾਹੇ (ਤਾਂ ਉਸਦਾ ਇਹ) ਉਦਮ ਬਿਅਰਥ (ਹੈ, ਉਹ ਕਦੇ ਭੀ) ਜੰਗ ਨੂੰ ਜਿਤਣ ਦੀ ਪਦਵੀ ਨਹੀਂ ਪਾਵੇਗਾ ।

**ਜੈਸੇ ਨਿਸਿ ਸੋਵਤ ਸੰਘਾਤੀ ਚਲਿ ਜਾਤਿ ਪਾਛੈ ਭੋਰਭਏ ਭਾਰ ਬਾਂਧਿ ਚਲੈ ਕਤ ਜਾਈਐ ॥**

ਜਿਸ ਤਰ੍ਹਾਂ ਰਾਤੀ ਸੁਤੇ ਪਿਆਂ ਹੀ ਕਾਫਲਾ ਚਲਾ ਜਾਵੇ ਤਾਂ ਮਗਰੋਂ ਸਵੇਰਾ ਹੋਇਆ ਭਾਰ ਬੰਨਕੇ (ਤੁਰਨਾ ਚਾਹ ਤਾਂ) ਚਲਕੇ ਕਿਥੇ ਕੂ ਜਾਵੇਗਾ ।

**ਤੈਸੇ ਮਾਇਆ ਧੰਧਿ ਅੰਧ ਅਵਧਿ ਬਿਹਾਇ ਜਾਇ ਅੰਤ ਕਾਲ ਕੈਸੇ ਹਰਿ ਨਾਮ ਲਿਵ ਲਾਈਐ ॥ ੪੯੫ ॥**

ਇਸੇ ਤਰ੍ਹਾਂ ਮਾਇਆ ਦ ਧੰਧਿਆਂ ਵਿਚ ਉਮਰਾ ਬੀਤਦੀ ਜਾਂਦੀ ਹੈ, (ਉਹ) ਅੰਨ੍ਹਾ ਅਤ ਦੇ ਸਮੇਂ ਹਰਿ ਨਾਮ (ਸਿਮਰਨ ਵਿਚ) ਕਿਸ ਤਰ੍ਹਾਂ ਲਿਵ ਲਾਇਗਾ ?

**ਜੈਸੇ ਤਉ ਚਪਲ ਜਲ ਅੰਤਰਿ ਨ ਦੇਖੀਅਤਿ ਪੂਰਨੁ ਪ੍ਰਗਾਸ ਪ੍ਰਤਿ-ਬਿੰਬ ਰਵਿ ਸਸਿ ਕੋ ॥**

ਜਿਸ ਤਰ੍ਹਾਂ ਕਿ ਚੰਚਲ ਪਾਨੀ ਵਿਚ ਪੂਰੇ ਪ੍ਰਕਾਸ਼ ਵਾਲੇ ਸੂਰਜ ਚੰਦਰਮਾਂ ਦਾ ਪ੍ਰਛਾਵਾਂ ਨਹੀਂ ਦੇਖਿਆ ਜਾ ਸਕਦਾ (ਅਰਥਾਤ ਜੇਕਰ ਪਾਣੀ ਹਿਲਦਾ ਹੋਵੇ ਤਾਂ ਉਸ ਵਿਚ ਚੰਦਰਮਾਂ ਜਾਂ ਸੂਰਜ ਦਾ ਪੂਰਾ ੨ ਪ੍ਰਤਿਬਿੰਬ ਨਹੀਂ ਦਿਸਦਾ ਹੈ)।

**ਜੈਸੇ ਤਉ ਮਲੀਨ ਦਰਪਨ ਮੈ ਨ ਦੇਖੀਅਤਿ ਨਿਰਮਲ ਬਦਨ ਸਰੂਪ ਉਰ ਬਸਿ ਕੈ ॥**

ਜਿਸ ਤਰ੍ਹਾਂ ਕਿ ਮੈਲੇ ਸ਼ੀਸ਼ੇ ਵਿਚੋਂ ਉਰਬਸੀ ਵਰਗਾ ਨਿਰਮਲ ਸਰੂਪ ਵਾਲਾ ਬਦਨ (ਮੁਖ) ਨਹੀਂ ਦਿਸਦਾ ਹੈ। (ਅਥਵਾ (ਉਰ ਬਸਿ) ਦਿਲ ਵਿਚ ਵਸਦਾ ਹੋਯਾ (ਨਿਰਮਲ) ਸੁੰਦਰ ਸਰੂਪ ਵਾਲਾ ਮੁਖ ਨਹੀਂ ਦਿਸਦਾ ਹੈ)।

**ਜੈਸੇ ਬਿਨੁ ਦੀਪ ਨ ਸਮੀਪ ਕੋ ਬਿਲੋਕੀਅਤ ਭਵਨ ਭਇਆਨ ਅੰਧਕਾਰ ਤ੍ਰਾਸ ਤਸ ਕੋ ॥**

ਜਿਸ ਤਰ੍ਹਾਂ ਦੀਵੇ ਤੋਂ ਬਿਨਾਂ ਕੋਲ ਦਾ ਪਦਾਰਥ ਭੀ ਦਿਸਦਾ ਨਹੀ ਹੈ, ਅਤੇ ਘਰ ਵਿਚਲੀ ਡਰੌਣੀ ਹਨੇਰੀ ਵਿਚੋਂ ਤਸਕਰ (ਚਰ) ਦਾ ਡਰ ਲਗਦਾ ਹੈ।

**ਤੈਸੇ ਮਾਇਆ ਭ੍ਰਮ ਅਧਮ ਅਛਾਦਿਓ ਮਨੁ ਸਤਿਗੁਰ ਧਿਆਨ ਸੁਖ ਨਾਨ ਪ੍ਰੇਮ ਰਸ ਕੋ ॥ ੪੯੬॥**

ਇਸ ਤਰ੍ਹਾਂ ਮਾਇਆ ਦੇ ਭਰਮ ਨਾਲ ਨੀਚ ਮਨ ਢਕਿਆ ਹੋਇਆ ਹੈ, (ਜੋ) ਸਤਿਗੁਰੂ ਦੇ ਧਿਆਨ ਕਰਕੇ ਪ੍ਰੇਮ ਰਸ ਦੇ ਸੁਖ ਨੂੰ (ਮਾਣਦਾ) (ਨਾਨ) ਨਹੀਂ ਹੈ ॥ ੪੯੬ ॥

**ਜੈਸੇ ਏਕ ਸਮੈਂ ਦ੍ਰੁਮ ਸਫਲ ਸਪਤ੍ਰ ਪੁਨਿ ਏਕ ਸਮੈ ਫੂਲ ਫਲ ਪਤ੍ਰ ਗਿਰ ਜਾਤ ਹੈ ॥**

ਜਿਸ ਤਰ੍ਹਾਂ ਕਿ ਇਕ ਅਜੇਹਾ ਸਮਾਂ ਹੁੰਦਾ ਹੈ, ਜਦੋਂ ਦਰਖਤ ਫਲਾਂ ਸਹਤ ਤੇ ਪਤਰਾਂ ਨਾਲ ਹਰਾਭਰਾ ਹੁੰਦਾ ਹੈ ਫਿਰ ਇਕ ਸਮਾ ਐਸਾ ਹੁੰਦਾ ਹੈ ਜੋ ਜਦੋਂ ਸਾਰੇ ਫੂਲ, ਫਲ ਤੇ ਪਤਰ ਡਿਗ ਜਾਂਦੇ ਹਨ।

**ਸਰਿਤਾ ਸਲਿਲ ਜੈਸੇ ਕਬਹੂੰ ਸਮਾਨ ਬਹੈ ਕਬਹੂੰ ਅਥਾਹ ਅਤਿ ਪ੍ਰਬਲਿ ਦਿਖਾਤ ਹੈ ॥**

ਜਿਸ ਤਰ੍ਹਾਂ ਨਦੀ ਦਾ ਪਾਨੀ ਕਦੇ ਤਾਂ ਸਮਾਨ ਵਗਦਾ ਹੈ ਅਤ ਕਦੇ ਅਥਾਹ ਪਾਨੀ ਬੜੇ ਜ਼ੋਰ ਨਾਲ ਵਗਦਾ ਹੋਇਆ ਦਿਸਦਾ ਹੈ।

**ਜੈਸੇ ਏਕ ਸਮੈ ਹੀਰਾ ਹੋਤ ਜੀਰਨਾਂਬਰ ਮੈ ਏਕ ਸਮੇ ਕੰਚਨ ਜੜੇ ਜਗਮਗਾਤ ਹੈ ॥**

ਜਿਸ ਤਰ੍ਹਾਂ ਇਕ ਸਮੇਂ ਹੀਰਾ ਪੁਰਾਣੇ ਕਪੜਿਆਂ ਵਿਚ ਲੁਕਾਕੇ ਰਾਖਿਆ ਹੁੰਦਾ ਹੈ ਅਤੇ ਇਕ ਸਮੇਂ ਸੋਨੇ ਵਿਚ ਜੜਿਆ ਜਾ ਕੇ ਜਗਮਗ ਜਗਮਗ ਕਰਦਾ ਹੈ।

**ਤੈਸੇ ਗੁਰ ਸਿਖ ਰਾਜੁ ਕੁਆਰੁ ਜੋਗੀਸੁਰ ਹੈ ਮਾਇਆ ਧਾਰੀ ਭਾਰੀ ਜੋਗ ਜੁਗਤਿ ਜੁਗਾਤਿ ਹੈ ॥ ੪੯੭॥**

ਇਸੇ ਤਰ੍ਹਾਂ ਗੁਰ ਸਿਖ (ਇਕ ਸਮੇਂ) ਰਾਜ ਕਆਰ (ਸਮਾਨ ਵਡਾ) ਭਾਰੀ ਮਾਯਾ ਧਾਰੀ ਹੁੰਦਾ ਹੈ, ਅਤੇ ਇਕ ਸਮੇਂ ਜੋਗ ਦੀ ਜੁਗਤੀ ਵਿਚ ਜੁੜਿਆ ਹੋਇਆ ਜੋਗ ਸੁਰ ਹੁੰਦਾ ਹੈ ॥ ੪੯੭ ॥

**ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ ਜਨਮਿ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ ॥**

ਖੁਰਾਕ ਰੂਪ ਅੰਨ ਤੇ ਕਪੜੇ ਨਾਲ ਲੈ ਕੇ ਅਤੇ (ਇਸ ਗਲ ਦਾ) ਬਚਨ (ਕੌਲ ਕਰਾਰ) ਕਰਕੇ (ਕਿ ਮੈਂ) ਜਨਮ ਲੈ ਕੇ ਸਾਧ ਸੰਗ ਕਰਾਂਗਾ ਤੇ ਸ੍ਰੀ ਗੁਰੂ ਜੀ ਦਾ ਸਿਮਰਨ ਕਰਾਂਗਾ (ਇਹ ਇਕਰਾਰ ਕਰ ਕੇ ਮਨੁਖਾ ਜਨਮ ਲਿਆ ਹੈ)।

**ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ ॥**

ਇਥੇ ਆਕੇ ਦਾਤੇ ਨੂੰ ਭੁਲਾਕੇ, (ਦਾਤੇ ਦੀ) ਦਾਸੀ (ਮਾਯਾ) ਨਾਲ ਲਿਪਟਾ ਗਏ ਹਨ, ਅਤੇ ਨਾ ਸਾਧੇ ਜਾਣ ਵਾਲੇ ਭੂਤਾਂ (ਸਮਾਨ ਕਾਮਾਦਿਕ) ਪੰਜ(ਦੂਤਾਂ ਨੇ) (ਭ੍ਰਮ) ਚਕਰ ਚਲਾ ਦਿਤਾ ਹੈ ।

**ਸਾਚੁ ਮਰਨੋ ਬਿਸਾਰਿ ਜੀਵਨ ਮਿਥਿਆ ਸੰਸਾਰ ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ ॥**

ਮਰਨਾ ਸਚ ਤੇ ਜੀਊਣਾ ਝੂਠ ਹੈ (ਇਹ) ਭੁਲਾ ਦਿਤਾ ਹੈ ਅਤੇ ਜਿਤ ਹਾਰ ਨੂੰ ਸਮਝਦਾ ਨਹੀਂ ਹੈ (ਜੋ) ਸਚ (ਹੈ, ਉਸਨੂੰ) ਭੁਲਾ ਕਰਕੇ, ਸੰਸਾਰ ਦੇ ਝੂਠੇ ਜੀਵਨ (ਨੂੰ ਸਚਾ ਮੰਨਕੇ) ਸੁਪਨੇ (ਵਰਗੇ ਪਦਾਰਥਾਂ ਦੇ ਭੋਗਾਂ ਵਿਚ) (ਸਮਾਧਿ) ਮਸਤ ਹੋ ਕੇ ਜਿਤ ਤੇ ਹਾਰ ਨੂੰ ਸਮਝਦਾ ਨਹੀਂ ਹੈ ।

**ਅਉਸਰ ਹੁਇਹੈ ਬਿਤੀਤ ਲੀਜੀਏ ਜਨੰਮੁ ਜੀਤ ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ ॥ ੪੯੮ ॥**

ਉਮਰਾ ਰੂਪ ਸਮਾਂ ਬਤੀਤ ਹੋ ਰਿਹਾ ਹੈ, (ਇਸ ਮਨੁਖਾ ਜਨਮ ਨੂੰ ਜਿਤ ਲਵੇ, ਅਗਮ ਅਗਾਧ ਸਰੂਪ ਸਾਧ ਸੰਗਤ ਨਾਲ ਪ੍ਰੀਤੀ ਕਰੋ (ਤਾਂ ਜਨਮ ਨੂੰ ਜਰੂਰ ਹੀ) ਜਿਤ ਲਵੋਗੇ ॥ ੪੯੮ ॥

**ਸਫਲ ਜਨੰਮੁ ਗੁਰ ਚਰਨ ਸਰਨਿ ਲਿਵ ਸਫਲ ਦ੍ਰਿਸ਼ਟਿ ਗੁਰ ਦਰਸੁ ਅਲੋਈਐ ॥**

ਗੁਰੂ ਜੀ ਦੇ ਚਰਨਾਂ ਦੀ ਸਰਣ ਵਿਚ ਲਿਵ (ਜੁੜ ਜਾਏ ਤਾਂ) ਜਨਮ ਸਫਲ (ਹੁੰਦਾ ਹੈ, ਅਤ) ਸ੍ਰੀ ਗੁਰੂ ਜੀ ਦਾ ਦਰਸ਼ਨ ਦੇਖੀਏ ਤਾਂ ਦ੍ਰਿਸ਼ਟੀ (ਨਜਰ ਤੇ ਅਖ) ਸਫਲ ਹੁੰਦੀ ਹੈ ।

**ਸਫਲ ਸੁਰਤਿ ਗੁਰ ਸ਼ਬਦ ਸੁਨਤਿ ਨਿਤ ਜਿਹਬਾ ਸਫਲ ਗੁਨ ਨਿਧਿ ਗੁਨ ਗੋਈਐ ॥**

ਸਤਿਗੁਰੂ ਜੀ ਦ ਸ਼ਬਦਾਂ ਨੂੰ ਨਿਤ ਹੀ ਸੁਣਨ ਵਾਲੀ ਸੁਰਤਿ ਸਫਲ ਹੈ, ਅਤੇ ਗੁਣਾਂ ਦੀ ਨਿਧੀ ਰੂਪ ਸਤਿਗੁਰੂ ਦੇ ਗੁਣਾਂ ਨੂੰ (ਗੋਈਐ) ਗਾਂਵੀਏ ਤਾਂ ਜੀਭ ਸਫਲ ਹੁੰਦੀ ਹੈ ।

**ਸਫਲ ਹਸਤ ਗੁਰ ਚਰਨ ਪੂਜਾ ਪ੍ਰਨਾਮ ਸਫਲ ਚਰਨ ਪਰਦਛਨਾ ਕੈ ਧੋਈਐ ॥**

ਗੁਰੂ ਦੇ ਚਰਨਾਂ ਦੀ ਪੂਜਾ (ਕਰਨ ਕਰਕੇ) ਤੇ ਗੁਰਚਰਨਾਂ ਉਤੇ ਪ੍ਰਨਾਮ (ਕਰਨ ਕਰਕੇ ਹਥ ਸਫਲ ਹੁੰਦੇ ਹਨ, ਅਤੇ ਗੁਰੂ ਜੀ ਦੀ) ਪਰਦਖਨਾ ਕਰਨ ਵਿਚ ਲਾਈਏ ਤਾਂ ਪੈਰ ਸਫਲ ਹੁੰਦੇ ਹਨ ।

**ਸੰਗਮ ਸਫਲ ਸਾਧ ਸੰਗਤਿ ਸਹਜ ਘਰਿ ਹਿਰਦਾ ਸਫਲ ਗੁਰਮਤਿ ਕੈ ਸਮੋਈਐ ॥ ੪੯੯ ॥**

ਸ਼ਾਂਤਿ ਦਾ ਘਰ ਸਾਧ ਸੰਗਤ ਕਰਨ ਵਾਲਾ ਸੰਗਮ (ਮੇਲ) ਸਫਲ ਹੈ ਅਤ ਗੁਰਉਪਦੇਸ਼ ਵਿਚ ਸਮਈ ਕਰਨ ਕਰਕੇ (ਸਿਖ ਦਾ) ਹਿਰਦਾ ਸਫਲ (ਹੁੰਦਾ ਹੈ, ਅਰਥਾਤ ਗੁਰ ਚਰਨਾਂ ਵਿਚ ਸਮਾਈ ਕਰਨ ਨਾਲ ਸਿਖ ਦਾ ਤਨ ਸਫਲ ਹੁੰਦਾ ਹੈ) ॥ ੪੯੯ ॥

**ਕਤ ਪੁਨਿ ਮਾਨਸ ਜਨਮ ਕਤ ਸਾਧ ਸੰਗਿ ਨਿਸ ਦਿਨਿ ਕੀਰਤਨ ਸਮੈ ਚਲਿ ਜਾਈਐ ॥**

ਫੇਰ ਕਦੋਂ ਮਨੁਖਾ ਜਨਮ (ਮਿਲਣਾ ਹੈ ਅਤ) ਕਦੋਂ ਸਾਧ ਸੰਗਤ (ਮਿਲਣੀ ਹ, ਇਸ ਲਈ) ਰਾਤ ਦਿਨ ਵਿਚ ਕੀਰਤਨ ਦੇ ਸਮੇਂ (ਸਾਧ ਸੰਗ ਵਿਚ) ਚਲਕੇ ਜਾਣਾ (ਚਾਹੀਦਾ ਹੈ) ।

**ਕਤ ਪੁਨਿ ਦ੍ਰਿਸਟਿ ਦਰਸ ਹੁਇ ਪਰਸਪਰ ਭਾਵਨੀ ਭਗਤਿ ਭਾਇ ਸੇਵਾ ਲਿਵ ਲਾਈਐ ॥**

ਫੇਰ ਕਦੋਂ ਅਖਾਂ ਨਾਲ ਆਪੋ ਵਿਚ ਦਾ ਦਰਸ਼ਨ ਹੋਵੇਗਾ (ਇਸ ਲਈ) ਸ਼ਰਧਾ, ਭਗਤੀ ਤੇ ਪਰੇਮ ਨਾਲ (ਭਰਾਵਾਂ ਦੀ) ਸੇਵਾ ਵਿਚ ਲਿਵ ਲਾਣੀ ਚਾਹੀਦੀ ਹੈ।

**ਕਤ ਪੁਨਿ ਰਾਗ ਨਾਦ ਬਾਦ ਸੰਗੀਤ ਰੀਤਿ ਸ੍ਰੀ ਗੁਰ ਸਬਦੁ ਧੁਨਿ ਸੁਨਿ ਪੁਨਿ ਗਾਈਐ ॥**

ਫੇਰ ਕਦੋਂ ਸੰਗੀਤ ਦੀ ਰੀਤੀ ਅਨੁਸਾਰ ਵਾਜਿਆਂ ਨਾਲ ਰਾਗ ਨਾਦ (ਹੋਵਗਾ, ਇਸ ਲਈ) ਸ੍ਰੀ ਗੁਰੂ ਜੀ ਦੇ ਸ਼ਬਦ ਦੀ ਧੁਨਿ ਸੁਨਣੀ ਤੇ ਫੇਰ ਗਾਉਣੀ ਚਾਹੀਦੀ ਹੈ।

**ਕਤ ਪੁਨਿ ਕਰਿ ਕਿਰਤਾਸ ਲੇਖ ਮਸੁਵਾਨੀ ਸ੍ਰੀ ਗੁਰਸਬਦ ਲਿਖਿ ਨਿਜ ਪਦੁ ਪਾਈਐ ॥ ੫੦੦ ॥**

ਫੇਰ ਕਦੋਂ ਹਥ ਵਿਚ ਕਾਗਤ, ਕਲਮ ਤ ਦਵਾਤ (ਲੈ ਕੇ) ਸ੍ਰੀ ਗਰੂ ਜੀ ਦ ਸ਼ਬਦ ਨੂੰ ਲਿਖ ਕੇ ਨਿਜ ਪਦ ਨੂੰ ਪਾਵਾਂਗਾ ॥ ੫੦੦ ॥

**ਜੈਸੇ ਤਉ ਪਲਾਸ ਪਤ੍ਰ ਨਾਗ ਬੇਲ ਮੇਲ ਭਏ ਪਹੁਚਤ ਕਰਿ ਨਰ ਪਤਿ ਜਗ ਜਾਨੀਐ ॥**

ਜਿਸ ਤਰ੍ਹਾਂ ਛਿਛਰੇ ਦਾ ਪੁਤ੍ਰ ਦਾ ਨਾਗਬੇਲ (ਪਾਨ ਪਤਰ) ਨਾਲ ਮਲ ਜੋਲ ਹੋ ਜਾਵੇ, (ਤਾਂ ਉਹ ਭੀ) ਪਾਤਸ਼ਾਹ ਦੇ ਹਥ ਵਿਚ ਪਹੁੰਚ ਜਾਂਦਾ ਹੈ, (ਇਸ ਗਲ ਨੂੰ ਸਾਰਾ) ਜਗਤ ਜਾਣਦਾ ਹੈ।

**ਜੈਸੇ ਤਉ ਕੁਚੀਲ ਨੀਲ ਬਰਨ ਬਰਨੁ ਬਿਖੈ ਹੀਰ ਚੀਰ ਸੰਗਿ ਨਿਰ ਦੋਖ ਉਨ ਮਾਨੀਐ ॥**

ਜਿਸ ਤਰ੍ਹਾਂ ਕਿ (ਬਰਨ) ਰੰਗਾਂ ਵਿਚੋਂ ਨੀਲਾ ਰੰਗ (ਕੁਚੀਲ) ਅਪਵਿਤਰ (ਮੰਨਿਆ ਗਿਆ ਹੈ, ਪਰ) ਹੀਰਾ (ਨੀਲੇ) ਕਪੜ ਦਾ ਸੰਗ ਕਰੇ (ਤਾਂ ਨੀਲਾ ਰੰਗ) ਦੋਖ ਤੋਂ ਰਹਿਤ (ਪਵਿਤਰ) ਵਿਚਾਰਿਆ ਜਾਂਦਾ ਹੈ (ਅਰਥਾਤ ਨੀਲੇ ਕਪੜੇ ਵਿਚ ਹੀਰਾ ਲਪੇਟਿਆ ਜਾਵੇ ਤਾਂ ਫਿਰ ਨੀਲੇ ਰੰਗ ਨੂੰ ਕੋਈ ਭੀ ਬੁਰਾ ਨਹੀਂ ਆਖਦਾ, ਹੈ। ਅਥਵਾ—ਹੀਰਾ ਚਿਟੇ ਕਪੜੇ ਦਾ ਸੰਗ ਕਰ ਕੇ ਨੀਲ ਪਵਿਤ੍ਰ ਮੰਨਿਆ ਜਾਂਦਾ ਹੈ, ਕੋਈ ਭੀ ਫਿਰ ਬੁਰਾ ਨਹੀਂ ਕਹਿੰਦਾ)।

**ਸਾਲਗ੍ਰਾਮ ਸੇਵਾ ਸਮੈ ਮਹਾਂ ਅਪਵਿਤ੍ਰ ਸੰਖ ਪਰਮ ਪਵਿਤ੍ਰ ਜਗ ਭੋਗ ਬਿਖੈ ਠਾਨੀਐ ॥**

ਸੰਖ ਮਹਾਂ ਅਪਵਿਤ੍ਰ ਹੈ, (ਕਿਉਂਕਿ ਇਕ ਤਾਂ ਇਹ ਕੀੜੇ ਦਾ ਹਡ ਰੂਪ ਘਰ ਹੈ, ਦੂਜਾ ਇਸਦੀ ਅਵਾਜ ਰੋਣੀ ਹੈ, ਤੀਜਾ ਸਮੁੰਦਰ ਵਿਚੋਂ ਸਖਣਾ ਨਿਕਲਿਆ ਹੈ, ਇਨ੍ਹਾਂ ਕਾਰਨਾਂ ਕਰਕੇ ਏਹ ਅਪਵਿਤ੍ਰ ਹੈ, ਪਰ) ਠਾਕੁਰ ਪੂਜਾ ਸਮੇਂ ਤੇ ਬ੍ਰਹਮ ਭੋਜ ਰੂਪ ਜਗ ਵਿਚ (ਇਸਨੂੰ) ਪਰਮ ਪਵਿਤ੍ਰ ਮੰਨਕੇ ਲਿਆਂਦਾ ਜਾਂਦਾ ਤ ਵਜਾਈਦਾ ਹੈ, (ਕਿਉਂਕਿ ਇਸਦਾ ਵਜਨਾ ਯਗ ਪੂਜਾ ਦਾ ਨਿਰਵਿਘਨ ਸੰਪੂਰਨ ਹੋਣਾ ਸੂਚਨ ਕਰਦਾ ਹੈ)।

**ਤੈਸੇ ਮਮ ਕਾਗ ਸਾਧ ਸੰਗਤ ਮਰਾਲ ਮਾਲ ਮਾਰ ਨ ਉਠਾਵਤ ਗਾਵਤ ਦੂਰ ਬਾਨੀਐ ॥ ੫੦੧ ॥**

ਇਸੇ ਤਰ੍ਹਾਂ ਦਾ ਮੈਂ (ਨੀਚ) ਕਾਂ ਹਾਂ, ਅਤੇ ਸਾਧ ਸੰਗਤ ਹੰਸ ਸਭਾ ਹੈ, (ਮੈਂ ਇਨ੍ਹਾਂ ਵਿਚ ਆਨ ਬੈਠਾ ਹਾਂ ਉਹ ਮੈਨੂੰ) ਮਾਰਕ ਉਠਾਂਦੇ ਨਹੀਂ ਹਨ, (ਕਿਉਂਕਿ ਮੈਂ) ਗੁਰਬਾਣੀ ਗਾਉਂਦਾ ਹਾਂ (ਅਰਥਾਤ ਗੁਰ ਸਿਖਾਂ ਵਰਗੇ ਮੇਰੇ ਕਰਮ ਨਹੀਂ ਹਨ, ਮੈਂ ਸਿਖਾਂ ਦੀ ਸੰਗਤ ਵਿਚ ਮਿਲਕੇ ਰੀਸੋ ਰੀਸੀ ਗੁਰਬਾਣੀ ਗਾਉਂਦਾ ਹਾਂ, ਇਸ ਕਰਕੇ ਗੁਰ ਸਿਖ ਮੈਨੂੰ ਮਾਰਕੇ ਉਠਾਉਂਦੇ ਨਹੀਂ ਹਨ) ॥ ੫੦੧ ॥

**ਜੈਸੇ ਜਲ ਮਧਿ ਮੀਨ ਮਹਿਮਾ ਨ ਜਾਨੈ ਪੁਨਿ ਜਲ ਬਿਨੁ ਤਲਫ ਤਲਫ ਮਰਿ ਜਾਤਿ ਹੈ ॥**

ਜਿਸ ਤਰ੍ਹਾਂ ਪਾਣੀ ਵਿਚ (ਰਹਿੰਦੀ ਹੋਈ) ਮਛੀ (ਪਾਣੀ ਦੀ) ਮਹਿਮਾ ਨੂੰ ਨਹੀਂ ਜਾਣਦੀ ਹੈ। ਪਰ ਜਦ ਪਾਣੀ ਤੋਂ ਵਿਛੜ ਜਾਵੇ ਤਾਂ ਫਿਰ ਤੜਫ ਤੜਫ ਕੇ ਮਰ ਜਾਂਦੀ ਹੈ।

**ਜੈਸੇ ਬਨ ਬਸਤ ਮਹਾਤਮੈ ਨ ਜਾਨੈ ਪੁਨਿ ਪਰ ਬਸਿ ਭਏ ਖਗ ਮ੍ਰਿਗ ਅਕੁਲਾਤ ਹੈ ॥**

ਜਿਸ ਤਰ੍ਹਾਂ ਬਨ ਵਿਚ ਵਸਦੇ ਹੋਏ ਪੰਛੀ ਤੇ ਹਰਨ ਬਨ ਦੇ ਮਹਾਤਮ ਨੂੰ ਨਹੀਂ ਜਾਣਦੇ ਹਨ, ਪਰ ਜਦ ਪਕੜੇ ਜਾਕੇ ਪਰਾਏ ਵਸ ਹੁੰਦੇ ਹਨ, ਤਾਂ ਫਿਰ ਪੰਛੀ ਤੇ ਹਰਨ ਘਬਰਾਂਦੇ ਹਨ।

**ਜੈਸੇ ਪ੍ਰਿਅ ਸੰਗਮ ਕੈ ਸੁਖਹਿ ਨ ਜਾਨੈ ਤ੍ਰਿਆ ਬਿਛੁਰਤ ਬਿਰਹ ਬ੍ਰਿਥਾ ਕੈ ਬਿਲਲਾਤ ਹੈ ॥**

ਜਿਸ ਤਰ੍ਹਾਂ ਪਤੀ ਦੇ ਮਿਲਾਪ ਕਰਕੇ (ਜੋ ਸੁਖ ਹੁੰਦਾ ਹੈ, ਉਸ) ਸੁਖ ਨੂੰ ਇਸਤਰੀ ਨਹੀਂ ਜਾਣਦੀ ਹੈ, (ਪਰ ਜਦ ਪਤੀ) ਵਿਛੜਦਾ ਹੈ, ਤਾਂ ਵਿਛੋੜੇ ਨਾਲ ਦੁਖੀ ਹੋ ਕਰਕੇ ਰੋਂਦੀ ਹੈ।

**ਤੈਸੇ ਗੁਰ ਚਰਨ ਸਰਨਿ ਆਤਮਾ ਅਚੇਤੁ ਅੰਤਰੁ ਪਰਤ ਸਿਮਰਤ ਪਛੁਤਾਤ ਹੈ ॥ ੫੦੨ ॥**

ਇਸ ਤਰ੍ਹਾਂ ਸ੍ਰੀ ਗੁਰੂ ਜੀ ਦੇ ਚਰਨ (ਕਮਲਾਂ ਦੀ) ਸ਼ਰਨ ਵਿਚ (ਰਹਿੰਦੇ ਹੋਇਆ) ਆਤਮਾ ਅਚੇਤ (ਬੇਸਮਝ ਤੇ ਬੇਪ੍ਰਵਾਹ) (ਰਹਿੰਦਾ ਹੈ, ਪਰ ਜਦ) ਅੰਤਰਾ (ਵਿਥ ਫਰਕ) ਪੈਂਦਾ ਹੈ, (ਤਾਂ ਫਿਰ ਉਸ ਹਜ਼ੂਰੀ ਦੇ ਸਮੇਂ ਨੂੰ) (ਸਿਮਰਤ) ਯਾਦ ਕਰ ਕਰਕੇ ਪਛਤਾਂਦਾ ਹੈ ॥ ੫੦੨ ॥

**ਭਗਤ ਵਛਲ ਸੁਨਿ ਹੋਤ ਹੌ ਨਿਰਾਸ ਰਿਦੈ ਪਤਿਤ ਪਾਵਨ ਸੁਨਿ ਆਸਾ ਉਰਿ ਧਾਰਿ ਹੌ ॥**

(ਵਛਲ=ਪਿਆਰ ਕਰਨ ਵਾਲਾ। ਜਾਮੀ=)
(ਜਾਨਣ ਵਾਲਾ। ਜਲਧਰ=ਬਦਲ, ਭਾਵ)
(ਮੀਂਹ। ਮਲਗਾਰ=ਚੰਦਨ। ਬਿਰਦ=)
(ਧਰਮ, 'ਜੋ ਸਰਨਿ ਆਵੈ ਤਿਸੁ ਕੰਠ ਲਾਵੈ)
(ਇਹ ਬਿਰਦ...'।)

(ਗੁਰੂ) 'ਭਗਤ ਵਛਲ' ਹੈ, (ਇਹ ਗਲ) ਸੁਣ ਕੇ, (ਮੈਂ ਆਪਣੇ) ਹਿਰਦੇ ਵਿਚ ਨਿਰਾਸ ਹੋ ਜਾਂਦਾ ਹਾਂ, (ਕਿਉਂਕਿ ਮੈਂ ਭਗਤ ਨਹੀਂ ਹਾਂ ਅਤੇ ਉਹ ਭਗਤਾਂ ਨਾਲ ਪਿਆਰ ਕਰਨ ਵਾਲਾ ਹੈ ਅਤੇ ਗੁਰੂ) 'ਪਤਿਤ ਪਾਵਨ' ਹੈ, (ਇਹ) ਸੁਣਕੇ (ਮੈਂ ਭੀ) ਹਿਰਦੇ ਵਿਚ (ਦਰਸ਼ਨ ਕਰਨ ਦੀ) ਆਸ਼ਾ ਧਾਰ ਲੈਂਦਾ ਹਾਂ, (ਕਿਉਂਕਿ ਉਹ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, ਤੇ ਮੇਰੇ ਵਰਗਾ ਹੋਰ ਕੋਈ ਪਾਪੀ ਨਹੀਂ ਹੈ, ਤਾਂ ਤੇ ਫਿਰ ਉਹ ਮੈਨੂੰ ਜ਼ਰੂਰ ਹੀ ਪਵਿਤ੍ਰ ਕਰ ਲਵੇਗਾ)।

**ਅੰਤਰਜਾਮੀ ਸੁਨਿ ਕੰਪਤ ਹੌ ਅੰਤਰ ਗਤਿ ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰਿ ਹੌ।**

(ਫਿਰ ਜਦ) ਸੁਣਦਾ ਹਾਂ, ਕਿ ਗੁਰੂ) 'ਅੰਤਰਜਾਮੀ' ਹੈ, (ਤਾਂ ਆਪਣੀ) ਅੰਦਰਲੀ ਹਾਲਤ (ਦਾ ਖਿਆਲ ਕਰਕੇ) ਕੰਬਦਾ ਹਾਂ, ਅਤੇ 'ਦੀਨ ਦਿਆਲ' ਨਾਮ ਸੁਣਕੇ (ਆਪਣੇ ਮਨ ਵਿਚ) ਡਰ ਤੇ ਭਰਮ ਨੂੰ ਦੂਰ ਕਰ ਦੇਂਦਾ ਹਾਂ, (ਕਿਉਂਕਿ ਮੈਂ ਦੀਨ ਹਾਂ, ਇਸ ਕਰਕੇ ਉਹ ਜ਼ਰੂਰ ਮੇਰੇ ਉਤੇ ਦਿਆਲ ਹੋਵੇਗਾ)।

**ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ ਚੰਦਨ ਸੁਗੰਧ ਸਨਬੰਧ ਮੈਲਿਗਾਰ ਹੌ।**

(ਜਿਵੇਂ) ਬਦਲ (ਮੀਂਹ) ਦਾ ਸੰਗਮ (ਮੇਲ) ਕਰਕੇ ਭੀ ਸਿੰਮਲ ਦਾ ਦਰਖਤ ਫਲ ਤੋਂ ਰਹਿਤ ਰਹਿੰਦਾ ਹੈ, (ਤਿਵੇਂ ਮੈਂ ਭੀ ਗੁਰੂ ਜੀ ਦੀ ਚਰਨ

ਸ਼ਰਨ ਵਿਚ ਰਹਿਕੇ ਸਿਦਕ ਭਰੋਸੇ ਤੋਂ ਸਖਣਾ ਰਿਹਾ ਹਾਂ, ਪਰ ਚੰਦਨ ਦੀ ਸੁਗੰਧੀ ਦੇ ਸਨਬੰਧ (ਕਰਕੇ ਸਿੰਮਲ) ਚੰਦਨ (ਹੋ ਜਾਂਦਾ ਹੈ, ਇਵੇਂ ਮੈਂ ਭੀ ਕਿਰਪਾਲੂ ਗੁਰੂ ਦੀ ਮੇਹਰ ਨਾਲ ਸਿਦਕ ਵਿਚ ਪੂਰਨ ਹੋ ਜਾਵਾਂਗਾ)।

**ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ ਤੁਮਰੇ ਬਿਰਦੁ ਕਰਿ ਆਸਰੋ ਸਮ੍ਹਾਰ ਹੌ ॥ ੫੦੩ ॥**

ਆਪਣੀ ਕਰਨੀ ਕਰਕੇ ਤਾਂ ਮੈਂ ਨਰਕ ਵਿਚ ਭੀ ਜਗ੍ਹਾ ਨਹੀਂ ਪਾਵਾਂਗਾ, (ਪਰ ਹੇ ਸਤਿਗੁਰੂ ਜੀ !) ਤੁਹਾਡੇ ਬਿਰਦ (ਨੂੰ ਯਾਦ) ਕਰਕੇ (ਆਪ ਜੀ ਦੇ) ਆਸਰੇ ਨੂੰ ਤੱਕ ਰਿਹਾ ਹਾਂ ॥ ੫੦੩ ॥

ਭਾਵ—ਪਤਿਤ ਉਧਾਰਨ ਸਤਿਗੁਰੂ ਸ਼ਰਨੀ ਪਏ ਨੂੰ ਗਲ ਨਾਲ ਲਾ ਲੈਂਦਾ ਹੈ, ਅਤੇ ਸ਼ਰਨੀ ਪਏ ਹੋਏ ਪੁਰਸ਼ ਦੇ ਗੁਣਾਂ-ਔਗੁਣਾਂ ਦੀ ਜਾਚ ਨਹੀਂ ਕਰਦਾ, ਤਾਂਤੇ ਨਿਰਛਲ ਹੋ ਕੇ ਗੁਰੂ ਜੀ ਦੀ ਸ਼ਰਨੀ ਪੈ ਜਾਓ।

**ਜਉ ਹਮ ਅਧਿਮ ਕਰਮਕੈ ਪਤਿਤ ਭਏ ਪਤਿਤ ਪਾਵਨ ਪ੍ਰਭੁ ਨਾਮੁ ਪ੍ਰਗਟਾਯੋ ਹੈ।**

ਜੇਕਰ ਅਸੀਂ ਨੀਚ ਕਰਮ ਕਰਕੇ ਨੀਚ ਹੋਏ ਹਾਂ, (ਇਸੇ ਕਰਕੇ) ਪ੍ਰਭੂ ਨੇ (ਆਪਣਾ) ਨਾਮ (ਜਗਤ ਵਿਚ) 'ਪਤਿਤ ਪਾਵਨ' ਪ੍ਰਗਟਾਇਆ ਹੈ।

**ਜੌ ਭਏ ਦੁਖਤਿ ਅਰੁ ਦੀਨ ਪਰ ਚੀਨ ਲਗਿ ਦੀਨ ਦੁਖ ਭੰਜਨ ਬਿਰਦੁ ਬਿਰਦਾਯੋ ਹੈ।**

ਜੇਕਰ ਅਸੀਂ ਦੁਖੀ ਹੋ ਰਹੇ ਹਾਂ ਅਤੇ ਪ੍ਰਾਚੀਨ (ਕਾਲ ਤੋਂ) ਦੀਨ ਲਗੇ (ਆਉਂਦੇ ਹਾਂ, ਤਾਂ ਪ੍ਰਭੂ ਨੇ ਆਪਣਾ) ਬਿਰਦ 'ਦੀਨ ਦੁਖ ਭਜਨ' ਪ੍ਰਗਟਾ ਦਿਤਾ ਹੋਯਾ ਹੈ।

**ਜੌ ਗ੍ਰਸੇ ਅਰਕ ਸੁਤ ਨਰਕ ਨਿਵਾਸੀ ਭਏ ਨਰਕ ਨਿਵਾਰਨ ਜਗਤ ਜਸੁ ਗਾਯੋ ਹੈ।**

ਜੇਕਰ ਅਸੀਂ (ਅਰਕ ਸੁਤ) ਸੂਰਜ ਦੇ ਪੁਤ੍ਰ (ਯਮ ਰਾਜਾ) ਦੇ ਫੜੇ ਹੋਏ ਨਰਕ ਵਿਚ ਵਸਣ ਵਾਲ ਬਣੇ ਹੋਏ ਹਾਂ, (ਤਾਂ) ਜਗਤ ਨੇ 'ਨਰਕ ਨਿਵਾਰਨ (ਨਾਮ ਰਖਕੇ ਪ੍ਰਭੂ ਦਾ) ਜਸ ਗਾਂਵਿਆ ਹੈ।

**ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ ਅਵਗੁਨ ਕੀਏ ਗੁਨ ਤੋਹੀ ਬਨਿ ਆਯੋ ਹੈ ॥ ੫੦੪ ॥**

ਹੇ ਕਿਰਪਾ ਨਿਧਾਨ ! ਗੁਣ ਕਰਨ ਵਾਲੇ ਨਾਲ ਸਭ ਕੋਈ ਗੁਣ ਕਰਦਾ ਹੈ, ਪਰ ਔਗੁਣ ਕਰਨ ਵਾਲੇ ਨਾਲ ਗੁਣ ਕਰਨਾ ਤੁਹਾਨੂੰ ਹੀ ਬਣ ਆਉਂਦਾ ਹੈ (ਅਰਥਾਤ ਹਰ ਕੋਈ ਨੇਕੀ ਦਾ ਬਦਲਾ ਨੇਕੀ ਤੇ ਬਦੀ ਦੇ ਬਦਲੇ ਬਦੀ ਕਰਦਾ ਹੈ, ਪਰ ਗੁਰੂ ਦਾ ਬਿਰਦ ਹੈ ਕਿ ਇਹ ਬਦੀ ਕਰਨ ਵਾਲੇ ਦਾ ਭੀ ਭਲਾ ਕਰਦਾ ਹੈ) ॥ ੫੦੪ ॥

**ਜੈਸੇ ਤਉ ਅਰੋਗ ਭੋਗ ਭੋਗਵੈ ਨਾਨਾ ਪ੍ਰਕਾਰ ਬ੍ਰਿਥਾਵੰਤ ਖਾਨਿ ਪਾਨਿ ਰਿਦੈ ਨ ਹਿਤਾਵਈ।**

ਜਿਸ ਤਰ੍ਹਾਂ ਕਿ ਅਰੋਗ (ਪੁਰਸ਼) ਅਨੇਕ ਤਰ੍ਹਾਂ ਦੇ ਭੋਗਾਂ ਨੂੰ ਭੋਗਦਾ ਹੈ, (ਪਰ) (ਬ੍ਰਿਥਾਵੰਤ) ਰੋਗ ਵਾਲੇ, ਪੁਰਸ਼ ਨੂੰ (ਉਸ ਤਰ੍ਹਾਂ ਦਾ) ਖਾਣਾ-ਪੀਣਾ ਆਦਿਕ ਹਿਰਦੇ ਵਿਚ ਨਹੀਂ ਭਾਉਂਦਾ ਹੈ।

**ਜੈਸੇ ਮਹਖੀ ਸਹਨ ਸੀਲ ਕੈ ਧੀਰਜ ਧੁਜਾ ਅਜਿਆ ਮੈ ਤਨਕ ਕਲੇਜੋ ਨ ਸਮਾਵਈ।**

ਜਿਸ ਤਰ੍ਹਾਂ ਕਿ ਮੱਝ ਸਹਨ ਸੀਲਤਾ (ਜੇਰੇ) ਕਰਕੇ ਧੀਰਜ ਦਾ ਝੰਡਾ (ਰੂਪ ਮੰਨ ਗਈ ਹੈ, ਉਸ ਤਰ੍ਹਾਂ ਦਾ) ਕਲੇਜਾ (ਅਜਿਆ) ਬਕਰੀ ਵਿਚ ਰਤਾ ਜਿੰਨਾ ਭੀ ਨਹੀਂ ਸਮਾਂਦਾ ਹੈ।

**ਜੈਸੇ ਜਉਹਰੀ ਬਿਸਾਹੈ ਵੇਚੇ ਹੀਰਾ ਮਾਨਕਾਦਿ ਰੰਕ ਪੈ ਨ ਰਾਖਿਓ ਪਰੈ ਜੋਗ ਨ ਜਗਾਵਈ ॥**

ਜਿਸ ਤਰ੍ਹਾਂ ਕਿ ਜੌਹਰੀ ਹੀਰੇ ਤੇ ਮਾਣਕ ਵਗੈਰਾ ਖਰੀਦਦਾ ਤੇ ਵੇਚਦਾ ਹੈ, (ਪਰ ਉਹ) ਕੰਗਾਲ ਪਾਸੋਂ (ਹੀਰਾ) ਰਖਿਆ ਹੀ ਨਹੀਂ ਜਾਂਦਾ, (ਕਿਉਂਕਿ ਉਸਦਾ) ਜੋੜ ਨਹੀਂ ਜੁੜਦਾ ਹੈ (ਅਰਥਾਤ ਜੌਹਰੀ ਹੀਰੇ ਤੇ ਮਾਣਕ ਵਗੈਰਾ ਰਖਦਾ ਤੇ ਸਾਂਭਦਾ ਹੈ, ਪਰ ਜੇ ਕੰਗਾਲ ਦੇ ਹਥ ਹੀਰਾ ਆ ਜਾਵੇ ਤਾਂ ਉਹ ਉਸਨੂੰ ਰਖ ਹੀ ਨਹੀਂ ਸਕਦਾ, ਕਿਉਂਕਿ ਕੰਗਾਲ ਦਾ ਹੀਰੇ ਨਾਲ ਜੋੜ ਜੁ ਨਹੀਂ ਜੁੜਦਾ)।

**ਤੈਸੇ ਗੁਰ ਪਰਚੇ ਪਵਿਤ੍ਰ ਹੈ ਪੂਜਾ ਪ੍ਰਸਾਦਿ ਅਪਚੁ ਅਪਰਚੇ ਦੁਸਹਿ ਦੁਖ ਪਾਵਈ ॥ ੫੦੫ ॥**

ਇਸੇ ਤਰ੍ਹਾਂ (ਜੋ ਪੁਰਸ਼) ਗੁਰੂ ਦੇ ਪਰਚੇ (ਵਿਚ ਲਗੇ ਹੋਏ ਹਨ, ਉਨ੍ਹਾਂ ਵਾਸਤੇ ਗੁਰੂ ਦੀ ਭਟ ਕੀਤੀ ਹੋਈ) ਪੂਜਾ ਤੇ ਪ੍ਰਸਾਦ ਪਵਿਤ੍ਰ ਹੈ (ਅਤੇ ਜੋ ਗੁਰੂ ਦ) ਪਰਚੇ ਤੋਂ ਹੀਨ ਹਨ, (ਉਨ੍ਹਾਂ ਵਾਸਤੇ ਪੂਜਾ ਪ੍ਰਸ ਦ) ਅਪਚ (ਵਸਤੂ ਹੈ, ਉਸਨੂੰ ਅੰਗੀਕਾਰ ਕਰਕੇ) ਨਾ ਸਹਾਰ ਜਾਣ ਵਾਲਾ ਦੁਖ ਪਾਂਦਾ ਹੈ ॥ ੫੦੫ ॥

**ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਤਾਤ ਗਾਤਿ ਮੁਰਝਾਤਿ ਪ੍ਰਤਿ ਪਾਲੀ ਬਰਖਨ ਕੀ।**

(ਬਿਖੁ=ਜ਼ਹਿਰ । ਤਨਕ=ਰੱਤੀ ਜਿੰਨੀ।)
(ਤਾਤ=ਪਿਆਰਾ । (੨) ਤਾਤਕਾਲ,)
(ਝਟਪਟ। ਗਾਤ=ਸਰੀਰ। ਤੂਲ=ਰੂਈ।)
(ਭਸਮਾਤ = ਸਵਾਹ ਦਾ ਢੇਰ।)
(ਅਕਰਖਨ=ਖਿੱਚਕ ਕਢਣਾ। ਮਹਿਖੀ=)
( ਮੱਝ। ਸੁਕ੍ਰਿਤ=ਪੁੰਨ ਕਰਮ। )

ਜਿਸ ਤਰ੍ਹਾਂ ਰਤਾ ਜਿੰਨੀ ਜ਼ਹਿਰ ਖਾਧਿਆਂ (ਪੁਰਸ਼) ਝਟਪਟ ਮਰ ਜਾਂਦਾ ਹੈ ਅਤੇ ਵਰ੍ਹਿਆਂ ਦਾ ਪਾਲਿਆ ਹੋਇਆ ਸਰੀਰ ਮੁਰਝਾ ਜਾਂਦਾ ਹੈ।

**ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੈ ਹੋਤ ਭਸਮਾਤ ਛਿਨ ਮੈ ਅਕਰਖਨ ਕੀ ॥**

ਜਿਸ ਤਰ੍ਹਾਂ ਕਰੋੜਾਂ ਭਾਰ ਰੂਈ (ਦੇ ਇਕਠੇ ਹੋ ਗਏ ਹੋਣ ਤਾਂ) ਰੱਤੀ ਜਿੰਨੀ ਅੱਗ ਦੀ ਚਿਣਗ ਪੈਂਦਿਆਂ ਹੀ ਛਿਨ ਵਿਚ ਸੁਆਹ ਦਾ ਢੇਰ ਹੋ ਜਾਂਦਾ ਹੈ, (ਅਤ ਬਲਦੀ ਅੱਗ ਵਿਚੋਂ ਕੋਈ ਕੁਝ ਖਿਚਕੇ ਕਢਣਾ ਚਾਹੇ ਤਾਂ ਰਖ ਨਹੀਂ ਸਕਦਾ ਹੈ)।

**ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ ਪਰਤਿ ਕਾਂਜੀ ਕੀ ਬੂੰਦ ਬਾਤ ਨ ਰਖਨ ਕੀ ॥**

(ਜਿਸ ਤਰ੍ਹਾਂ) ਮੱਝ ਚਾ ਦੁਧ ਚੋਕੇ, ਭਾਂਡਾ ਭਰਕੇ ਰਖ ਲਈਦਾ ਹੈ, ਪਰ ਦੁਧ ਵਿਚ ਕਾਂਜੀ ਦੀ ਬੂੰਦ ਪੈਂਦਿਆਂ (ਦੁਧ ਫਿਟ ਜਾਂਦਾ ਹੈ, ਅਤੇ ਦੁਧ ਨੂੰ) ਰਖਣ ਦੀ ਕੋਈ ਗਲ ਨਹੀਂ ਬਣ ਸਕਦੀ।

**ਤੈਸੇ ਪਰ ਤਨ ਪਰ ਧਨ ਦੂਖਨਾ ਬਿਕਾਰ ਕੀਏ ਹਰੈ ਨਿਧਿ ਸੁਕ੍ਰਿਤ ਸਹਜਿ ਹਰਖਨ ਕੀ ॥ ੫੦੬ ॥**

ਉਸੇ ਤਰ੍ਹਾਂ ਪਰ ਇਸਤਰੀ ਤੇ ਪਰਾਯਾ ਧਨ (ਗ੍ਰਹਣ ਕਰਨ ਨਾਲ ਤੇ) ਪਰਾਈ ਨਿੰਦਾ ਕਰਨ ਰੂਪ ਵਿਕਾਰ ਕੀਤਿਆਂ (ਸਹਿਤ ਹਰਖਨ) ਆਤਮ ਅਨੰਦ (ਦਣ ਵਾਲੇ) ਪੁੰਨਾਂ ਦੀ ਨਿਧੀ ਨੂੰ ਨਾਸ ਕਰਦੀ ਹੈ ॥ ੫੦੬ ॥

ਭਾਵ—ਪਰ ਇਸਤਰੀ ਪਰ ਧਨ ਤੇ ਨਿੰਦਾ ਕਰਨ ਨਾਲ ਉਹ ਸ਼ੁਭ ਕਰਮ ਨਾਸ ਹੋ ਜਾਂਦ ਹਨ, ਜਿਨ੍ਹਾਂ ਸ਼ੁਭ ਕਰਮਾਂ ਦੇ ਕੀਤਿਆਂ ਆਤਮ ਅਨੰਦ ਪ੍ਰਾਪਤ ਹੋਣਾ ਹੈ।

**ਚੰਦਨ ਸਮੀਪ ਬਸਿ ਬਾਂਸ ਮਹਿਮਾ ਨ ਜਾਨੀ ਆਨ ਦ੍ਰੁਮ ਦੂਰਹੁ ਭਏ ਬਾਸਨ ਕੈ ਬੋਹੇ ਹੈ।**

ਚੰਦਨ ਦੇ ਨੇੜੇ ਵਸਕੇ ਭੀ ਵਾਂਸ ਨੇ (ਚੰਦਨ ਦੀ) ਮਹਿਮਾ ਨਹੀਂ ਜਾਣੀ ਹੈ ਅਤੇ ਹੋਰ ਦਰਖਤ ਦੂਰ ਹੁੰਦੇ ਹੋਏ ਭੀ ਵਾਸ਼ਨਾ ਕਰਕੇ ਸੁਗੰਧਤ ਹੋ ਜਾਂਦੇ ਹਨ।

**ਦਾਦਰ ਸਰੋਵਰ ਮੈ ਜਾਨੀ ਨ ਕਮਲ ਗਤਿ ਮਧੁਕਰ ਮਨ ਮਕਰੰਦ ਕੋ ਬਿਮੋਹੇ ਹੈ ॥**

ਡੱਡੂ ਨੇ ਸਰੋਵਰ ਵਿਚ (ਰਹਿਕੇ ਭੀ) ਕਮਲ ਦੀ ਗਤੀ ਨਹੀਂ ਜਾਣੀ ਹੈ, ਅਤੇ ਭੌਰ ਦਾ ਮਨ ਮਕਰੰਦ ਕਰਕੇ (ਬਿ) ਚੰਗੀ ਤਰ੍ਹਾਂ ਮੋਹਿਆ ਗਿਆ ਹੈ।

**ਤੀਰਥ ਬਸਤ ਬਗੁ ਮਰਮੁ ਨ ਜਾਨਿਓ ਕਛੂ ਸਰਧਾ ਕੈ ਜਾਤ੍ਰੂ ਹੇਤ ਜਾਤ੍ਰੀ ਜਨ ਸੋਹੇ ਹੈ॥**

ਤੀਰਥ ਉਤੇ ਵਸਦੇ ਹੋਏ ਬਗਲੇ (ਵਰਗੇ ਤੀਰਥ ਵਾਸੀਆਂ ਨੇ, ਤੀਰਥ ਦੀ) ਮਹਿਮਾ ਰੂਪ ਭੇਦ ਨੂੰ ਨਹੀਂ ਜਾਣਿਆ ਹੈ, ਸ਼ਰਧਾ (ਨਾਲ) ਯਾਤਰਾ ਦੇ ਪਿਆਰ ਵਾਲੇ ਯਾਤਰੀ ਪੁਰਸ਼ ਸੋਭਾ ਵਾਲੇ ਹੋ ਜਾਂਦੇ ਹਨ।

**ਨਿਕਟਿ ਬਸਤ ਮਮ ਗੁਰ ਉਪਦੇਸ਼ ਹੀਨ ਦੂਰੰਤਰਿ ਸਿਖਿ ਉਰ ਅੰਤਰਿ ਲੈ ਪੋਹੇ ਹੈ॥ ੫੦੭॥**

(ਇਸੇ ਤਰ੍ਹਾਂ) ਮੈਂ ਨੇੜੇ ਵਸਦਾ ਹੋਇਆ ਭੀ ਗੁਰ ਉਪਦੇਸ਼ ਤੋਂ ਹੀਨ (ਰਿਹਾ ਹਾਂ, ਅਤੇ) ਦੂਰ ਫਾਸਲੇ (ਤੇ ਰਹਿਣ ਵਾਲੇ) ਸਿਖ (ਨੇ ਗੁਰ ਉਪਦੇਸ਼ ਨੂੰ) ਹਿਰਦੇ ਅੰਦਰ ਪਰੋ ਲਿਆ ਹੈ॥ ੫੦੭॥

**ਜੈਸੇ ਪਰ ਦਾਰਾ ਕੌ ਦਰਸੁ ਦ੍ਰਿਗ ਦੇਖਿਓ ਚਾਹੈ ਤੈਸੇ ਗੁਰ ਦਰਸ਼ਨ ਦੇਖਤ ਹੈ ਨ ਚਾਹ ਕੈ॥**

(ਦਾਰਾ=ਇਸਤਰੀ। ਦ੍ਰਿਗ=ਅਖਾਂ। ਦ੍ਰਬ=)
(ਧਨ। ਹਰਨ=ਚੁਰਾਨ, ਠਗਨ। ਉਮਾਹ=)
(ਖੁਸ਼ੀ। )

ਜਿਸ ਤਰ੍ਹਾਂ ਅਖਾਂ ਪਰਾਈ ਇਸਤਰੀ ਦੇ ਦਰਸ਼ਨ ਨੂੰ ਵੇਖਣਾ ਚਾਹੁੰਦੀਆਂ ਹਨ, ਉਸ ਤਰ੍ਹਾਂ ਦੀ ਚਾਹ ਨਾਲ ਗੁਰ ਦਰਸ਼ਨ ਨੂੰ ਨਹੀਂ ਦੇਖਦੀਆਂ ਹਨ।

**ਜੈਸੇ ਨਰ ਨਿੰਦਾ ਸੁਨੈ ਸਾਵਧਾਨ ਸੁਰਤਿ ਕੈ ਤੈਸੋ ਗੁਰ ਸ਼ਬਦੁ ਸੁਨੈ ਨ ਉਤਸ਼ਾਹ ਕੈ॥**

ਜਿਸ ਤਰ੍ਹਾਂ (ਪੁਰਸ਼) ਸਾਵਧਾਨ ਸੁਰਤਿ ਕਰਕੇ ਪਰਾਈ ਨਿੰਦਾ ਸੁਣਦਾ ਹੈ, ਉਸ ਤਰ੍ਹਾਂ ਦੇ ਉਤਸ਼ਾਹ ਨਾਲ ਗੁਰ ਸ਼ਬਦ ਨੂੰ ਨਹੀਂ ਸੁਣਦਾ ਹੈ।

**ਜੈਸੇ ਪਰ ਦਰਬ ਹਰਨ ਕਉ ਚਰਨ ਧਾਵੈ ਤੈਸੇ ਕੀਰਤਨ ਸਾਧ ਸੰਗਤਿ ਨ ਉਮਾਹ ਕੈ॥**

ਜਿਸ ਤਰ੍ਹਾਂ ਦੇ ਸ਼ੌਕ ਨਾਲ ਪਰਾਏ ਧਨ ਨੂੰ ਚੁਰਾਉਣ ਵਾਸਤੇ ਪੈਰ ਦੌੜਦੇ ਹਨ, ਉਸ ਤਰ੍ਹਾਂ ਦੇ ਉਤਸ਼ਾਹ ਨਾਲ ਸਾਧ ਸੰਗਤ ਵਿਚ ਕੀਰਤਨ ਸੁਣਨ ਨਹੀਂ ਜਾਂਦੇ ਹਨ।

**ਉਲੂ ਕਾਗ ਨਾਗਿ ਧਿਆਨ ਖਾਨ ਪਾਨ ਕਉ ਨ ਜਾਨੈ ਊਚ ਪਦੁ ਪਾਵੈ ਨਹੀਂ ਨੀਚ ਪਦੁ ਗਾਹ ਕੈ॥ ੫੦੮॥**

(ਜਿਵੇਂ) ਉਲੂ (ਚੂਹੇ) ਖਾਣ ਵਲ, ਕਾਂ (ਗੰਦਗੀ ਖਾਣ ਵਲ) ਨਾਗ (ਸਪ) (ਮਿਟੀ ਜਾਂ ਹਵਾ ਖਾਣ ਵਲ ਹੀ) ਧਿਆਨ (ਰਖਦਾ ਹੈ, ਇਸ ਤੋਂ ਹੋਰ ਕੁਝ) ਖਾਣ ਪੀਣ ਨੂੰ ਨਹੀਂ ਜਾਣਦੇ ਹਨ। (ਇਵੇਂ ਹੀ) ਨੀਚ ਪਦ ਨੂੰ (ਗਾਹਕੇ) ਖਰੀਦ ਕਰਨ ਵਾਲਿਆਂ ਨੂੰ ਊਚ ਪਦ ਥਿਉਂਦਾ ਨਹੀਂ ਹੈ (ਅਰਥਾਤ) ਜਿਵੇਂ ਕਾਂ ਆਦਿਕ ਗੰਦਗੀ ਤੋਂ ਬਿਨਾਂ ਚੰਗੀ ਵਸਤੂ ਨੂੰ ਨਹੀਂ ਚਾਹੁੰਦੇ ਹਨ, ਇਵੇਂ ਹੀ ਮਨਮੁਖ ਉਤਮ ਪਦ ਨੂੰ ਨਹੀਂ ਚਾਹੁੰਦੇ ਹਨ॥ ੫੦੮॥

**ਜੈਸੇ ਰੈਨਿ ਸਮੈ ਸਭ ਲੋਗ ਮੈ ਸੰਜੋਗ ਭੋਗ ਚਕਈ ਬਿਓਗ ਸੋਗ ਭਾਗ ਹੀਨ ਜਾਨੀਐ॥**

ਜਿਸ ਤਰ੍ਹਾਂ ਰਾਤ ਦੇ ਵੇਲੇ ਸਾਰੇ ਲੋਕਾਂ ਵਿਚ ਸੰਜੋਗ ਤੇ ਭੋਗ (ਹੁੰਦਾ ਹੈ, ਪਰ) ਚਕਵੀ ਨੂੰ (ਪਤੀ ਤੋਂ) ਵਿਛੋੜਾ ਤੇ ਸੋਗ (ਹੁੰਦਾ ਹੈ, ਉਸਨੂੰ) ਭਾਗਾਂ ਤੋਂ ਹੀਨ ਜਾਣੀਦਾ ਹੈ।

**ਜੈਸੇ ਦਿਨਕਰਿ ਕੈ ਉਦੋਤਿ ਜੋਤਿ ਜਗਮਗ ਉਲੂ ਅੰਧ ਕੰਧ ਪਰਚੀਨ ਉਨਮਾਨੀਐ ॥**

ਜਿਸ ਤਰ੍ਹਾਂ ਸੂਰਜ ਦੇ ਉਦੇ ਹੁੰਦਿਆਂ (ਉਸਦੀ) ਜੋਤ ਜਗਮਗ ਜਗਮਗ ਕਰਦੀ ਹੈ, (ਪਰ) ਉਲੂ ਅੰਨ੍ਹਾ ਪਰਾਚੀਨ (ਪੁਰਾਣੀਆਂ) ਕੰਧਾਂ (ਖੋਲਿਆਂ) ਵਿਚ ਹੀ ਵਿਚਾਰੀਦਾ ਹੈ।

**ਸਰਵਰ ਸਰਿਤਾ ਸਮੁੰਦਰ ਜਲ ਪੂਰਨ ਹੈ ਤ੍ਰਿਖਾਵੰਤ ਚਾਤ੍ਰਿਕ ਰਹਤ ਬਕ ਬਾਨੀਐ॥**

(ਜਿਸ ਤਰ੍ਹਾਂ) ਤਲਾਉ, ਨਦੀ ਤੇ ਸਮੁੰਦਰ (ਆਦਿਕ ਜਲ ਸਥਾਨ) ਜਲ ਨਾਲ ਭਰੇ ਹੋਏ ਹੁੰਦੇ ਹਨ, (ਪਰ) ਪਪੀਹਾ ਪਿਆਸਾ ਰਹਿੰਦਾ ਹੀ (ਬਕਬਾਨੀ) ਪੁਕਾਰਾਂ ਕਰਦਾ ਹੈ।

**ਤੈਸੇ ਮਿਲਿ ਸਾਧ ਸੰਗਿ ਸਕਲ ਸੰਸਾਰੁ ਤਰਿਓ ਮੋਹ ਅਪਰਾਧੀ ਅਪ-ਰਾਧਨੁ ਬਿਹਾਨੀਐ ॥ ੫੦੯ ॥**

ਉਸੇ ਤਰ੍ਹਾਂ ਸਾਧ ਸੰਗ ਵਿਚ ਮਿਲ ਕਰਕੇ ਸਾਰਾ ਸੰਸਾਰ (ਭੌਜਲ ਤੋਂ) ਤਰ ਗਿਆ ਹੈ, (ਪਰ) ਮੈਂ ਅਪਰਾਧੀ ਨੇ ਅਪਰਾਧਾਂ ਵਿਚ (ਹੀ ਉਮਰਾ) ਗੁਜ਼ਾਰ ਦਿਤੀ ਹੈ ॥ ੫੦੯ ॥

**ਜੈਸੇ ਫਲ ਫੂਲਹਿ ਲੈ ਜਾਇ ਬਨਰਾਇ ਪ੍ਰਤਿ ਕਰੈ ਅਭਿਮਾਨੁ ਕਹੋ ਕੈਸੇ ਬਨਿ ਆਵੈ ਜੀ ॥**

ਜਿਸ ਤਰ੍ਹਾਂ (ਕੋਈ) ਫਲ ਫੁਲ ਲੈ ਕੇ ਬਨਰਾਜੇ ਨੂੰ (ਨਜ਼ਰ ਦੇ ਕੇ) ਅਭਿਮਾਨ ਕਰੇ (ਕਿ ਮੈਂ ਬਨਰਾਜੇ ਨੂੰ ਫਲ ਫੁਲ ਨਜ਼ਰ ਕੀਤੇ ਹਨ, ਤਾਂ) ਦਸੋ, (ਇਹ ਅਭਿਮਾਨ ਉਸਦਾ) ਕਿਸ ਤਰ੍ਹਾਂ ਬਣ ਆਵੇਗਾ।

**ਜੈਸੇ ਮੁਕਤਾਹਲ ਸਮੁੰਦ੍ਰਹਿ ਦਿਖਾਵੈ ਜਾਇ ਬਾਰ ਬਾਰ ਹੀ ਸਰਾਹੈ ਸੋਭਾ ਤਉ ਨ ਪਾਵੈ ਜੀ ॥**

ਜਿਸ ਤਰ੍ਹਾਂ (ਕੋਈ ਆਦਮੀ) ਮੋਤੀਆਂ ਦੀ ਮਾਲਾ ਸਮੁੰਦਰ ਨੂੰ ਜਾ ਕ ਵਿਖਾਵੇ ਅਤੇ ਮੁੜ ਮੁੜਕੇ (ਉਨ੍ਹਾਂ ਮੋਤੀਆਂ ਦੀ) ਸਿਫਤ ਕਰੇ ਤਾਂ (ਉਹ) ਸੋਭਾ ਨਹੀਂ ਪਾਵੇਗਾ।

**ਜੈਸੇ ਕਨੀ ਕੰਚਨ ਸੁਮੇਰੁ ਸਨਮੁਖਿ ਰਾਖਿ ਮਨ ਮੈ ਗਰਬੁ ਕਰੈ ਬਾਵਰੋ ਕਹਾਵੈ ਜੀ ॥**

ਜਿਸ ਤਰ੍ਹਾਂ ਕੋਈ ਆਦਮੀ ਸੋਨੇ ਦੀ ਕਨੀ ਲੈ ਕ ਸੁਮੇਰ ਪਰਬਤ ਸਾਹਮਣੇ ਰਖਕੇ ਮਨ ਵਿਚ ਹੰਕਾਰ ਕਰੇ (ਕਿ ਮੈਂ ਸੁਮੇਰ ਨੂੰ ਸੋਨਾ ਦਿਤਾ ਹੈ, ਤਾਂ ਲੋਕਾਂ ਪਾਸੋਂ) ਪਾਗਲ ਕਹਾਵੇਗਾ।

**ਤੈਸੇ ਗਿਆਨ ਧਿਆਨ ਠਾਨਿ ਪ੍ਰਾਨ ਹੈ ਰੀਝਾਇਓ ਚਾਹੈ ਪ੍ਰਾਨਪਤਿ ਸਤਿਗੁਰੁ ਕੈਸੇ ਕੈ ਰੀਝਾਵੈ ਜੀ॥੫੧੦॥**

ਇਸੇ ਤਰ੍ਹਾਂ (ਜੇ ਕਰ ਕੋਈ) ਗਿਆਨ ਧਿਆਨ (ਠਾਨਿ) ਧਾਰਨ ਕਰਕੇ ਤੇ ਪ੍ਰਾਨਾਂ (ਦੀ ਭਟਾ ਦੇ ਕੇ ਸਤਿਗੁਰੂ ਨੂੰ) ਪ੍ਰਸੰਨ ਕਰਨਾ ਚਾਹੇ, ਤਾਂ ਪਰਾਣਾਂ ਦੇ ਪਤਿ ਸਤਿਗੁਰੂ ਜੀ ਨੂੰ ਕਿਸ ਤਰ੍ਹਾਂ ਕਰਕ ਰੀਝਾਵੇਗਾ (ਪ੍ਰਸੰਨ ਕਰੇਗਾ ? ॥ ੫੧੦ ॥

**ਜੈਸੇ ਚੋਆ ਚੰਦਨ ਅਉ ਧਾਨ ਪਾਨ ਬੇਚਨ ਕਉ ਪੂਰਬਿ ਦਿਸਾ ਲੈ ਜਾਇ ਕੈਸੇ ਬਨਿ ਆਵੈ ਜੀ ॥**

ਜਿਸ ਤਰ੍ਹਾਂ (ਕੋਈ ਆਦਮੀ) ਅਤਰ, ਚੰਦਨ ਅਤੇ ਧਾਨ (ਚਾਵਲ) ਤੇ ਪਾਨ ਵੇਚਣ ਲਈ ਲੈ ਕ ਪੂਰਬ ਦਿਸ਼ਾ ਵਲ ਜਾਵੇ (ਤਾਂ ਉਸ ਨੂੰ ਨਫਾ) ਕਿਸ ਤਰ੍ਹਾਂ ਬਣ ਆਵੇਗਾ ? ਕਿਉਂਕਿ ਇਹ ਸਭ ਚੀਜ਼ਾਂ ਪੂਰਬ ਦਿਸ਼ਾ ਵਿਚ ਖਾਸ ਕਰਕੇ ਬਹੁਤ ਹੁੰਦੀਆਂ ਹਨ, ਉਥੇ

ਇਨ੍ਹਾਂ ਦਾ ਖਾਸ ਕਰਕੇ ਕੋਈ ਮੁਲ ਨਹੀਂ ਪੈਂਦਾ ਹੈ)।

**ਪਛਮ ਦਿਸਾ ਦਾਖ ਦਾਰਮ ਲੈ ਜਾਇ ਜੈਸੇ ਮ੍ਰਿਗਮਦ ਕੇਸਰ ਲੈ ਉਤਰਹਿ ਧਾਵੈ ਜੀ॥**

(ਜੇਕਰ ਕੋਈ ਆਦਮੀ) ਅਨਾਰਦਾਨਾ ਤੇ ਦਾਖ (ਸਉਗੀ) ਲੈ ਕੇ ਪੱਛਮ ਦਿਸ਼ਾ ਵਲ ਵੇਚਣ ਲਈ ਜਾਵੇ, ਅਤੇ ਜਿਸ ਤਰ੍ਹਾਂ (ਕੋਈ) ਕਸਤੂਰੀ ਤੇ ਕੇਸਰ ਲੈ ਕੇ ਉਤਰ ਵਲ (ਵਚਨ ਲਈ) ਚਲਾ ਜਾਵੇ।

**ਦਖਨ ਦਿਸਾ ਲੈ ਜਾਇ ਲਾਇਚੀ ਲਵੰਗ ਲਾਦਿ ਬਾਦਿ ਆਸਾ ਉਦਮ ਹੈ ਬਿੜ੍ਹਤੋ ਨ ਪਾਵੈ ਜੀ॥**

(ਜਿਸ ਤਰ੍ਹਾਂ ਕੋਈ ਆਦਮੀ) ਲੌਂਗ ਤੇ ਲਾਚੀ ਲਦਕੇ ਦੱਖਣ ਦਿਸ਼ਾ ਵਲ (ਵੇਚਣ ਲਈ) ਲੈ ਜਾਵੇ (ਤਾਂ ਉਸਦੀ) ਆਸ਼ਾ ਤੇ ਉਦਮ (ਬਾਦ) ਬਿਅਰਥ ਹੈ, (ਕਿਉਂਕਿ ਉਹ ਕਦ ਭੀ) (ਬਿੜ੍ਹਤੋ) ਨਫਾ ਨਹੀਂ ਪਾਵੇਗਾ।

**ਤੈਸੇ ਗੁਨ ਨਿਧਿ ਗੁਰ ਸਾਗਰ ਕੈ ਬਿਦਿਮਾਨ ਗਿਆਨ ਗੁਨ ਪ੍ਰਗਟਿ ਕੈ ਬਾਵਰੋ ਕਹਾਵੈ ਜੀ॥ ੫੧੧॥**

ਇਸੇ ਤਰ੍ਹਾਂ ਗੁਣਾਂ ਦੇ ਸਮੁੰਦਰ ਤ ਗੁਰੂ ਸਮੁੰਦਰ ਦੇ ਸਾਹਮਣੇ ਮੌਜੂਦ ਬੈਠੇ ਹੁੰਦਿਆਂ (ਜੇ ਕੋਈ ਆਪਣੇ) ਗਿਆਨ ਆਦਿਕ ਗੁਣ ਪ੍ਰਗਟ ਕਰੇਗਾ ਤਾਂ ਉਹ ਬਾਵਰਾ (ਪਾਗਲ) ਹੀ ਕਹਾਵੇਗਾ॥ ੫੧੧॥

**ਚਲਨੀ ਮੈ ਜੈਸੇ ਦੇਖੀਅਤ ਹੈ ਅਨੇਕ ਛਿਦ੍ਰ ਕਰੈ ਕਰਵਾ ਕੀ ਨਿੰਦਾ ਕੈਸੇ ਬਨਿ ਆਵੈ ਜੀ॥**

ਜਿਸ ਤਰ੍ਹਾਂ ਛਾਨਨੀ ਵਿਚ ਅਨੇਕਾ ਛੇਕ ਵੇਖੀਦੇ ਹਨ, (ਜੇ ਉਹ) ਲੋਟੇ ਦੀ ਨਿੰਦਾ ਕਰੇ, ਤਾਂ ਇਹ ਗਲ ਕਿਸ ਤਰ੍ਹਾਂ ਬਣ ਆਵੇਗੀ।

**ਬਿਰਖ ਬਿਬੂਰ ਭਰਪੂਰ ਬਹੁ ਸੂਰਨ ਸੈ ਕਮਲੈ ਕਟੀਲੋ ਕਹੈ ਕਾਹੂ ਨ ਸੁਖਾਵੈ ਜੀ॥**

ਜਿਸ ਤਰ੍ਹਾਂ ਕਿੱਕਰ ਦਾ ਦਰਖਤ ਕੰਡਿਆਂ ਨਾਲ ਭਰਿਆ ਹੁੰਦਾ ਹੈ, (ਪਰ ਜੇ ਉਹ) ਕਮਲ ਫੂਲ ਨੂੰ ਕੰਡਿਆਂ ਵਾਲਾ ਕਹੇ ਤਾਂ ਉਸਦਾ ਇਹ ਆਖਣਾ ਕਿਸੇ ਨੂੰ ਭੀ ਨਹੀਂ ਸੁਖਾਵੇਗਾ।

**ਜੈਸੇ ਉਪਹਾਸ ਕਰੈ ਬਾਇਸੁ ਮਰਾਲ ਪ੍ਰਤਿ ਛਾਡਿ ਮੁਕਤਾਹਲ ਦੁਰਗੰਧ ਲਿਵ ਲਾਵੈ ਜੀ॥**

ਜਿਸ ਤਰ੍ਹਾਂ ਮੋਤੀਆਂ ਨੂੰ ਛੱਡਕੇ ਗੰਦਗੀ (ਗੂੰਹ) ਨਾਲ ਲਿਵ ਲਾਣ ਵਾਲਾ ਕਾਂ ਹੰਸ ਨੂੰ ਹਾਸੀ-ਠਠਾ ਕਰਦਾ ਹੈ।

**ਤੈਸੇ ਹਉ ਮਹਾ ਅਪਰਾਧੀ ਅਪਰਾਧ ਭਰਿਓ ਸਕਲ ਸੰਸਾਰ ਕੋ ਬਿਕਾਰ ਮੋਹਿ ਭਾਵੈ ਜੀ॥ ੫੧੨॥**

ਉਸੇ ਤਰ੍ਹਾਂ ਮੈਂ ਅਪਰਾਧਾਂ ਦਾ ਭਰਿਆ ਹੋਇਆ ਮਹਾਂ ਅਪਰਾਧੀ ਹਾਂ, ਅਤੇ ਸਾਰ ਸੰਸਾਰ ਦ ਵਿਕਾਰ (ਬੁਰੇ ਤੋਂ ਬੁਰੇ ਕਰਮ) ਮੈਨੂੰ ਭਾਉਂਦੇ ਹਨ (ਪਰ ਨਿੰਦਾ ਗੁਰ ਸਿਖਾਂ ਦੀ ਕਰਦਾ ਹਾਂ)॥ ੫੧੨॥

**ਅਪਦਾ ਅਧੀਨ ਜੈਸੇ ਦੁਖਿਤ ਦੁਹਾਗਨ ਕਉ ਸਹਜਿ ਸੁਹਾਗੁ ਨ ਸੁਹਾਗਨਿ ਕੋ ਭਾਵਈ॥**

ਜਿਸ ਤਰ੍ਹਾਂ ਬਿਪਤਾ ਵਿਚ ਫਸਕੇ ਦੁਖ ਭੋਗਦੀ ਹੋਈ ਵਿਭਚਾਰਣਿ ਇਸਤ੍ਰੀ ਨੂ ਸੁਹਾਗਨੀ ਦਾ ਸਹਜ-ਸੁਹਾਗ ਭਾਉਂਦਾ ਨਹੀਂ ਹੈ।

**ਬਿਰਹਨੀ ਬਿਰਹ ਬਿਓਗ ਮੈ ਸੰਜੋਗਨਿ ਕੋ ਸੁੰਦਰ ਸਿੰਗਾਰ ਅਧਿਕਾਰੁ ਨ ਸੁਹਾਵਈ॥**

(ਜਿਸ ਤਰ੍ਹਾਂ ਪਤੀ ਤੋਂ) ਵਿਛੜੀ ਹੋਈ ਬਿਰਹਨੀ

ਨੂੰ ਵਿਛੋੜੇ ਵਿਚ (ਪਤੀ ਦੇ) ਸੰਜੋਗ ਵਾਲੀ ਇਸਤ੍ਰੀ ਦਾ ਸੁੰਦਰ ਸ਼ਿੰਗਾਰ ਤੇ ਅਧਿਕਾਰ ਸੁਹਾਉਂਦਾ ਨਹੀਂ ਹੈ।

**ਜੈਸੇ ਤਨ ਆਂਝਿ ਬਾਂਝਿ ਰੋਗ ਸੋਗ ਸੰਸੋ ਸੂਮ ਸਉਤ ਕੇ ਸੁਤਹਿ ਪੇਖਿ ਮਹਾਂ ਦੁਖ ਪਾਵਈ ॥**

ਜਿਸ ਤਰ੍ਹਾਂ ਇਸਤਰੀ ਦੇ ਸਰੀਰ ਵਿਚ ਬਾਂਝ ਰੋਗ ਹੋਵੇ ਅਤੇ ਇਸਦ ਸੋਗ ਤੇ ਸੰਸ ਨਲ ਕਸ਼ਟ ਜਿਸ ਤਰ੍ਹਾਂ (ਜੋ) ਇਸਤ੍ਰੀ ਸਰੀਰ ਵਿਚਲ ਬਾਂਝ ਰੋਗ ਦੇ ਸੰਸੇ (ਫਿਕਰ) ਸੋਗ (ਚਿਤਾ) ਨਾਲ ਕਸ਼ਟ ਭੋਗਦੀ ਹਵੇ (ਤਾਂ ਉਹ) ਸੌਂਕਣ ਦੇ ਪੁਤ੍ਰ ਨੂੰ ਵੇਖਕੇ ਬੜਾ ਦੁਖ ਪਾਂਦੀ ਹੈ।

**ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ ਸਾਧਨ ਕੋ ਸੁਕ੍ਰਿਤ ਨ ਹਿਰਦੈ ਹਿਤਾਵਈ ॥ ੫੧੩ ॥**

ਇਸੇ ਤਰ੍ਹਾਂ ਪਰ ਇਸਤਰੀ (ਵਲ ਬੁਰੀ ਨਜ਼ਰ ਨਾਲ ਵੇਖਣਾ) ਪਰਾਏ ਧਨ (ਨੂੰ ਪ੍ਰਾਪਤ ਕਰਨ ਦ ਇਰਾਦੇ ਤੇ) ਪਰਾਈ ਨਿੰਦਾ ਕਰਨ ਰੂਪ, (ਇਹ) ਤ੍ਰਿਦੋਖ (ਸੰਨਿਪਾਤ) (ਤਾਪ) ਮੈਨੂੰ (ਚੜ੍ਹਿਆ ਹੋਇਆ ਹੈ, ਪਰ) ਭਲੇ ਪੁਰਸ਼ਾਂ ਦ ਸ਼ੁਭ ਕਰਮ ਮੇਰ ਹਿਰਦੇ ਵਿਚ ਚੰਗੇ ਨਹੀਂ ਲਗਦੇ ਹਨ ॥ ੫੧੩ ॥

**ਜਲ ਕੈ ਨਿਕਾਸਿ ਮੀਨੁ ਰਾਖੀਐ ਪਟੰਬਰਿ ਮੈ ਬਿਨੁ ਜਲੁ ਤਲਫ ਤਜਤ ਪ੍ਰਿਅ ਪ੍ਰਾਨ ਹੈ ॥**

(ਜਿਸ ਤਰ੍ਹਾਂ) ਮਛੀ ਨੂੰ ਪਾਣੀ ਵਿਚੋਂ ਕਢਕੇ, ਰੇਸ਼ਮੀ ਕਪੜਿਆਂ ਵਿਚ ਰਖੀਏ (ਤਾਂ ਉਹ ਰਹਿੰਦੀ ਨਹੀਂ ਹੈ, ਸਗੋਂ ਪਾਣੀ ਤੋਂ ਬਿਨਾਂ (ਹੋਣ ਕਰਕੇ) ਤੜਫ ਤੜਫ ਕੇ ਪਿਆਰੇ ਪ੍ਰਾਣ ਤਿਆਗ ਦਾਂਦੀ ਹੈ।

**ਬਨ ਸੈ ਪਕਰਿ ਪੰਛੀ ਪਿੰਜਰੀ ਮੈ ਰਾਖੀਐ ਤਉ ਬਿਨ ਬਨ ਮਨ ਉਨ ਮਨੋ ਉਨਮਾਨ ਹੈ।**

ਜਿਸ ਤਰ੍ਹਾਂ ਪੰਛੀ ਨੂੰ ਬਨ ਵਿਚੋਂ ਫੜਕੇ ਪਿੰਜਰੇ ਵਿਚ ਪਾ ਰਖੀਏ ਤਾਂ ਬਨ ਤੋਂ ਬਿਨਾਂ (ਉਸਦਾ) ਮਨ (ਉਨਮਨ) ਉਦਾਸ ਤੇ ਵਿਆਕੁਲ ਜੇਹਾ ਵਿਚਾਰੀਦਾ ਹੈ।

**ਭਾਵਨੀ ਭਤਾਰਿ ਬਿਛੁਰਤਿ ਅਤਿ ਛੀਨੁ ਦੀਨ ਬਿਲਖ ਬਦਨ ਤਾਹਿ ਭਵਨ ਭਇਆਨ ਹੈ।**

(ਭਾਵਨੀ = ਭਾਮਨੀ।) ਜਿਸ ਤਰ੍ਹਾਂ ਇਸਤਰੀ ਪਤੀ ਤੋਂ ਵਿਛੁੜੀ ਹੋਈ ਅਤਿਅੰਤ ਲਿਸੀ ਤ ਦੀਨ (ਗਰੀਬਨੀ) (ਹੋ ਜਾਂਦੀ ਹੈ) ਉਸਦਾ ਮੂੰਹ ਰਣਾ ਜੇਹਾ (ਦਿਸਦਾ ਹੈ, ਅਤੇ) ਉਸਨੂੰ ਘਰ ਡਰੌਣਾ (ਭਾਸਦਾ) ਹੈ।

**ਤੈਸੇ ਗੁਰਸਿਖ ਬਿਛੁਰਤ ਸਾਧ ਸੰਗਤਿਸੈ ਜੀਵਨ ਜਤਨ ਬਿਨੁ ਸੰਗਤਿ ਨ ਆਨ ਹੈ ॥ ੫੧੪ ॥**

ਉਸੇ ਤਰ੍ਹਾਂ ਸਾਧ ਸੰਗਤ ਨਾਲੋਂ ਵਿਛੜੇ ਹੋਏ ਗੁਰ ਸਿਖ ਦੇ ਜੀਉਣ ਦਾ ਉਪਾਉ ਸਾਧ ਸੰਗਤ ਤੋਂ ਬਿਨਾ ਹੋਰ ਕੋਈ ਨਹੀਂ ਹੈ ॥ ੫੧੪ ॥

**ਜੈਸੇ ਟੂਟੇ ਨਾਗ ਬੇਲ ਸੈ ਬਿਦੇਸ ਜਾਤਿ ਸਲਿਲ ਸੰਜੋਗ ਚਿਰੰਕਾਲ ਜੁਗਵਤ ਹੈ ॥**

ਜਿਸ ਤਰ੍ਹਾਂ ਨਾਗ ਬਲ ਨਾਲੋਂ ਟੁਟ (ਹੋਏ ਪਾਨ) ਪਰਦੇਸ ਜਾਂਦੇ ਹਨ, ਅਤ ਪਾਣੀ ਦੇ ਸੰਜੋਗ ਕਰਕ ਬਹੁਤ ਚਿਰ ਤਕ ਹਰੇ ਭਰ ਰਹਿੰਦੇ ਹਨ।

**ਜੈਸੇ ਕੂੰਜ ਬਚਰਾ ਤਿਆਗਿ ਦਿਸੰਤਰਿ ਜਾਤਿ ਸਿਮਰਤਿ ਚਿਤਿ ਨਿਰਬਿਘਨ ਰਹਤ ਹੈ ॥**

ਜਿਸ ਤਰ੍ਹਾਂ ਕੂੰਜ ਬਚੇ ਨੂੰ (ਪਹਾੜ ਵਿਚ) ਤਿਆਗ ਕੇ (ਆਪ ਕਿਸੇ) ਦੂਸਰੇ ਦੇਸ ਵਿਚ ਚਲੀ ਜਾਂਦੀ ਹੈ

ਤੇ ਚਿਤ ਵਿਚ (ਬਚੇ ਨੂੰ) ਸਿਮਰਦੀ ਰਹਿੰਦੀ ਹੈ, (ਜਿਸ ਕਰਕੇ ਬੱਚਾ) ਨਿਰਵਿਘਨ ਜੀਊਂਦਾ ਰਹਿੰਦਾ ਹੈ।

**ਗੰਗੋਦਿਕ ਜੈਸੇ ਭਰਿ ਭਾਂਜਨ ਲੈ ਜਾਤਿ ਜਾਤ੍ਰੀ ਸੁ ਜਸੁ ਅਧਾਰ ਨਿਰਮਲ ਨਿਬਹਤ ਹੈ॥**

ਜਿਸ ਤਰ੍ਹਾਂ ਗੰਗਾ ਦੇ ਪਾਨੀ ਨੂੰ ਯਾਤਰੂ ਲੋਕ ਭਾਂਡਿਆਂ ਵਿਚ ਭਰਕੇ ਲੈ ਜਾਂਦੇ ਹਨ (ਜੋ) ਸੁ ਜਸ ਦੇ ਆਸਰੇ (ਰਹਿਣ ਕਰ ਕੇ ਗੰਗਾ ਜਲ ਤੋੜ ਤੱਕ) ਨਿਰਮਲ ਨਿਭਦਾ ਹੈ।

**ਤੈਸੇ ਗੁਰ ਚਰਨ ਸਰਨਿ ਅੰਤਰਿ ਸਿਖ ਸਬਦੁ ਸੰਗਤਿ ਗੁਰ ਧਿਆਨ ਕੈ ਜੀਅਤ ਹੈ॥ ੫੧੫॥**

ਉਸੇ ਤਰ੍ਹਾਂ ਗੁਰ ਚਰਨ ਸ਼ਰਨ ਨਾਲੋਂ (ਜਿਸ) ਗੁਰ ਸਿਖ ਦਾ ਅਤਰਾ (ਵਿੱਥ-ਫਰਕ) (ਪੈ ਗਿਆ ਹੈ, ਉਹ) ਗੁਰ ਸ਼ਬਦ ਤੇ ਸੰਗਤ ਦੇ ਧਿਆਨ ਕਰਕੇ ਹੀ ਜੀਊਂਦਾ ਹੈ॥ ੫੧੫॥

**ਜੈਸੇ ਬਿਨੁ ਪਵਨ ਕਵਨ ਗੁਨ ਚੰਦਨ ਲੈ ਬਿਨੁ ਮਲਿਆਗਰ ਪਵਨ ਕਤ ਬਾਸਿ ਹੈ॥**

ਜਿਸ ਤਰ੍ਹਾਂ ਪਵਨ ਤੋਂ ਬਿਨਾਂ ਚੰਦਨ ਦਾ ਕੀ ਗੁਣ ਹੈ ਅਤੇ ਚੰਦਨ ਤੋਂ ਬਿਨਾਂ ਪੌਣ ਵਿਚ ਵਾਸ਼ਨਾ ਕਿਥੋਂ ਆ ਸਕਦੀ ਹੈ ਅਰਥਾਤ ਹਵਾ ਤੋਂ ਬਿਨਾਂ ਚੰਦਨ ਦਾ ਕੋਈ ਫਲ ਨਹੀਂ ਤੇ ਚੰਦਨ ਤੋਂ ਬਿਨਾਂ ਹਵਾ ਵਿਚੋਂ ਵਾਸ਼ਨਾ ਨਹੀਂ ਆਉਂਦੀ ਹੈ।

**ਜੈਸੇ ਬਿਨੁ ਬੈਦ ਅਵਖਦ ਗੁਨ ਗੋਪਿ ਹੋਤ ਅਵਖਦ ਬਿਨੁ ਬੈਦ ਰੋਗਹਿ ਨ ਗ੍ਰਾਸ ਹੈ॥**

ਜਿਸ ਤਰ੍ਹਾਂ ਵੈਦ ਤੋਂ ਬਿਨਾਂ ਦਵਾਈ ਦਾ ਗੁਣ ਲੁਕਿਆ ਹੁੰਦਾ ਹੈ ਅਤੇ ਦਵਾਈ ਤੋਂ ਬਿਨਾਂ ਵੈਦ ਰੋਗ ਨੂੰ ਨਾਸ ਨਹੀਂ ਕਰ ਸਕਦਾ।

**ਜੈਸੇ ਬਿਨੁ ਬੋਹਿਥ ਨ ਪਾਰ ਪਰੈ ਖੇਵਟ ਸੈ ਖੇਵਟ ਬਿਹੂਨ ਕਤ ਬੋਹਿਥ ਬਿਸ੍ਵਾਸੁ ਹੈ॥**

ਜਿਸ ਤਰ੍ਹਾਂ ਜਹਾਜ ਤੋਂ ਬਿਨਾਂ ਮਲਾਹ ਤੋਂ (ਕੁਝ) ਪਾਰ ਨਹੀਂ ਉਤਰ ਸਕਦਾ ਅਤੇ ਮਲਾਹ ਤੋਂ ਬਿਨਾਂ ਜਹਾਜ ਦਾ ਭੀ ਕੀ ਭਰੋਸਾ ਹੈ।

**ਤੈਸੇ ਗੁਰ ਨਾਮੁ ਬਿਨੁ ਗੰਮ ਨ ਪਰਮਪਦੁ ਬਿਨੁ ਗੁਰਿ ਨਾਮ ਨਿਹਕਾਮ ਨ ਪ੍ਰਗਾਸ ਹੈ॥ ੫੧੬॥**

ਉਸੇ ਤਰ੍ਹਾਂ ਨਾਮ ਦੇ ਭੇਦੀ ਗੁਰੂ ਤੋਂ ਬਿਨਾਂ ਪਰਮ ਪਦ ਵਿਚ ਪਹੁੰਚ ਨਹੀਂ (ਹੁੰਦੀ ਹੈ) ਅਤੇ ਗੁਰੂ ਤੋਂ ਬਿਨਾਂ ਸ਼ੁਧ ਸਰੂਪ ਦੇ ਨਾਮ ਦਾ ਪ੍ਰਕਾਸ਼ ਨਹੀਂ ਹੁੰਦਾ ਹੈ॥ ੫੧੬॥

**ਜੈਸੇ ਕਾਚੋ ਪਾਰੋ ਖਾਤ ਉਪਜੈ ਬਿਕਾਰ ਗਾਤਿ ਰੋਮ ਰੋਮ ਕੈ ਪਿਰਾਤਿ ਮਹਾਂ ਦੁਖ ਪਾਈਐ॥**

ਜਿਸ ਤਰ੍ਹਾਂ ਕਚਾ ਪਾਰਾ ਖਾਣ ਨਾਲ (ਗਾਤਿ) ਸਰੀਰ ਵਿਚ ਵਿਕਾਰ ਪੈਦਾ ਹੁੰਦਾ ਹੈ ਜਿਸ ਨਾਲ ਰੋਮ ਰੋਮ ਵਿਚ ਪੀੜ ਹੁੰਦੀ ਹੈ ਅਤੇ ਵਡਾ ਦੁਖ ਪਾਈਦਾ ਹੈ।

**ਜੈਸੇ ਤਉ ਲਸਨ ਖਾਇ ਮੋਨਿ ਕੈ ਸਭਾ ਮੈ ਬੈਠੇ ਪ੍ਰਗਟੈ ਦੁਰਗੰਧਿ ਨਾਹਿ ਸੁਰਤਿ ਦੁਰਾਈਐ॥**

ਜਿਸ ਤਰ੍ਹਾਂ ਕਿ ਥੋਮ ਖਾਵੇ ਤੇ ਚੁਪ ਕਰਕੇ ਸਭਾ ਵਿਚ ਜਾ ਬੈਠੇ (ਤਾਂ ਉਸਦੀ) ਬਦਬੂ ਪ੍ਰਗਟ ਹੋ ਜਾਂਦੀ ਹੈ, ਜੋ ਲੁਕਾਇਆਂ ਲੁਕਦੀ ਨਹੀਂ ਹੈ।

**ਜੈਸੇ ਤਉ ਮਿਸਟਾਨ ਪਾਨਿ ਸੰਗਮ ਕੈ ਮਾਖੀ ਲੀਲੇ ਹੋਤ ਉਕਲੇਦ ਖੇਦੁ ਸੰਕਟੁ ਸਹਾਈਐ॥**

ਜਿਸ ਤਰ੍ਹਾਂ ਕਿ ਖਾਨ ਪੀਣ ਵਾਲੀ ਮਿਠੀ ਚੀਜ਼ ਨਾਲ ਮਿਲਕੇ ਮਖੀ ਨਿਗਲੀ ਜਾਂਦੀ ਹੈ (ਤਾਂ) ਉਲਟੀ ਹੋ ਕੇ ਨਿਕਲਦੀ ਹੈ, ਜਿਸ ਕਰਕੇ ਦੁਖ ਕਲੇਸ਼ ਸਹਾਰੀਦਾ ਹੈ।

**ਤੈਸੇ ਹੀ ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਇ ਅੰਤਿ ਕਾਲ ਭਾਰੀ ਹੋਇ ਜਮਲੋਕ ਜਾਈਐ॥੫੧੭॥**

ਇਸੇ ਤਰ੍ਹਾਂ ਹੀ (ਗੁਰ) ਪਰਚੇ ਤੋਂ ਹੀਣੇ ਸਰੀਰ ਸਿਖਾਂ ਦੀ ਭਿਖਿਆ ਖਾਏਗਾ (ਤਾਂ) ਅੰਤ ਸਮੇਂ ਵਿਚ (ਉਸਨੂੰ) ਭਾਰੀ ਦੁਖ ਹੋਵੇਗਾ ਅਤੇ ਜਮ ਲੋਕ ਵਿਚ ਜਾਵੇਗਾ (ਅਰਥਾਤ ਜੋ ਕੋਈ ਗੁਰੂ ਜੀ ਦੇ ਨਾਮ-ਉਪਦੇਸ਼ ਵਿਚ ਪਰਚਿਆ ਨਹੀਂ ਹੈ, ਜੇ ਕਰ ਉਹ ਸਿਖਾਂ ਪਾਸੋਂ ਕਾਰ ਭੇਟ ਉਗਰਾਹੁਣ ਰੂਪ ਭਿਖਿਆ ਲੈ ਕੇ ਖਾਂਦਾ ਹੈ ਤਾਂ ਜਮਲੋਕ ਵਿਚ ਜਾ ਕੇ ਉਸ ਨੂੰ ਬੜਾ ਭਾਰਾ ਦੁਖ ਭੋਗਣਾ ਪਵੇਗਾ) ॥ ੫੧੭ ॥

**ਜੈਸੇ ਮੇਘ ਬਰਖਤ ਹਰਖਤਿ ਹੈ ਕ੍ਰਿਸਾਨਿ ਬਿਲਖ ਬਦਨ ਲੋਧ ਲੋਨ ਗਰਿ ਜਾਤਿ ਹੈ॥**

ਜਿਸ ਤਰ੍ਹਾਂ ਮੀਂਹ ਵਸਦਾ ਹੈ ਤਾਂ ਜਿਮੀਂਦਾਰ ਪ੍ਰਸੰਨ ਹੁੰਦਾ ਹੈ (ਪਰ) (ਲੋਧ) ਜੁਲਾਹੇ ਦਾ ਬਦਨ ਦੁਖੀ ਹੁੰਦਾ ਹੈ ਅਤੇ ਲੂਣ ਵਾਂਗੂ ਗਲ ਜਾਂਦਾ ਹੈ।

**ਜੈਸੇ ਪਰਫੁਲਿਤ ਹੁਇ ਸਕਲ ਬਨਾਸਪਤੀ ਸੂਕਤ ਜਵਾਸੋ ਆਕ ਮੂਲ ਮੁਰਝਾਤ ਹੈ॥**

ਜਿਸ ਤਰ੍ਹਾਂ (ਸਾਵਨ ਦਾ ਮੀਂਹ ਵਸਦਾ ਹੈ, ਤਾਂ) ਸਾਰੀ ਬਨਾਸਪਤੀ ਪ੍ਰਫੁਲਿਤ (ਹਰੀ ਭਰੀ) ਹੋ ਜਾਂਦੀ ਹੈ, ਪਰ ਜਵਾਂਸਾ ਸੁਕ ਜਾਂਦਾ ਹੈ ਅਤੇ ਅਕ ਮੁਢ ਤੋਂ ਹੀ ਮੁਰਝਾ ਜਾਂਦਾ ਹੈ।

**ਜੈਸੇ ਖੇਤ ਸਰਵਰ ਪੂਰਨ ਕਿਰਖ ਜਲ ਊਚ ਥਲ ਕਾਲਰ ਨ ਜਲ ਠਹਿਰਾਤ ਹੈ॥**

ਜਿਸ ਤਰ੍ਹਾਂ (ਮੀਂਹ ਵਸਣ ਨਾਲ) ਖੇਤਾਂ ਸਰੋਵਰਾਂ ਤੇ ਖੇਤੀਆਂ ਜਲ ਨਾਲ ਭਰ ਜਾਂਦੀਆਂ ਹਨ, ਪਰ ਉਚੇ ਟਿਬੇ ਤੇ ਕਲਰ (ਵਾਲੀ ਜਗ੍ਹਾ ਵਿਚ) ਪਾਣੀ ਨਹੀਂ ਠਹਿਰਦਾ ਹੈ।

**ਗੁਰ ਉਪਦੇਸ਼ ਪਰਵੇਸ ਗੁਰ ਸਿਖ ਰਿਦੈ ਸਾਕਤਿ ਸਕਤਿ ਮਨਿ ਸੁਨਿ ਸਕੁਚਾਤ ਹੈ ॥ ੫੧੮ ॥**

(ਉਸੇ ਤਰ੍ਹਾਂ) ਗੁਰ ਸਿਖਾਂ ਦੇ ਹਿਰਦੇ ਵਿਚ ਗੁਰ ਉਪਦੇਸ਼ ਪਰਵੇਸ਼ ਕਰਦਾ ਹੈ, (ਪਰ) ਸਾਕਤ ਦੇ ਮਨ ਵਿਚ (ਸਕਤਿ) ਸ਼ਕਤੀ (ਮਾਯਾ) ਦਾ ਵਾਸਾ ਹੁੰਦਾ ਹੈ, ਇਸ ਲਈ ਉਹ ਗੁਰ ਉਪਦੇਸ਼) ਸੁਣਕ ਸੁਕਦਾ ਜਾਂਦਾ ਹੈ ॥ ੫੧੮ ॥

**ਜੈਸੇ ਰਾਜਾ ਰਵਤ ਅਨੇਕ ਰਵਨੀ ਸਹੇਤ ਸਕਲ ਸਪੂਤੀ ਏਕ ਬਾਂਝ ਨ ਸੰਤਾਨ ਹੈ॥**

(ਰਵਤ=ਭੋਗ ਕਰਦਾ ਹੈ। ਰਵਨੀ=ਇਸਤ੍ਰੀ।)
(ਸਹੇਤ=ਪਰੇਮ ਨਾਲ । ਦ੍ਰੁਮ=ਦਰਖਤ ।)
(ਦਾਦਰ=ਡਡੂ । ਸਰੋਵਰ=ਤਲਾਏ ।)
(ਉਨਮਾਨ=ਵਿਚਾਰ । )

ਜਿਸ ਤਰ੍ਹਾਂ ਰਾਜਾ ਅਨੇਕਾਂ ਇਸਤਰੀਆਂ ਨਾਲ ਭੋਗ ਕਰਦਾ ਹੈ, (ਜੋ) ਸਾਰੀਆਂ ਸਪੁਤਰਾਂ ਵਾਲੀਆਂ ਹੁੰਦੀਆਂ ਹਨ, (ਕੋਈ) ਇਕ ਬਾਂਝ (ਹੁੰਦੀ ਹੈ, ਜਿਸ ਦੇ ਘਰ) ਉਲਾਦ ਨਹੀਂ ਹੁੰਦੀ ਹੈ।

**ਸੀਂਚਤ ਸਲਿਲ ਜੈਸੇ ਸਫਲ ਸਕਲ ਦ੍ਰੁਮ ਨਿਹਫਲ ਸੇਂਬਲ ਸਲਿਲ ਨਿਰਬਾਨ ਹੈ॥**

ਜਿਸ ਤਰ੍ਹਾ ਪਾਣੀ ਦਰਖ਼ਤਾਂ ਨੂੰ ਸਿੰਜਦਾ ਹੈ, ਤਾਂ ਸਾਰੇ ਹੀ ਫਲਾਂ ਵਾਲੇ ਹੋ ਜਾਂਦੇ ਹੈਨ, (ਪਰ ਇਕ) ਸਿੰਬਲ ਫਲ ਤੋਂ ਹੀਨ (ਰਹਿੰਦਾ ਹੈ, ਤਾਂ ਕੀ ਉਹ) ਪਾਣੀ ਦੇ ਅਸਰ ਤੋਂ ਰਹਿਤ ਰਹਿੰਦਾ ਹੈ (ਅਰਥਾਤ ਪਾਣੀ ਨੇ ਦੂਜਿਆਂ ਨੂੰ ਫਲਾਂ ਵਾਲਾ ਕੀਤਾ ਹੈ ਤਾਂ ਕੀ ਸਿੰਮਲ ਨੂੰ ਪਾਣੀ ਨੇ ਫਲਾਂ ਤੋਂ ਹੀਣਾ ਕਿਉਂ

ਰਖਿਆ ਹੈ)।

**ਦਾਦਰ ਕਮਲ ਜੈਸੇ ਏਕ ਸਰਵਰ ਬਿਖੈ ਉਤਮ ਅਉ ਨੀਚ ਕੀਚ ਦਿਨਕਰਿ ਧਿਆਨ ਹੈ ॥**

ਜਿਸ ਤਰ੍ਹਾਂ ਇਕ ਤਲਾਉ ਵਿਚ ਡਡੂ ਤੇ ਕਮਲ ਹੁੰਦੇ ਹਨ, ਉਨ੍ਹਾਂ ਵਿਚੋਂ) ਕਮਲ ਉਤਮ ਹੈ, (ਜਿਸ ਦਾ) ਸੂਰਜ ਵਲ ਧਿਆਨ ਹੈ ਅਤੇ (ਡਡੂ) ਨੀਚ (ਹੈ, ਜਿਸ ਦਾ ਚਿਕੜ (ਨਾਲ ਮੋਹ ਪਿਆਰ ਹੈ)।

**ਤੈਸੇ ਗੁਰ ਚਰਨਿ ਸਰਨਿ ਹੈ ਸਕਲ ਜਗੁ ਚੰਦਨ ਬਨਾਸਪਤੀ ਬਾਸ ਉਨਮਾਨ ਹੈ ॥ ੫੧੯ ॥**

ਉਸੇ ਤਰ੍ਹਾਂ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਵਿਚ ਸਾਰਾ ਜਗਤ (ਆਉਂਦਾ ਹੈ, ਪਰ) ਚੰਦਨ, ਬਨਾਸਪਤੀ ਤੇ ਬਾਂਸ (ਦੇ ਸਬੰਧ ਵਾਂਗੂ ਸਤਿਗੁਰੂ ਜੀ ਪਾਸੋਂ ਫਲ ਸਭਨਾਂ ਨੂੰ ਆਪੋ ਆਪਣੇ ਗੁਣਾਂ ਔਗੁਣਾਂ ਦੀ) ਵੀਚਾਰ ਹੈ (ਅਰਥਾਤ ਚੰਦਨ ਦੀ ਸੰਗਤ ਕਰਕੇ ਬਨਾਸਪਤੀ ਚੰਦਨ ਹੋ ਜਾਂਦੀ ਹੈ, ਪਰ ਬਾਂਸ ਆਪਣ ਔਗਣ ਕਰਕੇ ਹੀ ਸੁਗੰਧੀ ਗ੍ਰਹਣ ਨਹੀਂ ਕਰਦਾ ਹੈ, ਇਸੇ ਤਰ੍ਹਾਂ ਕਈ ਤਾਂ ਸਤਿਗੁਰੂ ਪਾਸੋਂ ਆਤਮ ਅਨੰਦ ਪ੍ਰਾਪਤ ਕਰ ਲੈਂਦੇ ਹਨ, ਪਰ ਕੋਈ ਆਪਣੇ ਜਾਤੀ ਸੁਭਾਵ ਕਰਕੇ ਉਸ ਦਾਤ ਤੋਂ ਖਾਲੀ ਰਹਿ ਜਾਂਦਾ ਹੈ)। ੫੧੯ ॥

**ਜੈਸੇ ਬਛੁਰਾ ਬਿਲਲਾਤ ਮਾਤ ਮਿਲਬੇ ਕਉ ਬੰਧਨ ਕੈ ਬਸਿ ਕਛੁ ਬਸੁ ਨ ਬਸਾਤ ਹੈ ॥**

ਜਿਸ ਤਰ੍ਹਾਂ ਵਛਾ ਮਾਂ ਨੂੰ ਮਿਲਣ ਵਾਸਤੇ ਵਰਲਾਪ ਕਰਦਾ (ਅੜਿੰਗਦਾ) ਹੈ ਪਰ ਬੰਧਨ ਦੇ ਵਸ ਵਿਚ ਹੋਣ ਕਰਕੇ ਉਸਦਾ ਕੁਝ ਵਸ ਨਹੀਂ ਚਲਦਾ ਹੈ (ਅਰਥਾਤ ਰਸੇ ਨਾਲ ਬੱਧਾ ਹੋਣ ਕਰਕੇ ਮਾਂ ਕੋਲ ਜਾ ਨਹੀਂ ਸਕਦਾ ਹੈ)।

**ਜੈਸੇ ਤਉ ਬਿਗਾਰੀ ਚਾਹੈ ਭਵਨ ਗਵਨ ਕੀਓ ਪਰ ਬਸਿ ਪਰੇ ਚਿਤਵਤ ਹੀ ਬਿਹਾਤ ਹੈ ॥**

ਜਿਸ ਤਰ੍ਹਾਂ ਕਿ ਬਿਗਾਰੀ (ਪੁਰਸ਼ ਆਪਣੇ) ਘਰ ਜਾਣਾ ਚਾਹੁੰਦਾ ਹੈ, (ਪਰ) ਪਰਾਏ ਪੁਰਸ਼ ਦੇ ਵੱਸ ਵਿਚ ਹੋਣ ਕਰਕੇ ਚਿਤਵਨੀ ਕਰਨ ਵਿਚ ਹੀ (ਉਸਦੀ ਉਮਰਾ) ਬੀਤ ਜਾਂਦੀ ਹੈ।

**ਜੈਸੇ ਬਿਰਹਨੀ ਪ੍ਰਿਅ ਸੰਗਮ ਸਨੇਹੁ ਚਾਹੈ ਲਾਜ ਕੁਲ ਅੰਕੁਸ ਕੈ ਦੁਰਬਲ ਗਾਤ ਹੈ ॥**

ਜਿਸ ਤਰ੍ਹਾਂ ਪਤੀ ਤੋਂ ਵਿਛੜੀ ਹੋਈ ਇਸਤ੍ਰੀ ਪਤੀ ਦੇ ਪਰੇਮ ਤੇ ਮਿਲਾਪ ਨੂੰ ਚਾਹੁੰਦੀ ਹੈ ਪਰ ਕੁਲ ਦੀ ਲਜਾ ਦੇ (ਅੰਕਸ) ਕੁੰਡੇ ਕਰਕੇ (ਉਸਦਾ) ਸਰੀਰ ਦੁਬਲਾ-ਪਤਲਾ ਹੋ ਜਾਂਦਾ ਹੈ।

**ਤੈਸੇ ਗੁਰ ਚਰਨ ਸਰਨਿ ਸੁਖ ਚਾਹੈ ਸਿਖ ਆਗਿਆ ਬਧੁ ਰਹਿਤ ਬਿਦੇਸ ਅਕੁਲਾਤ ਹੈ ॥** 520॥

ਇਸੇ ਤਰ੍ਹਾਂ ਹੀ ਸਿਖ ਗੁਰੂ ਜੀ ਦੀ ਚਰਨ ਸਰਨ ਦੇ ਸੁਖ ਨੂੰ ਚਾਹੁੰਦਾ ਹੈ ਪਰ ਆਗਿਆ ਵਿਚ ਬਧਾ (ਹੋਣ ਕਰਕ) ਪਰਦਸ ਵਿਚ ਘਬਰਾਉਂਦਾ ਰਹਿੰਦਾ ਹੈ ॥ ੫੨੦ ॥

**ਪਰ ਧਨ ਪਰ ਤਨ ਪਰ ਅਪਵਾਦ ਬਲ ਛਲ ਬੰਚ ਪਰਪੰਚ ਹੀ ਕਮਾਤ ਹੈ ॥**

ਪਰਾਯਾ ਧਨ ਤੇ ਪਰ ਇਸਤ੍ਰੀ (ਨੂੰ ਕਾਬੂ ਕਰਨਾ) ਪਰਾਈ ਨਿੰਦਾ ਚੁਗਲੀ (ਕਰਨੀ) ਵਲ ਛਲ ਨਾਲ ਪਰਪੰਚ (ਬੰਚ) ਠਗਣ ਦੇ ਹੀ ਕਮ ਕਮਾਂਦਾ ਹੈ।

**ਮਿਤ੍ਰ ਗੁਰ ਸ੍ਵਾਮਿ ਦ੍ਰੋਹ ਕਾਮ ਕ੍ਰੋਧ ਲੋਭ ਮੋਹ ਗੋਬਧੁ ਬਧੂ ਬਿਸ੍ਵਾਸ ਬੰਸ ਬਿਪ੍ਰ ਘਾਤ ਹੈ ॥**

ਮਿਤਰ, ਗੁਰੂ ਜਾਂ ਸਵਾਮੀ ਨਾਲ ਦਗਾ ਕਰਨਾ, ਕਾਮ ਕਰੋਧ, ਮੋਹ ਤੇ ਲੋਭ (ਦੇ ਵੱਸ ਹੋ ਕੇ ਬੁਰੇ ਕਰਮ ਕਰਨੇ) ਗਊ ਨੂੰ ਮਾਰਨ ਵਾਲੇ ਇਸਤ੍ਰੀ ਨੂੰ ਮਾਰਨ ਵਾਲੇ ਵਿਸਵਾਸ਼ ਘਾਤ ਕਰਨ ਵਾਲੇ, ਬੰਸ ਘਾਤ ਕਰਨ ਵਾਲੇ ਬ੍ਰਾਹਮਣ ਘਾਤ ਕਰਨ ਵਾਲੇ (ਇਹ ਪਾਪ ਕਰਨ ਵਾਲੇ ਜੋ ਭੀ ਪਾਪੀ ਹਨ)।

**ਰੋਗ ਸੋਗ ਹੁਇ ਬਿਓਗ ਅਪਦਾ ਦਰਿਦ੍ਰ ਛਿਦ੍ਰ ਜਨਮ ਮਰਨ ਜਮਲੋਕ ਬਿਲਲਾਤ ਹੈ ॥**

(ਜੋ) ਰੋਗ ਵਾਲੇ, ਸੋਗ ਵਾਲੇ, (ਮਿਤਰ ਪਤੀ ਇਸਤ੍ਰੀ ਤੋਂ) ਵਿਛੜੇ ਹੋਏ, ਅਪਦਾ ਮਾਰੇ, ਦਰਿਦਰੀ ਐਬਾਂ (ਔਗੁਣਾਂ) ਵਾਲੇ ਜਨਮ ਮਰਨ ਕਰਕੇ ਦੁਖੀ (ਅਤੇ ਜੋ ਨਰਕ ਵਾਸੀ) ਜਮਲੋਕ ਵਿਚ ਰੋਂਦੇ ਹਨ।

**ਕ੍ਰਿਤਘਨ ਬਿਸਿਖ ਬਿਖਿਆਦੀ ਕੋਟਿ ਦੋਖੀ ਦੀਨ ਅਧਮ ਅਸੰਖ ਮਮ ਰੋਮ ਨ ਪੂਜਾਤ ਹੈ ॥ ੫੨੧ ॥**

ਕੀਤੇ ਉਪਕਾਰ ਨੂੰ ਨਾ ਜਾਣਨ ਵਾਲੇ, (ਬਿਸਿਖ) ਤੀਰ ਵਾਂਗ ਬੋਲੀਆਂ ਮਾਰਕੇ ਛਾਤੀ ਵਿਚ ਛੇਕ ਪਾਣ ਵਾਲੇ, ਵਿਸ਼ਯਾਦਿਕ ਕਰੋੜਾਂ ਦੋਖਾਂ ਵਾਲੇ, ਦੀਨ (ਇਸ ਤਰ੍ਹਾਂ ਦੇ) ਅਨਿਗਨਤ ਨੀਚ (ਪੁਰਸ਼) ਮੇਰ ਰੋਮ ਦੇ ਬਰਾਬਰ ਭੀ ਨਹੀਂ ਪੁਜਦੇ ਹਨ (ਅਰਥਾਤ ਪਿਛੇ ਦਸੇ ਹੋਏ ਨੀਚ ਇਕ ਨਹੀਂ, ਕਰੋੜਾਂ ਤੋਂ ਭੀ ਅਸੰਖ ਹੋਣ ਤਾਂ ਉਹ ਸਾਰੇ ਮੇਰੇ ਇਕ ਰੋਮ ਦੇ ਬਰਾਬਰ ਨਹੀਂ ਪੁਜਦੇ ਹਨ, ਮੈਂ ਇਸ ਤਰ੍ਹਾਂ ਦਾ ਮਹਾਨ ਪਾਪੀ ਹਾਂ) ॥ ੫੨੧ ॥

**ਬੇਸ੍ਵਾ ਕੇ ਸਿੰਗਾਰ ਬਿਬਿਚਾਰ ਕੋ ਨ ਪਾਰ ਪਾਈਐ ਬਿਨੁ ਭਰਤਾਰਿ ਕਾਕੀ ਨਾਰਿ ਕੈ ਬੁਲਾਈਐ ॥**

ਵੇਸਵਾ ਦੇ ਸ਼ਿੰਗਾਰ ਤੇ ਪਰਾਏ ਪੁਰਸ਼ਾਂ ਨਾਲ ਭੋਗ ਕਰਨ ਰੂਪ ਕਾਰ ਦਾ ਅੰਤ ਨਹੀਂ ਪਾਇਆ ਜਾਂਦਾ (ਅਰਥਾਤ ਵੇਸਵਾ ਸ਼ਿੰਗਾਰ ਭੀ ਬਹੁਤ ਕਰਦੀ ਹੈ ਅਤੇ ਵਿਭਚਾਰ ਭੀ ਅਨੇਕਾਂ ਪੁਰਸ਼ਾਂ ਨਾਲ ਕਰਦੀ ਹੈ, ਪਰ) ਪਤੀ ਤੋਂ ਬਿਨਾਂ (ਹੋਣ ਕਰਕੇ ਉਸਨੂੰ) ਕਿਸਦੀ ਵਹੁਟੀ ਕਰਕੇ ਸਦਿਆ ਜਾ ਸਕਦਾ ਹੈ।

**ਬਗੁ ਸੇਤ ਜੀਵ ਘਾਤ ਕਰਿ ਖਾਤ ਕੇਤੇ ਕੋ ਮੋਨਿ ਗਹੇ ਧਿਆਨ ਧਰੇ ਜੁਗਤਿ ਨ ਪਾਈਐ ॥**

ਬਗਲਾ ਚਿੱਟਾ ਹੁੰਦਾ ਹੈ ਅਤੇ ਕਿੰਨਿਆਂ ਹੀ ਜੀਵਾਂ ਦਾ ਘਾਤ ਕਰਕੇ ਖਾਂਦਾ ਹੈ, ਫਿਰ ਉਹ ਮੋਨ ਧਾਰਕੇ ਧਿਆਨ ਧਰਦਾ (ਅੱਖਾਂ ਮੀਟਕੇ ਖੜੋ ਰਹਿੰਦਾ) ਹੈ, (ਇਸ) ਜੁਗਤੀ (ਕਰਕੇ ਉਸਨੇ ਜੋਗ) ਨਹੀਂ ਪਾਇਆ ਹੈ।

**ਭਾਂਡ ਕੀ ਭੰਡਾਈ ਬੁਰਵਾਈ ਨ ਕਹਤ ਆਵੈ ਅਤਿ ਹੀ ਢਿਠਾਈ ਸੁਕਚਤ ਨ ਲਜਾਈਐ ॥**

ਭੰਡ ਦੀ ਭੰਡਾਈ ਤੇ ਬੁਰਾਈ ਦੀ ਵਿਥਿਆ ਕਹਿਣ ਵਿਚ ਨਹੀਂ ਆਉਂਦੀ ਹੈ, ਅਤੇ ਉਸਦੀ ਢੀਠਾਈ ਅਤਿਅੰਤ ਵਧੀ ਹੁੰਦੀ ਹੈ, (ਜਿਸ ਕਰਕ ਉਸਨੂੰ) ਸੰਕਚ ਤੇ ਲਜਾ ਨਹੀਂ ਆਉਂਦੀ ਹੈ, (ਅਰਥਾਤ ਉਹ ਕਿਸੇ ਪਾਸੋਂ ਭੀ ਸ਼ਰਮ ਹਯਾ ਨਹੀਂ ਕਰਦਾ ਤੇ ਢੀਠਤਾ ਨਾਲ ਜੋ ਕੁਝ ਮੂੰਹ ਆਉਂਦਾ ਹੈ ਬੇਸ਼ਰਮ ਹੋ ਕੇ ਬਕੀ ਜਾਂਦਾ ਹੈ)।

**ਤੈਸੇ ਪਰ ਤਨ ਧਨ ਦੂਖਨ ਤ੍ਰਿਦੋਖ ਮਮ ਅਧਮ ਅਨੇਕ ਏਕ ਰੋਮ ਨ ਪੁਜਾਈਐ ॥ ੫੨੨ ॥**

ਉਸੇ ਤਰ੍ਹਾਂ ਪਰਾਏ ਇਸਤਰੀ ਪੁਰਸ਼ਾਂ (ਤੋਂ ਸੇਵਾ ਕਰੌਨੀ) ਪਰਾਏ ਧਨ (ਨਾਲ ਆਪਣਾ ਨਿਰਬਾਹ ਕਰਨਾ ਤੇ) ਪਰਾਏ ਦੂਖਨ (ਕਢਣ) (ਇਸ ਤਰ੍ਹਾਂ ਦਾ) ਤ੍ਰਿਦੋਖ ਤਾਪ ਮੈਨੂੰ (ਚੜ੍ਹਿਆ ਹੋਇਆ ਹੈ, ਮੈਂ ਅਜੇਹਾ ਪਾਪੀ ਹਾਂ ਜੋ ਅਨੇਕਾਂ ਮਹਾਂ ਪਾਪੀ ਭੀ ਮੇਰੇ ਰੋਮ ਦੇ ਬਰਾਬਰ ਨਹੀਂ ਪੁਜਦੇ ਹਨ ॥ ੫੨੨ ॥

**ਜੈਸੇ ਚੋਰੁ ਚਾਹੀਐ ਚੜਾਇਓ**

**ਸੂਰੀ ਚਉਬਟਾ ਮੈ ਛੁਹਟੀ ਲਗਾਇ ਛਾਡੀਐ ਤਉ ਕਹਾਂ ਮਾਰ ਹੈ ॥**

(ਸੂਰੀ=ਸੂਲੀ । ਚਉਬਟਾ=ਚਬੂਤਰਾ ।)
(ਸ਼ੈਹਰ ਦੀ ਚੁੰਗੀ ਦਾ ਵਡਾ ਚੌਂਕ । ਛਹੁਟੀ)
(ਲਗਾਇ=ਚੂੰਢੀ ਵਢਕੇ । ਖੋਟਸਰੀਓ=)
(ਖੋਟੇ ਰੁਪੈ ਬਨਾਣ ਵਾਲਾ । ਬਜਰ ਭਾਰ=)
(ਨਿਗਰ ਭਾਗ।ਆਰ=ਦੁਖ(੨) ਸ਼ਰਨ ਸਜਾ।)

ਜਿਸ ਤਰ੍ਹਾਂ (ਜਿਸ) ਚੋਰ ਨੂੰ ਚਬੂਤਰੇ ਵਿਚ ਸੂਲੀ ਉਤੇ ਚੜਾਨਾ ਚਾਹੀਦਾ ਹੋਵੇ (ਤਾਂ ਉਸ ਨੂੰ) ਚੂੰਢੀ ਵਢਕੇ ਛਡ ਦਿਤਾ ਜਾਵੇ, ਤਾਂ (ਦਸੋ ਉਸ ਨੂੰ) ਕੀ ਮਾਰ (ਪਈ) ਹੈ ?

**ਖੋਟਸਰੀਓ ਨਿਕਾਰਿਓ ਚਾਹੀਐ ਨਗਰ ਹੂੰ ਸੈ ਤਾਂ ਕੀ ਓਰ ਮੋਰ ਮੁਖ ਬੈਠੇ ਕਹਾਂ ਆਰ ਹੈ ॥**

(ਜਿਸ ਤਰ੍ਹਾਂ ਕਿਸੇ) ਖੋਟੇ ਟਕਸਾਲ ਬਨਾਣ ਵਾਲੇ ਨੂੰ ਸ਼ੈਹਰ ਤੋਂ ਕਢ ਦੇਣਾ ਚਾਹੀਦਾ ਹੋਵੇ ਤਾਂ ਉਸਦੇ ਵਲੋਂ ਮੂੰਹ ਮੋੜਕੇ ਬੈਠ ਜਾਈਏ ਤਾਂ (ਦਸੋ, ਉਸਨੂੰ) ਕੀ ਆਰ (ਦੁਖ) ਹੈ ?

**ਮਹਾਂ ਬੱਜਰ ਭਾਰੁ ਡਾਰਿਓ ਚਾਹੀਐ ਜਉ ਹਾਥੀ ਪਰ ਤਾਂਹਿ ਸਿਰ ਛਾਰਿ ਕੈ ਉਡਾਇ ਕਹਾ ਭਾਰ ਹੈ ॥**

ਜਿਸ ਤਰ੍ਹਾਂ (ਕਿਸ) ਹਾਥੀ ਉਤੇ ਬਹੁਤ ਸਾਰਾ ਨਿਗਰ ਭਾਰ (ਜਿਸਨੂੰ ਉਹ ਚੁਕ ਨਾ ਸਕੇ) ਲਦ ਦਣਾ ਚਾਹੀਦਾ ਹੋਵੇ ਤਾਂ ਉਸ ਦ ਸਿਰ ਉਤੇ ਸੁਆਹ ਪਾ ਕ ਉਡਾ ਦੇਈਏ (ਤਾਂ ਦਸੋ ਉਸ ਲਈ ਉਸਦਾ) ਕੀ ਭਾਰ ਹੋ ਸਕਦਾ ਹੈ ?

**ਤੈਸੇ ਹੀ ਪਤਿਤ ਪਤਿ ਕੋਟਿ ਨ ਪਾਸੰਗ ਭਾਰਿ ਮੋਹਿ ਜਮਡੰਡੁ ਅਉ ਨਰਕ ਉਪਕਾਰ ਹੈ ॥ ੫੨੩ ॥**

ਉਸੇ ਤਰ੍ਹਾਂ ਹੀ (ਜੋ) ਕਰੋੜਾਂ ਹੀ ਪਾਪੀਆਂ ਦੇ ਸੁਆਮੀ ਹਨ, (ਉਹ) ਮੇਰੇ ਪਾਸੰਗ ਸਮਾਨ ਭੀ ਨਹੀਂ ਹਨ, (ਇਸ ਲਈ) ਮੈਨੂੰ ਜਮਾਂ ਦਾ ਡੰਡ ਅਤੇ ਨਰਕ (ਦੀ ਸਜਾ ਮਿਲ ਜਾਣੀ ਕੋਈ ਸਜਾ) ਨਹੀਂ ਹੈ, (ਸਗੋਂ) ਉਪਕਾਰ ਹੈ ॥ ੫੨੩ ॥

ਭਾਵ— ਵਡੀ ਤੋਂ ਵਡੀ ਸਜਾ, ਵਡੇ ਤੋਂ ਵਡਾ ਦੁਖ ਤੇ ਕਸ਼ਟ ਦਾ ਮਿਲਨਾ, ਮੇਰੇ ਕਰਮਾਂ ਦਾ ਫਲ ਨਹੀਂ ਹੈ, ਸਗੋਂ ਮੇਰੇ ਉਤੇ ਗੁਰੂ ਪਰਮੇਸ਼ਰ ਨੇ ਕਿਰਪਾ ਕਰਕੇ, ਮਹਾਨ ਕਿਰਪਾ ਤੇ ਬਖਸ਼ਸ਼ ਕਰਕੇ ਮੇਰੇ ਉਤੇ ਦਰਯਾ ਦਿਲੀ ਤੇ ਉਪਕਾਰ ਕੀਤਾ ਹੈ ਤ ਮੇਰੇ ਕਰਮਾਂ ਦਾ ਫਲ ਮੈਨੂੰ ਨਹੀਂ ਦਿਤਾ ਹੈ ।

**ਜਉਪੈ ਚੋਰੁ ਚੋਰੀ ਕੈ ਬਤਾਵੈ ਹੰਸੁ ਮਾਨਸਰ ਛੂਟਿ ਕੈ/ਜਾਇ ਘਰਿ ਸੂਰੀ ਚਾੜ੍ਹਿ ਮਾਰੀਐ ॥**

ਜੇ ਕਰ ਚੋਰ ਚੋਰੀ ਕਰਕੇ (ਆਪਣੇ ਅ ਪ ਨੂੰ) ਮਾਨ ਸਰੋਵਰ ਦਾ ਹੰਸ ਬਤਾਵ (ਅਰਥਾਤ ਚੋਰ ਆਪ ਨੂੰ ਸਾਧ ਸੰਗਤ ਦਾ ਸੇਵਕ ਵਿਚਾਰਵਾਨ ਦਸੇ) ਤਾਂ ਉਹ ਪੁਲਸ ਤੋਂ ਛੁਟ ਕਰਕੇ ਘਰ ਵਿਚ ਨਹੀਂ ਜਾਵੇਗਾ, (ਸਗੋਂ) ਸੂਲੀ ਉਤੇ ਚਾੜਕੇ ਮਾਰ ਦਿਤਾ ਜਾਵੇਗਾ ।

**ਬਾਟਮਾਰਿ ਬਟਵਾਰੋ ਬਗੁ ਮੀਨ ਜਉ ਬਤਾਵੈ ਤਤਖਿਨ ਤਾਤਕਾਲ ਮੂੰਡ ਕਾਟਿ ਡਾਰੀਐ ॥**

ਜੇ ਕਰ (ਕੋਈ) ਰਾਹ ਮਾਰ ਧਾੜਵੀ ਧਾੜਾ ਮਾਰਕੇ (ਅ ਪਣੇ ਆਪ ਨੂੰ) ਬਗਲਾ (ਜਾਂ) ਮਛ (ਭਾਵ ਬਿਲ ਕੁਲ ਬੇਗੁਨਾਹ ਦਸੇ) ਤਾਂ ਕਿਸੇ ਨ ਵੀ ਉਸ ਦਾ ਇਤਬਾਰ ਨਹੀਂ ਕਰਨਾ ਸਗੋਂ ਉਸੇ ਖਿਨ ਵਿਚ ਹੀ ਝਟਪਟ ਉਹਦਾ ਸਿਰ ਕਟ ਕੇ ਸੁਟ ਦਿਤਾ ਜਾਂਦਾ ਹੈ ।

**ਜਉਪੈ ਪਰ ਦਾਰਾ ਭਜਿ ਮ੍ਰਿਗਨ ਬਤਾਵੈ ਬਿਟੁ ਕਾਨ ਨਾਕ ਖੰਡ ਡੰਡ ਨਗਰ ਨਿਕਾਰੀਐ ॥**

ਜੇਕਰ (ਕੋਈ ਆਦਮੀ) ਪਰ ਇਸਤਰੀ ਨਾਲ ਭੋਗ ਕਰਕੇ (ਅਪਣੇ ਆਪ ਨੂੰ) (ਮ੍ਰਿਗਨ) ਹਰਨਾਂ ਸਮਾਨ ਬਨ

ਵਿਚ ਰਹਿਣ ਵਾਲਾ ਬਣਬਾਸੀ ਦਸਦਾ ਹੈ, (ਤਾਂ ਅਜੇਹੇ) ਬਟੂ (ਬ੍ਰਹਮਚਾਰੀ) ਦਾ ਨਕ ਤੇ ਕੰਨ ਵਢਕੇ (ਉਸਨੂੰ) ਸ਼ੈਹਰ ਤੋਂ ਬਾਹਰ ਕੱਢ ਦੇਈਦਾ ਹੈ।

**ਚੋਰੀ ਬਟਵਾਰੀ ਪਰ ਨਾਰੀ ਕੈ ਤ੍ਰਿਦੋਖ ਮਮ ਨਰਕ ਅਰਕ ਸੁਤ ਡੰਡ ਦੇਤ ਹਾਰੀਐ ॥ ੫੨੪ ॥**

ਚੋਰੀ (ਕਰਨੀ) ਧਾੜੇ ਮਾਰਨੇ ਤੇ ਪਰ ਇਸਤ੍ਰੀ (ਅੰਗੀਕਾਰ ਕਰਨ ਆਦਿਕ) ਤ੍ਰਿਦੋਖ (ਸੰਨਿਪਾਤ) ਤਾਪ ਮੈਨੂੰ (ਚੜ੍ਹਿਆ ਹੋਇਆ ਹੈ) ਇਸ ਕਰਕੇ ਮੈਂ ਅਜਿਹਾ ਘੋਰ ਪਾਪੀ ਹਾਂ, ਜਿਸ ਨੂੰ ਸੂਰਜ ਦਾ ਪੁਤ੍ਰ (ਜਮ ਰਾਜਾ) ਨਰਕ (ਭੋਗਣ ਦਾ) ਡੰਡ ਦਿੰਦਾ ਦਿੰਦਾ ਹਾਰ ਗਿਆ ਹੈ (ਅਰਥਾਤ ਜਿਵੇਂ ਡਾਕਟਰ ਤੇ ਵੈਦ ਲੋਕ ਰੋਗੀ ਨੂੰ ਦਵਾਈ ਦੇ ਦੇ ਕੇ ਹਾਰ ਜਾਂਦੇ ਜਾਂ ਥਕ ਜਾਂਦੇ ਹਨ, ਤਿਵੇਂ ਮੈਂ ਭੀ ਹਾਰ ਗਿਆ ਹਾਂ, ਪਰ ਮੇਰਾ ਰੋਗ ਕੱਟਣ ਨੂੰ ਕੋਈ ਭੀ ਸਮਰਥ ਨਹੀਂ ਹੈ) ॥ ੫੨੪ ॥

**ਜਾਤ ਹੈ ਜਗਤ੍ਰ ਜੈਸੇ ਤੀਰਥ ਜਾਤ੍ਰਾ ਨਮਿਤ ਮਾਝ ਹੀ ਬਸਤ ਬਗੁ ਮਹਿਮਾ ਨ ਜਾਨੀ ਹੈ ॥**

ਜਿਸ ਤਰ੍ਹਾਂ ਜਗਤ ਤੀਰਥ ਦੀ ਯਾਤਰਾ ਕਰਨ ਜਾਂਦਾ ਹੈ (ਅਤੇ ਸਮਝਦਾ ਹੈ ਜੋ ਤੀਰਥ ਇਸ਼ਨਾਨ ਦਾ ਬੜਾ ਭਾਰੀ ਪੁੰਨ ਹੈ, ਪਰ) ਤੀਰਥ ਵਿਚ ਵਸਦੇ ਹੋਏ ਬਗਲੇ ਨ ਤੀਰਥ ਦੀ ਮਹਿਮਾ ਨਹੀਂ ਜਾਣੀ ਹੈ (ਜੁ ਕਿਤਨੀ ਕੁ ਹੈ)।

**ਪੂਰਨ ਪ੍ਰਗਾਸ ਭਾਸ ਕਰਿ ਜਗ ਮਗ ਜੋਤਿ ਉਲੂ ਅੰਧਕੰਧ ਬੁਰੀ ਕਰਨੀ ਕਮਾਨੀ ਹੈ ॥**

(ਭਾਸ ਕਰਿ) ਸੂਰਜ ਦੀ ਜੋਤ ਦੇ ਜਗਮਗ ੨ (ਕਰਨ ਕਰਕੇ ਸਾਰ ਸੰਸਾਰ ਵਿਚ) ਪੂਰਨ ਪ੍ਰਕਾਸ਼ ਹੋ ਜਾਂਦਾ ਹੈ, ਕੰਧ ਵਰਗੇ ਅੰਨੇ ਉਲੂ ਨੇ ਬੁਰੀ ਕਰਨੀ ਕੀਤੀ ਹੈ, ਜਾਂ ਅੰਨੇ ਉਲੂ ਨੇ ਕੰਧਾਂ ਵਿਚ ਲੁਕ ਕੇ ਬਹਿਣ ਦੀ ਬੁਰੀ ਕਮਾਈ ਕੀਤੀ ਹੈ।

**ਜੈਸੇ ਤਉ ਬਸੰਤ ਸਮੈ ਸਫਲ ਬਨਾਸਪਤੀ ਨਿਹਫਲ ਸੇਂਬਲ ਬਡਾਈ ਉਰ ਆਨੀ ਹੈ ॥**

ਜਿਸ ਤਰ੍ਹਾਂ ਕਿ ਬਸੰਤ ਸਮੇਂ ਸਾਰੀ ਬਨਾਸਪਤੀ ਸਫਲ ਹੁੰਦੀ ਹੈ ਪਰ ਸਿੰਮਲ ਦਾ ਦਰਖਤ ਫਲ ਤੋਂ ਹੀਨ ਰਹਿੰਦਾ ਹੈ, ਕਿਉਂਕਿ ਉਸਨੇ ਆਪਣੇ ਹਿਰਦੇ ਵਿਚ (ਆਪਣੇ ਉਚੇ ਤੇ ਫੈਲਾਵ ਦੀ) ਵਡਿਆਈ ਆਂਦੀ ਹੋਈ ਹੈ।

**ਮੋਹਿ ਗੁਰ ਸਾਗਰ ਮੈ ਚਾਖਿਓ ਨਹੀਂ ਪ੍ਰੇਮ ਰਸੁ ਤ੍ਰਿਖਾਵੰਤ ਚਾਤ੍ਰਿਕ ਜੁਗਤਿ ਬਕਬਾਨੀ ਹੈ ॥ ੫੨੫ ॥**

ਸੁਖਾਂ ਦਾ ਸਮੁੰਦਰ ਗੁਰੂ ਹੈ, (ਉਸ) ਵਿਚੋਂ ਮੈਂ ਪਰੇਮ ਰਸ ਨਹੀਂ ਚਖਿਆ ਹੈ, (ਇਸ ਲਈ) ਮੈਂ ਪਿਆਸੇ ਪਪੀਹੇ ਵਾਂਗੂ ਬਕਬਾਦ ਵਿਚ (ਜੁਗਤਿ) ਜੁੜਿਆ ਰਹਿੰਦਾ ਹਾਂ, (ਅਰਥਾਤ ਹਰ ਵੇਲੇ ਪੁਕਾਰ ਹੀ ਕਰਦਾ ਰਹਿੰਦਾ ਹਾਂ) ॥ ੫੨੫ ॥

**ਜੈਸੇ ਗਜਰਾਜ ਗਾਜਿ ਮਾਰਤ ਮਾਨੁਖ ਸਿਰਿ ਡਾਰਤ ਹੈ ਛਾਰ ਤਾਹਿ ਕਹਤ ਅਰੋਗ ਜੀ ॥**

ਜਿਸ ਤਰ੍ਹਾਂ ਗਜਰਾਜ (ਵਡਾ ਹਾਥੀ) ਗਜਕੇ (ਚਿੰਘਾੜਕੇ) ਮਨੁਖਾਂ ਨੂੰ ਮਾਰਦਾ ਹੈ (ਅਤੇ ਆਪਣੇ) ਸਿਰ ਉਤੇ ਮਿਟੀ ਘਟਾ ਉਡਾ ਉਡਾ ਕੇ ਪੌਂਦਾ ਹੈ (ਤਾਂ ਲੋਕ) ਉਸਨੂੰ ਅਰੋਗ ਆਖਦੇ ਹਨ, (ਅਰਥਾਤ ਜਦੋਂ ਹਾਥੀ ਮਸਤ ਹੋ ਕੇ, ਉਲਟੇ ਕਰਮ ਕਰਦਾ ਹੈ ਉਸ ਵੇਲੇ ਲੋਕੀ ਆਖਦੇ ਹਨ, ਇਹ ਬਿਲਕੁਲ ਰਾਜ਼ੀ ਹੈ)।

**ਸੂਆ ਜਿਉ ਪਿੰਜਰ ਮੈ ਕਹਿਤ ਬਨਾਇ ਬਾਤੈ ਪੇਖਿ ਸੁਨਿ ਕਹੈ ਤਾਹਿ ਰਾਜ ਗ੍ਰਿਹਿ ਜੋਗ ਜੀ ॥**

ਜਿਸ ਤਰ੍ਹਾਂ ਤੋਤਾ ਪਿੰਜਰੇ ਵਿਚ (ਬੈਠਾ ਹੋਇਆ) ਬਣਾ ਬਣਾ ਕੇ ਗਲਾਂ ਕਰਦਾ ਹੈ (ਅਰਥਾਤ ਸੋਹਣੀਆਂ ੨ ਗਲਾਂ) ਜੋੜ ਜੋੜ ਕੇ ਸੁਣਾਂਦਾ ਹੈ ਤਾਂ ਲੋਕੀਂ

ਉਸਨੂੰ ਵੇਖ ਕੇ (ਤੇ ਉਸਦੀਆਂ ਗਲਾਂ) ਸੁਣਕੇ ਆਖਦੇ ਹਨ ਇਹ ਤੋਤਾ ਤਾਂ ਰਾਜ ਮਹਲ ਦੇ ਯਗ ਹੈ, (ਅਰਥਾਤ ਇਸ ਨੂੰ ਰਾਜ ਮਹਲ ਵਿਚ ਰਖਣਾ ਚਾਹੀਦਾ ਹੈ, ਏਹੋ ਜੇਹੇ ਤੋਤੇ ਉਥ ਹੀ ਸੋਭਾ ਪਾਂਦੇ ਹਨ)।

**ਤੈਸੇ ਸੁਖ ਸੰਪਤਿ ਮਾਇਆ ਮਦੋਨ ਪਾਪ ਕਰੈ ਤਾਹਿ ਕਹੈ ਸੁਖੀਆ ਰਮਤ ਰਸ ਭੋਗ ਜੀ ॥**

ਉਸੇ ਤਰ੍ਹਾਂ (ਜੇਹੜਾ ਬਦਾ) ਸੁਖ ਸੰਪਦਾ ਨੂੰ (ਪ੍ਰਾਪਤ ਕਰਕ) ਤੇ ਮਾਯਾ ਵਿਚ ਮਸਤ ਹੋ ਕੇ ਪਾਪ ਕਰਦਾ ਤੇ ਰਸ ਭੋਗਾਂ ਵਿਚ ਲਗਾ ਹੋਵੇ ਤਾਂ ਲੋਕੀ ਉਸ ਨੂੰ ਕਹਿੰਦੇ ਹਨ 'ਇਹ ਬੜਾ ਸੁਖੀ ਹੈ।'

**ਜਤੀ ਸਤੀ ਅਉ ਸੰਤੋਖੀ ਸਾਧਨ ਕੀ ਨਿੰਦਾ ਕਰੈ ਉਲਟੋਈ ਗਿਆਨ ਧਿਆਨ ਹੈ ਅਗਿਆਨ ਲੋਗ ਜੀ ॥ ੫੨੬ ॥**

ਜਤੀ ਜਤ ਵਾਲੇ ਪੁਰਸ਼ ਦੀ, ਸਤੀ ਸੱਚ ਬੋਲਣ ਵਾਲੇ ਧਰਮੀ ਪੁਰਸ਼ ਦੀ, ਸੰਤੋਖੀ ਸੰਤੋਖ ਧਾਰਨ ਵਾਲੇ ਪੁਰਸ਼ ਦੀ ਅਤੇ ਸਾਧਾਂ ਦੀ ਨਿੰਦਾ ਕਰਦੇ ਹਨ, ਅਗਿਆਨੀ ਲੋਕਾਂ ਦਾ (ਇਸ ਤਰ੍ਹਾਂ ਦਾ) ਉਲਟਾ ਹੀ ਗਿਆਨ ਧਿਆਨ ਹੈ॥ ੫੨੬ ॥

**ਸਵੈਯਾ ॥ ਜਉ ਗਰਬੈ ਬਹੁ ਬੂੰਦ ਚਿਤੰਤਰਿ ਸਨਮੁਖ ਸਿੰਧ ਸੋਭ ਨਹੀ ਪਾਵੈ ॥**

ਜੇਕਰ ਪਾਣੀ ਦੀ ਬੂੰਦ ਚਿਤ ਵਿਚ ਬਹੁਤਾ ਹੰਕਾਰ ਕਰੇ (ਤਾਂ ਉਹ) ਸਮੁੰਦਰ ਦੇ ਸਾਹਮਣੇ ਇਜਤ ਨਹੀਂ ਪਾਵੇਗੀ (ਅਰਥਾਤ ਸਮੁੰਦਰ ਦੇ ਸਾਹਮਣੇ ਉਹ ਕੋਈ ਵਸਤੂ ਨਹੀਂ ਹੈ)।

**ਜਉ ਬਹੁ ਉਡੈ ਖਗਿ ਧਾਰਿ ਮਹਾਂ ਬਲ ਪੇਖਿ ਅਕਾਸ਼ ਰਿਦੈ ਸਕੁਚਾਵੈ ॥**

ਜੇਕਰ ਮਹਾਂ ਬਲਵਾਨ ਪੰਛੀ ਬਹੁਤੇ ਤੋਂ ਬਹੁਤਾ ਉਚਾ ਉਡ ਜਾਵੇ (ਤਾਂ ਭੀ) ਅਕਾਸ਼ (ਦੀ ਮਹਾਨ ਉਚਿਆਈ ਤੇ ਵਿਸਥਾਰ ਨੂੰ) ਵੇਖਕੇ ਹਿਰਦੇ ਵਿਚ ਸੰਕੋਚ ਕਰੇਗਾ (ਅਰਥਾਤ ਅਪਣੇ ਆਪ ਵਿਚ ਹੀ ਸ਼ਰਮਿੰਦਾ ਹੋਵੇਗਾ)।

**ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ ਗੂਲਰ ਜੰਤ ਉਡੰਤ ਲਜਾਵੈ ॥**

ਜਿਵੇਂ ਗੂਲਰ ਦਾ ਜੰਤੂ (ਮੱਛਰ) ਜੋ ਗੂਲਰ ਫਲ ਨੂੰ ਬ੍ਰਹਮੰਡ ਆਖਦਾ ਸੀ, (ਜਦ ਉਹ ਅਸਲੀ) ਬ੍ਰਹਮੰਡ ਦੇ ਭੇਦ ਨੂੰ ਵੇਖਦਾ ਹੈ ਤਾਂ ਉਡਦਾ ਹੋਯਾ ਲੱਜਾਵਾਨ ਹੁੰਦਾ ਹੈ।

**ਤੂੰ ਕਰਤਾ ਹਮ ਕੀਏ ਤਿਹਾਰੇ ਜੀ ਤੋ ਪਹਿ ਬੋਲਨ ਕਿਉ ਬਨਿ ਆਵੈ ॥ ੫੨੭ ॥**

(ਤਿਵੇਂ ਹੀ ਹੇ ਸਤਿਗੁਰੂ ਜੀ!) ਤੂੰ (ਸਾਡਾ) ਕਰਤਾ ਹੈ, ਅਸੀਂ ਤੇਰੇ ਕੀਤੇ ਹੋਏ ਹਾਂ (ਇਸ ਲਈ) ਤੁਹਾਡੇ ਬਰਾਬਰ ਬੋਲਣਾ (ਸਾਡਾ) ਕਿਸ ਤਰ੍ਹਾਂ ਬਣ ਆਉਂਦਾ ਹੈ। (ਅਰਥਾਤ ਅਸੀਂ ਆਪ ਦੇ ਸਾਹਮਣੇ ਬੋਲ ਨਹੀਂ ਸਕਦੇ, ਕਿਉਂਕਿ:---

'ਅਜੀ ਬੋਲ ਵਿਗਾੜ ਵਿਗਾੜਹ ਬੋਲ। ਤੂ ਨਦਰੀ ਅੰਦਰ ਤਲਹਿ ਤੋਲ)॥ ੫੨੭ ॥

**ਤੋਸੋਂ ਨ ਨਾਥ ਅਨਾਥ ਨ ਮੋ ਸਰਿ ਤੋਸੋ ਨ ਦਾਨਿ ਨ ਮੋਸੋ ਭਿਖਾਰੀ ॥**

ਤੁਹਾਡੇ ਸਮਾਨ ਮਾਲਕ ਕੋਈ ਨਹੀਂ ਹੈ ਅਤੇ ਮੇਰੇ ਜਿਹਾ (ਹੋਰ ਕੋਈ) ਅਨਾਥ ਨਹੀਂ ਹੈ, ਤੁਹਾਡੇ ਜਿਹਾ ਕੋਈ ਦਾਨੀ ਨਹੀਂ ਹੈ ਅਤੇ ਮੇਰੇ ਵਰਗਾ (ਹੋਰ ਕੋਈ) ਮੰਗਤਾ ਨਹੀਂ ਹੈ।

**ਮੋਸੋ ਨ ਦੀਨ ਦਇਆਲੁ ਨ ਤੋਸਰਿ ਮੋਸੋ ਅਗਿਆਨੁ ਨ ਤੋਸੋ ਬਿਚਾਰੀ ॥**

ਮੇਰੇ ਸਮਾਨ (ਕੋਈ) ਦੀਨ-ਗਰੀਬ ਨਹੀਂ ਹੈ, ਆਪ ਸਮਾਨ (ਹੋਰ ਕੋਈ) ਦਿਆਲੂ ਨਹੀਂ ਹੈ, ਮੇਰੇ

ਸਮਾਨ ਕੋਈ ਅਗਿਆਨੀ ਨਹੀਂ ਹੈ ਅਤੇ ਤੁਹਾਡੇ ਸਮਾਨ ਕੋਈ ਵਿਚਾਰਵਾਨ ਨਹੀਂ ਹੈ।

**ਮੋਸੋ ਨ ਪਤਿਤ ਨ ਪਾਵਨ ਤੋਸਰਿ ਮੋਸੋ ਬਿਕਾਰਿ ਨ ਤੋਸੋ ਉਪਕਾਰੀ॥**

ਮੇਰੇ ਵਰਗਾ ਪਾਪੀ ਨਹੀਂ ਹੈ, ਆਪ ਜੇਹਾ ਪਵਿਤ੍ਰ ਨਹੀਂ ਹੈ, ਮੇਰੇ ਵਰਗਾ (ਕੋਈ) ਵਿਕਾਰੀ (ਮੰਦ ਕਰਮੀ) ਨਹੀਂ ਹੈ ਅਤੇ ਤੁਹਾਡੇ ਸਮਾਨ (ਕੋਈ) ਉਪਕਾਰੀ ਨਹੀਂ ਹੈ।

**ਮੋਰੇ ਹੈ ਅਵਗੁਨ ਤੂ ਗੁਨ ਸਾਗਰ ਜਾਤ ਰਸਾਤਲ ਹੈ ਓਟ ਤਿਹਾਰੀ ॥੫੨੮॥**

ਮੇਰੇ (ਵਿਚ ਸਾਰੇ ਦੇ ਸਾਰੇ) ਔਗੁਣ ਹਨ, ਤੂੰ ਗੁਣਾਂ ਦਾ ਸਮੁੰਦਰ ਹੈਂ, (ਮੈਂ) ਨਰਕਾਂ ਵਿਚ (ਗਰਕ ਹੁੰਦਾ) ਜਾਂਦਾ ਹਾਂ, (ਇਸ ਵੇਲੇ ਕੇਵਲ ਮੈਨੂੰ) ਆਪ ਦੀ ਹੀ ਓਟ ਹੈ ॥੫੨੮॥

**ਕਬਿਤ ॥ ਉਲਟਿ ਪਵਨ ਮਨ ਮੀਨ ਕੀ ਚਪਲ ਗਤਿ ਦਸਮ ਦੁਆਰ ਪਾਰ ਅਗਮ ਨਿਵਾਸ ਹੈ॥**

ਮਛੀ ਦੀ ਚਪਲ ਗਤੀ (ਵਰਗ ਜਾਣ ਵਾਲੇ) ਮਨ (ਸੁਰਤਿ) ਤੇ ਪਵਨ ਨੂੰ ਉਲਟਾ ਕੇ ਦਸਮ ਦੁਆਰ ਤੋਂ ਪਰੇ ਅਗਮ (ਬੇਗਮ) ਪੁਰੇ ਨਿਵਾਸ (ਕੀਤਾ) ਹੈ, (ਅਰਥਾਤ ਸੁਰਤ ਨੂੰ ਬਾਹਰਲੇ ਪਦਾਰਥਾਂ ਦੇ ਗਯਾਨ ਵਲੋਂ ਉਲਟਾਕੇ ਸਵਾਸਾਂ ਨਾਲ ਜੋੜਕੇ ਸੁਖਮਨਾਂ ਦੇ ਰਸਤੇ ਦਸਮ ਦੁਆਰ ਤੋਂ ਉਪਰਲੇ ਸਥਾਨ ਬੇਗਮਪੁਰ ਵਿਚ ਸੁਰਤ ਦਾ ਟਿਕਾਉ ਕੀਤਾ ਹੈ)।

**ਤਹ ਨ ਪਾਵਕ ਪਵਨ ਜਲ ਪ੍ਰਿਥਵੀ ਅਕਾਸ ਨਾਹਿ ਸਸਿ ਸੂਰ ਉਤਪਤਿ ਨ ਬਿਨਾਸ ਹੈ॥**

ਉਥੇ (ਬੇਗਮਪੁਰੇ ਵਿਚ) ਅਗ ਨਹੀਂ, ਹਵਾ ਨਹੀਂ, ਜਲ ਪ੍ਰਿਥਵੀ ਤੇ ਅਕਾਸ਼ ਭੀ ਨਹੀਂ ਹੈ, ਚੰਦਮਾਂ ਤੇ ਸੂਰਜ ਨਹੀਂ, ਉਤਪਤੀ ਤੇ ਬਿਨਾਸ (ਜੰਮਣਾ ਤੇ ਮਰਨਾ) ਭੀ ਨਹੀਂ ਹੈ (ਅਰਥਾਤ ਉਹ ਸਥਾਨ ਤੱਤਾਂ ਦੀ ਰਚਨਾ ਨਹੀਂ ਹੈ ਤੇ ਨਾ ਹੀ ਉਥੇ ਚੰਦਰਮਾ ਸੂਰਜ ਦੀ ਰੋਸ਼ਨੀ ਹੈ, ਉਥੇ ਜੋਤੀ ਸਰੂਪ ਦੀ ਜੋਤਿ ਦਾ ਹੀ ਉਜਾਲਾ ਹੈ)।

**ਨਾਹਿ ਪਰਕਿਰਤਿ ਬਿਰਤਿ ਪਿੰਡ ਪ੍ਰਾਨ ਗਿਆਨ ਸਬਦੁ ਸੁਰਤਿ ਨਹਿ ਦ੍ਰਿਸਟਿ ਨ ਪ੍ਰਗਾਸ ਹੈ॥**

ਨਾ (ਉਥੇ) ਪ੍ਰਕ੍ਰਿਤੀ (ਮਾਯਾ) ਹੈ ਤੇ ਨਾ (ਬਿਰਤਿ) ਮਾਯਾ ਦੀ ਰਚਨਾ ਦੇਹ ਤੇ ਪ੍ਰਾਣ ਹਨ ਅਤੇ ਨਾ ਹੀ ਗਿਆਨ (ਜਨਕ ਬੁਧੀ ਹੈ) ਨਾ ਸ਼ਬਦ ਹੈ ਨਾ ਸੁਰਤਿ ਹੈ ਨਾ ਦ੍ਰਿਸ਼ਟੀ (ਨਜ਼ਰ) ਤੇ ਨਾ ਹੀ (ਪ੍ਰਕਾਸ਼) (ਚਾਨਣਾ) ਹੈ।

**ਸ੍ਵਾਮੀ ਨ ਸੇਵਕ ਉਨਮਾਨ ਅਨਹਦਿ ਪਰੈ ਨਿਰਾਲੰਬ ਸੁੰਨ ਮੈ ਨ ਬਿਸਮ ਬਿਸ੍ਵਾਸ ਹੈ॥੫੨੯॥**

ਨਾ ਉਥੇ ਸਵਾਮੀ ਤੇ ਸੇਵਕ ਦੀ (ਉਨਮਾਨ) ਕਲਪਨਾ ਹੈ, ਅਨਹਦ ਤੋਂ ਪਰੇ ਹੈ, ਆਸਰੇ ਤੋਂ ਰਹਿਤ ਅਫੁਰ ਸਰੂਪ ਹੈ, ਬਿਸਮਾਦ (ਪਦ ਭੀ ਉਥੇ) ਭਰੋਸਾ ਨਹੀਂ ਹੈ ਅਰਥਾਤ ਸੰਜੋਗਾਵਸਥਾ ਵਿਚ ਆਪੇ ਦੀ ਸੁਧ ਨਹੀਂ ਹੁੰਦੀ, ਇਸ ਕਰਕੇ ਕਿਸੇ ਵਸਤੂ ਦਾ ਗਿਆਨ ਨਹੀਂ ਹੈ, ਕਿਉਂਕਿ ਪਿਛੇ ਦਸ ਹੀ ਆਏ ਹਨ, ਜੋ:—

'ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ ਬੁਧ ਕੀ ਨਾ ਬੁਧ ਰਹੀ।' ਆਦਿਕ ॥੫੨੯।

**ਜੈਸੇ ਅਹਿ ਨਿਸਿ ਮਦੁ ਰਹਿਤ ਭਾਂਜਨ ਬਿਖੈ ਜਾਨਤ ਨ ਮਰਮੁ ਕਿਧਉ ਕਵਨ ਪ੍ਰਕਾਰੀ ਹੈ॥**

ਜਿਸ ਤਰ੍ਹਾਂ ਦਿਨ ਰਾਤ ਸ਼ਰਾਬ ਭਾਂਡੇ ਵਿਚ ਰਹਿੰਦੀ ਹੈ, (ਪਰ ਭਾਂਡਾ ਇਸ) ਭੇਦ ਨੂੰ ਨਹੀਂ ਜਾਣਦਾ ਹੈ, (ਜੋ ਇਹ) ਸ਼ਰਾਬ ਕਿਸ ਕਿਸਮ ਦੀ ਹੈ।

**ਜੈਸੇ ਬੇਲੀ ਭਰਿ ਭਰਿ ਬਾਂਟਿ**

## ਦੀਜੀਅਤਿ ਸਭਾ ਪਾਵਤ ਨ ਭੇਦੁ ਕਛੂ ਬਿਧਿ ਨ ਬੀਚਾਰੀ ਹੈ ॥

ਜਿਸ ਤਰ੍ਹਾਂ (ਬਲੀ) ਪਿਆਲੀ ਭਰਕੇ ਮਜਲਸ ਵਿਚ ਬੈਠਿਆਂ ਨੂੰ ਸ਼ਰਾਬ ਵੰਡ ਕੇ ਦਿਤੀ ਜਾਂਦੀ ਹੈ, (ਪਰ ਪਿਆਲੀ ਭੀ ਸ਼ਰਾਬ ਦਾ) ਕੁਝ ਭੇਦ ਨਹੀਂ ਪਾਂਦੀ ਅਤੇ (ਇਸ ਗਲ ਦੀ) ਵਿਚਾਰ ਨਹੀਂ ਕਰਦੀ ਹੈ, (ਜੋ ਇਹ ਕਿਸ) ਬਿਧ ਦੀ ਹੈ।

## ਜੈਸੇ ਦਿਨ ਪ੍ਰਤਿ ਮਦੁ ਬੇਚਤ ਕਲਾਲ ਬੈਠੋ ਮਹਿਮਾ ਨ ਜਾਨਈ ਦਰਬਿ ਹਿਤਕਾਰੀ ਹੈ ॥

ਜਿਸ ਤਰ੍ਹਾਂ ਕਲਾਲ (ਦੁਕਾਨ ਤੇ) ਬੈਠਾ ਰੋਜ ਦਾ ਰੋਜ ਸ਼ਰਾਬ ਵੇਚਦਾ ਰਹਿੰਦਾ ਹੈ, (ਪਰ ਉਹ ਭੀ ਉਸ ਦੀ) ਮਹਿਮਾ ਨਹੀਂ ਜਾਣਦਾ ਹੈ, (ਉਹ ਕੇਵਲ) ਦੌਲਤ ਦਾ ਪਰੇਮੀ ਹੈ।

## ਤੈਸੇ ਗੁਰ ਸਬਦ ਕੋ ਲਿਖਿ ਪੜ੍ਹਿ ਗਾਵਤ ਹੈ ਬਿਰਲੋ ਅੰਮ੍ਰਿਤ ਰਸੁ ਪਦੁ ਅਧਿਕਾਰੀ ਹੈ ॥ ੫੩੦ ॥

ਉਸੇ ਤਰ੍ਹਾਂ (ਹੀ ਉਹ ਹਨ, ਜੋ) ਗੁਰ ਸ਼ਬਦ ਨੂੰ ਲਿਖਦੇ ਹਨ, ਪੜ੍ਹਦੇ ਹਨ ਤੇ ਗਾਉਂਦੇ ਹਨ (ਇਨ੍ਹਾਂ ਵਿਚੋਂ ਕੋਈ) ਵਿਰਲਾ ਹੀ ਅਮ੍ਰਿਤ ਰਸ ਨੂੰ (ਪ੍ਰਾਪਤ ਕਰਕੇ ਆਤਮ) ਪਦ ਦਾ ਅਧਿਕਾਰੀ (ਹੁੰਦਾ ਹੈ) ॥ ੫੩੦ ॥

## ਤਿਨੁ ਤਿਨੁ ਮੇਲਿ ਜੈਸੇ ਛਾਨਿ ਛਾਈਅਤ ਪੁਨਿ ਅਗਨਿ ਪ੍ਰਗਾਸ ਤਾਸ ਭਸਮ ਕਰਤਿ ਹੈ ॥

(ਤਿਨੁ ਤਿਨੁ=ਤ੍ਰਿਨ ਤ੍ਰਿਨ, ਤੀਲਾ ਤੀਲਾ।)
(ਛਾਨਿ=ਛੰਨ, ਛਪਰੀ । ਛਾਈਅਤ=)
(ਬਣਾਈ ਜਾਂਦੀ ਹੈ । ਬਾਲੂ=ਰੇਤ।)
(ਉਮਗਿ=ਉਛਲਕੇ। ਧਰਤਿ=ਧਰਦੇ ਹਨ।)
(ਮ੍ਰਿਗਰਾਜ=ਸ਼ੇਰ । ਗਾਜੇ=ਭਬਕ ਮਾਰੇ।)
(ਰਹਤ ਹੈ=ਰਹਿ ਜਾਂਦੇ ਹਨ, ਫੂਸ ਹੋ)
(ਜਾਂਦੇ ਹਨ।)

ਜਿਸ ਤਰ੍ਹਾਂ ਤੀਲਾ ਤੀਲਾ ਇਕਠਾ ਕਰ ਕੇ ਛੰਨ ਬਣਾਈ ਜਾਂਦੀ ਹੈ, ਪਰ ਅਗ ਦਾ ਪ੍ਰਕਾਸ਼ ਹੋ ਜਾਵੇ ਤਾਂ ਉਸ ਨੂੰ ਸੁਆਹ ਦਾ ਢੇਰ ਕਰ ਦੇਂਦੀ ਹੈ।

## ਸਿੰਧ ਕੇ ਕਿਨਾਰੇ ਬਾਲੂ ਗ੍ਰਿਹਿ ਬਾਲਕ ਰਚਤ ਜੈਸੇ ਲਹਿਰ ਉਮਗਿ ਭਏ ਧੀਰ ਨ ਧਰਤਿ ਹੈ ॥

ਜਿਸ ਤਰ੍ਹਾਂ ਸਮੁੰਦਰ ਦੇ ਕੰਢੇ ਉਤੇ ਮੁੰਡੇ ਰੇਤ ਦਾ ਘਰ ਬਣਾਉਂਦੇ ਹਨ, (ਪਰ ਜਦ ਸਮੁੰਦਰ ਦੀ) ਲੈਹਰ ਉਮੰਡਕੇ ਆਉਂਦੀ ਹੈ (ਤਾਂ ਉਹ) ਧੀਰਜ ਨਹੀਂ ਧਰਦਾ (ਅਰਥਾਤ ਟਿਕ ਨਹੀਂ ਸਕਦਾ ਹੈ)।

## ਜੈਸੇ ਬਨ ਬਿਖੈ ਮਿਲਿ ਬੈਠਤ ਅਨੇਕ ਮ੍ਰਿਗ ਏਕ ਮ੍ਰਿਗਰਾਜ ਗਾਜੇ ਰਹਿਓ ਨ ਪਰਤਿ ਹੈ ॥

ਜਿਸ ਤਰ੍ਹਾਂ ਜੰਗਲ ਵਿਚ ਅਨੇਕਾਂ ਹਰਨ ਇਕਠੇ ਹੋ ਬੈਠਦੇ ਹਨ, (ਪਰ ਜਦ) ਸ਼ੇਰ ਭਬਕ ਮਾਰਦਾ ਹੈ (ਤਾਂ ਉਥੇ ਕੋਈ) ਬੈਠਾ ਨਹੀਂ ਰਹਿ ਸਕਦਾ ਹੈ।

## ਦ੍ਰਿਸ਼ਟਿ ਸ਼ਬਦੁ ਅਰੁ ਸੁਰਤਿ ਧਿਆਨ ਗਿਆਨ ਪ੍ਰਗਟੇ ਪੂਰਨ ਪ੍ਰੇਮ ਸਗਲ ਰਹਤ ਹੈ ॥ ੫੩੧ ॥

(ਉਸੇ ਤਰ੍ਹਾਂ ਹੀ) ਦ੍ਰਿਸ਼ਟੀ (ਤ੍ਰਾਟਕ) (ਦੀ ਸਾਧਨਾ) ਸ਼ਬਦ ਸੁਰਤਿ (ਅਭਿਆਸ) ਤੇ ਧਿਆਨ (ਦਾ ਜੋੜਨਾ ਸਮਾਧੀ ਕਰਮ) ਗਿਆਨ (ਪ੍ਰਾਪਤੀ ਦੇ ਕਰਮ ਆਦਿਕ ਜੋ ਭੀ ਸਾਧਨ ਹਨ) ਪੂਰਨ ਪਰੇਮ ਦੇ ਪ੍ਰਗਟ ਹੋਇਆਂ (ਇਹ) ਸਾਰੇ (ਹੀ ਸਾਧਨ ਫੂਸ ਹੋ ਕੇ) ਰਹਿ ਜਾਂਦੇ ਹਨ ॥ ੫੩੧ ॥

## ਚੰਦਨ ਕੀ ਬਾਰਿ ਜੈਸੇ ਦੀਜੀਅਤ ਬਬੂਰੁ ਦ੍ਰੁਮ ਕੰਚਨ ਸੰਪੁਟਿ ਮਧਿ ਕਾਂਚੁ ਗਹਿ ਰਾਖੀਐ ॥

ਜਿਸ ਤਰ੍ਹਾਂ ਚੰਦਨ ਦੇ ਦਰਖਤ ਵਢਕੇ ਕਿਕਰ ਦੇ ਦਰਖਤਾਂ ਨੂੰ ਵਾੜ ਕਰ ਦੇਈਏ ਅਤੇ ਸੋਨੇ ਦੇ ਡਬੇ

ਵਿਚ ਕਚ ਲੈ ਕੇ ਰਖ ਦੇਈਏ।

**ਜੈਸੇ ਹੰਸੁ ਪਾਸਿ ਬੈਠਿ ਬਾਇਸੁ ਗਰਬੁ ਕਰੈ ਮ੍ਰਿਗਪਤਿ ਭਵਨ ਮੈ ਜੰਬੁਕ ਭਿਲਾਈਐ ॥**

ਜਿਸ ਤਰ੍ਹਾਂ ਹੰਸ ਦੇ ਕੋਲ ਬੈਠਾ ਹੋਇਆ ਕਾਂ ਹੰਕਾਰ ਕਰੇ ਅਤੇ ਸ਼ੇਰ ਦੇ ਘਰ (ਘੁਰਨੇ) ਵਿਚ ਵਸਣ ਦੀ ਗਿਦੜ ਇਛਾ ਰਖਦਾ ਹੋਵੇ।

**ਜੈਸੇ ਗਰਧਬ ਗਜ ਪ੍ਰਤਿ ਉਪਹਾਸ ਕਰੈ ਚਕ੍ਰਵੈ ਕੋ ਚੋਰ ਡਾਂਡੈ ਦੂਧ ਮਦਿ ਮਾਖੀਐ ॥**

ਜਿਸ ਤਰ੍ਹਾਂ ਖੋਤਾ ਹਾਥੀ ਨੂੰ ਠਠਾ ਮਖੌਲ ਕਰੇ ਅਤੇ ਰਾਜੇ ਨੂੰ ਚੋਰ ਡੰਡ ਲਾਵੇ ਅਤੇ ਦੂਧ ਉਤ (ਮਦ) ਸ਼ਰਾਬ (ਮਾਖੀਐ) ਕਰੋਧ ਕਰੇ।

**ਸਾਧਨ ਦੁਰਾਇਕੈ ਅਸਾਧ ਅਪ-ਰਾਧ ਕਰੈ ਉਲਟੀਐ ਚਾਲ ਕਲੀ ਕਾਲ ਭ੍ਰਮ ਭਾਖੀਐ ॥ ੫੩੨ ॥**

(ਉਸੇ ਤਰ੍ਹਾਂ) ਸਾਧਾਂ ਨੂੰ ਲੁਕਾ ਕਰਕੇ, ਅਸਾਧ (ਬੁਰਾ ਆਦਮੀ) (ਉਨ੍ਹਾਂ ਦਾ) ਅਪਰਾਧ ਕਰੇ ਕਲਿਜੁਗ ਦੇ ਸਮੇਂ ਵਿਚ ਭਰਮ (ਦੀ ਭਰੀ ਹੋਈ ਇਸ ਤਰ੍ਹਾਂ ਦੀ) ਉਲਟੀ ਚਾਲ ਕਹੀ ਜਾਂਦੀ ਹੈ ॥ ੫੩੨ ॥

**ਜੈਸੇ ਬਿਨੁ ਲੋਚਨ ਬਿਲੋਕੀਐ ਨ ਰੂਪ ਰੰਗਿ ਸ੍ਰਵਨ ਬਿਹੂੰਨ ਰਾਗ ਨਾਦ ਨ ਸੁਨੀਜੀਐ ॥**

ਜਿਸ ਤਰ੍ਹਾਂ ਅਖਾਂ ਤੋਂ ਬਿਨਾਂ ਰੂਪ ਰੰਗ (ਸ਼ਕਲ ਸੂਰਤ) ਨਹੀਂ ਵੇਖੀ ਜਾਂਦੀ ਹੈ ਅਤੇ ਕੰਨਾਂ ਤੋਂ ਬਿਨਾਂ ਰਾਗ ਨਾਦ ਨਹੀਂ ਸੁਣਿਆ ਜਾਂਦਾ ਹੈ।

**ਜੈਸੇ ਬਿਨੁ ਜਿਹਬਾ ਨ ਉਚਰੈ ਬਚਨ ਅਰੁ ਨਾਸਿਕਾ ਬਿਹੂੰਨ ਬਾਸੁ ਬਾਸਨਾ ਨ ਲੀਜੀਐ ॥**

ਜਿਸ ਤਰ੍ਹਾਂ ਜੀਭ ਤੋਂ ਬਿਨਾ ਬਚਨ ਨਹੀਂ ਬੋਲਿਆ ਜਾ ਸਕਦਾ ਅਤੇ ਨਕ ਤੋਂ ਬਿਨਾ ਸੁਗੰਧੀ ਦੀ ਗੰਧ ਨਹੀਂ ਲਈ ਜਾਂਦੀ ਹੈ।

**ਜੈਸੇ ਬਿਨੁ ਕਰ ਕਰਿ ਸਕੈ ਨ ਕਿਰਤ ਕ੍ਰਮ ਚਰਨ ਬਿਹੂੰਨ ਭਉਨ ਗਉਨ ਕਤ ਕੀਜੀਐ ॥**

ਜਿਸ ਤਰ੍ਹਾਂ ਹਥ ਤੋਂ ਬਿਨਾਂ ਕੋਈ ਕੰਮ ਕਾਰ ਨਹੀਂ ਕੀਤੀ ਜਾਂਦੀ ਹੈ ਅਤੇ ਪੈਰਾਂ ਤੋਂ ਬਿਨਾਂ ਘਰ ਵਲ ਜਾਣਾ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ?

**ਅਸਨ ਬਸਨ ਬਿਨੁ ਧੀਰਜੁ ਨ ਧਰੈ ਦੇਹ ਬਿਨੁ ਗੁਰ ਸ਼ਬਦ ਨ ਪ੍ਰੇਮ ਰਸੁ ਪੀਜੀਐ ॥ ੫੩੩ ॥**

(ਜਿਸ ਤਰ੍ਹਾਂ) ਅੰਨ ਬਸਤਰ ਤੋਂ ਬਿਨਾਂ ਦੇਹ ਧੀਰਜ ਨਹੀਂ ਧਰਦੀ ਹੈ, (ਉਸੇ ਤਰ੍ਹਾਂ) ਗੁਰ ਸ਼ਬਦ ਤੋਂ ਬਿਨਾਂ ਪਰੇਮ ਰਸ ਨਹੀਂ ਪੀਤਾ ਜਾਂਦਾ ਹੈ ॥ ੫੩੩ ॥

**ਜੈਸੇ ਫਲ ਸੈ ਬਿਰਖੁ ਬਿਰਖੁ ਸੈ ਹੋਤ ਫਲੁ ਅਦਿਭੁਤਿ ਗਤਿ ਕਛੁ ਕਹਨੁ ਨ ਆਵੈ ਜੀ ॥**

ਜਿਸ ਤਰ੍ਹਾਂ ਫਲ ਤੋਂ ਦਰਖਤ ਅਤੇ ਦਰਖਤ ਤੋਂ ਫਲ ਹੁੰਦਾ ਹੈ (ਇਹ) ਅਦਭੁਤ ਗਤੀ ਕੁਝ ਕਹਿਣ ਵਿਚ ਨਹੀਂ ਆਉਂਦੀ ਹੈ।

**ਜੈਸੇ ਬਾਸੁ ਬਾਵਨ ਮੈ ਬਾਵਨੁ ਹੈ ਬਾਸੁ ਬਿਖੈ ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ ॥**

ਜਿਸ ਤਰ੍ਹਾਂ ਵਾਸ਼ਨਾਂ ਚੰਦਨ ਵਿਚ ਹੈ ਤ ਚੰਦਨ ਵਾਸ਼ਨਾ ਵਿਚ ਹੈ, (ਇਸ) ਅਚਰਜ ਚਰਿਤ੍ਰ ਦਾ ਮਰਮ (ਭੇਦ) ਕੋਈ ਭੀ ਨਹੀਂ ਪਾ ਦਾ ਹੈ।

**ਕਾਸਟਿ ਮੈ ਅਗਨਿ ਅਗਨਿ ਮੈ ਕਾਸਟਿ ਹੈ ਅਤਿ ਅਸਚਰਜ ਹੈ**

**ਕਉਤਕ ਕਹਾਵੈ ਜੀ ॥**

(ਜਿਸ ਤਰ੍ਹਾਂ) ਲਕੜਾਂ ਵਿਚ ਅੱਗ ਹੈ ਤੇ ਅਗ ਵਿਚ ਲਕੜਾਂ ਹਨ, (ਇਹ) ਕੌਤਕ ਵਡਾ ਹੀ ਅਚਰਜ ਕਹਾਉਂਦਾ ਹੈ।

**ਸਤਿਗੁਰ ਮੈ ਸ਼ਬਦੁ ਸ਼ਬਦ ਮੈ ਸਤਿਗੁਰ ਹੈ ਨਿਰਗੁਨ ਗਿਆਨ ਧਿਆਨ ਸਮਝਾਵੈ ਜੀ ॥ ੫੩੪ ॥**

(ਇਸੇ ਤਰ੍ਹਾਂ) ਸਤਿਗੁਰੂ ਵਿਚ ਸ਼ਬਦ ਹੈ ਤੇ ਸ਼ਬਦ ਵਿਚ ਸਤਿਗੁਰੂ ਹੈ, (ਇਸ) ਗਿਆਨ ਤੋਂ ਨਿਰਗੁਨ (ਸਰੂਪ ਦੇ) ਧਿਆਨ ਦੀ ਸਮਝ ਆਉਂਦੀ ਹੈ ॥ ੫੩੪ ॥

**ਜੈਸੇ ਤਿਲਿ ਬਾਸੁ ਬਾਸੁ ਲੀਜੀਅਤ ਕੁਸਮੁ ਸੈ ਤਾਂਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ ॥**

(ਕੁਸਮ=ਫੁਲ । ਅਉਟਾਇ=ਕਾੜ੍ਹਕੇ,)
(ਉਬਾਲਾ ਦ ਕ । ਘ੍ਰਿਤ=ਘਿਉ । ਬਸੁਧਾ=)
(ਧਰਤੀ । ਧਸਾਇ=ਗਰਕ ਕਰਕੇ,)
(ਗਾਲਕੇ । ਕੌਰੀ=ਖੂਹ ਦਾ ਮਹੱਲ । )

ਜਿਸ ਤਰ੍ਹਾਂ ਫੁਲਾਂ ਦੀ ਵਾਸ਼ਨਾ ਨਾਲ ਤਿਲਾਂ ਨੂੰ ਵਾਸ਼ਨਾ ਵਾਲਾ ਕਰ ਲਈਦਾ ਹੈ, (ਫਿਰ) ਉਨ੍ਹਾਂ ਫੁਲਾਂ ਤੋਂ ਫਲੇਲ ਬਣਦਾ ਹੈ, (ਇਸ ਤਰ੍ਹਾਂ ਦੇ) ਜਤਨ ਕਰਕੇ ਜਾਣੀਦਾ ਹੈ।

**ਜੈਸੇ ਤਉ ਅਉਟਾਇ ਦੂਧ ਜਾਵਨ ਜਮਾਇਕੈ ਮਥਿ ਸੰਜਮੁ ਸਹਿਤ ਘ੍ਰਿਤਿ ਪ੍ਰਗਟ ਕੈ ਜਾਨੀਐ ॥**

ਜਿਸ ਤਰ੍ਹਾਂ ਕਿ ਦੁਧ ਨੂੰ ਕਾਹੜਕੇ, ਜਾਗ ਲਾ ਕੇ ਜਮਾਈਦਾ ਹੈ, ਫਿਰ ਰਿੜਕੀਦਾ ਹੈ ਤੇ ਸੰਜਮ (ਤ੍ਰੀਕ) ਨਾਲ ਘਿਉ ਪ੍ਰਗਟ ਕਰ ਲੈਣਾ ਮੰਨਿਆ ਜਾਂਦਾ ਹੈ।

**ਜੈਸੇ ਕੂਆ ਖੋਦ ਕੈ ਬਸੁਧਾ ਧਸਾਇ ਕੌਰੀ ਲਾਜੁ ਕੈ ਬਹਾਇ ਡੋਲਿ ਕਾਢਿ ਜਲੁ ਆਨੀਐ ॥**

ਜਿਸ ਤਰ੍ਹਾਂ ਧਰਤੀ ਨੂੰ ਖੋਦ ਕਰਕੇ, ਖੂਹ ਬਣਾਈਦਾ ਹੈ। ਮਹੱਲ (ਉਸਾਰਕੇ) ਧਰਤੀ ਵਿਚ ਗਰਕ ਕਰੀਦਾ ਹੈ, ਫਿਰ ਲੱਜ ਨੂੰ (ਖੂਹ ਵਿਚ) ਵਹਾਕੇ ਡੋਲ ਨਾਲ ਪਾਣੀ ਨੂੰ ਬਾਹਰ ਕਢ ਲਈਦਾ ਹੈ।

**ਗੁਰ ਉਪਦੇਸ਼ ਤੈਸੇ ਭਾਵਨੀ ਭਗਤਿ ਭਾਇ ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ ॥ ੫੩੫ ॥**

ਉਸੇ ਤਰ੍ਹਾਂ ਗੁਰ ਉਪਦੇਸ਼ਦੀ ਸ਼ਰਧਾ, ਭਗਤੀ ਤੇ ਪਰੇਮ (ਕਰਕੇ ਹਰੇਕ) ਦੇਹ ਦੇਹ ਵਿਚ ਪੂਰਨ ਬ੍ਰਹਮ ਨੂੰ ਪਛਾਣ ਲਈਦਾ ਹੈ ॥ ੫੩੫ ॥

**ਜੈਸੇ ਤਉ ਸਰਿਤਾ ਜਲੁ ਕਾਸਟਹਿ ਨ ਬੋਰਤ ਕਰਤ ਚਿਤ ਲਾਜ ਅਪਨੋਈ ਪ੍ਰਤਿਪਾਰਿਓ ਹੈ ॥**

ਜਿਸ ਤਰ੍ਹਾਂ ਕਿ ਨਦੀ ਦਾ ਪਾਣੀ ਕਾਠ ਨੂੰ ਨਹੀਂ ਡੋਬਦਾ ਹੈ, ਚਿਤ ਵਿਚ (ਇਸ ਗਲ ਦੀ) ਸ਼ਰਮ ਕਰਦਾ ਹੈ, (ਕਿ ਇਹ ਕਾਠ ਮੇਰਾ) ਆਪਣਾ ਹੀ ਪਾਲਿਆ ਹੋਇਆ ਹੈ।

**ਜੈਸੇ ਤਉ ਕਰਤ ਸੁਤ ਅਨਿਕ ਇਆਨਪਨ ਤਊ ਨ ਜਨਨੀ ਅਵਗੁਨ ਉਰਿ ਧਾਰਿਓ ਹੈ ॥**

ਜਿਸ ਤਰ੍ਹਾਂ ਕਿ ਪੁਤਰ ਅਨਕਾਂ ਬੇਸਮਝੀਆਂ ਕਰਦਾ ਹੈ, (ਪਰ) ਤਦ ਭੀ ਮਾਤਾ (ਉਸਦੇ) ਔਗੁਣ ਨੂੰ ਹਿਰਦੇ ਵਿਚ ਨਹੀਂ ਧਰਦੀ ਹੈ।

**ਜੈਸੇ ਤਉ ਸਰੰਨ ਸੂਰ ਪੂਰਨ ਪ੍ਰਤਗਿਆ ਰਾਖੈ ਲਖ ਅਪਰਾਧ ਕੀਏ ਮਾਰਿ ਨ ਬਿਡਾਰਿਓ ਹੈ ॥**

ਜਿਸ ਤਰ੍ਹਾਂ ਕਿ ਸੂਰਮਾ ਸ਼ਰਨੀ (ਪਏ ਹੋਏ ਪੁਰਸ਼ ਦੀ) ਰਖਿਆ ਕਰਨ ਦੀ ਪੂਰਨ ਪਰਤਗਿਆ ਨਿਬਾਹੁੰਦਾ ਹੈ, (ਸ਼ਰਨੀ ਪਏ ਪੁਰਸ਼ ਦੇ) ਲੱਖਾਂ ਅਪਰਾਧ ਕਰਨ (ਉਤੇ ਭੀ ਉਸਨੂੰ) ਮਾਰ ਨਹੀਂ ਸੁਟਦਾ ਹੈ।

**ਤੈਸੇ ਹੀ ਪਰੰਮ ਗੁਰ ਪਾਰਸ ਪਰਸਿ ਗਤਿ ਸਿਖਨ ਕੋ ਕਿਰਤ ਕਰਮੁ ਕਛੂ ਨ ਬਿਚਾਰਿਓ ॥ ੫੩੬ ॥**

ਉਸੇ ਤਰ੍ਹਾਂ ਹੀ ਪਰਮ ਪਾਰਸ ਦੇ ਪਰਸਨ ਜੇਹੀ ਗਤੀ ਗੁਰੂ ਹੈ, (ਜਿਸਨ) ਸਿਖਾਂ ਦੇ ਕੀਤੇ ਹੋਏ ਕਰਮ ਦਾ ਕੁਛ ਭੀ ਵੀਚਾਰ ਨਹੀਂ ਕੀਤਾ ਹੈ ॥ ੫੩੬ ॥

**ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ ॥**

ਜਿਸ ਤਰ੍ਹਾਂ ਪਾਣੀ ਨਾਲ ਧੋਤੇ ਤੋਂ ਬਿਨਾਂ ਕਪੜੇ ਮੈਲੇ ਹੋ ਜਾਂਦੇ ਹਨ, ਅਤੇ ਉਸੇ ਤਰ੍ਹਾਂ ਤੇਲ ਮਿਲਾਇ (ਲਾਉਣ) ਤੋਂ ਬਿਨਾਂ ਕੇਸ ਡਰੌਣੇ ਜੇਹੇ ਹੁੰਦੇ ਹਨ।

**ਜੈਸੇ ਬਿਨੁ ਮਾਂਜੇ ਦਰਪਨ ਜੋਤਿ ਹੀਨ ਹੋਤ ਬਰਖਾ ਬਿਹੂੰਨ ਜੈਸੇ ਖੇਤ ਮੈ ਨ ਧਾਨ ਹੈ ॥**

ਜਿਸ ਤਰ੍ਹਾਂ ਮਾਂਜੇ ਤੋਂ ਬਿਨਾਂ ਸ਼ੀਸ਼ਾ ਪ੍ਰਕਾਸ਼ (ਚਮਕ) ਤੋਂ ਹੀਣਾ ਹੁੰਦਾ ਹੈ ਅਤੇ ਜਿਸ ਤਰ੍ਹਾਂ ਬਾਰਸ਼ ਤੋਂ ਬਿਨਾਂ ਖੇਤ ਵਿਚ ਅੰਨ ਨਹੀਂ ਹੁੰਦਾ ਹੈ।

**ਜੈਸੇ ਬਿਨੁ ਦੀਪਕ ਭਵਨ ਅੰਧਕਾਰ ਹੋਤ ਲੋਨੇ ਘ੍ਰਿਤ ਬਿਨੁ ਜੈਸੇ ਭੋਜਨ ਸਮਾਨ ਹੈ ॥**

ਜਿਸ ਤਰ੍ਹਾਂ ਦੀਵੇ ਤੋਂ ਬਿਨਾਂ ਘਰ ਵਿਚ ਹਨੇਰਾ ਹੁੰਦਾ ਹੈ ਅਤੇ ਜਿਸ ਤਰ੍ਹਾਂ ਲੂਣ ਤੇ ਘਿਉ ਬਿਨਾਂ ਭੋਜਨ (ਸਮਾਨ) ਸਧਾਰਨ ਜੇਹਾ ਹੁੰਦਾ ਹੈ।

**ਤੈਸੇ ਬਿਨੁ ਸਾਧ ਸੰਗਤਿ ਜਨਮ ਮਰਨ ਦੁਖ ਮਿਟਤ ਨ ਭੈ ਭ੍ਰਮ ਬਿਨੁ ਗੁਰ ਗਿਆਨ ਹੈ ॥ ੫੩੭ ॥**

ਉਸੇ ਤਰ੍ਹਾਂ ਸਾਧ ਸੰਗਤ ਕੀਤੇ ਤੋਂ ਬਿਨਾਂ ਜਨਮ ਮਰਨ ਅਤੇ ਗੁਰੂ ਪਾਸੋਂ ਗਿਆਨ (ਪਰਾਪਤ ਕੀਤੇ) ਬਿਨਾਂ ਡਰ ਤੇ ਭਰਮ ਨਹੀਂ ਮਿਟਦਾ ਹੈ ॥ ੫੩੭ ॥

**ਜੈਸੇ ਮਾਂਝਿ ਬੈਠੇ ਬਿਨੁ ਬੋਹਿਥ ਨ ਪਾਰਿ ਪਰੈ ਪਾਰਸ ਪਰਸੈ ਬਿਨੁ ਧਾਤੁ ਨ ਕਨਿਕ ਹੈ ॥**

ਜਿਸ ਤਰ੍ਹਾਂ ਜਹਾਜ ਵਿਚ ਬੈਠੇ ਤੋਂ ਬਿਨਾਂ (ਕੋਈ) ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ, (ਅਤੇ ਜਿਸ ਤਰ੍ਹਾਂ) ਪਾਰਸ ਨੂੰ ਪਰਸੇ ਤੋਂ ਬਿਨਾਂ ਧਾਤੂ ਸੋਨਾ ਨਹੀਂ ਹੁੰਦੀ ਹੈ।

**ਜੈਸੇ ਬਿਨੁ ਗੰਗਾ ਨ ਪਾਵਨ ਆਨ ਜਲੁ ਹੈ ਨਾਰਿ ਨ ਭਤਾਰ ਬਿਨੁ ਸੁਤਨ ਅਨਿਕ ਹੈ ॥**

ਜਿਸ ਤਰ੍ਹਾਂ ਗੰਗਾ ਤੋਂ ਬਿਨਾਂ ਹੋਰ (ਕਿਸੇ ਭੀ ਨਦੀ ਦਾ) ਪਾਣੀ ਪਵਿਤਰ (ਕਰਨ ਵਾਲਾ ਨਹੀਂ ਹੈ ਅਤੇ ਜਿਸ ਤਰ੍ਹਾਂ) ਪਤੀ (ਨਾਲ ਸੰਗਮ ਕੀਤੇ ਤੋਂ) ਬਿਨਾਂ ਇਸਤ੍ਰੀ ਅਨਕਾਂ ਪੁਤਰਾਂ ਵਾਲੀ ਨਹੀਂ ਹੋ ਸਕਦੀ ਹੈ।

**ਜੈਸੇ ਬਿਨੁ ਬੀਜ ਬੋਏ ਨਿਪਜੈ ਨ ਧਾਨੁ ਧਾਰਾ ਸੀਪ ਸ੍ਵਾਂਤਿ ਬੂੰਦ ਬਿਨੁ ਮੁਕਤਾ ਨ ਮ ਨਿਕ ਹੈ ॥**

ਜਿਸ ਤਰ੍ਹਾਂ ਬੀਜ ਬੀਜੇ ਤੋਂ ਬਿਨਾਂ ਅੰਨ ਦਾ (ਧਾਰਾ) ਬੋਹਲ ਪੈਦਾ ਨਹੀਂ ਹੁੰਦਾ ਹੈ, (ਅਤੇ ਜਿਸ ਤਰ੍ਹਾਂ) ਸਿੱਪ ਸਵਾਂਤੀ ਤੋਂ ਬਿਨਾਂ (ਜਾਂ ਸਵਾਂਤੀ ਸਿਪ ਤੋਂ ਬਿਨਾ ਮਾਨਿਕ ਸਮਾਨ ਮੋਤੀ (ਪਰਗਟ) ਨਹੀਂ ਹੁੰਦਾ ਹੈ।

**ਤੈਸੇ ਹੀ ਚਰਨ ਸਰਨਿ ਗੁਰ ਭੇਟ ਬਿਨੁ ਜਨਮ ਮਰਨਿ ਮੇਟਿ ਜਨ ਨ ਜਨਿਕ ਹੈ ॥ ੫੩੮ ॥**

ਉਸੇ ਤਰ੍ਹਾਂ ਹੀ ਗੁਰੂ ਦੀ ਸ਼ਰਨ ਮਿਲੇ ਤੋਂ ਬਿਨਾਂ ਜਨਮ ਮਰਨ ਮੇਟਣ ਵਾਲੇ (ਜਨ) ਪੁਤਰ ਦਾ (ਜਨਕ) ਪਿਉ ਨਹੀਂ ਹੁੰਦਾ ਹੈ (ਅਰਥਾਤ ਗਿਆਨ ਤੋਂ ਬਿਨਾਂ ਮੁਕਤੀ ਨਹੀਂ ਹੈ, ਗਿਆਨ ਪੁਤਰ ਪੈਦਾ

ਹੋਵੇ ਤਾਂ ਪੁਰਖ ਮੁਕਤ ਪਦ ਦਾ ਅਧਿਕਾਰੀ ਹੋਵੇਗਾ ਅਤੇ 'ਗੁਰ ਬਿਨੁ ਗਿਆਨ ਨ ਹੋਇ' ॥ ਪ੩੮ ॥

## ਜੈਸੇ ਤਉ ਕਹੈ ਮੰਜਾਰ ਕਰਉ ਨ ਅਹਾਰ ਅਸੁ ਮੂਸਾ ਦੇਖਿ ਪਾਛੈ ਦਉਰੇ ਧੀਰ ਨ ਧਰਤੁ ਹੈ ॥

ਜਿਸ ਤਰ੍ਹਾਂ ਕਿ ਬਿੱਲਾ ਆਖੇ ਕਿ ਮੈਂ ਮਾਸ ਦਾ ਭੋਜਨ ਨਹੀਂ ਕਰਾਂਗਾ, (ਪਰ) ਚੂਹੇ ਨੂੰ ਵੇਖਕੇ (ਉਸਦੇ) ਪਿਛੇ ਦੌੜ ਪੈਂਦਾ ਹੈ, ਧੀਰਜ ਨਹੀਂ ਧਰਦਾ ਹੈ।

## ਜੈਸੇ ਕਊਆ ਰੀਸ ਕੈ ਮਰਾਲ ਸਭਾ ਜਾਇ ਬੈਠੇ ਛਾਡਿ ਮੁਕਤਾਹਲ ਦੁਰਗੰਧ ਸਿਮਰਤੁ ਹੈ ॥

ਜਿਸ ਤਰ੍ਹਾਂ ਕਾਂ ਰੀਸ ਕਰਕੇ ਹੰਸਾਂ ਦੀ ਸਭਾ ਵਿਚ ਜਾ ਬੈਠੇ (ਤਾਂ ਉਹ) ਮੋਤੀਆਂ ਨੂੰ ਛਡਕੇ ਗੰਦਗੀ (ਗੂੰਹ) ਨੂੰ ਯਾਦ ਕਰਦਾ ਹੈ।

## ਜੈਸੇ ਮੋਨਿ ਗਹਿ ਮਿਆਰੁ ਕਰਤ ਅਨੇਕ ਜਤਨ ਸੁਨਤ ਸਿਆਰ ਭਾਖਿਆ ਰਹਿਓ ਨ ਪਰਤੁ ਹੈ॥

ਜਿਸ ਤਰ੍ਹਾਂ ਗਿਦੜ ਚੁਪ ਕਰ ਰਹਿਣ ਲਈ ਅਨੇਕ ਤਰ੍ਹਾਂ ਦੀ ਕੋਸ਼ਸ਼ ਕਰੇ, (ਪਰ ਗਿਦੜਾਂ ਦੀ) ਬੋਲੀ ਸੁਣਦਿਆਂ (ਉਸ ਤੋਂ ਚੁਪ) ਨਹੀਂ ਰਹਾ ਜਾਂਦਾ।

## ਤੈਸੇ ਪਰ ਤਨ ਪਰ ਧਨ ਦੂਖਨਾ ਤ੍ਰਿਦੋਖ ਮਨ ਕਹਤ ਕੈ ਛਾਡਿਓ ਚਾਹੈ ਟੇਵ ਨ ਟਰਤ ਹੈ॥ ਪ੩੯ ॥

ਉਸ ਤਰ੍ਹਾਂ (ਜਿਸਦੇ) ਮਨ ਨੂੰ ਪਰ ਇਸਤ੍ਰੀ(ਸਪਰਸ਼) ਪਰ ਧਨ (ਹਰਨ) ਤੇ ਨਿੰਦਾ ਕਰਨ (ਰੂਪ) ਤ੍ਰਿਦੋਖ (ਸੰਨਿਪਾਤ) (ਤਾਪ ਚੜ੍ਹਿਆ ਹੈ, ਉਹ ਭਾਵੇਂ) ਕਹਿੰਦਾ ਹੈ (ਕਿ ਮੈਂ ਹੁਣ ਇਹ ਕਰਮ ਨਹੀਂ ਕਰਦਾ ਹਾਂ) (ਕੇ) ਜਾਂ (ਜੇਹੜਾ ਇਨ੍ਹਾਂ ਕਰਮਾਂ ਨੂੰ) ਛਡਿਆ ਚਾਹੁੰਦਾ ਹਾਂ, (ਉਹ ਝੂਠ ਬਲਦਾ ਹੈ, ਕਿਉਂਕਿ ਇਹ) ਵਾਦੀ ਹਟਦੀ ਨਹੀਂ ਹੈ ॥ ਪ੩੯ ॥

## ਝੋਲਨਾ ॥ ਸਿੰਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ ਭਾਗਵਤ ਬੇਦ ਬਿਆਕਰਨ ਗੀਤਾ ॥

(ਸ਼ੇਸ਼=ਸ਼ੇਸ਼ਨਾਗ । ਮਰਜਸ=ਧਰਮਰਾਜ ।)
(ਅਖਿਲੇਸ=ਕੁਬੇਰ । ਸੁਰ=ਦੇਵਤੇ ।)
(ਮਹੇਸ਼=ਸ਼ਿਵਜੀ । ਮੁਨਿ=ਨਾਰਦਾਦਿਕ)
(ਸੱਤ ਮੁਨੀ । ਭਗਤ=ਪ੍ਰਹਿਲਾਦ, ਧਰੂਅ)
(ਵਗੈਰਾ । ਸੁਰ ਨਰ=ਮਨੁਖਾਂ ਵਿਚੋਂ)
(ਦਵਤ, ਬ੍ਰਾਹਮਣ ਜਾਂ ਵਿਦਵਾਨ ਪੁਰਸ਼ ।)
(ਅਤੀਤਾ=ਦਤਾ ਤਰੇਯ ਵਰਗੇ ।)
(ਉਨਮਾਨ=ਵਿਚਾਰਾਂ । ਉਨਮਨੀ=)
(ਅਨਭਵ । ਉਕਤਿ=ਦਲੀਲ, ਕਲਪਨਾ ।)
(ਦਿਜ=ਬ੍ਰਾਹਮਣ (ਬ੍ਰਹਸਪਤੀ ਤੇ ਸ਼ੁਕਰ) ।)
(ਸੁਰਮਤਿ=ਬੁਧੀ ਦਾ ਦੇਵਤਾ ਸੁਰਸ੍ਰਤੀ ।)

(੩੧) ਸਿਮ੍ਰਤੀਆਂ (੫੮) ਪੁਰਾਨ, (ਤੇ ੧੮ ਉਪ) ਪੁਰਾਨ, ਭਾਗਵਤ, (ਦੇਵੀ) ਭਾਗਵਤ ਤੇ ਭਾਗਵਤ ਦੇ ਬਹੁਤ ਸਾਰੇ ਵਯਾਖਯਾਨ (ਟੀਕੇ ਜਾਂ ਭਾਸ਼ਯ) (ਚਾਰ) ਵੇਦ, (ਚਾਰ ਉਪ) ਵੇਦ, (ਸੌ) ਵਯਾਕਰਣ (ਭਗਵਤ) ਗੀਤਾ, (ਰਾਮ) ਗੀਤਾ, (ਅਵਧੂਤ) ਗੀਤਾ (ਆਦਿਕ ਧਾਰਮਿਕ ਗਰੰਥ ਜਾਂ ਈਸ਼ਵਰੀ ਗਿਆਨ)।

## ਸੇਸ਼ ਮਰਜੇਸ ਅਖਿਲੇਸ ਸੁਰ ਮਹੇਸ਼ ਮੁਨਿ ਜਗਤੁ ਅਰੁ ਭਗਤਿ ਸੁਰ ਨਰ ਅਤੀਤਾ ॥

ਸ਼ੇਸ਼ਨਾਗ (ਵਰਗੇ ਸਿਮਰਨ ਕਰਨ ਵਾਲ) ਧਰਮਰਾਜ (ਵਰਗ ਇਨਸਾਫ ਕਰਨ ਵਾਲ) ਕੁਬੇਰ (ਵਰਗੇ ਧਨ ਵਾਲੇ) ਦਵਤੇ (ਵਰਗ ਐਯਾਸ਼ ਲੋਕ) ਸ਼ਿਵਜੀ ਵਰਗੇ ਧਿਆਨੀ ਤ ਅਮਲੀ) ਨਾਰਦ ਵਰਗੇ ਸੜੇ ਮੁਨੀ, ਜਗਤ (ਦੇ ਆਗੂ ਅਤੇ ਧਰੂਅ ਤੇ ਪ੍ਰਹਿਲਾਦ ਆਦਿਕ) ਭਗਤ, ਦਵਤਾ ਬੁਧੀ ਵਾਲ ਮਨੁਖ, (ਵਦਵਾਨ) ਤੇ ਦਤਾ ਤ੍ਰੇਯ ਵਰਗੇ ਅਤੀਤ ਮਹਾਂ ਪੁਰਸ਼)।

## ਗਿਆਨੁ ਅਰੁ ਧਿਆਨੁ ਉਨਮਾਨ ਉਨਮਨ ਉਕਤਿ ਰਾਗ ਨਾਦਿ ਦਿਜ

**ਸੁਰਮਤਿ ਨੀਤਾ ॥**

(ਸਭ ਤਰ੍ਹਾਂ ਦੀ ਵਿਦਿਆ ਰੂਪ) ਗਿਆਨ, (ਮਨ ਨੂੰ ਇਕਾਗਰ ਕਰਨ ਦੇ ਸਾਧਨਾ ਰੂਪ) ਧਿਆਨ, ਸਭ ਤਰ੍ਹਾਂ ਦੀਆਂ ਵਿਚਾਰਾਂ ਤੇ ਅਨਭਵ ਅਤ ਦਲੀਲਾਂ ਜਾਂ ਕਲਪਨਾਂ। ਛੇ ਰਾਗ, ਰੋਹੀ-ਅਵਰੋਹੀ ਰੂਪ ਅਲਾਪ ਬ੍ਰਹਸਪਤਿ ਤੇ ਸੁਕਰ ਆਦਿਕ ਬ੍ਰਾਹਮਣ ਦੇਵ ਬੁਧੀ ਵਾਲੀ ਸਰਸਵਤੀ (ਇਤਆਦਿਕ ਸਾਰੇ ਹੀ) ਕਰੋੜਾਂ ਕਰੋੜ (ਹੋ ਕੇ) ਨਿਤ ਹੀ ਬਹੁਤ ਤੋਂ ਬਹੁਤ ਵਰਣਨ ਕਰਨ। (ਤਦ)—

**ਅਰਧ ਲਗ ਮਾਤ੍ਰ ਗੁਰ ਸ਼ਬਦੁ ਅਖਰ ਮੇਚ ਅਗਮ ਅਤਿ ਅਗਮ ਅਗਾਧਿ ਮੀਤਾ ॥ ੫੪੦ ॥**

ਗੁਰ ਸ਼ਬਦ ਦੇ ਇਕ ਅਖਰ ਦੀ ਅਧੀ ਮਾਤਰਾ (ਦਾ ਵਰਨਣ ਭੀ) ਹੇ ਮਿਤਰ! (ਉਨ੍ਹਾਂ ਦੀ) ਪਹੁੰਚ ਤੋਂ ਪਰੇ ਹੈ, ਮਹਾਨ ਪਰੇ ਹੈ ਅਤੇ ਅਗਾਧ ਹੈ, (ਅਰਥਾਤ ਪਿਛੇ ਦਸੇ ਹੋਏ ਜਿੰਨੇ ਭੀ ਹਨ, ਉਹ ਗੁਰ ਸ਼ਬਦ ਦਾ ਵਰਨਣ ਨਹੀਂ ਕਰ ਸਕਦੇ) ॥ ੫੪੦ ॥

**ਕਬਿਤ ॥ ਦਰਸ਼ਨੁ ਦੇਖਿਓ ਦੇਖਿਓ ਸਕਲ ਸੰਸਾਰੁ ਕਹੈ ਕਵਨ ਦ੍ਰਿਸ਼ਟਿ ਸਿਉ ਦਰਸਿ ਸਮਾਈਐ ॥**

(ਗੁਰੂ ਦਾ) ਦਰਸ਼ਨ ਵੇਖਿਆ ਹੈ, ਦਰਸ਼ਨ ਵੇਖਿਆ, (ਇਸ ਤਰ੍ਹਾਂ) ਸਾਰਾ ਸੰਸਾਰ ਕਹਿੰਦਾ ਹੈ, (ਪਰ) ਉਹ ਕੇਹੜੀ ਨਜ਼ਰ ਹੈ (ਜਿਸ ਨਾਲ) ਮਨ (ਗੁਰ) ਦਰਸ਼ਨ ਵਿਚ ਸਮਾ ਜਾਂਦਾ ਹੈ।

**ਗੁਰ ਉਪਦੇਸੁ ਸੁਨਿਓ ਸੁਨਿਓ ਸਭੁ ਕੋਊ ਕਹੈ ਕਵਨ ਸੁਰਤਿ ਸੁਨਿ ਅਨਤ ਨ ਧਾਈਐ ॥**

ਗੁਰ ਉਪਦੇਸ਼ ਨੂੰ ਸੁਣਿਆ ਹੈ, ਸੁਣ ਲਿਆ ਹੈ, ਸਭ ਕੋਈ ਆਖਦਾ ਹੈ, (ਪਰ ਉਹ) ਕਹੜੀ (ਸੁਰਤਿ) ਸਰਤ (ਸੁਣਨ ਸ਼ਕਤੀ) ਹੈ, (ਜਿਸ ਨੂੰ) ਸੁਣਕੇ (ਮਨ) ਹੋਰ ਕਿਤੇ ਨਹੀਂ ਦੌੜਦਾ ਹੈ, (ਅਰਥਾਤ ਮਨ ਦੀ ਭਟਕਣਾ ਕਿਵੇਂ ਮਿਟਦੀ ਹੈ ?)।

**ਜੈ ਜੈਕਾਰ ਜਗਤ ਜਗਤ ਗੁਰ ਮੰਤ੍ਰ ਜੀਹ ਕਵਨ ਜੁਗਤਿ ਜੋਤੀ ਜੋਤਿ ਲਿਵ ਲਾਈਐ ॥**

ਜਗਤ ਜੀਭ ਨਾਲ ਗੁਰ ਮੰਤਰ ਨੂੰ ਜੈ ਜੈਕਾਰ ਕਰਕੇ ਜਪਦਾ ਹੈ, (ਪਰ ਉਹ) ਕੇਹੜੀ ਜੁਗਤੀ ਹੈ (ਜਿਸ ਕਰਕੇ) ਜੋਤੀ ਸਰੂਪ ਦੀ ਜੋਤ ਵਿਚ ਲਿਵ ਲਾਈ ਜਾਂਦੀ ਹੈ।

**ਦ੍ਰਿਸ਼ਟਿ ਸੁਰਤਿ ਗਿਆਨ ਧਿਆਨ ਸਰਬੰਗ ਹੀਨ ਪਤਿਤ ਪਾਵਨ ਗੁਰ ਮੂੜ ਸਮਝਾਈਐ ॥ ੫੪੧ ॥**

(ਜੋ) ਦ੍ਰਿਸ਼ਟੀ (ਦਰਸ਼ਨ ਕਰਨ ਵਾਲੀ ਸ਼ਕਤੀ) ਸੁਰਤਿ (ਸਮਝਣ ਵਾਲੀ ਸ਼ਕਤੀ) ਗਿਆਨ (ਜਾਣਨ ਦਾ ਬਲ) ਧਿਆਨ (ਚਿਤ ਨੂੰ ਇਕਾਗਰ ਕਰਨ ਦੀ ਤਾਕਤ) ਆਦਿਕ ਸਾਰੇ ਅੰਗਾਂ (ਸਾਧਨਾ) ਤੋਂ ਹੀਨਾ ਮੂਰਖ (ਹੈ, ਉਸਨੂੰ) ਪਤਿਤ ਪਾਵਨ ਗੁਰੂ ਹੀ ਸਮਝ ਸਕਦਾ ਹੈ॥ ੫੪੧ ॥

**ਜੈਸੇ ਖਾਂਡੁ ਖਾਂਡੁ ਕਹੈ ਮੁਖਿ ਨਹੀ ਮੀਠਾ ਹੋਇ ਜਬ ਲਗੁ ਜੀਭ ਸ੍ਵਾਦ ਖਾਂਡੁ ਨਹੀਂ ਪਾਈਐ ॥**

ਜਿਸ ਤਰ੍ਹਾਂ ਖੰਡ ਖੰਡ ਆਖਿਆਂ ਮੂੰਹ ਮਿਠਾ ਨਹੀਂ ਹੁੰਦਾ ਹੈ, ਜਿਨਾ ਚਿਰ ਜੀਭ ਨੇ ਖੰਡ ਦਾ ਸਵਾਦ ਨਹੀਂ ਪਾਇਆ ਹੈ।

**ਜੈਸੇ ਰਾਤ ਅੰਧੇਰੀ ਮੈ ਦੀਪਕ ਦੀਪਕ ਕਹੈ ਤਿਮਰ ਨ ਜਾਈ ਜਬ ਲਗੁ ਨ ਜਰਾਈਐ ॥**

ਜਿਸ ਤਰ੍ਹਾਂ (ਕੋਈ) ਹਨੇਰੀ ਰਾਤ ਵਿਚ ਦੀਵਾ ਦੀਵਾ ਆਖਿਆਂ ਹਨੇਰਾ ਨਹੀਂ ਮਿਟਦਾ ਹੈ, ਜਿੰਨਾ ਚਿਰ (ਦੀਵਾ) ਨਾ ਜਗਾ ਲਿਆ ਜਾਵੇ।

**ਜੈਸੇ ਗਿਆਨੁ ਗਿਆਨ ਕਹੈ ਗਿਆਨ ਹੂੰ ਨ ਹੋਤ ਕਛੁ ਜਬ ਲਗੁ**

**ਗੁਰ ਗਿਆਨ ਅੰਤਰਿ ਨ ਪਾਈਐ ॥**

ਜਿਸ ਤਰ੍ਹਾਂ ਗਿਆਨ ਗਿਆਨ ਆਖਿਆਂ ਕੁਝ ਭੀ ਗਿਆਨ ਨਹੀਂ ਹੁੰਦਾ ਹੈ, ਜਦ ਤਕ ਹਿਰਦੇ ਅੰਦਰ ਗੁਰੂ ਦਾ ਗਿਆਨ ਨਹੀਂ ਪਾਈਦਾ ਹੈ।

**ਤੈਸੇ ਗੁਰ ਧਿਆਨ ਕਹੈ ਗੁਰ ਧਿਆਨ ਹੂੰ ਨ ਪਾਵਤ ਜਬ ਲਗੁ ਗੁਰ ਦਰਸਿ ਜਾਇ ਨ ਸਮਾਈਐ ॥੫੪੨॥**

ਉਸੇ ਤਰ੍ਹਾਂ ਗੁਰੂ ਦਾ ਧਿਆਨ ਆਖਿਆਂ ਗੁਰੂ ਦਾ ਧਿਆਨ ਨਹੀਂ ਪਾਈਦਾ ਹੈ, ਜਦ ਤਕ ਜਾ ਕੇ ਗੁਰੂ ਦੇ ਦਰਸ਼ਨ ਵਿਚ ਨਹੀਂ ਸਮਾਈਦਾ ਹੈ ॥ ੫੪੨ ॥

**ਸਿੰਮ੍ਰਿਤ ਪੁਰਾਨ ਬੇਦ ਸਾਸਤ੍ਰ ਬਿਰੰਚਿ ਬਿਆਸ ਨੇਤਿ ਨੇਤਿ ਨੇਤਿ ਸੁਕ ਸੇਖ ਜਸੁ ਗਾਇਓ ਹੈ ॥**

ਸਿਮ੍ਰਤੀਆਂ, ਪੁਰਾਨ, ਬੇਦ, ਸ਼ਾਸਤਰ, ਬ੍ਰਹਮਾਂ ਤੇ ਬਿਆਸ, ਸੁਕਦੇਵ, ਤੇ ਸ਼ੇਸ਼ਨਾਗ (ਆਦਿਕਾਂ ਨੇ) ਬੇਅੰਤ ਬੇਅੰਤ ਬੇਅੰਤ (ਕਹਿਕੇ ਜਿਸਦੇ) ਜਸ ਨੂੰ ਗਾਵਿਆਂ ਹੈ।

**ਸਿਉ ਸਨਕਾਦਿ ਨਾਰਦਾਦਿਕ ਰਿਖੀਸਰਾਦਿ ਸੁਰ ਨਰ ਨਾਥ ਜੋਗ ਧਿਆਨ ਮੈ ਨ ਆਇਓ ਹੈ ॥**

(ਜੋ) ਸ਼ਿਵਜੀ, ਸਨਕ ਵਰਗ ਬਾਲ ਜਤੀਆਂ, ਨਾਰਦ ਵਰਗੇ ਮੁਨੀਆਂ ਤੇ ਰਿਖੀਸਰਾਂ, ਦੇਵਤਿਆਂ ਮਨੁਖਾਂ ਤੇ ਨਾਥਾਂ ਨੂੰ ਜੋਗ ਧਿਆਨ ਵਿਚ (ਨਜ਼ਰ) ਨਹੀਂ ਆਇਆ ਹੈ।

**ਗਿਰਿ ਤਰ ਤੀਰਥ ਗਵਨ ਪੁੰਨ ਦਾਨ ਬ੍ਰਤ ਹੋਮ ਜਗ ਭੋਗ ਨਈਬੇਦ ਕੈ ਨ ਪਾਇਓ ਹੈ ॥**

ਪਹਾੜਾਂ ਉਤੇ (ਜਾ ਕ ਤਪ ਕੀਤਿਆਂ) ਦਰਖਤਾਂ (ਨਾਲ ਪੁਠੇ ਲਟਕਿਆਂ) ਤੀਰਥਾਂ ਦੀ (ਗਵਨ) ਯਾਤਰਾ ਕੀਤਿਆਂ, ਪੁੰਨ ਦਾਨ ਤੇ ਬਰਤ (ਰਖਿਆਂ) ਹੋਮ, ਜਗ (ਕਰਨ ਨਾਲ) ਭੋਗ (ਲੁਆਉਣ ਤੇ ਨਈਵੇਦ ਕਰਨ ਕਰ ਕੇ (ਭੀ ਕਿਜੇ ਨਹੀਂ) ਪਾਇਆ ਹੈ।

**ਅਸ ਵਡਭਾਗਿ ਮਾਇਆ ਮਧਿ ਗੁਰ ਸਿਖਨ ਕਉ ਪੂਰਨ ਬ੍ਰਹਮ ਗੁਰ ਰੂਪ ਹੁਇ ਦਿਖਾਇਓ ਹੈ॥ ੫੪੩ ॥**

ਪੂਰਨ ਬ੍ਰਹਮ ਨੂੰ ਗੁਰੂ ਰੂਪ ਹੋ ਕੇ, ਵਡੇ ਭਾਗਾਂ ਵਾਲੇ ਸਿਖਾਂ ਨੂੰ ਇਸ ਤਰ੍ਹਾਂ ਬ੍ਰਹਮ ਮਾਇਆ ਦੇ ਵਿਚ ਹੀ ਵਿਖਾ ਦਿਤਾ ਹੈ ॥ ੫੪੩ ॥

**ਬਾਹਰਿ ਕੀ ਅਗਨਿ ਬੂਝਤ ਜਲ ਸਰਿਤਾ ਕੈ ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ ॥**

ਬਾਹਰ ਦੀ ਅਗ ਨਦੀ ਦੇ ਪਾਣੀ ਨਾਲ ਬੁਝਦੀ ਹੈ, (ਪਰ) ਜੇਕਰ ਬੇੜੀ ਵਿਚ ਅਗ ਲਗ ਜਾਵੇ (ਤਾਂ ਉਸਨੂੰ) ਕਿਸ ਤਰ੍ਹਾਂ ਕਰ ਕੇ ਬੁਝਾਇਆ ਜਾ ਸਕਦਾ ਹੈ ?

**ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ੍ਹ ਗੜ੍ਹ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ ॥**

ਬਾਹਰ ਤੋਂ ਭਜਕੇ ਕਿਲੇ ਦੇ ਅੰਦਰ ਜਾ ਕੇ ਗੜ੍ਹ ਦੀ ਓਟ ਲਈ ਜਾਂਦੀ ਹੈ, (ਪਰ) ਜੇਕਰ (ਕੋਈ) ਗੜ੍ਹ ਦੇ ਵਿਚ ਬੈਠਿਆਂ ਨੂੰ ਲੁਟ ਲਵੇ ਤਾਂ ਦਸੋ ਫਿਰ ਕਿਥੇ ਚਲੇ ਜਾਵਾਂਗੇ ?

**ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ॥**

ਚੋਰਾਂ ਤੋਂ ਡਰ ਕਰ ਕੇ, ਜਾ ਕੇ ਰਾਜੇ ਦੀ ਸ਼ਰਨ (ਓਟ) ਫੜੀਦੀ ਹੈ, (ਜੇਕਰ) ਰਾਜਾ (ਹੀ ਉਨਕੇ) ਮਾਰਨ ਲਗ ਪਵੇ, (ਤਾਂ) ਜਾਨ ਨੂੰ ਕਿਸ ਤਰ੍ਹਾਂ ਕਰ ਕੇ ਬਚਾਵਾਂਗੇ ?

**ਮਾਇਆ ਡਰ ਡਰਪਤ ਹਾਰਿ ਗੁਰ**

**ਦੁਆਰਿ ਜਾਵੈ ਤਹਾਂ ਜਉ ਮਾਇਆ ਬਿਆਪੈ ਕਹਾਂ ਠਹਰਾਈਐ ॥੫੪੪॥**

ਮਾਇਆ ਦ ਡਰ ਤੋਂ ਡਰਦਿਆਂ ਹੋਇਆਂ (ਪੁਰਸ਼) ਹਾਰ ਕੇ ਗੁਰਦਵਾਰੇ ਜਾਂਦਾ ਹੈ (ਪਰ) ਜੇਕਰ ਉਥੇ (ਗਿਆਂ ਭੀ) ਮਾਇਆ ਲਗ ਜਾਵ, (ਤਾਂ ਫਿਰ ਦਸੋ) ਕਿਥੇ ਜਾ ਕੇ ਠਹਿਰਿਆ ਜਾਵੇਗਾ ? ॥ ੫੪੪ ॥

**ਸਰਪ ਕੈ ਤ੍ਰਾਸ ਸਰਨਿ ਗਹੈ ਖਗਪਤਿ ਜਾਇ ਤਹਾਂ ਜਉ ਸਰਪ ਗ੍ਰਾਸੈ ਕਹੌ ਕੈਸੇ ਜੀਜੀਐ ॥**

ਸਪ ਤੋਂ ਡਰ ਕਰ ਕੇ ਜਾ ਕੇ ਗਰੁੜ ਦੀ ਓਟ ਫੜ ਲਈਏ, (ਪਰ) ਜੇ ਕਰ ਉਥੇ (ਗਿਆਂ ਨੂੰ) ਸਪ ਖਾ ਲਵੇ ਤਾਂ ਦਸੋ, (ਫਿਰ ਆਪ ਦਾ) ਜੀਊਣਾ ਕਿਸ ਤਰ੍ਹਾਂ ਹੋਵੇਗਾ ?

**ਜੰਬੁਕ ਸੈ ਭਾਗਿ ਮ੍ਰਿਗਰਾਜ ਕੀ ਸਰਨ ਗਹੈ ਤਹਾਂ ਜਉ ਜੰਬੁਕ ਹਰੈ ਕਹੋ ਕਹਾਂ ਕੀਜੀਐ ॥**

ਗਿਦੜ ਤੋਂ ਭਜ ਕਰ ਕੇ ਸ਼ੇਰ ਦੀ ਸ਼ਰਨ ਫੜੀਏ ਅਤੇ ਜੇਕਰ ਉਥੇ (ਗਿਆਂ ਨੂੰ ਭੀ) ਗਿਦੜ ਮਾਰ ਦੇਵੇ ਤਾਂ ਦਸੋ, ਫਿਰ ਕੀ ਕੀਤਾ ਜਾ ਸਕਦਾ ਹੈ ?

**ਦਾਰਿਦ੍ਰ ਕੈ ਚਾਂਪੈ ਜਾਇ ਸਰਨਿ ਸੁਮੇਰ ਸਿੰਧ ਤਹਾਂ ਜਉ ਦਰਿਦ੍ਰ ਦਾਹੈ ਕਾਹਿ ਦੋਸੁ ਦੀਜੀਐ ॥**

ਦਰਿਦਰ ਦੇ ਦਬਾਉ (ਤੋਂ ਡਰਕੇ) ਜਾ ਕ ਸੁਮਰ (ਪਹਾੜ ਜਾਂ ਸਮੁੰਦਰ ਕੋਲ) ਚਲ ਜਾਈਏ, (ਪਰ ਉਥ ਗਿਆਂ ਨੂੰ) ਦਰਿਦ੍ਰ ਆਨ ਸਾੜੇ (ਤਾਂ ਫਿਰ ਦੋਸ਼ ਕਿਸਨੂੰ ਦਿਤਾ ਜਾ ਸਕਦਾ ਹੈ ।

**ਕਰਮ ਭਰਮ ਕੈ ਸਰਨਿ ਗੁਰਦੇਵ ਗਹੈ ਤਹਾਂ ਨ ਮਿਟੈ ਕਰਮੁ ਕਉਨ ਓਟ ਲੀਜੀਐ ॥ ੫੪੫ ॥**

(ਇਸੇ ਤਰ੍ਹਾਂ) ਕਰਮਾਂ ਦੇ ਭਰਮ ਕਰ ਕੇ ਗੁਰਦੇਵ ਜੀ ਦੀ ਸ਼ਰਨ ਦੀ ਓਟ ਫੜੀਏ, (ਪਰ) ਉਥੇ ਭੀ ਕਰਮਾਂ ਦਾ ਭਰਮ ਨਾ ਮਿਟੇ, ਤਾਂ ਫਿਰ ਦਸੋ ਕਿਸ ਦੀ ਓਟ ਲਵਾਂਗੇ ॥ ੫੪੫ ॥

**ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦਰ ਬਿਖੈ ਹੰਸ ਮਰਜੀਵਾ ਨਿਹਚੈ ਪ੍ਰਸਾਦ ਪਾਵਈ ॥**

ਜਿਸ ਤਰ੍ਹਾਂ ਕਿ ਸਮੁੰਦਰ ਵਿਚ ਸਾਰੀਆਂ ਨਿਧਾਂ ਪੂਰਨ ਹਨ, (ਪਰ) ਹੰਸ ਤੇ ਮਰਜੀਵੜਾ ਜਰੂਰ (ਹੀ ਸਮੁੰਦਰ ਪਾਸੋਂ ਉਨ੍ਹਾਂ ਨਿਧਾਂ ਨੂੰ) ਪ੍ਰਸ਼ਾਦ (ਲੈਣ ਵਾਂਗੂ) ਪਾ ਲੈਂਦਾ ਹੈ ।

**ਜੈਸੇ ਪਰਬਤਿ ਹੀਰਾ ਮਾਨਿਕ ਪਾਰਸਿ ਸਿਧ ਖਨਵਾਰਾ ਖਨਿ ਜਗਿ ਵਿਖੈ ਪ੍ਰਗਟਾਵਈ ॥**

ਜਿਸ ਤਰ੍ਹਾਂ ਪਹਾੜ ਵਿਚ ਹੀਰਾ, ਮਾਨਕ ਤੇ ਪਾਰਸ ਆਦਿਕ (ਸਿਧ) (ਵਸਤਾਂ ਹਨ, ਜਿਨ੍ਹਾਂ ਨੂੰ) ਖਾਨ ਪੁਟਨ ਵਾਲਾ (ਪਹਾੜ ਨੂੰ) ਖੋਦ ਖੋਦ ਕ ਜਗਤ ਵਿਚ ਪ੍ਰਗ ਟ ਕਰਦਾ ਹੈ ।

**ਜੈਸੇ ਬਨ ਬਿਖੈ ਮਲਿਆਗਰ ਅਗਰ ਸੋਧਾ ਕਪੂਰ ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ ॥**

ਜਿਸ ਤਰ੍ਹਾਂ ਬਨ ਵਿਚ ਮਲਯ ਗਰ (ਚੰਦਨ) ਤੇ ਸੋਧਾ-ਕਪੂਰ (ਰਘੀਆ ਕਪੂਰ) (ਅ ਦਿਕ ਸੁਗੰਧਤ ਵਸਤਾਂ ਹੁੰਦੀਆਂ ਹਨ, ਜਿਨਾਂ ਨੂੰ (ਸੁਬਾਸੀ) ਵਾਸ਼ਨਾ ਸੁੰਘ ਕੇ ਵਸਤਾਂ ਲਭਣ ਵਾਲਾ ਸਾਂਘਾ (ਸੋਧ ਕੈ) ਖੋਜ ਕਰਕੇ (ਲਭ ਲੈਂਦਾ ਹੈ, ਅਤ ਉਹਨਾਂ ਦੀ) ਸ਼ੁਭ ਵਾਸ਼ਨਾ ਨਾਲ ਜਗਤ ਨੂੰ) (ਬਿਹਸਾਵਈ) ਸੁਗੰਧਤ ਕਰ ਦਿਤਾ ਕਰਦਾ ਹੈ ।

**ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥ ੫੪੬ ॥**

ਉਸੇ ਤਰ੍ਹਾਂ ਗੁਰਬਾਣੀ ਵਿਚ ਸਾਰੇ ਹੀ ਪਦਾਰਥ

ਹਨ, ਜੇਹੜਾ ਜੇਹੜਾ ਖੋਜੇਗਾ, ਓਹੀ ਓਹੀ (ਪਦਾਰਥਾਂ ਨੂੰ ਗੁਰਬਾਣੀ ਵਿਚੋਂ) ਪੈਦਾ ਕਰ ਲਵੇਗਾ ॥ ੫੪੬ ॥

**ਪਰ ਤ੍ਰਿਆ ਦੀਰਘ ਸਮਾਨਿ ਲਘੁ ਜਾਵਦੇਕ ਜਨਨੀ ਭਗਨੀ ਸੁਤਾ ਰੂਪ ਕੈ ਨਿਹਾਰੀਐ ॥**

(ਜੋ) ਪਰ ਇਸਤਰੀ ਵਡੀ ਨੂੰ ਮਾਤਾ, ਬਰਾਬਰ ਦੀ ਨੂੰ ਭੈਣ ਤ (ਲਘੁ) ਛੋਟੀ ਨੂੰ ਪੁਤ੍ਰੀ ਰੂਪ ਕਰ ਕੇ ਜੇਹੜਾ ਕਈ ਵੇਖਦਾ ਹੈ ।

**ਪਰਦਰਬਾ ਸਹਿ ਗਊ ਮਾਸ ਤੁਲਿ ਜਾਨਿ ਰਿਦੈ ਕੀਜੈ ਨ ਸੁਪਰਸ ਅਪਰਸ ਸਿਧਾਰੀਐ ॥**

(ਜੋ) ਪਰਾਏ ਧਨ ਨੂੰ ਗਊ ਮਾਸ ਬਰਾਬਰ ਜਾਣ ਕੇ ਹਿਰਦ ਵਿਚ (ਸਹਿ) ਨਿਸਚਾ ਕਰ ਕੇ (ਉਸਨੂੰ) ਸਪਰਸ਼ ਨਹੀਂ ਕਰਦਾ ਹੈ ਅਤੇ ਅਪਰਸ਼ (ਰਹਿ ਕ ਪਰਾਂ ਦਾ ਪਰਾਂ) ਚਲਾ ਜਾਂਦਾ ਹੈ (ਅਰਥਾਤ ਜੋ ਪਰਾਏ ਧਨ ਨੂੰ ਛੋਹਣ ਤੋਂ ਬਿਨਾਂ ਹੀ ਧਨ ਦੇ ਕੋਲ ਨਹੀਂ ਪੁਜਦਾ ਤੇ ਦੂਰ ਤੋਂ ਹੀ ਲੰਘ ਜਾਂਦਾ ਹੈ ।

**ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤ ਪੋਤਿ ਅਵਗੁਨ ਗੁਨ ਕਾਹੂ ਕੋ ਨ ਰਿਦ ਮੈ ਬੀਚਾਰੀਐ ॥**

(ਜੋ) (ਘਟਿ) ਸਾਰੇ ਹੀ (ਘਟਿ) ਸਰੀਰਾਂ ਵਿਚ ਬ੍ਰਹਮ ਦੀ ਜੋਤ ਨੂੰ ਹੀ ਤਣੇ ਪੇਟ (ਦੇ ਇਕੋ ਸੂਤਰ ਵਾਗੂੰ) ਪੂਰਨ (ਜਾਣ ਕਰਕੇ) ਕਿਸੇ ਦੇ ਗੁਣ ਤੇ ਕਿਸੇ ਦ ਔਗੁਣਾਂ ਦੀ ਵੀਚਾਰ ਹਿਰਦੇ ਵਿਚ ਨਹੀਂ ਵਿਚਾਰਦਾ ਹੈ ।

**ਗੁਰ ਉਪਦੇਸ਼ ਮਨ ਧਾਵਤ ਬਰਜਿ ਰਾਖੇ ਪਰ ਧਨ ਪਰ ਤਨ ਪਰ ਦੂਖਨਾ ਨਿਵਾਰੀਐ ॥ ੫੪੭ ॥**

(ਜਿਸ ਨੇ) ਗੁਰ ਉਪਦੇਸ਼ ਨਾਲ ਦੌੜਦੇ ਹੋਏ ਮਨ ਨੂੰ ਰੋਕ ਰਖਿਆ ਹੈ, ਅਤੇ ਪਰਾਏ ਧਨ ਨੂੰ (ਖੋਹਣ ਵਲੋਂ), ਪਰਾਈ ਇਸਤਰੀ (ਨੂੰ ਛੋਹਣ ਵਲੋਂ ਤੇ) ਪਰਾਈ ਨਿੰਦਾ (ਕਰਨ ਵਲੋਂ ਮਨ ਨੂੰ) ਨਵਿਰਤ ਕਰ ਲਿਆ (ਭਾਵ ਮਨ ਨੂੰ ਰੋਕ ਰਖਿਆ) ਹੈ ॥ ੫੪੭ ॥

**ਜੈਸੇ ਪ੍ਰਾਤ ਸਮੈ ਖਗ ਜਾਤਿ ਉਡਿ ਬਿਰਖ ਸੈ ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇਕੈ ॥**

ਜਿਸ ਤਰ੍ਹਾਂ ਸਵੇਰ ਵੇਲੇ ਪੰਛੀ ਦਰਖਤ ਤੋਂ ਉਡ ਜਾਂਦੇ ਹਨ, (ਪਰ) ਫੇਰ (ਰਾਤ ਦੇ) ਆਇਆਂ ਦਰਖਤ ਦੇ (ਉਤੇ ਆਪਣੇ ਆਹਲਣੇ ਦੇ) ਵਿਚ ਹੀ ਆ ਬੈਠਦੇ ਹਨ ।

**ਚੀਟੀ ਚੀਟਾ ਬਿਲ ਸੈ ਨਿਕਸਿ ਧਰ ਗਵਨ ਕੈ ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇਕੈ ॥**

ਜਿਸ ਤਰ੍ਹਾਂ ਕੀੜੀਆਂ, ਕੀੜ (ਆਪਣੀ ਆਪਣੀ ਖੁਡ ਵਿਚੋਂ ਨਿਕਲਕੇ ਧਰਤੀ ਉਤੇ ਗਮਨ (ਫਿਰਨਾ) ਕਰਦ ਹਨ, ਅਤੇ ਫਿਰ ਉਹ ਜਾ ਕਰ ਕੇ ਖੁਡ ਦੇ ਵਿਚ ਹੀ ਵੜ ਜਾਂਦ ਹਨ ।

**ਲਰਿ ਕੈ ਲਰਕਾ ਰੂਠਿ ਜਾਤ ਤਾਤ ਮਾਤ ਸਨ ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇਕੈ ॥**

(ਜਿਸ ਤਰ੍ਹਾਂ) ਲੜਕਾ ਮਾਂ ਪਿਉ ਨਾਲ ਲੜ ਕਰ ਕੇ (ਘਰ ਤੋਂ) ਰੁਸ ਕਰ ਕ (ਬਾਹਰ ਚਲਾ) ਜਾਂਦਾ ਹੈ, (ਪਰ ਜਦੋਂ) ਭੁਖ ਲਗਦੀ ਹੈ (ਤਾਂ ਆਪਣਾ) ਹਠ (ਜਿਦ) ਤਿਆਗ ਕਰ ਕ ਪਛਤਾਵਾ ਕਰਦਾ ਹੋਇਆ ਘਰ ਮਾਂ ਬਾਪ ਕੋਲ ਆ ਜਾਂਦਾ ਹੈ ।

**ਜੈਸੇ ਗ੍ਰਿਹਿ ਤਿਆਗਿ ਭਾਗਿ ਜਾਤ ਉਦਾਸ ਬਾਸ ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇਕੈ ॥ ੫੪੮ ॥**

ਉਸੇ ਤਰ੍ਹਾਂ (ਕਈ ਆਦਮੀ) ਗ੍ਰਹਸਤ ਨੂੰ ਤਿਆਗ ਕੇ, (ਸ਼ੈਹਰਾਂ ਤੋਂ) ਭਜਕੇ ਚਲੇ ਜਾਂਦੇ ਹਨ (ਤੇ ਜਾ ਕੇ) ਉਦਾਸ ਜਗਾ (ਜੰਗਲ) ਵਿਚ ਜਾ ਵਸਦੇ ਹਨ, ਅਤੇ ਫੇਰ (ਸਮਾਂ ਪੈਣ ਉਤ) ਆਣਕੇ ਗ੍ਰਹਸਤ

ਦਾ ਹੀ ਆਸਰਾ ਤਕਦੇ ਹਨ (ਅਰਥਾਤ 'ਹੋਇ ਅਤੀਤ ਗ੍ਰਿਹਸਤ ਤਜਿ ਫਿਰ ਉਨਹੂ ਕੇ ਘਰਿ ਮੰਗਣ ਜਾਈ ॥') ॥ ੫੪੮ ॥

**ਕਾਹੂ ਦਿਸਾ ਕੇ ਪਵਨ ਗਵਨ ਕੈ ਬਰਖਾ ਹ੍ਵੈ ਕਾਹੂ ਦਿਸਾ ਕੌ ਪਵਨ ਬਾਦਰ ਬਿਲਾਤ ਹੈ ॥**

ਕਿਸੇ ਦਿਸ਼ਾ ਦੀ ਹਵਾ ਚਲਣ ਕਰ ਕੇ ਬਰਖਾ ਹੋ ਜਾਂਦੀ ਹੈ ਅਤੇ ਕਿਸੇ ਦਿਸ਼ਾ ਦੀ ਹਵਾ ਨਾਲ ਬਦਲਾਂ (ਦੀ ਘਟਾ ਹੀ) ਦੂਰ ਹੋ ਜਾਂਦੀ ਹੈ।

**ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ ਕਾਹੂ ਜਲ ਪਾਨ ਬਿਆਪੈ ਬ੍ਰਿਥਾ ਬਿਲਲਾਤ ਹੈ ॥**

ਕਿਸੇ ਪਾਣੀ ਦੇ ਪੀਣ ਕਰ ਕੇ ਦੇਹੀ ਅਰੋਗ ਰਹਿੰਦੀ ਹੈ ਅਤੇ ਕਿਸੇ ਪਾਣੀ ਦੇ ਪੀਣ ਕਰ ਕੇ ਦੇਹ ਨੂੰ ਰੋਗ ਲਗ ਜਾਂਦਾ ਹੈ, (ਜਿਸ ਕਰ ਕੇ ਜੀਵ) ਰੋਂਦਾ ਹੈ।

**ਕਾਹੂ ਗ੍ਰਿਹ ਕੀ ਅਗਨਿ ਪਾਕ ਸ਼ਾਕ ਸਿਧਿ ਕਰੈ ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ ॥**

ਕਿਸੇ ਘਰ ਦੀ ਅਗ ਅੰਨ ਤੇ ਸਾਗ ਭਾਜੀ ਰਿੰਨ ਬਣਾ ਕੇ ਤਿਆਰ ਕਰਦੀ ਹੈ ਅਤੇ ਕਿਸੇ ਘਰ ਦੀ ਅਗ ਘਰ ਨੂੰ ਹੀ ਸਾੜਕੇ ਸੁਆਹ ਕਰ ਦੇਂਦੀ ਹੈ।

**ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੋਇ ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ ॥ ੫੪੯ ॥**

(ਇਸੇ ਤਰ੍ਹਾਂ) ਕਿਸੇ ਦੀ ਸੰਗਤ ਵਿਚ ਮਿਲਕੇ (ਪੁਰਸ਼) ਜੀਵਨ ਮੁਕਤ ਹੋ ਜਾਂਦਾ ਹੈ ਅਤੇ ਕਿਸੇ ਦੀ ਸੰਗਤ ਵਿਚ ਮਿਲ ਕਰ ਕੇ (ਪੁਰਸ਼) ਜਮ ਦੀ ਪੁਰੀ ਵਿਚ ਜਾਂਦਾ ਹੈ ॥ ੫੪੯ ॥

**ਪ੍ਰੀਤਮ ਕੇ ਮੇਲ ਖੇਲ ਪ੍ਰੇਮ ਨੇਮ ਕੈ ਪਤੰਗ ਦੀਪਕ ਪ੍ਰਗਾਸ ਜੋਤੀ ਜੋਤਿ ਹੂੰ ਸਮਾਵਈ ॥**

(ਜਿਸ ਤਰ੍ਹਾਂ) ਪਤੰਗਾ ਪਰੇਮ ਨੇਮ ਦੇ ਖੇਲ ਕਰ ਕੇ ਦੀਵੇ ਦੇ ਪ੍ਰਕਾਸ਼ ਵਿਚ ਜੋਤ ਹੋ ਕੇ ਸਮਾ ਜਾਂਦਾ ਹੈ (ਇਸੇ ਤਰ੍ਹਾਂ ਪਰੇਮੀ) ਪਰੇਮ ਨੇਮ ਦੇ ਖੇਲ ਕਰ ਕੇ ਪ੍ਰੀਤਮ ਨਾਲ ਮਿਲ ਕੇ ਜੋਤ ਸਰੂਪ ਹੋ ਕੇ ਜੋਤੀ ਵਿਚ ਸਮਾ ਜਾਂਦਾ ਹੈ।

**ਸਹਜ ਸੰਜੋਗ ਅਰੁ ਬਿਰਹ ਬਿਓਗ ਬਿਖੈ ਜਲ ਮਿਲਿ ਬਿਛਰਤ ਮੀਨ ਹੁਇ ਦਿਖਾਵਈ ॥**

(ਜਿਸ ਤਰ੍ਹਾਂ) ਜਲ ਨਾਲ ਮਿਲਕੇ (ਅਨੰਦ ਤੇ) ਜਲ ਦੇ ਵਿਛੜਿਆਂ ਹੀ ਮਛੀ (ਤੜਫਕੇ ਮਰ ਜਾਂਦੀ ਹੈ, ਇਸੇ ਤਰ੍ਹਾਂ ਹੀ ਪਰਮੀ ਪ੍ਰੀਤਮ ਦੇ) ਸੰਜੋਗ ਵਿਚ (ਸਹਜਿ) ਸ਼ਾਂਤਿ ਅਤੇ ਵਿਛੋੜੇ ਵਿਖੇ ਬਿਰਹ (ਨਾਲ ਦੁਖੀ) ਹੋ ਕੇ ਦਿਖਾਉਂਦਾ ਹੈ।

**ਸ਼ਬਦ ਸੁਰਤਿ ਲਿਵ ਥਕਿਤ ਚਕਿਤ ਹੋਇ ਸ਼ਬਦ ਬੇਧੀ ਕੁਰੰਗ ਜੁਗਤਿ ਜਤਾਵਈ ॥**

(ਜੋ) ਸ਼ਬਦ ਵਿਚ ਸੁਰਤੀ ਦੀ ਲਿਵ (ਜੋੜਕੇ, ਸੰਸਾਰ ਵਲੋਂ) ਥਕਤ ਹੋ ਗਏ ਹਨ, (ਉਹ) ਚਕਰਤ ਹੋ ਕੇ, ਹਰਨ ਦੀ ਜੁਗਤੀ (ਵਾਂਗੂੰ) ਸ਼ਬਦ ਬੇਧੀ ਜੁਗਤੀ ਜਤਾਉਂਦਾ ਹੈ (ਅਰਥਾਤ ਜਿਵੇਂ ਹਰਨ ਸ਼ਬਦ ਨੂੰ ਸੁਣ ਕੇ ਆਪਾ ਵਾਰ ਦੇਂਦਾ ਹੈ, ਇਸ ਤਰ੍ਹਾਂ ਪਰੇਮੀ ਗੁਰ ਬਾਣੀ ਸੁਣਕੇ ਆਪਣਾ ਆਪ ਕੁਰਬਾਨ ਕਰ ਦੇਂਦਾ ਹੈ)।

**ਮਿਲਿ ਬਿਛੁਰਤ ਅਰੁ ਸ਼ਬਦ ਸੁਰਤਿ ਲਿਵ ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥ ੫੫੦ ॥**

(ਜੋ) ਮਿਲ ਕੇ ਵਿਛੜਦਾ ਹੈ ਅਤੇ ਸ਼ਬਦ ਵਿਚ ਸੁਰਤ ਦੀ ਲਿਵ (ਜੋੜੀ ਰਖਣ ਦਾ ਦਮ ਭਰਦਾ ਹੈ,

ਉਹ) ਕਪਟ ਦੇ ਸਨੇਹ ਕਰਕੇ ਸਨੇਹੀ ਨਹੀਂ ਕਹਾਉਂਦਾ ਹੈ। ੫੫੦ ॥

**ਦਰਸ਼ਨ ਦੀਪ ਦੇਖਿ ਹੋਇ ਨ ਮਿਲੈ ਪਤੰਗੁ ਪਰਚਾ ਬਿਹੂਨ ਗੁਰ ਸਿਖ ਨ ਕਹਾਵਈ ॥**

(ਜੋ ਗੁਰ) ਦਰਸ਼ਨ ਰੂਪ ਦੀਵੇ ਨੂੰ ਵੇਖਕੇ ਪਤੰਗਾ ਹੋ ਕੇ ਨਹੀਂ ਮਿਲਦਾ ਹੈ, (ਉਹ ਇਸ) ਪਰਚੇ ਤੋਂ ਹੀਣਾ ਹੋਣ ਕਰਕ ਗੁਰ ਸਿਖ ਨਹੀਂ ਕਹਾਉਂਦਾ ਹੈ।

**ਸੁਨਤਿ ਸਬਦ ਧੁਨਿ ਹੋਇ ਨ ਮਿਲਤ ਮ੍ਰਿਗ ਸਬਦ ਸੁਰਤਿ ਹੀਨ ਜਨਮ ਲਜਾਵਈ ॥**

(ਜੋ ਗੁਰ) ਸ਼ਬਦ ਦੀ ਧੁਨੀ ਨੂੰ ਸੁਣਦਿਆਂ ਹੀ ਹਰਨ ਹੋ ਕ ਨਹੀਂ ਮਿਲਦਾ ਹੈ, (ਉਹ) ਸ਼ਬਦ ਸੁਰਤਿ ਤੋਂ ਹੀਣਾ (ਹੋਣ ਕਰਕੇ) ਜਨਮ ਨੂੰ ਲੱਜਾ ਲੁਆਂਦਾ ਹੈ।

**ਗੁਰ ਚਰਨਾਮ੍ਰਿਤ ਕੈ ਚਾਤ੍ਰਿਕੁ ਨ ਹੋਇ ਮਿਲੈ ਰਿਦੈ ਨ ਬਿਸ੍ਵਾਸੁ ਗੁਰ ਦਾਸ ਹੁਇ ਨ ਹਸਾਵਈ ॥**

(ਜੋ) ਗੁਰ ਚਰਨਾਮ੍ਰਿਤ (ਰੂਪ ਸਵਾਂਤੀ ਬੂੰਦ ਪੀਣ ਵਾਸਤੇ) ਚਾਤ੍ਰਿਕ ਹੋ ਕਰ ਕੇ ਨਹੀਂ ਮਿਲਦਾ ਹੈ, ਤੇ ਹਿਰਦੇ ਵਿਚ ਵਿਸ਼ਵਾਸ਼ ਨਹੀਂ (ਰਖਦਾ ਹੈ, ਤੇ) ਨਾ ਹੀ ਗੁਰੂ ਕਾ ਦਾਸ ਹਇਆ ਹੈ, (ਉਹ ਤਾਂ ਕੇਵਲ ਆਪਣੀ) ਹਾਸੀ ਹੀ ਕਰਾਂਦਾ ਹੈ।

**ਸਤਿ ਰੂਪ ਸਤਿਨਾਮੁ ਸਤਿਗੁਰ ਗਿਆਨ ਧਿਆਨ ਏਕ ਏਕ ਸਿਖ ਜਲ ਮੀਨ ਹੁਇ ਦਿਖਾਵਈ ॥ ੫੫੧ ॥**

ਸਤਿਗੁਰੂ (ਦ ਉਪਦੇਸ਼ ਰੂਪ) ਸਤਿਨਾਮੁ ਨੂੰ ਸਤਿ ਸਰੂਪ (ਗਿਆਨ) ਜਾਣਕ (ਉਸ ਦੇ) ਧਿਆਨ ਜਿਸ (ਨੂੰ ਜਿਸਨ) ਇਕ (ਆਪਣੇ ਮਨ ਦੀ) ਓਟ (ਬਣਾਈ ਹੈ, ਉਹ) ਸਿਖ(ਗੁਰੂ ਰੂਪ) ਜਲ ਦਾ ਮੱਛ ਹੋ ਕੇ ਵਿਖਾਉਂਦਾ ਹੈ (ਅਰਥਾਤ ਜਿਵੇਂ ਮਛੀ ਪਾਣੀ ਵਿਚ ਪਰਸੰਨ ਤੇ ਪਾਣੀ ਤੋਂ ਵਿਛੜ ਕੇ ਤੜਫ ਕੇ ਮਰ ਜਾਂਦੀ ਹੈ, ਇਵੇਂ ਹੀ ਉਹ ਸਿਖ ਗੁਰੂ ਨਾਲ ਮਿਲਕੇ ਅਨੰਦ ਹੁੰਦਾ ਹੈ ਅਤੇ ਗੁਰੂ ਤੋਂ ਵਿਛੜਦਾ ਹੀ ਤੜਫਕੇ ਮਰ ਜਾਂਦਾ ਹੈ) ॥ ੫੫੧ ॥

**ਉਤਮ ਮਧਿਮ ਅਰੁ ਅਧਮ ਤ੍ਰਿਬਿਧਿ ਜਗੁ ਆਪਨੋ ਸੁਅੰਨੁ ਕਾਹੂ ਬੁਰੋ ਤਉ ਨ ਲਾਗਿ ਹੈ ॥**

ਉਚੇ ਦਰਜੇ ਦਾ, ਵਿਚਾਲੇ ਦਰਜੇ ਦਾ ਤੇ ਨੀਚ ਦਰਜੇ ਦਾ, (ਇਸ ਤਰ੍ਹਾਂ ਨਾਲ) ਤਿੰਨਾਂ ਤਰ੍ਹਾਂ ਦੇ ਲੋਕ ਜਗਤ (ਵਿਚ ਹਨ, ਪਰ ਆਪਣਾ) (ਸੁਅੰਨ) ਪੁਤਰ ਕਿਸੇ ਨੂੰ ਭੀ ਬੁਰਾ ਨਹੀਂ ਲਗਦਾ ਹੈ।

**ਸਭ ਕੋਊ ਬਨਜੁ ਕਰਤ ਲਾਭ ਲਭਤ ਕਉ ਅਪਨੋ ਬਿਉਹਾਰੁ ਭਲੋ ਜਾਨਿ ਅਨੁਰਾਗਿ ਹੈ ॥**

ਸਭ ਕੋਈ ਲਾਭ ਖਟਨ ਦੇ ਵਾਸਤੇ ਹੀ ਵਣਜ ਕਰਦਾ ਹੈ, ਅਤੇ ਆਪਣੇ ਆਪਣ ਵਿਉਹਾਰ ਨੂੰ ਭਲਾ ਜਾਣਕੇ (ਹਰ ਕੋਈ ਉਸਦੇ ਨਾਲ) ਪਰੇਮ ਕਰਦਾ ਹੈ।

**ਤੈਸੇ ਅਪਨੇ ਅਪਨੇ ਇਸਟੈ ਚਾਹਤ ਸਭੈ ਆਪਨੇ ਪਹਰੇ ਸਭ ਜਗਤੁ ਸੁਜਾਗਿ ਹੈ ॥**

ਉਸੇ ਤਰ੍ਹਾਂ ਨਾਲ ਸਭ ਕੋਈ ਆਪਣੇ ਆਪਣੇ ਇਸ਼ਟ ਨੂੰ ਚਾਹੁੰਦਾ ਅਤੇ ਸਾਰਾ ਜਗਤ ਆਪਣੇ ੨ ਪਹਿਰੇ ਵਿਚ ਹੀ ਜਾਗਦਾ ਰਹਿੰਦਾ ਹੈ।

**ਸੁਅੰਨ ਸਮਰਥ ਭਏ ਬਨਜੁ ਬਿਕਾਨੇ ਜਾਨੈ ਇਸ਼ਟ ਪ੍ਰਤਾਪੁ ਅੰਤਿ ਕਾਲਿ ਅਗ੍ਰ ਭਾਗਿ ਹੈ ॥ ੫੫੨ ॥**

(ਜਿਸ ਤਰ੍ਹਾਂ) ਵਣਜ ਤੇ (ਬਿਕਾਨੇ) ਵਿਕਰ ਦੀ ਆਮਦਨ ਜਾਣ ਕੇ (ਸੁਅੰਨ ਸਮਰਥ) ਪੁਤ੍ਰ ਸਮਰਥ ਹੋ ਜਾਂਦਾ ਹੈ, (ਇਸੇ ਤਰ੍ਹਾਂ) ਇਸ ਦਾ ਪ੍ਰਤਾਪ ਅੰਤ ਦੇ ਵੇਲੇ (ਜਗਯਾਸੂ ਦੇ) (ਅਗ੍ਰਭਾਗਿ) ਸਾਹਮਣੇ ਆਣ

ਖੜਾ ਹੁੰਦਾ ਹੈ (ਅਰਥਾਤ ਜਿਵੇਂ ਵਪਾਰ ਦੀ ਵਾਕਫੀ ਕਰਕੇ ਪੁਤਰ ਹਰ ਗਲ ਦੀ ਸਮਰਥਾ ਵਾਲਾ ਹੋ ਜਾਂਦਾ ਹੈ, ਇਸ ਤਰ੍ਹਾਂ ਜਗਯਾਸੂ ਦੇ ਇਸ਼ਟ ਦਾ ਪਰਤਾਪ ਅੰਤ ਦੇ ਸਮੇਂ ਉਸਦਾ ਸਹਾਇਕ ਹੋ ਕੇ ਉਸਦੇ ਸਾਹਮਣੇ ਆ ਜਾਂਦਾ ਹੈ) ॥ ੫੫੨ ॥

**ਅਪਨੋ ਸੁਅੰਨੁ ਸਭ ਕਾਹੂ ਐ ਸੁੰਦਰੁ ਲਾਗੈ ਸਫਲੁ ਸੁੰਦਰਤਾ ਸੰਸਾਰ ਮੈ ਸਰਾਹੀਐ ॥**

ਆਪਣਾ ਪੁਤਰ ਸਭ ਕਿਸੇ ਨੂੰ ਸੁੰਦਰ ਲਗਦਾ ਹੈ, (ਪਰ) ਸਫਲ ਸੁੰਦਰਤਾ (ਓਹੀ ਹੈ, ਜੋ) ਸੰਸਾਰ ਵਿਚ ਸਲਾਹੀ ਜਾਂਦੀ ਹੈ।

**ਆਪਨੋ ਬਨਜੁ ਬੁਰੋ ਲਾਗਤਿ ਨ ਕਾਹੂ ਰਿਦੈ ਜਾਹਿ ਜਗੁ ਭਲੋ ਕਹੈ ਸੋਈ ਤਉ ਬਿਸਾਹੀਐ ॥**

ਆਪਣਾ ਵਣਜ ਕਿਸੇ ਦੇ ਹਿਰਦੇ ਵਿਚ ਭੀ ਬੁਰਾ ਨਹੀਂ ਲਗਦਾ ਹੈ, (ਪਰ) ਜਿਸਨੂੰ ਜਗਤ ਭਲਾ ਆਖੇ, ਓਹੀ ਤਾਂ (ਸੌਦਾ) ਖਰੀਦਿਆ ਜਾਂਦਾ ਹੈ (ਅਰਥਾਤ ਜਿਸ ਸੌਦਾ ਕਰਨ ਵਿਚ ਜਗਤ ਵਿਚ ਬਦਨਾਮੀ ਹੋਵੇ ਉਸ ਵਪਾਰ ਨੂੰ ਕੋਈ ਭੀ ਕਰਦਾ ਨਹੀਂ ਹੈ)।

**ਅਪਨੋ ਕਰਮੁ ਕੁਲਾ ਧਰਮੁ ਕਰਤ ਸਭੈ ਉਤਮ ਕਰਮੁ ਲੋਗ ਬੇਦ ਅਵਗਾਹੀਐ ॥**

ਆਪਣੀ ਆਪਣੀ ਕੁਲ ਦੇ ਧਰਮ ਦੇ ਕਰਮ ਨੂੰ ਸਭ ਕੋਈ ਕਰਦਾ ਹੈ, (ਪਰ ਓਹ ਕਰਮ ਉਤਮ ਮੰਨਿਆ ਜਾਂਦਾ ਹੈ, ਜੋ) ਲੋਕਾਂ ਦੇ ਗਿਆਨ ਤੇ ਵੇਦਾਂ ਦੇ ਗਿਆਨ ਵਿਚ ਪਰਵਾਨ ਕੀਤਾ ਗਿਆ ਹੈ।

**ਗੁਰ ਬਿਨੁ ਮੁਕਤਿ ਨ ਹੋਇ ਸਭ ਕੋਊ ਕਹੈ ਮਾਇਆ ਮੈ ਉਦਾਸ ਰਾਖੈ ਸੋਈ ਗੁਰ ਚਾਹੀਐ ॥ ੫੫੩ ॥**

(ਇਸੇ ਤਰ੍ਹਾਂ) ਸਭ ਕੋਈ ਆਖਦਾ ਹੈ (ਕਿ) ਗੁਰੂ ਨੂੰ ਧਾਰਨ ਕੀਤੇ ਤੋਂ ਬਿਨਾਂ ਕੋਈ ਭੀ ਮੁਕਤ ਨਹੀਂ ਹੁੰਦਾ ਹੈ, (ਪਰ) ਜੇਹੜਾ ਮਾਇਆ ਵਿਚ ਉਦਾਸ ਰਖਦਾ ਹੈ, ਉਸੇ ਨੂੰ ਗੁਰੂ (ਕਰਨਾ) ਚਾਹੀਦਾ ਹੈ।

**ਜੈਸੇ ਮਧੁ ਮਾਖੀ ਸੰਚਿ ਸੰਚਿ ਕੈ ਇਕਤ੍ਰ ਕਰੈ ਹਰੈ ਮਧੂ ਆਇ ਤਾਕੇ ਮੁਖਿ ਛਾਰੁ ਡਾਰਿਕੈ ॥**

ਜਿਸ ਤਰ੍ਹਾਂ ਮੱਖੀ (ਫੁਲਾਂ ਵਿਚੋਂ) ਖਿੱਚ ਖਿਚ ਕੇ ਸ਼ਹਿਦ ਇਕੱਠਾ ਕਰਦੀ ਹੈ, (ਤਾਂ) ਮਧੂ (ਸ਼ਹਿਦ ਕਢਣ ਵਾਲਾ) ਆ ਕੇ ਉਨ੍ਹਾਂ (ਮਖੀਆਂ) ਦੇ ਮੂੰਹ ਵਿਚ ਖੇਹ ਪਾ ਕੇ ਸ਼ਹਿਦ ਖੋਹ ਲੈਂਦਾ ਹੈ (ਅਰਥਾਤ ਧੂਏਂ ਨਾਲ ਮਖੀਆਂ ਨੂੰ ਦੁਖੀ ਕਰ ਕੇ ਉਡਾ ਦੇਂਦਾ ਹੈ ਤੇ ਸ਼ਹਿਦ ਨੂੰ ਚੋਅ ਲੈਂਦਾ ਹੈ)।

**ਜੈਸੇ ਬਛੁ ਹੇਤੁ ਗਊ ਸੰਚਤ ਹੈ ਖੀਰ ਤਾਹਿ ਲੇਤ ਹੈ ਅਹੀਰੁ ਦੁਹਿ ਬਛਰੇ ਬਿਡਾਰਿਕੈ ॥**

ਜਿਸ ਤਰ੍ਹਾਂ ਵਛੇ ਦੇ ਵਾਸਤੇ ਗਊ ਦੁਧ ਇਕਠਾ ਕਰਦੀ ਹੈ, ਪਰ ਗੁਆਲਾ ਵਛੇ ਨੂੰ ਦੂਰ ਕਰਕੇ ਦੁਧ ਚੋਅ ਲੈਂਦਾ ਹੈ।

**ਜੈਸੇ ਧਰ ਖੋਦਿ ਖੋਦਿ ਕਰਿ ਬਿਲ ਸਾਜੈ ਮੂਸਾ ਪੈਸਤ ਸਰਪੁ ਧਾਇ ਖਾਇ ਤਾਹਿ ਮਾਰਿ ਕੈ ॥**

ਜਿਸ ਤਰ੍ਹਾਂ ਚੂਹਾ ਧਰਤੀ ਨੂੰ ਖੋਤਰ ਖੋਤਰ ਕੇ ਗੁਡ ਬਣਾਉਂਦਾ ਹੈ, (ਪਰ) ਸੱਪ ਖੁੱਡ ਵਿਚ ਵੜ ਜਾਂਦਾ ਹੈ ਅਤੇ ਉਸਨੂੰ ਮਾਰ ਕੇ ਖਾ ਲੈਂਦਾ ਹੈ।

**ਤੈਸੇ ਕੋਟਿ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ ਅੰਤਿ ਕਾਲਿ ਛਾਡਿ ਚਲੇ ਦੋਨੋ ਕਰ ਝਾਰਿ ਕੈ ॥ ੫੫੪ ॥**

ਇਸੇ ਤਰ੍ਹਾਂ ਕਰੋੜਾਂ ਪਾਪ ਕਰ ਕਰਕੇ ਮੂਰਖ ਮਾਇਆ ਇਕਠੀ ਕਰਦਾ ਹੈ, (ਪਰ) ਅੰਤ ਦੇ ਸਮੇਂ ਵਿਚੋਂ ਦੋਵੇਂ ਹਥ ਝਾੜਕੇ (ਭਾਵ ਖਾਲੀ ਹਥ) ਇਥੋਂ ਚਲਾ ਜਾਂਦਾ ਹੈ।

**ਜਾਕੇ ਅਨਿਕ ਫਨੰਗ ਫਨਗ੍ਰ ਭਾਰ ਧਰਨਿ ਧਾਰੀ ਤਾਹਿ ਗਿਰਵਰ ਧਰਿ ਕਹੈ ਕਉਨੁ ਬਡਾਈ ਹੈ ॥**

ਜਿਸ ਦੇ ਅਨੇਕਾਂ ਫਨ ਰੂਪ ਅੰਗ ਹਨ, (ਤੇ ਉਸ ਨੇ ਇਕ) ਫਨ ਦੇ ਅਗਲੇ ਹਿਸੇ ਉਤੇ ਧਰਤੀ ਦੇ ਭਾਰ ਨੂੰ ਧਾਰਿਆ ਹੋਇਆ ਹੈ, ਉਸਦਾ (ਨਾਮ) ਗਿਰਧਾਰੀ ਆਖਦਾ ਹੈ, (ਤਾਂ ਦਸੋ ਇਸ ਵਿਚ) ਕੇਹੜੀ ਉਸਦੀ ਵਡਿਆਈ ਕੀਤੀ ਹੈ ?

**ਜਾਕੋ ਏਕ ਬਾਵਰੋ ਬਿਸ੍ਵ ਨਾਥ ਨਾਮੁ ਕਹਾਵੈ ਤਾਹਿ ਬ੍ਰਿਜਨਾਥ ਕਹੇ ਕਉਨ ਅਧਿਕਾਈ ਹੈ ॥**

ਜਿਸਦਾ (ਪੈਦਾ ਕੀਤਾ ਹੋਇਆ) ਇਕ ਪਾਗਲ ਜੇਹਾ 'ਬਿਸ੍ਵਨਾਥ' ਨਾਮ ਕਹਾਉਂਦਾ ਹੈ, ਉਸ ਨੂੰ ਬ੍ਰਿਜਨਾਥ ਆਖਿਆਂ, (ਦਸੋ ਇਸ ਵਿਚ) ਕੇਹੜੀ ਉਚਤਾ ਹੈ ?

**ਅਨਿਕ ਆਕਾਰ ਓਅੰਕਾਰ ਕੇ ਬਿਥਾਰੇ ਜਾਹਿ ਤਾਹਿ ਨੰਦ ਨੰਦਨ ਕਹੇ ਕਉਨ ਸੋਭਤਾਈ ਹੈ ॥**

ਜਿਸਦੇ (ਓਅੰਕਾਰ) ਫੁਰਨ ਤੋਂ ਹੀ ਅਨੇਕਾਂ ਅਕਾਰਾਂ ਦਾ ਵਿਸਥਾਰ ਹੋ ਗਿਆ ਹੈ, ਉਸਦਾ ਨਾਮ 'ਨੰਦ ਨੰਦਨ' ਕਹਿ ਦਿਤਾ ਹੈ, (ਤਾਂ ਦਸੋ, ਇਸ ਵਿਚ ਉਸਦੀ) ਕੇਹੜੀ ਸੋਭਤਾ ਦਸੀ ਹੈ ?

**ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ ॥ ੫੫੫ ॥**

(ਅਪਨ ਮਨ ਵਿਚ) ਜਾਣਦਾ ਹੈ, (ਜੋ ਮੈਂ ਪ੍ਰਭੂ ਦੀ) ਉਸਤਤੀ ਕਰਦਾ ਹਾਂ, (ਪਰ ਅਸਲ ਵਿਚ) ਮਹਾਂ ਮੂਰਖ ਨਿੰਦਾ ਕਰਦਾ ਹੈ, ਇਸ ਤਰ੍ਹਾਂ ਦੇ ਸਿਮਰਨ ਕਰਨ ਨਾਲੋਂ ਚੁਪ ਕਰ ਰਹਿਣਾ ਹੀ ਸੁਖਦਾਈ ਕਰਮ ਹੈ ।

ਭਾਵ—ਜਿਨ੍ਹਾਂ ਨੇ ਪ੍ਰਭੂ ਨੂੰ ਸਰਗੁਣ ਰੂਪ ਧਾਰੀ ਮੰਨਕੇ ਤੇ ਸਰਗੁਣ ਨਾਮਾਂ ਦਾ ਜਾਪ ਕਰਦੇ ਹਨ, ਉਨ੍ਹਾਂ ਨੂੰ ਉਪਦੇਸ਼ ਦਿਤਾ ਹੈ, ਇਹ ਜਾਪ ਮੁਕਤੀ ਦਾਤਾ ਨਹੀਂ ਹੈ । ਗੁਸਾਈਂ ਤੁਲੀਦਾਸ ਜੀ ਨੇ ਲਿਖਿਆ ਹੈ:

'ਸਰਗੁਨ ਉਪਾਸਕ ਮੁਕਤਿ ਨ ਲੇਈ ॥
ਰਾਮ ਭਗਤਿ ਅਪੁਨੀ ਤਹਿ ਦੇਈ ॥'

ਤਾਂਤ ਸਰਗੁਣ ਭਗਤੀ ਕਰਨ ਨਾਲੋਂ ਚੁਪ ਕਰ ਕੇ ਬੈਠੇ ਰਹਿਣਾ ਹੀ ਸੌ ਦਰਜੇ ਚੰਗਾ ਹੈ, ਇਸ ਲਈ ਸਰਗੁਣ ਨਾਮ ਨਾ ਜਪੋ ।

**ਸ੍ਵੈਯਾ ॥ ਬੇਦ ਬਿਰੰਚਿ ਬਿਚਾਰੁ ਨ ਪਾਵਤ ਚਕ੍ਰਿਤ ਸੇਖ ਸਿਵਾਦਿ ਭਏ ਹੈ ॥**

(ਬਿਰੰਚਿ=ਬ੍ਰਹਮਾ ਨੇ । ਚਕ੍ਰਿਤ=ਹੈਰਾਨ ।)
(ਸਕਰ=ਇੰਦ੍ਰ (੨) ਸ਼ੁਕ੍ਰਚਾਰਜ । ਨਏ=)
(ਨਮਸਕਾਰ । ਸਮੇਵ=ਸਮਾਯਾ ਹੋਇਆ ਹੈ)

ਵੇਦਾਂ ਦੀ ਵੀਚਾਰ (ਕਰਦਿਆਂ ਕਰਦਿਆਂ) ਬ੍ਰਹਮਾਂ ਨੇ (ਜਿਸਦਾ ਭੇਦ) ਨਹੀਂ ਪਾਇਆ ਹੈ, ਸ਼ੇਸ਼ਨਾਗ ਤੇ ਸ਼ਿਵਜੀ ਆਦਿਕ (ਜਿਸਦਾ ਸਿਮਰਨ ਕਰਦੇ ਕਰਦੇ) ਚਕਿਰਤ ਹ ਗਏ ਹਨ ।

**ਜੋਗ ਸਮਾਧਿ ਅਰਾਧਤ ਨਾਰਦ ਸਾਰਦ ਸਕ੍ਰ ਸਨਾਤ ਨਏ ਹੈ ॥**

ਨਾਰਦ, ਸਾਰਦ (ਸਰਸਵਤੀ) ਸੁਕ੍ਰਾਚਾਰਯ ਜਾਂ ਇੰਦ੍ਰ (ਸਨਕ, ਸਨੰਦਨ) ਸਨਾਤਨ (ਤੇ ਸਤ ਕੁਮਾਰ ਆਦਿਕ, ਜਿਸਨੂੰ) ਜੋਗ ਸਮਾਧੀ ਦਵਾਰੇ ਅਰਾਧਦੇ ਹੋਏ ਨਮਸ਼ਕਾਰਾਂ ਕਰਦੇ ਹਨ ।

**ਆਦਿ ਅਨਾਦਿ ਅਗਾਧਿ ਅਗੋਚਰ ਨਾਮੁ ਨਿਰੰਜਨ ਜਾਪ ਜਏ ਹੈ ॥**

(ਜੋ ਸਭ ਦਾ) ਆਦ ਹੈ, (ਉਸਦਾ) ਆਦ ਨਹੀਂ ਹੈ, (ਜੋ) ਅਗਾਧ ਹੈ ਤੇ ਇੰਦ੍ਰਿਆਂ ਦੇ ਗੋਚਰ ਨਹੀਂ ਹੈ, (ਉਸ) ਨਿਰੰਜਨ ਦੇ ਨਾਮ ਦੇ ਜਾਪ ਨੂੰ ਜਪਦੇ ਹਨ ।

**ਸ੍ਰੀ ਗੁਰਦੇਵ ਸੁਮੇਵ ਸੁ ਸੰਗਤਿ ਪੈਰੀ ਪਏ ਭਾਈ ਪੈਰੀ ਪਏ ਹੈ॥੫੫੬॥**

ਓਹੋ (ਨਿਰੰਜਨ) ਸ੍ਰੀ ਗੁਰਦੇਵ (ਰੂਪ ਹੋ ਕੇ) ਸੰਗਤ ਵਿਚ ਸਮਾ ਰਿਹਾ ਹੈ, (ਤਾਂਤ) ਪੈਰੀ ਪਏ, ਭਾਈ (ਜੀ) ਪੈਰੀ ਪਏ ਹੈ ॥ ੫੫੬ ॥

ਗੁਰ ਅਰਜਨ ਕ੍ਰਿਪਾਲ ਕਰੀ ਕ੍ਰਿਪਾ ਮੁਹਿ ਦੀਨ ਪਰ ।
ਤਿਲਕ ਇਤੀਹੋ, ਆਲ, ਸਿੱਧਿ-ਗਿਰਾ ਗੁਰਦਾਸ ਕੋ ।

੧ ੴ ਸਤਿਗੁਰ ਪ੍ਰਸਾਦਿ ॥

# ਕਬਿਤ ਭਾਈ ਗੁਰ ਦਾਸ ਜੀ ਭਾਗ ਦੂਜਾ

**ਕਬਿਤ ॥ ਜੈਸੇ ਤੌ ਕੰਚਨੈ ਪਾਰੋ ਪਰਸਤ ਸੋਖ ਲੇਤ ਅਗਨਿ ਮੈ ਡਾਰੇ ਪੁਨਿ ਪਾਰੋ ਉਡ ਜਾਤ ਹੈ ॥**

(ਕੰਚਨੈ=ਸੋਨੇ ਨੂੰ । ਪਰਸਤ=ਛੋਂਹਦਿਆਂ ।)
(ਸੋਖ ਲੇਤ=ਸੁਕਾ ਲੈਂਦਾ, ਅਪਨੇ ਵਿਚ)
(ਹਜਮ ਕਰ ਲੈਂਦਾ ਹੈ । ਅੰਬਰ=ਕਪੜਾ ।)
(ਮਲੀਨ=ਗੰਦਾ, ਮੈਲਾ । ਸਲਿਲ=ਪਾਣੀ ।)
(ਗਾਤ=ਹੋ ਜਾਂਦਾ । ਬਿਖੈ=ਵਿਹੁ ਦਾ,)
( ਜਹਿਰ ਦਾ । ਮੂਲ=ਮੁੱਢ । )

ਜਿਸ ਤਰ੍ਹਾਂ ਕਿ ਪਾਰਾ ਸੋਨੇ ਨਾਲ ਛੋਂਹਦਿਆਂ ਹੀ ਸੋਨੇ ਨੂੰ ਸੁਕਾ (ਅਰਥਾਤ ਪਾਰਾ ਸੋਨੇ ਨੂੰ ਅਪਣੇ ਵਿਚ ਹਜਮ ਕਰ) ਲੈਂਦਾ ਹੈ, ਅਤੇ ਅੱਗ ਵਿਚ ਪਾਂਦਿਆਂ ਹੀ ਪਾਰਾ ਉਡ ਜਾਂਦਾ ਹੈ (ਅਤੇ ਸੋਨਾ ਜਿਉਂ ਦਾ ਤਿਉਂ ਨਿਕਲ ਆਉਂਦਾ ਹੈ) ।

**ਜੈਸੇ ਮਲ ਮੂਤ੍ਰ ਲਗਿ ਅੰਬਰ ਮਲੀਨ ਹੋਤ ਸਾਬਨ ਸਲਿਲ ਮਿਲਿ ਨਿਰਮਲ ਗਾਤ ਹੈ ॥**

ਜਿਸ ਤਰ੍ਹਾਂ ਗੂਹ ਮੂਤਰ ਨਾਲ ਲਗ ਕੇ ਕਪੜਾ ਮੈਲਾ ਹੋ ਜਾਂਦਾ ਹੈ, ਅਤੇ ਸਾਬਨ ਤੇ ਪਾਣੀ ਨਾਲ ਮਿਲ ਕਰ ਕੇ (ਕਪੜਾ) ਸਾਫ ਸੁਥਰਾ ਹੋ ਜਾਂਦਾ ਹੈ ।

**ਜੈਸੇ ਅਹਿ ਗ੍ਰਸੇ ਬਿਖ ਬਿਆਪਤ ਸਕਲ ਅੰਗਿ ਮੰਤ੍ਰ ਕੈ ਬਿਖੈ ਬਿਕਾਰ ਸਭ ਸੁ ਬਿਲਾਤ ਹੈ ॥**

ਜਿਸ ਤਰ੍ਹਾਂ ਸਪ ਦੇ ਡੰਗ ਮਾਰਦਿਆਂ ਅੰਗਾਂ ਵਿਚ ਵਿਹੁ ਫੈਲ ਜਾਂਦੀ ਹੈ, ਪਰ ਮੰਤਰ (ਨਾਲ ਝਾੜਨ) ਕਰਕੇ ਵਿਹੁ ਦੇ ਵਿਕਾਰ ਸਾਰੇ ਹੀ ਦੂਰ ਹੋ ਜਾਂਦੇ ਹਨ ।

**ਤੈਸੇ ਮਾਇਆ ਮੋਹ ਕੈ ਬਿਮੋਹਤ ਮਗਨ ਮਨ ਗੁਰ ਉਪਦੇਸ਼ ਮਾਇਆ ਮੂਲ ਮੁਰਝਾਤ ਹੈ ॥ ੫੫੭ ॥**

ਉਸੇ ਤਰ੍ਹਾਂ ਮਾਇਆ ਦੇ ਮੋਹ ਕਰ ਕੇ ਮਨ ਮਰਛਿਤ ਹੋ ਜਾਂਦਾ ਹੈ ਅਤੇ ਗੁਰ ਉਪਦੇਸ਼ ਕਰ ਕੇ ਮਾਇਆ ਦਾ ਮੂਲ ਹੀ ਮੁਰਝਾ ਜਾਂਦਾ ਹੈ (ਅਰਥਾਤ ਗੁਰ ਉਪਦੇਸ਼ ਕਰ ਕੇ ਅਗਿਆਨ ਦਾ ਨਾਸ ਹੋ ਜਾਂਦਾ ਹੈ) ॥ ੫੫੭ ॥

**ਜੈਸੇ ਪਾਟ ਚਾਕੀ ਕੇ ਨਾ ਮੂੰਡ ਕੇ ਉਠਾਏ ਜਾਤ ਕਲਾ ਕੀਏ ਲੀਏ ਜਾਤ ਐਂਚਤ ਅਚਿੰਤ ਹੀ ॥**

(ਪਾਟ ਚਾਕੀ=ਚੱਕੀ ਦਾ ਪੁੜ । ਕਲਾ=)
(ਜੁਗਤੀ । (੨) ਯੰਤ੍ਰ । ਐਂਚਤ=ਖਿੱਚ)
(ਲਈਏ, ਚੁਕ ਲਈਏ । ਅਚਿੰਤ=)
(ਨਿਰਯਤਨ, ਸੌਖੇ ਹੀ । ਸਮਤ=ਬੁਧੀ)
(ਨਾਲ । ਸਮਤ ਹੀ=ਸਮਤਾ ਨਾਲ,)
(ਸੁਖਲੇ ਹੀ । ਕਰਵਮ=(ਫ਼ਾ-ਕਿਰਵ ਮੇਂ) )
(ਬੇੜੀ ਵਿਚ । ਸਰਿਤਾ=ਨਦੀ । ਪ੍ਰਬਲ=)
(ਬੜੇ ਜੋਰ ਵਾਲੀ । ਜਲਿ=ਜਲਕੇ, ਸੜਕੇ ।)

ਜਿਵੇਂ ਚੱਕੀ ਦੇ ਪੁੜ ਸਿਰ ਤੇ ਚੁਕਕੇ (ਕਿਤੇ ਲਿਜਾਇ) ਨਹੀਂ ਜਾਂਦੇ, (ਪਰ) ਜੁਗਤੀ ਕੀਤਿਆਂ ਸੁਖਲ ਹੀ ਖਿਚਕੇ ਲਿਜਾ ਸਕੀਦ ਹਨ ।

**ਜੈਸੇ ਗਜ ਕੇਹਰ ਨ ਬਲ ਕੀਏ ਬਸ ਹੋਤ ਜਤਨ ਕੈ ਆਨੀਅਤ ਸਮਤ ਸਮਤ ਹੀ ॥**

ਜਿਵੇਂ ਹਾਥੀ ਤੇ ਸ਼ੇਰ ਜੋਰ ਕੀਤਿਆਂ ਵਸ ਨਹੀਂ ਹੁੰਦੇ ਹਨ, (ਪਰ) ਬੁਧੀ ਨਾਲ ਜਤਨ ਕਰ ਕੇ ਸਹਜੇ ਹੀ

ਫੜਕੇ ਲੈ ਆਈਦੇ ਹਨ।

**ਜੈਸੇ ਸਰਿਤਾ ਪ੍ਰਬਲ ਦੇਖਤ ਭਯਾਨ ਰੂਪ ਕਰਵਮ ਚੜ੍ਹਿ ਪਾਰ ਉਤਰੈ ਤੁਰਤ ਹੀ ॥**

ਜਿਵੇਂ ਬੜੇ ਜੋਰ (ਨਾਲ ਵਗਣ ਵਾਲੀ) ਨਦੀ ਬੜੇ ਡਰੌਣੇ ਰੂਪ ਵਾਲੀ ਦਿਸਦੀ ਹੈ, (ਪਰ) ਬੇੜੀ ਉਤੇ ਚੜ ਕੇ ਤੁਰਤ ਹੀ (ਉਸਤੋਂ) ਪਾਰ ਉਤਰ ਜਾਈਦਾ ਹੈ।

**ਤੈਸੇ ਦੁਖ ਸੁਖ ਬਹੁ ਬਿਖਮ ਸੰਸਾਰ ਬਿਖੈ ਗੁਰ ਉਪਦੇਸ਼ ਜਲ ਜਲ ਜਾਇ ਕਤ ਹੀ ॥ ੫੫੮ ॥**

ਤਿਵੇਂ ਹੀ ਸੰਸਾਰ ਵਿਚ (ਜੋ) ਦੁਖ-ਸੁਖ ਬਹੁਤ ਕਰੜੇ ਹਨ, (ਉਹ) ਗੁਰ ਉਪਦੇਸ਼ ਰੂਪ ਜਲ ਨਾਲ ਸੜਕੇ ਕਿਤੇ ਦੇ ਕਿਤੇ ਚਲੇ ਜਾਂਦੇ ਹਨ ॥ ੫੫੮ ॥

ਨੋਟ—ਜਲ ਦਾ ਅਰਥ ਅੱਗ ਭੀ ਹੋ ਸਕਦਾ ਹੈ, ਕਿਉਂਕਿ ਸੰਸਕ੍ਰਿਤ 'ਜਲ੍ਹ' ਅਗ ਦਾ ਨਾਮ ਕੋਸ਼ਾਂ ਵਿਚ ਲਿਖਿਆ ਹੈ, ਪਰ ਪਾਨੀ ਨਾਲ ਭੀ ਬ੍ਰਿਛ ਬੂਟੇ, ਖੇਤੀ, ਸੜ ਜਾਂਦੀ ਹੈ, ਅਤ ਕਹਾਵਤ ਹੈ--'ਅੱਗ ਦਾ ਸੜਿਆ ਹਰਾ ਹੋ ਸਕਦਾ ਹੈ ਪਰ ਪਾਨੀ ਦਾ ਸੜਿਆ ਹਰਾ ਨਹੀਂ ਹੁੰਦਾ।' ਇਸ ਕਰਕੇ 'ਜਲ' ਦਾ ਅਰਥ ਪਾਨੀ ਹੀ ਕਰਨਾ ਚਾਹੀਦਾ ਹੈ।

**ਜੈਸੇ ਤਉ ਮਰਾਲ ਮਾਲ ਬੈਠਤ ਹੈ ਮਾਨਸਰ ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈਂ ॥**

(ਮਰਾਲ ਮਾਲ=ਹੰਸਾਂ ਦੀ ਡਾਰ।)
(ਬਿਗਸਾਤ=ਖੁਸ਼ ਹੁੰਦੇ । ਪਾਕਸਾਲ=)
(ਰਸੋਈ ਘਰ। ਬਿੰਜਨਾਦਿ=ਭੋਜਨ ਵਗੈਰਾ।)
(ਦ੍ਰੁਮ=ਦਰਖਤ । ਮਧੁਰ=ਮਿਠੇ।)
( ਅਘਾਤ=ਰਜਦੇ। )

ਜਿਸ ਤਰ੍ਹਾਂ ਕਿ ਹੰਸਾਂ ਦੀ ਡਾਰ ਮਾਨ ਸਰੋਵਰ ਉਤੇ ਬੈਠਦੀ ਹੈ ਅਤੇ ਅਮੁਲੇ ਮਤੀ ਖਾ ਖਾ ਕੇ ਖੁਸ਼ ਹੁੰਦੀ ਹੈ।

**ਜੈਸੇ ਤਉ ਸੁਜਨ ਮਿਲਿ ਬੈਠਤ ਹੈ ਪਾਕਸਾਲ ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈਂ ॥**

ਜਿਸ ਤਰ੍ਹਾਂ ਕਿ (ਸਾਰੇ) ਸਜਣ ਮਿੱਤਰ ਇਕਠੇ ਹੋ ਕੇ ਰਸੋਈ ਘਰ ਵਿਚ ਬੈਠਦੇ ਹਨ, (ਜੋ) ਅਨੇਕ ਤਰ੍ਹਾਂ ਦੇ ਭੋਜਨ ਵਗੈਰਾ ਸਵਾਦੀ ਪਦਾਰਥ ਖਾਂਦ ਹਨ।

**ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਛੀ ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈਂ ॥**

ਜਿਸ ਤਰ੍ਹਾਂ ਦਰਖਤ ਦੀ ਛਾਂ ਵਿਚ ਅਨੇਕਾਂ ਪੰਛੀ ਮਿਲਕੇ ਬੈਠਦੇ ਹਨ, (ਜੋ) ਮਿਠੇ ਮਿਠੇ ਫਲ ਖਾਂਦੇ ਤੇ ਮਿਠੇ ਬਚਨ ਬੋਲਦੇ ਹੋਏ ਸ਼ੋਭਾ ਪਾਂਦੇ ਹਨ।

**ਤੈਸੇ ਗੁਰ ਸਿਖ ਮਿਲਿ ਬੈਠਤ ਧਰਮਸਾਲ ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈ ॥ ੫੫੯ ॥**

ਉਸੇ ਤਰ੍ਹਾਂ ਗੁਰ ਸਿਖ ਧਰਮਸਾਲ ਵਿਚ ਮਿਲਕੇ ਬੈਠਦੇ ਹਨ ਅਤੇ (ਗੁਰ) (ਸ਼ਬਦ) ਬਾਨੀ (ਦੇ ਅਭਿਆਸ ਕਰ ਕੇ) (ਸਹਜ) ਆਤਮ ਰਸ ਅੰਮ੍ਰਿਤ ਨਾਲ (ਅਘਾਤ) ਰਜ ਜਾਂਦੇ ਹਨ ॥ ੫੫੯ ॥

**ਜੈਸੇ ਬਨਿਤਾ ਬਚਿਤ੍ਰ ਅਭਰਤ ਸਿੰਗਾਰ ਸਜਿ ਭੇਤਤ ਭਤਾਰ ਚਿਤ ਬਿਮਲ ਅਨੰਦ ਹੈ ॥**

(ਬਨਿਤਾ=ਇਸਤ੍ਰੀ । ਅਭਰਨ=ਗਹਿਣਾ।)
(ਭਤਾਰ=ਪਤੀ । ਸਰਵਰ=ਤਲਾਉ।)
(ਮਧੁਕਰ=ਭੌਰਾ । ਮਕਰੰਦ=ਧੂੜੀ।)
(ਅਚਵਤ=ਪੀਂਦਾ ਹੈ । ਹਿਤ=ਪਰਮ।)
( ਕੰਟ=ਕਟਨਾ। )

ਜਿਵੇਂ ਇਸਤ੍ਰੀ ਸੋਹਣੇ ਸੋਹਣੇ ਗਹਿਣੇ ਆਦਿਕ ਸ਼ਿੰਗਾਰ ਸਜਾ ਕੇ, ਚਿਤ ਦੇ ਨਿਰਮਲ (ਪਿਆਰ ਨਾਲ) ਪਤੀ ਨੂੰ ਮਿਲਦੀ ਹੈ, (ਤਾਂ ਉਸ ਦਾ) ਚਿੱਤ ਅਨੰਦ

ਹੁੰਦਾ ਹੈ।

**ਜੈਸੇ ਸਰਵਰੁ ਪਰਿਫੁਲਤ ਕਮਲ ਦਲ ਮਧੁਕਰ ਮੁਦਤ ਮਗਨ ਮਕਰੰਦ ਹੈ॥**

ਜਿਸ ਤਰ੍ਹਾਂ ਤਲਾਉ ਵਿਚ ਕੌਲ ਫੁਲਾਂ ਦਾ (ਦਲ) ਝੁੰਡ ਖਿੜਿਆ ਹੁੰਦਾ ਹੈ (ਤਾਂ ਉਨਾਂ ਦੇ) ਮਕਰੰਦ (ਰਸ ਨੂੰ ਪੀਕੇ) ਭੌਰਾ ਮਸਤ ਹੋ ਕੇ ਪਰਸੰਨ ਹੁੰਦਾ ਹੈ।

**ਜੈਸੇ ਚਿਤ ਚਾਹਤ ਚਕੋਰ ਦੇਖਿ ਧਿਆਨ ਧਰੈ ਅੰਮ੍ਰਿਤ ਕਿਰਨ ਅਰਵਤ ਹਿਤ ਚੰਦ ਹੈ॥**

ਜਿਸ ਤਰ੍ਹਾਂ ਚਕੋਰ ਦਾ ਚਿਤ (ਜਿਸਨੂੰ) ਚਾਹੁੰਦਾ ਹੈ, (ਉਹ ਚੰਦਰਮਾ ਜਦੋਂ ਚੜ੍ਹਦਾ ਹੈ, ਤਾਂ ਉਸਨੂੰ) ਵੇਖਕੇ ਚਕੋਰ ਧਿਆਨ ਧਰਕੇ (ਬੈਠ ਜਾਂਦਾ ਹੈ, ਅਤੇ ਚੰਦ ਦੀਆਂ) ਕਿਰਨਾਂ (ਵਿਚੋਂ ਝਰਦੇ ਹੋਏ) ਅੰਮ੍ਰਿਤ ਨੂੰ ਹਿਤ ਨਾਲ ਪੀਂਦਾ ਹੈ।

**ਤੈਸੇ ਗਾਇਬੋ ਸੁਨਾਇਬੋ ਸੁ ਸ਼ਬਦ ਸੰਗਤ ਮੈ ਅਨੋ ਦਾਨ ਕੁਰਖੇਤ੍ਰ ਪਾਪ ਮੂਲ ਕੰਦ ਹੈ॥ ੫੬੦॥**

ਉਸੇ ਤਰ੍ਹਾਂ ਸਾਧ ਸੰਗਤ ਵਿਚ (ਜਾ ਕੇ) ਗੁਰ ਸ਼ਬਦ ਦਾ ਗਾਉਣਾ ਤੇ ਸੁਣਾਉਣਾ, (ਇਹ) ਸ਼ੁਭ (ਕਰਮ ਪਾਪਾਂ ਨੂੰ ਇਸ ਤਰ੍ਹਾਂ ਕਟਣ ਵਾਲਾ ਹੈ) ਮਾਨੋ ਕੁਰਖੇਤ ਵਿਚ (ਗ੍ਰਹਣ ਸਮੇਂ ਦਿਤਾ ਹੋਯਾ) ਦਾਨ (ਜਿਵੇਂ) ਪਾਪਾਂ ਦੇ ਮੁਢ ਨੂੰ ਕੱਟ ਦੇਂਦਾ ਹੈ॥ ੫੬੦॥

ਭਾਵ—ਸਾਧ ਸੰਗਤ ਵਿਚ ਜਾ ਕੇ ਗੁਰਬਾਣੀ ਦਾ ਕੀਰਤਨ ਕਰਨਾ ਤੇ ਸੁਣਨਾ, ਇਸ ਤਰ੍ਹਾਂ ਸਾਰੇ ਪਾਪ ਇਉਂ ਮਿਟ ਜਾਂਦੇ ਹਨ, ਜਿਵੇਂ ਸੂਰਜ ਗਰੇਹਣ ਸਮੇਂ ਕੁਰਖੇਤਰ ਵਿਚ ਦਾਨ ਦੇਣ ਨਾਲ ਪਾਪਾਂ ਦੀ ਜੜ੍ਹ ਕਟੀ ਜਾਂਦੀ ਹੈ।

**ਜੈਸੇ ਕਿਰਤਾਸ ਗਰਜਾਤ ਜਲ ਬੂੰਦ ਪਰੀ ਘ੍ਰਿਤ ਸਨਬੰਧ ਜਲ ਮਧ ਸਾਵਧਾਨ ਹੈ॥**

(ਕਿਰਤਾਸ=ਕਾਗਜ। ਕੋਟਿ ਭਾਰ=ਕਰੋੜਾਂ ਪੰਡਾਂ। ਬਿਦਮਾਨ=ਮੌਜੂਦ। ਬਿਆਲ=ਸਪ।)

ਜਿਸ ਤਰ੍ਹਾਂ ਪਾਣੀ ਦੀ ਬੂੰਦ ਪੈਂਦਿਆਂ ਹੀ ਕਾਗਜ ਗਲ ਜਾਂਦਾ ਹੈ, (ਪਰ) ਘਿਉ ਦੇ ਸਬੰਧ ਕਰਕੇ ਕਾਗਜ ਪਾਣੀ ਵਿਚ ਸਾਵਧਾਨ (ਜਿਉਂ ਦਾ ਤਿਉਂ) ਰਹਿੰਦਾ ਹੈ।

**ਜੈਸੇ ਕੋਟਿ ਭਾਰ ਤੂਲ ਤਨਕ ਚਿਨਗ ਜਰੈ ਤੇਲ ਮੇਲ ਦੀਪਕ ਮੈ ਬਾਤੀ ਬਿਦਮਾਨ ਹੈ॥**

ਜਿਸ ਤਰ੍ਹਾਂ ਰੂ ਦੀਆਂ ਕਰੋੜਾਂ ਪੰਡਾਂ ਥੋੜੀ ਜਿਨੀ ਅਗ ਨਾਲ ਸੜ ਜਾਂਦੀਆਂ ਹਨ (ਪਰ ਜੇ) ਬਤੀ (ਬਣਾਕੇ) ਦੀਵੇ ਵਿਚ ਪਾ ਦੇਈਏ (ਤਾਂ) ਤੇਲ ਨਾਲ ਮਿਲਕੇ (ਉਹ ਬਹੁਤ ਚਿਰ ਤਕ) ਮੌਜੂਦ ਰਹਿੰਦੀ ਹੈ।

**ਜੈਸੇ ਲੋਹੋ ਬੂਡ ਜਾਤ ਸਲਿਲ ਮੈ ਡਾਰਤ ਹੀ ਕਾਸਟ ਪ੍ਰਸੰਗ ਗੰਗ ਸਾਗਰ ਨ ਮਾਨ ਹੈ॥**

ਜਿਸ ਤਰ੍ਹਾਂ ਪਾਣੀ ਵਿਚ ਸੁਟਦਿਆਂ ਹੀ ਲੋਹਾ ਡੁਬ ਜਾਂਦਾ ਹੈ, (ਪਰ) ਕਾਠ ਦੀ ਸੰਗਤ ਕਰ ਕੇ ਗੰਗਾ ਜਾਂ ਸਮੁੰਦਰ (ਦਾ ਜੋਰ) ਨਹੀਂ ਮੰਨਦਾ ਹੈ (ਅਰਥਾਤ ਕਾਠ ਦੀ ਸੰਗਤ ਕਰਨ ਵਾਲਾ ਲੋਹਾ ਗੰਗਾ ਜਾਂ ਸਮੁੰਦਰ ਵਿਚ ਡੁਬਦਾ ਨਹੀਂ ਹੈ)।

**ਤੈਸੇ ਜਮ ਕਾਲ ਬਿਆਲ ਸਗਲ ਸੰਸਾਰ ਗ੍ਰਾਸੈ ਸਤਿਗੁਰ ਭੇਟਤ ਹੀ ਦਾਸਨ ਦਸਾਨ ਹੈ॥ ੫੬੧॥**

ਇਸੇ ਤਰ੍ਹਾਂ ਜਮ ਕਾਲ (ਰੂਪ) ਸੱਪ ਨੇ ਸਾਰੇ ਸੰਸਾਰ ਨੂੰ ਗਰਾਸ ਕੀਤਾ ਹੋਇਆ ਹੈ, (ਪਰ) ਸਤਿਗੁਰਾਂ ਨੂੰ ਮਿਲਦਿਆਂ (ਹੀ ਜਮਕਾਲ) ਦਾਸਾਂ ਦਾ ਦਾਸ (ਹੋ ਜਾਂਦਾ ਹੈ)॥ ੫੬੧॥

**ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ**

**ਬਿਖੈ ਪੈ ਪਾਹੁਨਾ ਕੇ ਆਏ ਪੂਰੀ ਕੈ ਖੁਵਾਇ ਖਾਈਐ ॥**

(ਚੂਨ=ਆਟਾ। ਚੀਰ=ਕਪੜੇ। ਮੁਕਤਾ=)
(ਮੋਤੀ। ਕਣਕ ਅਭਰਨ=ਸੋਨੇ ਦੇ ਗਹਿਣੇ।)
( ਬਿੜਤਾ=ਵਾਧਾ, ਨਫਾ। )

ਜਿਸ ਤਰ੍ਹਾਂ ਖੰਡ, ਆਟਾ, ਘਿਉ ਘਰ ਵਿਚ ਹੁੰਦੇ ਹਨ, ਪਰ (ਘਰ ਵਿਚ) ਪਰਾਹੁਣੇ ਦੇ ਆਯਾਂ ਪੂੜੀ (ਕੜਾਹ) ਕਰਕੇ ਖੁਆਈਦਾ ਤੇ ਖਾਈਦਾ ਹੈ।

**ਜੈਸੇ ਚੀਰ ਹਾਰ ਮੁਕਤਾ ਕਨਕ ਆਭਰਨ ਪੈ ਬਿਆਹੁ ਕਾਜ ਸਾਜਿ ਤਨ ਸੁਜਨ ਦਿਖਾਈਐ ॥**

ਜਿਸ ਤਰ੍ਹਾਂ ਕਪੜੇ, ਮੋਤੀਆਂ ਦੇ ਹਾਰ, ਸੋਨੇ ਦੇ ਗਹਿਣੇ (ਕੋਲ ਹੁੰਦੇ ਹਨ) ਪਰ ਵਿਆਹ ਕਾਜ (ਦੇ ਸਮੇਂ ਵਿਚ) ਸਰੀਰ ਉਤੇ ਸਜਾ ਕੇ ਸਜਣਾਂ ਮਿਤਰਾਂ ਨੂੰ ਵਿਖਾਈਦਾ ਹੈ।

**ਜੈਸੇ ਹੀਰਾ ਮਾਨਿਕ ਅਮੋਲ ਹੋਤ ਹਾਟ ਹੀ ਮੈ ਗਾਹਕੈ ਦਿਖਾਇ ਬਿੜਤਾ ਬਿਸੇਖ ਪਾਈਐ ॥**

ਜਿਸ ਤਰ੍ਹਾਂ ਹੀਰਾ, ਮਾਣਿਕ ਤੇ ਅਮੋਲਕ (ਲਾਲ ਆਦਿਕ) ਹੱਟੀ ਵਿਚ ਹੁੰਦ ਹਨ, ਪਰ ਗ੍ਰਾਹਕਾਂ ਨੂੰ ਵਿਖਾਕੇ (ਹੀ ਉਨ੍ਹਾਂ ਤੋਂ) ਖਾਸ ਨਫਾ ਪਾਈਦਾ ਹੈ।

**ਤੈਸੇ ਗੁਰਬਾਨੀ ਲਿਖ ਪੋਥੀ ਬਾਂਧਿ ਰਾਖੀਅਤ ਮਿਲਿ ਗੁਰਸਿਖ ਪੜਿ ਸੁਨਿ ਲਿਵ ਲਾਈਐ ॥ ੫੯੨ ॥**

ਉਸੇ ਤਰ੍ਹਾਂ ਗੁਰਬਾਣੀ ਨੂੰ ਲਿਖਕੇ, ਪੋਥੀ ਬੰਨ੍ਹਕੇ (ਘਰ ਵਿਚ) ਰਖ ਛਡੀਦੀ ਹੈ, (ਪਰ ਗੁਰ ਸਿਖ ਦੇ) ਮਿਲਣ (ਤੇ ਉਸਨੂੰ) ਪੜ੍ਹ ਸੁਣਕੇ (ਵਾਹਿਗੁਰੂ ਨਾਲ ਲਿਵ ਲਾਈਦੀ ਹੈ। ੫੯੨ ॥

**ਜੈਸੇ ਨਰਪਤਿ ਬਨਿਤਾ ਅਨੇਕ ਬਿਆਹਤ ਹੈ ਜਾਕੇ ਸੁਤ ਜਨਮ ਹੈ ਤਾਂ ਹੀ ਗ੍ਰਿਹ ਰਾਜ ਹੈ ॥**

(ਨਰਪਤਿ=ਰਾਜਾ। ਦਧਿ=ਉਦਧਿ,ਸਮੁੰਦਰ।)
(ਖਨਤ=ਪੁਟਦਾ । ਕਟਾਛ=ਨਜ਼ਰ ।)
(ਖਨਵਾਰੋ=ਖਾਨ ਪੁਟਣ ਵਾਲਾ । ਬਾਜੁ)
(ਬਾਜਿ=ਵਾਜੇ ਵਜਦੇ। ਨਵਤਨ ਪੁਰਾਤਨ=)
(ਨਵੇਂ ਤੇ ਪੁਰਾਣੇ। )

ਜਿਸ ਤਰ੍ਹਾਂ ਰਾਜਾ ਅਨੇਕਾਂ ਇਸਤਰੀਆਂ ਵਿਆਹੁੰਦਾ ਹੈ, ਪਰ ਜਿਸ ਦੇ ਗਰਭ ਤੋਂ ਪੁਤਰ ਜੰਮਦਾ ਹੈ, ਉਸਦੇ ਘਰ ਵਿਚ ਹੀ ਰਾਜ ਆਉਂਦਾ ਹੈ।

**ਜੈਸੇ ਦਧਿ ਬੋਹਥ ਬਹਾਇ ਦੇਤ ਚਹੂੰ ਓਰ ਜੋਈ ਪਾਰ ਪਹੂੰਚੇ ਪੂਰਨ ਸਭਿ ਕਾਜ ਹੈ ॥**

ਜਿਸ ਤਰ੍ਹਾਂ ਸਮੁੰਦਰ ਵਿਚ ਚੌਹੀਂ ਪਾਸੀਂ ਜਹਾਜ ਤਰਦੇ ਹੋਏ (ਦਿਖਾਈ) ਦੇਂਦੇ ਹਨ, (ਪਰ) ਜੇਹੜਾ ਜਹਾਜ ਪਾਰ ਪਹੁੰਚਦਾ ਹੈ, ਉਸੇ ਦੇ ਕੰਮ ਪੂਰੇ ਹੁੰਦੇ ਹਨ।

**ਜੈਸੇ ਖਾਨ ਖਨਤ ਅਨੰਤ ਖਨਵਾਰੋ ਖੋਜੈ ਹੀਰਾ ਹਾਥ ਆਵੈ ਜਾਂਕੈ ਤਾਂਕੈ ਬਾਜੁ ਬਾਜਿ ਹੈ ॥**

ਜਿਸ ਤਰ੍ਹਾਂ ਖਾਨ ਪੁਟਨ ਵਾਲਾ ਖਾਨ ਪੁਟਦਾ ਹੋਇਆ ਪਥਰਾਂ ਨੂੰ ਢੂੰਢਦਾ ਫਿਰਦਾ ਹੈ, (ਪਰ) ਜਿਸਦੇ ਹਥ ਹੀਰਾ ਆਉਂਦਾ ਹੈ, ਉਸੇ ਦੇ ਘਰ ਵਾਜੇ ਵਜਦੇ (ਅਰਥਾਤ ਖੁਸ਼ੀਆਂ ਦੇ ਸ਼ਾਦਿਆਨੇ ਹੁੰਦੇ ਹਨ)।

**ਤੈਸੇ ਗੁਰਸਿਖ ਨਵਤਨ ਅਉ ਪੁਰਾਤਨ ਪੈ ਜਾਂ ਪਰ ਕ੍ਰਿਪਾ ਕਟਾਛ ਤਾਂਕੈ ਛਬਿ ਛਾਜ ਹੈ ॥ ੫੯੩ ॥**

ਉਸੇ ਤਰ੍ਹਾਂ ਗੁਰ ਸਿਖ (ਕਈ) ਨਵੇਂ ਹਨ ਅਤੇ (ਕਈ) ਪੁਰਾਣੇ ਹਨ ਪਰ ਜਿਸ ਉਤੇ (ਗੁਰੂ ਦੀ) ਕਿਰਪਾ ਦੀ ਨਜ਼ਰ (ਹੁੰਦੀ ਹੈ) ਉਸੇ (ਦੇ ਚੇਹਰੇ ਉਤੇ) ਸੋਭਾ ਫਬਦੀ ਹੈ ॥ ੫੯੩ ॥

**ਜੈਸੇ ਬੀਰਾਰਾਧੀ ਮਿਸਟਾਨ ਪਾਨ ਆਨ ਕਉ ਖੁਵਾਵਤ ਮੰਗਾਇ ਮਾਂਗੈ ਆਪ ਨਾਹੀ ਖਾਤ ਹੈ ॥**

(ਬੀਰਾ ਰਾਧੀ=ਹਨੂਮਾਨ, ਭੈਰੋ ਨਾਰ ਸਿੰਘ)
(ਆਦਿਕ ੫੨ ਬੀਰ ਹਨ, ਉਨ੍ਹਾਂ ਵਿਚੋਂ)
(ਕਿਸੇ ਇਕ ਬੀਰ ਨੂੰ ਜਿਸ ਨੇ ਵਸ ਕਰ)
(ਲਿਆ ਤੇ ਉਸ ਤੋਂ ਕੰਮ ਲੈਂਦਾ ਹੈ, ਉਸ)
(ਦਾ ਨਾਮ 'ਬੀਰਾਰਾਧੀ' ਹੈ। ਮਿਸਟਾਨ=)
( (ਮਿਸਟ+ਅੰਨ) ਮਿਠਾਈ। ਪਾਨ=)
(ਤੰਬੂਲ (੨) ਸ਼ਰਾਬ। ਆਨ=ਹੋਰਨਾਂ।)
(ਦ੍ਰੁਮ=ਦਰਖਤ । ਪਥਕ=ਰਾਹੀ ।)
(ਪੰਖੇਰੂ=ਪੰਛੀ । ਨਿਧਿ=ਸਭ ਤਰਾਂ ਦੇ)
(ਖਜਾਨੇ, ਜੋ ਗਿਣਤੀ ਵਿਚ ਨੌ ਹਨ,)
(ਯਥਾ—ਪਦਮ, ਮਹਾਂ ਪਦਮ, ਸੰਖ, ਮਕਰ,)
(ਕਛਪ, ਮੁਕੰਦ, ਕੁੰਦ, ਨੀਲ, ਵਰਚ (ਜਾਂ)
(ਖਰਬ) । ਮਰਜੀਵਾ=ਮਰਜੀਊੜਾ,)
(ਸਮੁੰਦਰ ਵਿਚ ਟੁਬੀ ਮਾਰਕੇ ਮੋਤੀ ਕਢਨ)
(ਵਾਲਾ। )

ਜਿਸ ਤਰ੍ਹਾਂ ਬੀਰਾਰਾਧੀ (ਪੁਰਸ਼) ਬੀਰਾਂ ਪਾਸੋਂ ਮਠਿਆਈ ਤੇ ਸ਼ਰਾਬ (ਵਗੈਰਾ) ਮੰਗ ਕੇ ਮੰਗਵਾਂਦਾ ਹੈ, (ਉਸਨੂੰ) ਆਪ ਨਹੀਂ ਖਾਂਦਾ ਅਤੇ ਹੋਰਨਾਂ ਨੂੰ ਖੁਆਂਦਾ ਹੈ।

**ਜੈਸੇ ਦ੍ਰੁਮ ਸਫੂਲ ਫਲਤ ਫਲ ਖਾਤ ਨਾਂਹਿ ਪੰਥਕ ਪਖੇਰੂ ਤੋਰ ਲੇ ਜਾਤ ਹੈ ॥**

ਜਿਸ ਤਰ੍ਹਾਂ ਦਰਖਤ ਫਲਾਂ ਨਾਲ ਫਲਦਾ ਹੈ (ਤਾਂ ਉਹਨਾਂ) ਫਲਾਂ (ਨੂੰ ਆਪ) ਨਹੀਂ ਖਾਂਦਾ, ਰਾਹੀ ਤੇ ਪੰਛੀ (ਫਲਾਂ ਨੂੰ) ਤੋੜ ਤੋੜ ਕੇ ਲੈ ਜਾਂਦੇ ਹਨ,

**ਜੈਸੇ ਤਉ ਸਮੁੰਦਰ ਨਿਧਿ ਪੂਰਨ ਸਕਲ ਬਿਧਿ ਹੰਸ ਮਰਜੀਵਾ ਹੇਰਿ ਕਾਢਤ ਸੁਗਾਤ ਹੈ ॥**

ਜਿਸ ਤਰ੍ਹਾਂ ਕਿ ਸਮੁੰਦਰ ਸਕਲ ਬਿਧੀ ਕਰ ਕੇ ਨਿਧਾਂ ਨਾਲ ਭਰਿਆ ਹੋਇਆ ਹੈ, (ਪਰ) ਹੰਸ ਤੇ ਮਰਜੀਵੜਾ ਲਭ ੨ ਕੇ (ਉਸ ਵਿਚੋਂ) ਸੁਗਾਤਾਂ ਕਢਦੇ ਹਨ।

**ਤੈਸੇ ਨਿਹਕਾਮ ਸਾਧ ਸੋਭਤ ਸੰਸਾਰ ਬਿਖੈ ਪਰ ਉਪਕਾਰ ਹੇਤ ਸੁੰਦਰ ਸੁਗਾਤ ਹੈ ॥ ੫੬੪ ॥**

ਇਸੇ ਤਰ੍ਹਾਂ ਹੀ ਕਾਮਨਾ ਤੋਂ ਰਹਿਤ ਸਾਧੂ ਮਹਾਤਮਾ ਸੰਸਾਰ ਵਿਚ ਸੋਭਾ ਪਾਂਦੇ ਹਨ, ਉਨ੍ਹਾਂ ਦਾ ਸੁੰਦਰ ਸਰੀਰ ਹੀ ਪਰ ਉਪਕਾਰ ਦੇ ਵਾਸਤੇ ਹੈ ॥ ੫੬੦ ॥

ਭਾਵ—ਨਿਸਕਾਮ ਮਹਾਂ ਪੁਰਸ਼ਾਂ ਦਾ ਸਰੀਰ ਸੰਸਾਰ ਵਿਚ ਆਪਣੀਆਂ ਇਛਾਂ ਪੂਰੀਆਂ ਕਰਨ ਵਾਸਤੇ ਨਹੀਂ ਆਉਂਦਾ ਉਹ ਤਾਂ ਦੂਜਿਆਂ ਦਾ ਭਲਾ ਕਰਦੇ ਹਨ।

**ਜੈਸੇ ਦੀਪਜੋਤਿ ਲਿਵ ਲਾਗੈ ਚਲੇ ਜਾਤ ਸੁਖ ਗਹੇ ਕਰ ਦੁਚਿਤੁ ਹੁਇ ਭਟਕਾ ਸੋ ਭੇਟ ਹੈ ॥**

(ਦੁਚਿਤ ਹੁ=ਭੁਲਾਵੇਂ ਪੈਣੇ। ਭਟਕਾ=)
(ਭਟਕਣਾ। ਭਟ=ਮੇਲ। ਦਧਿ=ਓਦਧਿ)
(ਸਮੁੰਦਰ। ਕੂਲ=ਕੰਢਾ। ਮੁਕਤਾ=ਮੋਤੀ।)
(ਪੈਰਤ=ਤੁਰਨਾ, ਤਰਦਿਆਂ। ਨਿਰਖਿ=)
(ਵੇਖਕੇ। ਮੂਰਤਿ=ਦੇਹ, ਸਰੀਰ। (੨) )
(ਸ਼ਬਦ। ਮਧਿ ਭਾਵ=ਵਿਚ ਵਿਚਾਲੇ। ਨਾਂ)
(ਬਹੁਤ ਨੇੜੇ ਤੇ ਨਾ ਬਹੁਤ ਦੂਰ।)
(ਬਿਕਟ=ਕਰੜਾ, ਭਾਰੀ । ਅਖੇਟ=)
(ਸ਼ਿਕਾਰ। )

ਜਿਸ ਤਰ੍ਹਾਂ ਦੀਵੇ ਦੀ ਜੋਤ ਨਾਲ ਲਿਵ ਲਾ ਕ ਸੁਖ ਨਾਲ ਚਲੇ ਜਾਈਦਾ ਹੈ, (ਪਰ ਜੇ) ਦੀਵਾ ਹਥ ਵਿਚ ਫੜ ਲਈਏ ਤਾਂ ਭੁਲਾਵੇ ਹੁੰਦੇ ਹਨ ਤੇ ਭਟਕਨਾ ਮਿਲਦੀਆਂ ਹਨ।

**ਜੈਸੇਦਧਿ ਕੂਲ ਬੈਠ ਮੁਕਤਾਚੁਨਤ ਹੰਸ ਪੈਰਤ ਨ ਪਾਵੈ ਪਾਰ ਲਹਰ**

**ਲਪੇਟ ਹੈ ॥**

ਜਿਸ ਤਰ੍ਹਾਂ ਸਮੁੰਦਰ ਦੇ ਕੰਢੇ ਉਤੇ ਬੈਠਕੇ ਹੰਸ ਮੋਤੀ ਚੁਣਦਾ ਹੈ, (ਪਰ ਜੇ ਤਰਨਾ ਚਾਹੇ ਤਾਂ) ਤਰਦਿਆਂ ਹੋਇਆਂ ਨਾਂ (ਮੋਤੀ) ਪਾਵੇਗਾ, ਨਾ ਪਾਰਲਾ ਕੰਢਾ ਪਾਵੇਗਾ, (ਸਗੋਂ) ਲੈਹਰਾਂ ਦੀ ਲਪੇਟ ਵਿਚ ਫਸ ਜਾਏਗਾ।

**ਜੈਸੇ ਨਿਰਖਿ ਅਗਨਿ ਕੈ ਮਧਿ ਭਾਵ ਸਿਧ ਹੋਤ ਨਿਕਟ ਬਿਕਟ ਦੁਖ ਸਹਸਾ ਨ ਮੇਟ ਹੈ ॥**

ਜਿਸ ਤਰ੍ਹਾਂ ਵੇਖਦ ਹਾਂ ਮਧਯਭਾਵ ਕਰ ਕੇ ਅਗਨਿ (ਦਾ ਫਲ) ਸਿਧ ਹੁੰਦਾ ਹੈ (ਅਗ ਦੇ) ਨੇੜੇ ਹੋਣ ਕਰ ਕੇ ਨਾ ਮਿਟਨ ਵਾਲੇ ਦੁਖ (ਮਿਲਦਾ ਹੈ ਅਤੇ ਦੂਰ ਰਹਿਣ ਕਰਕੇ) ਸਹਸਾ ਨਹੀਂ ਮਿਟਦਾ ਹੈ, ਅਰਥਾਤ ਤਪਸ਼ ਨਾ ਪੁਜਨ ਕਰਕੇ ਠੰਢ ਦੂਰ ਨਹੀਂ ਹੁੰਦੀ ਹੈ, ਨੀਤੀ ਵਿਚ ਭੀ ਕਿਹਾ ਹੈ--

'ਰਾਜਾ ਦਾਤਾ, ਅਗਨਿ ਗੁਰ ਮਧਯਭਾਵ ਤੇ ਸੇਵ।
ਅਤਿ ਨੇੜੇ ਦੇਖ ਦੇਤ ਹੈ, ਦੂਰੋਂ ਫਲ ਨਹਿ ਦੇਵ।'

**ਤੈਸੇ ਗੁਰ ਸ਼ਬਦ ਸਨੇਹ ਕੈ ਪਰਮ ਪਦ ਮੂਰਤਿ ਸਮੀਪ ਸਿੰਘ ਸਾਪ ਕੀ ਅਖੇਟ ਹੈ ॥ ੫੯੫ ॥**

ਇਸ ਤਰ੍ਹਾਂ ਗੁਰ ਸ਼ਬਦ ਨਾਲ ਪਰੇਮ ਕਰਨ ਕਰ ਕੇ ਪਰਮਪਦ (ਮਿਲ ਜਾਂਦਾ ਹੈ, ਪਰ ਗੁਰ) ਮੂਰਤਿ ਦੇ ਨੇੜੇ (ਤੇ ਦੂਰ ਰਹਿਣਾ) ਸ਼ੇਰ ਤੇ ਸਪ ਦੇ ਸ਼ਿਕਾਰ (ਹੋਣ ਵਾਲੀ ਗਲ ਹੈ) ॥ ੫੯੫ ॥

ਭਾਵ--ਗੁਰੂ ਦੇ ਹੁਕਮ ਨੂੰ ਮੰਨੋ, ਇਸ ਤੋਂ ਕਾਰਜ ਰਾਸ ਹੁੰਦੇ ਹਨ, ਗੁਰੂ ਜੀ ਦੇ ਕੋਲ ਰਹਿਣਾ ਤੇ ਉਨ੍ਹਾਂ ਤੋਂ ਦੂਰ ਹਣਾ, ਏਹ ਦੋਵੇਂ ਕਰਮ ਹੀ ਖਤਰ ਨਾਕ ਹਨ, ਇਹਨਾਂ ਦੋਹਾਂ ਕਰਮਾਂ ਵਿਚ ਤੌਖਲਾ ਹੀ ਤੌਖਲਾ ਹੈ, ਕੇਵਲ ਆਗਿਆ ਮਾਨਿ ਭਗਤਿ ਹੋਇ ਤੁਮਾਰੀ।

ਯਥਾ-'ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ।
ਨਾਨਕ ਸਤਿਗੁਰ ਤਾ ਮਿਲੇ ਜਾ ਮਨ ਰਹੈ ਹਦੂਰਿ।'

**ਸ੍ਵਾਮਿ ਕਾਜ ਲਗਿ ਸੇਵਾ ਕਰਤ ਸੇਵਕ ਜੈਸੇ ਨਰਪਤਿ ਨਿਰਖਿ ਸਨੇਹ ਉਪਜਾਵਹੀ ॥**

(ਨਰਪਤਿ=ਰਾਜਾ । ਸਨੇਹ=ਪਰੇਮ ।)
(ਬਿਦਯਾਮਾਨ=ਸਾਹਮਣੇ । ਪਾਕਸਾਲਾ=)
(ਰਸੋਈ । ਬਿੰਜਨ=ਭੋਜਨ, ਖਾਨ ਦੇ)
(ਪਦਾਰਥ । ਗਾਯਣ=ਗਾਵਣ ਵਾਲੇ,)
( ਕੀਰਤਨ ਕਰਨ ਵਾਲੇ। )

ਜਿਸ ਤਰ੍ਹਾਂ ਮਾਲਕ ਦੇ ਕੰਮ ਵਿਚ ਲੱਗ ਕੇ ਸੇਵਕ ਸੇਵਾ ਕਰਦਾ ਹੈ, (ਉਸ ਦੇ ਕੰਮ ਨੂੰ) ਵੇਖਕੇ ਰਾਜਾ (ਆਪਣੇ ਸੇਵਕ ਨਾਲ) ਪਰੇਮ ਪੈਦਾ ਕਰਦਾ ਹੈ।

**ਜੈਸੇ ਪੂਤ ਚੋਰਲਾ ਕਰਤ ਪਿਤਾ ਬਿਦਿਮਾਨ ਦੇਖਿ ਦੇਖਿ ਸੁਨਿ ਸੁਨਿ ਆਨੰਦ ਬਢਾਵਹੀ ॥**

ਜਿਵੇਂ ਪਿਤਾ ਨੂੰ ਸਾਹਮਣੇ ਬੈਠਾ ਜਾਣ ਕੇ ਪੁਤਰ ਚੋਚਲੇ ਕਰਦਾ ਹੈ. (ਜਿਨ੍ਹਾਂ ਨੂੰ) ਵੇਖ ਵੇਖਕੇ (ਤੇ ਤੋਤਲੀਆਂ ਗੱਲਾਂ) ਸੁਣ ਸੁਣ ਕੇ (ਪਿਤਾ ਮਨ ਵਿਚ) ਅਨੰਦ ਵਧਾਉਂਦਾ ਹੈ।

**ਜੈਸੇ ਪਾਕਸਾਲਾ ਮਧਿ ਬਿੰਜਨ ਪਰੋਸੈ ਨਾਰਿ ਪਤਿ ਖਾਤ ਪਿਆਰ ਕੈ ਪਰਮ ਸੁਖ ਪਾਵਹੀ ॥**

ਜਿਸ ਤਰ੍ਹਾਂ ਰਸੋਈ ਘਰ ਵਿਚ (ਬੈਠੀ ਹੋਈ) ਇਸਤ੍ਰੀ (ਥਾਲ ਵਿਚ) ਭੋਜਨ ਪਰੋਸਦੀ ਹੈ, (ਜਿਨ੍ਹਾਂ ਨੂੰ) ਪਤੀ ਪਿਆਰ ਕਰਕੇ ਖਾਂਦਾ ਹੈ ਅਤੇ ਵਡਾ ਭਾਰਾ ਸੁਖ ਪਾਂਦਾ ਹੈ।

**ਤੈਸੇ ਗੁਰ ਸ਼ਬਦ ਸੁਨਤ ਸ੍ਰੋਤਾ ਸਾਵਧਾਨ ਗਾਵੈ ਰੀਝ ਗਾਇਨ ਸਹਜਿ ਲਿਵ ਲਾਵਹੀ ॥ ੫੯੬ ॥**

ਉਸੇ ਤਰ੍ਹਾਂ ਗੁਰ ਸ਼ਬਦ ਨੂੰ ਸੁਣਦਾ ਹੋਇਆ ਸਰੋਤ (ਸੰਗਤ) ਸਾਵਧਾਨ (ਹੋ ਕੇ ਬੈਠੀ ਹੁੰਦੀ ਹੈ. ਤਾਂ)

ਕੀਰਤਨ ਵਾਲਾ ਰੀਝ ਨਾਲ ਗਾਉਂਦਾ ਹੈ (ਅਤੇ ਸਰੋਤਾ ਵਕਤਾ) ਸਹਿਜ ਪਦ ਵਿਚ ਲਿਵ ਲਾ ਲੈਂਦਾ ਹੈ ॥ ੫੬੬ ॥

ਭਾਵ—ਸਰੋਤੇ ਸਾਵਧਾਨ ਹੋ ਕੇ ਬੈਠੇ ਹੋਣ ਤਾਂ ਕੀਰਤਨ ਕਰਨ ਵਾਲੇ ਪਰੇਮ ਨਾਲ ਕੀਰਤਨ ਕਰਦੇ ਹਨ, ਜਿਸ ਕਰ ਕੇ ਦੋਹਾਂ ਦਾ ਮਨ ਇਕਾਗਰ ਹੋ ਕੇ ਆਤਮ ਅਨੰਦ ਨੂੰ ਮਾਣਦਾ ਹੈ।

**ਜੈਸੇ ਪੇਖੈ ਸਿਆਮ ਘਟਾ ਗਗਨ ਘਮੰਡ ਘੋਰ ਮੋਰ ਅਉ ਪਪੀਹਾ ਸੁਭ ਸਬਦ ਸੁਨਾਵਹੀ ॥**

(ਸਿਆਮ=ਕਾਲੀਆਂ । ਘਮੰਡ ਘੋਰ=)
(ਬੜੀ ਭਾਰੀ ਗਰਜ, ਗੜ ਗੜਾਹਟ ਰੂਪ)
(ਗਰਜ । ਪਪੀਹਾ=ਚਾਤ੍ਰਿਕ । ਕੋਕਲਾ=)
(ਕੋਇਲ । ਮਧੁਪ=ਭੋਰਾ । ਸਹਜਿ=)
( ਆਤਮ ਅਨੰਦ ਵਿਚ । )

ਜਿਸ ਤਰ੍ਹਾਂ ਕਾਲੀਆਂ ਘਟਾਂ ਨੂੰ ਵੇਖਕੇ (ਤੇ ਬਦਲਾਂ ਦੀ) ਗੜ ਗੜਾਹਟ ਰੂਪ ਗਰਜ (ਨੂੰ ਸੁਣ ਕਰਕੇ) ਮੋਰ ਤੇ ਚਾਤ੍ਰਿਕ ਬੜੇ ਸੋਹਣ ਆਵਾਜ ਸੁਣਾਉਂਦੇ ਹਨ।

**ਜੈਸੇ ਤਉ ਬਸੰਤ ਸਮੈ ਮੌਲਤ ਅਨੇਕ ਆਂਬ ਕੋਕਲਾ ਮਧੁਰ ਧੁਨਿ ਬਚਨ ਸੁਨਾਵਹੀ ॥**

ਜਿਸ ਤਰ੍ਹਾਂ ਕਿ ਬਸੰਤ (ਰੁਤ) ਸਮੇਂ ਅਨੇਕਾਂ ਅੰਬ ਪਰਫੁਲਤ ਹੋ ਜਾਂਦੇ ਹਨ ਤਾਂ ਕੋਇਲ ਮਿਠੀ ਅਵਾਜ ਨਾਲ ਬਚਨ ਸੁਣਾਉਂਦੀ ਹੈ।

**ਜੈਸੇ ਪਰਫੁਲਤ ਕਮਲ ਸਰਵਰੁ ਵਿਖੈ ਮਧੁਪ ਗੁੰਜਾਰਤ ਅਨੰਦ ਉਪਜਾਵਹੀ ॥**

ਜਿਸ ਤਰ੍ਹਾਂ ਤਲਾਉ ਵਿਚ ਕਮਲ ਖਿੜ ਪੈਂਦੇ ਹਨ (ਤਾਂ ਉਨ੍ਹਾਂ ਉਤੇ) ਭੋਰੇ ਗੁੰਜਾਰ ਕਰਦੇ ਹੋਏ (ਆਪਣੇ ਮਨ ਵਿਚ) ਅਨੰਦ ਪੈਦਾ ਕਰ ਲੈਂਦੇ ਹਨ।

**ਤੈਸੇ ਪੇਖਿ ਸ੍ਰੋਤਾ ਸਾਵਧਾਨਹ ਗਾਇਨ ਗਾਵੈ ਪ੍ਰਗਟੈ ਪੂਰਨ ਪ੍ਰੇਮ ਸਹਜਿ ਸਮਾਵਹੀ ॥ ੫੬੭ ॥**

ਉਤੇ ਤਰ੍ਹਾਂ (ਜਦ) ਸਰੋਤਿਆਂ ਨੂੰ ਸਾਵਧਾਨ ਹੋ ਕੇ (ਬੈਠਾ) ਵੇਖਦੇ ਹਨ (ਤਦ) ਕੀਰਤਨ ਕਰਨ ਵਾਲੇ (ਇਸ ਤਰ੍ਹਾਂ) ਗਾਉਂਦੇ ਹਨ, (ਜਿਸ ਤੋਂ) ਪੂਰਨ ਪਰੇਮ ਪਰਗਟ ਹੁੰਦਾ ਹੈ (ਤੇ ਸਰੋਤਿਆਂ ਦਾ ਮਨ) ਆਤਮ ਅਨੰਦ ਵਿਚ ਸਮਾ ਜਾਂਦਾ ਹੈ ॥ ੫੬੭ ॥

ਭਾਵ—'ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ' ਅਰਥਾਤ ਕੀਰਤਨ ਸੁਣਨ ਵੇਲੇ ਸਰੋਤੇ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਤਾਂਕਿ ਮਨ ਕੀਰਤਨ ਤੋਂ ਬਾਹਰ ਨਾ ਜਾਵੇ, ਤਾਂ ਹੀ ਆਤਮ ਅਨੰਦ ਮਾਣਿਆ ਜਾ ਸਕਦਾ ਹੈ।

**ਜੈਸੇ ਅਹਿ ਨਿਸ ਅੰਧਿਆਰੀ ਮਨਿ ਕਾਢ ਰਾਖੈ ਕ੍ਰੀੜਾ ਕੈ ਦੁਰਾਵੈ ਪੁਨਿ ਕਾਹੂ ਨ ਦਿਖਾਵਹੀ ॥**

(ਅਹਿ=ਸਪ । ਨਿਸ ਅੰਧਿਆਰੀ=ਹਨੇਰੀ)
(ਰਾਤ । ਕਰੀੜਾ ਕੈ=ਖੇਡ ਕਰਕੇ।)
(ਦੁਰਾਵੈ=ਲੁਕਾ ਲੈਂਦਾ ਹੈ । ਛਾਦਨ=)
(ਕਪੜਾ । ਅਲਿ=ਭੋਰਾ । ਸੰਪਟ=ਡੱਬਾ।)
(ਅਚਵਤ=ਪੀਂਦਾ ਹੈ । ਨਾਤੋ=ਨਾਤਾ,)
(ਰਿਸ਼ਤਾ, ਸਬੰਧ । ਅੰਮ੍ਰਿਤ ਜੋਗ=)
(ਯੋਗ=ਸ਼ੁਭ ਸਮਾਂ) ਅੰਮ੍ਰਿਤ ਵੇਲਾ, ਪਿਛਲੀ)
(ਰਾਤ ੫ ਘੜੀਆਂ ਦੇ ਤੜਕੇ ਦਾ ਸਮਾਂ)
(ਅੰਮ੍ਰਿਤ ਯੋਗ ਜਾਂ ਅੰਮ੍ਰਿਤ ਵੇਲਾ ਹੈ ।)

ਜਿਸ ਤਰ੍ਹਾਂ ਸਪ ਹਨੇਰੀ ਰਾਤ (ਵਿਚ ਆਪਣੇ ਸਿਰ ਵਿਚੋਂ) ਮਣੀ ਕਢਕੇ (ਬਾਹਰ) ਰਖਦਾ ਹੈ, (ਤੇ ਉਸ ਨਾਲ) ਖੇਡ ਕਰਕ (ਫਿਰ) ਲੁਕਾ ਲੈਂਦਾ ਹੈ ਅਤੇ ਫਿਰ ਕਿਸੇ ਨੂੰ ਭੀ ਵਿਖਾਉਂਦਾ ਨਹੀਂ ਹੈ।

**ਜੈਸੇ ਬਰ ਨਾਰਿ ਕਰਿ ਸਿਹਜਾ ਸੰਜੋਗ ਭੋਗ ਹੋਤ ਪਰਭਾਤ ਤਨ ਛਾਦਨ ਛੁਪਾਵਹੀ ॥**

ਜਿਸ ਤਰ੍ਹਾਂ ਸਰੇਸ਼ਟ ਇਸਤ੍ਰੀ ਸੇਜ ਉਤੇ (ਪਤੀ

ਨਾਲ) ਸੰਜੋਗ ਭੋਗ ਕਰਦੀ ਹੈ, (ਪਰ) ਪਰਭਾਤ ਹੁੰਦੇ ਹੀ ਕਪੜੇ ਨਾਲ (ਅਪਣੇ) ਸਰੀਰ ਨੂੰ ਲੁਕਾ ਲੈਂਦੀ ਹੈ।

**ਜੈਸੇ ਅਲਿ ਕਮਲ ਸੰਪਟ ਅਚਵਤ ਮਧ ਭੋਰ ਭਏ ਜਾਤ ਉਡ ਨਾਤੋ ਨ ਜਨਾਵਹੀ ॥**

ਜਿਸ ਤਰ੍ਹਾਂ ਭੌਰਾ ਕਮਲ ਰੂਪ ਡਬੇ ਵਿਚ ਬੈਠਾ ਹੋਇਆ ਅੰਮ੍ਰਿਤ ਪੀਂਦਾ ਹੈ ਅਤੇ ਸਵੇਰਾ ਹੁੰਦੇ ਹੀ ਉਡ ਜਾਂਦਾ ਹੈ (ਤੇ ਮੁੜ ਕਮਲ ਨਾਲ ਅਪਣਾ) ਸਬੰਧ ਜਣਾਉਂਦਾ ਹੀ ਨਹੀਂ ਹੈ।

**ਤੈਸੇ ਗੁਰ ਸਿਖ ਉਠ ਬੈਠਤ ਅੰਮ੍ਰਿਤ ਜੋਗ ਸਭ ਸੁਧਾ ਰਸੁ ਚਾਖਿ ਸੁਖ ਤ੍ਰਿਪਤਾਵਹੀ ॥ ੫੬੮ ॥**

ਉਸੇ ਤਰ੍ਹਾਂ ਸਾਰੇ ਗੁਰਸਿਖ ਅੰਮ੍ਰਿਤ ਵੇਲ ਉਠ ਬੈਠਦੇ ਹਨ ਅਤੇ ਅੰਮ੍ਰਿਤ ਰਸ ਨੂੰ ਚੱਖ ਕਰ ਕੇ (ਆਤਮ) ਸੁਖ ਨਾਲ ਤ੍ਰਿਪਤ ਹੁੰਦੇ ਹਨ (ਪਰ ਇਸ ਆਤਮ ਸੁਖ ਦੇ ਅਨੰਦ ਨੂੰ ਕਿਸੇ ਕੋਲ ਪਰਗਟ ਨਹੀਂ ਕਰਦੇ ਹਨ)॥ ੫੬੮ ॥

ਭਾਵ—ਪਹਿਲੀ ਰਾਤੀ ਫੁਲੜਾ ਫਲ ਭੀ ਪਛਾ ਰਾਤਿ ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨਹੁ ਦਾਤਿ ॥ ਤਾਂਤੇ ਅੰਮ੍ਰਿਤ ਵੇਲੇ ਜਾਗਣਾ ਗੁਰਸਿਖ ਦਾ ਮੁਖ ਕਰਮ ਹੈ।

**ਸਿਹਜਾ ਸੰਜੋਗ ਪ੍ਰਿਯ ਪ੍ਰੇਮ ਰਸ ਖੇਲ ਜੈਸੇ ਪਾਛੈ ਬਧੂ ਜਨਨ ਸੈ ਗਰਭ ਸਮਾਵਹੀ ॥**

(ਬਧੂ=ਵਹੁਟੀ, ਇਸਤ੍ਰੀ। ਜਨਨ=ਬੱਚਾ)
((ਅਰਬੀ, ਜਨੀਨ)। ਅਧਾਨ=ਗਰਭ,)
(ਹਮਲ। ਗੁਰਜਨ=ਘਰ ਦੇ ਬਜ਼ੁਰਗ।)
(ਸੰਜਮ=ਪਰਹੇਜ। ਅਲਪ=ਥੋੜਾ।)
(ਭੇਟਤ=ਮੰਨਕੇ।)

ਜਿਸ ਤਰ੍ਹਾਂ ਸੇਜਾ ਦੇ ਸੰਜੋਗ ਸਮੇਂ ਪਤੀ ਦੇ ਪਰਮ ਰਸ ਦੇ ਖੇਲ ਤੋਂ ਪਿਛੋਂ ਇਸਤ੍ਰੀ ਦੇ ਗਰਭ ਵਿਚ ਬਚਾ ਸਮਾ ਜਾਂਦਾ ਹੈ।

**ਪੂਰਨ ਅਧਾਨ ਭਏ ਸੋਵੈ ਗੁਰਜਨ ਬਿਖੈ ਜਾਗੈ ਪਰਸੂਤ ਸਮੈ ਸਭਨ ਜਗਾਵਹੀ ॥**

ਗਰਭ ਪੂਰਾ ਹੋਣ ਤਕ (ਘਰ ਦੀਆਂ) ਵਡੇਰੀਆਂ ਵਿਚ ਸੌਂਦੀ ਹੈ (ਪਰ ਅਪਣਾ ਆਪ ਹਰ ਤਰ੍ਹਾਂ ਲੁਕਾਉਂਦੀ ਹੈ ਅਤੇ) ਜਣੇਪੇ ਸਮੇਂ (ਆਪ) ਜਾਗਕੇ (ਪਰਵਾਰ ਦੇ) ਸਾਰੇ (ਜੀਆਂ ਨੂੰ) ਜਗਾ ਦੇਂਦੀ ਹੈ।

**ਜਨਮਤ ਸੁਤ ਖਾਨ ਪਾਨ ਮੋ ਸੰਜਮ ਕਰੈ ਤਾਂਤੇ ਸੁਤ ਸਮਰਥ ਹੁਇ ਸੁਖਹ ਦਿਖਾਵਹੀ ॥**

ਪੁਤਰ ਜੰਮਦਾ ਹੈ ਤਾਂ ਖਾਣ ਪੀਣ (ਦੀਆਂ ਵਸਤਾਂ ਤੋਂ) ਪਰਹਜ ਕਰਦੀ ਹੈ ਉਸ ਕਰ ਕੇ ਪੁਤਰ ਤਾਕਤ ਵਾਲਾ (ਮਾਂ ਨੂੰ) ਸੁਖ ਵਿਖਾਉਂਦਾ ਹੈ।

**ਤੈਸੇ ਗੁਰ ਭੇਟਤ ਭੈ ਭਾਇ ਸਿਖ ਸੇਵਾ ਕਰੈ ਅਲਪ ਅਹਾਰ ਨਿੰਦ੍ਰਾ ਸਬਦ ਕਮਾਵਹੀ ॥ ੫੬੯ ॥**

ਉਸੇ ਤਰ੍ਹਾਂ ਗੁਰੂ ਨੂੰ ਮਿਲ ਕਰਕੇ ਸਿਖ ਡਰ ਤੇ ਪਰੇਮ ਨਾਲ (ਗੁਰਸਿਖਾਂ ਦੀ) ਸੇਵਾ ਕਰਦਾ ਹੈ, ਥੜਾ ਭੋਜਨ ਛਕਦਾ ਹੈ ਥੋੜੀ ਨੀਂਦ ਲੈਂਦਾ ਹੈ (ਅਤੇ ਅਤੇ ਪਹਿਰ) ਗੁਰ ਸ਼ਬਦ ਦੀ ਕਮਾਈ ਕਰਦਾ ਹੈ॥ ੫੬੯ ॥

ਭਾਵ—ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤਿ ॥ ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ॥ ਗੁਰਸਿਖ ਇਨ੍ਹਾਂ ਕਰਮਾਂ ਨੂੰ ਸਦਾ ਹੀ ਕਮਾਵੇ ਤਾਂ ਹੀ 'ਪਰਮ ਪੁਰਖ' ਨੂੰ ਪਾਵੇਗਾ।

**ਜੈਸੇ ਅਨੁਚਰ ਨਰਪਤਿ ਕੀ ਪਛਾਨੈ ਭਾਖਾ ਬੋਲਤ ਬਚਨ ਖਿਨ ਬੂਝਿ ਬਿਨੁ ਦੇਖਹੀ ॥**

(ਅਨੁਚਰ=ਦਾਸ, ਸੇਵਕ। ਸਰੇਖ ਹੀ=)
(ਪਛਾਣ ਲੈਂਦਾ ਹੈ। ਕ੍ਰਿਤਮੀ=ਬਣਾਉਟੀ।)

ਜਿਸ ਤਰ੍ਹਾਂ ਨੌਕਰ ਰਾਜੇ ਦੀ ਬੋਲੀ ਨੂੰ ਪਛਾਣਦੇ

ਹਨ, (ਇਸ ਲਈ) ਵੇਖੇ ਤੋਂ ਬਿਨਾਂ ਹੀ ਬਚਨ ਬੋਲਦਿਆਂ (ਹੀ ਰਾਜੇ ਨੂੰ) ਝਟ ਹੀ ਪਛਾਣ ਲੈਂਦੇ ਹਨ।

**ਜੈਸੇ ਜੌਹਰੀ ਪਰਖ ਜਾਨਤ ਹੈ ਰਤਨ ਕੀ ਦੇਖਤ ਹੀ ਕਹੈ ਖਰੋ ਖੋਟੈ ਰੂਪ ਰੇਖ ਹੀ ॥**

ਜਿਵੇਂ ਜੌਹਰੀ ਰਤਨਾਂ ਦੀ ਪਰਖ ਜਾਣਦਾ ਹੈ, ਰਤਨ ਦੀ ਰੂਪ ਤੇ ਰੇਖਾ ਨੂੰ ਵੇਖਦਿਆਂ ਹੀ ਕਹਿ ਦਿੰਦਾ ਹੈ, (ਕਿ ਇਹ ਰਤਨ) ਖਰਾ (ਹੈ ਅਤੇ ਇਹ ਰਤਨ) ਖੋਟਾ ਹੈ।

**ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ ਰਾਖੀਐ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ ॥**

ਜਿਸ ਤਰ੍ਹਾਂ ਹੰਸ ਦੁਧ ਪਾਨੀ ਦਾ ਨਿਰਣਾ ਕਰਨਾ ਜਾਣਦਾ ਹੈ (ਭਾਵੇਂ ਦੁਧ ਪਾਣੀ ਨੂੰ) ਮਿਲਾ ਕਰ ਕੇ ਰਖ ਦੇਈਏ (ਤਾਂ ਹੰਸ) ਵਖ ਵਖ ਕਰ ਕੇ ਪਛਾਣ ਲੈਂਦਾ ਹੈ।

**ਤੈਸੇ ਗੁਰ ਸਬਦ ਸੁਨਤ ਪਹਿਚਾਨੈ ਸਿਖ ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ ॥ ੫੭੦ ॥**

ਉਸੇ ਤਰ੍ਹਾਂ ਹੀ ਗੁਰ ਸ਼ਬਦ ਨੂੰ ਸੁਣਦਿਆਂ ਹੀ ਸਿਖ ਪਛਾਣ ਲੈਂਦਾ ਹੈ, (ਕਿ ਇਹ ਗੁਰਬਾਣੀ ਹੈ ਅਤੇ ਇਹ) ਹੋਰ ਕਿਸੇ ਦੀ ਬਣਾਈ ਹੋਈ ਬਣੌਟੀ ਬਾਨੀ ਹੈ ਅਤੇ ਬਣੌਟੀ ਬਾਨੀ ਨੂੰ ਕਿਸੇ ਲੇਖੇ ਵਿਚ ਨਹੀਂ ਗਿਣਦਾ ਹੈ ॥ ੫੭੦ ॥

**ਬਾਇਸ ਉਡਹ ਬਲ ਜਾਉ ਬੇਗ ਮਿਲੇ ਪੀਅ ਮਿਟੈ ਦੁਖ ਰੋਗ ਸੋਗ ਬਿਰਹ ਬਿਯੋਗ ਕੋ ॥**

(ਬਾਯਸ=ਕਾਂ। ਬੇਗ=ਛੇਤੀ। ਅਵਧ=)
(ਉਮਰਾ। ਬਿਕਟ=ਔਖੀ। ਅੰਤਰ ਪਟ=)
(ਵਿਚਾਲੇ ਪੜਦਾ। ਲਾਲ=ਪਿਆਰਾ।)
(ਬਿਲੰਬ=ਦੇਰ, ਡੇਰ। ਔਸੇਰ=ਦੇਰ।)

(ਮੈਂ ਤੇਰੇ ਤੋਂ) ਸਦਕੇ ਜਾਵਾਂ, ਹੇ ਕਾਂ! ਉਡ (ਤਾਂ ਕਿ) ਪਤੀ ਛੇਤੀ ਆਨ ਮਿਲੇ, (ਜਿਸ ਕਰ ਕੇ) (ਪਤੀ ਦੇ) ਵਿਛੋੜੇ ਦਾ ਬਿਰਹ ਰੂਪ ਰੋਗ ਸੋਗ ਦਾ ਦੁਖ ਮਿਟ ਜਾਵੇ।

**ਅਵਧ ਬਿਕਟ ਕਟੈ ਕਪਟ ਅੰਤਰ ਪਟ ਦੇਖਉ ਦਿਨ ਪ੍ਰੇਮ ਰਸ ਸਹਜ ਸੰਜੋਗ ਕੋ ॥**

ਉਮਰਾ ਔਖੀ ਗੁਜ਼ਰਦੀ ਹੈ, (ਮੇਰੇ ਤੇ ਪਤੀ ਦੇ) ਵਿਚਾਲੇ ਕਪਟ ਦਾ ਪੜਦਾ (ਤਣਿਆ ਗਿਆ ਹੈ) ਪਰੇਮ ਰਸ ਵਾਲਾ ਸਹਿਜ ਸੰਜੋਗ ਦਾ ਦਿਨ (ਕਦੋਂ) ਵੇਖਾਂਗਾ?

**ਲਾਲ ਨ ਆਵਤ ਸੁਭ ਲਗਨ ਸਗਨ ਭਲੇ ਹੋਇ ਨ ਬਿਲੰਬ ਕਛੂ ਭੇਦ ਬੇਦ ਲੋਗ ਕੋ ॥**

ਲਗਣ ਸੁਭ ਹੈ, ਸਗਣ ਚੰਗੇ ਹਨ, (ਪਰ) ਪਿਆਰਾ (ਅਜੇ ਤਕ) ਆਉਂਦਾ ਨਹੀਂ ਹੈ? ਡੇਰ ਹੋਣੀ ਨਹੀਂ ਚਾਹੀਦੀ, ਕੁਝ ਲੌਕਿਕ ਗਿਆਨ ਜਾਂ ਭੇਦ (ਦਾ ਕਾਰਣ ਨਹੀਂ ਹੈ?)।

**ਅਤਿਹਿ ਆਤਰੁ ਭਈ ਅਧਿਕ ਔਸੇਰ ਲਾਗੀ ਧੀਰਜ ਨ ਧਰੌ ਖੋਜੌ ਧਾਰਿ ਭੇਖ ਜੋਗ ਕੋ ॥ ੫੭੧ ॥**

ਬਹੁਤ ਹੀ ਦੁਖੀ ਹੋ ਗਈ ਹਾਂ ਵਡੀ ਭਾਰੀ ਡੇਰ ਲਗ ਗਈ ਹੈ, (ਹੁਣ ਹੋਰ) ਧੀਰਜ ਨਹੀਂ ਧਰ ਸਕਦੀ, (ਮੈਂ ਆਪ) ਜੋਗਨ ਦਾ ਭੇਸ ਧਾਰ ਕੇ (ਸਾਰੇ) ਖੋਜਦੀ ਹਾਂ ॥ ੫੭੧ ॥

**ਅਗਨਿ ਜਰਤ ਜਲ ਬੂਡਤ ਸਰਪ ਗ੍ਰਸਹਿ ਸਸਤ੍ਰ ਅਨੇਕ ਰੋਮ ਰੋਮ ਕਰਿ ਘਾਤ ਹੈ ॥**

(ਬਿਰਥਾ=ਪੀੜਾ। ਗ੍ਰਸਹਿ=ਚੱਕ ਮਾਰੇ)
(ਡੰਗ ਮਾਰੇ। ਘਾਤ=ਵਾਰ।ਗ੍ਰੀਖਮ=ਗਰਮੀ।)
(ਬਰਖ=ਬਰਸਾਤ, ਚੌਮਾਸਾ। ਨਿਸਪ੍ਰਾਤ=)

( ਰਾਤ ਦਿਨ । ਜੋਰ=ਜੋੜਕੇ । )
( ਬਿਛੋਹ=ਵਿਛੋੜੇ । )

ਅਗ ਸਾੜ ਦੇਵੇ, ਪਾਣੀ ਡੋਬ ਲਵੇ, ਸਪ ਡੰਗ ਮਾਰਨ ਤੇ ਅਨੇਕ ਸ਼ਸਤ੍ਰ ਰੋਮ ਰੋਮ ਉਤੇ ਜਖਮ ਕਰ ਦੇਣ।

**ਬਿਰਥਾ ਅਨੇਕ ਅਪਦਾ ਅਧੀਨ ਦੀਨ ਗਤਿ ਗ੍ਰੀਖਮ ਔ ਸਤਿ ਬਰਖ ਮਾਹਿ ਨਿਸਪ੍ਰਾਤ ਹੈ॥**

ਅਨੇਕ ਤਰ੍ਹਾਂ ਦੀ ਪੀੜਾ ਹੋਵੇ, ਅਪਦਾਂ ਦੇ ਅਧੀਨ (ਵਸ) ਹੋ ਕੇ ਦੀਨ ਦੁਖੀ ਹਾਲਤ ਹੋ ਜਾਵੇ, ਗਰਮੀ ਤੇ ਸਰਦੀ ਤੇ ਬਰਸਾਤ (ਰੁਤ ਦੇ) ਰਾਤ ਦਿਨ ਵਿਚ (ਏਹੋ ਹਾਲਤ ਹੁੰਦੀ ਰਹੇ)।

**ਗੋ ਦ੍ਵਿਜ ਬਧੂ ਬਿਸ੍ਵਾਸ ਬੰਸ ਕੋਟਿ ਹਤਿਆ ਤ੍ਰਿਸਨਾ ਅਨੇਕ ਦੁਖ ਦੋਖ ਬਸ ਗਾਤ ਹੈ॥**

ਗਊ ਤੇ ਬ੍ਰਾਹਮਣ (ਦਾ ਮਾਰਨਾ ਗੁਰ) ਇਸਤਰੀ (ਦਾ ਗਮਨ ਕਰਨਾ) ਬਿਸਾਸਘਾਤ, ਕੁਲ ਘਾਤ (ਇਸ ਤਰ੍ਹਾਂ ਦੀਆਂ ਕਰੋੜਾਂ ਹਤਿਆਂ, ਤ੍ਰਿਸ਼ਨਾਂ, ਅਨੇਕ ਤਰ੍ਹਾਂ ਦਾ ਦੁਖ ਤੇ ਦੋਖਾਂ (ਪਾਪਾਂ) ਦੇ ਵਸ ਵਿਚ ਸਰੀਰ ਹੋ ਜਾਵੇ (ਅਰਥਾਤ ਇਹ ਹਤਿਆ, ਦੁਖ ਤੇ ਪਾਪ ਸਰੀਰ ਨੂੰ ਲੱਗ ਜਾਣ)।

**ਅਨਿਕ ਪ੍ਰਕਾਰ ਜੋਰ ਸਕਲ ਸੰਸਾਰ ਸੋਧ ਪੀਅ ਕੇ ਬਿਛੋਹ ਪਲ ਏਕ ਨ ਪੁਜਾਤ ਹੈ॥ ੫੭੨॥**

ਸਾਰੇ ਸੰਸਾਰ ਨੂੰ ਸੋਧਕੇ (ਵੇਖਿਆ ਹੈ, ਕਿ ਇਹੋ ਜਿਹੇ) ਅਨੇਕ ਤਰ੍ਹਾਂ ਦੇ ਦੁਖ ਕਲੇਸ਼ਾਂ ਨੂੰ ਜੋੜ (ਲਈਏ ਤਾਂ) ਪਤੀ ਦੇ ਵਿਛੋੜੇ ਦੇ ਦੁਖ ਦੇ ਇਕ ਪਲ ਦੇ ਸਮਾਨ ਨਹੀਂ ਪੁਜਦੇ ਹਨ॥ ੫੭੨॥

**ਪੂਰਨ ਸਰਦ ਸਸਿ ਸਕਲ ਸੰਸਾਰ ਕਹੈ ਮੇਰੇ ਜਾਨੇ ਬਰ ਬੈਸੰਤਰ ਕੀ ਊਕ ਹੈ॥**

(ਪੂਰਨਿ ਸਰਦ ਸਸਿ=ਸਰਦ ਰੁਤਿ ਦੀ)
(ਪੁੰਨਯਾਂ ਦਾ ਚੰਦ੍ਰਮਾਂ। ਊਕ=ਭਾਂਬੜ, ਲੰਬੂ।)
(ਉਸਾਸ=ਹਾਉਕਾ, ਲੰਮਾ ਸਾਹ। ਫੰਨਗ=)
(ਸਪ। ਫੂਕ=ਫੁੰਕਾਰਾ। ਪਖਾਨ=ਪਥਰ।)
(ਅਗਨ=ਅੱਗ। (੨) ਅਗਿਣਤ। ਚੂਕ=)
(ਉਕਾਈ, ਚੁਕਾਈ, ਭੁਲ। ਪਾਵਕ=ਅਗ।)

ਸਾਰਾ ਸੰਸਾਰ ਕਹਿੰਦਾ ਹੈ, (ਜੋ ਇਹ) ਸਰਦ ਰੁਤ ਦੀ ਪੁੰਨਿਆਂ ਦਾ ਚੰਦ੍ਰਮਾਂ ਹੈ, (ਪਰ) ਮੇਰੇ ਭਾਣੇ ਇਹ ਅਗ ਦਾ ਵਡਾ ਸਾਰਾ ਭਾਂਬੜ ਮਚ ਰਿਹਾ ਹੈ।

**ਅਗਨਿ ਅਗਨ ਤਨ ਮਧਿ ਚਿਨਗਾਰੀ ਛਾਡੈ ਬਿਰਹ ਉਸਾਸ ਮਾਨੋ ਫੰਨਗ ਕੀ ਫੂਕ ਹੈ॥**

(ਇਸ ਦੀ) ਅਗ ਮੇਰੇ ਸਰੀਰ ਵਿਚ ਅਗਿਣਤ ਚਿਨਗਾਰੀਆਂ ਛਡ ਰਹੀ ਹੈ, (ਮੇਰੇ) ਬਿਰਹ ਦਾ ਹਾਉਕਾ (ਤਾਂ) ਫਨੀਅਰ ਨਾਗ ਦਾ ਫੁੰਕਾਰਾ (ਮਲੂਮ ਹੁੰਦਾ) ਹੈ।

**ਪਰਸਤ ਪਾਵਕ ਪਖਾਨ ਫੂਟ ਟੂਟ ਜਾਤ ਛਾਤੀ ਅਤਿ ਬਰਜਨ ਹੁਇ ਦੋਇ ਟੂਕ ਹੈ॥**

(ਇਸ) ਅਗ (ਦੇ ਨਾਲ) ਛੋਹਦਿਆਂ ਹੀ ਪਥਰ ਫੁਟਕੇ ਟੁਟ ਜਾਂਦੇ ਹਨ, ਅਤਯੰਤ ਰੋਕਦੇ ਹੋਇਆਂ (ਭੀ ਮੇਰੀ) ਛਾਤੀ ਦੋ ਟੁਕ ਹੋ ਗਈ ਹੈ।

**ਪੀਅ ਕੇ ਸਿਧਾਰੇ ਭਾਰੀ ਜੀਵਨ ਮਰਨ ਭਏ ਜਨਮ ਲਜਾਯੋ ਪ੍ਰੇਮ ਨੇਮ ਚਿਤ ਚੂਕ ਹੈ॥ ੫੭੩॥**

ਪਤੀ ਦੇ ਚਲ ਜਾਣ ਕਰਕੇ, (ਮੇਰੇ ਲਈ) ਜੀਊਣਾ ਤੇ ਮਰਨਾ ਭਾਰੀ ਹੋ ਗਏ ਹਨ, (ਮੇਰਾ) ਜਨਮ (ਮੈਨੂੰ) ਸ਼ਰਮਿੰਦਾ ਕਰਦਾ ਹੈ, (ਕਿਉਂਕਿ) ਚਿਤ ਪ੍ਰੇਮ ਦੇ ਨੇਮ ਤੋਂ ਚੁਕ (ਭੁਲ) ਗਿਆ ਹੈ॥ ੫੭੩॥

**ਬਿਨੁ ਪ੍ਰਿਅ ਸਿਹਜਾ ਭਵਨ ਆਨ**

**ਰੂਪ ਰੰਗ ਦੇਖੀਐ ਸਕਲ ਜਮਦੂਤ ਭੈ ਭਯਾਨ ਹੈ ॥**

(ਭਵਨ=ਘਰ। ਆਨ=ਹੋਰ । ਭਯਾਨ=)
(ਡਰੌਣੇ।ਬਾਦ=ਬਿਅਰਥ, ਫਜ਼ੂਲ। ਦੁਸਹ=)
(ਨਾ ਸਹਾਰੇ ਜਾਣ ਵਾਲੇ। ਬਾਨ=ਤੀਰ।)
(ਅਸਨ=ਅੰਨ । ਬਸਨ=ਕਪੜੇ । ਅੰਗ)
(ਅੰਗ=ਤਰਾਂ ਤਰਾਂ ਦੇ, ਕਈ ਤਰ੍ਹਾਂ ਦੇ।)
(ਬੈਸੰਤਰ=ਅਗ । ਬਿਖਿਆ=ਜ਼ੋਹਰ ਹੈ।)
(ਸਲਿਲ ਅੰਤਰਿ ਗਤਿ=ਪਾਣੀ ਦੇ)
(ਅੰਦਰਲੀ ਗਤੀ, ਪਾਣੀ ਵਿਚ ਪ੍ਰਵੇਸ਼)
(ਕਰਨਾ। )

ਪਤੀ ਤੋਂ ਬਿਨਾਂ ਸੇਜਾ, ਘਰ ਤੇ ਹੋਰ (ਜੋ ਭੀ) ਰੂਪ ਰੰਗ ਦਿਸਦਾ ਹੈ, ਸਾਰੇ ਦਾ ਸਾਰਾ ਜਮਦੂਤ ਦੇ ਡਰ ਵਰਗਾ ਡਰੌਣਾ ਹੈ।

**ਬਿਨੁ ਪ੍ਰਿਯ ਰਾਗ ਨਾਦ ਬਾਦ ਗਿਆਨ ਆਨ ਕਥਾ ਲਾਗੈ ਤਨ ਤੀਛਨ ਦੁਸਹ ਉਰ ਬਾਨ ਹੈ ॥**

ਪਤੀ ਤੋਂ ਬਿਨਾਂ (ਜੋ) ਰਾਗ ਨਾਦ, ਵਾਦ ਨਿਰਣਯ ਰੂਪ ਗਿਆਨ ਤੇ ਹੋਰ ਕਥਾ (ਆਦਿਕ ਹੈ, ਉਹ ਸਭ ਕੁਝ) ਸਰੀਰ ਵਿਚ ਨਾ ਸਹੇ ਜਾਣ ਵਾਲੇ ਤਿਖੇ ਤੀਰਾਂ (ਸਮਾਨ) ਛਾਤੀ ਵਿਚ ਲਗਦਾ ਹੈ।

**ਬਿਨੁ ਪ੍ਰਿਯ ਅਸਨ ਬਸਨ ਅੰਗ ਅੰਗ ਸੁਖ ਬਿਖਿਆ ਬਿਖਮੁ ਔ ਬੈਸੰਤਰ ਸਮਾਨ ਹੈ ॥**

ਪਤੀ ਤੋਂ ਬਿਨਾਂ (ਜੋ) ਅੰਨ ਬਸਤਰ ਦਾ ਕਈ ਤਰ੍ਹਾਂ ਦਾ ਸੁਖ ਹੈ (ਉਹ) ਕਰੜੀ ਜ਼ੋਹਰ ਅਤੇ ਅਗ ਦੇ ਸਮਾਨ ਹੈ।

**ਬਿਨੁ ਪ੍ਰਿਯ ਮਾਨੋ ਮੀਨ ਸਲਿਲ ਅੰਤਰ ਗਤਿ ਜੀਵਨ ਜਤਨ ਬਿਨੁ ਪ੍ਰੀਤਮ ਨ ਆਨ ਹੈ ॥ ੫੭੪ ॥**

ਪਿਆਰੇ (ਜਲ) ਤੋਂ ਬਿਨਾਂ ਮਛੀ ਦੇ ਜੀਵਨ ਦਾ ਜਤਨ (ਜਿਵੇਂ) ਪਾਣੀ ਦੇ ਅੰਦਰ ਜਾਣ ਦੀ ਗਤੀ ਹੈ, (ਤਿਵੇਂ ਹੀ ਮੇਰੇ) ਜੀਵਨ ਦਾ ਜਤਨ ਪਿਆਰੇ ਪ੍ਰੀਤਮ (ਦੇ ਮਿਲਾਪ ਤੋਂ) ਬਿਨਾਂ ਹੋਰ (ਕੋਈ ਭੀ ਪਦਾਰਥ) ਨਹੀਂ ਹੈ ॥ ੫੭੪ ॥

ਭਾਵ--ਪਤੀ ਤੋਂ ਵਿਛੜੀ ਹੋਈ ਦੀ ਦਸ਼ਾ ਦਾ ਵਰਨਣ ਕਰਕੇ, ਗੁਰ ਚਰਨਾਂ ਤੋਂ ਵਿਛੜਕੇ ਕਾਂਸ਼ੀ ਵਿਚ ਬੈਠੇ ਹੋਏ ਭਾਈ ਸਾਹਿਬ ਆਪਣੇ ਦੁਖਾਂ ਦਾ ਵਰਨਨ ਕਰਦੇ ਹੋਏ, ਸੁਖ ਦੇ ਸਾਧਨ ਰੂਪ ਮਿਲਾਪ ਲਈ ਤਰਲਾ ਕਰਦੇ ਹਨ।

**ਪਾਇ ਲਾਗਿ ਲਾਗਿ ਦੂਤੀ ਬੇਨਤੀ ਕਰਤ ਹੁਤੀ ਮਾਨ ਮਤੀ ਹੋਇ ਕਾਹੂ ਮੁਖ ਨ ਲਗਾਵਤੀ ॥**

(ਮਧੁਰ=ਮਿਠੇ । ਪ੍ਰਤਿ ਉਤਰ=ਮੋੜਵਾਂ)
(ਜਵਾਬ। ਨਾਯਕ=ਜਿਸਦੇ ਮਗਰ ਬਹੁਤ)
(ਸਾਰੇ ਪੁਰਸ਼ ਟੁਰਨ, ਉਸ ਮਰਦ ਨੂੰ ਨਾਇਕ)
(ਤੇ ਇਸਤਰੀ ਨੂੰ ਨਾਇਕਾ ਆਖਦੇ ਹਨ।)
(ਬ੍ਰਿਥਾ=ਵਯਥਾ, ਪੀੜਾ। ਠਾਢੀ=ਖੜੋਤੀ।)
(ਬਿਲਲਾਵਤੀ=ਰੋਂਦੀ ਹੈ। )

(ਹਾਇ! ਅਫਸੋਸ! ਮੇਰੇ) ਪੈਰੀ ਲਗ ਲਗ ਕੇ ਦੂਤੀ ਬੇਨਤੀ ਕਰਦੀ ਹੁੰਦੀ ਸੀ, (ਪਰ ਮੈਂ) ਮਾਨ ਦੀ ਮਤੀ ਹੋਈ ਕਿਸੇ ਨੂੰ ਮੂੰਹ ਨਹੀਂ ਲਗਾਂਦੀ ਸਾਂ।

**ਸਜਨੀ ਸਕਲ ਕਹਿ ਮਧੁਰ ਬਚਨ ਨਿਤ ਸੀਖ ਦੇਤਿ ਹੁਤੀ ਪ੍ਰਤਿ ਉਤਰ ਨਸਾਵਤੀ ॥**

(ਮੇਰੀਆ) ਸਾਰੀਆਂ ਸਖੀਆਂ ਮਿਠੇ ਬਚਨ ਕਹਿ ਕੇ (ਮੈਨੂੰ) ਨਿਤ ਹੀ ਸਿਖਿਆ ਦੇਂਦੀਆਂ ਹੁੰਦੀਆਂ ਸਨ (ਕਿ ਤੂੰ ਮਾਨ ਨਾ ਕਰ, ਮਾਨ ਕਰਨਾ ਚੰਗਾ ਨਹੀਂ ਹੈ, ਆਦਿਕ, ਪਰ ਮੈਂ) ਮੋੜਵਾਂ ਜਵਾਬ (ਦੇ ਕੇ ਉਨ੍ਹਾਂ ਨੂੰ) ਨਸਾ ਦੇਂਦੀ ਸਾਂ।

**ਆਪਨ ਮਨਾਇ ਪ੍ਰਿਆ ਟੇਰਤ ਹੈ ਪ੍ਰਿਆ ਪ੍ਰਿਆ ਸੁਨਿ ਸੁਨਿ ਮੋਨਿ ਗਹਿ ਨਾਇਕਾ ਕਹਾਵਤੀ ॥**

(ਜਦ) ਪੀਆ ਆਪ ਆਨ ਕੇ ਮਨਾਂਦਾ ਸੀ ਅਤੇ ਹੇ ਪਿਆਰੀ! ਹੇ ਪਿਆਰੀ! (ਕਹਿਕੇ) ਬੁਲਾਉਂਦਾ ਸੀ, (ਤਾਂ ਮੈਂ ਉਨ੍ਹਾਂ ਦੇ ਬਚਨ) ਸੁਣ ਸੁਣਕੇ ਚੁਪ ਕਰ ਰਹਿੰਦੀ ਸਾਂ ਅਤੇ ਆਪਣੀ (ਹੀ ਗਲ) ਮਨਵਾਂਦੀ ਸਾਂ, (ਅਤੇ ਆਪ ਨੂੰ) ਨਾਯਕਾ (ਸਭਨਾਂ ਨੂੰ ਹੁਕਮ ਵਿਚ ਟੋਰਨ ਵਾਲੀ) ਕਹਾਉਂਦੀ ਸਾਂ।

**ਬਿਰਹ ਬਿਛੋਹ ਲਗਿ ਪੂਛਤ ਨ ਬਾਤ ਕੋਊ ਬ੍ਰਿਥਾ ਨ ਸੁਨਤ ਠਾਢੀ ਦ੍ਵਾਰਿ ਬਿਲਲਾਵਤੀ ॥ ੫੭੫ ॥**

(ਪਰ ਜਦ) ਵਿਛੋੜ ਦਾ ਬਿਰਹ (ਆਨ) ਲਗਾ ਹੈ (ਤਾਂ ਹੁਣ ਮੇਰੀ) ਕੋਈ ਗਲ ਭੀ ਨਹੀਂ ਪੁਛਦਾ ਹੈ, (ਮੈਂ) ਬੂਹੇ ਉਤੇ ਖੜੀ ਵਿਰਲਾਪ ਕਰ ਰਹੀ ਹਾਂ (ਪਰ ਮੇਰੀ) ਪੀੜਾ ਕੋਈ ਸੁਣਦਾ ਹੀ ਨਹੀਂ ਹੈ।

ਭਾਵ--ਸੁਖਾਂ ਦੇ ਵੇਲ ਦੀਆਂ ਬੇ ਪਰਵਾਹੀਆਂ ਬੁਰੇ ਨਤੀਜਿਆਂ ਦਾ ਵਰਣਨ ਕਰ ਕੇ ਸੂਚਨ ਕੀਤਾ ਹੈ, ਹਰ ਵੇਲੇ ਪ੍ਰਭੂ ਦਾ ਸਿਮਰਨ ਕਰੋ, ਕਦ ਭੀ ਇਸ ਵਲੋਂ ਮੂੰਹ ਨਾ ਮੋੜੋ, ਇਹ ਜਮਾਂ ਸਦਾ ਨਹੀਂ ਰਹਿਣਾ ਹੈ।

**ਯਾਹੀ ਮਸਤਕ ਪੇਖਿ ਰੀਝਤ ਕੋ ਪ੍ਰਾਨ ਨਾਥ ਹਾਥ ਆਪਨੈ ਬਨਾਇ ਤਿਲਕ ਸੁਹਾਵਤੇ ॥**

(ਰੀਝਤ=ਪ੍ਰਸੰਨ ਹੁੰਦੇ ਸਨ । ਕੋ ਪ੍ਰਾਨ)
(ਨਾਥ=ਪ੍ਰਾਨ ਕੋ ਨਾਥ, ਪ੍ਰਾਨਾ ਦਾ ਸਵਾਮੀ,)
(ਪਤੀ। ਹਸਤ ਕਮਲ=ਕੌਲ ਫੁਲ ਵਰਗਾ)
( ਕੂਲਾ ਹਥ। )

(ਮੇਰੇ) ਪ੍ਰਾਨ ਨਾਥ ਸਵਾਮੀ ਜੀ (ਮੇਰੇ) ਇਸ ਮਥੇ ਨੂੰ ਵੇਖਕੇ ਪਰਸੰਨ ਹੁੰਦੇ ਸਨ ਅਤੇ ਆਪਣੇ ਹਥਾਂ ਨਾਲ ਤਿਲਕ ਬਣਾ ਕੇ ਇਸਨੂੰ ਸੁਹਾਵਣਾ ਕਰਦੇ ਸਨ।

**ਯਾਹੀ ਮਸਤਕ ਧਾਰਿ ਹਸਤ ਕਮਲ ਪ੍ਰਿਯ ਪ੍ਰੇਮ ਕਥਿ ਕਹਿ ਕਹਿ ਮਾਨ ਨਿ ਮਨਾਵਤੇ ॥**

(ਮੇਰੇ) ਇਸੇ ਮਥੇ ਉਤੇ ਕਮਲ ਵਰਗਾ ਕੋਮਲ ਹਥ ਧਰਕੇ, ਪਤੀ ਜੀ ਪਰੇਮ ਦੀਆਂ ਕਥਾਂ ਕਹਿ ਕਹਿ ਕੇ (ਮੈਂ) ਮਾਣ ਮੱਤੀ ਨੂੰ ਮਨਾਂਦੇ ਹੁੰਦੇ ਸਨ।

**ਯਾਹੀ ਮਸਤਕ ਨਾਹੀ ਨਾਹੀ ਕਰਿ ਭਾਗਤੀ ਹੀ ਧਾਇ ਧਾਇ ਹੇਤ ਕਰਿ ਉਰਹਿ ਲਗਾਵਤੇ ॥**

(ਫਿਰ ਜਦ ਮੈਂ) ਨਹੀਂ ਨਹੀਂ ਕਰ ਕੇ ਭਜਦੀ ਸਾਂ (ਤਾਂ ਉਹ) ਭੱਜ ਭਜਕੇ (ਮੈਨੂੰ ਫੜਦੇ ਸਨ ਅਤੇ) ਪਰੇਮ ਕਰਕੇ (ਮੇਰੇ) ਇਸੇ ਮਥੇ ਨੂੰ ਛਾਤੀ ਨਾਲ ਲਗਾ ਲੈਂਦੇ ਸਨ।

**ਸੋਈ ਮਸਤਕ ਧੁਨਿ ਧੁਨਿ ਪੁਨਿ ਰੋਇ ਉਠੌਂ ਸੁਪਨੇ ਹੂ ਨਾਥ ਨਾਹਿ ਦਰਸ ਦਿਖਾਵਤੇ ॥ ੫੭੬ ॥**

(ਪਰ) ਫਿਰ (ਹੁਣ) ਉਸੇ ਮਥੇ ਨੂੰ ਧੁਨ ਧੁਨਕੇ ਰੋ ਉਠਦੀ ਹਾਂ, (ਕਿਉਂਕਿ ਅੱਜ) ਸਵਾਮੀ ਜੀ ਸੁਪਨੇ ਵਿਚ ਭੀ ਦਰਸ਼ਨ ਨਹੀਂ ਵਿਖਾਂਦੇ ਹਨ ॥ ੫੭੬ ॥

ਭਾਵ—ਪ੍ਰਭਤਾ ਵਿਚ ਹੰਕਾਰ ਹੋ ਜਾਂਦਾ ਹੈ ਅਤੇ ਉਹ ਹੰਕਾਰ ਕਈ ਤਰ੍ਹਾਂ ਦੀਆਂ ਭੁਲਾਂ ਕਰਾ ਦੇਂਦਾ ਹੈ, ਜਿਨ੍ਹਾਂ ਭੁਲਾਂ ਦਾ ਫਲ ਅਨੇਕ ਤਰ੍ਹਾਂ ਦਾ ਦੁਖ ਭੋਗਣਾ ਪੈਂਦਾ ਹੈ ਤੇ ਪਛਤਾਵਾ ਹੁੰਦਾ ਹੈ।

**ਜੈਸੇ ਤਉ ਪ੍ਰਸੂਤ ਸਮੈ ਸਤ੍ਰੁਕਰਿ ਮਾਨੈ ਪ੍ਰਿਐ ਜਨਮਤ ਸੁਤ ਪੁਨਿ ਰਚਤ ਸਿੰਗਾਰੇ ਜੀ ॥**

(ਪਰਸੂਤ ਸਮੈ=ਬਚਾ ਪੈਦਾ ਹੋਣ ਦਾ ਸਮਾਂ।)
(ਪ੍ਰਿਐ=ਪਤੀ ਨੂੰ । ਬੰਦ ਸਾਲਾ=ਕੈਦ)
(ਖਾਨਾ, ਜੇਹਲ । ਹਰ=ਚੋਰ । ਸਾਸਨਾ=)
(ਤਾੜਨਾ, ਡੰਡ । ਕੁਟਵਹਿ=ਭੈੜੀ ਆਦਤ।)
( ਸੰਕਟ=ਦੁਖ, ਕਸ਼ਟ। )

ਜਿਸ ਤਰ੍ਹਾਂ ਕਿ ਪੁਤਰ ਪੈਦਾ ਹੋਣ ਵੇਲੇ (ਜੋ ਪੀੜਾਂ ਇਸਤ੍ਰੀ ਨੂੰ ਲਗਦੀਆਂ ਹਨ, ਉਨ੍ਹਾਂ ਨਾਲ ਦੁਖੀ ਹੋ ਕੇ ਇਸਤ੍ਰੀ) ਪਤੀ ਨੂੰ ਦੁਸ਼ਮਨ ਕਰ ਕੇ ਮੰਨਦੀ ਹੈ, (ਪਰ) ਪੁਤ੍ਰ ਜੰਮ ਪੈਂਦਾ ਹੈ ਤਾਂ ਫਿਰ (ਪਤੀ ਨੂੰ ਖੁਸ਼ ਕਰਨ ਵਾਸਤੇ ਇਸਤ੍ਰੀ ਸਰੀਰ ਉਤੇ) ਸ਼ਿੰਗਾਰ ਲਾਉਂਦੀ ਹੈ।

**ਜੈਸੇ ਬੰਦ ਸਾਲਾ ਬਿਖੈ ਭੂਪਤ ਕੀ ਨਿੰਦਾ ਕਰੈ ਛੂਟਤ ਹੀ ਵਾਹੀ ਸ੍ਵਾਮਿ ਕਾਮਹਿ ਸੰਮ੍ਹਾਰੈ ਜੀ ॥**

ਜਿਸ ਤਰ੍ਹਾਂ (ਰਾਜੇ ਦਾ ਅਹਿਲਕਾਰ ਕਿਸੇ ਕਾਰਨ ਕਰ ਕੇ) ਜੇਹਲ ਖਾਨੇ ਵਿਚ (ਕੈਦ ਹੋਇਆ ਹੋਇਆ) ਰਾਜੇ ਦੀ ਨਿੰਦਾ ਕਰਦਾ ਹੈ, (ਪਰ ਕੈਦ ਤੋਂ) ਛੁਟਦਾ ਹੀ ਉਸੇ ਮਾਲਕ ਦੇ ਕੰਮ ਨੂੰ ਸੰਭਾਲਦਾ ਹੈ (ਅਰਥਾਤ ਫਿਰ ਉਸੇ ਰਾਜੇ ਦਾ ਕੰਮ ਸੁਆਰਨ ਲਗਦਾ ਹੈ)।

**ਜੈਸੇ ਹਰ ਹਾਇ ਗਾਇ ਸਾਸਨਾ ਸਹਤ ਨਿਤ ਕਬਹੂੰ ਨ ਸਮਝੈ ਕੁਟੇਵਹਿ ਨ ਡਾਰੈ ਜੀ ॥**

ਜਿਸ ਤਰ੍ਹਾਂ ਚੋਰ ਦੰਡ-ਤਾੜਨਾ ਸਹਾਰਦਾ ਹੋਇਆ ਸਦਾ ਹੀ ਹਾਇ ਹਾਇ (ਗਾਇ) ਕਹਿੰਦਾ ਰਹਿੰਦਾ ਹੈ, (ਪਰ ਸਜਾ ਤੋਂ ਛੁਟਕਾਰਾ ਪਾ ਕੇ) ਭੈੜੀ ਵਾਦੀ ਨੂੰ ਛਡਦਾ ਨਹੀਂ ਅਤੇ ਨਾ ਹੀ ਕਦੇ ਸਮਝ ਦਾ ਹੈ।

**ਤੈਸੇ ਦੁਖ ਦੋਖ ਪਾਪੀ ਪਾਪਹਿ ਤਿਆਗਿ ਚਾਹੈ ਸੰਕਟ ਮਿਟਤ ਪੁਨਿ ਪਾਪਹਿ ਬੀਚਾਰੈ ਜੀ ॥ ੫੭੭ ॥**

ਉਸੇ ਤਰ੍ਹਾਂ ਪਾਪੀ ਪੁਰਸ਼ ਦੋਖਾਂ ਦੇ ਦੁਖ (ਵਿਚ ਫਸ ਕੇ) ਪਾਪਾਂ ਨੂੰ ਤਿਆਗ ਦੇਣਾ ਚਾਹੁੰਦਾ ਹੈ, ਪਰ ਦੁਖਾਂ ਦੇ ਮਿਟ ਜਾਣ ਉਤੇ ਫਿਰ ਪਾਪ ਕਰਨ ਦੀ ਹੀ ਵਿਚਾਰ ਕਰਦਾ ਹੈ ॥ ੫੭੭ ॥

ਭਾਵ—ਬੁਰੇ ਕਰਮਾਂ ਦਾ ਫਲ ਰੂਪ ਦੁਖ ਭੋਗਣ ਵੇਲੇ ਪੁਰਸ਼ ਬੁਰੇ ਕਰਮਾਂ ਨੂੰ ਛਡ ਦੇਣਾ ਚਾਹੁੰਦਾ ਹੈ, ਪਰ ਦੁਖਾਂ ਦੇ ਦੂਰ ਹੋਇਆਂ ਫਿਰ ਉਸਤੋਂ ਭੀ ਵਧੀਕ ਬੁਰੇ ਕਰਮ ਕਰਨ ਲਗ ਜਾਂਦਾ ਹੈ।

**ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ ਨੈਨ ਉਘਾਰਤ ਵਾਹੀ ਠਾਉ ਹੀ ਠਿਕਾਨੋ ਹੈ ॥**

(ਨੈਨ ਉਘਾਰਤ=ਅੱਖਾਂ ਖੁਲ੍ਹਦਿਆਂ, ਅੱਖਾਂ ਤੋਂ ਖੋਪੇ ਲਹਿੰਦਿਆਂ ਹੀ। ਜੇਵਰੀ=ਰੱਸੀ। ਆਂਧਰੋ=ਅੰਨ੍ਹਾ। ਟਟੋਰੇ=ਟਟੋਲਦਾ ਹੈ। ਹਿਰਾਨੋ=ਥਕਕੇ ਪਰੇਸ਼ਾਨ ਹੁੰਦਾ ਹੈ।)

ਜਿਸ ਤਰ੍ਹਾਂ ਤੇਲੀ ਦਾ ਬਲਦ ਜਾਣਦਾ ਹੈ (ਜੋ ਅਜ ਮੈਂ) ਕਈ ਕੋਹ ਪੈਂਡਾ ਚਲਿਆ ਹਾਂ, (ਪਰ ਜਦ ਉਸਦੀ) ਅੱਖਾਂ ਤੋਂ ਖੋਪੇ ਉਤਾਰੇ ਜਾਂਦੇ ਹਨ, (ਤਦ ਵੇਖਦਾ ਹੈ ਜੋ) ਉਸੇ ਹੀ ਜਗ੍ਹਾ ਤੇ ਉਸੇ ਹੀ ਟਿਕਾਣੇ (ਉਤੇ ਖੜਾ ਹੋਇਆ) ਹੈ।

**ਜੈਸੇ ਜੇਵਰੀ ਬਟਤੁ ਆਂਧਰੋ ਅਚਿੰਤ ਚਿੰਤ ਖਾਤ ਜਾਤ ਬਛਰੋ ਟਟੋਰੇ ਪਛੁਤਾਨੋ ਹੈ ॥**

ਜਿਸ ਤਰ੍ਹਾਂ ਅੰਨਾਂ (ਆਦਮੀ) ਬੇਫਿਕਰ ਹੋ ਕੇ ਰੱਸੀ ਵਟੀ ਜਾਂਦਾ ਹੈ, (ਅਤੇ ਮਨ ਵਿਚ ਖੁਸ਼ ਹੁੰਦਾ ਹੈ, ਜੋ ਮੈਂ ਅਜ ਬਹੁਤ ਰਸੀ ਵਟੀ ਹੈ, ਪਰ ਉਸ ਰੱਸੀ ਨੂੰ ਨਾਲੋ ਨਾਲ) ਵੱਛਾ ਖਾਈ ਜਾਂਦਾ ਹੈ, (ਜਦ ਉਹ ਅੰਨ੍ਹਾ ਰਸੀ ਨੂੰ) ਟਟੋਲਦਾ ਹੈ (ਤਾਂ ਮਨ ਵਿਚ) ਪਛਤਾਂਦਾ ਹੈ।

**ਜੈਸੇ ਮ੍ਰਿਗ ਤ੍ਰਿਸਨ ਲਉ ਧਾਵੈ ਮ੍ਰਿਗ ਤ੍ਰਿਖਾਵੰਤ ਆਵਤ ਨ ਸ਼ਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ ॥**

ਜਿਸ ਤਰ੍ਹਾਂ ਪਿਆਸਾ ਹਰਨ ਮ੍ਰਿਗ ਤ੍ਰਿਸ਼ਨਾ ਦਾ ਜਲ ਵੇਖਦਾ ਹੈ (ਤਾਂ ਉਸਨੂੰ ਪ੍ਰਾਪਤ ਕਰਨ ਲਈ) ਦੌੜਦਾ ਹੀ ਦੌੜਦਾ ਹੈ, (ਪਾਣੀ ਨਾ ਮਿਲਨ ਕਰ ਕੇ ਹਰਨ ਨੂੰ) ਸ਼ਾਂਤੀ ਨਹੀਂ ਆਉਂਦੀ ਹੈ ਤੇ ਭਜਦਾ ਫਿਰਦਾ ਥਕ ਕੇ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ।

**ਤੈਸੇ ਸੁਪਨੰਤਰਿ ਦਿਸੰਤਰ ਬਿਹਾਇ ਗਈ ਪਹੁੰਚ ਨਾ ਸਕਿਓ ਤਾਹਾਂ ਜਹਾਂ ਮੋਹਿ ਜਾਨੋ ਹੈ ॥ ੫੭੮ ॥**

ਉਸੇ ਤਰ੍ਹਾਂ (ਮੇਰੀ ਸਾਰੀ ਉਮਰਾ) ਸੁਪਨੇ ਵਿਚ ਪਰਦੇਸਾਂ ਵਿਚ ਫਿਰਦਿਆਂ ਹੀ ਬੀਤ ਗਈ ਹੈ, ਅਤੇ ਮੈਂ ਉਥੇ ਨਹੀਂ ਪਹੁੰਚ ਸਕਿਆ ਹਾਂ, ਜਿਥੇ ਮੈਂ ਜਾਣਾ ਹੈ ॥ ੫੭੮ ॥

**ਸੁਤਨ ਕੇ ਪਿਤਾ ਅਰੁ ਭ੍ਰਾਤਨ ਕੇ ਭ੍ਰਾਤਾ ਭਏ ਭਾਮਨਿ ਭਤਾਰ ਹੇਤੁ ਜਨਨੀ ਕੇ ਬਾਰੇ ਹੈਂ ॥**

(ਭਾਮਨ=ਇਸਤਰੀ। ਜਨਨੀ=ਮਾਂ। ਬਾਰੇ=)
(ਬਾਲਕ, ਬਚੇ । ਤਰੁਨ=ਜੁਆਨ ।)
(ਤਰੁਨਾਈ=ਜੁਆਨੀ। ਬਿਵਸਥਾ=ਉਮਰਾ।)
(ਘਟਿ=ਸਰੀਰ ਵਿਚ। ਅਵਘਟਿ=ਸਰੀਰ)
(ਤੋਂ ਬਾਹਰ। ਨਟ ਵਟ=ਨਟ ਦੀ ਤਰ੍ਹਾਂ)
(ਮਦਾਰੀ ਵਾਂਗੂੰ। )

(ਮੇਰੇ ਚੋਜੀ ਪ੍ਰਭੂ ਜੀ) ਪੁਤਰਾਂ ਦੇ ਪਿਤਾ, ਅਤੇ ਭਰਾਵਾਂ ਦੇ ਭਰਾ (ਬਣੇ) ਹੋਏ ਹਨ, ਇਸਤਰੀ ਦੇ ਪਿਆਰ ਪਤੀ ਅਤੇ ਮਾਤਾ ਦੇ ਲਾਡਲੇ ਬਾਲ (ਬਣੇ ਹੋਏ ਹਨ)।

**ਬਾਲਕ ਕੈ ਬਾਲ ਬੁਧਿ ਤਰੁਨ ਸੈ ਤਰੁਨਾਈ ਬ੍ਰਿਧ ਸੈ ਬ੍ਰਿਧ ਬਿਵਸਥਾ ਬਿਸਥਾਰੇ ਹੈਂ ॥**

ਬਾਲਕਾਂ ਦੇ ਨਾਲ ਬਾਲ ਬੁਧੀ ਵਾਲ, ਜੁਆਨਾਂ ਨਾਲ ਜੁਆਨੀ (ਵਾਲੇ ਹੋ ਕੇ ਵਰਤ ਰਹੇ ਹਨ) ਬੁੱਢਿਆਂ ਨਾਲ ਬੁਢੀ ਉਮਰਾ ਵਾਲੇ ਵਰਗਾ ਵਰਤਾਉ ਕਰਦੇ ਹੈਨ।

**ਦ੍ਰਿਸ਼ਟਿ ਕੈ ਰੂਪ ਰੰਗ ਸੁਰਤਿ ਕੈ ਨਾਦ ਬਾਦ ਨਾਸਕਾ ਸੁਗੰਧਿ ਰਸ ਰਸਨਾ ਉਚਾਰੇ ਹੈਂ ॥**

ਅਖਾਂ ਵਿਚ ਰੂਪ ਰੰਗ ਹੋ ਕੇ, ਸੁਰਤਿ ਵਿਚ ਨਾਦ ਬਾਦ (ਹੋ ਕੇ) ਨਕ ਵਿਚ ਸੁਗੰਧੀ (ਹੋ ਕ, ਅਤੇ) ਰਸਨਾ ਵਿਚ ਸਵਾਦ ਤੇ ਉਚਾਰਨ (ਬੋਲਨ) (ਰੂਪ ਹੋ ਕੇ ਮਿਲ ਰਹੇ ਹਨ)।

**ਘਟਿ ਅਵਿਘਟਿ ਨਟ ਵਟ ਅਦ-ਭੁਤ ਗਤਿ ਪੂਰਨ ਸਕਲ ਭੂਤ ਸਭ ਹੀ ਤੇ ਨਿਆਰੇ ਹੈਂ ॥ ੫੮੯ ॥**

ਸਰੀਰ ਵਿਚ ਤੇ ਸਰੀਰ ਤੋਂ ਬਾਹਰ, ਮਦਾਰੀ ਦੀ ਤਰ੍ਹਾਂ (ਚੋਜੀ ਦੀ) ਅਦਭੁਤ ਗਤੀ ਹੈ, ਸਾਰੇ ਭੂਤਾਂ (ਪਰਾਣੀਆਂ) ਵਿਚ ਪੂਰਨ ਭੀ ਹਨ ਅਤੇ ਸਭਨਾਂ ਤੋਂ ਨਿਆਰੇ ਭੀ ਹਨ ॥ ੫੮੯ ॥

ਭਾਵ--ਗਾਹਿ ਸੂਫ਼ੀ ਗਾਹਿ ਜਾਹਦ ਗਾਹਿ ਕਲੰਦਰ ਮੇ ਸ਼ਵਦ। ਰੰਗਹਾਇ ਮੁਖਤਲਿਫ ਦਾਰਦ ਬੁਤੇ ਅਯਾਰ ਮਾ ॥' ਵਾਕ ਦਾ ਹੀ ਵਰਣਨ ਕੀਤਾ ਹੈ।

**ਜੈਸੇ ਤਿਲ ਪੀੜ ਤੇਲ ਕਾਢੀਅਤ ਕਸਟੁ ਕੈ ਤਾਂਤੇ ਹੋਇ ਦੀਪਕ ਜਰਾਏ ਉਜਿਆਰੋ ਜੀ ॥**

(ਕਸ਼ਟ ਕੈ=ਦੁਖ ਕਰ ਕੇ, ਮੁਸ਼ਕਤ ਨਾਲ।)
(ਉਜਿਆਰੋ=ਚਾਨਣ । ਅਜਾ=ਬਕਰੀ।)
(ਤਾਤ=ਤੰਦੀ । ਉਟਾਯ=ਪੰਘਾਰਕੇ ।)
(ਲੋਸਟ=ਮਿਟੀ ਦਾ ਢਲਾ ਜਿਸ ਤੋਂ ਕੱਚ)
( ਬਣਦਾ ਹੈ। )

ਜਿਸ ਤਰ੍ਹਾਂ ਬੜਾ ਕਸ਼ਟ ਕਰ ਕੇ ਤਿਲਾਂ ਨੂੰ ਪੀੜਕੇ ਤੇਲ ਕਢੀਦਾ ਹੈ, ਉਸਤੋਂ ਦੀਵਾ ਹੁੰਦਾ ਹੈ, ਜਿਸ ਨੂੰ ਜਗਾਉਣ ਨਾਲ ਚਾਨਣ ਹੁੰਦਾ ਹੈ।

**ਜੈਸੇ ਰੋਮ ਰੋਮ ਕਰਿ ਕਾਟੀਐ ਅਜਾ ਕੋ ਤਨ ਤਾਂਕੀ ਤਾਤ ਬਾਜੈ ਰਾਗ ਰਾਗਨੀ ਸੇ ਪਯਾਰੋ ਜੀ ॥**

ਜਿਸ ਤਰ੍ਹਾਂ ਬਕਰੀ ਦੇ ਸਰੀਰ ਨੂੰ ਅੰਗ ਅੰਗ ਕਰਕੇ ਕਟੀਦਾ ਹੈ, ਤਦ ਉਸਦੀ ਤੰਦੀ ਤੋਂ ਰਾਗ ਰਾਗਣੀਆਂ ਵਜਦੀਆਂ ਹਨ।

**ਜੈਸੇ ਤਉ ਉਟਾਇ ਦਰਪਨ ਕੀਜੈ ਲੋਸਟ ਸੇਤੀ ਤਾਤੇ ਕਰ ਗਹਿ ਮੁਖ ਦੇਖਤ ਸੰਸਾਰੋ ਜੀ ॥**

ਜਿਸ ਤਰ੍ਹਾਂ ਲੋਸਟ ਨੂੰ ਪੰਘਾਰਕੇ ਸ਼ੀਸ਼ਾ ਬਣਾਇਆ ਜਾਂਦਾ ਹੈ, ਉਸ ਕਰਕੇ ਜਗਤ ਉਸ ਨੂੰ ਹਥ ਵਿਚ ਫੜਕੇ (ਉਸ ਵਿਚੋਂ) ਮੂੰਹ ਵਖਦਾ ਹੈ।

**ਤੈਸੇ ਦੁਖ ਭੁਖ ਸੁਧ ਸਾਧਨਾ ਕੈ**

**ਸਾਧ ਭਏ ਤਾਹੀ ਤੇ ਜਗਤ ਕੋ ਕਰਤ ਨਿਸਤਾਰੋ ਜੀ ॥ ੫੯੦॥**

ਉਸੇ ਤਰ੍ਹਾਂ ਹੀ ਦੁਖ ਭੁਖ ਆਦਿਕ ਅਨੇਕਾਂ ਸਾਧਨਾਂ ਨੂੰ ਸਾਧ ਕਰ ਕੇ ਸਰੇਸ਼ਟ ਸਾਧ ਹੋਏ ਹਨ, ਇਸ ਕਰ ਕੇ ਹੀ ਸੰਤ ਜਨ ਜਗਤ ਦੇ ਜੀਵਾਂ ਦਾ ਪਾਰ ਉਤਾਰਾ ਕਰਦੇ ਹਨ ॥ ੫੯੦ ॥

**ਜੈਸੇ ਅੰਨਾਦਿ ਆਦਿ ਅੰਤ ਪਰਯੰਤ ਹੰਤ ਸਗਲ ਸੰਸਾਰ ਕੋ ਆਧਾਰ ਭਇਓ ਤਾਹੀ ਸੈਂ ॥**

(ਹੰਤ=ਨਾਸ, ਦੁਖ ਝਾਗਦੇ ਹਨ ।)
(ਆਧਾਰ=ਰਜੇਵਾਂ, ਰੱਜਣ ਸ਼ਕਤੀ,)
(ਤ੍ਰਿਪਤੀ । (੨) ਆਸਰਾ । ਕਪਾਸ=)
(ਕਪਾਹ । ਤ੍ਰਾਸ ਦੇਤ=ਡਰ ਦਿਤਿਆਂ,)
(ਮਾਰ ਪੈਂਦਿਆਂ । ਉਸਾਸ=ਲੰਮਾ ਸਾਹ ।)
(ਅੰਬਰ=ਕਪੜਾ । ਬਰਨ=ਰੰਗ । ਖਗ=)
(ਪੰਛੀ । ਅਵਗਾਹੀ=ਨਿਰਣੈ ਕੀਤੀ ਹੋਈ ।)

ਜਿਸ ਤਰ੍ਹਾਂ ਅੰਨ ਆਦਿਕ (ਪਦਾਰਥ) ਆਦ ਤੋਂ ਅੰਤ (ਸ਼ੁਰੂ ਤੋਂ ਅਖੀਰ) ਤਕ ਦੁਖ ਝਾਗਦੇ ਹਨ, ਉਸੇ ਕਰਕੇ ਸਾਰੇ ਸੰਸਾਰ ਦਾ ਅਧਾਰ (ਹੋ ਰਏ) ਹਨ ।

**ਜੈਸੇ ਤਉ ਕਪਾਸ ਤ੍ਰਾਸ ਦੇਤ ਨ ਉਸਾਸ ਕਾਢੈ ਜਗਤ ਕੀ ਓਟ ਭਏ ਅੰਬਰ ਦਿਵਾਹੀ ਸੈਂ ॥**

ਜਿਸ ਤਰ੍ਹਾਂ ਕਿ ਕਪਾਹ ਮਾਰ ਖਾਂਦਿਆਂ ਹੋਇਆਂ (ਭੀ) ਉਚਾ ਸਾਹ ਨਹੀਂ ਕੱਢਦੀ ਹੈ, ਤਦੇ ਹੀ ਤਾਂ ਜਗਤ ਦੀ ਓਟ (ਪਰਦਾ ਢਕਣ ਵਾਲੀ) ਹੋ ਗਈ ਹੈ, (ਕਿਉਂਕਿ ਆਪ ਸਰੀਰ ਦ) ਕਪੜੇ ਬਣਾ ਦੇਂਦੀ ਹੈ ।

**ਜੈਸੇ ਆਪਾ ਖੋਇ ਜਲ ਮਿਲੇ ਸਭਿ ਬਰਨ ਮੈ ਖਗ ਮ੍ਰਿਗ ਮਾਨਸ ਤ੍ਰਿਪਤ ਗਤਿ ਯਾਹੀ ਸੈਂ ॥**

ਜਿਸ ਤਰ੍ਹਾਂ ਪਾਣੀ ਆਪਾ ਨਾਸ ਕਰ ਕੇ ਸਾਰੇ ਰੰਗਾਂ ਨਾਲ ਮਿਲ ਜਾਂਦਾ ਹੈ, ਇਸੇ ਦਸ਼ਾ ਕਰਕੇ ਹੀ (ਉਹ) ਪੰਛੀ ਤੇ ਹਰਨਾਂ (ਪਸ਼ੂ ਪੰਛੀਆਂ) ਤੇ ਮਨੁਖਾਂ ਨੂੰ ਤ੍ਰਿਪਤ (ਕਰਦਾ ਹੈ) ।

**ਤੈਸੇ ਮਨ ਸਾਧਿ ਸਾਧ ਸਾਧਨਾ ਕੈ ਸਾਧ ਭਏ ਯਾਹੀ ਤੇ ਸਕਲ ਕੌ ਉਧਾਰ ਅਵਗਾਹੀ ਸੈਂ ॥ ੫੯੧ ॥**

ਇਸੇ ਤਰ੍ਹਾਂ ਮਨ ਨੂੰ ਸਾਧ ਸਾਧ ਕੇ (ਤੇ) ਸਾਧਨਾ ਕਰ ਕੇ ਸਾਧ ਹੋਏ ਹਨ, ਇਸੇ ਕਰ ਕੇ ਹੀ ਸਭਨਾਂ ਦਾ ਉਧਾਰ (ਕਰਨ ਵਾਲੇ) ਵਿਚਾਰੇ (ਜਾਂ ਨਿਰਣਾ ਕੀਤੇ) ਗਏ ਹਨ ।। ੫੯੧ ॥

**ਸੰਗਿ ਮਿਲਿ ਚਲੈ ਨਿਰਬਿਘਨ ਪਹੂਚੈ ਘਰ ਬਿਛਰੈ ਤੁਰਤ ਬਟਵਾਰੋ ਮਾਰ ਡਾਰ ਹੈ ॥**

(ਸੰਗ=ਸਾਥ, ਕਾਫਲਾ । ਬਟਵਾਰੋ=ਰਾਹ)
(ਮਾਰ, ਡਾਕੂ । ਬਾਰ=ਵਾੜ । ਸੂਆ=)
(ਤੋਤਾ । ਨਿਕਸਤਿ=ਨਿਕਲਦਿਆਂ ।)
(ਗ੍ਰਸਤ=ਖਾ ਲੈਂਦਾ ਹੈ ਜਾਂ ਫੜ ਲੈਂਦਾ ਹੈ ।)
(ਮੰਜਾਰ=ਬਿੱਲਾ । ਛੋਡੀ ਭਏ=ਖੁਲ)
( ਰਹਿੰਦੇ । ਪਰਿਹਾਰ=ਨਾਸ ਕਰਦੇ । )

(ਜਿਸ ਤਰ੍ਹਾਂ) ਕਾਫਲ ਨਾਲ ਮਿਲਕੇ ਚਲਣ ਵਾਲਾ ਨਿਰਵਿਘਨ ਹੀ ਘਰ ਪਹੁੰਚ, ਜਾਂਦਾ ਹੈ, (ਪਰ ਸੰਗ ਤੋਂ) ਵਿਛੜੇ ਹੋਏ ਨੂੰ ਡਾਕੂ ਮਾਰ ਸੁਟਦੇ ਹਨ ।

**ਜੈਸੇ ਬਾਰ ਦੀਏ ਖੇਤ ਛੁਵਤ ਨ ਮ੍ਰਿਗ ਨਰ ਛੋਡੀ ਭਏ ਮ੍ਰਿਗ ਪੰਖੀ ਖੇਤਹਿ ਉਜਾਰ ਹੈ ॥**

ਜਿਸ ਤਰ੍ਹਾਂ ਵਾੜ ਦਿਤੇ ਹੋਏ ਨੂੰ ਪਸ਼ੂ ਤੇ ਮਨੁਖ ਛਹ ਨਹੀਂ ਸਕਦੇ ਹਨ, (ਪਰ) ਖੁਲੇ ਰਹਿਦੇ ਹੋਏ ਖੇਤ ਨੂੰ ਪਸ਼ੂ ਪੰਛੀ ਉਜੜ ਦੇਂਦੇ ਹਨ ।

**ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ ਨਿਕਸਤਿ ਖਿਨ ਤਾਹਿ ਗ੍ਰਸਤ ਮੰਜਾਰ ਹੈ ॥**

ਜਿਸ ਤਰ੍ਹਾਂ ਪਿੰਜਰੇ ਵਿਚ ਪਿਆ ਤੋਤਾ ਪਿਆਰ ਨਾਲ ਰਾਮ ਦਾ ਨਾਮ ਲੈਂਦਾ ਹੈ, (ਪਰ, ਪਿੰਜਰੇ ਤੋਂ ਬਾਹਰ) ਨਿਕਲਦਾ ਹੈ ਤਾਂ ਇਕ ਛਿਨ ਵਿਚ ਹੀ ਉਸਨੂੰ ਬਿੱਲਾ ਖਾ ਲੈਂਦਾ ਹੈ ।

**ਸਾਧ ਸੰਗੁ ਮਿਲਿ ਮਨ ਪਹੁੰਚੈ ਸਹਜ ਘਰਿ ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈ ॥ ੫੯੨ ॥**

ਇਸੇ ਤਰ੍ਹਾਂ ਸਾਧ ਸੰਗ ਵਿਚ ਮਿਲਣ ਵਾਲਾ ਮਨ ਸਹਿਜ ਘਰ ਵਿਚ ਪਹੁੰਚ ਜਾਂਦਾ ਹੈ, (ਪਰ ਜੋ ਸਾਧ ਸੰਗ ਤੋਂ ਬਾਹਰ) ਵਿਚਰਦਾ ਹੈ, (ਕਾਮਾਦਿਕ) ਪੰਜੇ ਦੂਤ ਉਸਦੇ ਪਰਾਣਾਂ ਦਾ ਨਾਸ ਕਰਦੇ ਹਨ ॥ ੫੯੨ ॥

**ਜੈਸੇ ਤਾਤ ਮਾਤ ਗ੍ਰਿਹ ਜਨਮਤ ਸੁਤ ਘਨੇ ਸਕਲ ਨ ਹੋਤ ਸਮਸਰ ਗੁਨ ਗਥਿ ਜੀ ॥**

(ਗੁਣ ਗਥ=ਗੁਣਾਂ ਦੀ ਪੂੰਜੀ, ਗੁਣਾਂ ਕਰਕੇ)
(ਧਨਵਾਨ । ਚਟੀਆ=ਵਿਦਿਆਰਥੀ ।)
(ਚਟਸਾਲ=ਪਾਠਸ਼ਾਲਾ, ਸਕੂਲ। ਹਰ ਕਥ=)
(ਹਰ ਇਕ ਕਥਾ ਮਜ਼ਮੂਨ । (੨) ਹਰੀ ਦੀ)
(ਕਥਾ । ਪੰਥੀ=ਰਾਹੀ । ਪੰਥ=ਰਾਹ । )

ਜਿਵੇਂ (ਇਕ) ਪਿਉ ਮਾਂ ਦੇ ਘਰ ਬਹੁਤ ਸਾਰੇ ਪੁਤਰ ਜਨਮ ਲੈਂਦੇ ਹਨ, (ਪਰ) ਸਾਰੇ ਇਕੋ ਜਹੇ ਗੁਣਵਾਨ ਨਹੀਂ ਹੁੰਦੇ ਹਨ ।

**ਚਟੀਆ ਅਨੇਕ ਜੈਸੇ ਆਵੈ ਚਟ ਸਾਲ ਬਿਖੈ ਪੜ੍ਹਤ ਨ ਏਕਸੇ ਹਰ ਕਥਿ ਜੀ ॥**

ਜਿਵੇਂ ਅਨਕਾਂ ਵਿਦਿਆਰਥੀ ਪਾਠਸ਼ਾਲਾ ਵਿਚ (ਪੜ੍ਹਨ ਲਈ) ਆਉਂਦੇ ਹਨ, (ਪਰ) ਸਾਰ ਇਕੋ ਜੇਹਾ ਹਰ ਇਕ ਮਜ਼ਮੂਨ ਨਹੀਂ ਪੜ੍ਹਦ ਹਨ ।

**ਜੈਸੇ ਨਦੀ ਨਾਵ ਮਿਲਿ ਬੈਠਤ ਅਨੇਕ, ਪੰਥੀ ਹੋਤ ਨ ਸਮਾਨ ਸਭੈ ਚਲਤ ਹੈਂ ਪਥਿ ਜੀ ॥**

ਜਿਸ ਤਰ੍ਹਾਂ ਨਦੀ (ਤੋਂ ਪਾਰ ਉਤਰਨ ਲਈ) ਬੇੜੀ ਵਿਚ ਅਨੇਕਾਂ ਰਾਹੀ ਇਕਠੇ ਮਿਲਕੇ ਬੈਠਦੇ ਹਨ, (ਪਰ ਉਹ) ਸਾਰੇ ਇਕ ਸਮਾਨ ਨਹੀਂ ਹੁੰਦੇ ਅਤੇ ਨਾ ਹੀ ਇਕ ਰਾਹ ਉਤੇ ਚਲਦੇ ਹਨ ।

**ਤੈਸੇ ਗੁਰਚਰਨ ਸਰਨਿ ਹੈ ਅਨੇਕ ਸਿਖ ਸਤਿਗੁਰ ਕਰਨ ਕਾਰਨ ਸਮਰਥਿ ਜੀ ॥ ੫੯੩ ॥**

ਤਿਵੇਂ ਹੀ ਸਤਿਗੁਰੂ ਜੀ ਦੀ ਚਰਨ ਸ਼ਰਨ ਵਿਚ ਅਨੇਕਾਂ ਸਿਖ ਹਨ ਅਤੇ ਸਤਿਗੁਰੂ ਕਾਰਨਾਂ ਦੇ ਕਰਨ ਨੂੰ ਸਮਰਥ ਹੈ ॥ ੫੯੩ ॥

ਭਾਵ—ਜਿਵੇਂ ਮਾਪੇ ਬਚਿਆਂ ਨੂੰ ਪਾਂਧਾ ਵਿਦਿਆਰਥੀਆਂ ਨੂੰ ਤੇ ਮਲਾਹ ਮੁਸਾਫਰਾਂ ਨੂੰ ਇਕ ਸਾਰ ਨਹੀਂ ਕਰ ਸਕਦਾ, ਇਵੇਂ ਸਤਿਗੁਰੂ ਭਾਵੇਂ ਹਰੇਕ ਕਾਰਨ ਦੇ ਕਰਨ ਦੀ ਤਾਕਤ ਵਾਲਾ ਹੈ, ਫਿਰ ਭੀ ਸਾਰੇ ਸਿਖਾਂ ਨੂੰ ਇਕੋ ਜੇਹਾ ਨਹੀਂ ਬਨਾਂਦਾ ਹੈ।

**ਜੈਸੇ ਜਨਮਤ ਕੰਨਿਆ ਦੀਜੀਐ ਦਹੇਜ ਘਨੇ ਤਾਕੇ ਸੁਤ ਆਗੈ ਬਿਆਹੇ ਬਹੁ ਪੁਨਿ ਲੀਜੀਐ ॥**

(ਦਹੇਜ=ਦਾਜ । ਦਾਮ=ਰੁਪੈ, ਦਮੜੇ ।)
(ਸਕੁਚ=ਸੰਕੋਚ । ਅਖਾਦ=ਮਨੁਖਾਂ ਦੇ ਨਾ)
(ਖਾਣ ਯੋਗ ਘਾਹ, ਪਠਾ। ਦੁਹਿ=ਚੋ ਕੇ ।)
(ਦੀਖਯਾ=ਗੁਰ ਮੰਤ੍ਰ । ਸਹਤ=ਪਰੇਮ ਨਾਲ ।)

ਜਿਸ ਤਰ੍ਹਾਂ (ਘਰ ਵਿਚ) ਧੀ ਜੰਮਦੀ ਹੈ (ਤਾਂ ਉਸਦੇ ਵਿਆਹ ਤੇ) ਬਹੁਤ ਦਾਜ ਦੇਈਦਾ ਹੈ, (ਪਰ ਜਦ) ਅਗੇ ਉਸਦੇ ਪੁਤਰ ਦੇ ਵਿਆਹ ਉਤੇ ਫਿਰ ਬਹੁਤਾ (ਦਾਜ) ਲਈਦਾ ਹੈ ।

**ਜੈਸੇ ਦਾਮ ਲਾਈਅਤ ਪ੍ਰਿਥਮ ਬਨਜ ਬਿਖੈ ਪਾਛੈ ਲਾਭ ਹੇਤੁ ਮਨ ਸਕੁਚ ਨ ਕੀਜੀਐ ॥**

ਜਿਸ ਤਰ੍ਹਾਂ ਪਹਿਲੇ ਵਣਜ ਵਿਚ ਰੁਪੈ (ਆਪਣੇ

ਕੋਲੋਂ) ਲਾਈਦੇ ਹਨ, (ਪਰ) ਫਿਰ ਪਿਛੋਂ ਨਫਾ ਲੈਣ ਵਾਸਤੇ ਮਨ ਵਿਚ ਸੰਕੋਚ ਨਹੀਂ ਕਰੀਦਾ।

**ਜੈਸੇ ਗਊ ਸੇਵਾ ਕੈ ਸਹੇਤ ਪ੍ਰਤਿ ਪਾਲੀਅਤ ਸਕਲ ਅਖਾਦ ਵਾਕੋ ਦੂਧ ਦੁਹਿ ਪੀਜੀਐ॥**

ਜਿਸ ਤਰ੍ਹਾਂ ਗਊ ਦੀ ਸੇਵਾ ਕਰ ਕੇ ਪਰੇਮ ਨਾਲ ਪ੍ਰਤਿਪਾਲਾ ਕੀਤੀ ਜਾਂਦੀ ਹੈ, (ਪਰ) ਸਾਰੀਆਂ (ਮਨੁਖ ਦੇ) ਨਾਂ ਖਾਣ ਯੋਗ ਚੀਜਾਂ (ਘਾਹ ਤੂੜੀ ਵਗੈਰਾ) ਉਸਨੂੰ (ਖੁਆਕੇ, ਉਸਦਾ) ਦੁਧ ਚੋ ਲਈਦਾ ਹੈ।

**ਤੈਸੇ ਤਨ ਮਨ ਧਨ ਅਰਪ ਸਰਨਿ ਗੁਰ ਦੀਖਿਆ ਦਾਨ ਲੈ ਅਮਰ ਸਦ ਸਦ ਜੀਜੀਐ॥ ੫੯੪ ॥**

ਉਸ ਤਰ੍ਹਾਂ ਸਤਿਗੁਰੂ ਜੀ ਦੀ ਸ਼ਰਨ ਵਿਚ ਤਨ ਮਨ ਧਨ ਭੇਟਾ ਦੇ ਕੇ (ਉਨ੍ਹਾਂ ਪਾਸੋਂ) ਗੁਰਮੰਤਰ ਦਾ ਦਾਨ ਲੈ ਕੇ, ਅਮਰ (ਪਦ ਪਰਾਪਤ ਕਰ ਕੇ) ਸਦਾ ਸਦਾ ਜੀਵੀਦਾ ਹੈ॥ ੫੯੪॥

ਭਾਵ—'ਤਨ ਮਨ ਧਨ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।' ਭਾਵੇਂ ਗੁਰੂ ਨੂੰ ਤਨ ਮਨ ਧਨ ਦੀ ਲੋੜ ਨਹੀਂ ਹੈ, ਪਰ ਇਹ ਕੁਝ ਭੇਟ ਕਰ ਦੇਣ ਨਾਲ ਜਗਿਆਸੂ ਦੀ ਇਹਨਾਂ ਤੋਂ ਹਉਮੈ ਟੁਟਦੀ ਹੈ, ਹਉਮੈ ਦੂਰ ਹੋਣ ਨਾਲ ਮਨ ਵਿਚ ਨਾਮ ਦਾ ਨਿਵਾਸ ਹੁੰਦਾ ਹੈ, ਜਿੰਨਾ ਚਿਰ ਹਉਮੈ ਨਾ ਮਿਟੇ ਉਨਾ ਚਿਰ ਨਾਮ ਨਹੀਂ ਟਿਕ ਸਕਦਾ, ਕਿਉਂਕਿ 'ਹਉਮੈ ਨਾਵੈ ਨਾਲ ਵਿਰੋਧ ਹੈ' ਨਾਮ ਦੇ ਟਿਕ ਜਾਣ ਨਾਲ ਅਮਰ ਪਦ ਪਰਾਪਤ ਹੁੰਦਾ ਹੈ।

**ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ ਜਾਨਤ ਸੁ ਸ੍ਰਮ ਹੁਇ ਜਾਕੈ ਗਨ ਰਾਖੀਐ॥**

(ਕਨ=ਕਿਣਕਾ। ਸ੍ਰਮ=ਕਸ਼ਟ, ਥਕੇਵਾਂ।)
(ਬੰਦੀ ਜਨ=ਭੱਟ। ਚਕ੍ਰਵੈ=ਚਕ੍ਰਵਰਤੀ,)
(ਸ਼ਹਿਨਸ਼ਾਹ। ਸੁ ਜੁਗਤਿ=ਸੁੰਦਰ ਜੁਗਤੀ।)

ਜਿਸ ਤਰ੍ਹਾਂ ਲੱਖਾਂ ਕਰੋੜਾਂ (ਦੀ ਰਕਮ ਕਾਗਜ ਉਤੇ) ਲਿਖਕੇ (ਕਾਗ਼ਜ਼ ਚੁਕ ਲਈਏ ਤਾਂ ਉਸਦਾ) ਭਾਰ ਕਿਣਕਾ ਭਰ ਵੀ ਨਹੀਂ ਲਗਦਾ ਹੈ, ਪਰ ਏਨੀ (ਰਕਮ) ਗਿਣਕੇ (ਜਿਸਦੇ ਸਿਰ ਉਤੇ) ਰਖ ਦਈਏ ਉਹ(ਇਸਦੇ) ਕਸ਼ਟ ਨੂੰ ਜਾਣਦਾ ਹੈ, (ਜੋ ਕਿੰਨਾ ਕੁ ਭਾਰ ਤੇ ਥਕੇਵਾਂ) ਹੁੰਦਾ ਹੈ।

**ਅੰਮ੍ਰਿਤੁ ਅੰਮ੍ਰਿਤੁ ਕਹੈ ਪਾਈਐ ਨ ਅਮਰਪਦ ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨ ਚਾਖੀਐ॥**

(ਜਿਸ ਤਰ੍ਹਾਂ) ਅੰਮ੍ਰਿਤ ਅੰਮਿਤ ਆਖਿਆਂ ਅਮਰ ਪਦ ਨਹੀਂ ਪਾਇਆ ਜਾਂਦਾ, ਜਦ ਤਕ ਜੀਭ ਕਰ ਕੇ ਸੁੰਦਰ ਅਮ੍ਰਿਤ ਰਸ ਨਹੀਂ ਚਖਿਆ ਜਾਂਦਾ।

**ਬੰਦੀ ਜਨ ਕੀ ਅਸੀਸ ਭੂਪਤ ਨ ਹੋਇ ਕੋਊ ਸਿੰਘਾਸਨ ਬੈਠੇ ਜੈਸੇ ਚਕ੍ਰਵੈ ਨ ਭਾਖੀਐ॥**

(ਜਿਵੇਂ ਕੋਈ) ਭੱਟ ਦੀ ਅਸੀਸ ਨਾਲ ਕੋਈ ਰਾਜਾ ਨਹੀਂ ਹੋ ਜਾਂਦਾ, ਜਦ ਤਕ ਸਿੰਘਾਸਣ ਉਤੇ ਬੈਠ ਕੇ ਚਕਰਵਰਤੀ ਨਹੀਂ ਕਹਾਇਆ ਜਾਂਦਾ।

**ਤੈਸੇ ਲਿਖੇ ਸੁਨੇ ਕਹੇ ਪਾਈਐ ਨਾ ਗੁਰਮਤਿ ਜਉ ਲਉ ਗੁਰ ਸ਼ਬਦ ਕੀ ਸੁ ਜੁਗਤਿ ਨ ਲਾਖੀਐ॥ ੫੯੫ ॥**

ਇਸੇ ਤਰ੍ਹਾਂ (ਨਿਰਾ) ਲਿਖਣ ਸੁਣਨ ਤੇ ਕਹਿਣ ਨਾਲ ਗੁਰੂ ਦੀ ਮਤ ਨਹੀਂ ਪਾਈ ਜਾਂਦੀ ਜਦ ਤਕ (ਕਿ) ਗੁਰ ਸ਼ਬਦ (ਦੀ ਕਮਾਈ ਕਰਨ ਦੀ) ਸੋਹਣੀ ਜੁਗਤੀ ਨਹੀਂ ਜਾਣੀ ਜਾਂਦੀ॥ ੫੯੫॥

**ਜੈਸੇ ਤਉ ਚੰਪਕ ਬੇਲਿ ਬਿਬਿਧਿ ਬਿਥਾਰ ਚਾਰੁ ਬਾਸਨਾ ਪ੍ਰਗਟਿ ਹੋਤੁ ਫੂਲ ਹੀ ਮੈ ਜਾਇਕੈ॥**

(ਚੰਪਕ=ਚੰਬਾ। ਦ੍ਰੁਮ=ਬ੍ਰਿਛ।)
( ਦੀਰਘ=ਵੱਡਾ। )

ਜਿਸ ਤਰ੍ਹਾਂ ਕਿ ਚੰਬੇ ਦੀ ਵੇਲ ਅਨੇਕ ਤਰ੍ਹਾਂ ਦਾ

ਸੁੰਦਰ ਵਿਸਥਾਰ ਕਰਦੀ ਹੈ, (ਪਰ) ਵਾਸ਼ਨਾ ਜਾ ਕੇ ਫੁਲ ਵਿਚੋਂ ਹੀ ਪਰਗਟ ਹੁੰਦੀ ਹੈ।

**ਜੈਸੇ ਦ੍ਰੁਮ ਦੀਰਘ ਸ੍ਵਰੂਪ ਦੇਖੀਐ ਪ੍ਰਸਿਧਿ ਸ੍ਵਾਦ ਰਸ ਹੋਤ ਫਲ ਹੀ ਮੈ ਪੁਨਿ ਆਇਕੈ ॥**

ਜਿਸ ਤਰ੍ਹਾਂ ਦਰਖਤ ਲੰਮੀ ਸ਼ਕਲ ਦਾ ਵੇਖੀਦਾ ਹੈ (ਪਰ ਉਸਦਾ) ਸਵਾਦ ਤੇ ਰਸ ਜਾ ਕੇ ਫਲ ਵਿਚੋਂ ਹੀ ਪਰਸਿਧ ਹੁੰਦਾ ਹੈ।

**ਜੈਸੇ ਗੁਰ ਗਿਆਨ ਰਾਗ ਨਾਦ ਹਿਰਦੈ ਬਸਤ ਕਰਤ ਪ੍ਰਕਾਸ ਤਾਸ ਰਸਨਾ ਰਸਾਇਕੈ ॥**

ਜਿਸ ਤਰ੍ਹਾਂ ਗੁਰੂ ਦਾ ਗਿਆਨ, ਰਾਗ ਤੇ ਨਾਦ ਹਿਰਦੇ ਵਿਚ ਸਾਮਾਨ ਰੂਪ ਵਿਚ ਵਸਦਾ ਹੈ, (ਪਰ ਜਦੋਂ) ਰਸਨਾ ਰਸਾਕੇ (ਸੁਣਾਉਂਦੀ ਹੈ) ਤਦੋਂ ਉਹ ਪਰਕਾਸ਼ ਕਰਦਾ ਹੈ।

**ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ ਜਾਨੀਐ ਪ੍ਰਤਛ ਮਹਾ ਪੁਰਖ ਮਨਾਇਕੈ ॥ ੫੯੬ ॥**

ਉਸੇ ਤਰ੍ਹਾਂ ਘਟ ਘਟ ਵਿਚ ਬ੍ਰਹਮ ਪੂਰਨ ਰੂਪ (ਹੋ ਕੇ ਸਮਾਇਆ ਹੋਇਆ ਹੈ) ਪਰ ਪਰਤਖ (ਤਦੋਂ) ਜਾਣਿਆ ਜਾਂਦਾ ਹੈ, (ਜਦੋਂ ਕਿਸੇ) ਮਹਾਂ ਪੁਰਖ ਨੂੰ ਮਨਾਇਆ ਜਾਂਦਾ ਹੈ ॥ ੫੯੬ ॥

ਭਾਵ--ਮਹਾਂ ਪੁਰਸ਼ ਹੀ ਵਾਹਿਗੁਰੂ ਦਾ ਪਰਤਖ ਕਰਾ ਸਕਦੇ ਹਨ, ਉਸਦੀ ਮੇਹਰ ਤੋਂ ਬਿਨਾਂ ਉਸਦਾ ਪਰਤਖ ਹੋਰ ਕਿਸੇ ਤਰ੍ਹਾਂ ਭੀ ਨਹੀਂ ਹੁੰਦਾ ਹੈ।

**ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ ਜਉ ਲਉ ਨ ਮਿਟਤ ਰੋਗ ਤਉ ਲਉ ਬਿਲਲਾਤ ਹੈ ॥**

(ਬਿਰਥਾਵੰਤ=ਰੋਗੀ । ਸੌਨ=ਸਗਨ ।)
(ਅਕੁਲਾਤ=ਘਬਰਾਉਂਦੀ ਹੈ।ਅਲਿ=ਭੌਰਾ)
(ਅਘਾਤ=ਰਜਦਾ । ਬਿਲਲਾਤ=ਰੋਂਦਾ ।)
( ਚੈਨ=ਅਰਾਮ । ਭਤਾਰ=ਪਤੀ । )

ਜਿਸ ਤਰ੍ਹਾਂ ਰੋਗੀ ਪੁਰਸ਼ ਵੈਦ, ਵੈਦ ਕੋਲੋਂ (ਦਵਾਈ) ਪੁਛਦਾ ਫਿਰਦਾ ਹੈ, ਜਦ ਤਕ (ਉਸਦਾ) ਰਗ ਨਹੀਂ ਮਿਟਦਾ ਹੈ, ਤਦ ਤਕ ਰੋਂਦਾ ਹੈ।

**ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ ਤਉ ਲਉ ਨਹੀ ਆਵੈ ਚੈਨ ਜਉ ਲਉ ਨ ਅਘਾਤ ਹੈ ॥**

ਜਿਸ ਤਰ੍ਹਾਂ ਮੰਗਤਾ ਪੁਰਸ਼ ਘਰ ਘਰ ਵਿਚ ਭੀਖ ਮੰਗਦਾ ਫਿਰਦਾ ਹੈ, ਤਦ ਤਕ (ਉਸਨੂੰ) ਅਰਾਮ ਨਹੀਂ ਆਉਂਦਾ ਹੈ, ਜਦ ਤਕ ਰਜਦਾ ਨਹੀਂ ਹੈ।

**ਜੈਸੇ ਬਿਰਹਨੀ ਸਉਨ ਸਗਨ ਲਗਨ ਸੋਧੈ ਜਉ ਲਉ ਨ ਭਤਾਰ ਭੇਟੈ ਤਉ ਲਉ ਅਕੁਲਾਤ ਹੈ ॥**

ਜਿਸ ਤਰ੍ਹਾਂ ਬਿਰਹਨੀ (ਇਸਤ੍ਰੀ) ਸੌਣ, ਸਗਨ ਤੇ ਲਗਨ ਸੋਧਦੀ (ਰਹਿੰਦੀ ਹੈ) ਜਦ ਤਕ ਪਤੀ ਨੂੰ ਨਹੀਂ ਮਿਲਦੀ ਹੈ, ਤਦ ਤਕ ਘਬਰਾਉਂਦੀ ਹੈ।

**ਤੈਸੇ ਖੋਜੀ ਖੋਜੈ ਅਲਿ ਕਮਲ ਕਮਲ ਗਤਿ ਜਉ ਲਉ ਨ ਪਰਮਪਦ ਸੰਪਟ ਸਮਾਤ ਹੈ ॥ ੫੯੭ ॥**

(ਜਿਸ ਤਰ੍ਹਾਂ) ਭੌਰਾ ਕਮਲ ਕਮਲ ਨੂੰ ਖੋਜਦਾ (ਫਿਰਦਾ ਹੈ, ਜਦ ਤਕ) ਸੰਪਟ ਵਿਚ ਸਮਾਉਂਦਾ ਨਹੀਂ ਹੈ, ਇਸੇ ਤਰ੍ਹਾਂ (ਪਰਮਾਰਥ ਦਾ) ਖੋਜੀ (ਗਤਿ) ਮੁਕਤ ਨੂੰ ਖੋਜਦਾ ਫਿਰਦਾ ਹੈ, ਜਦ ਤਕ ਪਰਮਪਦ ਵਿਚ ਸਮਾ ਨਹੀਂ ਜਾਂਦਾ ਹੈ ॥ ੫੯੭ ॥

ਭਾਵ--ਜਦ ਤਕ ਜਗਯਾਸੂ ਪਰਮ ਪਦ ਨੂੰ ਪਾਂਦਾ ਨਹੀਂ ਹੈ, ਤਦ ਤਕ ਉਸਦਾ ਮਨ ਸ਼ਾਂਤ ਨਹੀਂ ਹੁੰਦਾ ਉਹ ਘਬਰਾਉਂਦਾ ਹੀ ਘਬਰਾਂਦਾ ਹੈ।

**ਪੇਖਤ ਪੇਖਤ ਜੈਸੇ ਰਤਨ ਪਾਰਖੂ ਹੋਤ ਸੁਨਤ ਸੁਨਤ ਜੈਸੇ ਪੰਡਿਤ**

**ਪ੍ਰਬੀਨ ਹੈ ॥**

(ਸੋਂਧਾ=ਸੁਗੰਧਤ ਪਦਾਰਥ, ਅਤਰ ਆਦਿਕ।)
(ਸੁਬਾਸੀ=ਗਾਂਧੀ, ਸੁਭ ਵਾਸ਼ਨਾਂ ਦਾ ਭੇਦ)
(ਜਾਨਣ ਵਾਲਾ । ਗਾਇਨ ਗੁਨੀਨ=)
(ਗਵਯਾ ਵਿਚੋਂ ਗੁਨਤਾਨ । )

ਜਿਸ ਤਰ੍ਹਾਂ (ਰਤਨਾਂ ਨੂੰ) ਵੇਖਦਿਆਂ ਵੇਖਦਿਆਂ ਰਤਨਾਂ ਦਾ ਪਾਰਖੂ ਬਣ ਜਾਂਦਾ ਹੈ, (ਅਤੇ ਜਿਵੇਂ ਗਿਆਨ ਚਰਚਾ ਨੂੰ) ਸੁਣਦਿਆਂ ਸੁਣਦਿਆਂ ਚਤਰ ਪੰਡਿਤ (ਹੋ ਜਾਈਦਾ ਹੈ)।

**ਸੂੰਘਤ ਸੂੰਘਤ ਸੋਂਧਾ ਜੈਸੇ ਤਉ ਸੁਬਾਸੀ ਹੋਤ ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ ॥**

ਜਿਸ ਤਰ੍ਹਾਂ ਕਿ ਸੁਗੰਧਤ ਵਸਤਾਂ ਨੂੰ ਸੁੰਘਦਿਆਂ ਸੁੰਘਦਿਆਂ ਸੁਭ ਵਾਸ਼ਨਾ ਦੀ ਪਛਾਨ ਵਾਲਾ (ਗਾਂਧੀ) ਹੋ ਜਾਂਦਾ ਹੈ, ਅਤੇ ਜਿਸ ਤਰ੍ਹਾਂ ਗਾਉਂਦਿਆਂ ਗਾਉਂਦਿਆਂ ਗੁਣਵਾਨ ਗਵਯਾ ਹੋ ਜਾਈਦਾ ਹੈ।

**ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ ਚਾਖਤ ਚਾਖਤ ਜੈਸੇ ਭੋਗੀ ਰਸੁ ਭੀਨ ਹੈ ॥**

ਜਿਸ ਤਰ੍ਹਾਂ ਕਿ ਲੇਖ ਲਿਖਦਿਆਂ ਲਿਖਦਿਆਂ (ਇਕ ਚੰਗੇ) ਲਖਕ ਹੋ ਜਾਈਦਾ ਹੈ, ਅਤੇ ਜਿਸ ਤਰ੍ਹਾਂ (ਸਵਾਦ) ਚਖਦਿਆਂ ਚਖਦਿਆਂ ਰਸਾਂ ਦੇ ਭਿਜੇ ਹੋਏ ਭੋਗੀ (ਰਸਾਂ ਦੇ ਗਿਆਨ ਵਾਲ ਚਾਖੇ) ਹੋ ਜਾਈਦਾ ਹੈ।

**ਚਲਤ ਚਲਤ ਜੈਸੇ ਪਹੂਚੈ ਠਿਕਾਨੇ ਜਾਇ ਖੋਜਤ ਖੋਜਤ ਗੁਰ ਸ਼ਬਦੁ ਲਿਵਲੀਨ ਹੈ ॥ ੫੯੯ ॥**

ਜਿਸ ਤਰ੍ਹਾਂ ਤੁਰਦਿਆਂ ਤੁਰਦਿਆਂ ਟਿਕਾਣੇ ਉਤੇ ਜਾ ਪੁਜੀਦਾ ਹੈ, (ਉਜੇ ਤਰ੍ਹਾਂ) ਗੁਰ ਸ਼ਬਦ ਨੂੰ ਖੋਜਦਿਆਂ ਖੋਜਦਿਆਂ (ਆਤਮ ਪਦ ਵਿਚ) ਲਿਵ ਲੀਨ ਹੋ ਜਾਈਦਾ ਹੈ ॥ ੫੯੯ ॥

ਭਾਵ--'ਤੂੰ ਤੂੰ ਕਰਤਾ ਤੂ ਭਇਆ' ਸਿਧਾਂਤ ਨੂੰ ਦਰਸਾ ਕੇ ਸੂਚਨ ਕੀਤਾ ਹੈ, ਕਿ ਅਭਿਆਸ ਦਾ ਕਦੇ ਭੀ ਤਿਆਗ ਨਾ ਕਰੋ, ਸਦਾ ਅਭਿਆਸ ਵਿਚ ਲਗੇ ਰਹੋਗੇ ਤਾਂ ਜਰੂਰ ਹੀ ਆਤਮ ਪਦ ਵਿਚ ਵਾਸਾ ਕਰ ਲਵੋਗੇ।

**ਜੈਸੇ ਅਲਿ ਕਮਲ ਕਮਲ ਬਾਸ ਲੇਤ ਫਿਰੈ ਕਾਹੂ ਏਕ ਪਦਮ ਕੈ ਸੰਪਟ ਸਮਾਤ ਹੈ ॥**

(ਪਦਮ=ਕਮਲ। ਸੰਪਟ=ਡਬਾ। ਬਰਹਨੇ=)
(ਨੰਗਾ। (੨) ਬਰਹਾ=ਟਾਹਨੀ ਜਾਂ ਪਤਰ।)
(ਰਜਨੀ=ਰਾਤ। ਬਿਹਾਤ=ਬੀਤ ਜਾਂਦੀ।)
(ਬਨਜ=ਸੌਦਾ।

ਜਿਸ ਤਰ੍ਹਾਂ ਭੌਰਾ ਕਮਲ ਕਮਲ ਦੀ ਵਾਸ਼ਨਾ ਲੈਂਦਾ ਫਿਰਦਾ ਹੈ, (ਪਰ) ਕਿਸੇ ਇਕ ਕਮਲ ਦੇ ਡਬੇ ਵਿਚ ਸਮਾ ਜਾਂਦਾ ਹੈ।

**ਜੈਸੇ ਪੰਛੀ ਬਿਰਖ ਬਿਰਖ ਫਲ ਖਾਤ ਫਿਰੈ ਬਰਹਨੇ ਬਿਰਖ ਬੈਠੇ ਰਜਨੀ ਬਿਹਾਤ ਹੈ ॥**

ਜਿਸ ਤਰ੍ਹਾਂ ਪੰਛੀ ਦਰਖਤ ਦਰਖਤ ਉਤੇ ਫਲ ਖਾਂਦਾ ਫਿਰਦਾ ਹੈ, (ਪਰ ਕਿਸੇ) ਨੰਗੇ ਦਰਖਤ (ਜਾਂ ਦਰਖਤ ਦੀ ਟਾਹਣੀ ਉਤੇ) ਬੈਠੇ ਨੂੰ ਰਾਤ ਗੁਜਰ ਜਾਂਦੀ ਹੈ।

**ਜੈਸੇ ਤਉ ਬਿਆਪਾਰੀ ਹਾਟਿ ਹਾਟਿ ਕੈ ਦੇਖਤ ਫਿਰੈ ਬਿਰਲੇ ਕੀ ਹਾਟਿ ਬੈਠਿ ਬਨਜ ਲੈ ਜਾਤਿ ਹੈ ॥**

ਜਿਸ ਤਰ੍ਹਾਂ ਕਿ ਵਪਾਰੀ ਹਟੀ ਹਟੀ ਉਤੇ (ਮਾਲ) ਵੇਖਦਾ ਫਿਰਦਾ ਹੈ, (ਪਰ ਕਿਸੇ) ਵਿਰਲੇ ਦੀ ਹਟੀ ਉਤੇ ਬੈਠਕੇ ਸੌਦਾ ਲੈ ਜਾਂਦਾ ਹੈ।

**ਤੈਸੇ ਹੀ ਸਬਦ ਗੁਰ ਰਤਨ ਖੋਜਤ ਖੋਜੀ ਕੋਟਿ ਮਧੇ ਕਾਹੂ ਸੰਗਿ ਰੰਗਿ**

## ਲਪਟਾਤ ਹੈ ॥ ੫੮੯ ॥

ਉਸੇ ਤਰ੍ਹਾਂ ਹੀ (ਜਗਯਾਸੂ ਰੂਪ) ਖੋਜੀ ਗੁਰ ਸ਼ਬਦ ਰੂਪ ਰਤਨ ਨੂੰ ਖੋਜਦਾ ਹੈ, (ਪਰ) ਕਰੋੜਾਂ ਵਿਚੋਂ ਕਿਸੇ ਵਿਰਲੇ ਦੇ ਸੰਗ ਵਿਚ ਪਰੇਮ ਨਾਲ ਲਿਪਟ ਜਾਂਦਾ ਹੈ ॥ ੫੮੯ ॥

ਭਾਵ—ਇਹ ਜਰੂਰੀ ਨਹੀਂ ਹੈ ਕਿ ਹਰ ਇਕ ਪੂਰੇ ਭਾਂਡੇ ਪਾਸੋਂ ਹੀ ਜਗਯਾਸੂ ਨੂੰ ਆਤਮਪਦ ਪਰਾਪਤ ਹੋਵੇ, ਵਾਹਿਗੁਰੂ ਦੀ ਮੇਹਰ ਨਾਲ ਕਦੇ ਕਦੇ ਅਪੂਰੇ ਪਾਸੋਂ ਭੀ ਪੂਰਨ ਪਦ ਮਿਲ ਜਾਂਦਾ ਹੈ।

## ਜੈਸੇ ਦੀਪ ਦੀਪਤ ਪਤੰਗ ਲੋਟ ਪੋਟ ਹੋਤ, ਕਬਹੂ ਕੈ ਜਾਰਾ ਮੈ ਪਰਤ ਜਰ ਜਾਇ ਹੈ ॥

(ਦੀਪਤ=ਜਗਦੇ। ਜਾਰਾ=ਲਾਟ, ਦੀਵੇ)
(ਦੀ ਜੋਤ। ਜਰ=ਸੜ। ਖਗ=ਪੰਛੀ।)
(ਅਵਗਾਹਨ=ਵੀਚਾਰ ਕਰਨ।)
(ਉਰਝਾਇ=ਉਲਝਨਾ, ਫਸ ਜਾਂਦਾ।)

ਜਿਸ ਤਰ੍ਹਾਂ ਜਗਦੇ ਦੀਵੇ ਉਤੇ ਪਤੰਗਾ ਲੋਟ ਪੋਟ ਹੋ ਜਾਂਦਾ ਹੈ (ਪਰ) ਕਦੇ ਨਾ ਕਦੇ ਲਾਟ ਵਿਚ ਪੈਂਦਿਆਂ ਹੀ ਸੜ ਜਾਂਦਾ ਹੈ।

## ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ ਕਾਹੂ ਦਿਨ ਫਾਸੀ ਫਾਸੈ ਬਹੁਰਿ ਨ ਆਇ ਹੈ ॥

ਜਿਸ ਤਰ੍ਹਾਂ ਪੰਛੀ ਰੋਜ ਦਾ ਰੋਜ ਉਡਕੇ ਚੋਗਾ ਚੁਗ ਕੇ (ਘਰ ਮੁੜ) ਆਉਂਦਾ ਹੈ, ਪਰ ਕਿਸੇ ਦਿਨ ਫਾਹੀ ਵਿਚ ਫਸ ਜਾਂਦਾ ਹੈ ਤਾਂ ਮੁੜਕ ਨਹੀਂ ਆਉਂਦਾ ਹੈ।

## ਜੈਸੇ ਅਲਿ ਕਮਲ ਕਮਲ ਪ੍ਰਤਿ ਖੋਜੈ ਨਿਤ ਕਬਹੂ ਕਮਲ ਦਲ ਸੰਪਟ ਸਮਾਇ ਹੈ ॥

ਜਿਸ ਤਰ੍ਹਾਂ ਭੌਰਾ ਕਮਲ ਕਮਲ ਨੂੰ ਸਦਾ ਹੀ ਢੂੰਡਦਾ ਫਿਰਦਾ ਹੈ, ਪਰ ਕਦੇ ਨ ਕਦੇ ਕਮਲਾਂ ਦੇ ਪਤਿਆਂ ਰੂਪ ਡਬੇ ਦੇ ਵਿਚ ਹੀ ਸਮਾ ਜਾਂਦਾ ਹੈ।

## ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ ਕਬਹੂ ਮਗਨ ਹੁਇ ਸ਼ਬਦ ਉਰਝਾਇ ਹੈ ॥ ੫੯੦ ॥

ਉਸੇ ਤਰ੍ਹਾਂ ਚਿਤ ਸਦਾ ਹੀ ਗੁਰਬਾਨੀ ਦੀ ਵੀਚਾਰ ਕਰਦਾ ਹੈ, (ਪਰ) ਕਦੇ ਨਾ ਕਦੇ (ਗੁਰ) ਸ਼ਬਦ ਵਿਚ ਮਗਨ ਹੋ ਕੇ ਸ਼ਬਦ (ਬ੍ਰਹਮ) ਵਿਚ ਉਰਝਾਇ (ਅਭੇਦ ਹੋ) ਜਾਂਦਾ ਹੈ ॥ ੫੯੦ ॥

ਭਾਵ—ਅਭਿਆਸ ਕਰਦਿਆਂ ਕਰਦਿਆਂ ਕਦੇ ਕਦੇ ਆਤਮ ਰਸ ਸਹਿਜ ਹੀ ਮਿਲ ਜਾਂਦਾ ਹੈ, ਇਸ ਲਈ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ।

## ਜੈਸੇ ਪੋਸਤੀ ਸੁਨਤਿ ਕਹਿਤ ਪੋਸਤ ਬੁਰੋ ਤਾਂਕੇ ਬਸਿ ਭਇਓ ਛਾਡਿਓ ਚਾਹੈ ਪੈ ਨ ਛੂਟਈ ॥

(ਬਿਤ=ਧਨ। ਬਿਲਖੈ=ਰੋਂਦਾ ਹੈ।)
(ਸਹਕਤ=ਸਹਿਕਦਾ, ਜਰਦਾ। ਜੀਤੀ)
(ਪਰੈ=ਜਿਤੀ ਜਾਂਦੀ। )

ਜਿਸ ਤਰ੍ਹਾਂ ਪੋਸਤੀ ਪਾਸੋਂ ਸੁਣਦੇ ਹਾਂ ਤੇ ਪੋਸਤੀ (ਆਪ) ਕਹਿੰਦਾ ਭੀ ਹੈ (ਕਿ) ਪੋਸਤ ਬੁਰੀ ਵਸਤੂ ਹੈ, ਪਰ (ਜੋ ਪੁਰਸ਼) ਉਸਦੇ ਵਸ ਹੋ ਗਿਆ ਹੈ, (ਜੇ ਉਹ) ਛਡਿਆ ਚਾਹੇ ਤਾਂ ਭੀ ਉਸ ਤਂ ਛੁਟਦਾ ਨਹੀਂ ਹੈ, (ਅਰਥਾਤ ਜਿਸ ਨੂੰ ਪੋਸਤ ਦਾ ਅਮਲ ਲਗ ਗਿਆ ਹੈ, ਉਸ ਤੋਂ ਛੁਟਦਾ ਨਹੀਂ ਹੈ, ਭਾਵੇਂ ਉਹ ਛਡਣਾ ਭੀ ਚਾਹੁੰਦਾ ਹੈ)।

## ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੂਆਰੀ ਤਊ ਪਰ ਜੂਆਰਨ ਕੀ ਸੰਗਤਿ ਨ ਟੂਟਈ ॥

ਜਿਸ ਤਰ੍ਹਾਂ ਜੁਆਰੀਆ ਜੂਆ ਖਡ ਕੇ ਦੌਲਤ ਹਾਰ ਜਾਂਦਾ ਹੈ ਤਾਂ ਰੋਂਦਾ ਹੈ, ਪਰ ਤਾਂ (ਭੀ ਉਸ ਦੀ) ਜੁਆਰੀਆਂ ਦੀ ਸੰਗਤ ਨਹੀਂ ਟੁਟਦੀ ਹੈ (ਅਰਥਾਤ ਉਹ ਜੁਆਰੀਆਂ ਦਾ ਸਾਥ ਨਹੀਂ ਛਡਦਾ ਹੈ)।

**ਜੈਸੇ ਚੋਰ ਚੋਰੀ ਜਾਤ ਹਿਰਦੈ ਸਹਕਤ ਪੁਨਿ ਤਜਤ ਨ ਚੋਰੀ ਜਉ ਲਉ ਸੀਸ ਹੀ ਨ ਫੂਟਈ ॥**

ਜਿਸ ਤਰ੍ਹਾਂ ਚੋਰੀ (ਕਰਨ) ਜਾਂਦਾ ਹੋਇਆ ਚੋਰ ਹਿਰਦੇ ਵਿਚ ਡਰਦਾ ਹੈ, ਪਰ ਚੋਰੀ (ਕਰਨੀ) ਛਡਦਾ ਨਹੀਂ ਹੈ, ਜਿੰਨਾ ਚਿਰ (ਉਸਦਾ) ਸਿਰ ਨਹੀਂ ਫੁਟਦਾ ਹੈ (ਅਰਥਾਤ ਮਰਦੇ ਦਮ ਤਕ ਚੋਰੀ ਕਰਨੀ ਛਡਦਾ ਨਹੀਂ ਹੈ)।

**ਤੈਸੇ ਸਭ ਕਹਤ ਸੁਨਤ ਮਾਇਆ ਦੁਖਦਾਈ ਕਾਹੂ ਪੈ ਨ ਜੀਤੀ ਪਰੈ ਮਾਇਆ ਜਗੁ ਲੂਟਈ ॥ ੫੯੧ ॥**

ਉਸੇ ਤਰ੍ਹਾਂ ਸਾਰੇ (ਆਦਮੀ) ਕਹਿੰਦੇ ਹਨ ਤੇ ਸੁਣਦੇ ਹਨ, (ਜੋ) ਮਾਯਾ ਦੁਖ ਦੇਣ ਵਾਲੀ ਹੈ (ਪਰ ਮਾਯਾ) ਕਿਸੇ ਪਾਸੋਂ ਜਿੱਤੀ ਨਹੀਂ ਗਈ ਹੈ, (ਇਸ) ਮਾਯਾ ਨੇ ਹੀ ਜਗਤ ਨੂੰ ਲੁਟ ਲਿਆ ਹੈ।੫੯੧॥

ਭਾਵ—ਬੁਰੇ ਕਰਮਾਂ ਦੀ ਬਾਣ ਪੈ ਜਾਏ ਤਾਂ ਫਿਰ ਛੁਟ ਨਹੀਂ ਸਕਦੀ ਹੈ, ਇਸ ਲਈ ਜਿਸ ਕੰਮ ਦਾ ਅੰਤ ਨੂੰ ਫਲ ਬੁਰਾ ਹੋਵੇ, ਉਸਦੇ ਕਰਨ ਦੀ ਆਦਤ ਨਹੀਂ ਪਾਨੀ ਚਾਹੀਦੀ ਹੈ।

**ਤਰਵਰੁ ਗਿਰੈ ਪਾਤੁ ਬਹੁਰਿਓ ਨ ਜੋਰੇ ਜਾਤਿ ਐਸੋ ਤਾਤ ਮਾਤ ਸੁਤ ਭ੍ਰਾਤ ਮੋਹ ਮਾਇਆ ਕੋ ॥**

(ਤਰੁਵਰ=ਤਰੋਵਰ, ਬ੍ਰਿਛ । ਓਰਾ=ਗੜਾ।)
(ਬਿਲਾਇ=ਨਾਸ਼ ਹੋਣਾ । ਬਾਰ=ਡੇਰ।)
(ਆਵਾ=(ਸੰ: ਅਵਹ) ਇਕ ਤਰ੍ਹਾਂ ਹਵਾ)
((ਭਾਵ ਵਿਹ ਇਛਾ ਜਾਂ ਆਸਾ)। ਔਧਿ=)
( ਉਮਰਾ । ਸੰਗਾਤੀ=ਸਾਥੀ। )

(ਜਿਸ ਤਰ੍ਹਾਂ) ਦਰਖਤ ਨਾਲੋਂ ਡਿਗੇ ਹੋਏ ਪੱਤਰ ਫੇਰ ਜੋੜੇ ਨਹੀਂ ਜਾਂਦੇ, ਇਸ ਤਰ੍ਹਾਂ ਪਿਉ, ਮਾਂ, ਪੁਤਰ ਭਰਾ ਤੇ ਮਾਯਾ ਦਾ ਮੋਹ (ਹੈ, ਜੋ ਇਕ ਵੇਰੀ ਟੁਟਕੇ ਫਿਰ ਜੁੜਦਾ ਨਹੀਂ ਹੈ)।

**ਜੈਸੇ ਬੁਦਬੁਦਾ ਓਰਾ ਪੇਖਤਿ ਬਿਲਾਇ ਜਾਇ ਐਸੋ ਜਾਨ ਤਿਆਗਹੁ ਭਰੋਸੋ ਭ੍ਰਮ ਕਾਇਆ ਕੋ ॥**

ਜਿਸ ਤਰ੍ਹਾਂ ਪਾਨੀ ਦਾ ਬੁਲਬੁਲਾ ਤੇ ਗੜਾ ਵੇਖਦਿਆਂ ਵੇਖਦਿਆਂ ਨਾਸ ਹੋ ਜਾਂਦਾ ਹੈ, ਇਸ ਤਰ੍ਹਾਂ ਦੇਹ ਨੂੰ ਜਾਣੋ (ਜੋ ਵੇਖਦੇ ਵੇਖਦੇ ਨਾਸ ਹੋ ਜਾਂਦੀ ਹੈ, ਤਾਂਤੇ ਇਸ) ਭਰਮ ਰੂਪ ਦੇਹ ਦਾ ਭਰੋਸਾ ਤਿਆਗ ਦਿਓ।

**ਤ੍ਰਿਣ ਕੀ ਅਗਨਿ ਜਰਿ ਬੁਝਤਿ ਨ ਬਾਰ ਲਾਗੈ ਐਸੋ ਆਵਾ ਅਉਧ ਜੈਸੇ ਨੇਹੁ ਦ੍ਰੂਮ ਛਾਇਆ ਕੋ ॥**

ਜਿਸ ਤਰ੍ਹਾਂ ਕੱਖਾਂ ਦੀ ਅਗ ਸੜਕੇ ਬੁਝਦਿਆਂ ਡੇਰ ਨਹੀਂ ਲਗਦੀ ਹੈ, ਏਸੇ ਤਰ੍ਹਾਂ ਹੀ ਉਮਰਾ ਦੀ ਇਛਾ ਤ ਨੇਹੁ ਹੈ, ਜਿਸ ਤਰ੍ਹਾਂ ਦਰਖਤ ਦੀ ਛਾਂ (ਹੁੰਦੀ ਹੈ)।

**ਜਨਮ ਜੀਵਨ ਅੰਤਕਾਲ ਕੇ ਸੰਗਾਤੀ ਰਾਚਹੁ ਸਫਲ ਅਉਸਰ ਜਗ ਤਬ ਹੀ ਤਉ ਆਇਆ ਕੋ ॥੫੯੨॥**

ਜਨਮ (ਤੋਂ ਲੈ ਕੇ) ਅੰਤ ਸਮੇਂ (ਤਕ ਸਾਰ) ਜੀਵਨ (ਦਾ ਜੋ) ਸਾਥੀ (ਵਾਹਿਗੁਰੂ) ਹੈ, ਉਸਦੇ ਵਿਚ) ਰਚ ਜਾਉ, ਤਦ ਹੀ ਤਾਂ ਜਗਤ ਉਤੇ ਆਉਣ ਦਾ ਸਮਾਂ ਸਫਲ ਹੋਵੇਗਾ।।੫੯੨॥

ਭਾਵ—ਵਾਹਿਗੁਰੂ ਸਿਮਰਨ ਵਿਚ ਮਨ ਨੂੰ ਲਾਉ ਤਦ ਹੀ ਜੀਵਨ ਦਾ ਸਮਾਂ ਸਫਲ ਹੋਵੇਗਾ। ਯਥਾ—

ਆਇਆ ਸਫਲ ਤਾਹੂ ਕੋ ਗਨੀਐ। ਜਾਸ
ਰਸਨ ਹਰਿ ਹਰਿ ਜਸ ਭਨੀਐ॥

**ਕੋਊ ਹਰ ਜੋਰੈ ਬੋਵੈ ਕੋਊ ਰਾਖੈ ਲੂਨੈ ਕੋਊ ਜਾਨੀਐ ਨ ਜਾਇ ਤਾਂਹਿ ਅੰਤ ਕੌਨ ਖਾਇਧੋ॥**

(ਹਰ=ਹਲ । ਲੂਨੈ=ਵਢਦਾ ਹੈ।)
(ਖਾਇਧੋ=ਖਾਵੇਗਾ । ਗੜੇ=ਗੜ੍ਹਾ ਪੁਟਦਾ)
(ਭਾਵ ਨੀਹਾਂ ਪੁਟਦਾ ਹੈ । ਲੋੜੇ=ਵੇਲਦਾ)

(ਹੈ, ਕਪਾਹ ਵੇਲਣ ਵਾਲੇ ਵੇਲਣੇ ਦੀ)
(ਉਪਰਲੀ ਲੋਹੇ ਦੀ ਲਠ ਦਾ ਨਾਮ ਲੋੜ੍ਹ)
(ਹੈ। ਓਢੈ=ਪਹਿਨੇਗਾ । ਕਾਛ ਕਾਛ=)
( ਸ਼ਿੰਗਾਰ ਨਾਲ ਸਜਾ ਫਬਾਕੇ। )

ਕੋਈ ਹਲ ਵਾਹੁੰਦਾ ਹੈ, ਕੋਈ ਬੀਜਦਾ ਹੈ, ਕੋਈ ਰਾਖੀ ਕਰਦਾ ਹੈ, ਕੋਈ ਵਢਦਾ (ਤੇ ਕੋਈ ਗਾਹ ਪਾਂਦਾ) ਹੈ, (ਪਰ ਇਹ) ਜਾਣਿਆ ਨਹੀਂ ਜਾਂਦਾ ਹੈ (ਜੋ) ਅੰਤ ਸਮੇਂ ਉਸ ਅੰਨ ਨੂੰ ਕੌਣ ਖਾਵੇਗਾ।

**ਕੋਊ ਗਡੈ ਚਿਨੈ ਕੋਊ ਕੋਊ ਲੀਪੈ ਪੋਚੈ ਕੋਊ ਸਮਝ ਨ ਪਰੈ ਕੌਨ ਬਸੈ ਗ੍ਰਿਹਿ ਆਇਦੋ ॥**

ਕੋਈ ਨੀਂਹ ਪੁਟਦਾ ਹੈ, ਕੋਈ ਮਕਾਨ ਚਿਣਦਾ (ਉਸਾਰਦਾ) ਹੈ, ਕੋਈ ਲਿਬਦਾ ਹੈ ਤੇ ਕੋਈ ਪੋਚਦਾ ਹੈ, (ਪਰ ਇਸ ਗਲ ਦੀ) ਸਮਝ ਨਹੀਂ ਪੈਂਦੀ (ਜੋ ਇਸ) ਘਰ ਵਿਚ ਆਣਕੇ ਕੌਣ ਵਸੇਗਾ।

**ਕੋਊ ਚੁਨੈ ਲੋੜੈ ਕੋਊ ਕੋਊ ਕਾਤੈ ਬੁਨੈ ਕੋਊ ਬੂਝੀਐ ਨ ਓਢੈ ਕੌਨ ਅੰਗ ਸੈ ਬਨਾਇਦੋ ॥**

ਕੋਈ ਕਪਾਹ ਚੁਣਦਾ ਹੈ, ਕੋਈ ਵੇਲਣੇ ਵਿਚ ਵੇਲਦਾ ਹੈ, ਕੋਈ ਕਤਦਾ ਹੈ ਤੇ ਕੋਈ ਕਪੜਾ ਉਣਦਾ ਹੈ, (ਇਹ ਭੇਦ) ਜਾਣਿਆ ਨਹੀਂ ਜਾਂਦਾ (ਜੋ ਕਪੜਾ) ਬਣਾ ਕਰਕੇ ਸਰੀਰ ਉਤੇ ਕੌਣ ਪਹਿਨੇਗਾ।

**ਤੈਸੇ ਆਪ ਕਾਛ ਕਾਛ ਕਾਮਨੀ ਸਗਲ ਬਾਛੈ ਕਵਨ ਸੁਹਾਗਨਿ ਹੁਇ ਸਿਹਜਾ ਸਮਾਇਦੋ ॥ ੫੯੩ ॥**

ਉਸੇ ਤਰ੍ਹਾਂ (ਜਗਿਆਸੂ ਰੂਪ) ਇਸਤ੍ਰੀਆਂ ਸਾਰੀਆਂ ਹੀ ਆਪ ਨੂੰ (ਸਾਧਨਾ ਰੂਪ ਸ਼ਿੰਗਾਰ ਨਾਲ) ਸਜਾ ਫਬਾਕੇ (ਪਤੀ ਸੰਗਮ ਨੂੰ) ਚਾਹੁੰਦੀਆਂ ਹਨ, (ਪਰ ਪਤਾ ਨਹੀਂ) ਕੇਹੜੀ ਸੁਹਾਗਣੀ ਹੋ ਕੇ ਸੇਹਜਾ ਤੇ ਸਮਾਵੇਗੀ। (ਅਰਥਾਤ ਉਹ ਕੇਹੜਾ ਜਗਿਆਸੂ ਹੈ ਜੋ ਪਰਮ ਪਦ ਨੂੰ ਪਾਏਗਾ) ॥ ੫੯੩ ॥

ਭਾਵ--'ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕਿ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥'

**ਜੋਈ ਪ੍ਰਭੁ ਭਾਵੈ ਤਾਹਿ ਸੋਵਤ ਜਗਾਵੈ ਜਾਇ ਜਾਗਤ ਬਿਹਾਵੈ ਜਾਹਿ ਤਾਹਿ ਨ ਬੁਲਾਵਈ ॥**

ਜੇਹੜੀ ਪ੍ਰਭੂ ਨੂੰ ਭਾਵੇਗੀ, ਉਸਨੂੰ ਸੁਤੀ ਨੂੰ ਜਗਾ ਕੇ (ਮਿਲਾ ਲਵੇਗਾ ਅਤੇ) ਜਿਸ ਦੀ ਜਾਗਦਿਆਂ (ਹੋਇਆਂ ਉਮਰਾ ਰੂਪ ਰਾਤ) ਬੀਤ ਰਹੀ ਹੈ, ਉਸ ਨੂੰ (ਆਪਣੇ ਸਰੂਪ ਵਿਚ) ਬੁਲਾਉਂਦਾ ਨਹੀਂ ਹੈ।

**ਜੋਈ ਪ੍ਰਭੁ ਭਾਵੈ ਤਾਹਿ ਮਾਨਨਿ ਮਨਾਵੈ ਧਾਤਿ ਸੇਵਕ ਸਰੂਪ ਸੇਵਾ ਕਰਤ ਨ ਭਾਵਈ ॥**

ਜੇਹੜੀ ਪ੍ਰਭੂ ਨੂੰ ਭਾ ਜਾਵੇਗੀ, (ਤਾਂ) ਉਸ ਮਾਨਨੀ ਨੂੰ (ਭੀ) ਭਜਕ ਮਨਾ ਲੈਂਦਾ ਹੈ, (ਨਹੀਂ ਤਾਂ) ਸੇਵਕ ਸਰੂਪ (ਹੋ ਕੇ) ਸੇਵਾ ਕਰਦੀ ਹੋਈ (ਭੀ ਉਸਨੂੰ) ਭਾਉਂਦੀ ਨਹੀਂ ਹੈ।

**ਜੋਈ ਪ੍ਰਭੁ ਭਾਵੈ ਤਾਹਿ ਰੀਝਕੈ ਰਿਝਾਵੈ ਆਪਿ ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ ॥**

ਜੇਹੜੀ ਪ੍ਰਭੂ ਨੂੰ ਭਾਉਂਦੀ ਹੈ, (ਉਸ) ਉਤੇ ਪ੍ਰਭੂ ਪ੍ਰਸੰਨ ਹੋ ਕੇ (ਉਸ ਨੂੰ ਭੀ) ਪ੍ਰਸੰਨ ਕਰਦਾ ਹੈ, (ਅਤੇ ਜੇਹੜੀ) ਆਪ ਨੂੰ ਸਜਾ ਫਬਾਕੇ ਆਉਂਦੀ ਹੈ, ਉਸ ਨੂੰ ਚਰਨੀ ਨਹੀਂ ਲਾਂਦਾ ਹੈ।

**ਜੋਈ ਪ੍ਰਭੁ ਭਾਵੈ ਤਾਹਿ ਸਬੈ ਬਨ ਆਵੈ ਤਾਕੀ ਮਹਿਮਾ ਅਪਾਰ ਨ ਕਹਤ ਬਨ ਆਵਈ ॥ ੫੯੪ ॥**

ਜੇਹੜੀ ਪ੍ਰਭੂ ਨੂੰ ਭਾਉਂਦੀ ਹੈ, ਉਸਨੂੰ ਸਾਰੇ (ਹੀ ਸਾਧਨ) ਬਣ ਆਉਂਦੇ ਹਨ, ਉਸਦੀ ਮਹਿਮਾ ਅਪਾਰ ਹੈ, (ਜੋ) ਕਹਿਣ ਨਹੀਂ ਬਣ ਆਉਂਦੀ ਹੈ ॥ ੫੯੪ ॥

**ਜੈਸੇ ਤਉ ਸਮੁੰਦ੍ਰ ਬਿਖੈ ਬੋਹਿਥੈ ਬਹਾਇ ਦੀਜੈ ਕੀਜੈ ਨ ਭਰੋਸੋ ਜਉ ਲਉ ਪਹੁਚੈ ਨ ਪਾਰ ਕੌ ॥**

(ਬੋਹਿਥੈ=ਜਹਾਜ ਨੂੰ । ਕੁਸਲ=ਸੁਖ ।)
(ਆਨ ਪੈਠੇ=ਲਿਆ (ਵੜਦਾ, ਲੈ ਆਉਂਦਾ)
(ਗਰ ਹਾਰ=ਗਲ ਦਾ ਹਾਰ । ਲਿਲਾਰ=)
(ਮਥਾ । ਸੰਗਮ=ਮਿਲਾਪ । )

ਜਿਸ ਤਰ੍ਹਾਂ ਕਿ ਸਮੁੰਦਰ ਵਿਚ ਜਹਾਜ ਨੂੰ ਰੋੜ੍ਹ ਦੇਈਦਾ ਹੈ, (ਓਨਾ ਚਿਰ ਉਸ ਦਾ) ਕੁਝ ਭਰੋਸਾ ਨਹੀਂ ਕੀਤਾ ਜਾਂਦਾ, ਜਦ ਤਕ ਜਾ ਕੇ ਪਾਰ ਨਹੀਂ ਲਗਦਾ ਹੈ ।

**ਜੈਸੇ ਤਉ ਕ੍ਰਿਸਾਨ ਖੇਤ ਹੇਤੁ ਕਰਿ ਜੋਤੈ ਬੋਵੈ ਮਾਨਤ ਕੁਸਲ ਆਨ ਪੈਠੇ ਗ੍ਰਿਹ ਦ੍ਵਾਰ ਕੌ ॥**

ਜਿਸ ਤਰ੍ਹਾਂ ਕਿ ਜਿਮੀਦਾਰ ਪਿਆਰ ਕਰ ਕੇ ਖੇਤ ਵਿਚ ਹਲ ਵਾਹੁੰਦਾ ਹੈ ਬੀਜਦਾ ਹੈ, (ਪਰ) ਸੁਖ ਤਦ ਮੰਨਦਾ ਹੈ, (ਜਦ ਅੰਨ ਨੂੰ) ਘਰ ਦੇ ਬੂਹੇ ਅੰਦਰ ਲੈ ਆਉਂਦਾ ਹੈ ।

**ਜੈਸੇ ਪ੍ਰਿਅ ਸੰਗਮ ਕੈ ਹੋਤ ਗਰ ਹਾਰ ਨਾਰਿ ਕਰਤ ਹੈ ਪ੍ਰੀਤਿ ਪੇਖਿ ਸੁਤ ਕੇ ਲਿਲਾਰ ਕੌ ॥**

ਜਿਸ ਤਰ੍ਹਾਂ ਇਸਤਰੀ ਪਤੀ ਮਿਲਾਪ ਕਰ ਕੇ (ਪਤੀ ਦੇ) ਗਲ ਦਾ ਹਾਰ ਹੋ ਕੇ ਪ੍ਰੀਤੀ ਕਰਦੀ ਹੈ, (ਪਰ ਜਦ) ਪੁਤਰ ਦਾ ਮਥਾ ਵੇਖਦੀ ਹੈ (ਤਾਂ ਆਪਣੀ ਪ੍ਰੀਤੀ ਸਫਲ ਸਮਝਦੀ ਹੈ) ।

**ਤੈਸੇ ਉਸਤਤਿ ਨਿੰਦਾ ਕਰੀਐ ਨ ਕਾਹੂ ਕੇਰੀ ਜਾਨੀਐ ਜੌ ਕੈਸੋ ਦਿਨ ਆਵੈ ਅੰਤਿਵਾਰ ਕੌ ॥ ੫੯੫ ॥**

ਉਸੇ ਤਰ੍ਹਾਂ ਕਿਸੇ ਦੀ ਉਸਤਤਿ ਨਿੰਦਾ ਨਹੀਂ ਕਰਨ ਚਾਹੀਦੀ (ਕਿਉਂਕਿ ਕੀ) ਜਾਣੀਏ ? (ਜੋ) ਅੰਤ ਦੇ ਸਮੇਂ ਕਿਸ ਤਰ੍ਹਾਂ ਦਾ ਦਿਨ ਆਵੇਗਾ ? ॥ ੫੯੫ ॥

**ਜੈਸੇ ਚੂਨੋ ਖਾਂਡ ਸ੍ਵੇਤ ਏਕ ਸੇ ਦਿਖਾਈ ਦੇਤ ਪਾਈਐ ਤਉ ਸ੍ਵਾਦ ਰਸ ਰਸਨਾ ਕੈ ਚਾਖੀਐ ॥**

(ਚੂਨੋ=ਆਟਾ । ਸਵੇਤ=ਚਿਟਾ । ਹੇਮ=)
(ਸੋਨਾ । ਪੀਤਰ=ਪਿਤਲ । ਪਾਰਖਦ=)
(ਪਾਰਖੂ, ਸਰਾਫ । ਅਗਰ=ਸਾਹਮਣੇ ।)
(ਖਗ=ਪੰਛੀ । ਸਯਾਮ=ਕਾਲੇ । ਅਸੁਭ=)
(ਬੁਰਾ । )

ਜਿਸ ਤਰ੍ਹਾਂ ਆਟਾ ਤੇ ਖੰਡ ਚਿਟੇ ਰੰਗ ਦੇ ਇਕੋ ਜੇਹੇ ਵਿਖਾਈ ਦੇਂਦੇ ਹਨ, (ਪਰ ਜਦ) ਜੀਭ ਨਾਲ ਚਖੀਏ ਤਾਂ (ਉਹਨਾਂ ਦਾ) ਸਵਾਦ ਤੇ ਰਸ ਪਾਈਦਾ ਹੈ (ਅਤੇ ਤਦੋਂ ਹੀ ਪਛਾਣੀਦਾ ਹੈ ਜੋ ਇਹ ਆਟਾ ਤੇ ਇਹ ਖੰਡ ਹੈ) ।

**ਜੈਸੇ ਪੀਤ ਬਰਨ ਹੀ ਹੇਮ ਅਰੁ ਪੀਤਰ ਹੁਇ ਜਾਨੀਐ ਮਹਤ ਪਾਰਖਦ ਅਗ੍ਰ ਰਾਖੀਐ ॥**

ਜਿਸ ਤਰ੍ਹਾਂ ਸੋਨਾ ਤੇ ਪਿਤਲ (ਦੋਹਾਂ ਦਾ) ਹੀ ਪੀਲਾ ਰੰਗ ਹੁੰਦਾ ਹੈ, (ਪਰ ਜਦ) ਸਰਾਫ ਦ ਸਾਹਮਣੇ ਰਖ ਦੇਈਏ ਤਾਂ ਵਡਿਆਈ (ਛੁਟਿਆਈ ਨੂੰ) ਜਾਣੀਦਾ ਹੈ ।

**ਜੈਸੇ ਕਊਆ ਕੋਕਿਲਾ ਹੈ ਦੋਨੋ ਖਗ ਸਿਆਮ ਤਨ ਬੂਝੀਐ ਅਸੁਭ ਸੁਭ ਸ਼ਬਦ ਸੁ ਭਾਖੀਐ ॥**

ਜਿਸ ਤਰ੍ਹਾਂ ਕਾਂ ਤੇ ਕੋਇਲ ਦੋਵੇਂ ਪੰਛੀ ਕਾਲੇ ਸਰੀਰ ਵਾਲੇ ਹਨ, (ਪਰ) ਬੁਰਾ ਭਲਾ (ਤਦ) ਜਾਣੀਦਾ ਹੈ, (ਜਦੋਂ) ਉਹ ਬਚਨ ਬੋਲਦੇ ਹਨ ।

**ਤੈਸੇ ਹੀ ਅਸਾਧ ਸਾਧ ਚਿਹਨ ਕੈ ਸਮਾਨ ਹੋਤ ਕਰਨੀ ਕਰਤੂਤ ਲਗਿ ਲਛਨ ਕੈ ਲਾਖੀਐ ॥ ੫੯੬ ॥**

ਇਜੇ ਤਰ੍ਹਾਂ ਬੁਰਾ ਪੁਰਸ਼ ਤੇ ਭਲਾ ਪੁਰਸ਼ (ਬਾਹਰਲੇ

ਚਿੰਨ (ਦੋਹਾਂ ਦੇ) ਇਕ ਸਮਾਨ ਹੁੰਦੇ ਹਨ, (ਪਰ) ਕਰਨੀ ਕਰਤੂਤ ਦੇ ਲਛਨਾਂ ਦੇ (ਧਿਆਨ) ਲਗ ਕੇ (ਹੀ ਉਹਨਾਂ ਨੂੰ) ਜਾਣ ਸਕੀਦਾ ਹੈ (ਅਰਥਾਤ ਕਹਿਣੀ ਤੇ ਕਰਨੀ ਦਾ ਪੂਰਾ ਸਾਧੂ ਤੇ ਕੇਵਲ ਕਹਿਣੀ ਵਿਚ ਸ਼ੇਰ ਤੇ ਕਰਨੀ ਦਾ ਗਿਦੜ ਅਸਾਧ ਹੁੰਦਾ ਹੈ) ॥ ੫੯੬ ॥

**ਜੈਸੇ ਕਰਪੂਰ ਲੋਨ ਏਕ ਸੇ ਦਿਖਾਈ ਦੇਤ ਕੇਸਰ ਕਸੁੰਭ ਸਮਸਰ ਅਰੁਨਾਈ ਕੈ ॥**

(ਕਰਪੂਰ=ਕਪੂਰ । ਅਰੁਨਾਈ=ਲਾਲੀ ।)
(ਰੂਪੈ=ਚਾਂਦੀ । ਚੋਆ=ਅਗਰ ਚੰਦਨ ਦਾ)
(ਤੇਲ, ਅਤਰ । ਇੰਦ੍ਰਾਇਨ ਫਲ=ਤੁੰਮਾ ।)
(ਅੰਮ੍ਰਿਤ ਫਲ=ਮਿਠਾ ਫਲ ਖਰਬੂਜਾ ।)
(ਫਟਕ=ਬਲੌਰ । ਖਲ ਦ੍ਰਿਸ਼ਟਿ=ਮੂਰਖਾਂ)
(ਦੀ ਨਜ਼ਰ । ਬਿਬੇਕੀ=ਵਿਚਾਰਵਾਨ)
(ਪੁਰਖ । ਸਮਾਈ=ਸਹਨ ਸੀਲਤਾ ਜਾਂ)
(ਸ਼ਾਂਤੀ । )

ਜਿਸ ਤਰ੍ਹਾਂ ਕਪੂਰ ਤੇ ਲੂਣ ਇਕੋ ਜੇਹੇ (ਚਿਟੇ) ਵਿਖਾਈ ਦੇਂਦ ਹਨ, ਕੇਸਰ ਤੇ ਕਸੁੰਭੇ ਦੀ ਲਾਲੀ ਇਕ ਸਮਾਨ ਕਰਕੇ (ਦਿਸਦੀ) ਹੈ ।

**ਰੂਪੈ ਕਾਂਸੀ ਦੋਨੋ ਜੈਸੇ ਊਜਲ ਬਰਨ ਹੋਤ ਕਾਜਰ ਅਉ ਚੋਆ ਸਮਾਨ ਸਿਆਮਤਾਈ ਕੈ ॥**

ਜਿਸ ਤਰ੍ਹਾਂ ਚਾਂਦੀ ਤੇ ਕੈਹਾਂ ਦੋਵੇਂ ਚਿਟੇ ਰੰਗ ਦੇ ਹੁੰਦੇ ਹਨ, ਕਜਲ ਤੇ ਚੋਆ (ਦੇ ਰੰਗ ਦੀ) ਕਾਲਕ ਇਕ ਸਮਾਨ (ਨਜ਼ਰ ਆਉਂਦੀ) ਹੈ ।

**ਇੰਦ੍ਰਾਇਨ ਫਲ ਅੰਮ੍ਰਿਤਫਲ ਪੀਤ ਸਮ ਹੀਰਾ ਅਉ ਫਟਕ ਸਮ ਰੂਪ ਹੈ ਦਿਖਾਈ ਕੈ ॥**

ਤੁੰਮਾ ਫਲ ਤੇ ਅੰਮ੍ਰਿਤ ਫਲ (ਦੋਹਾਂ ਦਾ) ਪੀਲਾ (ਰੰਗ) ਇਕ ਬਰਾਬਰ ਹੈ, ਹੀਰਾ ਤੇ ਬਲੌਰ (ਜਿਵੇਂ) ਸਮਾਨ ਰੂਪ ਵਾਲੇ ਨਜ਼ਰ ਆਉਂਦੇ ਹਨ ।

**ਤੈਸੇ ਖਲ ਦ੍ਰਿਸਟਿ ਮੈ ਅਸਾਧ ਸਾਧ ਸਮ ਦੇਹ ਬੂਝਤ ਬਿਬੇਕੀ ਜਲ ਜੁਗਤਿ ਸਮਾਈ ਕੈ ॥ ੫੯੭ ॥**

ਇਸੇ ਤਰ੍ਹਾਂ ਮੂਰਖਾਂ ਦੀ ਨਜ਼ਰ ਵਿਚ ਸਾਧੂ ਤੇ ਅਸਾਧ ਦੀ ਦੇਹ ਤਾਂ ਇਕ ਸਮਾਨ ਹੈ, (ਪਰ) ਵਿਚਾਰਵਾਨ ਪੁਰਸ਼ ਪਾਨੀ ਦੀ ਜੁਗਤੀ ਵਰਗੀ ਸਮਾਈ ਕਰ ਕੇ ਜਾਣ ਲੈਂਦਾ ਹੈ (ਜੋ ਸਾਧੂ ਕੌਣ ਹੈ ਤੇ ਅਸਾਧ ਕੌਣ ਹੈ ?) ਅਰਥਾਤ ਸਾਧੂ ਪੁਰਸ਼ ਜਲ ਵਾਂਗੂੰ ਸਮਾਈ ਕਰਨ ਵਾਲਾ ਹੁੰਦਾ ਹੈ, ਪਰ ਅਸਾਧੂ ਸਮਾਈ ਤੋਂ ਹੀਨ ਹੁੰਦਾ ਹੈ ॥ ੫੯੭ ॥

**ਕਾਲਰ ਮੈ ਬੋਏ ਬੀਜ ਉਪਜੇ ਨ ਧਾਨ ਪਾਨ ਖੇਤ ਮੈ ਡਾਰੇ ਸੁ ਤਾਂਤੇ ਅਧਿਕ ਅਨਾਜ ਹੈ ॥**

(ਕਾਲਰ=ਕੱਲਰ । ਧਾਨ=ਅੰਨ । ਧਾਨ)
(ਪਾਨ=ਅੰਨ ਦਾ ਪੱਤਾ (ਭਾਵ ਅੰਕੂਰ)
(ਫੁਟਨਾ) । ਕਾਲਰ=ਸ਼ੋਰਾ । ਸਾਬਰ=)
(ਪਾਣੀ ਨਾਲ । ਊਸ੍ਰ=ਭਾਫ । ਪਾਵਕ=)
(ਅੱਗ । ਤਪ ਤੇਜ=ਭਬਾਕਾ । ਉਪਰਾਜ=)
(ਪੈਦਾ ਕਰਦਾ । ਜਸਤ=ਜਿਸਤ ।)
(ਅਚਵਤ=ਪੀਂਦਿਆਂ । ਤ੍ਰਿਖਾ=ਪਿਆਸ ।)
(ਹੇਤ=ਕਾਰਣ । ਸਕਿਤ=ਸ਼ਕਤਿ, ਮਾਯਾ ।)
( ਸ਼ਿਵ=ਕਲਿਆਣ ਰੂਪ ਪ੍ਰਭੂ । )

ਕੱਲਰ (ਵਾਲੀ ਜਮੀਨ) ਵਿਚ ਬੀਜ ਬੀਜਿਆ ਜਾਏ (ਤਾਂ) ਅੰਨ ਦਾ ਅੰਕੂਰ ਭੀ ਪੈਦਾ ਨਹੀਂ ਹੁੰਦਾ ਹੈ, (ਪਰ ਜੇਕਰ ਸ਼ੋਰੇ ਨੂੰ ਖਾਦ ਵਾਂਗੂ) ਖੇਤ ਵਿਚ ਪਾ ਦਿਤਾ ਜਾਵੇ ਤਾਂ ਉਸ ਕਰ ਕੇ ਅਨਾਜ ਬਹੁਤ ਪੈਦਾ ਹੁੰਦਾ ਹੈ ।

**ਕਾਲਰ ਸੈ ਕਰਤ ਸਬਾਰ ਜਮ ਸਾ ਊਸ੍ਰ ਤਉ ਪਾਵਕ ਪ੍ਰਸੰਗ ਤਪ ਤੇਜ ਉਪਰਾਜ ਹੈ ॥**

ਸ਼ੋਰੇ ਨਾਲ ਪਾਣੀ ਦਾ ਸਾਥ ਕਰਦਿਆਂ ਹੀ ਉਹ

ਭਾਫ ਨੂੰ ਜਮਾ ਦੇਂਦਾ ਹੈ, (ਪਰ) ਅਗ ਦੇ ਨਾਲ ਮਿਲ ਕਰਕੇ (ਲੋਰਾ) ਭਬਾਕਾ ਪੈਦਾ ਕਰਦਾ ਹੈ।

**ਜਸਤ ਸੁਯੰਕਤ ਹੁਇ ਮਿਲਤ ਹੈ ਸੀਤ ਜਲ ਅਚਵਤ ਸਾਂਤਿ ਸੁਖ ਤ੍ਰਿਖਾ ਭ੍ਰਮ ਭਾਜ ਹੈ ॥**

(ਸ਼ੋਰਾ) ਜਿਸਤ (ਦੀ ਸੁਰਾਹੀ) ਨਾਲ ਮਿਲ ਜਾਣ ਕਰ ਕੇ ਪਾਣੀ ਠੰਢਾ ਹੋ ਜਾਂਦਾ ਹੈ, (ਜਿਸਨੂੰ) ਪੀਂਦਿਆਂ ਹੀ ਸੁਖ ਤੇ ਸ਼ਾਂਤੀ (ਪੈਦਾ ਹੁੰਦੀ ਹੈ) ਤਰੇਹ ਤੇ ਭਰਮ ਦੂਰ ਹੋ ਜਾਂਦਾ ਹੈ।

**ਤੈਸੇ ਆਤਮਾ ਅਚੇਤ ਸੰਗਤ ਸੁਭਾਵ ਹੇਤ ਸਕਤਿ ਸਕਤਿ ਗਤਿ ਸਿਵ ਸਿਵ ਸਾਜ ਹੈ ॥ ੫੯੮ ॥**

ਉਸੇ ਤਰ੍ਹਾਂ ਆਤਮਾ ਅਚੇਤ ਹੈ, ਸੰਗਤ ਦਾ ਸੁਭਾਵ (ਇਸਦੇ) ਸੁਭਾਵ ਦਾ ਕਾਰਨ ਹੈ, ਮਾਇਆ ਨਾਲ ਮਾਇਆ ਦੀ ਹਾਲਤ (ਵਰਗਾ ਹੋ ਜਾਂਦਾ ਹੈ ਅਤੇ) ਸ਼ਿਵ (ਨਾਲ ਮਿਲ ਕਰ ਕੇ) ਸ਼ਿਵ (ਦੇ ਸੁਭਾਵ ਨੂੰ) ਸਾਜ (ਲੈਂਦਾ) ਹੈ ॥ ੫੯੮ ॥

**ਕੇਹਰਿ ਅਹਾਰ ਮਾਸ ਸੁਰਹੀ ਅਧਾਰ ਘਾਸ ਮਧੁਪ ਕਮਲ ਬਾਸ ਲੇਤ ਸੁਖ ਮਾਨ ਹੀ ॥**

(ਕੇਹਰਿ=ਕੇਸਰੀ, ਸ਼ੇਰ । ਸੁਰਹੀ=ਗਊ ।)
( ਮਧੁਪ=ਭੋਰਾ । ਖੀਰ=ਦੁਧ । )
( ਸਮੀਰ=ਹਵਾ । )

ਸ਼ਰ ਦੀ ਖੁਰਾਕ ਮਾਸ ਹੈ, ਗਊ ਦਾ ਅਧਾਰ ਘਾਸ ਹੈ, ਭੌਰਾ ਕਮਲ ਦੀ ਵਾਸ਼ਨਾ ਲੈਂਦਾ ਹੋਇਆ ਹੀ ਸੁਖ ਮੰਨਦਾ ਹੈ।

**ਮੀਨਹਿ ਨਿਵਾਸ ਨੀਰ ਬਾਲਕ ਅਧਾਰ ਖੀਰ ਸਰਪਹ ਸਖਾ ਸਮੀਰ ਜੀਵਨ ਕੋ ਜਾਨਹੀ ॥**

ਮੱਛੀ ਦਾ ਪਾਣੀ ਵਿਚ ਵਸੇਬਾ ਹੈ, ਬਚੇ ਦਾ ਦੁਧ ਦਾ ਅਧਾਰ ਹੈ ਸਪਾਂ ਦੀ ਮਿਤ੍ਰ ਹਵਾ ਹੈ (ਅਤੇ ਹਵਾ ਨੂੰ ਹੀ) ਜੀਵਨ (ਖੁਰਾਕ) ਕਰ ਕੇ ਮੰਨਦੇ ਹਨ।

**ਚੰਦਹਿ ਚਾਹੈ ਚਕੋਰ ਘਨਹਰ ਘਟਾ ਮੋਰ ਚਾਤ੍ਰਿਕ ਬੂੰਦਨ ਸ੍ਵਾਂਤਿ ਧਰਤ ਧਿਆਨ ਹੀ ॥**

ਚੰਦ੍ਰਮਾਂ ਨੂੰ ਚਕੋਰ ਚਾਹੁੰਦਾ ਹੈ, ਬਦਲਾਂ ਦੀ ਅਵਾਜ ਨੂੰ ਮੋਰ (ਚਾਹੁੰਦਾ ਹੈ) ਅਤੇ ਪਪੀਹਾ ਸਵਾਂਤੀ ਬੂੰਦ ਦਾ ਧਿਆਨ ਧਰਦਾ ਹੈ।

**ਪੰਡਿਤ ਬੇਦ ਬੀਚਾਰਿ ਲੋਕਨ ਮੈ ਲੋਕਾਚਾਰ ਮਾਇਆ ਮੋਹ ਮੈ ਸੰਸਾਰ ਗਿਆਨ ਗੁਰ ਗਿਆਨ ਹੀ ॥੫੯੯॥**

ਪੰਡਿਤ ਨੇ ਵੇਦਾਂ ਦੀ ਵਿਚਾਰ ਵਿਚ ਲੋਕਾਂ ਨੇ ਲੋਕਾ-ਚਾਰੀ ਵਿਚ, ਸੰਸਾਰ ਨੇ ਮਾਇਆ ਦੇ ਮੋਹ ਵਿਚ ਤੇ ਗਿਆਨੀ ਨੇ ਗੁਰੂ ਗਿਆਨ ਵਿਚ (ਚਿਤ ਜੋੜਿਆ ਹੋਇਆ ਹੈ) ॥ ੫੯੯ ॥

ਭਾਵ—ਕਈ ਦ੍ਰਿਸ਼ਟਾਂਤ ਦੇ ਕੇ ਦਸਿਆ ਹੈ ਕਿ ਗਿਆਨੀ ਗੁਰੂ ਗਿਆਨ ਕਰ ਕੇ ਹੀ ਜੀਊ ਦਾ ਹੈ।

ਜਿਵੇਂ—'ਦੂਧ ਬਿਨਾ ਰਹਿਨ ਕਤ ਬਾਰੋ' ਹੈ।

**ਜੈਸੇ ਪੀਤ ਸ੍ਵੇਤ ਸਿਆਮ ਅਰੁਨ ਵਰਨ ਰੂਪ ਅਗ੍ਰਭਾਗ ਰਾਖੈ ਆਂਧਰੋ ਨ ਕਛੂ ਦੇਖ ਹੈ ॥**

(ਸ੍ਵੇਤ=ਚਿੱਟਾ । ਪੀਤ=ਪੀਲਾ । ਅਰੁਨ=)
(ਲਾਲ । ਅਗ੍ਰਭਾਗ=ਅਗ, ਸਾਹਮਣੇ ।)
(ਆਂਧਰੋ=ਅੰਨ੍ਹਾ । ਬਹਰੋ=ਬੋਲਾ । ਪਰੇਖ=)
(ਪਛਾਣ । ਬ੍ਰਿਥਾਵੰਤ=ਰੋਗੀ । ਅਧਮ=)
( ਨੀਚ । ਅਭੇਖ=ਭੇਸ ਤੋਂ ਰਹਿਤ । )

ਜਿਸ ਤਰ੍ਹਾਂ ਪੀਲਾ, ਚਿੱਟਾ ਕਾਲਾ ਲਾਲ ਰੰਗ (ਤੇ ਸੁੰਦਰ) ਰੂਪ (ਅੰਨੇ ਦੇ) ਸਾਹਮਣੇ ਰਖ ਦੇਈਏ (ਤਾਂ ਅੰਨ੍ਹੇ ਪੁਰਸ਼ ਨੂੰ ਕੁਝ ਭੀ ਦਿਸਦਾ ਨਹੀਂ ਹੈ।

**ਜੈਸੇ ਰਾਗ ਰਾਗਨੀ ਅਉ ਨਾਦ ਬਾਦ ਆਨ ਗੁਨ ਗਾਵਤ ਬਜਾਵਤ ਨ ਬਹਰੋ ਪਰੇਖ ਹੈ ॥**

ਜਿਸ ਤਰ੍ਹਾਂ (ਛੇ) ਰਾਗ (ਤੀਹ) ਰਾਗਨੀਆਂ ਅਤੇ ਵਾਜਿਆਂ ਦੇ ਅਲਾਪ ਆਦਿਕ ਹੋਰ ਗੁਨ (ਦਾਇਕ ਚੀਜਾਂ ਦੇ) ਗਾਉਣ ਵਜਾਉਣ ਦੀ ਬੋਲ਼ੇ ਪੁਰਸ਼ ਨੂੰ ਪਛਾਣ ਨਹੀਂ ਹੁੰਦੀ ਹੈ ।

**ਜੈਸੇ ਰਸ ਭੋਗ ਬਹੁ ਬਿੰਜਨ ਪਰੋਸੈ ਆਗੈ ਬ੍ਰਿਥਾਵੰਤ ਜੰਤ ਨਾਹਿ ਰੁਚਿਤ ਬਿਸੇਖ ਹੈ ॥**

ਜਿਸ ਤਰ੍ਹਾਂ ਰੋਗੀ ਪੁਰਸ਼ ਅਗੇ ਬਹੁਤ ਰਸ (ਦਾਇਕ) ਭੋਗ ਤੇ ਖਾਣੇ (ਆਦਿਕ ਥਾਲੀ ਵਿਚ) ਪਰਸਕੇ ਰਖੇ ਜਾਣ (ਤਾਂ ਉਹ ਉਸਨੂੰ) ਖਾਸ ਕਰ ਕੇ ਭਾਉਂਦੇ ਨਹੀਂ ਹਨ ।

**ਤੈਸੇ ਗੁਰ ਦਰਸ ਬਚਨ ਪ੍ਰੇਮ ਨੇਮ ਨਿਧਿ ਮਹਿਮਾ ਨ ਜਾਨੀ ਮੋਹਿ ਅਧਮ ਅਭੇਖ ਹੈ ॥ ੬੦੦ ॥**

ਉਸੇ ਤਰ੍ਹਾਂ ਹੀ ਮੈਂ ਨੀਚ ਤੇ ਬੁਰੇ ਵਸ ਵਾਲੇ ਨੇ ਗੁਰੂ ਦੇ ਦਰਸ਼ਨ ਤੇ ਪਰੇਮ ਦੀ ਨਿਧੀ (ਰੂਪ ਗੁਰੂ ਦੇ) ਬਚਨ ਦੀ ਮਹਿਮਾ ਨਹੀਂ ਜਾਣੀ ਹੈ ॥ ੬੦੦ ॥

ਭਾਵ--ਗੁਰੂ ਦੀ ਕਿਰਪਾ ਤੋਂ ਹੀਣਾ ਪੁਰਸ਼ ਗੁਰੂ ਦੀ ਮਹਿਮਾ ਨਹੀਂ ਜਾਣ ਸਕਦਾ ।

**ਕਵਨ ਭਕਤਿ ਕਰਿ ਭਕਤਿ ਵਛਲ ਭਏ ਪਤਿਤ ਪਾਵਨ ਭਏ ਕਉਨ ਪਤਿਤਾਈ ਕੈ ॥**

(ਪਤਿਤਾਈ=ਨੀਚਤਾ । ਕੈ=ਕਰ ਕੇ ।) (ਗਰਬ ਪ੍ਰਹਾਰੀ=ਹੰਕਾਰ ਨਾਸ ਕਰਨ) (ਵਾਲਾ। ਅਸੁਰ=ਦੈਂਤ। ਅਸੁਰ ਸੰਘਾਰਣ=) (ਦੈਂਤਾਂ ਨੂੰ ਮਾਰਨ ਵਾਲਾ । ਅਸੁਰਾਈ=) (ਦੈਂਤ ਪੁਣਾ। ਅਘ=ਪਾਪ । ਦੀਨਤਾ=) (ਗਰੀਬੀ, ਨਿੰਮ੍ਰਤਾ । ਬਿਰਦ=ਧਰਮ ।) (ਜੁਗਤਿ=ਜੋਗ, (੨) ਯੁਕਤੀ, ਦਲੀਲ ।)

(ਜਗਯਾਸੂ ਦੀ) ਕੇਹੜੀ ਭਗਤੀ (ਕਰਨ) ਕਰ ਕੇ (ਤੁਸੀਂ) ਭਗਤ ਵਛਲ ਹੁੰਦੇ ਹੋ ? (ਅਤੇ ਉਹ) ਕੇਹੜੀ ਨੀਚਤਾ (ਹੈ, ਜਿਸਦੇ ਕਰਨ) ਕਰ ਕੇ (ਤੁਸੀਂ ਉਸ ਨੀਚ ਨੂੰ (ਤਾਰਣ ਲਈ) ਪਤਿਤਪਾਵਨ ਹੁੰਦੇ ਹੋ ?

**ਦੀਨ ਦੁਖ ਭੰਜਨ ਭਏ ਸੁ ਕਉਨ ਦੀਨਤਾ ਕੈ ਗਰਬਪ੍ਰਹਾਰੀ ਭਏ ਕਵਨ ਬਡਾਈ ਕੈ ॥**

ਉਹ ਕੌਨ ਦੀਨਤਾ (ਹੈ, ਜਿਸਦੇ ਕਰਨ) ਕਰ ਕੇ (ਤੁਸੀਂ) ਦੀਨ ਦੁਖ ਭੰਜਨ ਹੋਏ ਸੀ ? ਅਤੇ (ਉਹ) ਕੇਹੜਾ ਵਡਪਨਾ (ਹੰਕਾਰ) ਸੀ (ਜਿਸ ਦੇ ਕਰਨ) ਕਰਕੇ (ਤੁਸੀਂ ਜਗਯਾਸੂ ਦਾ ਉਧਾਰ ਕਰਨ ਲਈ) ਗਰਬ ਪ੍ਰਹਾਰੀ ਹੋਏ ਸੀ ।

**ਕਵਨ ਸੇਵਾ ਕੈ ਨਾਥ ਸੇਵਕ ਸਹਾਈ ਭਏ ਅਸੁਰ ਸੰਘਾਰਨ ਹੈ ਕਉਨ ਅਸੁਰਾਈ ਕੈ ॥**

ਹ ਨਾਥ ! (ਉਹ) ਕੇਹੜੀ ਸੇਵਾ (ਹੈ, ਜਿਸਦੇ ਕਰਨ) ਕਰ ਕ (ਤੁਸੀਂ) ਸੇਵਕ ਸਹਾਈ ਹੋਏ ਸੀ ? (ਅਤੇ ਉਹ) ਕਹੜਾ ਦੈਂਤ ਪੁਣਾ (ਹੈ, ਜਿਸਦੇ ਨਾਸ ਕਰਨ ਲਈ ਆਪ) ਅਸੁਰ ਸੰਘਾਰਨ ਹੋਏ ਸੀ ।

**ਭਗਤਿ ਜੁਗਤਿ ਅਘ ਦੀਨਤਾ ਗਰਬ ਸੇਵਾ ਜਾਨਉ ਨ ਬਿਰਦ ਮਿਲਉ ਕਵਨ ਕਮਾਈ ਕੈ ॥ ੬੦੧ ॥**

ਭਗਤੀ, ਜੁਗਤੀ, ਪਾਪ, ਦੀਨਤਾ, ਹੰਕਾਰ ਤੇ ਸੇਵਾ (ਆਦਿਕ ਵਿਚੋਂ ਮੈਂ ਕੋਈ ਭੀ) ਬਿਰਦ ਨਹੀਂ ਜਾਣਦਾ ਹਾਂ (ਕਿ) ਕੇਹੜੀ ਕਮਾਈ (ਕਰਨ) ਕਰ ਕੇ ਆਪ ਮਿਲਦੇ ਹੋ ? ॥ ੬੦੧ ॥

**ਕਵਨ ਗੁਨ ਗਾਇਕੈ ਰੀਝਾਈਐ ਗੁਨ ਨਿਧਾਨ ਕਵਨ ਮੋਹਨ ਜਗਮੋਹਨ**

**ਬਿਮੋਹੀਐ ॥**

(ਰੀਝਾਈਐ=ਪ੍ਰਸੰਨ ਕਰੀਏ । ਗੁਨ)
(ਨਿਧਾਨ=ਗੁਨਾਂ ਦਾ ਖਜਾਨਾ ਰੂਪ ਪ੍ਰਭੂ ।)
(ਜਗ ਮੋਹਨ=ਜਗਤ ਨੂੰ ਮੋਹਨ ਵਾਲਾ)
(ਵਾਹਿਗੁਰੂ । ਚਿੰਤਾਮਨਿ=ਇਛਾ ਪੂਰੀ ਕਰਨ)
(ਵਾਲੀ ਇਕ ਮਣੀ, ਜੋ ਸਮੁੰਦਰ ਵਿਚੋਂ)
(ਨਿਕਲੀ ਸੀ, ਭਾਵ ਇਛਾ ਪੂਰਕ ਪ੍ਰਭੂ ।)
(ਉਕਤ=ਦਲੀਲ, ਜੁਗਤੀ । ਬੋਹੀਐ=)
(ਬੋਧ ਕਰਾਉਣਾ ਸਮਝਣਾ । ਵਿਸਵ=)
(ਸੰਸਾਰ । )

ਕੇਹੜੇ ਗੁਣ ਗਾਇਣ ਕਰ ਕੇ ਗੁਣ ਨਿਧਾਨ ਨੂੰ ਪ੍ਰਸੰਨ ਕਰੀਏ ਅਤੇ ਕੇਹੜੇ ਮੋਹਨ (ਮੰਤਰ ਨਾਲ) ਜਗ ਮੋਹਨ (ਦੇ ਮਨ ਨੂੰ) ਮੋਹਤ ਕਰ ਲਿਆ ਜਾਵੇ ।

**ਕਉਨ ਸੁਖ ਦੈ ਕੈ ਸੁਖ ਸਾਗਰ ਸਰਨ ਗਹੋਂ ਭੂਖਨ ਕਵਨ ਚਿੰਤਾਮਨਿ ਮਨ ਮੋਹੀਐ ॥**

ਕੇਹੜਾ ਸੁਖ ਦੇ ਕਰਕੇ ਸੁਖ ਸਾਗਰ ਦੀ ਸ਼ਰਨ ਫੜ ਲਵਾਂ ਅਤੇ ਕੇਹੜੇ ਗਹਿਣੇ (ਨੂੰ ਪਹਿਨ ਕਰ ਕੇ) ਚਿੰਤਾ ਮਣੀ ਦੇ ਮਨ ਨੂੰ ਮੋਹਤ ਕਰ ਲਵਾਂ ।

**ਕੋਟਿ ਬ੍ਰਹਮਾਂਡ ਕੋਟ ਨਾਯਕ ਕੀ ਨਾਯਕਾ ਹੁਇ ਕੈਸੇ ਅੰਤਰਜਾਮੀ ਕਉਨ ਉਕਤ ਕੈ ਬੋਹੀਐ ॥**

ਕਰੋੜਾਂ ਬ੍ਰਹਮੰਡਾਂ ਦੇ ਸਵਾਮੀ ਦੀ ਸਵਾਮਿਨੀ ਕਿਸ ਤਰ੍ਹਾਂ ਹੋਵਾਂਗੀ ਅਤੇ ਅੰਤਰਜਾਮੀ ਨੂੰ ਕਹੜੀ ਦਲੀਲ ਦੇ ਕੇ ਸਮਝਾਵਾਂਗਾ ।

**ਤਨੁ ਮਨੁ ਧਨੁ ਹੈ ਸਰਬਸੁ ਬਿਸ੍ਵ ਜਾਕੈ ਬਸੁ ਕੈਸੇ ਬਸੁ ਆਵੈ ਜਾਂਕੀ ਸੋਭਾ ਜਗਿ ਸੋਹੀਐ ॥ ੬੦੨ ॥**

ਤਨ ਮਨ ਧਨ ਤੇ ਸੰਸਾਰ ਦਾ ਸਾਰਾ ਸਰਬੰਸ ਜਿਸ ਦੇ ਵੱਸ ਵਿਚ ਹੈ, ਉਹ ਕਿਸ ਤਰ੍ਹਾਂ ਵਸ ਆ ਸਕਦਾ ਹੈ ? ਜਿਸਦਾ ਸੋਭਾ ਨਾਲ ਲਗ ਕ ਸੋਹਣੇ ਹੋਈਦਾ ਹੈ ॥ ੬੦੨ ॥

ਭਾਵ—ਜੋ ਗੁਣਾਂ ਦਾ ਸਮੁੰਦਰ ਹੈ, ਓਹ ਥੋੜੇ ਗੁਣਾਂ ਨਾਲ ਤਾਂ ਰੀਝ ਨਹੀਂ ਸਕਦਾ, ਉਸ ਨੂੰ ਰੀਝਾਉਣ ਦਾ ਸਾਧਨ ਕੇਵਲ ਪਰੇਮ ਹੈ ।

**ਜੈਸੇ ਜਲ ਮਿਲਿ ਦ੍ਰੂਮ ਸਫਲ ਨਾਨਾ ਪ੍ਰਕਾਰ ਚੰਦਨ ਮਿਲਤ ਸਭ ਚੰਦਨ ਸੁਬਾਸ ਹੈ ॥**

(ਦ੍ਰੁਮ=ਦਰਖਤ । ਸਫਲ=ਫਲ ਵਾਲੇ ।)
(ਪਾਵਕ=ਅਗ । ਨਖਤ੍ਰ=ਨਛਤਰ, ਚੰਦ੍ਰਮਾਂ)
(ਦੇ ਰਾਹ ਵਿਚ ਪੈਣ ਵਾਲੇ ਤਾਰਿਆਂ ਦੇ)
(ਝੁੰਡ, ਜਿਨ੍ਹਾਂ ਦੀ ਕੋਈ ਨਾ ਕੋਈ ਸ਼ਕਲ)
(ਮੰਨਕੇ ਨਾਮ ਰਖੇ ਗਏ ਹਨ, ਚੰਦਰਮਾਂ ੨੭)
(੨੮ ਦਿਨਾਂ ਵਿਚ ਪ੍ਰਿਥਵੀ ਦੀ ਪਰਕਰਮਾਂ)
(ਕਰ ਆਉਂਦਾ ਹੈ ਇਸ ਲਈ ਏਨੇ ਹੀ)
(ਤਾਰਿਆਂ ਦੇ ਝੁੰਡ ਮੰਨੇ ਗਏ ਹਨ, ਉਹ)
(ਨਛਤ੍ਰ ਕਹਾਂਦੇ ਹਨ । ਬਹੁਤ ਵਿਸਥਾਰ)
(ਗੁਰਮੁਖੀ ਸ਼ਬਦ ਸਾਗਰ ਵਿਚ ਵੇਖੋ)
(ਨਛਤਰ । )
(ਸ਼ਵਾਂਤੀ=ਇਕ ਨਛਤਰ ਦਾ ਨਾਮ ਹੈ, ਇਹ)
(ਪੰਜਵਾਂ ਨਛਤਰ ਹੈ, ਇਹ ਇਕੋ ਤਾਰ ਦਾ)
(ਗਰੈਹ ਹੈ ਤੇ ਰੰਗ ਇਸਦਾ ਕੇਸਰੀ ਹੈ. ਫਲਿਤ)
(ਜੋਤਿਸ਼ ਅਨੁਸਾਰ ਸ਼ੁਭ ਮੰਨਿਆਂ ਗਿਆ)
(ਹੈ । ਮੁਕਤਾ=ਮੋਤੀ । )

ਜਿਸ ਤਰ੍ਹਾਂ ਪਾਣੀ ਨਾਲ ਮਿਲ ਕਰ ਕੇ ਦਰਖਤ ਅਨੇਕ ਤਰ੍ਹਾਂ ਦੇ ਫਲਾਂ ਵਾਲੇ ਹੁੰਦ ਹਨ ਅਤੇ ਚੰਦਨ ਦ ਮਿਲਦਿਆਂ ਸਾਰੇ ਦਰਖਤ ਚੰਦਨ ਦੀ ਵਾਸ਼ਨਾ ਵਾਲੇ ਹੋ ਜਾਂਦੇ ਹਨ ।

**ਜੈਸੇ ਮਿਲਿ ਪਾਵਕ ਢਰਤ ਪੁਨਿ ਸੋਈ ਧਾਤ ਪਾਰਸ ਪਰਸ ਰੂਪ ਕੰਚਨ ਪ੍ਰਕਾਸ਼ ਹੈ ॥**

ਜਿਸ ਤਰ੍ਹਾਂ ਅਗ ਨਾਲ (ਜੇਹੜੀ) ਧਾਤ ਮਿਲਦੀ ਹੈ, ਫਿਰ ਓਹੀ ਢਲਦੀ ਹੈ, ਪਰ ਪਾਰਸ ਨਾਲ ਛਹਕੇ (ਸਾਰੀਆਂ ਧਾਤਾਂ ਇਕੋ) ਸੋਨਾ ਰੂਪ ਹੋ ਜਾਂਦੀਆਂ ਹਨ ।

**ਅਵਰ ਨਖਤ ... ਬਤ ਜਲ ਜਲ ਮਈ ਸ੍ਵਾਂਤਿ ਬੂੰ... ਸਿੰਧ ਮਿਲਿ ਮੁਕਤਾ ...ਗਾਸ ਹੈ ॥**

...ਰਨਾਂ ਨਛੱਤਰਾਂ ਵਿਚ ਵਸਦੇ ਹੋਏ ਮੀਂਹ ਦਾ ਪਾਣੀ ...ਪ ਹੀ (ਰਹਿੰਦਾ ਹੈ, ਪਰ) ਸਵਾਂਤੀ (ਨਛਤਰ ... ਹੋਈ ਪਾਣੀ ਦੀ)ਬੂੰਦ ਸਮੁੰਦਰ ਨਾਲ ਮਿਲਕੇ ...ਨੂੰ ਪ੍ਰਗਟ ਕਰਦੀ ਹੈ।

**ਤੈਸੇ ਪਰਵਿਰ ਤਿ ਅਉ ਨਿਵਿਰਤ ਜੋ ਸੁਭਾਵ ਦੋਊ ਗੁਰ, ਮਿਲਿ ਸੰਸਾਰੀ ਨਿਰੰਕਾਰੀ ਅਭਿਆਸ ਹੈ ॥ ੬੦੩ ॥**

ਉਸ ਤਰ੍ਹਾਂ ਪਰਵਿਰਤੀ ਤ ਨਵਿਰਤੀ ਰੂਪ ਦੋ ਦੋ ਸੁਭਾਵ (ਵਾਲ) ਜਗਯਾਸੂ ਹਨ, (ਪਰ) ਗੁਰੂ ਨਾਲ ਮਿਲਕੇ ਸੰਸਾਰੀ (ਪਰਵਿਰਤੀ ਸੁਭਾਵ ਵਾਲਾ) ਤੇ ਨਿਰੰਕਾਰੀ (ਨਵਿਰਤੀ ਸੁਭਾਵ ਵਾਲਾ) (ਆਪਣੇ ਆਪਣੇ) ਅਭਿਆਸ (ਦਾ ਹੀ ਫਲ ਪਾਂਦਾ ਹੈ।

**ਜੈਸੇ ਬਿਬਿਧ ਪ੍ਰਕਾਰ ਕਰਤ ਸ਼ਿੰਗਾਰ ਨਾਰਿ ਭੇਟਤ ਭਤਾਰ ਉਰਿ ਹਾਰ ਨ ਸੁਹਾਤ ਹੈ ॥**

(ਸਜਨੀ=ਸਖੀਆਂ । ਬਿਗਸਾਤ=ਖੁਸ਼
ਹੁੰਦੀਆਂ ਹਨ । ਭਾਨੁ=ਸੂਰਜ । ਉਡਿ=
ਤਾਰੇ ।)

ਜਿਸ ਤਰ੍ਹਾਂ ਅਨੇਕ ਤਰ੍ਹਾਂ ਦਾ ਸ਼ਿੰਗਾਰ ਇਸਤਰੀ ਕਰਦੀ ਹੈ, (ਪਰ) ਪਤੀ ਦ ਮਿਲਦਿਆਂ ਗਲ ਵਿਚ ਹਾਰ ਪਾਣਾ (ਭੀ ਮਨ ਨੂੰ) ਨਹੀਂ ਭਾਉਂਦਾ ਹੈ।

**ਬਾਲਕ ਅਚੇਤ ਜੈਸੇ ਕਰਤ ਅਨੇਕ ਲੀਲਾ ਸੁਰਤ ਸਮਾਰ ਬਾਲ ਬੁਧਿ ਬਿਸਰਾਤ ਹੈ ॥**

ਜਿਸ ਤਰ੍ਹਾਂ ਬੇਸਮਝ ਬਚਾ ਅਨੇਕ ਤਰ੍ਹਾਂ ਦੀਆਂ ਖੇਡਾਂ ਕਰਦਾ ਹੈ, (ਪਰ ਜਦ) ਸੁਰਤ ਸੰਭਾਲਦਾ ਹੈ (ਤਾਂ) ਬਾਲ ਬੁਧਿ (ਦੀਆਂ ਖੇਡਾਂ) ਭੁਲਾ ਦੇਂਦਾ ਹੈ।

**ਜੈਸੇ ਪ੍ਰਿਯਾ ਸੰਗਮ ਸੁਜਸ ਨਾਇਕਾ ਬਖਾਨੈ ਸੁਨਿ ਸੁਨਿ ਸਜਨੀ ਸਕਲ ਬਿਗਸਾਤ ਹੈ ॥**

ਜਿਸ ਤਰ੍ਹਾਂ ਪਤੀ ਸੰਗਮ ਦਾ ਸੁੰਦਰ ਜਸ ਇਸਤਰੀ ਕਥਨ ਕਰਦੀ ਹੈ, (ਜਿਸ ਨੂੰ) ਸੁਣ ਸੁਣ ਕੇ (ਉਸਦੀਆਂ) ਸਾਰੀਆਂ ਸਹੇਲੀਆਂ ਖੁਸ਼ ਹੁੰਦੀਆਂ ਹਨ।

**ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ ਗਿਆਨ ਭਾਨੁ ਉਦੇ ਉਡਿ ਕਰਮ ਉਡਾਤ ਹੈ ॥ ੬੦੪ ॥**

ਉਸੇ ਤਰ੍ਹਾਂ ਗਿਆਨ ਵਾਸਤ ਛੇ ਤਰ੍ਹਾਂ ਦੇ ਕਰਮ, ਧਰਮ, ਘਾਲਣਾ (ਕੀਤ ਜਾਂਦ ਹਨ, ਗਿਆਨ ਸੂਰਜ ਦੇ ਉਦੇ ਹੁੰਦਿਆਂ (ਇਹ ਕਰਮਾਂ) ਰੂਪ ਤਾਰੇ ਉਡ ਪੁਡ ਜਾਂਦੇ ਹਨ ॥ ੬੦੪ ॥

**ਜੈਸੇ ਸਿਮਰਿ ਸਿਮਰਿ ਪ੍ਰਿਆ ਪ੍ਰੇਮ ਰਸ ਬਿਸਮ ਹੋਇ ਸੋਭਾ ਦੇਤ ਮੋਨ ਗਹੇ ਮਨ ਮੁਸਕਾਤ ਹੈ ॥**

ਜਿਸ ਤਰ੍ਹਾਂ (ਇਸਤਰੀ) ਪਤੀ ਦੇ ਪਰੇਮ ਰਸ (ਦੇ ਵਰਤਾਵ ਨੂੰ) ਯਾਦ ਕਰ ਕਰ ਕੇ ਅਚਰਜ ਹੁੰਦੀ ਹੈ, (ਜੇਕਰ) ਚੁਪ ਭੀ ਕਰ ਰਹੇ (ਤਾਂ ਭੀ) ਸੋਭਾ ਦੇਂਦੀ ਹੈ, (ਕਿਉਂਕਿ ਉਸ ਦਾ) ਮਨ ਮੁਸਕਰਾਉਂਦਾ (ਹੁੰਦਾ) ਹੈ।

**ਪੂਰਨ ਅਸਾਨ ਪਰਸੂਤ ਸਮੈ ਰੋਵਤ ਹੈ ਗੁਰਜਨ ਮੁਦਤ ਹੁਇ ਤਾਹੀ ਲਪਟਾਤ ਹੈ ॥**

ਗਰਭ ਦੇ ਪੂਰਾ (ਹੋਣ ਤੇ ਬਚੇ ਦੇ) ਪੈਦਾ ਹੋਣ ਵੇਲੇ (ਆਪ) ਰੋਂਦੀ ਹੈ (ਤਾਂ ਘਰ ਦੀਆਂ) ਵਡੇਰੀਆਂ ਇਸਤਰੀਆਂ ਪ੍ਰਸੰਨ ਮਨ ਹੋ ਕੇ ਉਸ ਦੇ ਨਾਲ ਪਿਆਰ ਕਰਦੀਆਂ ਹਨ, (ਅਰਥਾਤ ਉਸਦਾ ਰੋਣਾ ਭੀ ਉਨ੍ਹਾਂ ਨੂੰ ਪਿਆਰਾ ਲਗਦਾ ਹੈ)।

**ਜੈਸੇ ਮਾਨਵਤੀ ਮਾਨ ਤਿਆਗ ਕੈ ਅਮਾਨ ਹੁਇ ਪ੍ਰੇਮ ਰਸ ਪਾਇ ਚੁਪ ਹੁਲਸਤ ਗਾਤ ਹੈ ॥**

ਜਿਸ ਤਰ੍ਹਾਂ ਮਾਨ ਦੀ ਮੱਤੀ ਹੋਈ (ਇਸਤਰੀ) ਮਾਨ ਤਿਆਗ ਕਰ ਕੇ ਨਿਰਮਲ ਹੋ ਜਾਂਦੀ ਹੈ (ਤਾਂ ਪਤੀ ਦੇ) ਪਰੇਮ ਰਸ ਨੂੰ ਪਾ ਕੇ ਚੁਪ (ਹੋ ਜਾਂਦੀ ਹੈ, ਪਰ) ਸਰੀਰ ਕਰ ਕੇ ਪ੍ਰਸੰਨ ਹੁੰਦੀ ਹੈ।

**ਤੈਸੇ ਗੁਰਮੁਖ ਪ੍ਰੇਮ ਭਗਤਿ ਪ੍ਰਕਾਸ਼ ਜਾਸ ਬੋਲਤ ਬੈਰਾਗ ਮੋਨ ਗਹੈ ਬਹੁ ਸੁਹਾਤ ਹੈ ॥ ੬੦੫ ॥**

ਉਸੇ ਤਰ੍ਹਾਂ ਗੁਰਮੁਖ ਜਿਨ੍ਹਾਂ (ਦੇ ਹਿਰਦੇ ਵਿਚ) ਪਰੇਮਾ ਭਗਤੀ ਦਾ ਪਰਕਾਸ਼ (ਹੈ ਉਹ ਭਾਵੇਂ) ਬੋਲਦੇ ਹਨ, (ਭਾਵੇਂ) ਰੋਂਦੇ ਹਨ, (ਭਾਵੇਂ) ਚੁਪ ਕਰ ਰਹਿੰਦੇ ਹਨ, (ਹਰ ਇਕ ਹਾਲਤ ਵਿਚ) ਬਹੁਤ ਸੋਭਾ ਪਾਂਦੇ ਹਨ ॥ ੬੦੫ ॥

ਭਾਵ--'ਗੁਰਮੁਖਿ ਹਸੈ ਗੁਰਮੁਖਿ ਰੋਵੈ ॥ ਜਿ ਗੁਰਮੁਖਿ ਕਰੇ ਸਾਈ ਭਗਤਿ ਹਵੈ ।' ਮਹਾਂ ਵਾਕ ਦਾ ਹੀ ਵਿਸਥਾਰ ਕੀਤਾ ਹੈ ।

**ਜੈਸੇ ਅੰਧਕਾਰ ਬਿਖੈ ਦਿਪਤ ਦੀਪਕ ਦੇਖਿ ਅਨਿਕ ਪਤੰਗ ਓਤਿ ਪੋਤਿ ਹੁਇ ਉਜਾਰ ਹੀ ॥**

(ਓਤਪੋਤ=ਪਰਸਪਰ, ਆਪੋ ਵਿਚ ।)
(ਦਿਪਤ=ਜਗਦਾ ਹੈ । ਦੀਪਕ=ਦੀਵਾ ।)
(ਮਿਸਟਾਨ=ਮਿਠਾ ਅੰਨ, ਮਠਿਆਈ ।)
(ਸੌਰਭ=ਕਮਲ । ਮਧੁਪ=ਭੌਰਾ । ਜਾਨ)
(ਕਾਨ=ਜਿਸ ਕਿਸ । ਪਾਨ=ਸ਼ਰਬਤ । )

ਜਿਜ ਤਰ੍ਹਾਂ ਹਨੇਰੇ ਵਿਚ ਦੀਵੇ ਨੂੰ ਜਗਦਾ ਹੋਇਆ ਵੇਖਕੇ, ਅਨੇਕਾਂ ਪਤੰਗੇ ਇਧਰੋਂ ਉਧਰੋਂ (ਇਕਠੇ) ਹੋ ਕੇ (ਉਸਦੇ ਉਤੇ) ਗੁੰਜਾਰਦੇ ਹਨ ।

**ਜੈਸੇ ਮਿਸਟਾਨ ਪਾਨ ਜਾਨ ਕਾਨ ਭਾਂਜਨ ਮੈ ਰਾਖਤ ਹੀ ਚੀਟੀ ਲੋਭ ਲੁਭਤ ਅਪਾਰ ਹੀ ॥**

ਜਿਸ ਤਰ੍ਹਾਂ ਮਠਿਆਈ ਤੇ ਸ਼ਰਬਤ ਨੂੰ ਜਿਸ ਕਿਸੇ ਭਾਂਡੇ ਵਿਚ ਰਖਦਿਆਂ ਹੀ ਅਪਾਰਾਂ ਕੀੜੀਆਂ ਲੋਭ ਨਾਲ ਲੁਭਾਈਆਂ (ਕਠੀਆਂ ਹੋ ਜਾਂਦੀਆਂ ਹਨ) ।

**ਜੈਸੇ ਮ੍ਰਿਦੁ ਸੌਰਭ ਕਮਲ ਓਰ ਧਾਇ ਜਾਇ ਮਧੁਪ ਸਮੂਹ ਸੁਭ ਸ਼ਬਦ ਉਚਾਰਹੀ ॥**

ਜਿਸ ਤਰ੍ਹਾਂ ਕੋਮਲ ਤੇ ਸੁੰਦਰ ਕਮਲ ਵਲ ਭੌਰਿਆਂ ਦੇ ਝੁੰਡ ਸੁੰਦਰ ਸ਼ਬਦ ਉਚਾਰਦੇ ਹੋਏ ਭਜੇ ਜਾਂਦ ਹਨ ।

**ਤੈਸੇ ਹੀ ਨਿਧਾਨ ਗੁਰ ਗਿਆਨ ਪਰਵਾਨ ਜਾਮੈ ਸਗਲ ਸੰਸਾਰ ਤਾ ਚਰਨ ਨਮਸਕਾਰ ਜੀ ॥ ੬੦੬ ॥**

ਉਸੇ ਤਰ੍ਹਾਂ ਹੀ ਜਿਸ (ਸਿਖ ਦੇ ਹਿਰਦੇ) ਵਿਚ ਗੁਰੂ ਦਾ ਪਰਵਾਨ (ਕੀਤਾ ਹੋਇਆ) ਗੁਰ ਗਿਆਨ ਦਾ ਨਿਧਾਨ ਹੈ ਸਾਰਾ ਸੰਸਾਰ ਉਸਦੇ ਚਰਨਾਂ ਤੇ ਨਮਸ਼ਕਾਰ (ਕਰਦਾ) ਹੈ ॥ ੬੦੬ ॥

**ਰੂਪ ਕੈ ਜੌ ਰੀਝੈ ਰੂਪਵੰਤ ਹੀ ਰੀਝਾਇ ਲੇਹਿ ਬਲ ਕੈ ਜੁ ਮਿਲੈ ਬਲਵੰਤ ਗਹਿ ਰਾਖਈ ॥**

(ਰੀਝਾਇ=ਪ੍ਰਸੰਨ ਕਰਨਾ । ਦਰਬ=ਧਨ,)
(ਦੌਲਤ । ਦਰਬਸਵਰ=(ਦਰਬ+ਈਸ਼ਵਰ)
(ਧਨ ਵਾਲੇ, ਧਨੀ, ਅਮੀਰ ਲੋਕ ।)
(ਦੁਰਾਇ=ਲੁਕਾਕੇ । ਨਿਗ੍ਰਹ=ਇੰਦ੍ਰਜ)
(ਰੋਕਨਾ । ਪਾਨ=ਹਥ । )

(ਪ੍ਰਾਨਪਤੀ ਵਾਹਿਗੁਰੂ) ਜੇਕਰ (ਸੁੰਦਰ) ਰੂਪ ਕਰ ਕੇ ਹੀ ਪ੍ਰਸੰਨ ਹੁੰਦਾ ਤਾਂ ਸੁੰਦਰ ਰੂਪ ਵਾਲ (ਹੀ ਉਸਨੂੰ) ਪ੍ਰਸੰਨ ਕਰ ਲੈਂਦੇ ਅਤੇ ਜੇਕਰ ਬਲ ਕਰ ਕ ਉਹ ਮਿਲਦਾ ਹੁੰਦਾ ਤਾਂ ਬਲਵਾਨ ਲੋਕ (ਹੀ ਉਸਨੂੰ) ਫੜ ਰਖਦੇ ।

**ਦਰਬ ਕੈ ਜੌ ਪਾਈਐ ਦਰਬੇਸੂਰ**

**ਲੈ ਜਾਹਿ ਤਾ ਕਬਿਤਾ ਕੈ ਪਾਈਐ ਕਬੀਸ੍ਵਰ ਅਭਿਲਾਖਈ ॥**

ਜੇਕਰ ਲਤ ਕਰ ਕੇ (ਉਹ) ਪਾਇਆ ਜਾਂਦਾ ਹੁੰਦਾ (ਤਾਂ) ਉਸਨੂੰ ਧਨ ਵਾਲੇ ਅਮੀਰ ਲੋਕ ਹੀ ਲੈ ਜਾਂਦੇ ਅਤੇ ਕਵਿਤਾ ਕਰ ਕੇ ਪਾਯਾ ਜਾਂਦਾ ਹੁੰਦਾ ਤਾਂ ਕਵੀਸਰ ਲੋਕਾਂ ਦੀ ਹੀ ਅਭਿਲਾਖਾ (ਪੂਰੀ ਹੋ ਜਾਂਦੀ)।

**ਜੋਗ ਕੈ ਜੌ ਪਾਈਐ ਜੋਗੀ ਜਟਾ ਮੈ ਦੁਰਾਇ ਰਾਖੈ ਭੋਗ ਕੈ ਜੌ ਪਾਈਐ ਭੋਗੀ ਭੋਗ ਰਸ ਚਾਖਈ ॥**

ਜੇਕਰ ਜੋਗ ਕਰਕੇ ਪਾਇਆ ਜਾਂਦਾ ਹੁੰਦਾ ਤਾਂ ਜੋਗੀ (ਉਸ ਨੂੰ) ਜਟਾਂ ਵਿਚ ਹੀ ਲੁਕਾਈ ਰਖਦੇ ਅਤ ਜੇਕਰ ਭਗਾਂ ਕਰਕੇ ਪਾਇਆ ਜਾਂਦਾ ਹੁੰਦਾ ਤਾਂ ਭੋਗੀ ਲਕ ਭੋਗਾਂ ਦ ਰਸਾਂ ਨੂੰ ਚਖਦੇ ਰਹਿੰਦੇ (ਕਦੇ ਭੀ ਭੋਗਾਂ ਦਾ ਤਿਆਗ ਨਾ ਕਰਦੇ)।

**ਨਿਗ੍ਰਹ ਜਤਨ ਪਾਨ ਪਰਤ ਨ ਪ੍ਰਾਨ ਮਾਨ ਪ੍ਰਾਨਪਤਿ ਏਕ ਗੁਰ ਸ਼ਬਦ ਸੁ ਭਾਖਹੀ ॥ ੬੦੭ ॥**

ਇੰਦਰੇ ਰਕਣ ਦੇ ਜਤਨ ਕਰ ਕੇ ਭੀ ਪ੍ਰਾਨਾਂ ਦਾ ਮਾਨ (ਰੂਪ ਪ੍ਰਭੂ) (ਪਾਨ ਪਰਤ ਨ) ਹਥ ਨਹੀਂ ਆਉਂਦਾ, ਇਕ ਗੁਰ ਸ਼ਬਦ ਦ (ਸੁਭਾਖਹੀ) ਸਿਮਰਨ ਕਰ ਕ ਹੀ ਪ੍ਰਾਨਪਤੀ (ਪ੍ਰਾਪਤ ਹੁੰਦਾ ਹੈ) ॥ ੬੦੭ ॥

ਭਾਵ—ਗੁਰ ਮੰਤਰ ਦੇ ਸਿਮਰਨ ਤੋਂ ਬਿਨਾਂ ਹੋਰ ਕਿਸੇ ਭੀ ਸਾਧਨ ਕਰ ਕੇ ਪ੍ਰਭੂ ਨਹੀਂ ਮਿਲਦਾ ਹੈ।

**ਜੈਸੇ ਫਲ ਤੇ ਬਿਰਖ ਬਿਰਖ ਤੇ ਹੋਤ ਫਲ ਅਦਭੁਤ ਗਤਿ ਕਛੁ ਕਹਤ ਨ ਆਵੈ ਜੀ ॥**

ਜਿਸ ਤਰ੍ਹਾਂ ਫਲ ਤੋਂ ਦਰਖਤ ਤੇ ਦਰਖਤ ਤੋਂ ਫਲ ਹੁੰਦਾ ਹੈ, (ਇਹ) ਅਦਭੁਤ ਗਤੀ ਕੁਝ ਕਹਿਣ ਵਿਚ ਨਹੀਂ ਆਉਂਦੀ ਹੈ।

**ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ ॥**

ਜਿਸ ਤਰ੍ਹਾਂ ਬਾਵਨ (ਚੰਦਨ) ਵਿਚ ਵਾਸ਼ਨਾ ਹੈ ਅਤੇ ਬਾਵਨ ਵਾਸ਼ਨਾ ਵਿਚ ਹੈ, (ਇਸ) ਅਚਰਜ ਚਰਿਤਰ ਦਾ ਭੇਦ ਕੋਈ ਭੀ ਨਹੀਂ ਪਾਂਦਾ ਹੈ।

**ਕਾਸਟ ਮੈ ਅਗਨਿ ਅਰੁ ਅਗਨਿ ਮੈ ਕਾਸਟ ਜੈਸੇ ਅਤਿ ਅਸਚਰਜ ਮਯ ਕੌਤਕ ਕਹਾਵੈ ਜੀ ॥**

ਜਿਸ ਤਰ੍ਹਾਂ ਕਾਠ ਵਿਚ ਅਗ ਹੈ ਅਤੇ ਅਗ ਵਿਚ ਕਾਠ ਹੈ, (ਇਹ) ਕੌਤਕ ਵੱਡਾ ਹੀ ਅਚਰਜ ਰੂਪ ਕਹਾਉਂਦਾ ਹੈ।

**ਸਤਿਗੁਰ ਮਹਿ ਸ਼ਬਦ ਸ਼ਬਦ ਮਹਿ ਸਤਿਗੁਰ ਹੈ ਨਿਰਗੁਨ ਸਗੁਨ ਗਿਆਨਧਿਆਨ ਸਮਝਾਵੈਜੀ॥੬੦੮॥**

(ਇਸੇ ਤਰ੍ਹਾਂ) ਸਤਿਗੁਰ ਵਿਚ ਸ਼ਬਦ ਹੈ ਤੇ ਸ਼ਬਦ ਵਿਚ ਸਤਿਗੁਰੂ ਹੈ ਅਤੇ ਨਿਰਗੁਨ ਵਿਚ ਸਰਗੁਨ ਤੇ ਸਰਗੁਨ ਵਿਚ ਨਿਰਗੁਨ ਹੈ, ਗਿਆਨ ਵਿਚ ਧਿਆਨ ਹੈ ਤੇ ਧਿਆਨ ਵਿਚ ਗਿਆਨ ਹੈ, (ਇਨ੍ਹਾਂ ਗਲਾਂ ਦੀ ਇਸ ਤਰ੍ਹਾਂ ਨਾਲ) ਸਮਝ ਆਉਂਦੀ ਹੈ ॥ ੬੦੮ ॥

**ਜੈਸੇ ਤਿਲ ਬਾਸ ਬਾਸ ਲੀਜੀਅਤ ਕੁਸਮ ਤੇ ਤਾਂਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ ॥**

(ਬਾਸ=ਵਸਾਕੇ । ਬਾਸ=ਵਾਸ਼ਨਾ । ਅਉ-)
(ਟਾਇ=ਕਾੜ੍ਹਕੇ । ਜਾਮਨ=ਜਾਗ,ਜਮਾਇਨ।)
(ਮਥਿ=ਰਿੜਕਕੇ । ਬਸੁਧਾ=ਧਰਤੀ,ਜਮੀਨ।)
(ਧਸਾਇ=ਗਰਕ ਕੀਤਾ ਜਾਂਦਾ । ਕੋਠੀ=)
(ਖੂਹ ਦਾ ਮਹਲ । ਲਾਜ=ਲਜ, ਰੱਸਾ ।)
(ਭਾਵਨੀ=ਸ਼ਰਧਾ । ਕੁਸਮ=ਫੁਲ । )

ਜਿਸ ਤਰ੍ਹਾਂ ਤਿਲਾਂ ਨੂੰ ਫੁਲਾਂ ਵਿਚ ਵਸਾਕੇ, ਫੁਲਾਂ ਦੀ ਵਾਸ਼ਨਾਂ ਤਿਲਾਂ ਵਿਚ ਲਈ ਜਾਂਦੀ ਹੈ, (ਫਿਰ)

ਉਸ ਤੋਂ ਫੁਲੇਲ ਹੁੰਦਾ ਹੈ, (ਇਸ ਤਰ੍ਹਾਂ ਦਾ) ਯਤਨ ਕਰ ਕੇ (ਇਹ ਗਲ) ਜਾਣੀਦੀ ਹੈ ।

**ਜੈਸੇ ਤਉ ਅਉਟਾਇ ਦੂਧ ਜਾਮਨ ਜਮਾਇ ਮਥ ਸੰਜਮ ਸਹਤ ਘ੍ਰਿਤ ਪ੍ਰਗਟਾਇ ਮਾਨੀਐ ॥**

ਜਿਸ ਤਰ੍ਹਾਂ ਕਿ ਦੁਧ ਨੂੰ ਕਾੜ੍ਹਕੇ ਜਾਗ ਨਾਲ ਦਹੀਂ ਜਮਾਈ ਜਾਂਦੀ ਹੈ, (ਫਿਰ ਉਸ ਨੂੰ) ਰਿੜਕ ਕੇ (ਮਖਣ ਕਢੀਦਾ ਹੈ, ਮਖਣ ਨੂੰ ਗਰਮ ਕਰਨ ਆਦਿਕ) ਸੰਜਮ ਨਾਲ ਘਿਉ ਪ੍ਰਗਟ ਕਰੀਦਾ ਹੈ, (ਜਿਸ ਘਿਉ ਨੂੰ ਸਾਰੇ) ਮਾਨ ਦੇਂਦੇ ਹਨ ।

**ਜੈਸੇ ਕੂਆ ਖੋਦ ਕਰਿ ਬਸੁਧਾ ਧਸਾਇ ਕੋਠੀ ਲਾਜ ਕਉ ਬਹਾਇ ਡੋਲ ਕਾਢਿ ਜਲ ਆਨੀਐ ॥**

ਜਿਸ ਤਰ੍ਹਾਂ ਖੂਹ ਨੂੰ ਪੁਟ ਕਰ ਕੇ (ਮਹਲ ਉਸਾਰਿਆ ਜਾਂਦਾ ਹੈ, ਫਿਰ) ਮਹਿਲ ਨੂੰ ਧਰਤੀ ਵਿਚ ਗਾਲਿਆ ਜਾਂਦਾ ਹੈ, (ਤਦ ਫਿਰ) ਲਜ ਨਾਲ ਡੋਲ ਨੂੰ (ਖੂਹ ਵਿਚ) ਵਹਾ ਕੇ ਪਾਣੀ ਨੂੰ (ਬਾਹਰ) ਕਢ ਲਿਆਈਦਾ ਹੈ ।

**ਗੁਰ ਉਪਦੇਸ਼ ਤੈਸੇ ਧਾਵਨੀ ਭਕਤ ਭਾਇ ਘਟ ਘਟ ਪੂਰਨ ਬ੍ਰਹਮ ਪਹਿਚਾਨੀਐ ॥ ੬੦੯ ॥**

ਉਸੇ ਤਰ੍ਹਾਂ ਹੀ ਗੁਰ ਉਪਦੇਸ਼ ਨੂੰ ਸ਼ਰਧਾ, ਭਗਤੀ ਤੇ ਪਰੇਮ (ਨਾਲ ਕਮਾਈਦਾ ਹੈ ਤਾਂ ਹੀ) ਬ੍ਰਹਮ ਨੂੰ ਘਟ ਘਟ ਵਿਚ ਪੂਰਨ ਪਛਾਣੀਦਾ ਹੈ ॥ ੬੦੯ ॥

ਭਾਵ--ਗੁਰ ਉਪਦੇਸ਼ ਦੀ ਕਮਾਈਂ ਤੋਂ ਬਿਨਾਂ ਘਟ ਘਟ ਵਿਚ ਪੂਰਨ ਪ੍ਰਭੂ ਦਾ ਦਰਸ਼ਨ ਨਹੀਂ ਹੁੰਦਾ ਹੈ ।

**ਜੈਸੇ ਧਰ ਧਨੁਖ ਚਲਾਈਅਤ ਬਾਨ ਤਾਨ ਚਲਿਓ ਜਾਇ ਤਿਤਹੀ ਕਉ ਜਿਤਹੀ ਚਲਾਈਐ ॥**

(ਤਾਨ=ਖਿਚਕੇ ।
(ਆਤੁਰ ਹੋਇ=ਕਾਹਲਾ ਹੋ ... =ਘੋੜਾ ।)
(ਮਜਬੂਰ ਹੋ ਕੇ । ਨਾਇਕਾ=ਸ੍ਵ... ੀ ।)
(ਅਗ੍ਰਭਾਗ=ਸਾਹਮਣੇ । ... )
( ਸੰਜੋਗ=ਕੀਤੇ ਕਰਮਾਂ ਦੇ ਸਬੰਧ ।

ਜਿਸ ਤਰ੍ਹਾਂ ਧਨੁਖ ਵਿਚ ਤੀਰ ਧਰਕੇ ਤੇ ਖਿਚ ਕੇ ਚਲਾਈਦਾ ਹੈ, ਉਸੇ ਪਾਸੇ ਨੂੰ (ਤੀਰ) ਜਾਂਦਾ ਹੈ, ਜਿਧਰ ਨੂੰ ਚਲਾਈਦਾ ਹੈ ।

**ਜੈਸੇ ਅਸ੍ਵ ਚਾਬੁਕ ਲਗਾਏ ਤਨ ਤੇਜ ਕਰਿ ਦੌਰਿਓ ਜਾਇ ਆਤੁਰ ਹੁਇ ਜਿਤਹੀ ਦਉਰਾਈਐ ॥**

ਜਿਸ ਤਰ੍ਹਾਂ ਘੋੜੇ ਨੂੰ ਚਾਬੁਕ ਮਾਰੀਏ (ਤਾਂ ਘੋੜਾ) ਤਨ ਨੂੰ ਤੇਜ ਕਰ ਕੇ ਕਾਹਲਾ ਹੋ ਕੇ (ਉਧਰ ਨੂੰ) ਦੌੜਿਆ ਜਾਂਦਾ ਹੈ, ਜਿਧਰ ਨੂੰ ਦੌੜਾਈਦਾ ਹੈ ।

**ਜੈਸੇ ਦਾਸੀ ਨਾਇਕਾ ਕੇ ਅਗ੍ਰਭਾਗ ਠਾਢੀ ਰਹੇ ਧਾਵੈ ਤਿਤਹੀ ਤਾਹਿ ਜਿਤ ਹੀ ਪਠਾਈਐ ॥**

ਜਿਸ ਤਰ੍ਹਾਂ ਦਾਸੀ ਸਵਾਮਨੀ ਦੇ ਸਾਹਮਣੇ ਖੜੀ ਰਹਿੰਦੀ ਹੈ, (ਫਿਰ) ਉਧਰ ਨੂੰ ਭਜ ਕੇ ਜਾਂਦੀ ਹੈ, ਉਸ ਨੂੰ ਜਿਸ ਤਰਫ ਨੂੰ ਭੇਜੀਦਾ ਹੈ ।

**ਤੈਸੇ ਪ੍ਰਾਨੀ ਕਿਰਤ ਸੰਜੋਗ ਲਗਿ ਭ੍ਰਮੈ ਭੂਮਿ ਜਤ ਜਤ ਖਾਨ ਪਾਨ ਤਹੀ ਜਾਇ ਖਾਈਐ ॥ ੬੧੦ ॥**

ਇਸੇ ਤਰ੍ਹਾਂ ਪ੍ਰਾਣਧਾਰੀ ਜੀਵ (ਪਿਛਲੇ ਜਨਮ ਦੇ) ਕੀਤੇ ਹੋਏ ਕਰਮਾਂ ਦੇ ਸੰਜੋਗ ਕਰ ਕੇ ਧਰਤੀ ਉਤੇ ਭੱਜਾ ਫਿਰਦਾ ਹੈ, ਜਿਥੇ ਜਿਥੇ ਦਾ ਅੰਨ ਪਾਣੀ (ਹੁੰਦਾ ਹੈ) ਉਥੇ ਹੀ ਜਾ ਕੇ ਖਾਂਦਾ ਹੈ ॥ ੬੧੦ ॥

ਭਾਵ---'ਨਕਿ ਨਥ ਖਸਮ ਹਥ ਕਿਰਤ ਧਕੇ ਦੇਇ ॥
ਜਹਾ ਦਾਣੇ ਤਹਾ ਖਾਣੇ ਨਾਨਕਾ ਸਚੁ ਹੈ ॥'
(ਵਾਰ ਸਲੋਕ ਮ: ੨)

ਇਨ੍ਹਾਂ ਤੁਕਾਂ ਨੂੰ ਹੀ ਸਪਸ਼ਟ ਕੀਤਾ ਹੈ ।

**ਜੈਸੇ ਖਰ ਬੋਲ ਸੁਨ ਸਗੁਨੀਆਂ ਮਾਨ ਲੇਤ ਗੁਨ ਅਵਗੁਨ ਤਾਕੋ ਕਛੂ ਨ ਬਿਚਾਰਹੀ ॥**

(ਖਰ ਬੋਲ=ਖੋਤੇ ਦੀ ਅਵਾਜ।)
(ਸਗੁਨੀਆਂ=ਸਗੁਨ ਅਪਸਗੁਨ ਨੂੰ ਮੰਨਣ)
(ਵਾਲਾ। ਮ੍ਰਿਗ=ਹਰਨ। ਨਾਦ=ਅਵਾਜ)
((ਘੰਡੇਹੇੜੇ ਦਾ) ਸ਼ਬਦ। ਬਧਿਕ=)
(ਸ਼ਿਕਾਰੀ। ਬਿਰਦ=ਕੀਰਤੀ, ਨਾਮ)
((ਸੁਭਾਵ)। ਜੁਝਾਊ=ਜੰਗੀ ਵਾਜੇ।)
(ਜੂਝੈ=ਲੜ ਕੇ ਮਰ ਜਾਂਦਾ ਹੈ। ਢਾਡੀ=)
(ਵਾਜਾ ਵਜਾਨ ਵਾਲਾ। ਬਰਨ)
(ਚਿਹਨ=ਰੰਗ ਰੂਪ।)

ਜਿਸ ਤਰ੍ਹਾਂ ਖੋਤੇ ਦੇ ਹੀਂਗਨ ਦੀ ਅਵਾਜ ਸੁਣ ਕੇ ਸ਼ਗੁਨੀਆਂ (ਸਗੁਨ ਜਾਂ ਅਸਗੁਨ) ਮੰਨ ਲੈਂਦਾ ਹੈ, (ਪਰ) ਉਸ (ਖੋਤੇ) ਦੇ ਗੁਣ ਔਗੁਣ ਦੀ ਕੁਝ ਭੀ ਵਿਚਾਰ ਨਹੀਂ ਕਰਦਾ ਹੈ।

**ਜੈਸੇ ਮ੍ਰਿਗ ਨਾਦ ਸੁਨਿ ਸਹੈ ਸਨ ਮੁਖ ਬਾਨ ਪ੍ਰਾਨ ਦੇਤ ਬਧਿਕ ਬਿਰਦੁ ਨ ਸਮਾਰਹੀ ॥**

ਜਿਸ ਤਰ੍ਹਾਂ ਹਰਨ (ਘੰਡੇਹੇੜੇ ਦਾ) ਸ਼ਬਦ ਸੁਣ ਕੇ (ਮਸਤ ਹੋ ਜਾਂਦਾ ਤ ਸ਼ਿਕਾਰੀ ਦਾ) ਤੀਰ ਸਹਾਰਦਾ ਹੈ, (ਪਰ) ਸ਼ਿਕਾਰੀ ਦੇ ਸੁਭਾਵ ਦਾ ਖਿਆਲ ਨਹੀਂ ਕਰਦਾ (ਕਿ ਇਹ ਰਾਗ ਸੁਣਾ ਕੇ ਮਾਰ ਲਏਗਾ)।

**ਸੁਨਤ ਜੁਝਾਊ ਜੈਸੇ ਜੂਝੈ ਜੋਧਾ ਜੁਧ ਸਮੈ ਢਾਡੀ ਕੋ ਨ ਬਰਨ ਚਿਹਨ ਉਰ ਧਾਰਹੀ ॥**

ਜਿਸ ਤਰ੍ਹਾਂ ਜੰਗੀ ਵਾਜੇ ਸੁਣ ਕੇ ਸੂਰਮਾ ਜੰਗ ਵਿਚ ਲੜ ਕੇ ਮਰ ਜਾਂਦਾ ਹੈ, (ਪਰ) ਢਾਡੀ ਦੇ ਰੂਪ ਰੰਗ ਨੂੰ ਚਿਤ ਵਿਚ ਨਹੀਂ ਧਾਰਦਾ ਹੈ।

**ਤੈਸੇ ਗੁਰ ਸ਼ਬਦ ਸੁਣਾਇ ਗਾਇ ਸਿਖ ਠਗੋ ਭੇਖਧਾਰੀ ਜਾਨਿ ਮੋਹਿ ਮਾਰਿ ਨ ਬਿਡਾਰਹੀ ॥ ੬੧੧ ॥**

ਉਸੇ ਤਰ੍ਹਾਂ (ਮੈਂ) ਗੁਰਬਾਣੀ ਨੂੰ ਗਾ ਸੁਣਾਕੇ (ਗੁਰ) ਸਿਖਾਂ ਨੂੰ ਠੱਗਦਾ ਹਾਂ, (ਪਰ ਗੁਰੂ ਦੇ ਸਿਖ) ਮੈਨੂੰ ਭੇਖਧਾਰੀ (ਨਕਲੀ ਅਸਿਖ) ਜਾਣ ਕੇ ਮਾਰ ਹੀ ਨਹੀਂ ਸੁਟਦੇ ॥ ੬੧੧ ॥

ਭਾਵ—ਇਸ ਵਿਚ ਭਾਈ ਸਾਹਿਬ ਜੀ ਨੇ ਅਪਣੀ ਅਤਯੰਤ ਦਰਜੇ ਦੀ ਨਿਮਰਤਾ ਕਥਨ ਕੀਤੀ ਹੈ।

**ਰਿਧ ਸਿਧ ਨਿਧ ਸੁਧਾ ਪਾਰਸ ਕਲਪਤਰੁ ਕਾਮਧੇਨ ਚਿੰਤਾਮਨਿ ਲਛਮੀ ਸ੍ਵਮੇਵ ਕੀ ॥**

(ਸ੍ਵਮੇਵ=ਆਪ ਹੀ। ਚਤੁਰ ਪਦਾਰਥ=)
(ਚਾਰ ਪਦਾਰਥ—ਧਰਮ, ਅਰਥ, ਕਾਮ,)
(ਮੋਖ। ਸੀਲ=ਧਰਮ, ਸ਼ਾਂਤੀ। ਜਵਾਲ)
(ਜੋਤਿ=ਜੋਤਿ ਦਾ ਪਰਕਾਸ਼, ਆਤਮ)
(ਸਰੂਪ ਦਾ ਪਰਤੱਖ ਅਨੁਭਵ। ਕਾਂਤਿ=)
(ਸੁੰਦਰਤਾ। ਬਿਭੈ=ਬਿਭੂਤੀਆਂ।)
(ਕਿੰਚਤ=ਥੋੜਾ ਜੇਹਾ।)
(ਕਟਾਛ=ਤਿਰਛੀ ਨਜ਼ਰ।)

ਰਿਧੀਆਂ, (੧੮) ਸਿਧੀਆਂ, (੯) ਨਿਧੀਆਂ, ਅੰਮ੍ਰਿਤ, ਪਾਰਸ, ਕਲਪ ਬਿਰਛ, ਕਾਮਧੇਨ ਗਊ, ਚਿੰਤਾਮਨੀ ਤੇ ਖੁਦ ਆਪ ਹੀ ਲਛਮੀ।

**ਚਤੁਰ ਪਦਾਰਥ ਸ੍ਵਭਾਵ ਸੀਲ ਰੂਪ ਗੁਨ ਭੁਕਤ ਜੁਕਤ ਮਤਿ ਅਲਖ ਅਭੇਵ ਕੀ ॥**

ਚਾਰੇ ਪਦਾਰਥ, ਸ਼ੁਭ ਸੁਭਾਵ, ਸਤ ਧਰਮ, ਸੁੰਦਰ ਰੂਪ, ਸ਼ੁਭ ਗੁਣ, ਸਭ ਤਰ੍ਹਾਂ ਦੇ ਭੋਗਾਂ ਦੀ ਪ੍ਰਾਪਤੀ, ਅਲਖ ਅਭੇਵ (ਵਾਹਿਗੁਰੂ ਨਾਲ)।

**ਜਵਾਲਾ ਜੋਤਿ ਜੈ ਜੈ ਕਾਰ ਕੀਰਤਿ ਪ੍ਰਤਾਪ ਛਬਿ ਤੇਜ ਤਪ ਕਾਂਤਿ ਬਿਭੈ ਸੋਭਾ ਸਾਧ ਸੇਵ ਕੀ ॥**

ਜੁੜਨ ਵਾਲੀ ਬੁਧੀ, ਆਤਮ ਸਰੂਪ ਦਾ ਅਨੁਭਵ,

(ਜਗਤ ਦਾ) ਜੈ ਜੈ ਕਾਰ, ਸੁਜਸ-ਕੀਰਤੀ, ਪਰਤਾਪ, ਛਬੀ, ਤੇਜ, ਤਪ, ਕਰਾਂਤੀ (ਸੁੰਦਰਤਾ) ਧਨ ਸੰਪਦਾ, ਸੋਭਾ ਤੇ ਸੰਤਾਂ ਦੀ ਸੇਵਾ।

**ਅਨੰਦ ਸਹਜ ਸੁਖ ਸਕਲ ਪ੍ਰਕਾਸ ਕੋਟਿ ਕਿੰਚਤ ਕਟਾਛ ਕ੍ਰਿਪਾ ਜਾਹਿ ਗੁਰਦੇਵ ਕੀ ॥ ੬੧੨ ॥**

ਆਤਮ ਅਨੰਦ, ਸਾਰੇ ਸੁਖ ਤੇ ਕਰੋੜ ਤਰ੍ਹਾਂ ਦਾ ਪਰਕਾਸ਼ (ਇਹ ਸਭ ਕੁਝ ਉਸਨੂੰ ਸੁਤੇ ਹੀ ਮਿਲ ਗਿਆ ਹੈ) ਜਿਸ ਉਤੇ ਗੁਰਦੇਵ ਜੀ ਦੀ ਥੋੜੀ ਜਿੰਨੀ ਭੀ ਕਿਰਪਾ ਦ੍ਰਿਸ਼ਟੀ ਹੋਈ ਹੈ ॥ ੬੧੨ ॥

ਭਾਵ--ਲੋਕ, ਪਰਲੋਕ ਦੇ ਸਾਰੇ ਸੁਖ ਤੇ ਆਤਮਕ ਅਨੰਦ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**ਗੁਰ ਉਪਦੇਸਿ ਪ੍ਰਾਤ ਸਮੈ ਇਸ-ਨਾਨ ਕਰਿ ਜਿਹਵਾ ਜਪਤ ਗੁਰ ਮੰਤ੍ਰ ਜੈਸੇ ਜਾਨਹੀ ॥**

(ਪ੍ਰਾਤ ਸਮੇ=ਅਮ੍ਰਿਤ ਵੇਲੇ । ਲਿਲਾਰ=)
(ਮੱਥਾ । ਉਨਮਾਨ ਹੀ=ਉਨਮਨੀ ਦਸ਼ਾ)
(ਵਿਚ ਚਲਾ ਜਾਂਦਾ, ਮਗਨ ਹੋ ਜਾਂਦਾ।)
( ਭਜਨ=ਧਾਰਨ ਕਰਨਾ । )
( ਗਤਿ=ਪਰਾਪਤ ਹੁੰਦੀ ਹੈ। )

ਗੁਰ ਉਪਦੇਸ਼ ਨਾਲ ਜਿਸ ਤਰ੍ਹਾਂ ਦਾ (ਸਿਖ ਨ) ਜਾਣਿਆ ਹੈ, ਅੰਮ੍ਰਿਤ ਵੇਲੇ (ਉਠਕ) ਇਸ਼ਨਾਨ ਕਰ ਕ ਜੀਭ ਨਾਲ ਗੁਰ ਮੰਤਰ ਨੂੰ ਜਪਦਾ ਹੈ।

**ਤਿਲਕ ਲਿਲਾਰ ਪਾਇ ਪਰਤ ਪਰਸਪਰ ਸ਼ਬਦ ਸੁਨਾਇ ਗਾਇ ਸੁਨ ਉਨਮਾਨ ਹੀ ॥**

(ਫਿਰ) ਮਥੇ ਉਤੇ ਟਿੱਕਾ ਲਾ ਕੇ (ਸਾਧ ਸੰਗਤ ਵਿਚ ਜਾਂਦਾ ਹੈ, ਉਥੇ) ਆਪੋ ਵਿਚ ਇਕ ਦੂਜੇ ਦੀ ਪੈਰੀਂ ਪੈਂਦਾ ਹੈ, (ਫਿਰ) ਗੁਰ ਸ਼ਬਦ ਗਾਉਂਦਾ ਹੈ, ਸੁਣਾਂਦਾ ਹੈ ਅਤੇ ਸੁਣ ਸੁਣ ਕੇ ਮਗਨ ਹੁੰਦਾ ਹੈ।

**ਗੁਰਮਤਿ ਭਜਨ ਤਜਨ ਦੁਰਮਤਿ ਕਹੈ ਗਿਆਨ ਧਿਆਨ ਗੁਰ ਸਿਖ ਪੰਥ ਪਰਵਾਨ ਹੀ ॥**

ਗੁਰਮਤਿ ਨੂੰ ਧਾਰਨ ਕਰਨਾ ਹੈ ਤੇ ਖੋਟੀ ਮਤਿ ਦਾ ਤਿਆਗ ਕਰਨਾ (ਦੂਜਿਆਂ ਨੂੰ) ਕਹਿੰਦਾ ਹੈ (ਅਰਥਾਤ ਹੋਰਨਾਂ ਨੂੰ ਉਪਦੇਸ਼ ਕਰਦਾ ਹੈ, ਕਿਉਂਕਿ) ਗੁਰ ਸਿਖ ਪੰਥ ਵਿਚ (ਗੁਰੂ ਦਾ) ਗਿਆਨ (ਤੇ ਗੁਰੂ ਦਾ) ਧਿਆਨ ਹੀ ਪਰਵਾਨ ਹੈ।

**ਦੇਖਤ ਸੁਨਤ ਅਉ ਕਹਤ ਸਭ ਕੋਊ ਭਲੋ ਰਹਤ ਅੰਤਰਗਤਿ ਸਤਿਗੁਰ ਮਾਨਹੀ ॥ ੬੧੩ ॥**

(ਇਸ ਤਰ੍ਹਾਂ ਦੇ ਗਰ ਸਿਖ ਨੂੰ ਜੋ ਕੋਈ) ਵੇਖਦਾ ਤੇ ਸੁਣਦਾ ਹੈ, ਸਭ ਕਈ (ਉਸਨੂੰ) ਭਲਾ ਭਲਾ ਆਖਦਾ ਹੈ, (ਪਰ ਜਦ ਸਾਰੀ) ਰਹਿਤ (ਸਿਖ ਦੇ) ਹਿਰਦੇ ਅੰਦਰ ਪਰਾਪਤ ਹੋ ਜਾਂਦੀ ਹੈ, (ਤਦ) ਸਤਿਗੁਰੂ (ਭੀ ਸਿਖ ਨੂੰ) ਆਦਰ ਮਾਣ ਦੇਂਦਾ ਹੈ, ਅਥਵਾ ਤਦ ਗੁਰੂ ਉਸਨੂੰ ਸਚਾ (ਸਿਖ) ਮੰਨਦਾ ਹੈ ॥ ੬੧੩ ॥

**ਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ ਨਿਰਮਲ ਕਰਤ ਹੈ ਬਸਨ ਮਲੀਨ ਕਉ ॥**

(ਬਸਨ=ਕਪੜਾ । ਮਲੀਨ=ਮੈਲਾ ।)
(ਸੁਨਾਰ=ਸੁਨਿਆਰ । ਕੰਚਨ ਕੁਲੀਨ=)
(ਸੋਨਾ ਸੁਧ । ਮਲਯ ਗੰਧ=ਚੰਦਨ ਦੀ)
( ਵਾਸ਼ਨਾ । ਬਿਰਥਾ=ਪੀੜਾ, ਦੁਖ। )
( ਚੀਨ=ਪਛਾਣ । )

ਜਿਸ ਤਰ੍ਹਾਂ ਧੋਬੀ ਸਾਬਨ ਲਾ ਕੇ (ਕਪੜੇ ਨੂੰ) ਪੱਥਰ (ਪਟੜੇ) ਨਾਲ ਪਟਕਾ ਪਟਕਾਕੇ ਕੁਟਦਾ ਹੈ, ਅਤੇ ਮੈਲੇ ਕਪੜੇ ਨੂੰ ਸਾਫ਼ ਸੁਥਰਾ ਕਰਦਾ ਹੈ।

**ਜੈਸੇ ਤਉ ਸੁਨਾਰ ਬਾਰੰਬਾਰ ਗਾਰ ਗਾਰ ਢਾਰ ਕਰਤ ਅਸੁਧ ਸੁਧ ਕੰਚਨ ਕੁਲੀਨ ਕਉ ॥**

ਜਿਸ ਤਰ੍ਹਾਂ ਕਿ ਸੁਨਿਆਰਾ ਮੁੜ ਮੁੜ ਕੇ ਗਾਲ ਗਾਲ ਕੇ ਢਾਲਦਾ ਹੈ, ਇਸ ਤਰ੍ਹਾਂ ਅਸੁਧ ਨੂੰ ਸ਼ੁਧ (ਕਰਕੇ) ਮਹਾਂ ਉਤਮ ਸੋਨਾ(ਕੁੰਦਨ) (ਕਰ ਲੈਂਦਾ ਹੈ)।

**ਜੈਸੇ ਤਉ ਪਵਨ ਝਕ ਝੋਰਤ ਬਿਰਖ ਮਿਲਿ ਮਲਯ ਗੰਧ ਕਰਤ ਹੈ ਚੰਦਨ ਪ੍ਰਬੀਨ ਕਉ ॥**

ਜਿਸ ਤਰ੍ਹਾਂ ਕਿ ਹਵਾ ਦਰਖਤਾਂ ਨੂੰ ਝਕ ਝੋਰਦੀ (ਚੰਗੀ ਤਰ੍ਹਾਂ ਹਿਲਾਂਦੀ) ਹੈ, ਚੰਦਨ ਵਾਸ਼ਨਾ ਨਾਲ ਮਿਲਕੇ ਦਰਖਤਾਂ ਨੂੰ (ਪਰਬੀਨ) ਚਤਰ ਕਰਦੀ ਹੈ।

**ਤੈਸੇ ਗੁਰ ਸਿਖਨ ਦਿਖਾਇਕੈ ਬ੍ਰਿਥਾ ਬਿਬੇਕ ਮਾਇਆ ਮਲ ਕਾਟਿ ਕਰੈ ਨਿਜ ਪਦ ਚੀਨ ਕਉ ॥੬੧੪॥**

ਇਸ ਤਰ੍ਹਾਂ ਗੁਰੂ ਸਿਖਾਂ ਨੂੰ (ਆਪਣੇ ਕਰਮਾਂ ਦਾ ਫਲ ਰੂਪ) ਪੀੜਾ ਦਿਖਾਕੇ, (ਜੀਵ ਬ੍ਰਹਮ ਦੀ ਏਕਤਾ ਰੂਪ) ਬਿਬੇਕ ਦਿਖਾਕੇ, ਮਾਯਾ ਦੀ ਮੈਲ (ਰੂਪ ਮੋਹ ਨੂੰ) ਕਟ ਕੇ ਆਤਮ ਪਦ ਨੂੰ ਪਛਾਨਣ ਵਾਲਾ ਕਰ ਦੇਂਦਾ ਹੈ॥ ੬੧੪ ॥

**ਪਾਤਰ ਮੇ ਜੈਸੇ ਬਹੁ ਬਿੰਜਨ ਪਰੋਸੀਅਤੁ ਭੋਜਨ ਕੈ ਡਾਰੀਅਤੁ ਪਾਵੈ ਨਾਹਿ ਠਾਮ ਕੋ ॥**

(ਪਾਤਰ=ਪੱਤਲ, ਜੋ ਢਕ ਦੇ ਪੱਤਰ ਜੋੜ ਕੇ)
(ਬਣਾਈ ਹੁੰਦੀ ਹੈ। ਬਿੰਜਨ=ਭੋਜਨ, ਖਾਨ)
(ਵਾਲੇ ਪਦਾਰਥ । ਠਾਮ=ਟਿਕਾਨਾ ।)
(ਤਮੋਲ=ਪਾਨ ਦਾ ਬੀੜਾ । ਉਗਾਰ=)
(ਉਗਲ ਕੇ। ਆਢ=ਕੌਡੀ। ਦਾਮ=ਮੁਲ।)
(ਨਖ=ਨੌਂਹ । ਥਾਨ ਭ੍ਰਸ਼ਟ=ਜਗਾ ਤੋਂ)
(ਡਿਗੇ ਹੋਏ। ਸੂਤ=ਮਰਯਾਦਾ । ਬਾਮ=)
(ਇਸਤਰੀ। )

ਜਿਸ ਤਰ੍ਹਾਂ ਪਤਲ ਵਿਚ ਬਹੁਤ ਸਾਰੇ ਖਾਣ ਦੇ ਪਦਾਰਥ ਪਰੋਸੇ ਜਾਂਦੇ ਹਨ, (ਉਹਨਾਂ ਨੂੰ) ਖਾ ਲੈਣ (ਮਗਰੋਂ ਪਤਲ ਨੂੰ) ਸੁਟ ਦੇਈਦਾ ਹੈ, (ਉਹ ਫਿਰ) ਕੋਈ ਟਿਕਾਨਾ ਨਹੀਂ ਪਾਂਦੀ ਹੈ।

**ਜੈਸੇ ਹੀ ਤਮੋਲ ਰਸ ਰਸਨਾ ਰਸਾਇ ਖਾਇ ਡਾਰੀਐ ਉਗਾਰ ਨਾਹਿ ਰਹੈ ਆਢ ਦਾਮ ਕੋ ॥**

ਜਿਸ ਤਰ੍ਹਾਂ ਪਾਨ ਦੇ ਬੀੜੇ ਦੇ ਰਸ ਦਾ ਰਸਨਾ ਨਾਲ ਰਸ ਲੈਂਦੇ ਹੋਏ ਖਾਈਦਾ ਹੈ (ਜੋ ਉਸਦਾ ਫੋਗ ਰਹਿ ਜਾਂਦਾ ਹੈ, ਉਹ ਉਗਲਕੇ ਸੁਟ ਦੇਈਦਾ ਹੈ, (ਜੋ) ਕੌਡੀ ਮੁਲ ਦਾ ਭੀ ਨਹੀਂ ਰਹਿੰਦਾ ਹੈ।

**ਫੂਲਨ ਕੇ ਹਾਰ ਉਰਿ ਧਾਰ ਬਾਸੁ ਲੀਜੈ ਜੈਸੇ ਪਾਛੈ ਡਾਰ ਦੀਜੈ ਕਹੈ ਹੈ ਨ ਕਾਹੂ ਕਾਮ ਕੋ ॥**

ਜਿਸ ਤਰ੍ਹਾਂ ਫੁਲਾਂ ਦੇ ਹਾਰ ਗਲ ਵਿਚ ਪਾ ਕੇ ਉਹਨਾਂ ਦੀ ਵਾਸ਼ਨਾ ਲਈਦੀ ਹੈ, (ਜਦ ਕੁਮਲਾ ਜਾਂਦੇ ਹਨ ਤਾਂ) ਮਗਰੋਂ ਸੁਟ ਦੇਈਦੇ ਹਨ (ਤੇ ਲੋਕੀ ਉਹਨਾਂ ਨੂੰ) ਕਹਿੰਦੇ ਹਨ (ਜੋ ਇਹ) ਕਿਸੇ ਭੀ ਕੰਮ ਦੇ ਨਹੀਂ ਹਨ।

**ਜੈਸੈ ਕੇਸ ਨਖ ਥਾਨ ਭ੍ਰਿਸ਼ਟ ਨ ਸੁਹਾਤ ਕਾਹੂ ਪ੍ਰਿਯ ਬਿਛੁਰਤ ਸੋਈ ਸੂਤ ਭਇਓ ਬਾਮ ਕੋ ॥ ੬੧੫ ॥**

ਜਿਸ ਤਰ੍ਹਾਂ ਵਾਲ ਤੇ ਨੌਂਹ (ਆਪਣੀ) ਜਗਾ ਤੋਂ ਟੁੱਟੇ ਹੋਏ ਕੁਝ ਭੀ ਨਹੀਂ ਸੋਭਦੇ ਹਨ, ਪਤੀ ਤੋਂ ਵਿਛੜੀ ਹੋਈ ਇਸਤਰੀ ਦੀ ਭੀ ਓਹੀ ਮਰਯਾਦਾ ਹੈ ਅਰਥ ਤ ਜਿਵੇਂ ਉਪਰਲੀਆਂ ਚੀਜਾਂ ਆਪੋ ਆਪਣੀ ਜਗਾ ਤੋਂ ਡਿਗਕੇ ਸੋਭਦੀਆਂ ਨਹੀਂ ਹਨ, ਇਵੇਂ ਹੀ ਇਸਤਰੀ ਪਤੀ ਤੋਂ ਵਿਛੜ ਕੇ ਸੋਭਾ ਨਹੀਂ ਪਾਂਦੀ ਹੈ(ਭਾਵ ਗੁਰੂ ਤੋਂ ਬੇਮੁਖ ਦਾ ਏਹ ਹਾਲ ਹੁੰਦਾ ਹੈ) ॥ ੬੧੫ ॥

ਭਾਵ---ਜਿਵੇਂ ਛੁਟੜ ਇਸਤਰੀ ਨੂੰ ਨਾ ਸੁਹਾਗ ਦਾ ਸੁਖ ਮਿਲਦਾ ਹੈ ਤੇ ਨਾਂ ਹੀ ਕੁਆਰ ਪਣੇ ਦਾ ਹੀ ਸੁਖ ਮਿਲਦਾ ਹੈ, ਏਹੋ ਹਾਲਤ ਗੁਰੂ ਤੋਂ ਬੇਮੁਖ ਦਾ ਹੁੰਦਾ ਹੈ।

**ਜੈਸੇ ਅਸੁਨੀ ਸੁਤਹ ਛਾਡਿ ਅੰਧਕਾਰਿ ਮਧ ਜਾਤਿ ਪੁਨਿ ਆਵਤ ਹੈ ਸੂਰਤ ਸਨੇਹ ਕੈ ॥**

**ਜੈਸੇ ਅਸ੍ਵਨੀ ਸੁਤਹ ਛਾਡਿ ਅੰਧ ਕਾਰਿ ਮਧ ਜਾਤਿ ਪੁਨਿ ਆਵਤ ਹੈ ਸੁਰਤ ਸਨੇਹ ਕੈ ॥**

(ਅਸ੍ਵਨੀ=ਘੋੜੇ । ਸੁਤਹ=ਪੁਤ੍ਰ ਵਛੇਰੇ ।)
(ਸੁਰਤ ਸਨੇਹ=ਪਿਆਰ ਦੀ ਯਾਦ ।)
(ਨਿੰਦ੍ਰਾਵੰਤ=ਸੁਤਾ ਹੋਇਆ । ਬੋਲਤ)
(ਘਟੰਤਰ=ਬਰੜਾਉਂਦਾ ਹੈ । ਚੈਤੰਨ)
(ਗਤਿ=ਜਾਗਰਤ ਦਸ਼ਾ । ਪਰੇਵਾ=)
( ਕਬੂਤਰ । ਪਰਕਰ=ਪਰਵਾਰ। )

ਜਿਵੇਂ ਘੋੜੀ ਪੁਤ੍ਰ (ਨੂੰ ਰਾਤ ਦੇ) ਹਨੇਰੇ ਵਿਚ ਹੀ (ਘਰ ਦੇ) ਅੰਦਰ ਛਡ ਕੇ (ਬਾਹਰ ਸਫਰ ਤੇ ਚਲੀ) ਜਾਂਦੀ ਹੈ, ਫੇਰ (ਸ਼ਾਮ ਵੇਲੇ) ਪੁਤਰ ਦੇ ਪਿਆਰ ਦੀ ਯਾਦ ਕਰ ਕੇ (ਉਸਦੇ ਕੋਲ) ਆ ਜਾਂਦੀ ਹੈ।

**ਜੈਸੇ ਨਿੰਦ੍ਰਾਵੰਤ ਸ੍ਵਪਨੰਤਰਿ ਦਿਸੰਤਰਿ ਮੈ ਬੋਲਤ ਘਟੰਤਰਿ ਚੈਤੰਨ ਗਤਿ ਗੇਹ ਕੈ ॥**

ਜਿਸ ਤਰ੍ਹਾਂ ਸੁਤਾ ਹੋਇਆ ਆਦਮੀ ਸੁਪਨੇ ਵਿਚ ਦੇਸਾਂ ਪ੍ਰਦੇਸਾਂ ਅੰਦਰ (ਫਿਰਦਾ ਹੈ ਤੇ) ਬਰੜਾਉਂਦਾ ਹੈ, (ਪਰ ਜਦ) ਜਾਗਰਤ ਅਵਸਥਾ (ਵਿਚ ਹੁੰਦਾ ਹੈ, ਤਾਂ) ਘਰ ਨੂੰ (ਭਲੀ ਤਰ੍ਹਾਂ ਨਾਲ ਸੰਭਾਲਦਾ ਹੈ)।

**ਜੈਸੇ ਤਉ ਪਰੇਵਾ ਤ੍ਰਿਯਾ ਤਿਆਗ ਹੁਇ ਅਕਾਸਚਾਰੀ ਦੇਖਿ ਪਰਕਰ ਗਿਰੈ ਤਨ ਬੂੰਦ ਮੇਹ ਕੈ ॥**

ਜਿਸ ਤਰ੍ਹਾਂ ਕਬੂਤਰ (ਜਾਂ ਬਟੇਰਾ) ਆਪਣੀ ਔਰਤ ਨੂੰ ਤਿਆਗ ਕੇ ਅਕਾਸ਼ ਵਿਚ ਫਿਰਨ ਲਈ ਉਡ ਜਾਂਦਾ ਹੈ, (ਪਰ ਫੇਰ ਉਡਦੇ ਹੋਇਆਂ ਹੀ) ਪਰਵਾਰ ਨੂੰ ਵੇਖ ਕੇ (ਇਸ ਤਰ੍ਹਾਂ ਉਸਦਾ) ਸਰੀਰ ਡਿਗ ਪੈਂਦਾ ਹੈ, (ਜਿਵੇਂ) ਮੀਂਹ ਦੀ ਬੂੰਦ (ਡਿਗਦੀ ਹੈ)।

**ਤੈਸੇ ਮਨ ਬਚ ਕ੍ਰਮ ਭਗਤ ਜਗਤ ਬਿਖੈ ਦੇਖ ਕੈ ਸਨੇਹੀ ਹੋਤ ਬਿਸਮ ਬਿਦੇਹ ਕੈ ॥ ੬੧੯ ॥**

ਉਸੇ ਤਰ੍ਹਾਂ ਹੀ ਜਗਤ ਵਿਚ ਭਗਤ (ਲੋਕ ਅਪਨੇ) ਪਰੇਮੀ ਨੂੰ ਵੇਖ ਕੇ ਮਨ, ਬਾਣੀ ਸਰੀਰ ਕਰ ਕੇ ਅਚਰਜ ਹੋ ਕੇ ਬਿਦੇਹ ਹੋ ਜਾਂਦਾ ਹੈ ॥ ੬੧੯ ॥

**ਜੈਸੇ ਜੋਧਾ ਜੁਧ ਸਮੇ ਸਸਤ੍ਰ ਸਨਾਹਿ ਸਾਜਿ ਲੋਭ ਮੋਹ ਤਿਆਗਿ ਬੀਰ ਖੇਤ ਬਿਖੈ ਜਾਤ ਹੈ ॥**

(ਸਨਾਹਿ=ਸੰਜੋਅ । ਖੇਤ=ਰਣਭੂਮੀ,)
(ਮੈਦਾਨਿ ਜੰਗ । ਜੁਝਾਊ=ਮਾਰੂ ਵਾਜਾ ।)
( ਘੋਰ=ਗੂੰਜ । )

ਜਿਸ ਤਰ੍ਹਾਂ ਸੂਰਮਾ ਜੁਧ ਦੇ ਵੇਲੇ ਸਰੀਰ ਉਤੇ ਸ਼ਸਤ੍ਰ ਤੇ ਸੰਜੋਅ ਸਜਾ ਕੇ, ਲੋਭ ਤੇ ਮੋਹ ਤਿਆਗ ਕੇ, ਸੂਰਪਾ ਜੁਧ ਭੂਮੀ ਵਿਚ ਜਾਂਦਾ ਹੈ।

**ਸੁਨਤ ਜੁਝਾਊ ਘੋਰ ਮੋਰ ਗਤਿ ਬਿਗਸਾਤ ਪੇਖਤ ਸੁਭਟ ਘਟ ਅੰਗ ਨ ਸਮਾਤ ਹੈ ॥**

(ਤਾਂ) ਮਾਰੂ ਵਾਜੇ ਨੂੰ ਸੁਣ ਕੇ (ਇਸ ਤਰ੍ਹਾਂ) ਖੁਸ਼ ਹੁੰਦਾ ਹੈ, (ਜਿਸ ਤਰ੍ਹਾਂ) ਬਦਲ ਦੀ ਗਰਜ (ਸੁਣ ਕੇ) ਮੋਰ ਬਿਗਸਦਾ ਹੈ (ਅਤੇ ਫਿਰ ਜਦ) ਸੂਰਮਿਆਂ ਦੀਆਂ ਘਟਾਂ (ਚੜੀਆਂ) ਵੇਖਦਾ ਹੈ ਤਾਂ ਹਿਰਦ ਵਿਚ ਸਮਾਂਦਾ ਨਹੀਂ ਹੈ।

**ਕਰਤ ਸੰਗ੍ਰਾਮ ਸ੍ਵਾਮਿ ਕਾਜ ਲਾਗਿ ਜੂਝ ਮਰੈ ਕੈ ਤਉ ਰਨਜੀਤ ਬੀਤੀ ਕਹਤ ਜੁ ਗਾਤ ਹੈ ॥**

(ਅਤੇ) ਜੁਧ ਕਰਦਾ ਹੋਇਆ ਮਾਲਕ ਦੇ ਕੰਮ ਵਿਚ ਲਗਾ ਹੋਇਆ ਜੰਗ ਕਰਦਾ ਕਰਦਾ ਮਰ ਜਾਂਦਾ ਹੈ ਅਤੇ (ਕੈ ਤਉ) ਜਾਂ ਤਾਂ ਜੁਧ ਨੂੰ ਜਿਤਣ (ਲਈ ਜੋ ਜੋ ਵਾਰਤਾ) ਗੁਜਰੀ ਸੀ, ਉਹ (ਸਾਰੀ ਦੀ ਸਾਰੀ) ਹਾਲਤ ਕਹਿ ਸੁਣਾਂਦਾ ਹੈ।

**ਤੈਸੇ ਹੀ ਭਗਤ ਮਤ ਭੇਟਤ ਜਗਤ**

**ਪਤਿ ਮੋਨਿ ਔ ਸਬਦ ਗਦ ਗਦ ਮੁਸਕਾਤ ਹੈ ॥ ੬੧੭ ॥**

ਇਸੇ ਤਰ੍ਹਾਂ ਹੀ ਭਗਤੀ ਮਤ (ਵਾਲਾ ਪੁਰਸ਼) ਜਗਤ ਪਤੀ (ਵਾਹਿਗੁਰੂ ਨੂੰ) ਮਿਲਕੇ ਚੁਪ ਹੋ ਜਾਂਦਾ ਹੈ ਅਤੇ (ਜਾਂ ਗੁਰ) ਸ਼ਬਦ (ਗਾਉਂਦਾ ਹੋਯਾ) ਗਦਗਦ (ਹੋ ਕੇ) ਮੁਸਕਰਾਉਂਦਾ ਹੈ ॥ ੬੧੭ ॥

**ਜੈਸੇ ਤਉ ਨਰਿੰਦ ਚੜ੍ਹਿ ਬੈਠਤ ਪ੍ਰਯੰਕ ਪਰ ਚਾਰੈ ਖੂਟ ਸੈ ਦਰਬ ਦੇਤ ਆਨਿ ਆਨਿ ਕੈ ॥**

(ਨਰਿੰਦ=ਰਾਜਾ । ਪਰਯੰਕ=ਸਿੰਘਾਸਨ,
ਤਖਤ । ਖੂਟ=ਕੂੰਟਾਂ, ਦਿਸ਼ਾਂ । ਦਰਬ=ਧਨ ।
ਭੰਡਾਰੀ=ਖਜਾਨਚੀ । ਰਿਸਾਇ=ਗੁਸੇ ਹੋ
ਕੇ । ਨੇਤ=ਕਰਤਾਰ ਦੀ ਕੁਦਰਤ । ਹੇਤ=
ਕਾਰਨ । )

ਜਿਸ ਤਰ੍ਹਾਂ ਕਿ ਰਾਜਾ ਰਾਜ ਸਿੰਘਾਸਨ ਉਤੇ ਚੜ ਬੈਠਦਾ ਹੈ (ਤਾਂ) ਚੌਹਾਂ ਪਾਸਿਆਂ ਤੋਂ ਆਨ ਆਨ ਕਰ ਕੇ (ਲੋਕੀ) ਧਨ (ਦੀਆਂ ਨਜਰਾਂ) ਦੇਂਦੇ ਹਨ ।

**ਕਾਹੂ ਕਉ ਰਿਸਾਇ ਆਗਿਆ ਕਰਤ ਜਉ ਮਾਰਬੇ ਕੀ ਤਾਤਕਾਲ ਮਾਰ ਡਾਰੀਅਤੁ ਪ੍ਰਾਨ ਹਾਨਿ ਕੈ ॥**

ਜੇਕਰ ਗੁਸੇ ਹੋ ਕੇ (ਰਾਜਾ) ਕਿਸੇ ਨੂੰ ਮਾਰ ਸੁਟਨ ਦੀ ਆਗਿਆ ਦੇਂਦਾ ਹੈ (ਤਾਂ) ਝਟਪਟ ਹੀ ਮਾਰ ਸੁਟੀ ਦਾ ਹੈ ਤੇ (ਉਸ ਦੇ) ਪ੍ਰਾਣਾਂ ਦਾ ਨਾਸ ਕੀਤਾ ਜਾਂਦਾ ਹੈ ।

**ਕਾਹੂ ਕਉ ਪ੍ਰਸੰਨ ਹੁਇ ਦਿਵਾਵਤ ਹੈ ਲਾਖ ਕੋਟਿ ਤੁਰਤ ਭੰਡਾਰੀ ਗਣ ਦੇਤਿ ਆਨ ਮਾਨਿ ਕੈ ॥**

ਜੇ ਕਰ ਖੁਸ਼ ਹੋ ਕੇ ਕਿਸੇ ਨੂੰ ਲਖਾਂ ਜਾਂ ਕਰੋੜਾਂ ਰੁਪੈ ਦਿਵਾਉਂਦਾ ਹੈ, (ਤਾਂ) ਖਜਾਨਚੀ ਤੁਰਤ (ਹੀ ਆਗਯਾ ਮੰਨ ਕਰ ਕੇ) ਆਉਂਦਾ ਹੈ (ਤੇ ਉਸਨੂੰ) ਗਿਣਕੇ (ਰੁਪੈ) ਦੇ ਦੇਂਦਾ ਹੈ ।

**ਤੈਸੇ ਦੇਤ ਲੇਤ ਹੇਤੁ ਨੇਤਿ ਕੈ ਬ੍ਰਹਮ ਗਿਆਨੀ ਲੇਪ ਨ ਲਿਪਤ ਹੈ ਬ੍ਰਹਮ ਗਿਆਨ ਧਿਆਨ ਕੈ ॥੬੧੮॥**

ਉਸੇ ਤਰ੍ਹਾਂ ਬ੍ਰਹਮ ਗਿਆਨੀ (ਜਾਣਦਾ ਹੈ, ਜੋ) ਦੇਣ, ਲੈਣ ਦਾ ਕਾਰਣ (ਵਾਹਿਗੁਰੂ ਦੀ) ਨੇਤ ਹੈ, (ਇਸ ਲਈ ਉਹ) ਬ੍ਰਹਮ ਗਿਆਨ ਦੀ ਸਿਵਾਨ ਕਰ ਕੇ (ਕਿਸੇ) ਲੇਪ ਵਿਚ ਲਿਪਤ ਨਹੀਂ ਹੁੰਦਾ ਹੈ ।

**ਅਨਭੈ ਭਵਨ ਪ੍ਰੇਮ ਭਗਤਿ ਮੁਕਤਿ ਦ੍ਵਾਰ ਕਾਰੋ ਬਸੁ ਚਾਰੋ ਕੂੰਟ ਰਾਜਤ ਰਾਜਾਨ ਹੈ ॥**

(ਅਨਭੈ=ਅਨੁਭਵ, ਸੁਤੇ ਗਿਆਨ । ਚਾਰੋ=
ਚਾਰ ਪਦਾਰਥ । ਸੁਕ੍ਰਿਤ=ਸੁਭ ਕਰਨੀ ।
ਨੀਸ਼ਾਨ=ਧੌਂਸਾ, ਨਗਾਰਾ । ਸਾਸ=ਸਰਨ ।
ਛਬਿ=ਸੁੰਦਰਤਾ । ਬਿਰਾਜਮਾਨ=
ਸੁਭਾਇਮਾਨ । )

ਸੁਤੇ ਭਵਨ (ਮਹਲ) ਹੈ, ਪਰੇਮਾ ਭਗਤੀ ਤੇ ਮੁਕਤੀ (ਇਸ ਮਹਲ ਦੇ ਬੂਹੇ ਉਤੇ ਦਾਸੀਆਂ ਖੜੀਆਂ ਹਨ, ਚਾਰ ਪਦਾਰਥ ਭੀ ਇਸੇ ਦੇ ਹੀ ਵਸ ਹਨ । ਇਸ ਮਹਿਲ ਦੇ ਮਾਲਕ (ਮੇਰੇ ਸਤਿਗੁਰੂ) ਮਹਾਰਾਜ ਹਨ, (ਜਿਨ੍ਹਾਂ ਦਾ ਰਾਜ) ਚੌਹਾਂ ਕੂੰਟਾਂ ਵਿਚ (ਰਾਜਤ) ਬਿਰਾਜ ਰਿਹਾ ਹੈ ।

**ਜਾਗ੍ਰਤ ਸੁਪਨ ਦਿਨ ਰੈਨ ਉਠਿ ਬੈਠਿ ਚਲਿ ਸਿਮਰਨ ਸ੍ਰਵਨ ਸੁਕ੍ਰਿਤ ਪਰਵਾਨ ਹੈ ॥**

ਜਾਗਦਿਆਂ ਸੁਤਿਆਂ, ਦਿਨੇ ਰਾਤੀ, ਉਠਦੇ ਬੈਠਦੇ ਤੇ ਚਲਦੇ (ਹੋਇਆਂ) ਸਿਮਰਨ, ਸ੍ਰਵਨ ਤੇ ਸ਼ੁਭ ਕਰਨੀ (ਆਦਿਕ ਕਰਮ) ਪਰਵਾਨ (ਕਰਦਾ) ਹੈ ।

**ਜੋਈ ਜੋਈ ਆਵੈ ਸੋਈ ਭਾਵੈ ਪਾਵੈ ਨਾਮੁ ਨਿਧਿ ਭਗਤਿ ਵਛਲ ਮਾਨੋ**

**ਬਾਜਤ ਨਿਸਾਨ ਹੈ ॥**

ਜੇਹੜਾ ਜੇਹੜਾ (ਗੁਰੂ ਜੀ ਦੀ ਸ਼ਰਨ ਵਿਚ) ਆਉਂਦਾ ਹੈ, ਓਹੀ (ਉਨ੍ਹਾਂ ਦੇ ਮਨ ਨੂੰ) ਭਾਉਂਦਾ ਹੈ ਤੇ ਨਾਮ ਦਾ ਖਜਾਨਾ (ਗੁਰੂ ਜੀ ਪਾਸੋਂ) ਪਾਂਦਾ ਹੈ ਭਗਤ ਵਛਲਤਾ ਦਾ ਮਾਨੋ ਧੌਂਸਾ (ਗੁਰੂ ਜੀ ਦੇ ਮਹਲ ਦੇ ਬੂਹੇ ਉਤੇ) ਵਜ ਰਿਹਾ ਹੈ ।

**ਜੀਵਨ ਮੁਕਤਿ ਸਾਮ ਰਾਜ ਸੁਖ ਭੋਗਵਤ ਅਦਭੁਤ ਛਬਿ ਅਤਿ ਹੀ ਬਿਰਾਜਮਾਨ ਹੈ॥ ੬੧੯ ॥**

(ਜੋ ਪੁਰਸ਼ ਇਸ) ਰਾਜ ਦੀ ਸ਼ਰਨ (ਵਿਚ ਆਉਂਦਾ ਹੈ, ਉਹ) ਜੀਵਨ ਮੁਕਤਿ ਦਾ ਸੁਖ ਭੋਗਦਾ ਹੈ, (ਇਸ ਤਰ੍ਹਾਂ ਦੀ) ਵਡੀ ਅਦਭੁਤ ਸੁੰਦਰਤਾ (ਸਤਿਗੁਰੂ ਦੇ ਮਹਲ ਦੀ) ਬਿਰਾਜਮਾਨ (ਹੋ ਰਹੀ ਹੈ, ਜੋ ਕਹਿਣ ਸੁਨਣ ਤੋਂ ਬਾਹਰ ਹੈ) ॥ ੬੧੯ ॥

ਭਾਵ—ਗੁਰੂ ਘਰ ਦੇ ਵਰਤਾਰੇ ਦੇ ਅਖੀਂ ਡਿਠੇ ਨਜਾਰੇ ਵਰਨਨ ਕੀਤੇ ਹਨ ।

**ਲੋਚਨ ਬਿਲੋਕਿ ਰੂਪ ਰੰਗ ਅੰਗ ਅੰਗ ਛਬਿ ਸਹਜ ਬਿਨੋਦ ਮੋਦ ਕਉਤਕ ਦਿਖਾਵਹੀ ॥**

ਅਖਾਂ (ਗੁਰੂ ਦੇ) ਰੂਪ, ਰੰਗ ਤੇ ਅੰਗ ਅੰਗ ਦੀ ਸੁੰਦਰਤਾ ਨੂੰ ਵੇਖ ਕੇ, ਗਿਆਨ ਦੇ ਬਿਨੋਦ ਤੇ ਮੋਦ (ਖੁਸ਼ੀ) ਦੇ ਕੌਤਕ (ਸੁਰਤਿ ਨੂੰ) ਵਿਖਾਉਂਦੇ ਹਨ ।

**ਸ੍ਰਵਨ ਸੁਜਸ ਰਸ ਰਸਿਕ ਰਸਾਲ ਗੁਨ ਸੁਨਿ ਸੁਨਿ ਸੁਰਤਿ ਸੰਦੇਸ ਪਹੁਚਾਵਹੀ ॥**

ਕਨ ਰਸਾਂ ਦੇ ਘਰ (ਰੂਪ ਗੁਰੂ ਦੇ) ਗੁਣਾਂ ਦ ਰਸ ਦੇ ਰਸਿਕ ਹੋ ਕੇ, ਗੁਣਾਂ ਨੂੰ ਸੁਣ ਸੁਣ ਕੇ ਸੁਰਤਿ (ਨੂੰ ਸੁਨੇਹੇ) ਪਹੁੰਚਾਉਂਦ ਹਨ ।

**ਰਸਨਾ ਸਬਦੁ ਰਾਗ ਨਾਦ ਸ੍ਵਾਦੁ ਬਿਨਤੀ ਕੈ ਨਾਸਿਕਾ ਸੁਗੰਧਿ ਸਨਬੰਧ ਸਮਝਾਵਹੀ ॥**

ਜੀਭ (ਗੁਰ) ਸ਼ਬਦ (ਨੂੰ ਉਚਾਰਨ ਕਰ ਕੇ) ਰਾਗ ਨਾਦ ਦੇ ਸਵਾਦ (ਦੀ ਸੁਰਤ ਅਗੇ) ਬੇਨਤੀ ਕਰਦੀ ਹੈ, ਅਤੇ ਨਕ (ਗੁਰ ਚਰਨ ਕਮਲਾਂ ਦੀ) ਸੁਗੰਧੀ (ਲੈ ਕੇ ਸੁਰਤਿ ਨੂੰ ਉਸਦਾ) ਸਨਬੰਧ ਸਮਝਾ ਰਹੀ ਹੈ ।

**ਸਰਿਤਾ ਅਨੇਕ ਮਾਨੋ ਸੰਗਮ ਸਮੁੰਦ੍ਰ ਗਤਿ ਰਿਦੈ ਪ੍ਰਿਅ ਪ੍ਰੇਮ ਨੇਮ ਤ੍ਰਿਪਤਿ ਨ ਪਾਵਹੀ ॥ ੬੨੦ ॥**

ਮੇਰੇ ਹਿਰਦੇ ਵਿਚ ਪਿਆਰੇ (ਗੁਰੂ ਦੇ) ਪਰਮ ਨੇਮ ਦੀ ਮਾਨੋ ਸਮੁੰਦਰ ਦੀ ਗਤੀ ਹੈ,(ਜੋ) ਅਨੇਕਾਂ ਨਦੀਆਂ ਦੇ ਸੰਗਮ (ਕਰ ਕੇ ਭੀ ਉਛਲਦਾ ਨਹੀਂ ਹੈ ਅਤੇ) ਤ੍ਰਿਪਤ ਭੀ ਨਹੀਂ ਹੁੰਦਾ ਹੈ ॥ ੬੨੦ ।

ਭਾਵ—ਜਿਵੇਂ ਸਮੁੰਦਰ ਅਨੇਕਾਂ ਨਦੀਆਂ ਦਾ ਪਾਣੀ ਪ੍ਰਾਪਤ ਕਰਦਾ ਹੋਇਆ ਤ੍ਰਿਪਤ ਭੀ ਨਹੀਂ ਹੁੰਦਾ ਤੇ ਨੇਮ ਐਸਾ ਹੈ ਜੋ ਕੰਢਿਆਂ ਤੋਂ ਬਾਹਰ ਭੀ ਨਹੀਂ ਹੁੰਦਾ ਹੈ, ਇਸ ਤਰ੍ਹਾਂ ਸਿਖ ਆਤਮ ਅਨਦ ਨੂੰ ਮਾਣਦਾ ਹੋਇਆ 'ਰਜ ਅਰਜ' ਰੰਗਨ ਵਿਚ ਰਹਿੰਦਾ ਹੈ, ਅਰਥਾਤ ਸਿਖ ਆਤਮ ਅਨੰਦ ਨੂੰ ਮਾਣਦਾ ਹਇਆ, ਉਸ ਅਨੰਦ ਨੂੰ ਬਹੁਤ ਤੋਂ ਬਹੁਤ ਹਾਸਲ ਕਰਦਾ ਰਹੇ ਪਰ ਆਪਣੇ ਨਿਯਮਾਂ ਤੋਂ ਬਾਹਰ ਨਾ ਹੋਵੇ ।

**ਲੋਚਨ ਕ੍ਰਿਪਨ ਅਵਲੋਕਿਤ ਅਨੂਪ ਰੂਪ ਪਰਮ ਨਿਧਾਨ ਜਾਨ ਤ੍ਰਿਪਤਿ ਨ ਆਈ ਹੈ ॥**

(ਕਿਰਪਨ=ਕੰਜੂਸ,ਸੂਮ। ਅਵਲੋਕਤ=ਵੇਖਦੇ)
(ਹਨ । ਅਚਵਤ=ਪੀਂਦੇ ਹੋਇਆਂ ।)
(ਅਗੁਨੀਵ=ਆਗੂ ਰਹਿਬਰ । ਅਘਾਈ=)
(ਰਜਦੀ। ਰਜਕਿ=ਪਰੇਮ ਨਾਲ। )

(ਮੇਰੇ) ਨੇਤਰ ਸੂਮ ਹਨ, (ਜ) ਅਨੂਪ ਰੂਪ ਨੂੰ ਵੇਖਦੇ ਹਨ (ਤੇ) ਪਰਮ ਨਿਧਾਨ (ਰੂਪ ਗੁਰ ਦਰਸ਼ਨ ਰੂਪ) ਪਰਮ ਨਿਧਾਨ ਨੂੰ ਜਾਣ ਕੇ ਭੀ ਤ੍ਰਿਪਤੀ ਨਹੀਂ ਆਈ ਹੈ ।

**ਸ੍ਰਵਨ ਦਾਰਿਦ੍ਰੀ ਸੁਨ ਅੰਮ੍ਰਿਤ ਬਚਨ ਪ੍ਰਿਯ ਅਚਵਤ ਸੁਰਤਿ ਪਿਆਸ ਨ ਮਿਟਾਈ ਹੈ ॥**

(ਮੇਰੇ) ਕੰਨ (ਦਰਿਦ੍ਰੀ) ਕੰਗਾਲ (ਹਨ, ਜੋ) ਪਿਆਰੇ ਦ ਅੰਮ੍ਰਿਤ ਬਚਨਾਂ ਨੂੰ ਸੁਣਦੇ ਹਨ, (ਉਹਨਾਂ ਦਾ ਸੁਨਣਾ ਹੀ ਮਾਨੋ ਅੰਮ੍ਰਿਤ ਪੀਂਦੇ ਹਨ, ਪੀਂਦੇ ਹੋਇਆਂ ਸੁਰਤਿ ਦੀ ਤਰੇਹ ਨਹੀਂ ਮਿਟਾਈ ਹੈ।

**ਰਸਨਾ ਰਟਤ ਗੁਨ ਗੁਰੂ ਅਗ੍ਰਨੀਵ ਗੂੜ ਚਾਤ੍ਰਿਕ ਜੁਗਤਿ ਗਤਿ ਮਤਿ ਨ ਅਘਾਈ ਹੈ ॥**

(ਮੇਰੀ) ਜੀਭ (ਸਭਨਾਂ ਦੇ) ਆਗੂ ਰੂਪ ਗੁਰੂ ਜੀ ਦੇ ਗੂੜ ਗੁਣਾਂ ਨੂੰ ਰਟਦੀ ਹੈ, (ਪਰ) ਪਪੀਹੇ ਦੀ ਜੁਗਤੀ ਵਾਂਗੂੰ ਬੁਧੀ ਰਜਦੀ ਨਹੀਂ ਹੈ (ਅਰਥਾਤ ਜਿਵੇਂ ਪਪੀਹਾ ਪ੍ਰਿਉ ਪ੍ਰਿਉ ਕਰਦਾ ਹੋਇਆ ਰਜਦਾ ਨਹੀਂ ਹੈ ਤਿਵੇਂ ਮੈਂ ਪ੍ਰਭੂ ਦ ਗੁਣ ਗਾਉਂਦਾ ਹੋਇਆ ਰਜਦਾ ਨਹੀਂ ਹਾਂ)।

**ਪੇਖਤ ਸੁਨਤਿ ਸਿਮਰਤਿ ਬਿਸਮਾਦ ਰਸਿ ਰਸਿਕ ਪ੍ਰਗਾਸੁ ਪ੍ਰੇਮ ਤ੍ਰਿਸਨ ਬਢਾਈ ਹੈ ॥ ੬੨੧ ॥**

ਵੇਖਦਿਆਂ, ਸੁਣਦਿਆਂ ਤੇ ਸਿਮਰਦਿਆਂ (ਹੋਇਆਂ) ਬਿਸਮਾਦ ਰਸ ਦੇ ਰਸਿਕ (ਮੇਰੇ ਮਨ ਨੇ) ਪਰਮ ਦ ਪ੍ਰਕਾਸ਼ (ਨੂੰ ਪਰਾਪਤ ਕਰ ਲਿਆ ਹੈ, ਅਤੇ ਉਸਦੀ) ਤ੍ਰਿਸ਼ਨਾ (ਹੋਰ ਭੀ) ਵਧ ਗਈ ਹੈ ॥ ੬੨੧ ॥

**ਦ੍ਰਿਗਨ ਮੈ ਦੇਖਤ ਹੌ ਦ੍ਰਿਗ ਹੂ ਜੋ ਦੇਖਿਓ ਚਾਹੈ ਪਰਮ ਅਨੂਪ ਰੂਪ ਸੁੰਦਰ ਦਿਖਾਈਐ ॥**

ਦ੍ਰਿਗਨ ਮੈ=ਅਖਾਂ ਵਿਚ । ਦ੍ਰਿਗ=ਅਖਾਂ)
(ਸ੍ਰਵਨ ਮੈ=ਕੰਨਾਂ ਵਿਚ । ਮਯਾ=ਕਿਰਪਾ।)

(ਹੇ ਸਤਿਗੁਰੂ ਜੀ! ਮੈਂ) ਅਖਾਂ ਵਿਚ (ਆਪ ਦਾ ਉਹ ਸੁੰਦਰ ਰੂਪ) ਵੇਖਦਾ ਹਾਂ, ਅਖਾਂ ਜਿਸ ਨੂੰ ਵੇਖਿਆ ਚਾਹੁੰਦੀਆਂ ਹਨ, (ਕਿਰਪਾ ਕਰ ਕੇ ਆਪਣਾ) ਪਰਮ ਅਨੂਪ ਸੁੰਦਰ ਰੂਪ ਵਿਖਾਉਂਦੇ ਹੀ ਰਹੀਏ।

**ਸ੍ਰਵਨ ਮੈ ਸੁਨਤ ਜੁ ਸ੍ਰਵਨ ਹੂੰ ਸੁਨਿਓ ਚਾਹੈ ਅਨਹਦ ਸਬਦ ਪ੍ਰਸੰਨ ਹੁਇ ਸੁਨਾਈਐ ॥**

ਮੈਂ ਕੰਨਾਂ (ਨਾਲ ਉਹ ਰਸ ਭਰੇ ਸ਼ਬਦ) ਸੁਣਦਾ ਹਾਂ, ਜੋ (ਕੁਝ) ਕੰਨ ਸੁਣਨਾ ਚਾਹੁੰਦੇ ਹਨ, (ਤਾਂਤੇ ਹੇ ਸਤਿਗੁਰੂ ਜੀ!) ਪ੍ਰਸੰਨ ਹੋ ਕੇ (ਮੈਨੂੰ) ਅਨਹਦ ਸ਼ਬਦ ਸੁਣਾਉਂਦੇ ਹੀ ਰਹੋ।

**ਰਸਨਾ ਮੈ ਰਟਤ ਜੁ ਰਸਨਾ ਹੂੰ ਰਸੇ ਚਾਹੈ ਪ੍ਰੇਮ ਰਸੁ ਅੰਮ੍ਰਿਤ ਚੁਆਇ ਕੈ ਚਖਾਈਐ ॥**

ਮੈਂ ਜੀਭ (ਨਾਲ ਉਹ ਗੁਣ) ਰਟਦਾ ਹਾਂ, ਜਿਸ ਰਸ ਨੂੰ ਰਸਨਾ ਭੀ ਲੈਣੀ ਚਾਹੁੰਦੀ ਹੈ, (ਤਾਂ ਤੇ) ਪਰੇਮ ਰਸ ਰੂਪ ਨੂੰ ਚੁਆ ਕਰ ਕੇ (ਹੁਣ) ਚਖਾ ਦੇਵੋ।

**ਮਨ ਮਹਿ ਬਸਹੁ ਮਲਿ ਮਯਾ ਕੀਜੈ ਮਹਾਰਾਜ ਧਾਵਤ ਬਰਜ ਉਨਮਨ ਲਿਵ ਲਾਈਐ ॥ ੬੨੨ ॥**

ਹੇ ਮਹਾਰਾਜ! (ਮੇਰੇ) ਮਨ ਵਿਚ ਵਸੋ, ਕਿਰਪਾ ਕਰਕੇ (ਇਸ ਨੂੰ) ਮਲਕੇ ਭਜਣ ਦੌੜਨ ਵਲੋਂ ਰੋਕੋ (ਤੇ) ਉਨਮਨ ਅਵਸਥਾ ਵਿਚ ਲਿਵ ਲਾ ਦਿਓ ॥ ੬੨੨ ॥

**ਨਿੰਦ੍ਰਾ ਮੈ ਕਹਾ ਧਉ ਜਾਇ ਖੁਧਿਆ ਮੈ ਕਹਾ ਧਉ ਖਾਇ ਤ੍ਰਿਖਾ ਮੈ ਕਹਾ ਜਰਾਇ ਕਹਾ ਜਲ ਪਾਨ ਹੈ॥**

(ਕਹਾਧੌ=ਕਿਥੇ। ਖੁਧਯਾ=ਭੁਖ। ਜਰਾਇ=)
(ਸੜਦਾ ਹੈ । ਭਯਾਨ=ਡਰਾਉਣਾ ।)
(ਜੰਮਹਾਈ=ਉਬਾਸੀ । ਅਪਸਰ ਗਾਤ=)
(ਸਰੀਰ ਵਿਚੋਂ ਹਵਾ ਦਾ ਸਰਨਾ, ਪਦ ਜਾਂ)

(ਫੂਸੀ ਦਾ ਆਉਣਾ। ਖੁਜਲਾਤ=ਖੁਰਕਨਾ।)

ਨੀਂਦ ਵਿਚ (ਜੀਵ) ਕਿਥੇ ਜਾਂਦਾ ਹੈ? ਭੁਖ ਵਿਚ ਕਿਥੇ (ਤੇ ਕੀ ਕੁਝ) ਖਾਂਦਾ ਹੈ? ਤਰੇਹ ਵਿਚ ਸੜਕ ਕਿਥੇ (ਹੁੰਦੀ ਹੈ? ਅਤੇ) ਪਾਣੀ ਕਿਥੇ ਪੀਂਦਾ ਹੈ?

**ਹਸਨ ਰੋਵਨ ਕਹਾ ਕਹਾ ਪੁਨਿ ਚਿੰਤਾ ਚਾਉ ਕਹਾ ਭਯ ਭਾਉ ਭਰਿ ਕਹਾ ਧਉ ਭਯਾਨ ਹੈ ॥**

ਹਸਣਾ ਤੇ ਰੋਣਾ ਕਿਥੇ (ਰਹਿੰਦਾ ਹੈ?) ਫਿਰ ਚਿੰਤਾ ਤੇ ਚਾਉ ਕੀਤੇ ਕਿਥੇ ਹੈ। ਡਰ ਤੇ ਪਰੇਮ ਕਿਥੇ ਹੈ? ਕਾਇਰਤਾ ਕਿਥੇ ਹੈ। ਤੇ ਭਿਆਨਕਤਾ ਕਿਥ (ਰਹਿੰਦੀ) ਹੈ।

**ਹਿਚਕੀ ਡਕਾਰ ਅਉ ਖੰਘਾਰ ਜੰਮਹਾਈ ਛੀਕ ਅਪਸਰ ਗਾਤ ਖੁਜਲਾਤ ਕਹਾ ਆਨ ਹੈ ॥**

ਹਿਡਕੀ, ਡਕਾਰ ਤੇ ਖੰਘਾਰ ਤੇ ਉਬਾਸੀ, ਨਿਛ ਸਰੀਰ ਦੀ ਹਵਾ ਸਰਨੀ ਤੇ ਸਰੀਰ ਦਾ ਖਰਕਨਾ (ਆਦਿਕ) ਕਿਥੇ ਰਹਿੰਦੇ ਹਨ।

**ਕਾਮ ਕ੍ਰੋਧ ਲੋਭ ਮੋਹ ਅਹੰਮੇਵ ਟੇਵ ਕਹਾਂ ਸਤ ਅਉ ਸੰਖੋਤ ਦਇਆ ਧਰਮ ਨ ਜਾਨ ਹੈ ॥ ੬੨੩ ॥**

ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ (ਤੇ) ਆਦਤ (ਜਾਂ ਸੁਭਾਵ) ਕੀ ਹਨ ਤੇ ਕਿਥੇ ਹਨ ਅਤੇ ਸਤ, ਸੰਤੋਖ, ਦਯਾ ਤੇ ਧਰਮ (ਕੀ ਹਨ। ਇਹ ਗਲ ਕੋਈ) ਨਹੀਂ ਜਾਣਦਾ ਹੈ ॥ ੬੨੩ ॥

**ਪੰਚ ਤਤੁ ਮੇਲਿ ਪਿੰਡ ਲੋਕ ਬੇਦ ਕਹੈ ਪਾਂਚੋ ਤਤੁ ਕਹੋ ਕਾਹੇ ਭਾਂਤਿ ਰਚਤ ਭੇ ਆਦਿ ਹੀ ॥**

(ਪਿੰਡ=ਸਰੀਰ। ਗੜਯੋ=ਘੜਿਆ ਹੈ,) (ਖੜਾ ਕੀਤਾ ਹੋਇਆ ਹੈ। ਪਾਦ=ਪੈਰ।) (ਸਲਿਲ=ਪਾਣੀ। ਬਕਨੋ=ਬੋਲਣਾ,) (ਆਖਣਾ। ਬਾਦ=ਬੇਅਰਥ।)

ਪੰਜਾਂ ਤੱਤਾਂ ਦੇ ਮੇਲ ਤੋਂ ਸਰੀਰ (ਬਣਿਆ ਹੈ, ਇਹ ਗਲ) ਲੋਕ ਤੇ ਵੇਦ ਕਹਿੰਦੇ ਹਨ (ਪਰ ਏਹ) ਦਸੋ, (ਕਿ) ਪੰਜ ਤੱਤ (ਸਭ ਤੋਂ) ਪਹਿਲੋਂ ਕਿਸ ਤਰ੍ਹਾਂ ਰਚੇ ਗਏ ਸਨ।

**ਕਾਹੇ ਸੇ ਧਰਨ ਧਾਰੀ ਧੀਰਜ ਕੈਸੇ ਬਿਥਾਰੀ ਕਾਹੇ ਸਿਉਂ ਗੜਿਓ ਅਕਾਸ ਠਾਢੋ ਬਿਨ ਪਾਦ ਹੀ ॥**

ਕਿਸ ਤਰ੍ਹਾਂ ਕਰ ਕੇ ਧਰਤੀ ਟਿਕਾਈ ਗਈ ਹੈ, ਕਿਸ ਤਰ੍ਹਾਂ (ਉਸਦੇ ਵਿਚ) ਧੀਰਜ ਦਾ ਫੈਲਾਵ ਹੋਇਆ ਹੈ। ਅਤੇ ਕਿਸਦੇ ਨਾਲ ਅਕਾਸ਼ ਖੜਾ ਕੀਤਾ ਗਿਆ ਹੋਇਆ ਹੈ, ਜੋ ਪੈਰਾਂ ਤੋਂ ਬਿਨਾਂ ਹੀ ਖੜਾ ਹੋਇਆ ਹੈ।

**ਕਾਹੇ ਸੋ ਸਲਿਲ ਸਾਜੇ ਸੀਤਲ ਪਵਨ ਬਾਜੇ ਅਗਨਿ ਤਪਤ ਕਾਹੇ ਅਤਿ ਬਿਸਮਾਦ ਹੀ ॥**

ਕਿਸ ਤੋਂ ਪਾਨੀ ਬਣਾਇਆ ਹੈ (ਜੋ) ਠੰਡੀ ਹਵਾ ਬੋਲਦੀ ਹੈ (ਇਹ ਕਿਸ ਤੋਂ ਬਣੀ ਹੈ?) ਅਗ ਕਿਸ ਤਰ੍ਹਾਂ ਤਪਦੀ ਹੈ। (ਇਹ ਸਾਰਾ ਖੇਲ) ਵਡਾ ਹੀ ਬਿਸਮਾਦ ਹੈ।

**ਕਾਰਨ ਕਰਨ ਦੇਵ ਅਲਖ ਅਭੇਵ ਨਾਥ ਉਨ ਕੀ ਭੀ ਓਹੀ ਜਾਨੈ ਬਕਨੋ ਹੈ ਬਾਦ ਹੀ ॥ ੬੨੪ ॥**

(ਇਨ੍ਹਾਂ ਸਭਨਾਂ) ਕਾਰਨਾਂ ਦੇ ਕਰਨ ਵਾਲਾ (ਪਰਮ ਤਪ) ਦੇਵ ਸਵਾਮੀ ਅਲਖ ਤੇ ਅਭੇਵ ਹੈ, ਉਸ ਦੀ (ਗਤੀ ਨੂੰ) ਭੀ ਉਹ (ਆਪ) ਹੀ ਜਾਣਦਾ ਹੈ (ਇਸ ਗਲ ਦੇ ਸਬੰਧ ਵਿਚ ਕੁਝ) ਕਹਿਣਾ ਹੀ ਬਿਅਰਥ ਹੈ ॥ ੬੨੪ ॥

ਭਾਵ—ਕੁਦਰਤ ਦੀ ਅਕਹਿ ਅਵਸਥਾ ਦਾ ਵਰਨਨ ਕਰ ਕੇ ਸੂਚਨ ਕੀਤਾ ਹੈ ਕਿ ਜਦ ਕਰਤਾਰ ਦੀ ਰਚਨਾ ਦਾ ਜੀਵ ਨੂੰ ਕੁਝ ਪਤਾ ਨਹੀਂ ਲਗ ਸਕਦਾ ਤਾਂ ਫਿਰ

ਕਰਤਾਰ ਦਾ ਭੇਦ ਕਿਵੇਂ ਜਾਣਿਆ ਜਾ ਸਕਦਾ ਹੈ।
ਕੇਵਲ ਬੇਅੰਤ ਬੇਅੰਤ ਦਾ ਸਿਮਰਨ ਕਰੋ।

**ਜੈਸੇ ਜਲ ਸਿੰਚ ਸਿੰਚ ਕਾਸਟ ਸਮਥ ਕੀਨੇ ਜਲ ਸਨਬੰਧ ਪੁਨਿ ਬੋਹਿਥਾ ਬਿਸ੍ਵਾਸ ਹੈ ॥**

(ਸਮਥ=ਸਮਰਥ, ਤਾਕਤ ਵਾਲਾ, ਮਜਬੂਤ।)
(ਬਹਿਥਾ=ਜਹਾਜ। ਸ੍ਰੀ ਖੰਡ=ਚੰਦਨ।)
(ਮੰਡ=ਸਵਰੇ ਹੋਏ। ਪਾਵਕ=ਅਗ।)
(ਭਸਮੀ=ਸੁਆਹ। ਗੇਹ=ਘਰ।)
(ਤ੍ਰਿਗੁਨ=ਤਿੰਨ ਗੁਣ—ਰਜੋ, ਤਮੋ, ਸਤੋ।)
(ਤ੍ਰਿਬਿਧਿ=ਤ੍ਰੈ ਵਿਧਾਂ। ਸ਼ਿਵ=)
(ਕਲਿਆਨ ਸਰੂਪ।)

ਜਿਸ ਤਰ੍ਹਾਂ ਪਾਣੀ ਨੂੰ ਸਿੰਜ ਸਿੰਜ ਕੇ ਕਾਠ ਨੂੰ ਤਾਕਤ ਵਾਲਾ ਕੀਤਾ ਜਾਂਦਾ ਹੈ, ਅਤੇ ਫੇਰ (ਉਸੇ ਕਾਠ ਦਾ) ਜਹਾਜ (ਬਣਾਈਦਾ ਹੈ ਕਿ ਇਸ) ਭਰੋਸੇ ਉਤੇ (ਕਿ) ਜਲ ਦੇ ਸਬੰਧ (ਵਿਚ ਤਿਆਰ ਹੋਣ ਕਰ ਕੇ ਡੁਬੇਗਾ ਨਹੀਂ)।

**ਪਵਨ ਪ੍ਰਸੰਗ ਸੋਈ ਕਾਸਟ ਸ੍ਰੀ ਖੰਡ ਹੋਤ ਮਲਯਾਗਿਰ ਬਾਸਨਾ ਸੁ ਮੰਡ ਪਰਗਾਸ ਹੈ ॥**

ਓਹੀ ਕਾਠ ਹਵਾ ਦੇ ਪ੍ਰਸੰਗ ਕਰ ਕੇ ਚੰਦਨ ਹੋ ਜਾਂਦਾ ਹੈ, (ਉਸੇ) ਸਵਰੇ ਹੋਏ (ਚੰਦਨ ਹੋ ਚੁਕੇ) ਕਾਠ ਨੂੰ ਚੰਦਨ ਦੀ ਵਾਸ਼ਨਾ ਪ੍ਰਕਾਸ਼ ਪਾਂਦੀ ਹੈ।

**ਪਾਵਕ ਪਰਸ ਭਸਮੀ ਕਰਤ ਦੇਹ ਗੇਹ ਮਿਤ੍ਰ ਸਤ੍ਰ ਸਗਲ ਸੰਸਾਰ ਹੀ ਬਿਨਾਸ ਹੈ ॥**

ਅਗ ਨਾਲ ਮਿਲਨ ਕਰ ਕੇ (ਕਾਠ) ਸਰੀਰ ਤੇ ਘਰ ਨੂੰ ਸੁਆਹ ਕਰ ਦੇਂਦਾ ਹੈ, ਸਜਨ ਤੇ ਦੁਸ਼ਮਨ (ਆਦਿਕ) ਸਾਰੇ ਸੰਸਾਰ ਦਾ ਹੀ ਨਾਸ ਕਰ ਦੇਂਦਾ ਹੈ।

**ਤੈਸੇ ਆਤਮਾ ਤ੍ਰਿਗੁਨ ਤ੍ਰਿਬਿਧਿ ਸਕਲ ਸਿਵ ਸਾਧ ਸੰਗ ਭੇਟਤ ਹੀ ਸਾਧ ਕਉ ਅਭਿਆਸ ਹੈ ॥ ੬੨੫ ॥**

ਉਸੇ ਤਰ੍ਹਾਂ ਆਤਮਾ ਕਲਿਆਣ ਸਰੂਪ ਹੈ, (ਪਰ) ਤਿੰਨ ਗੁਣਾਂ (ਦੇ ਨਾਲ ਮਿਲਕੇ) ਤਿੰਨ ਵਿਸਾਂ (ਰੂਪ ਹੋ ਕੇ ਪ੍ਰਤੀਤ ਹੁੰਦਾ ਹੈ ਅਤੇ) ਸਾਧ ਸੰਗ ਨਾਲ ਮਿਲਦਿਆਂ ਹੀ ਸਾਧ ਦੇ ਅਭਿਆਸ (ਕਰ ਕੇ) ਸੰਪੂਰਨ ਸ਼ਿਵ (ਸਰੂਪ ਹੋ ਜਾਂਦਾ ਹੈ) ॥ ੬੨੫ ॥

**ਕਵਨ ਅੰਜਨ ਕਰਿ ਲੋਚਨ ਬਿਲੋਕੀਅਤੁ ਕਵਨ ਕੁੰਡਲ ਕਰਿ ਸ੍ਰਵਨ ਸੁਨੀਜੀਐ ॥**

(ਅੰਜਨ=ਸੁਰਮਾ। ਲੋਚਨ=ਅਖਾਂ।)
(ਬਿਲੋਕੀਅਤ=ਵੇਖੀਦਾ ਹੈ। ਕੁੰਡਲ=ਵਾਲੇ)
(ਕੰਨਾਂ ਵਿਚ ਪਾਨ ਵਾਲਾ ਗਹਿਣਾ।)
(ਤੰਬੋਲ=ਪਾਨ ਦਾ ਬੀੜਾ। ਕੰਕਨ=ਕੜਾ।)
(ਕੁਸਮਹਾਰ=ਫੁਲਾਂ ਦੀ ਮਾਲਾ। ਉਰ=)
(ਗਲ। ਅੰਕਮਾਲ=ਜੱਫੀ।)

ਕੇਹੜੇ ਸੁਰਮੇ ਨੂੰ ਅਖਾਂ ਵਿਚ ਪਾਨ ਕਰਕੇ (ਸਵਾਮੀ ਨੂੰ) ਵੇਖ ਸਕੀਦਾ ਹੈ ਅਤੇ ਕੇਹੜੇ ਕੁੰਡਲ ਕਨਾਂ (ਵਿਚ ਪਾਨ) ਕਰ ਕੇ (ਸਵਾਮੀ ਦੇ ਬਚਨਾਂ ਨੂੰ) ਸੁਣੀਦਾ ਹੈ।

**ਕਵਨ ਤੰਬੋਲ ਕਰਿ ਰਸਨਾ ਸੁਜਸੁ ਰਸੈ ਕਉਨ ਕਰਿ ਕੰਕਨ ਨਮਸ਼ਕਾਰ ਕੀਜੀਐ ॥**

ਕੇਹੜੇ ਤੰਬੋਲ (ਨੂੰ ਖਾਣ) ਕਰ ਕੇ ਰਸਨਾ ਨਾਲ ਉਸਦੇ ਜਸ ਨੂੰ (ਰਸੈ) ਉਚਾਰੀਦਾ ਹੈ, ਅਤੇ ਕੇਹੜੇ ਕੜਿਆਂ ਨੂੰ ਹਥਾਂ ਵਿਚ (ਪਹਿਨ ਕਰ ਕੇ) ਨਮਸ਼ਕਾਰ ਕਰੀ ਜਾਂਦੀ ਹੈ।

**ਕਵਨ ਕੁਸਮ ਹਾਰ ਕਰਿ ਉਰਿ ਧਾਰੀਅਤੁ ਕਉਨ ਅੰਗੀਆ ਸੁ ਕਰ ਅੰਕਮਾਲ ਦੀਜੀਐ ॥**

ਕੇਹੜੇ ਫੂਲਾਂ ਦੇ ਹਾਰਾਂ ਕਰ ਕੇ (ਪਤੀ ਨੂੰ) ਹਿਰਦੇ ਵਿਚ ਲਾਈਦਾ ਹੈ ਅਤੇ ਉਹ ਕੇਹੜੀ ਅੰਗੀਆ ਪਾ ਕਰ ਕੇ ਉਸਨੂੰ ਜੱਫੀ ਪਾਈ ਜਾ ਸਕਦੀ ਹੈ।

**ਕਉਨ ਹੀਰ ਚੀਰ ਲਪਟਾਇਕੈ ਲਪੇਟ ਲੀਜੈ ਕਵਨ ਸੰਜੋਗ ਪ੍ਰਿਯਾ ਪ੍ਰੇਮ ਰਸੁ ਪੀਜੀਐ ॥ ੬੨੬ ॥**

ਉਹ ਕੇਹੜੇ ਹੀਰੇ ਤੇ ਕਪੜੇ (ਹਨ ਜਿਨਾਂ ਨੂੰ ਪੈਹਨ ਕਰਕੇ ਉਸ ਨੂੰ) ਲਪੇਟ ਵਿਚ ਲਪੇਟ ਲਈਦਾ ਹੈ (ਅਤੇ ਉਹ) ਕੇਹੜਾ ਸੰਜੋਗ (ਹੈ, ਜਿਸ ਕਰ ਕੇ) ਪਿਆਰੇ ਦੇ ਪਰੇਮ ਰਸ ਨੂੰ ਪੀ ਸਕੀਦਾ ਹੈ ॥ ੬੨੬ ॥

**ਗਵਰਿ ਮਹੇਸ ਅਉ ਗਨੇਸ ਸੇ ਸਹਸਰਸੁ ਪੂਜਾ ਕਰਿ ਬੇਨਤੀ ਬਖਾਨਿਓ ਹਿਤੁ ਚੀਤ ਹੁਇ ॥**

(ਗਵਰਿ=ਗੌਰੀ, ਪਾਰਬਤੀ । ਮਹੇਸ=)
(ਸ਼ਿਵਜੀ । ਸਹਸਰਸ=ਸੂਰਜ । ਹਿਤ=)
(ਪਰੇਮ । ਜੋਤਿਕ=ਜੋਤਸ਼ੀ । ਗ੍ਰਹ=ਨੌਂ ਗ੍ਰਹ ।)

ਹੇ ਗੌਰੀ (ਪਾਰਬਤੀ) ਸ਼ਿਵਜੀ, ਗਨੇਸ਼ ਅਤੇ ਸੂਰਜ ਅਗੇ ਪੂਜਾ ਕਰ ਕੇ ਚਿਤ ਦੇ ਹਿਤ ਵਾਲੀ ਹੋ ਕੇ (ਮੈਂ) ਬੇਨਤੀ ਅਰਜ ਕਰਦੀ ਹਾਂ।

**ਪੰਡਿਤ ਜੋਤਿਕ ਸੋਧਿ ਸਗੁਨ ਲਗਨ ਗ੍ਰਿਹਿ ਸੁਭ ਦਿਨ ਸਾਹਾ ਲਿਖ ਦੇਹੁ ਬੇਦ ਨੀਤ ਹੁਇ ॥**

ਹੇ ਪੰਡਿਤ ਜੋਤਸ਼ੀ ਸਗਨ ਲਗਨ ਸੋਧ ਦੇਵੋ, ਸੁਭ ਗਰੇਹ ਤੇ ਸੁਭ ਦਿਨ (ਵੇਖ ਕੇ) ਵੇਦ ਦੀ ਮਰਯਾਦਾ ਅਨੁਸਾਰ ਸਾਹਾ ਸੋਧ ਕੇ ਲਿਖ ਦੇਵੋ।

**ਸਗਲ ਕੁਟੰਬ ਸਖੀ ਮੰਗਲ ਗਾਵਹੁ ਮਿਲਿ ਚਾੜਹੁ ਤਿਲਕ ਤੇਲ ਮਾਥੈ ਰਸ ਰੀਤਿ ਹੁਇ ॥**

(ਹੇ ਮੇਰਾ) ਸਾਰਾ ਪਰਵਾਰ ਤੇ ਸਾਰੀਆਂ ਸਹੇਲੀਓ (ਤੁਸੀਂ ਸਾਰੀਆਂ) ਮਿਲ ਕੇ ਮੰਗਲ ਦੇ ਗੀਤ (ਸੁਹਾਗ) ਗਾਵੋ, (ਮੈਨੂੰ) ਤਲ ਚੜ੍ਹਾਓ (ਮੇਰੇ ਮਥੇ ਤੇ) ਤਿਲਕ ਲਾਵੋ (ਜੇਹੋ ਜੇਹੀ) ਰਸ ਰੀਤੀ ਹੈ।

**ਬੇਦੀ ਰਚਿ ਗਾਂਠ ਜੋਰ ਦੀਜੀਐ ਅਸੀਸ ਮੋਹਿ ਸਿਹਜਾ ਸੰਜੋਗ ਮੈ ਪ੍ਰਤੀਤ ਪ੍ਰੀਤਿ ਰੀਤਿ ਹੁਇ ॥ ੬੨੭ ॥**

ਵੇਦੀ ਬਣਾ ਕੇ, ਗੰਢ ਚਤ੍ਰਾਵਾ ਕਰ ਕੇ, ਮੈਨੂੰ ਅਸੀਸਾਂ ਦੇਵੋ, (ਕਿ) ਮੈਨੂੰ ਸੇਜਾ ਸੰਜੋਗ ਦੀ ਪ੍ਰੀਤ ਰੀਤਿ ਵਿਚ ਪ੍ਰਤੀਤ ਹੋ ਜਾਵੇ ॥ ੬੨੭ ॥

ਭਾਵ—ਇਕ ਵਿਆਹੁਣ ਜੋਗ ਹਿੰਦੂ ਲੜਕੀ ਦੇ ਰੂਪਕ ਵਿਚ ਜਗਯਾਸੂ ਦੀ ਦਸ਼ਾ ਦਾ ਵਰਨਣ ਕੀਤਾ ਹੈ ਤੇ ਮਹਾਂ ਪੁਰਸ਼ਾਂ ਅਗੇ ਬੇਨਤੀ ਤੇ ਤਰਲੇ ਕੀਤੇ ਹਨ, ਜੋ ਮੈਨੂੰ ਅਸੀਸਾਂ ਦੇਵੋ ਤਾਂ ਕਿ ਮੈਨੂੰ ਪਤੀ ਸੰਜੋਗ ਦੀ ਪ੍ਰੀਤਿ ਰੀਤਿ ਵਿਚ ਭਰੋਸਾ ਹੋਵੇ। ਲੋਕੀ ਆਖਦੇ ਹਨ ਪਰੇਮ ਵਿਚ ਨੇਮ ਨਹੀਂ ਜਿਥੇ ਨੇਮ ਨਹੀਂ ਉਥੇ ਪ੍ਰਤੀਤ ਤੇ ਭਰੋਸਾ ਭੀ ਨਹੀਂ ਰਹਿੰਦਾ ਪਰ ਗੁਰੂ ਘਰ ਦੀ ਮਰਯਾਦਾ ਦੇ ਰੋਸ਼ਨੀ ਮੀਨਾਰ ਭਾਈ ਸਾਹਿਬ ਜੀ ਮਹਾਂ ਪੁਰਸ਼ਾਂ ਤੋਂ ਏਹੋ ਦਾਨ ਮੰਗਦੇ ਹਨ ਕਿ ਮੈਨੂੰ ਪ੍ਰੀਤਿ ਰੀਤਿ ਵਿਚ ਪ੍ਰਤੀਤ ਹੋ ਜਾਵੇ।

**ਸੀਸ ਗੁਰ ਚਰਨ ਕਰਨ ਉਪਦੇਸ ਦੀਖਿਆ ਲੋਚਨ ਦਰਸ ਅਵਿਲੋਕ ਸੁਖ ਪਾਈਐ ॥**

(ਕਰਨ=ਕਨ । ਲੋਚਨ=ਅੱਖਾਂ । ਅਵਲੋਕ=)
(ਵੇਖ । ਹਸਤ=ਹਥ । ਦੀਖਆ=ਉਪਦੇਸ਼)
(ਗੁਰਮੰਤ੍ਰ । ਉਨਮਨ=ਉਨਮਨੀ । ਗਵਨ=)
(ਜਾਣ । ਰੇਨ=ਧੂੜੀ । ਮਜਨ=ਇਸ਼ਨਾਨ ।)

ਗੁਰ ਚਰਨਾਂ ਉਤੇ ਸਿਰ (ਰਖ ਕੇ) ਕੰਨਾਂ (ਨਾਲ ਗੁਰ) ਉਪਦੇਸ਼ ਤੇ ਗੁਰਮੰਤ੍ਰ (ਸੁਣ ਕੇ) ਅਖਾਂ ਨਾਲ (ਗੁਰ) ਦਰਸ਼ਨ ਨੂੰ ਵੇਖਕੇ (ਮਨ ਨੇ) ਸੁਖ ਪਾਇਆ ਹੈ।

**ਰਸਨਾ ਸਬਦ ਗੁਰ ਹਸਤ ਸੇਵਾ ਡੰਡੌਤ ਰਿਦੈ ਗੁਰ ਗਿਆਨ ਉਨਮਨ ਲਿਵ ਲਾਈਐ ॥**

ਜੀਭ ਨਾਲ ਗੁਰਬਾਣੀ (ਪੜਦਿਆਂ ਤੇ ਗਾਉਂਦਿਆਂ) ਹਥਾਂ ਨਾਲ ਸੇਵਾ ਤੇ ਡੰਡੋਤਾਂ (ਕਰਦਿਆਂ) ਹਿਰਦੇ ਵਿਚ ਗੁਰ ਗਿਆਨ (ਨੂੰ ਵਸਾ ਕੇ) ਉਨਮਨੀ ਵਿਚ ਲਿਵ ਲਾਈ ਹੈ।

**ਚਰਨ ਗਵਨ ਸਾਧ ਸੰਗਤਿ ਪਰਕ੍ਰਮਾ ਲਉ ਦਾਸਨ ਦਾਸਾਨ ਮਤਿ ਨਿੰਮ੍ਰਤਾ ਸਮਾਈਐ ॥**

ਪੈਰਾਂ ਨਾਲ ਸਾਧ ਸੰਗਤ ਵਿਚ ਜਾਣਾ ਤੇ ਪਰਕਰਮਾ ਕਰਨ ਲਈ ਜਾਣਾ, (ਗੁਰੂ ਜੀ ਦੇ) ਦਾਸਾਂ ਦਾ ਦਾਸ (ਹੋ ਜਾਣ ਕਰ ਕੇ) ਬੁਧੀ ਨਿਮ੍ਰਤਾ ਵਿਚ ਸਮਾਈ (ਕਰ ਗਈ) ਹੈ।

**ਸੀਤੁ ਰੇਨੁ ਮਜਨੁ ਭਗਤਿ ਭਾਉ ਭੋਜਨ ਦੈ ਸ੍ਰੀ ਗੁਰ ਕ੍ਰਿਪਾ ਕੈ ਪ੍ਰੇਮ ਪੁੰਜ ਪ੍ਰਗਟਾਈਐ ॥ ੬੨੯ ॥**

ਸੰਤਾਂ (ਦੀ ਚਰਨ) ਧੂੜੀ ਵਿਚ ਇਸ਼ਨਾਨ ਕਰਾਂ ਪਰੇਮਾ ਭਗਤੀ ਦਾ ਭੋਜਨ ਬਖਸ਼ੋ, ਸ੍ਰੀ ਗੁਰੂ (ਮਹਾਰਾਜ ਜੀ) ਕਿਰਪਾ ਕਰ ਕੇ (ਮੇਰੇ ਪਰੇਮ ਦੀ ਪੈਜ ਨੂੰ ਪ੍ਰਗਟਾ ਲਵੋ (ਭਾਵ ਰੌਸ਼ਨ ਕਰ ਦਿਓ)।

**ਜੈਸੇ ਮੇਘ ਬਰਖਾ ਸਰਬਤ੍ਰ ਬਰਖੈ ਸਮਾਨ ਊਚੇ ਤਜ ਨੀਚੇ ਥਲ ਗਵਨ ਕੈ ਜਾਤਿ ਹੈ ॥**

(ਸ੍ਰਬਤ੍ਰ = ਸਭ ਜਗਾ ਤੇ। ਗਵਨ = ਚਲਣਾ)
(ਜਾਣਾ, ਵਗਣਾ। ਬਿਗਸਾਤ = ਖੁਸ਼ ਹੁੰਦੇ।)
(ਸਿੰਘਾਸਣ = ਤਖਤ, ਰਾਜ ਗਦੀ। ਦਰਬ = )
(ਧਨ, ਦੌਲਤ। ਅਸਨ ਬਸਨ = ਅੰਨ ਬਸਤ੍ਰ।)
(ਜੁਗਾਤ = ਦਸਵੰਧ।)

ਜਿਵੇਂ ਬਦਲ ਸਭਨਾਂ ਜਗ੍ਹਾਂ ਤੇ ਇਕ ਸਮਾਨ ਮੀਂਹ ਵਸਾਉਂਦਾ ਹੈ, (ਪਰ ਮੀਂਹ ਦਾ ਪਾਣੀ) ਉਚੀ ਜਗ੍ਹਾਂ ਨੂੰ ਤਿਆਗ ਕੇ ਨੀਵੇਂ ਥਾਂ ਵਲ ਗਮਨ ਕਰ (ਵਗ) ਜਾਂਦਾ ਹੈ।

**ਤੀਰਥ ਪਰਬ ਜੈਸੇ ਜਾਤਿ ਹੈ ਜਗਤ ਚਲਿ ਜਾਤ੍ਰਾ ਹੇਤੁ ਦੇਤੁ ਦਾਨ ਅਤਿ ਬਿਗਸਾਤਿ ਹੈ ॥**

ਜਿਸ ਤਰ੍ਹਾਂ ਪਰਬ (ਦੇ ਸਮੇਂ) ਤੀਰਥ (ਇਸ਼ਨਾਨ ਲਈ) ਜਗਤ ਚਲ ਕੇ ਜਾਂਦਾ ਹੈ ਅਤੇ ਯਾਤਰਾ (ਸਫਲ ਕਰਨ) ਵਾਸਤੇ (ਯਾਤਰੂ) ਦਾਨ ਦੇਂਦਾ ਹੈ ਤੇ ਬੜਾ ਖੁਸ਼ ਹੁੰਦਾ ਹੈ।

**ਜੈਸੇ ਨ੍ਰਿਪ ਸੋਭਤ ਹੈ ਬੈਠਿਓ ਸਿੰਘਾਸਨ ਪੈ ਚਹੂੰ ਓਰ ਦੇ ਦਰਬ ਆਵੈ ਦਿਨ ਰਾਤਿ ਹੈ ॥**

ਜਿਸ ਤਰ੍ਹਾਂ ਰਾਜਾ ਰਾਜ ਗਦੀ ਉਤੇ ਬੈਠਾ ਹੋਇਆ ਸੋਭਾ ਪਾਂਦਾ ਹੈ (ਤਾਂ ਉਸ ਦੀ ਨਜ਼ਰ ਭੇਟ ਰੂਪ) ਧਨ ਚੌਹਾ ਪਾਸਿਆਂ ਤੋਂ ਦਿਨੇ ਰਾਤ ਚਲਿਆ ਆਉਂਦਾ ਹੈ।

**ਤੈਸੇ ਨਿਹਕਾਮ ਧਾਮ ਸਾਧ ਹੈ ਸੰਸਾਰ ਬਿਖੈ ਅਸਨ ਬਸਨ ਚਲਿ ਆਵਤ ਜੁਗਾਤਿ ਹੈ ॥ ੬੨੯ ॥**

ਇਸੇ ਤਰ੍ਹਾਂ ਸੰਸਾਰ ਵਿਚ ਕਾਮਨਾ ਤੋਂ ਰਹਿਤ ਸਥਾਨ ਸਾਧ (ਸੰਗਤਿ) ਹੈ, (ਜਿਥੇ) ਅੰਨ-ਬਸਤਰ ਤੇ ਦਸਵੰਧ (ਦਾ ਧਨ ਪਦਾਰਥ ਆਪਣੇ ਆਪ) ਤੁਰਿਆ ਆਉਂਦਾ ਹੈ ॥ ੬੨੯ ॥

ਭਾਵ—ਸਾਧ ਸੰਗਤ ਨੂੰ ਕੋਈ ਕਾਮਨਾ ਨਹੀਂ, ਕਿਸੇ ਪਦਾਰਥ ਦੀ ਲੋੜ ਨਹੀਂ, ਪਰ ਉਥੇ ਹਰੇਕ ਤਰ੍ਹਾਂ ਦਾ ਧਨ ਪਦਾਰਥ ਆਪਣੇ ਆਪ ਤੁਰਿਆ ਆਉਂਦਾ ਹੈ, ਸਾਧ ਸੰਗਤ ਭੀ ਬਦਲ ਰੂਪ ਹੋ ਕੇ ਆਏ ਧਨ ਪਦਾਰਥ ਨੂੰ ਸਫਲਾ ਕਰੀ ਜਾਂਦੀ ਹੈ।

**ਜੈਸੇ ਬਾਨ ਧਨੁਖ ਸਹਿਤ ਹੁਇ ਨਿਜ ਬਸੁ ਛੂਟਤਿ ਨ ਆਵੈ ਫੁਨਿ ਜਤਨ ਸੈ ਹਾਥ ਜੀ ॥**

(ਬਾਘ = ਸ਼ੇਰ। ਬੰਦਸਾਲਾ = ਕੈਦਖਾਨਾ)
(ਪਿੰਜਰਾ। ਦਾਵਾਨਲ = ਜੰਗਲ ਦੀ ਅੱਗ।)
(ਦੁਰਾਏ = ਲੁਕਾਉਣ ਨਾਲ। ਦੁਰੈ = )

(ਲੁਕਦੀ । ਗੁਨ ਗਾਥ=ਵੀਚਾਰ ਰੂਪ ਕਥਾ ।)

ਜਿਸ ਤਰ੍ਹਾਂ ਤੀਰ (ਜਿੰਨਾ ਚਿਰ) ਧਨੁਖ ਦੇ ਸਹਿਤ (ਭਾਵ ਧਨੁਖ ਦੇ ਵਿਚ) ਹੁੰਦਾ ਹੈ, (ਤਦ ਤਕ) ਆਪਣੇ ਵਸ ਵਿਚ ਹੈ, ਛੁਟ ਜਾਣ ਮਗਰੋਂ ਫਿਰ ਜਤਨ ਨਾਲ ਭੀ ਹਥ ਨਹੀਂ ਆਉਂਦਾ ਹੈ ।

**ਜੈਸੇ ਬਾਘ ਬੰਦਸਾਲਾ ਬਿਖੈ ਬਾਧਿਓ ਰਹੈ ਪੁਨਿ ਖੁਲੇ ਤਉ ਨ ਆਵੈ ਬਸਿ ਬਸਹਿ ਨ ਸਾਥ ਜੀ ॥**

ਜਿਸ ਤਰ੍ਹਾਂ ਸ਼ੇਰ ਪਿੰਜਰੇ ਵਿਚ ਕਾਬੂ ਰਹਿੰਦਾ ਹੈ, (ਪਰ) ਖੁਲ ਜਾਏ ਤਾਂ ਫਿਰ ਕਾਬੂ ਨਹੀਂ ਆਉਂਦਾ (ਅਤੇ ਇਕ ਵੇਰੀ ਬੇਵਸਾ ਹੋਯਾ) ਫੇਰ (ਕਦੇ ਭੀ) ਸਾਥ ਨਹੀਂ ਵਸਦਾ ਹੈ ।

**ਜੈਸੇ ਦੀਪ ਦਿਪਤ ਨ ਜਾਨੀਐ ਭਵਨ ਬਿਖੈ ਦਾਵਾਨਲ ਭਏ ਨ ਦੁਰਾਏ ਦੁਰੈ ਨਾਥ ਜੀ ॥**

ਜਿਸ ਤਰ੍ਹਾਂ ਘਰ ਦੇ ਵਿਚ ਦੀਵਾ ਜਗਦਾ ਹੋਇਆ ਜਾਣਿਆ ਨਹੀਂ ਜਾਂਦਾ ਹੈ, (ਪਰ ਜੇ ਦੀਵੇ ਤੋਂ ਅਗ ਲਗ ਜਾਏ ਤਾਂ) ਦਾਵਾਨਲ ਹੋ ਜਾਂਦੀ ਹੈ, ਹੇ ਸਵਾਮੀ ਜੀ ! (ਫਿਰ ਉਹ) ਲੁਕਾਇਆਂ ਭੀ ਲੁਕਦੀ ਨਹੀਂ ਹੈ ।

**ਤੈਸੇ ਮੁਖ ਮਧ ਬਾਨੀ ਬਸਤ ਨ ਕੋਊ ਲਖੈ ਬੋਲੀਐ ਬੀਚਾਰ ਗੁਰਮਤਿ ਗੁਨ ਗਾਥ ਜੀ ॥ ੬੩੦ ॥**

ਉਸੇ ਤਰ੍ਹਾਂ ਮੂੰਹ ਵਿਚ ਵਸਦੀ ਹੋਈ ਬਾਨੀ ਨੂੰ ਕੋਈ ਨਹੀਂ ਜਾਣਦਾ ਹੈ, (ਜੇ) ਬੋਲੀਏ (ਤਾਂ ਫਿਰ ਉਹ ਵਾਪਸ ਨਹੀਂ ਆਉਂਦੀ ਹੈ, ਇਸ ਲਈ) ਵੀਚਾਰ ਕੇ ਬੋਲਣਾ ਚਾਹੀਦਾ ਹੈ, ਅਤੇ ਗੁਰਮਤ ਦੇ ਗੁਣਾਂ ਦੀ ਗਾਥ (ਵੀਚਾਰ ਰੂਪ ਕਥਾ) (ਕਰਨੀ ਚਾਹੀਦੀ ਹੈ) ॥ ੬੩੦ ॥

ਭਾਵ—ਸਮਝੇ ਸੋਚੇ ਤੋਂ ਬਿਨਾਂ ਕੋਈ ਗਲ ਮੂੰਹ ਨਾ ਕਢੋ, ਕਿਉਂਕਿ ਮੂੰਹ ਵਿਚਲੀ ਗਲ ਤੁਹਾਡੀ ਹੈ, ਕਹਾਵਤ ਹੈ "ਤੂੰ ਮੈਨੂੰ ਮੂੰਹੋਂ ਕਢ ਮੈਂ ਤੈਨੂੰ ਸ਼ਹਿਰੋਂ ਕਢਾਂਗੀ" ਇਸ ਲਈ ਕਿ ਮੂੰਹੋਂ ਕਢੀ ਗਲ ਆਪਣੀ ਨਹੀਂ ਹੈ, ਸਗੋਂ ਆਪਣੀ ਦੁਸ਼ਮਣ ਹੋ ਜਾਂਦੀ ਹੈ, ਤਾਂਤੇ 'ਜਾਂ ਬੋਲਹੁ ਤਾਂ ਬ੍ਰਹਮ ਗਿਆਨ' ।

**ਜੈਸੇ ਮਾਲਾ ਮੇਰੁ ਪੋਈਅਤੁ ਸਭ ਊਪਰ ਕੈ ਸਿਮਰਨ ਸੰਖਿਆ ਮੈ ਨ ਆਵਤ ਬਡਾਈ ਕੈ ॥**

(ਮੇਰੂ=ਮਾਲਾ ਦਾ ਚੋਟੀ ਦਾ ਮਾਲਾ, ਜਿਸ)
(ਵਿਚ ਧਾਗੇ ਦੇ ਦੋਵੇਂ ਸਿਰੇ ਪਰੋਏ)
(ਹੁੰਦੇ ਹਨ । ਸੇਬਲ=ਸਿੰਬਲ । ਅਧਿਕਾਈ)
(ਕੈ=ਉਚਤਾ ਕਰ ਕੇ । ਚੀਲ=ਇਲ ।)
(ਹੇਰੈ=ਵੇਖਦੀ ਹੈ । ਮ੍ਰਿਤ ਪਿੰਜਰਨ=)
(ਮੁਰਦਾ ਕਰੰਗਾਂ ਨੂੰ । )

ਜਿਸ ਤਰ੍ਹਾਂ ਮਾਲਾ ਦਾ ਸੁਮੇਰ(ਮਣਕਾ) ਸਭ ਤੋਂ ਉਤੇ ਕਰ ਕੇ ਪਰਤਾ ਜਾਂਦਾ ਹੈ, (ਪਰ) ਸਿਮਰਨ ਦੀ ਗਿਣਤੀ ਵਾਲੇ (ਮਣਕਿਆਂ) ਵਿਚ (ਉਸਦੀ ਗਿਣਤੀ) ਨਹੀਂ ਆਉਂਦੀ ਹੈ, (ਤਾਂਤੇ ਉਸ ਦਾ) ਵਡਾ ਹੋਣਾ ਕਿਸ ਕੰਮ ਹੈ ?

**ਜੈਸੇ ਬਿਰਖਨ ਬਿਖੈ ਪੇਖੀਐ ਸੇਬਲ ਊਚੋ ਨਿਹਫਲ ਭਇਓ ਸੋਊ ਅਤਿ ਅਧਿਕਾਈ ਕੈ ॥**

ਜਿਸ ਤਰ੍ਹਾਂ ਦਰਖਤਾਂ ਵਿਚ ਸਿੰਬਲ (ਦਰਖਤ ਨੂੰ ਸਭ ਤੋਂ) ਉਚਾ (ਤੇ ਵਡਾ) ਵੇਖੀਦਾ ਹੈ, (ਪਰ) ਉਹ ਬਹੁਤ ਅਧਿਕਤਾ (ਉਚਤਾ) ਕਰ ਕੇ ਫਲ ਤੋਂ ਹੀਣਾ ਹੋ ਗਿਆ ਹੈ ।

**ਜੈਸੇ ਚੀਲ ਪੰਛਿਨ ਮੈ ਉਡਤ ਅਕਾਸਚਾਰੀ ਹੇਰੈ ਮ੍ਰਿਤ ਪਿੰਜਰਨ ਊਚੇ ਮਤੁ ਪਾਈ ਕੈ ॥**

ਜਿਸ ਤਰ੍ਹਾਂ ਸਭਨਾਂ ਪੰਛੀਆਂ ਨਾਲੋਂ ਇਲ ਬਹੁਤ ਉਚਾ ਉਡਕੇ ਅਕਾਸ ਵਿਚ ਫਿਰਦੀ ਹੈ, (ਪਰ ਉਚੇ ਉਡ ਕੇ) ਮੁਰਦਿਆਂ ਦੇ ਕਰੰਗ ਵੇਖਦੀ ਹੈ, (ਤਾਂ ਉਸਦੀ ਉਚਤਾ ਦੀ)ਮਤ ਪਾਈ ਕਿਸ ਕੰਮ ਹੈ ?

**ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ ਗੁਰ ਉਪਦੇਸ ਬਿਨਾਂ ਧ੍ਰਿਗ ਚਤੁਰਾਈ ਕੈ ॥ ੬੩੧ ॥**

ਉਸੇ ਤਰ੍ਹਾਂ (ਉਸਦਾ) (ਗੁਰ ਸ਼ਬਦਾਂ ਦਾ) ਗਾਉਣਾ (ਤੇ ਸ਼ਬਦ ਕੀਰਤਨ ਨਾਲ ਵਾਜੇ ਦਾ) ਵਜਾਉਣਾ (ਜਾਂ ਲੋਕਾਂ ਨੂੰ ਕਥਾ ਉਪਦੇਸ਼ ਜਾਂ ਵਯਾਖਯਾਨ ਦਾ) ਸੁਣਾਉਣਾ ਕੁਝ ਭੀ ਨਹੀਂ ਹੈ, (ਜੋ) ਗੁਰ ਉਪਦੇਸ਼ ਤੋਂ ਬਿਨਾਂ (ਹੈ, ਉਸਦੀ ਸਭ ਤਰ੍ਹਾਂ ਦੀ) ਚਤੁਰਾਈ ਨੂੰ ਧ੍ਰਿਗ ਹੈ ॥ ੬੩੧ ॥

ਭਾਵ--ਸ਼ਬਦ ਕੀਰਤਨ ਕਰਨ ਆਦਿਕ ਉਸੇ ਨੂੰ ਫਲ ਦਾਤਾ ਹੁੰਦੇ ਹਨ, ਜੋ ਗੁਰ ਉਪਦੇਸ਼ ਲੈ ਕੇ ਪੂਰਨ ਰੀਤੀ ਅਨੁਸਾਰ ਗੁਰ ਸਿਖ ਹੋਇਆ ਹੈ।

**ਜੈਸੇ ਪਾਂਚੋਂ ਤਤੁ ਬਿਖੈ ਬਸੁਧਾ ਨਵਨ ਮਨ ਤਾਮੈ ਉਤਪਤ ਹੁਇ ਸਮਾਤ ਸਭ ਤਾਹੀ ਮੈ ॥**

(ਨਵਨ ਮਨ=ਨੀਵੇਂ ਮਨ ਵਾਲੀ,) (ਅਤਯੰਤ ਨੀਵੀਂ । ਕਨੂੰਗ੍ਰੀਆਂ=ਛੋਟੀ) (ਉਂਗਲੀ, ਚੀਚੀ ਉਂਗਲੀ । ਹੀਰ=) (ਮੋਤੀ । ਚੀਰ=ਕਪੜਾ, ਰੇਸ਼ਮੀ ਕਪੜਾ ।) ( ਮਧੁ=ਸ਼ਹਿਦ। ਸੂਖਮ=ਛੋਟੀ। )

ਜਿਸ ਤਰ੍ਹਾਂ ਪੰਜਾਂ ਤੱਤਾਂ ਵਿਚੋਂ ਧਰਤੀ ਸਭ ਤੋਂ ਨੀਵੀਂ (ਹੋਈ ਹੈ, ਤਦੇ ਹੀ) ਉਸ ਵਿਚੋਂ ਪੈਦਾ ਹੁੰਦੇ ਹਨ ਅਤੇ ਸਾਰੇ ਉਸੇ ਦੇ ਵਿਚ ਸਮਾ ਜਾਂਦੇ ਹਨ।

**ਜੈਸੇ ਪਾਂਚੋਂ ਆਂਗੁਰੀ ਮੈ ਸੂਖਮ ਕਨੂੰਗ੍ਰੀਆ ਹੈ ਕੰਚਨ ਖਚਤ ਨਗ ਸੋਭਤ ਹੈ ਵਾਹੀ ਮੈ ॥**

ਜਿਸ ਤਰ੍ਹਾਂ ਪੰਜਾਂ ਉਂਗਲੀਆਂ ਵਿਚੋਂ ਚੀਚੀ ਉਂਗਲ (ਸਭ ਤੋਂ) ਛੋਟੀ ਹੈ, (ਤਦੇ ਹੀ) ਨਗ ਜੜੇ ਹੋਏ ਵਾਲੀ ਸੋਨੇ (ਦੀ ਮੁੰਦਰੀ) ਉਸ ਵਿਚ ਸੋਂਭਦੀ ਹੈ।

**ਜੈਸੇ ਨੀਚ ਜੋਨਿ ਗਨੀਅਤ ਅਤਿ ਮਾਖੀ ਕ੍ਰਿਮ ਹੀਰ ਚੀਰ ਮਧੁ ਉਪਜਤ ਸੁਖ ਜਾਹੀ ਮੈ ॥**

ਜਿਸ ਤਰ੍ਹਾਂ ਮਖੀ ਤੇ ਕੀੜਾ ਅਤਿਅੰਤ ਨੀਚ ਜੋਨੀ ਗਿਣੀ ਜਾਂਦੀ ਹੈ, (ਸਿਪ ਦੇ) ਕੀੜੇ ਤੋਂ ਮੋਤੀ (ਪਟ ਦੇ ਕੀੜੇ ਤੋਂ ਰੇਸ਼ਮੀ) ਕਪੜਾ ਤੇ ਮਖੀ ਤੋਂ ਸ਼ਹਿਦ ਪੈਦਾ ਹੁੰਦਾ ਹੈ, (ਜਿਨਾਂ ਤੋਂ ਸਭਨਾਂ ਨੂੰ) ਸੁਖ (ਪ੍ਰਾਪਤ ਹੁੰਦਾ ਹੈ।

**ਤੈਸੇ ਰਵਿਦਾਸ ਨਾਮਾ ਬਿਦਰ ਕਬੀਰ ਭਏ ਹੀਨ ਜਾਤਿ ਊਚ ਪਦ ਪਾਏ ਸਭ ਕਾਹੀ ਮੈ ॥ ੬੩੨ ॥**

ਇਸੇ ਤਰ੍ਹਾਂ ਰਵਿਦਾਸ (ਚਮਾਰ) ਨਾਮਦੇਵ (ਛੀਂਬਾ) ਬਿਦਰ (ਦਾਸੀ ਦਾ ਪੁਤਰ ਤ) ਕਬੀਰ (ਜੁਲਾਹਾ) ਹੋਏ ਹਨ। (ਇਹ ਸਾਰੇ) ਹੀਨ ਜਾਤੀ (ਦੇ ਹੋ ਕੇ ਪਰੇਮਾ ਭਗਤੀ ਕਰ ਕੇ) ਉਚਾ ਪਦ ਪਾ ਲਿਆ ਸੀ ਸਭ ਕਿਸੇ ਵਿਚ (ਇਹਨਾਂ ਦੀ) ਨੀਚ ਜਾਤਿ ਤੇ ਉੱਚ ਪਦ (ਦੀ ਪ੍ਰਾਪਤੀ ਪ੍ਰਗਟ ਹੈ) ॥ ੬੩੨ ॥

ਭਾਵ—ਜਾਤਿ ਦੀ ਊਚ-ਨੀਚਤਾ ਪ੍ਰਭੂ ਪਰਾਪਤੀ ਦਾ ਹੇਤੂ ਨਹੀਂ ਹੈ, ਕੇਵਲ ਨਾਮ ਸਿਮਰਨ ਤੇ ਪਰੇਮਾ ਭਗਤੀ ਹੀ ਪ੍ਰਭੂ ਨੂੰ ਮਿਲਾਉਂਦੀ ਹੈ।

**ਜੈਸੇ ਰੋਗ ਰੋਗੀ ਕੋ ਦਿਖਾਈਐ ਨ ਬੈਦ ਪ੍ਰਤਿ ਬਿਨੁ ਉਪਚਾਰ ਛਿਨੁ ਛਿਨੁ ਹੁਇ ਅਸਾਧ ਜੀ ॥**

(ਉਪਚਾਰ=ਇਲਾਜ । ਅਸਾਧ=ਲਾ) (ਇਲਾਜ । ਰਿਨ=ਕਰਜਾ । ਅਦਿਆਉ=) (ਨਾ ਦੇਣਾ । ਬਿਆਧ=ਬਿਪਤਾ, ਰੋਗ,) (ਦੁਖ । ਸਾਸਨਾ=ਤਾੜਨਾ । ਸੰਗ੍ਰਾਮ=) (ਜੁਧ ਲੜਾਈ । ਉਪਾਧਿ=ਬਖੇੜਾ, ( ਝਗੜਾ। ਅਪਰਾਧ=ਪਾਪ ਗੁਨਾਹ। )

ਜਿਸ ਤਰ੍ਹਾਂ ਰੋਗੀ ਪੁਰਸ਼ ਦਾ ਰੋਗ ਵੈਦ ਨੂੰ ਨਾ ਦਿਖਾਈਏ (ਤਾਂ) ਇਲਾਜ ਤੋਂ ਬਿਨਾਂ (ਹੋਣ ਕਰ ਕੇ ਰੋਗ) ਛਿਨ ਛਿਨ ਵਿਚ ਅਸਾਧ ਹੁੰਦਾ ਜਾਂਦਾ ਹੈ।

**ਜੈਸੇ ਰਿਨ ਦਿਨ ਦਿਨ ਉਦਮ ਅਦਿਆਉ ਬਿਨੁ ਮੂਲ ਅਉ ਬਿਆਜ**

**ਬਢੈ ਉਪਜੈ ਬਿਆਧ ਜੀ ॥**

ਜਿਸ ਤਰ੍ਹਾਂ ਕਰਜ਼ਾ ਉਤਾਰਨ ਦੇ ਉਦਮ ਤੋਂ ਬਿਨਾਂ (ਹੋਣ ਕਰ ਕੇ) ਦਿਨੋਂ ਦਿਨ ਮੂਲ ਤੇ ਵਿਆਜ ਵਧਦਾ ਜਾਂਦਾ ਹੈ, (ਜਿਸ ਕਰ ਕੇ ਮਗਰੋਂ) ਦੁਖ ਪੈਦਾ ਹੋ ਜਾਂਦਾ ਹੈ (ਅਰਥਾਤ ਕਰਜ਼ਾ ਉਤਾਰਨ ਦਾ ਜਤਨ ਨਾ ਕੀਤਾ ਜਾਏ ਤਾਂ ਵਿਆਜ ਰਲ ਕੇ ਮੂਲ ਵਧ ਜਾਏਗਾ ਤੇ ਮੂਲ ਵਧਣ ਕਰ ਕੇ ਵਿਆਜ ਵਧ ਜਾਂਦਾ ਹੈ)।

**ਜੈਸੇ ਸਤ੍ਰ ਸਾਸਨਾ ਸੰਗ੍ਰਾਮ ਕਰਿ ਸਾਧੇ ਬਿਨੁ ਪਲ ਪਲ ਪ੍ਰਬਲ ਹੁਇ ਕਰਤ ਉਪਾਧ ਜੀ ॥**

ਜਿਸ ਤਰ੍ਹਾਂ ਵੈਰੀ ਨੂੰ ਤਾੜਨਾ ਨਾ ਕੀਤੀ ਜਾਏ ਤੇ ਜੁਧ ਕਰ ਕੇ ਉਸ ਨੂੰ ਸਾਧਿਆ ਨਾ ਜਾਏ ਤਾਂ ਵੈਰੀ ਪਲ ਪਲ ਵਿਚ ਬਲਵਾਨ ਹੁੰਦਾ ਜਾਂਦਾ ਹੈ (ਅਤੇ ਅੰਤ ਨੂੰ) ਬਖੇੜਾ ਖੜਾ ਕਰ ਦੇਂਦਾ ਹੈ।

**ਜਿਉਂ ਜਿਉਂ ਭੀਜੈ ਕਾਮਰੀ ਤਿਉਂ ਤਿਉਂ ਭਾਰੀ ਹੋਤ ਜਾਤ ਬਿਨੁ ਸਤਿਗੁਰ ਉਰਿ ਬਸੈ ਅਪਰਾਧ ਜੀ ॥ ੬੩੩ ॥**

(ਜਿਸ ਤਰ੍ਹਾਂ) ਜਿਉਂ ਜਿਉਂ ਕੰਬਲੀ ਭਿਜਦੀ ਹੈ, ਤਿਉਂ ਤਿਉਂ ਭਾਰੀ ਹੁੰਦੀ ਜਾਂਦੀ ਹੈ, (ਇਸੇ ਤਰ੍ਹਾਂ) ਹਿਰਦੇ ਵਿਚ (ਜੋ) ਅਧਰਾਧ ਵਸਦਾ ਹੈ, ਸਤਿਗੁਰੂ (ਨੂੰ ਮਿਲੇ ਤੋਂ) ਬਿਨਾਂ (ਉਹ ਖਿਨ ਖਿਨ ਵਿਚ ਵਧਦਾ ਜਾਂਦਾ ਹੈ) ॥ ੬੩੩ ॥

ਭਾਵ—ਪਾਪ ਰੋਗ ਦਾ ਇਲਾਜ ਕਰਨ ਵਾਲਾ ਵੈਦ ਸਤਿਗੁਰੂ ਹੈ, ਸਤਿਗੁਰੂ ਨੂੰ ਧਾਰਨ ਕੀਤੇ ਤੋਂ ਬਿਨਾਂ ਪਾਪ ਵਧਦਾ ਹੈ।

**ਜੈਸੇ ਕੇਲਾ ਬਸਤ ਬਬੂਰ ਕੈ ਨਿਕਟ ਤਾਹਿ ਸਾਲਤ ਹੈ ਸੂਰੈ ਆਪਾ ਸਕੈ ਨ ਬਚਾਇ ਜੀ ॥**

(ਬਬੂਰ=ਕਿੱਕਰ । ਸਾਲਤ=ਸੱਲ)
(ਪਾਂਦੀਆਂ, ਛੇਕੇ ਛੇਕ ਕਰਦੀਆਂ ।)
(ਸੂਰੈ=ਸੂਲਾਂ, ਕੰਡੇ । ਬਿਲਾਈ=ਬਿਲੀ ।)
(ਬਨਛੀ=ਬਾਂਸ ਦੀ ਸੋਟੀ, ਜਿਸਦੇ ਸਿਰੇ)
(ਤੇ ਡੋਰੀ ਤੇ ਡੋਰੀ ਨਾਲ ਕੁੰਡੀ ਬੱਧੀ)
(ਹੁੰਦੀ ਹੈ ਜਿਸ ਨਾਲ ਮਾਸ ਲਾ ਕੇ ਪਾਣੀ)
(ਵਿਚ ਸੁਟ ਕੇ ਮਛੀ ਫੜਦੇ ਹਨ। )

ਜਿਸ ਤਰ੍ਹਾਂ (ਜੋ) ਕੇਲਾ ਕਿੱਕਰ ਦੇ ਨੇੜੇ ਵਸਦਾ ਹੈ, ਉਸਨੂੰ ਸੂਲਾਂ ਵਲ ਦੇਂਦੀਆਂ ਹਨ, (ਕੇਲਾ ਸੂਲਾਂ ਤੋਂ) ਆਪ ਨੂੰ ਬਚਾ ਨਹੀਂ ਸਕਦਾ (ਤੇ ਅੰਤ ਨੂੰ ਨਾਸ ਹੋ ਜਾਂਦਾ ਹੈ)।

**ਜੈਸੇ ਪਿੰਜਰੀ ਮੈ ਸੂਆ ਪੜਤ ਗਾਥਾ ਅਨੇਕ ਦਿਨ ਪ੍ਰਤਿ ਹੇਰਤਿ ਬਿਲਾਈ ਅੰਤਿ ਖਾਇ ਜੀ ॥**

ਜਿਸ ਤਰ੍ਹਾਂ ਪਿੰਜਰੇ ਵਿਚ ਬੈਠਾ ਤੋਤਾ ਅਨੇਕਾਂ ਕਥਾ ਪ੍ਰਸੰਗ ਪੜ੍ਹਦਾ ਹੈ, ਰੋਜ ਦਾ ਰੋਜ ਬਿਲੀ (ਉਸ ਨੂੰ) ਵੇਖਦੀ ਹੈ (ਅਤੇ ਮੌਕਾ ਪਾ ਕੇ) ਅੰਤ ਵੇਲ (ਉਸ ਨੂੰ) ਖਾ ਹੀ ਲੈਂਦੀ ਹੈ।

**ਜੈਸੇ ਜਲ ਅੰਤਰ ਮੁਦਤ ਮਨ ਹੋਤ ਮੀਨ ਮਾਸ ਲਪਟਾਇ ਲੇਤ ਬਨਛੀ ਲਗਾਇ ਜੀ ॥**

ਜਿਸ ਤਰ੍ਹਾਂ ਪਾਣੀ ਅੰਦਰ ਮਛੀ ਪ੍ਰਸੰਨ ਮਨ (ਫਿਰਦੀ ਰਹਿੰਦੀ ਹੈ, ਪਰ ਸ਼ਿਕਾਰੀ) ਬੰਸੀ ਨਾਲ ਮਾਸ ਦਮੋੜ ਕੇ (ਉਸਨੂੰ ਪਾਣੀ) ਵਿਚ ਸੁਟਕੇ ਮਛੀ ਨੂੰ ਫੜ ਲੈਂਦਾ ਹੈ।

**ਬਿਨੁ ਸਤਿਗੁਰ ਸਾਧ ਮਿਲਤ ਅਸਾਧ ਸੰਗਿ ਅੰਗ ਅੰਗ ਦੁਰਮਤਿ ਗਤਿ ਪ੍ਰਗਟਾਇ ਜੀ ॥ ੬੩੪ ॥**

(ਇਸੇ ਤਰ੍ਹਾਂ) ਸਾਧੂ ਸਤਿਗੁਰੂ ਤੋਂ ਬਿਨਾਂ ਅਸਾਧਾਂ ਦੇ ਸੰਗ ਵਿਚ ਮਿਲਦਾ ਹੈ (ਤਾਂ ਉਨਾਂ ਦੀ) ਖੋਟੀ ਮਤ ਕਰ ਕੇ (ਸਾਧੂ ਦੇ) ਅੰਗ ਅੰਗ ਵਿਚ ਬੁਰੀ ਗਤੀ ਪਰਗਟ ਹੋ ਆਉਂਦੀ ਹੈ ॥ ੬੩੪ ॥

**ਕੋਟਿ ਪਰਕਾਰ ਨਾਰਿ ਸਾਜੈ ਜਉ ਸ਼ਿੰਗਾਰ ਚਾਰੁ ਬਿਨੁ ਭਰਤਾਰਿ ਭੇਟੈ ਸੁਤ ਨ ਖਿਲਾਇ ਹੈ ॥**

(ਚਾਰ=ਸੁੰਦਰ। ਸੁਤ=ਪੁਤਰ। ਖਿਲਾਇ=)
(ਖਿਡਾਉਂਦੀ। ਸਲਿਲ=ਪਾਣੀ। ਬਾਸਰ=)
(ਦਿਨ। ਤਾਸੁ=ਉਸਨੂੰ। ਬਿਹੂਨ=ਬਿਨਾਂ।)
(ਨਿਪਜਾਇ=ਪੈਦਾ ਹੁੰਦਾ। ਕਤ=ਕਿਸ)
(ਤਰ੍ਹਾਂ। )

ਜੇਕਰ ਇਸਤਰੀ ਕਰੋੜਾਂ ਤਰ੍ਹਾਂ ਦੇ ਸੁੰਦਰ ਸ਼ਿੰਗਾਰ ਸਜਾ ਲਵੇ (ਤਾਂ ਉਹ) ਪਤੀ ਨਾਲ ਮਿਲਾਪ ਕੀਤੇ ਤੋਂ ਬਿਨਾਂ ਪੁਤਰ (ਨੂੰ ਗੋਦੀ ਵਿਚ) ਨਹੀਂ ਖਿਡਾਉਂਦੀ ਹੈ।

**ਸਿੰਚੀਐ ਸਲਿਲ ਨਿਸ ਬਾਸੁਰ ਬਿਰਖ ਮੂਲ ਫਲ ਨ ਬਸੰਤ ਬਿਨੁ ਤਾਸੁ ਪ੍ਰਗਟਾਇ ਹੈ ॥**

(ਜਿਸ ਤਰ੍ਹਾਂ ਕਿ) ਦਰਖਤ ਦੇ ਮੁਢ ਨੂੰ ਦਿਨ ਰਾਤ ਪਾਣੀ ਪਾਂਦ ਰਹੀਏ, ਬਸੰਤ ਰੁਤ ਤੋਂ ਬਿਨਾਂ ਉਸਨੂੰ ਫੁਲ ਨਹੀਂ ਨਿਕਲਦੇ ਹਨ।

**ਸਾਵਨ ਸਮੇ ਕ੍ਰਿਸਾਨ ਖੇਤ ਜੋਤ ਬੀਜ ਬੋਵੈ ਬਰਖਾ ਬਿਹੂਨ ਕਤ ਨਾਜ ਨਿਪਜਾਇ ਹੈ॥**

(ਜਿਵੇਂ) ਸਾਵਨ ਦੇ ਸਮੇਂ ਕ੍ਰਿਸਾਨ ਖੇਤ (ਵਿਚ ਹਲ) ਜੋੜਕੇ ਬੀਜ ਬੀਜ ਦਵੇ, ਤਾਂ ਬਾਰਸ਼ ਤੋਂ ਬਿਨਾਂ ਅੰਨ ਕਿਸ ਤਰ੍ਹਾਂ ਪੈਦਾ ਹੋਵੇਗਾ?

**ਅਨਿਕ ਪ੍ਰਕਾਰ ਭੇਖ ਧਾਰਿ ਪ੍ਰਾਨੀ ਭ੍ਰਮੈ ਭੂਮਿ ਬਿਨੁ ਗੁਰ ਉਰਿ ਗਯਾਨ ਦੀਪ ਨ ਜਗਾਇ ਹੈ॥ ੬੩੫॥**

(ਇਸੇ ਤਰ੍ਹਾਂ ਭਾਵੇਂ) ਪ੍ਰਾਣੀ ਅਨੇਕ ਤਰ੍ਹਾਂ ਦੇ ਭੇਖ ਧਾਰ ਕੇ ਧਰਤੀ ਉਤੇ ਫਿਰਦਾ ਰਹੇ, (ਤਾਂ) ਗੁਰ (ਉਪਦੇਸ਼ ਤੋਂ) ਬਿਨਾਂ (ਹੋਣ ਕਰ ਕੇ, ਉਸਦੇ) ਹਿਰਦੇ ਵਿਚ ਗਿਆਨ ਰੂਪ ਦੀਵਾ ਜਗਦਾ ਨਹੀਂ ਹੈ॥ ੬੩੫॥

ਭਾਵ—ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ। ਇਸੇ ਹੀ ਤੁਕ ਦਾ ਸਿਧਾਂਤ ਪ੍ਰਗਟ ਕੀਤਾ ਹੈ।

**ਜੈਸੇ ਨੀਰ ਖੀਰ ਅੰਨ ਭੋਜਨ ਖੁਆਇ ਅੰਤਿ ਗਰੋ ਕਾਟਿ ਮਾਰਤ ਹੈ ਅਜਾ ਕੇ ਸਵੰਨ ਕਉ॥**

(ਅਜਾ ਕੇ ਸਵੰਨ=ਬਕਰੀ ਦਾ ਬਚਾ। ਲਘੁ=)
(ਛੋਟੀ। ਨੌਕਾ=ਬੇੜੀ। ਮਾਝਧਾਰ=)
(ਦਰਿਆ ਵਿਚਾਲੇ। ਬੁਰਿ ਨਾਰਿ=ਬੁਰੀ)
(ਔਰਤ। ਭਰਨ=ਅਭਰਨ, ਗਹਣੇ।)
(ਆਮੈ=ਰੋਗ। ਭਵਨ=ਘੁੰਮਨ ਘੇਰੀ।)
(ਅਕਾਲ=ਅਨਿਆਈ ਮੌਤ। )

ਜਿਸ ਤਰ੍ਹਾਂ ਬਕਰੀ ਦੇ ਬਚੇ (ਬਕਰੇ) ਨੂੰ ਪਾਣੀ, ਦੁਧ ਅੰਨ, ਭੋਜਨ ਖੁਆਕੇ, ਅੰਤ ਵਿਚ (ਉਸ ਦਾ) ਗਲਾ ਕਟਕੇ ਮਾਰ ਦੇਂਦੇ ਹਨ।

**ਜੈਸੇ ਬਹੁ ਭਾਰ ਡਾਰੀਅਤ ਲਘੁ ਨੌਕਾ ਮਾਹਿ ਬੂਡਤ ਹੈ ਮਾਝਧਾਰ ਪਾਰ ਨ ਗਵਨ ਕਉ॥**

ਜਿਸ ਤਰ੍ਹਾਂ ਛੋਟੀ ਬੇੜੀ ਵਿਚ ਬਹੁਤਾ ਭਾਰ ਭਰ ਦੇਈਏ (ਤਾਂ ਉਹ) ਮੰਝਧਾਰ ਵਿਚ ਡੁਬ ਜਾਂਦੀ ਹੈ ਤੇ ਪਾਰ ਨਹੀਂ ਜਾ ਸਕਦੀ ਹੈ।

**ਜੈਸੇ ਬੁਰਿ ਨਾਰਿ ਧਾਰਿ ਭਰਨ ਸ਼ਿੰਗਾਰ ਤਨਿ ਆਪਿ ਆਪੈ ਅਰਪਤ ਚਿੰਤਾ ਕੈ ਭਵਨ ਕਉ॥**

ਜਿਸ ਤਰ੍ਹਾਂ ਬੁਰੀ ਔਰਤ ਸਰੀਰ ਉਤੇ ਗਹਿਣੇ ਕਪੜੇ ਧਾਰਨ ਕਰ ਕੇ ਸ਼ਿੰਗਾਰ ਕਰਦੀ ਹੈ, ਤੇ ਆਪਣ (ਸਰੀਰ ਨੂੰ) ਰੋਗਾਂ ਦੇ ਅਰਪਨ ਕਰ ਕ ਚਿੰਤਾ ਦੀ ਘੁੰਮਣ ਘੇਰੀ ਵਿਚ ਫਸ ਜਾਂਦੀ ਹੈ।

**ਤੈਸੇ ਹੀ ਅਧਰਮਿ ਕਰਮ ਕੈ ਅਧਰਮ ਨਰ ਮਰਤ ਅਕਾਲ ਜਮ ਲੋਕਹਿ ਰਵਨ ਕਉ॥ ੬੩੬॥**

ਇਸੇ ਤਰ੍ਹਾਂ ਹੀ ਅਧਰਮੀ ਆਦਮੀ ਅਧਰਮ ਦੇ ਕਰਮ (ਕਰ ਕੇ) ਅਨ-ਆਈ ਮੌਤੇ ਮਰਦਾ ਹੈ ਅਤੇ ਜਮਲੋਕ ਨੂੰ ਚਲਾ ਜਾਂਦਾ ਹੈ॥ ੬੩੬॥

**ਜੈਸੇ ਪਾਕਸਾਲਾ ਬਾਲਾ ਬਿੰਜਨ ਅਨੇਕ ਰਚੈ ਛੂਅਤ ਅਪਾਵਨ ਛਿਨਕ ਛੋਤਿ ਲਾਗਿ ਹੈ ॥**

(ਪਾਕਸਾਲਾ=ਰਸੋਈ ਬਾਲਾ=ਇਸਤਰੀ ।)
(ਬਿੰਜਨ=ਭੋਜਨ । ਅਪਾਵਨ=ਅਪਵਿਤਰ ।)
(ਛੋਤ=ਛੋਹ । ਪੁਹਪਵੰਤੀ=ਰਜਫੂਲਾ, ਮਾਸਕ)
(ਧਰਮ ਵਾਲੀ, ਰਿਤੁਵਤੀ । ਗ੍ਰਭਧਾਰਿ=)
(ਗਰਭਵੰਤੀ । ਮਲ ਮੈ=ਮਲ ਰੂਪ, ਲਹੂ)
(ਵਾਲੀ ਹੋਣਾ । ਨਿਹਭਾਗ=ਭਾਗਾਂ ਤੋਂ ਹੀਨ,)
(ਅਭਾਗਣਿ । ਤੂਲ=ਰੂੰ । ਬਜਾਗ=(ਬਜ+)
(ਆਗ) ਭਿਆਨਕ ਅਗ । )

ਜਿਸ ਤਰ੍ਹਾਂ ਰਸੋਈ ਵਿਚ ਇਸਤਰੀ ਅਨੇਕਾਂ ਭੋਜਨ ਤਿਆਰ ਕਰਦੀ ਹੈ, (ਪਰ ਜੇਕਰ ਉਨ੍ਹਾਂ ਨੂੰ) ਇਕ ਛਿਨ ਭਰ ਅਪਵਿਤਰਤਾ ਛੋਹ ਜਾਏ (ਤਾਂ ਸਾਰੇ ਭੋਜਨਾਂ ਨੂੰ) ਛੋਹ (ਭਿਟ) ਲਗ ਜਾਂਦੀ ਹੈ ।

**ਜੈਸੇ ਤਨ ਸਾਜਤ ਸ਼ਿੰਗਾਰ ਨਾਰਿ ਆਨੰਦ ਕੈ ਪੁਹਪਵੰਤੀ ਹੁਇ ਪ੍ਰਿਆ ਸਿਹਜਾ ਤਿਆਗ ਹੈ ॥**

ਜਿਸ ਤਰ੍ਹਾਂ ਇਸਤਰੀ ਸਰੀਰ ਉਤੇ ਸ਼ਿੰਗਾਰ ਸਜਾ ਕੇ ਅਨੰਦ ਮਾਣਦੀ ਹੈ, (ਪਰ ਜਦ) ਮਾਸਕ ਧਰਮ ਵਾਲੀ ਹੁੰਦੀ ਹੈ, (ਤਾਂ) ਪਤੀ ਦੀ ਸੇਜਾ ਦਾ ਤਿਆਗ (ਕਰ ਦੇਂਦੀ) ਹੈ ।

**ਜੈਸੇ ਗ੍ਰਭਧਾਰ ਨਾਰਿ ਜਤਨ ਕਰਤ ਨਿਤ ਮਲ ਮੈ ਗਰਭ ਛੇਦ ਖੇਦ ਨਿਹਭਾਗਿ ਹੈ ॥**

ਜਿਸ ਤਰ੍ਹਾਂ ਗਰਭ ਧਾਰਨ ਕਰ ਕੇ ਇਸਤਰੀ ਨਿਤ (ਉਹ) ਜਤਨ ਕਰਦੀ ਹੈ (ਕਿ ਜਿਸ ਨਾਲ ਗਰਭ ਸਥਿਰ ਰਹੇ, ਪਰ ਜੇ ਕਦੇ) ਗਰਭ ਦੇ (ਦਿਨਾਂ ਵਿਚ) ਲਹੂ ਆ ਜਾਵੇ (ਤਾਂ) ਗਰਭ ਛੇਦਨ (ਹੋ ਜਾਣ ਦਾ) ਖੇਦ (ਹੁੰਦਾ ਹੈ ਅਤੇ ਉਹ) ਭਾਗਾਂ ਤੋਂ ਹੀਨ (ਜਾਣੀ ਜਾਂਦੀ ਹੈ) ।

**ਤੈਸੇ ਸੀਲ ਸੰਜਮ ਜਨਮ ਪਰਜੰਤ ਕੀਜੈ ਤਨਕ ਹੀ ਪਾਪ ਕੀਏ ਤੂਲਿ ਮੈ ਬਜਾਗਿ ਹੈ ॥ ੬੩੭ ॥**

ਉਸੇ ਤਰ੍ਹਾਂ ਸੀਲ ਸੰਜਮ (ਆਦਿਕ ਕਰਮ) ਜਨਮ ਭਰ ਕਰਦੀ ਹੈ, (ਪਰ) ਥੋੜਾ ਜਿਨਾ ਪਾਪ ਕੀਤਾ ਜਾਏ (ਤਾਂ ਉਹ) ਰੂੰ ਵਿਚ ਘੋਰ ਅਗ (ਲਗ ਜਾਣ ਵਾਂਗੂੰ ਹੋ ਜਾਂਦਾ ਹੈ, ਅਰਥਾਤ ਰਤਾ ਜਿਨਾਂ ਪਾਪ ਭੀ ਸਾਰੇ ਧਰਮ ਦੇ ਕਰਮਾਂ ਨੂੰ ਨਾਸ ਕਰ ਦੇਂਦਾ ਹੈ) ॥ ੬੩੭ ॥

ਭਾਵ--ਸੀਲ, ਸੰਜਮ ਆਦਿਕ ਸ਼ੁਭ ਕਰਮ ਕਰਦਿਆਂ ਹੋਇਆਂ ਜੇ ਕਰ ਥੋੜਾ ਜਿਨਾਂ ਭੀ ਪਾਪ ਕੀਤਾ ਜਾਏ ਤਾਂ ਜਿਵੇਂ ਰੂੰ ਵਿਚ ਲਗੀ ਹੋਈ ਅਗ ਸੰਭਲੀ ਨਹੀਂ ਜਾਂਦੀ ਹੈ, ਇਵੇਂ ਉਸ ਥੋੜੇ ਪਾਪ ਨਾਲ ਮਨ ਮਲੀਨ ਹੋ ਜਾਂਦਾ ਹੈ ।

**ਚੀਕਨੇ ਕਲਸ ਪਰ ਜੈਸੇ ਨ ਟਿਕਤ ਬੂੰਦ ਕਾਲਰ ਮੈ ਪਰੇ ਨਾਜ ਨਿਪਜੈ ਨ ਖੇਤ ਜੀ ॥**

(ਕਲਸ=ਘੜਾ । ਕਾਲਰ=)
(ਕੱਲਰ । ਬਿਖਿਆ=ਜ਼ੋਹਰ ਵਾਲਾ ।)
(ਜਿਸ ਤਰ੍ਹਾਂ ਥਿੰਦੇ ਘੜੇ ਉਤੇ ਪਾਣੀ ਦੀ ਬੂੰਦ ਨਹੀਂ ਟਿਕਦੀ ਹੈ ਅਤੇ ਕਲਰ (ਵਾਲੇ) ਖੇਤ ਵਿਚ (ਬੀਜ) ਪੈ ਕੇ ਅਨਾਜ ਨਹੀਂ ਉਗਦਾ ਹੈ ।

**ਜੈਸੇ ਧਰਿ ਪਰ ਤਰੁ ਸੇਬਲ ਅਫਲ ਅਰੁ ਬਿਖਿਆ ਬਿਰਖ ਫਲੇ ਜਗੁ ਦੁਖ ਦੇਤ ਜੀ ॥**

ਜਿਸ ਤਰ੍ਹਾਂ ਧਰਤੀ ਉਤੇ ਸਿੰਮਲ ਦਾ ਬਿਛ (ਫਲ ਵਾਲਾ ਹੋ ਕੇ ਭੀ) ਫਲ ਤੋਂ ਹੀਣਾ (ਹੁੰਦਾ ਹੈ) ਅਤੇ ਜ਼ੋਹਰ ਦਾ ਬਿਛ ਫਲ ਕੇ ਭੀ ਜਗਤ ਨੂੰ ਦੁਖ ਦੇਂਦਾ ਹੈ ।

**ਚੰਦਨ ਸੁਬਾਸ ਬਾਸ ਬਾਸ ਬਾਸ ਬਾਸੀਐ ਨਾ ਪਵਨ ਗਵਨ ਮਲ**

**ਮੂਤਤਾ ਸਮੇਤ ਜੀ ॥**

ਜਿਸ ਤਰ੍ਹਾਂ ਸੁਹਣੀ ਵਾਸ਼ਨਾ ਵਾਲੇ ਚੰਦਨ ਦੇ ਕੋਲ ਵਸ ਵਸਕੇ ਭੀ ਵਾਂਸ ਵਾਸ਼ਨਾ ਵਾਲਾ ਨਹੀਂ ਹੁੰਦਾ ਹੈ, ਅਤੇ ਮਲ (ਮੂਤਰ ਵਾਲੀ ਥਾਂ ਤੋਂ) ਲੰਘਣ ਵਾਲੀ ਹਵਾ ਮਲ ਮੂਤ੍ਰਤਾ ਦੇ ਸਮੇਤ (ਭਾਵ ਗੰਦੀ ਬਦਬੂ ਵਾਲੀ ਹੋ ਜਾਂਦੀ ਹੈ)।

**ਗੁਰ ਉਪਦੇਸ਼ ਪਰਵੇਸ ਨਮੋ ਰਿਦੈ ਭਿਦੈ ਜੈਸੇ ਮਾਨੋ ਸ੍ਵਾਂਤਿ ਬੂੰਦ ਅਹਿ ਮੁਖ ਲੇਤ ਜੀ ॥ ੬੩੮ ॥**

(ਉਸੇ ਤਰ੍ਹਾਂ) ਗੁਰ ਉਪਦੇਸ਼ ਨੇ ਮੇਰੇ ਹਿਰਦੇ ਨੂੰ ਵਿੰਨ੍ਹਕੇ (ਹਿਰਦੇ ਵਿਚ) ਪਰਵੇਸ਼ ਨਹੀਂ (ਕੀਤਾ ਹੈ, ਅਤੇ ਜੇ ਕੁਝ ਕੀਤਾ ਭੀ ਹੈ ਤਾਂ) ਮਾਨੋ ਜਿਸ ਤਰ੍ਹਾਂ ਸੱਪ ਦਾ ਮੂੰਹ ਸਵਾਂਤੀ ਨੂੰ ਲੈਂਦਾ ਹੈ, ਤਾਂ ਆਪਣੇ ਵਿਚ ਜ਼ੇਹਰ ਪੈਦਾ ਕਰ ਲੈਂਦਾ ਹੈ, ਇਸੇ ਤਰ੍ਹਾਂ ਜੋ ਕੁਝ ਗੁਰ ਉਪਦੇਸ਼ ਨੂੰ ਸੁਣਿਆ ਹੈ, ਤਾਂ ਵਿਕਾਰਾਂ ਰੂਪ ਜ਼ੇਹਰ ਪੈਦਾ ਕਰ ਲਈ ਹੈ ॥ ੬੩੮ ॥

**ਚੰਦਨ ਸਮੀਪ ਬਸਿ ਬਾਂਸ ਮਹਿਮਾ ਨ ਜਾਨੀ ਆਨ ਦ੍ਰੂਮ ਦੂਰ ਭਏ ਬਾਸਨਾ ਕੈ ਬੋਹੈ ਹੈ ॥**

(ਸਮੀਪ=ਨੇੜੇ। ਆਨ ਦ੍ਰੂਮ=ਹਰ ਬ੍ਰਿਛ।)
(ਦਾਦਰ=ਡਡੂ। ਸਰੋਵਰ =ਤਲਾਉ।)
(ਮਕਰੰਦ=ਧੂੜੀ। ਮਧਕਰ=ਭੌਰਾ।)
(ਸੁਰਸਰੀ=ਗੰਗਾ। ਜਾਤ੍ਰੀ ਜਤੁ=ਯਾਤਰਾ)
(ਕਰਨ ਵਾਲਾ ਪੁਰਸ਼। ਬਗ=ਬਗਲਾ।)
(ਮਰਮ=ਭੇਦ। ਗਤਿ=ਖੂਬੀ। ਹੇਤ=)
(ਵਾਸਤੇ।)

(ਜਿਸ ਤਰ੍ਹਾਂ) ਚੰਦਨ ਦੇ ਨੇੜੇ ਵਸਕੇ ਵਾਂਸ ਨੇ (ਚੰਦਨ ਦੀ) ਮਹਿਮਾ ਨਹੀਂ ਜਾਣੀ ਹੈ, ਹੋਰ ਦੂਜੇ ਦਰਖਤ ਦੂਰ ਹੁੰਦੇ ਹੋਏ (ਭੀ ਚੰਦਨ) ਵਾਸ਼ਨਾ ਕਰ ਕੇ ਵਾਸਨਾ ਵਾਲੇ ਹੋ ਜਾਂਦੇ ਹਨ।

**ਦਾਦਰ ਸਰੋਵਰ ਮੈ ਜਾਨੈ ਨ ਕਮਲ ਗਤਿ ਮਕਰੰਦ ਕਰਿ ਮਧੁਕਰੁ ਹੀ ਬਿਮੋਹੈ ਹੈ ॥**

ਡਡੂ ਤਲਾਉ ਦੇ ਵਿਚ (ਕੌਲ ਫੁਲ ਕੋਲ ਵਸਦਾ ਹੈ, ਪਰ) ਕਮਲ ਦੀ ਗਤੀ (ਖੂਬੀ) ਨਹੀਂ ਜਾਣਦਾ ਹੈ, (ਕੌਲ ਫੁਲ ਦੀ) (ਮਕਰੰਦ) ਧੂੜੀ ਕਰ ਕੇ (ਦੂਰ ਵਸਣ ਵਾਲਾ) (ਮਧੁਕਰ) ਭੌਰਾ ਹੀ ਬਿਮੋਹਤ ਹੋ ਜਾਂਦਾ ਹੈ।

**ਸੁਰਸਰੀ ਬਿਖੈ ਬਗੁ ਜਾਨਿਓ ਨ ਮਰਮੁ ਕਛੁ ਆਵਤ ਹੈ ਜਾਤ੍ਰੀ ਜੰਤ੍ਰੂ ਜਾਤ੍ਰਾ ਹੇਤੁ ਸੋਹੈ ਹੈ ॥**

ਗੰਗਾ ਵਿਚ ਵਸਕੇ ਭੀ ਬਗਲੇ ਨੇ (ਗੰਗਾ ਦਾ) ਕੁਝ ਭੇਦ ਨਹੀਂ ਜਾਣਿਆ ਹੈ, (ਪਰ) ਯਾਤਰੀ ਪੁਰਸ਼ ਯਾਤਰਾ ਕਰਨ ਵਾਸਤੇ (ਦੂਰ ਤੋਂ) ਆਉਂਦਾ ਹੈ (ਤੇ ਯਾਤਰਾ ਕਰ ਕੇ) ਸੋਭਾ ਪਾਂਦਾ ਹੈ (ਅਰਥਾਤ ਕ੍ਰਿਤਾਰਥ ਹੁੰਦਾ ਹੈ)।

**ਨਿਕਟ ਬਸਤ ਮਮ ਗੁਰ ਉਪਦੇਸ਼ ਹੀਨ ਦੂਰ ਹੀ ਦਿਸੰਤਰੁ ਉਰਿ ਅੰਤਰ ਲੈ ਪੋਹੈ ਹੈ ॥ ੬੩੯ ॥**

(ਉਸੇ ਤਰ੍ਹਾਂ ਹੀ) ਮੈਂ ਗੁਰੂ ਜੀ ਦੇ ਨੇੜੇ ਵਸਦਾ ਹਾਂ (ਪਰ) ਗੁਰ ਉਪਦੇਸ਼ (ਦੇ ਅਸਰ) ਤੋਂ ਹੀਣਾ ਹਾਂ, (ਪਰ ਜੇਹੜੇ) ਦੂਰ ਹੀ (ਰਹਿੰਦੇ ਹਨ, ਉਹ) ਦੂਸਰੇ ਦੇਸ਼ਾਂ (ਵਿਚ ਵਸਣ ਵਾਲੇ ਸ਼ਰਧਾ ਤੇ ਭਰੋਸੇ ਨਾਲ ਗੁਰ ਉਪਦੇਸ਼ ਨੂੰ) ਲੈ ਕੇ ਹਿਰਦੇ ਵਿਚ ਪਰੋ ਲੈਂਦੇ ਹਨ (ਅਰਥਾਤ ਗੁਰ ਮੰਤਰ ਸਿਮਰਨ ਦੇ ਅਭਿਆਸ ਵਿਚ ਇਕ ਚਿਤ ਹੋ ਕੇ ਨਿਮਗਨ ਹੋ ਜਾਂਦੇ ਹਨ) ॥ ੬੩੯ ॥

**ਨਾਹਿਨ ਅਨੂਪ ਰੂਪ ਚਿਤਵੈ ਕਿਉ ਚਿੰਤਾਮਨਿ ਲੋਨੇ ਹੈ ਨ ਲੋਇਨ ਜੋ ਲਾਲਨ ਬਿਲੋਕੀਐ ॥**

(ਚਿਤਵੈ=ਵੇਖੇ। ਚਿੰਤਾਮਨਿ=ਮਨ ਇਛਤ)
(ਕਾਮਨਾ ਪੂਰੇ ਕਰਨ ਵਾਲੇ ਸਤਿਗੁਰੂ ਜੀ।)
(ਲੋਨੇ=ਸਲੋਨੇ, ਮਹਾਂ ਸੁੰਦਰ। ਲੋਇਨ=)
(ਨੈਣ। ਬਿਲੋਕੀਐ=ਵੇਖ ਸਕੀਏ।)
(ਰਸੀਲੀ=ਰਸ ਭਰੀ। ਮਧੋਕੀਐ=ਮਿਠੇ)

(ਕੀਤੇ ਹਨ । ਬਰ ਮਾਲ=ਸੋਹਣੀ ਮਾਲਾ ।)
(ਮਧੋਕੀਐ=ਧੋਣਾ ਕਰਾਂ । ਸਮੋਕੀਐ=ਸਮਾ)
(ਜਾਣਾ ਕਰਾਂ, ਸਮਾ ਜਾਵਾਂ । )

(ਮੇਰਾ) ਅਨੂਪਮ ਰੂਪ ਨਹੀਂ ਹੈ, (ਇਸ ਲਈ) ਚਿੰਤਾਮਣੀ (ਰੂਪ ਸਤਿਗੁਰੂ ਮੈਨੂੰ) ਕਿਵੇਂ ਵੇਖੇਗਾ ਅਤੇ ਮੇਰੇ ਸਲੋਨੇ ਨੈਨ ਨਹੀਂ ਹਨ, ਜੋ ਪਿਆਰੇ ਨੂੰ ਵੇਖ ਸਕਾਂ ।

**ਰਸਨਾ ਰਸੀਲੀ ਨਾਹਿ ਬੇਨਤੀ ਬਖਾਨਉ ਕੈਸੇ ਸੁਰਤਿ ਨ ਸ੍ਰਵਨਨ ਬਚਨ ਮਧੋਕੀਐ ॥**

(ਮੇਰੀ) ਜੀਭ ਭੀ ਰਸੀਲੀ ਨਹੀਂ ਹੈ, (ਤਾਂ) ਬੇਨਤੀ ਕਿਸ ਤਰ੍ਹਾਂ ਕਹਿ ਸੁਨਾਵਾਂ (ਅਤੇ ਮੇਰੇ) ਕੰਨਾਂ ਦੀ ਸੁਰਤਿ (ਸੂਝ) ਨਹੀਂ ਹੈ, (ਜੋ) ਮਿਠੇ ਮਿਠੇ ਬਚਨ ਸੁਣ ਸਕਾਂ ।

**ਅੰਗ ਅੰਗ ਹੀਨ ਦੀਨ ਕੈਸੇ ਬਰ ਮਾਲ ਕਰਉ ਮਸਤਕ ਨਾਹਿ ਭਾਗ ਪ੍ਰਿਯ ਪਗ ਧੋਕੀਐ ॥**

(ਮੈਂ) ਅੰਗ ਪ੍ਰਤਿ ਅੰਗ ਤੋਂ ਹੀਣ ਹਾਂ, ਦੀਨ ਹਾਂ (ਪ੍ਰੀਤਮ ਵਾਸਤੇ) ਕਿਸ ਤਰ੍ਹਾਂ ਸੁੰਦਰ ਮਾਲਾ ਤਿਆਰ ਕਰਾਂ (ਅਤੇ ਮੇਰੇ) ਮਥੇ (ਦੇ ਅਜੇਹੇ) ਭਾਗ ਭੀ ਨਹੀਂ ਹਨ, (ਜੋ) ਪ੍ਰੀਤਮ ਪਿਆਰੇ ਦੇ ਚਰਨਾਂ ਨੂੰ ਧੋ ਸਕਾਂ) ।

**ਸੇਵਕ ਸੁਭਾਵ ਨਾਹਿ ਪਹੁਚ ਨ ਸਕਉ ਸੇਵ ਨਾਹਿਨ ਪ੍ਰਤੀਤ ਪ੍ਰਭੁ ਪ੍ਰਭੁਤਾ ਸਮੋਕੀਐ ॥ ੬੪੦ ॥**

ਸੇਵਕ ਦਾ ਸੁਭਾਵ (ਮੇਰੇ ਵਿਚ) ਨਹੀਂ ਹੈ, (ਇਸ ਲਈ ਮੈਂ) ਸੇਵਾ ਕਰ ਕੇ ਪਹੁੰਚ ਨਹੀਂ ਸਕਦਾ ਹਾਂ, ਅਤੇ ਪ੍ਰਭੂ (ਪ੍ਰੀਤਮ ਉਤੇ ਮੈਨੂੰ) ਪ੍ਰਤੀਤ ਭੀ ਨਹੀਂ ਹੈ, (ਇਸ ਕਰ ਕੇ ਪ੍ਰਭੂ ਦੀ ਪ੍ਰਭਤਾ (ਵਿਚ ਮੈਂ) ਕਿਵੇਂ ਸਮਾ (ਸਕਦਾ ਹਾਂ) ॥ ੬੪੦ ॥

**ਬੇਸ੍ਵਾ ਕੇ ਸਿੰਗਾਰ ਬਿਭਚਾਰ ਕੋ ਨ ਪਰਾਵਾਰ ਬਿਨੁ ਭਰਤਾਰ ਨਾਰਿ ਕਾਕੀ ਕੈ ਬੁਲਾਈਐ ॥**

(ਬਿਭਚਾਰ=ਪਰਾਏ ਪੁਰਖ ਨੂੰ ਰਮਨਾ ।)
(ਭਰਤਾਰ=ਪਤੀ । ਕਾਕੀ=ਕਿਸ ਦੀ ।)
(ਕੈ=ਕਰਕੇ । ਬਗਸੇਤ ਗਾਤ=ਬਗਲਾ ਚਿਟ)
(ਸਰੀਰ ਵਾਲਾ । ਘਾਤ=ਮਾਰਨਾ । ਜੁਗਤਿ=)
(ਯੁਕਤੀ, ਜੁੜਨ ਦੀ ਅਵਸਥਾ । ਬੁਰਵਾਈ=)
(ਬੋਲ ਚਾਲ ਦੀ ਚਤੁਰਾਈ । ਤ੍ਰਿਦੋਖ=)
(ਤਿਨ ਪਾਪ । )

ਵੇਸਵਾ ਨੇ ਵਿਭਚਾਰ ਦੇ (ਵਾਸਤੇ ਜੋ) ਸ਼ਿੰਗਾਰ ਕੀਤੇ ਹਨ, (ਉਹਨਾਂ ਦਾ) ਅੰਤ ਨਹੀਂ (ਪਾਇਆ ਜਾਂਦਾ ਅਤੇ) ਪਤੀ ਤੋਂ ਬਿਨਾਂ (ਹੋਣ ਕਰ ਕੇ, ਉਸਨੂੰ) ਕਿਸ ਦੀ ਔਰਤ ਕਹਿ ਕਰ ਕੇ ਬੁਲਾ ਸਕਦੇ ਹਾਂ ।

**ਬਗ ਸੇਤ ਗਾਤ ਜੀਵ ਘਾਤ ਕਰਿ ਖਾਤ ਕੇਤੇ ਮੋਨ ਗਹੇ ਧਿਆਨ ਧਰੇ ਜੁਗਤਿ ਨ ਪਾਈਐ ॥**

ਬਗਲੇ ਦਾ ਸਰੀਰ ਚਿਟਾ ਹੈ, (ਰੋਜ) ਕਿੰਨੇ ਹੀ ਜੀਵ ਮਾਰ ਕਰ ਕੇ ਖਾਂਦਾ ਹੈ, ਮੋਨ ਧਾਰਦਾ ਹੈ । ਧਿਆਨ ਭੀ ਧਰਦਾ ਹੈ, (ਇਸ ਤਰ੍ਹਾਂ ਕਰਨ ਕਰ ਕੇ ਉਸਨੇ ਪ੍ਰਭੂ ਨਾਲ ਚਿਤ) ਜੋੜਨ ਦੀ ਜੁਗਤੀ ਨਹੀਂ ਪਾਈ ਹੈ ।

**ਭਾਂਡ ਕੀ ਭੰਡਾਈ ਬੁਰਵਾਈ ਨ ਕਹਿਤ ਆਵੈ ਅਤਿ ਹੀ ਢਿਠਾਈ ਸੁਕਚਤ ਨ ਲਜਾਈਐ ॥**

ਭੰਡ ਦੀ ਭੰਡਾਈ (ਤੇ ਉਸਦੀ) ਗਲਾਂ ਬਾਤਾਂ ਦੀ ਚਤੁਰਾਈ ਕਹਿਣ ਵਿਚ ਨਹੀਂ ਆਉਂਦੀ ਹੈ (ਉਸ ਵਿਚ) ਅਤਯੰਤ ਹੀ ਢੀਠਤਾ ਹੈ, (ਉਹ ਕਿਸੇ ਗਲ ਵਿਚ ਭੀ) ਸੰਕੋਚ ਤੇ ਲਜਾ ਨਹੀਂ ਕਰਦਾ ਹੈ ।

**ਤੈਸੇ ਪਰਤਨ ਧਨ ਦੂਖਨਾ ਤ੍ਰਿਦੋਖ ਮਮ ਪਤਿਤ ਅਨੇਕ ਏਕ ਰੋਮ ਨ ਪੁਜਾਈਐ ॥ ੬੪੧ ॥**

ਉਸੇ ਤਰ੍ਹਾਂ ਮੇਰੇ ਵਿਚ ਪਰਾਏ ਧਨ (ਦੇ ਵਰਤਨ) ਪਰਾਏ ਤਨ (ਦੇ ਸੇਵਨ) ਤੇ ਪਰਾਈ ਨਿੰਦਾ (ਕਰਨ ਰੂਪ) ਤਿੰਨ ਦੋਖ ਹਨ, (ਇਸ ਕਰ ਕੇ) ਅਨੇਕਾਂ ਪਾਪੀ ਮੇਰੇ ਇਕ ਰੋਮ ਦੇ ਬਰਾਬਰ ਭੀ ਪੁਜਦੇ ਨਹੀਂ ਹਨ ॥ ੬੪੧ ॥

## ਜਾਕੈ ਨਾਇਕਾ ਅਨੇਕ ਏਕ ਸੇ ਅਧਿਕ ਏਕ ਪੂਰਨ ਸੁਹਾਗ ਭਾਗ ਸਉਤੈ ਸਮ ਧਾਮ ਹੈ॥

(ਨਾਇਕਾ=ਇਸਤਰੀ । ਸਉਤੈ=ਸੌਂਕਨਾਂ)
((੨) ਸੁਪਤਨੀਆਂ। ਮਾਨਨਿ=ਮਾਨ ਵਾਲੀ।)
(ਭਾਮ=ਇਸਤਰੀ । ਸਿਥਲ=ਆਲਸਿਨ,)
(ਦਲਿਦ੍ਰਨੀ । ਸਮਾਨ=ਮਾਨ ਸਹਿਤ ।)
(ਸ, ਨਾਮ=ਨਾਮ ਵਾਲੀ, ਨਾਮ ਸਹਿਤ।)

ਜਿਸ ਦੀਆਂ ਅਨੇਕਾਂ ਇਸਤਰੀਆਂ, ਇਕ ਤੋਂ ਇਕ ਵਧ ਕੇ ਹਨ, (ਸਭਨਾਂ) ਸੌਂਕਣਾਂ ਨੂੰ ਪੂਰਨ ਸੁਹਾਗ ਭਾਗ ਤੇ ਘਰ (ਮਹਲ ਤੇ ਸਮਾਨ ਆਦਿਕ ਸਭ ਕੁਝ ਸਭਨਾਂ ਦਾ) ਇਕ ਸਮਾਨ ਹੈ ।

## ਮਾਨਨ ਹੁਇ ਮਾਨ ਭੰਗ ਬਿਛੁਰ ਬਿਦੇਸ ਰਹੀ ਬਿਰਹ ਬਿਯੋਗ ਲਗ ਬਿਰਹਨੀ ਭਾਮ ਹੈ ॥

(ਇਕ) ਮਾਨਨੀ ਹੋ ਰਹੀ ਹੈ, (ਜੋ ਪਤੀ ਤੋਂ) ਵਿਛੜ ਕੇ ਪਰਦਸ (ਜਾ) ਰਹਿੰਦੀ ਹੈ, (ਉਸਦਾ) ਮਾਨ ਭੰਗ ਹੋ ਜਾਂਦਾ ਹੈ, ਅਤੇ ਵਿਯੋਗ ਤੇ ਵਿਛੋੜ ਵਿਚ ਲਗੀ (ਹੋਣ ਕਰ ਕੇ) ਬਿਰਹਨੀ ਇਸਤਰੀ (ਉਸਦਾ ਨਾਮ ਪੈ ਜਾਂਦਾ ਹੈ) ।

## ਸਿਥਲ ਸਮਾਨ ਤ੍ਰੀਯਾ ਸਕੈ ਨ ਰਿਝਾਇ ਪ੍ਰਿਯ ਦਇਓ ਹੈ ਦੁਹਾਗ ਹੁਇ ਦੁਹਾਗਨ ਸਨਾਮ ਹੈ ॥

(ਇਕ ਹੋਰ) ਮਾਨ ਸਹਿਤ ਆਲਸਿਨ ਇਸਤਰੀ (ਹੈ, ਜੋ) ਪਤੀ ਨੂੰ ਪ੍ਰਸੰਨ ਨਹੀਂ ਕਰ ਸਕਦੀ, (ਉਸ ਨੂੰ ਪਤੀ ਨੇ) ਦੁਹਾਗ (ਛੁਟੜ) (ਕਰ) ਦਿਤਾ ਹੈ, (ਪਰ ਉਹ) ਦੁਹਾਗਣਿ (ਹੋ ਕੇ ਭੀ ਪਤੀ ਦੇ) ਨਾਮ ਸਹਿਤ ਹੈ, (ਅਰਥਾਤ ਉਸਨੂੰ ਸਾਰੇ ਏਹੋ ਆਖਦੇ ਹਨ ਇਹ 'ਫਲਾਣੇ ਦੀ ਛੁਟੜ' ਹੈ) ।

## ਲੋਚਨ ਸ੍ਰਵਨ ਜੀਹ ਕਰ ਅੰਗ ਅੰਗਹੀਨ ਪਰਸਿਓ ਨ ਪੇਖਿਓ ਸੁਨਿਓ ਮੇਰੋ ਕਹਾ ਨਾਮ ਹੈ ॥ ੬੪੨ ॥

(ਪਰ ਮੈਂ ਤਾਂ) ਅਖਾਂ, ਕੰਨ, ਜੀਭ, ਹਥ (ਆਦਿਕ ਹਰੇਕ) ਅੰਗ ਅੰਗ ਤੋਂ ਹੀਣ ਹਾਂ, (ਪਿਆਰੇ ਪਤੀ ਨੂੰ ਕਦੇ) ਪਰਸਿਆ ਨਹੀਂ (ਉਸਦਾ ਦਰਸ਼ਨ) ਵੇਖਿਆ ਨਹੀਂ, (ਉਸਦੇ ਬਚਨਾਂ ਨੂੰ ਕਦੇ) ਸੁਣਿਆ ਨਹੀਂ ਹੈ, (ਤਾਂ ਫਿਰ) ਮੇਰਾ ਕੀ ਨਾਮ ਹੋ ਸਕਦਾ ਹੈ ॥ ੬੪੨ ॥

## ਜੈਸੇ ਜਾਰ ਚੋਰ ਓਰ ਹੇਰਤਿ ਨ ਆਹਿ ਕੋਊ ਚੋਰ ਜਾਰ ਜਾਨਤ ਸਕਲ ਭੂਤ ਹੇਰ ਹੀ ॥

(ਜਾਰ=ਯਾਰ, ਉਤਪਤਿ । ਸਕਲ ਭੂਤ=)
(ਸਾਰੇ ਪ੍ਰਾਣੀ। ਹੇਰਤਿ=ਵੇਖਦਾ। ਹੇਰਹੀ=)
(ਵੇਖਦੇ ਹਨ। ਆਵਾ ਗਵਨ=ਆਵਾ ਜਾਈ,)
(ਔਣਾ-ਜਾਣਾ । ਪੈਸਤ=ਵੜਦਿਆਂ ।)
(ਸੰਕਾਤ=ਡਰਦਾ ਹੈ । ਭ੍ਇਆਨ=ਡਰੌਣਾ)
(ਟਰ ਹੀ=ਬੋਲਦੇ ਹਨ । ਦਰਪਨ=ਸ਼ੀਸ਼ਾ)

ਜਿਸ ਤਰ੍ਹਾਂ (ਅਨ-ਜਾਨ ਅਵਸਥਾ ਵਿਚ) ਚੋਰ-ਯਾਰ ਵਲ ਕੋਈ ਭੀ ਵੇਖਦਾ ਹੈ, (ਪਰ ਜਦ) ਜਾਣ ਲੈਂਦੇ ਹਨ [ਕਿ ਫਲਾਣਾ ਚੋਰ ਹੈ ਤੇ ਫਲਾਣਾ-ਫਲਾਣੀ ਦਾ ਯਾਰ ਹੈ ਤਾਂ] ਸਾਰੇ ਲੋਕ [ਉਨ੍ਹਾਂ ਵਲੇ] ਵੇਖਦੇ ਹਨ।

## ਜੈਸੇ ਦਿਨ ਸਮੈ ਆਵਾ ਗਵਨ ਭਵਨ ਬਿਖੈ ਤਾਹੀ ਗ੍ਰਿਹ ਪੈਸਤ ਸੰਕਾਤ ਹੈ ਅੰਧੇਰ ਹੀ ॥

ਜਿਸ ਤਰ੍ਹਾਂ ਦਿਨ ਵੇਲੇ ਘਰ ਵਿਚ ਔਣਾ-ਜਾਣ (ਹੁੰਦਾ ਰਹਿੰਦਾ ਹੈ, ਪਰ) ਹਨੇਰੇ ਵਿਚ ਉਸੇ ਘਰ ਵਿਚ ਵੜਦੇ ਹੋਇਆਂ ਡਰ ਮੰਨੀਦਾ ਹੈ ।

**ਜੈਸੇ ਧਰਮਾਤਮਾ ਕਉ ਦੇਖੀਐ ਧਰਮਰਾਇ ਪਾਪੀ ਕਉ ਭਇਆਨ ਜਮ ਤ੍ਰਾਹ ਤ੍ਰਾਹ ਟੇਰ ਹੀ ॥**

ਜਿਸ ਤਰ੍ਹਾਂ ਧਰਮਾਤਮਾ ਪੁਰਸ਼ਾਂ ਨੂੰ ਧਰਮ ਰਾਜਾ (ਰੂਪ) ਦਿਸਦਾ ਹੈ ਅਤੇ ਪਾਪੀ ਪੁਰਸ਼ਾਂ ਨੂੰ ਡਰੌਣਾ ਜਮ (ਰੂਪ ਦਿਸਦਾ ਹੈ ਤਾਂ ਉਹ) ਰਖ ਲੌ, ਰਖ ਲੌ, ਪੁਕਾਰਦਾ ਹੈ।

**ਤੈਸੇ ਨਿਰਵੈਰ ਸਤਿਗੁਰ ਦਰਪਨ ਰੂਪ ਤੈਸੋ ਹੀ ਦਿਖਾਵੈ ਮੁਖ ਜੈਸੇ ਜੈਸੇ ਫੇਰ ਹੀ ॥ ੬੪੩ ॥**

ਉਸੇ ਤਰ੍ਹਾਂ ਨਿਰਵੈਰ ਸਤਿਗੁਰ ਸ਼ੀਸ਼ਾ ਰੂਪ (ਹਨ) ਜਿਹੋ ਜਿਹਾ ਮੂੰਹ ਫੇਰ ਕੇ (ਬਣਾ ਕੇ) (ਕੋਈ ਵੇਖਦਾ ਹੈ, ਉਸਨੂੰ) ਓਹੋ ਜਿਹਾ ਹੀ ਨਜ਼ਰ ਆਉਂਦਾ ਹੈ ॥ ੬੪੩ ॥

ਭਾਵ--'ਸਤਿਗੁਰ ਨਿਰਵੈਰ ਪੁਤ੍ਰ ਸਤ੍ਰ ਸਮਾਨੇ ਅਵਗੁਣ ਕਟੈ ਕਰੈ ਸੁਧ ਦੇਹਾ ॥'ਦਾ ਹੀ ਸਿਧਾਂਤ ਸੂਚਨ ਕੀਤਾ ਹੈ।

**ਜੈਸੇ ਦਰਪਨ ਸੂਧੋ ਸੁਧ ਮੁਖ ਦੇਖੀ ਅਤ ਉਲਟ ਕੈ ਦੇਖੈ ਦੁਖ ਦੇਖੀਐ ਭਇਆਨ ਸੋ ॥**

(ਭਇਆਨ=ਡਰੌਣਾ ਜੇਹਾ। ਕੌਰਕ=ਕੌੜਾ।)
(ਉਰ=ਛਾਤੀ। ਬਾਨ ਸੋ=ਤੀਰ ਵਾਂਗੂ।)
(ਪੁਸ਼ਟ=ਤਾਕਤ ਵਾਲਾ। ਮਿਸ਼ਟ=ਮਿਠਾ।)
(ਬ੍ਰਿਤ=ਦਾਸ। ਸਮਤ=ਸਮਾਨ।)
( ਭਾਨ=ਸੂਰਜ। )

ਜਿਸ ਤਰ੍ਹਾਂ ਸਿਧੇ ਸ਼ੀਸ਼ੇ ਵਿਚੋਂ ਵੇਖੀਏ ਤਾਂ ਮੂੰਹ ਸੁਧ (ਸਾਫ ਸੁਥਰਾ) ਦਿਸਦਾ ਹੈ, (ਪਰ) ਉਲਟਾ ਕਰ ਕੇ ਦੇਖੀਏ (ਤਾਂ) ਮੂੰਹ ਡਰੌਣਾ ਜਿਹਾ ਦਿਸਦਾ ਹੈ।

**ਮਧੁਰ ਬਚਨ ਤਾਹੀ ਰਸਨਾ ਸੈ ਪਿਆਰੋ ਲਾਗੈ ਕੌਰਕ ਬਚਨ ਸੁਨਿ ਲਾਗੈ ਉਰਿ ਬਾਨ ਸੋ ॥**

(ਜਿਵੇਂ) ਜੀਭ ਤੋਂ ਮਿਠਾ ਬਚਨ ਨਿਕਲਿਆ ਪਿਆਰਾ ਲਗਦਾ ਹੈ, (ਪਰ) ਉਸੇ ਹੀ (ਜੀਭ ਤੋਂ) ਕੌੜਾ ਬਚਨ ਸੁਣ ਕੇ, ਛਾਤੀ ਵਿਚ ਤੀਰ ਵਜਣ ਵਾਂਗੂੰ ਲਗਦਾ ਹੈ।

**ਜੈਸੇ ਦਾਨੋ ਖਾਤ ਗਾਤ ਪੁਸ਼ਟ ਮਿਸਟ ਸ੍ਵਾਦ ਮੁਖ ਪੋਸਤ ਕੈ ਪੀਏ ਦੁਖ ਬਿਆਪਤ ਮਸਾਨ ਸੋ ॥**

ਜਿਸ ਤਰ੍ਹਾਂ ਮੂੰਹ ਅੰਨ ਖਾਂਦਾ ਹੈ (ਤਾਂ) ਸਰੀਰ ਤਾਕਤ ਵਾਲਾ ਹੁੰਦਾ ਹੈ ਤੇ ਮੂੰਹ ਨੂੰ ਸਵਾਦ ਮਿੱਠਾ ਲਗਦਾ ਹੈ, (ਪਰ) ਪੋਸਤ ਦੇ ਪੀਤਿਆਂ (ਸਰੀਰ ਨੂੰ) ਦੁਖ ਬਿਆਪਦਾ ਹੈ (ਅਤੇ ਸਰੀਰ) (ਮਸਾਨ) ਸੋ ਮੁਰਦਾ ਜੇਹਾ (ਹੋ ਜਾਂਦਾ ਹੈ)।

**ਤੈਸੇ ਬ੍ਰਿਤ ਨਿੰਦਕ ਸ੍ਵਭਾਵ ਚਕਈ ਚਕੋਰ ਸਤਿਗੁਰ ਸੰਮਤ ਸਹਨਸੀਲ ਭਾਨ ਸੋ ॥ ੬੪੪ ॥**

ਉਸੇ ਤਰ੍ਹਾਂ ਦਾਸ ਤੇ ਨਿੰਦਕ ਦਾ ਸੁਭਾਵ ਚਕਵੀ ਤੇ ਚਕੋਰ ਦੇ ਸਮਾਨ ਹੈ ਅਤੇ ਸਹਿਨ ਸੀਲ ਸਤਗੁਰੂ ਸੂਰਜ ਦੇ ਸਮਾਨ ਹੈ (ਅਰਥਾਤ ਦਾਸ ਸੁਭਾਵ ਵਾਲਾ ਪੁਰਸ਼ ਚਕਵੀ ਸਮਾਨ ਹੈ ਜੋ ਸਤਿਗੁਰੂ ਰੂਪ ਸੂਰਜ ਦੇ ਦਰਸ਼ਨ ਨੂੰ ਲੋਚਦਾ ਹੈ ਅਤੇ ਨਿੰਦਕ ਸੁਭਾਵ ਵਾਲਾ ਪੁਰਸ਼ ਚਕੋਰ ਸਮਾਨ ਹੈ ਜੋ ਗੁਰੂ ਰੂਪ ਸੂਰਜ ਦੇ ਅਸਤ ਹਣ ਦੇ ਸਮੇਂ ਨੂੰ ਉਡੀਕਦਾ ਹੈ) ॥ ੬੪੪ ॥

**ਜੈਸੇ ਤਉ ਪਪੀਹਾ ਪ੍ਰਿਅ ਪ੍ਰਿਅ ਟੇਰ ਹੇਰੇ ਬੂੰਦ ਵੈਸੇ ਪਤਿਬ੍ਰਤਾ ਪਤਿਬ੍ਰਤ ਪ੍ਰਤਿਪਾਲ ਹੈ ॥**

(ਹੇਰੇ ਬੂੰਦ=ਬੂੰਦ ਵਲ ਵੇਖਦਾ ਹੈ।)
(ਜਵਾਰਾ=ਅਗ। ਬਪੁਹਾਰ=ਮਰ ਜਾਂਦੀ।)

ਜਿਸ ਤਰ੍ਹਾਂ ਕਿ ਚਾਤ੍ਰਿਕ ਪ੍ਰਿਆ ! ਪ੍ਰਿਆ ! ਪੁਕਾਰਦਾ ਹੋਇਆ (ਸਵਾਂਤ) ਬੂੰਦ ਵਲ ਵੇਖਦਾ (ਰਹਿੰਦਾ) ਹੈ, ਉਸੇ ਤਰ੍ਹਾਂ ਪਤਿਬ੍ਰਤਾ (ਇਸਤਰੀ) ਪਤਿਬ੍ਰਤ (ਧਰਮ ਦੀ) ਪ੍ਰਤਿਪਾਲਾ ਕਰਦੀ ਰਹਿੰਦੀ ਹੈ।

**ਜੈਸੇ ਦੀਪ ਦਿਪਤ ਪਤੰਗ ਪੇਖਿ**

**ਜ੍ਵਾਰਾ ਜਰੈ ਤੈਸੇ ਪ੍ਰਿਆ ਪ੍ਰੇਮ ਨੇਮ ਪ੍ਰੇਮਨੀ ਸੁਮਾਰ ਹੈ ॥**

ਜਿਸ ਤਰ੍ਹਾਂ ਦੀਵਾ ਜਗਦਾ ਹੈ (ਤਾਂ) ਪਤੰਗਾ (ਉਸਨੂੰ) ਵੇਖਦਾ ਹੀ (ਦੀਵੇ ਦੀ ਲਾਟ ਰੂਪ) ਅਗ ਵਿਚ ਸੜ ਜਾਂਦਾ ਹੈ, ਉਸੇ ਤਰ੍ਹਾਂ ਹੀ ਪਰੇਮ ਪੂਰਨ ਇਸਤ੍ਰੀ ਪਿਆਰੇ (ਪਤੀ ਦੇ) ਪਰੇਮ ਦੇ ਨੇਮਾਂ ਨੂੰ ਸੰਭਾਲਦੀ ਹੈ ।

**ਜਲ ਸੈ ਨਿਕਸ ਜੈਸੇ ਮੀਨ ਮਰ ਜਾਤਿ ਤਾਤ ਬਿਰਹ ਬਿਯੋਗ ਬਿਰਹਨੀ ਬਪੁਹਾਰ ਹੈ ॥**

ਜਿਸ ਤਰ੍ਹਾਂ ਪਾਣੀ ਵਿਚੋਂ ਨਿਕਲ ਕੇ, ਮੱਛੀ ਝਟਪਟ ਮਰ ਜਾਂਦੀ ਹੈ, ਉਸੇ ਤਰ੍ਹਾਂ ਹੀ ਬਿਰਹਨੀ ਇਸਤ੍ਰੀ ਬਿਰਹ ਦੇ ਵਿਛੋੜੇ (ਵਿਚ ਅਪਣੇ) ਸਰੀਰ ਨੂੰ ਹਾਰ ਦੇਂਦੀ (ਮਰ ਜਾਂਦੀ ਹੈ) ।

**ਬਿਰਹਨੀ ਪ੍ਰੇਮ ਨੇਮ ਪਤਿਬ੍ਰਤਾ ਕੈ ਕਹਾਵੈ ਕਰਨੀ ਕੈ ਐਸੀ ਕੋਟਿ ਮਧੇ ਕੋਊ ਨਾਰਿ ਹੈ ॥ ੬੪੫ ॥**

(ਪਰ ਜਹੜੀ) ਬਿਰਹਨੀ (ਹੋ ਕੇ) ਪਰੇਮ ਦੇ ਨੇਮ ਪੂਰ ਕਰ ਕੇ ਪਤਿਬ੍ਰਤਾ ਕਹਾਉਂਦੀ ਹੈ, ਇਸ ਤਰ੍ਹਾਂ ਦੀ ਇਸਤਰੀ ਕਰੋੜਾਂ ਵਿਚੋਂ ਕੋਈ ਇਕ (ਵਿਰਲੀ) ਹੈ ॥ ੬੪੫ ॥

**ਅਨਿਕ ਅਨੂਪ ਰੂਪ ਰੂਪ ਸਮਸਰ ਨਾਹਿ ਅੰਮ੍ਰਿਤ ਕੋਟਾਨਿ ਕੋਟਿ ਮਧੁਰ ਬਚਨ ਸਰ ॥**

ਅਨੇਕਾਂ ਹੀ ਅਨੂਪਮ ਰੂਪ (ਸਤਿਗੁਰੂ ਜੀ ਦੇ) ਰੂਪ ਦੇ ਸਮਾਨ ਨਹੀਂ ਹਨ, ਅਤੇ ਕਰੋੜਾਂ ਕ੍ਰੋੜ ਅੰਮ੍ਰਿਤ (ਭੀ ਸਤਿਗੁਰੂ ਜੀ ਦੇ) ਬਚਨਾਂ ਦੀ ਮਿਠਾਸ ਦੇ ਬਰਾਬਰ ਨਹੀਂ ਹਨ ।

**ਧਰਮ ਅਰਥ ਕੋਟਿ ਕਾਮਨਾ ਕਟਾਛ ਪਰ ਵਾਰ ਡਾਰਉ ਬਿਬਿਧਿ ਮੁਕਤ ਮੰਦਹਾਸੁ ਪਰ ॥**

ਕਰੋੜਾਂ ਧਰਮ ਅਰਥ ਤੇ ਕਾਮਨਾ (ਸਤਿਗੁਰੂ ਦੀ ਕਿਰਪਾ) ਦ੍ਰਿਸ਼ਟੀ ਉਪਰੋਂ ਅਤੇ ਅਨੇਕ ਤਰ੍ਹਾਂ ਦੀਆਂ ਮੁਕਤੀਆਂ (ਉਨ੍ਹਾਂ ਦੀ) ਮੁਸਕਰਾਹਟ ਉਪਰੋਂ ਵਾਰਨੇ ਕਰ ਸੁਟਦਾ ਹਾਂ ।

**ਸੂਰਗ ਅਨੰਤ ਕੋਟਿ ਕਿੰਚਤ ਸਮਾਗਮ ਕੈ ਸੰਗਮ ਸਮੂਹ ਸੁਖ ਸਾਗਰ ਨ ਤੁਲ ਧਰ ॥**

(ਸਤਿਗੁਰੂ ਨਾਲ ਜੋ) ਰਤਾ ਜਿੰਨਾ ਸਮਾਗਮ ਹੋਣ ਹੈ, (ਉਸ ਤੋਂ) ਬੇਅੰਤ ਕਰੋੜ ਸੁਰਗ (ਅਤੇ ਸਤਿਗੁਰੂ ਜੀ ਦੇ) ਮਿਲਾਪ ਦੇ ਬਰਾਬਰ ਸਾਰੇ ਸੁਖਾਂ ਦੇ ਸਮੁੰਦਰ ਨੂੰ ਭੀ ਨਹੀਂ ਧਰ ਸਕਦਾ ਹਾਂ (ਅਰਥਾਤ ਸਤਿਗੁਰੂ ਜੀ ਦੇ ਮਿਲਾਪ ਦਾ ਜੋ ਸੁਖ ਹੈ, ਉਸਦੇ ਬਰਾਬਰ ਸਾਰੇ ਸੁਖਾਂ ਦੇ ਸਮੁੰਦਰ ਭੀ ਨਹੀਂ ਪੁਜਦੇ ਹਨ) ।

**ਪ੍ਰੇਮ ਰਸ ਕੋ ਪ੍ਰਤਾਪੁ ਸਰ ਕਛੂ ਪੂਜੈ ਨਾਹਿ ਤਨ ਮਨ ਧਨ ਸਰਬਸੁ ਬਲਿਹਾਰ ਕਰ ॥ ੬੪੬ ॥**

(ਸਚ ਤਾਂ ਏਹ ਹੈ ਕਿ) ਪਰੇਮ ਰਸ ਦੇ ਪ੍ਰਤਾਪ ਦੇ ਬਰਾਬਰ ਕੁਝ ਭੀ ਨਹੀਂ ਪੁਜਦਾ ਹੈ (ਉਸਦੇ ਉਪਰ ਮੈਂ) ਤਨ, ਮਨ, ਧਨ ਤੇ ਸਰਬੰਸ ਕੁਰਬਾਨ ਕਰਦਾ ਹਾਂ ॥ ੬੪੬ ॥

**ਅਛਲ ਅਛੇਦ ਪ੍ਰਭੁ ਜਾਕੈ ਬਸ ਬਿਸ੍ਵ ਬਲ ਤੈ ਜੁ ਰਸ ਬਸ ਕੀਏ ਕਵਨ ਪ੍ਰਕਾਰ ਕੈ ॥**

(ਆਲੀ=ਹੇ ਸਖੀ ! ਨਿਗਮ=ਵੇਦ ।)
(ਜੰਪਤ=ਜਪਦੇ ਹਨ । )

ਨੋਟ—ਸਖੀ ਸ੍ਵਾਮਿਨੀ ਨੂੰ ਪੁਛਦੀ ਹੈ, ਅਰਥਾਤ ਜਗਯਾਸੂ ਜਨ ਗੁਰਮੁਖ ਪਾਸੋਂ ਪੁਛਦਾ ਹੈ ।

ਹੇ ਸਖੀ ! ਜੋ ਪ੍ਰਭੂ ਅਛਲ ਤੇ ਅਛੇਦ ਹੈ, ਜਿਸਦੇ ਬਲ ਦੇ ਵਸ ਵਿਚ ਸਾਰਾ ਸੰਸਾਰ ਹੈ, ਤੂੰ ਜੋ ਉਸ

ਨੂੰ ਵਸ ਕੀਤਾ ਹੈ, ਉਹ ਕਿਸ ਪਰਕਾਰ ਦੇ ਰਸ ਕਰ ਕੇ ਕੀਤਾ ਹੈ।

**ਸ਼ਿਵ ਸਨਕਾਦਿ ਬ੍ਰਹਮਾਦਿਕ ਨ ਧਿਆਨ ਪਾਵੈਂ ਤੇਰੋ ਧਿਆਨ ਧਾਰੈ ਆਲੀ ਕਵਨ ਸ਼ਿੰਗਾਰ ਕੈ॥**

ਸ਼ਿਵਜੀ, ਸਨਕਾਦਿਕ ਤੇ ਬ੍ਰਹਮਾ ਵਰਗੇ ਧਿਆਨ (ਧਰਕੇ ਭੀ ਜਿਸ ਦਾ ਦਰਸ਼ਨ) ਨਹੀਂ ਪਾ ਸਕੇ ਹਨ, (ਉਹ) ਤੇਰੇ ਧਿਆਨ ਨੂੰ ਧਰ ਰਿਹਾ ਹੈ, ਹੇ ਸਖੀ! ਕੇਹੜੇ ਸ਼ਿੰਗਾਰ ਦੇ ਕਰਨੇ ਕਰ ਕੇ (ਉਹ ਤੇਰੇ ਤੇ ਮੋਹਤ ਹੋਯਾ ਹੈ)।

**ਨਿਗਮ ਅਸੰਖ ਸੇਖ ਜੰਪਤ ਹੈ ਜਾਕੋ ਜਸੁ ਤੇਰੋ ਜਸੁ ਗਾਵਤ ਕਵਨ ਉਪਕਾਰ ਕੈ॥**

ਵੇਦ ਤੇ ਅਗਿਣਤ ਹੀ ਸ਼ੇਸ਼ਨਾਗ ਜਿਸਦੇ ਜਸ ਨੂੰ ਜਪਦੇ ਹਨ, ਕੇਹੜੇ ਉਪਕਾਰ ਕਰਨ ਕਰ ਕੇ ਉਹ ਤੇਰੇ ਜਸ ਨੂੰ ਗਾਉਂਦਾ ਹੈ?

**ਸੁਰ ਨਰ ਨਾਥ ਜਾਹਿ ਖੋਜਤ ਨ ਖੋਜ ਪਾਵੈ ਖੋਜਤ ਫਿਰਹ ਤੋਹਿ ਕਵਨ ਪਿਆਰ ਕੈ ॥ ੬੪੭ ॥**

ਦੇਵਤੇ, ਮਨੁਖ (ਤੇ ਨੌਂ) ਨਾਥ, ਖੋਜਦੇ ਹੋਏ ਭੀ ਜਿਸਦਾ ਖੋਜ ਨਹੀਂ ਪਾ ਸਕੇ ਹਨ, ਕੇਹੜੇ ਪਿਆਰ ਕਰ ਕੇ, ਉਹ ਤੈਨੂੰ ਖੋਜਦਾ ਫਿਰਦਾ ਹੈ। ੬੪੭॥

ਨੋਟ—ਇਸ ਕਬਿਤ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਅੰਤਰ ਲਾਪਿਕਾ ਦੀ ਰੀਤੀ ਅਨੁਸਾਰ ਛੰਦ ਦੀ ਅੰਤਲੀ ਤੁਕ ਦਾ ਅੰਤਲਾ ਪਦ 'ਪਿਆਰ ਕੈ' ਹੀ ਦਿਤਾ ਹੈ।

**ਕੈਸੇ ਕੈ ਅਗਹ ਗਹਿਓ ਕੈਸੇ ਕੈ ਅਛਲ ਛਲਿਓ ਕੈਸੇ ਕੈ ਅਭੇਦ ਭੇਦਿਓ ਅਲਖ ਲਖਇਓ ਹੈ॥**

ਨਾ ਫੜੇ ਜਾਣ ਵਾਲੇ ਨੂੰ ਕਿਸ ਤਰ੍ਹਾਂ ਕਰ ਕੇ ਫੜਿਆ ਹੈ। ਨਾ ਛਲਨ ਵਾਲੇ ਨੂੰ ਕਿਸਤਰਾਂ ਕਰਕੇ ਛਲਿਆ ਹੈ। (ਜਿਸ ਦਾ) ਭੇਦ ਨਹੀਂ (ਮਿਲਦਾ) ਪਾਇਆ ਜਾਂਦਾ, ਕਿਸਤਰਾਂ ਕਰ ਕੇ ਭੇਦ ਪਾਇਆ ਹੈ ਅਤੇ ਨਾ ਲਖੇ ਜਾਣ ਵਾਲੇ ਨੂੰ (ਕਿਵੇਂ) ਲਖਿਆ ਹੈ?

**ਕੈਸੇ ਕੈ ਅਪੇਖ ਪੇਖਿਓ ਕੈਸੇ ਕੈ ਅਗੜ ਗੜਿਓ ਕੈਸੇ ਕੈ ਅਪਿਓ ਪੀਓ ਅਜਰ ਜਰਇਓ ਹੈ॥**

ਨਾ ਦਿਸ ਸਕਣ ਵਾਲੇ ਨੂੰ ਕਿਸਤਰਾਂ ਕਰ ਕੇ ਵੇਖਿਆ ਹੈ। (ਹਿਰਦੇ ਵਿਚ) ਨਾ ਗਡੇ ਜਾਣ ਵਾਲੇ ਨੂੰ ਕਿਸਤਰਾਂ ਕਰ ਕੇ ਗਡਿਆ ਹੈ। ਨਾ ਪੀਤੇ ਜਾਣ ਵਾਲੇ ਅੰਮ੍ਰਿਤ ਨੂੰ ਕਿਸਤਰਾਂ ਕਰ ਕੇ ਪੀਤਾ ਹੈ ਅਤੇ ਨਾ ਜਰੇ ਜਾਣ ਵਾਲੇ (ਪਦਾਰਥ ਨੂੰ ਕਿਵੇਂ) ਜਰਿਆ ਹੈ।

**ਕੈਸੇ ਕੈ ਅਜਾਪ ਜਪਿਓ ਕੈਸੇ ਕੈ ਅਥਾਪ ਥਪਿਓ ਪਰਸਿਓ ਅਪਰਸ ਅਗਮ ਸੁਗਮਇਓ ਹੈ॥**

ਨਾ ਜਪੇ ਜਾਣ ਵਾਲੇ ਜਾਪ ਨੂੰ ਕਿਸਤਰਾਂ ਕਰ ਕੇ ਜਪਿਆ ਹੈ? ਨਾ ਥਾਪੇ ਜਾਣ ਵਾਲੇ ਨੂੰ ਕਿਸਤਰਾਂ ਕਰ ਕੇ ਥਾਪਿਆ ਹੈ। ਨਾ ਪਰਸੇ ਜਾਣ ਵਾਲੇ ਪ੍ਰਭੂ ਨੂੰ ਕਿਵੇਂ ਪਰਸਿਆ ਹੈ। ਅਗਮ ਨੂੰ ਸੁਗਮਤਾ ਕਿਵੇਂ ਪਾਇਆ ਹੈ।

**ਅਦਭੁਤ ਗਤ ਅਸਚਰਜ ਬਿਸਮ ਅਤਿ ਕੈਸੇ ਕੈ ਅਪਾਰ ਨਿਰਾਧਾਰ ਠਹਿਰਇਓ ਹੈ॥ ੬੪੮॥**

(ਜਿਸ ਦੀ) ਗਤੀ ਅਦਭੁਤ ਹੈ, ਅਚਰਜ ਹੈ ਤੇ ਅਤਯਤ ਬਿਸਮਾਦ ਹੈ (ਉਸ) ਅਪਾਰ ਨਿਰਧਾਰ ਨੂੰ ਕਿਸਤਰਾਂ ਕਰ ਕੇ ਠਹਿਰਾਇਆ ਹੈ॥ ੬੪੮॥

**ਕਹਿ ਧਉ ਕਹਾ ਕੂ ਰਮਾ ਰੰਮ ਪੂਰਬ ਜਨਮ ਬਿਖੈ ਐਸੀ ਕੌਨ**

## ਤਪਸਿਆ ਕਠਨ ਤੋਹਿ ਕੀਨੀ ਹੈ ॥

(ਕਹਿ ਧੌਂ=ਦਸ ਖਾਂ । ਕਹਾਂ ਕੂੰ=ਕਿਸਤਰਾਂ)
(ਕਿਵੇਂ । ਰਮਾ=ਲਛਮੀ । ਰੰਮ=ਸੁੰਦਰ ।)
(ਨਾਇਕਾ=ਇਸਤਰੀਆਂ । ਚਿਤਵਤ=)
(ਵੇਖਦਿਆਂ । ਹਰ ਲੀਨੀ=ਚੁਰਾ ਲਈ ।)
(ਸ੍ਰਿਆ=ਦੌਲਤ । )

ਦਸ ਖਾਂ, ਹੇ ਸੁੰਦਰ ਲਛਮੀ ! ਪਿਛਲੇ ਜਨਮ ਵਿਚ ਇਸ ਤਰ੍ਹਾਂ ਦੀ ਕੇਹੜੀ ਕਿਵੇਂ ਤੇ ਕਿਥੇ ਕਠਨ ਤਪਸਿਆ ਤੂੰ ਕੀਤੀ ਸੀ ।

## ਜਾਤੇ ਗੁਨ ਰੂਪ ਅਉ ਕਰਮ ਕੈ ਸਕਲ ਕਲਾ ਸ੍ਰੇਸਟ ਹੁਇ ਸਰਬ ਨਾਇਕਾ ਕੀ ਛਬਿ ਛੀਨੀ ਹੈ ॥

ਜਿਸ ਕਰ ਕੇ ਗੁਣ, ਰੂਪ ਅਤੇ ਕਰਮ ਕਰ ਕੇ ਸਾਰੀਆਂ ਸ਼ਕਤੀਆਂ ਵਿਚ ਸਰੇਸ਼ਟ ਹੋ ਕੇ ਸਾਰੀਆਂ ਇਸਤਰੀਆਂ ਦੀ ਸੁੰਦਰਤਾ ਤੂੰ ਖੋਹ ਲਈ ਹੈ ।

## ਜਗਤ ਕੀ ਜੀਵਨ ਜਗਤ ਪਤਿ ਚਿੰਤਾਮਨਿ ਮੁਖ ਮੁਸਕਾਇ ਚਿਤਵਤ ਹਿਰ ਲੀਨੀ ਹੈ ॥

(ਜੋ) ਜਗਤ ਦਾ ਜੀਵਨ (ਰੂਪ) ਜਗਤ ਦਾ ਸਵਾਮੀ ਵਿਸ਼ਨੂੰ ਹੈ, (ਉਸਦੇ) ਮੁਖ ਦੀ ਮੁਸਕ੍ਰਾਹਟ ਰੂਪ ਜੋ ਚਿੰਤਾਮਨੀ (ਜਗਤ ਦੀਆਂ ਕਾਮਨਾਂ ਪੂਰਨ ਕਰਨ ਵਾਲੀ ਹੈ) ਉਹ ਤੂੰ ਕੇਵਲ ਇਕ ਵੇਰੀ ਵੇਖਣ ਨਾਲ ਹੀ ਚੁਰਾ ਲਈ ਹੈ ।

## ਕੋਟਿ ਬ੍ਰਹਮੰਡ ਕੇ ਨਾਯਕ ਕੀ ਨਾਯਕਾ ਭਈ ਸਕਲ ਭਵਨ ਕੀ ਸ੍ਰਿਯਾ ਤੁਮਹਿ ਦੀਨੀ ਹੈ ॥ ੬੪੯ ॥

ਕਰੋੜਾਂ ਬ੍ਰਹਮੰਡਾਂ ਦੇ ਸਵਾਮੀ ਦੀ ਸ੍ਵਾਮਿਨੀ ਹੋ ਗਈ ਹੈਂ, (ਉਸਨੇ) ਸਾਰੇ ਲੋਕਾਂ ਦੀ ਦੌਲਤ ਤੈਨੂੰ ਦੇ ਦਿਤੀ ਹੈ ॥ ੬੪੯ ॥

## ਰੂਪ ਕੋਟਿ ਰੂਪ ਪਰ ਸੋਭਾ ਪਰ ਕੋਟਿ ਸੋਭਾ ਚਤੁਰਾਈ ਕੋਟਿ ਚਤੁਰਾਈ ਪਰ ਵਾਰੀਐ ॥

(ਉਸਦੇ) ਰੂਪ ਪਰ ਕਰੋੜਾਂ ਰੂਪ, ਸੋਭਾ ਪਰ ਕਰੋੜਾਂ ਸੋਭਾ, ਅਤੇ ਚਤੁਰਾਈ ਉਪਰੋਂ ਕਰੋੜਾਂ ਤਰ੍ਹਾਂ ਦੀ ਚਤੁਰਾਈ ਵਾਰ ਦੇਈਏ ।

## ਗਿਆਨਗੁਨ ਕੋਟਿ ਗੁਨ ਗਿਆਨ ਪਰ ਵਾਰ ਡਾਰੈ ਕੋਟਿ ਭਾਗ ਭਾਗ ਪਰ ਧਰਿ ਬਲਿਹਾਰੀਐ ॥

(ਉਸਦੇ) ਗਿਆਨ ਗੁਣ ਉਪਰੋਂ ਕਰੋੜਾਂ ਗਿਆਨ ਵਾਰਨੇ ਕਰ ਸੁਟੇ ਹਨ, ਅਤੇ ਭਾਗ (ਕਿਸਮਤ) ਉਤੋਂ ਗੁਣ ਕਰੋੜਾਂ ਭਾਗ ਬਲਿਹਾਰਨੇ ਕਰ ਦਿਤੇ ਹਨ ।

## ਸੀਲ ਸੁਧ ਲਛਨ ਕੋਟਾਨਿ ਸੀਲ ਲਛਨ ਕੈ ਲਜਾ ਕੋਟਿ ਲਜਾ ਕੈ ਲਜਾਇਅਨ ਮਾਰੀਐ ॥

(ਉਸਦੀ) ਸੀਲਤਾ ਵਾਲ ਲਛਣਾਂ ਉਤੋਂ ਕਰੋੜਾਂ ਸੁਭ ਸੀਲ ਲਛਨ (ਤੇ) ਲਜਾ ਉਤੋਂ ਕਰੋੜਾਂ ਲਜਾਂ ਸਰਮਿੰਦੀਆਂ ਹੋ ਕੇ ਮਰ ਜਾਂਦੀਆਂ ਹਨ ।

## ਪ੍ਰੇਮਨ ਪਤਿਬ੍ਰਤਾ ਹੂੰ ਪ੍ਰੇਮ ਅਉ ਪਤਿਬ੍ਰਤ ਕੈ ਜਾਕਉ ਨਾਥ ਕਿੰਚਤ ਕਟਾਛ ਕੈ ਨਿਹਾਰੀਐ ॥ ੬੫੦ ॥

(ਉਸ) ਪਰੇਮਣ ਪਤਿਬ੍ਰਤਾ (ਤੋਂ) ਪਰੇਮ ਅਤੇ ਪਤਿਬ੍ਰਤ (ਧਰਮ ਸਦਕੇ ਵਾਰਨ ਕਰ ਸੁਟਾਂ) ਜਿਸ ਨੂੰ (ਉਸਦਾ) ਸਵਾਮੀ ਰਤਾ ਜਿੰਨੀ ਕਿਰਪਾ ਦ੍ਰਿਸ਼ਟੀ ਕਰ ਕੇ ਵੇਖਦਾ ਹੈ ॥ ੬੫੦ ॥

## ਕੋਟਿਨ ਕੋਟਾਨਿ ਸੁਖ ਪੂਜੈ ਨ ਸਮਾਨਿ ਸੁਖ ਆਨੰਦ ਕੋਟਾਨਿ ਤੁਲਿ ਆਨੰਦ ਨ ਆਵਹੀ ॥

(ਤੁਲਿ=ਬਰਾਬਰ, ਸਮਾਨ, ਸਦਰਸ਼ ।)
(ਸਰਿ=ਸਦ੍ਰਿਸ਼, ਸਮਾਨ, ਬਰਾਬਰ ।)

(ਨਾਹਿ=ਸਵਾਮੀ, ਪਤੀ। ਅਉਸਰ=ਸਮਾਂ।)
(ਅਭੀਚ=ਅਭਿਜਿਤ ਨਛਤ੍ਰ ਉਤਰਾਖਾੜਾ)
(ਨਛਤ੍ਰ ਦੇ ਅਖੀਰਲੇ ੧੫ ਦੰਡ, ਜਾਂ)
(ਸ੍ਰਵਨਾ ਨਛਤ੍ਰ ਦੇ ਪਹਿਲੇ ਚਾਰ ਦੰਡ।)
( ਸਹਜਿ=ਗਿਆਨ। )

ਕਰੋੜਾਂ ਕਰੋੜ ਸੁਖ, (ਉਸ) ਸੁਖ ਦੇ ਸਮਾਨ ਨਹੀਂ ਪੁਜਦੇ ਹਨ ਅਤੇ ਕਰੋੜਾਂ (ਤਰ੍ਹਾਂ ਦੇ) ਅਨੰਦ (ਉਸ) ਅਨੰਦ ਦੇ ਬਰਾਬਰ ਨਹੀਂ ਆਉਂਦੇ ਹਨ।

**ਸਹਜਿ ਕੋਟਾਨਿ ਕੋਟਿ ਪੁਜੈ ਨ ਸਹਜਿ ਸਰਿ ਮੰਗਲ ਕੋਟਾਨਿ ਸਮ ਮੰਗਲ ਨ ਪਾਵਹੀ ॥**

ਕਰੋੜਾਂ ਕਰੋੜ ਗਿਆਨ (ਭੀ ਉਸ) ਗਿਆਨ ਨੂੰ ਨਹੀਂ ਪੁਜਦਾ ਹੈ ਅਤੇ ਕਰੋੜਾਂ (ਤਰ੍ਹਾਂ ਦੇ) ਮੰਗਲ (ਭੀ ਉਸ) ਮੰਗਲ (ਦੀ ਸਮਤਾ) ਨਹੀਂ ਪਾਂਦੇ ਹਨ।

**ਕੋਟਿਨ ਕੋਟਾਨਿ ਪਰਤਾਪੁ ਨ ਪ੍ਰਤਾਪੁ ਸਰਿ ਕੋਟਿਨ ਕੋਟਾਨਿ ਛਬਿ ਛਬਿ ਨ ਪੁਜਾਵਹੀ ॥**

ਕਰੋੜਾਂ ਕਰੋੜ ਪ੍ਰਤਾਪ (ਉਸਦੇ) ਪ੍ਰਤਾਪ ਦੇ ਬ੍ਰਾਬਰ ਨਹੀਂ (ਪੁਜਦੇ ਹਨ, ਅਤੇ) ਕ੍ਰੋੜਾਂ ਕ੍ਰੋੜ ਸੁੰਦਰਤਾਈਆਂ (ਉਸਦੀ) ਸੁੰਦਰਤਾ ਨੂੰ ਨਹੀਂ ਪੁਜਦੀਆਂ ਹਨ।

**ਅਰਥ ਧਰਮ ਕਾਮ ਮੋਖ ਕੋਟਿਨ ਹੀ ਸਮ ਨਾਹਿ ਅਉਸਰ ਅਭੀਚ ਨਾਹਿ ਸਿਹਜਾ ਬੁਲਾਵਹੀ ॥ ੬੫੧ ॥**

ਕਰੋੜਾਂ ਹੀ ਧਰਮ, ਕਰੋੜਾਂ ਹੀ ਅਰਥ, ਕਰੋੜਾਂ ਹੀ ਕਾਮ ਤੇ ਕਰੋੜਾਂ ਹੀ ਮੋਖ (ਉਸਦੇ) ਸਮਾਨ ਨਹੀਂ ਹਨ, ਅਤੇ ਨਾ ਹੀ ਅਭਜਿਤ ਨਛਤ੍ਰ ਦਾ ਸਮਾਂ (ਉਸਦੇ ਸਮਾਨ ਹੈ, ਜਦੋਂ (ਇਸਤਰੀ ਨੂੰ) ਪਤੀ ਸੇਜਾ ਉਤੇ ਬੁਲਾਉਂਦਾ ਹੈ॥ ੬੫੧।

ਭਾਵ—'ਸੋ ਸੁਖ ਮੁਖ ਤੇ ਬਰਨ ਨ ਜਾਵਤ।' ਜਦੋਂ ਸਿਖ ਨੂੰ ਵਾਹਿਗੁਰੂ ਆਪਣੇ ਨਾਲ ਅਭੇਦ ਕਰਦਾ ਹੈ, ਜਾਂ ਜਦੋਂ ਗੁਰੂ ਤੇ ਸਿਖ ਦਾ ਮਿਲਾਪ ਹੁੰਦਾ ਹੈ, ਉਸ ਸਮੇਂ ਸਿਖ ਨੂੰ ਜੋ ਸੁਖ ਪਰਾਪਤ ਹੁੰਦਾ ਹੈ, ਉਸ ਸੁਖ ਦਾ ਮੁਕਾਬਲਾ ਕਿਸੇ ਤਰ੍ਹਾਂ ਵਰਨਣ ਨਹੀਂ ਕੀਤਾ ਜਾਂਦਾ, ਉਹ ਸਰਬ ਸਰੋਮਣੀ ਸੁਖ ਹੈ।

**ਸਫਲ ਜਨਮ ਧੰਨ ਆਜ ਕੋ ਦਿਵਸ ਰੈਨਿ ਪਹਰ ਮਹੂਰਤ ਘਰੀ ਅਉ ਪਲ ਪਾਏ ਹੈਂ ॥**

ਜਨਮ ਸਫਲ ਹੋ ਗਿਆ ਹੈ, ਅਜ ਦਾ ਦਿਨ ਰਾਤ ਪਹਿਰ, ਮਹੂਰਤ, ਘੜੀਆਂ ਪਲ (ਜੋ ਭੀ ਇਸ ਵੇਲੇ) ਪਾਇਆ (ਹੈ, ਸਭ ਕੁਝ) ਧੰਨ ਹੈ।

**ਸਫਲ ਸ਼ਿੰਗਾਰ ਚਾਰੁ ਸਿਹਜਾ ਸੰਜੋਗ ਭੋਗੁ ਅ ਗਨ ਮੰਦਰੁ ਅਤਿ ਸੁੰਦਰ ਸੁਹਾਏ ਹੈਂ ॥**

(ਅਜ ਮੇਰਾ) ਸੁੰਦਰ ਸ਼ਿੰਗਾਰ (ਜੋ) ਸੇਜਾ ਸੰਜਗ ਭੋਗ (ਲਈ ਕੀਤਾ ਸੀ, ਸਭ) ਸਫਲ (ਹੋ ਗਿਆ ਹੈ, ਅਰਥਾਤ ਵਾਹਿਗੁਰੂ ਪਤੀ ਨੂੰ ਪਰਸੰਨ ਕਰਨ ਲਈ ਜੋ ਭੀ ਜਪ ਤਪ ਆਦਿਕ ਕੀਤਾ ਸੀ, ਸਭ ਸਫਲ ਹੈ, ਅਤੇ) ਮੰਦਰ ਤ ਵੇਹੜਾ ਵਡੇ ਸੁੰਦਰ ਤੇ ਸੋਭਾ ਵਾਲ ਹੋ ਗਏ ਹਨ, ਕਿਉਂਕਿ 'ਸਹੁ ਬੈਠਾ ਅੰਙਣ ਮਾਲ।'

**ਜਗ ਮਗ ਜੋਤਿ ਸੋਭਾ ਕੀਰਤਿ ਪ੍ਰਤਾਪ ਛਬਿ ਆਨਦ ਸਹਜਿ ਸੁਖ ਸਾਗਰ ਬਢਾਏ ਹੈਂ ॥**

ਸੋਭਾ ਦੀ ਜਤਿ (ਕੀਰਤੀ) ਜਗ-ਗ ਰੂਪ ਪਰਕ ਸ਼ ਮਾਨ ਹੋ ਰਹੀ ਹੈ ਤ ਪਰਤਾਪ ਤੇ ਸੁੰਦਰਤਾ ਦੀ ਕੀਰਤੀ (ਹਰ ਪਾਸੇ ਫੈਲ ਗਈ ਹੈ) ਅਤੇ ਆਤਮ ਅਨੰਦ ਦੇ ਸੁਖ ਦਾ ਸਮੁੰਦਰ ਉਛਲ ਆਇਆ ਹੈ।

**ਅਰਥ ਧਰਮ ਕਾਮ ਮੋਖ ਨਿਹਕਾਮ ਨਾਮੁ ਪ੍ਰੇਮ ਰਸ ਰਸਿਕ ਹੁਇ ਲਾਲ ਮੇਰੇ ਆਏ ਹੈਂ ॥ ੬੫੨ ॥**

ਧਰਮ, ਅਰਥ, ਕਾਮ ਤੇ ਮੋਖ (ਤੇ ਜਿਸਦਾ) ਨਾਮ ਨਿਸ਼ਕਾਮਤਾ (ਹੈ, ਉਹ ਸਭ ਆਪਣੇ ਆਪ ਆ ਗਏ ਹਨ, ਕਿਉਂਕਿ) ਪਰੇਮ ਰਸ ਦੇ ਰਸਿਕ ਹੋ ਕੇ ਮੇਰ

ਲਾਲ ਜੀ (ਮੇਰੇ ਕੋਲ ਆਪੇ ਹੀ) ਆ ਗਏ ਹਨ ॥ ੬੫੨ ॥

**ਨਿਸ ਨ ਘਟੈ ਨ ਲਟੈ ਸਸੀਅਰ ਦੀਪ ਜੋਤਿ ਕੁਸਮ ਬਾਸ ਹੂੰ ਨ ਮਿਟੈ ਅਉਸੁ ਟੇਵ ਸੇਵ ਕੀ ॥**

(ਲਟੈ=ਡੋਲੇ, ਹਿਲੇ । ਸਸੀਅਰ=ਚੰਦ੍ਰਮਾ ।)
(ਕੁਸਮ ਬਾਸ=ਫੁਲਾਂ ਦੀ ਸੁਗੰਧੀ ।)
(ਬਰੀਆ=ਵਾਰੀ । ਟੇਵ=ਆਦਤ, ਵਾਦੀ ।)
(ਸਹਜਿ=ਗਿਆਨ ਦੀ । ਸਮੇਵ= ਸਮਾਏ ਰਹਿਣ ।)

(ਲਾਲ ਜੀ ਘਰ ਆਏ ਹਨ, ਅੱਜ ਦੀ) ਰਾਤ ਨ ਮੁਕੇ, ਚੰਦਰਮਾ ਨਾ ਹਿਲ, ਦੀਵੇ ਦੀ ਜੋਤ ਨਾ ਡੋਲੇ, ਫੁਲਾਂ ਵਿਚੋਂ ਵ ਸ਼ਨਾਂ ਭੀ ਨਾ ਮੁਕੇ ਅਤੇ ਉਹ ਸੇਵਾ ਕਰਨ ਵਾਲੀ ਮੇਰੀ ਆਦਤ ਨਾ ਹਟ ਜਾਵੇ ।

**ਸਹਜ ਕਥਾ ਨ ਘਟੈ ਸ੍ਰਵਨਿ ਸੁਰਤਿ ਮਤਿ ਰਸਨਾ ਪਰਸ ਰਸ ਰਸਿਕ ਸਮੇਵ ਕੀ ॥**

ਗਿਆਨ ਦੀ ਕਥਾ ਨਾ ਘਟ, ਕੰਨਾਂ ਵਿਚੋਂ ਸੂਝ ਦੀ ਮਤ (ਨਾ ਘਟੇ) ਰਸਨਾ ਵਿਚੋਂ ਸਪਰਸ਼ ਨਾ ਘਟੇ, ਰਸਿਕ ਦੀ ਰਸ ਵਿਚ ਸਮਾਏ ਰਹਿਣ (ਦੀ ਸਿਕ ਨਾ ਘਟੇ) ।

**ਨਿੰਦ੍ਰਾ ਨ ਪਰੈ ਅਰੁ ਕਰੈ ਨ ਆਰਸ ਪ੍ਰਵੇਸ ਰਿਦੈ ਬਰੀਆ ਸੰਜੋਗ ਅਲਖ ਅਭੇਵ ਕੀ ॥**

(ਨੈਨਾਂ ਵਿਚ) ਨੀਂਦ ਨਾ ਪਵੇ ਅਤੇ ਹਿਰਦੇ ਵਿਚ ਆਲਸ ਪਰਵੇਸ਼ ਨਾ ਕਰ, (ਕਿਉ ਕਿ) ਅਲਖ ਅਭੇਵ ਦੇ ਸੰਜੋਗ ਦੀ (ਅਜ ਮੇਰੀ) ਵਾਰੀ ਹੈ ।

**ਚਾਉ ਚਿਤ ਚਉਗੁਨੋ ਹ੍ਵੈ ਪ੍ਰਬਲ ਪ੍ਰੇਮ ਨੇਮ ਦਇਆ ਦਸ ਗੁਨੀ ਉਪਜੈ ਦਇਆਲ ਦੇਵ ਕੀ ॥ ੬੫੩ ॥**

ਚਿਤ ਵਿਚ ਚਾਹ ਚਾਰ ਗੁਣਾ ਵਧ ਜਾਵੇ, ਪਰੇਮ ਦਾ ਨੇਮ ਬੜੇ ਜੋਰ ਵਾਲਾ ਹੋ ਜਾਵੇ, (ਅਤੇ ਜੋ ਮੇਰੇ ਪ੍ਰਭੂ) ਦਿਆਲੂ ਦੇਵ ਹਨ, (ਉਨ੍ਹਾਂ ਦੀ) ਦਇਆ (ਮੇਰੇ ਉਤੇ) ਦਸ ਗੁਣੀ ਪੈਦਾ ਹੋ ਜਾਵੇ ॥ ੬੫੩ ॥

**ਨਿਮਖ ਨਿਮਖ ਨਿਸ ਨਿਸ ਪਰਮਾਨ ਹੋਇ ਪਲ ਪਲ ਮਾਸ ਪਰਯੰਤ ਹੁਇ ਬਿਥਾਰੀ ਹੈ ॥**

(ਨਿਮਖ=ਅੱਖ ਦੇ ਝਮਕਨ ਜਿੰਨਾ ਸਮਾਂ,)
(ਇਕ ਵਿਸੇ ਦਾ ਪੰਦਰਵਾਂ ਹਿਸਾ ।)
(ਪਰਮਾਨ=ਜੇਡਾ । ਪਰਯੰਤ=ਤਕ ।)
(ਬਿਥਾਰੀ=ਵਧ ਜਾਵੇ । ਜਾਮ=ਪਹਿਰ ।)
(ਜਾਮਨੀ=ਰਾਤ । ਅਧਿਕਾਰੀ=ਅਧਿਕ)
(ਤੋਂ ਅਧਿਕ, ਵਡੀ ਤੋਂ ਵਡੀ । ਕਲਾ)
(ਕਲਾ=ਚੰਦਰਮਾਂ ਦੀਆਂ ਸੋਲਾਂ ਕਲਾਂ ਹਨ ।)

(ਅਜ ਦੀ ਰਾਤ ਦੀ) ਨਿਮਖ ਨਿਮਖ ਰਾਤ ਰਾਤ ਜੇਡੀ ਹੋ ਜਾਵੇ (ਅਤੇ ਰਾਤ ਦਾ) ਪਲ ਪਲ ਮਾਸ (ਮਹੀਨੇ) ਤਕ ਵਧ ਜਾਵੇ ।

**ਬਰਖ ਬਰਖ ਪਰਯੰਤ ਘਟਿਕਾਂ ਬਿਹਾਇ ਜੁਗ ਜੁਗ ਸਮ ਜਾਮ ਜਾਮਨੀ ਪਿਆਰੀ ਹੈ ॥**

(ਇਕ ਇਕ) ਘੜੀ ਵਰ ਵਰੇ ਜੇਡੀ ਹੋ ਕੇ ਗੁਜਰ (ਅਜ ਦੀ) ਪਿਆਰੀ ਰਾਤ (ਦਾ ਇਕ ਇਕ) ਪਹਿਰ ਜੁਗ ਜੁਗ ਸਮਾਨ (ਹੋ ਜਾਵੇ) ।

**ਕਲਾ ਕਲਾ ਕੋਟਿ ਗੁਨ ਜਗ ਮਗ ਜੋਤਿ ਸਸਿ ਪ੍ਰੇਮ ਰਸ ਪ੍ਰਬਲ ਪ੍ਰਤਾਪੁ ਅਧਿਕਾਰੀ ਹੈ ॥**

ਚੰਦ੍ਰਮਾਂ ਦੀ ਕਲਾ ਕਲਾ ਵਿਚ ਕ੍ਰੋੜ ਗੁਣਾਂ (ਪ੍ਰਕਾਸ਼ ਹੋ ਜਾਵੇ ਜਿਸ ਕਰ ਕੇ) ਚੰਦਰਮਾਂ ਦੀ ਜੋਤ ਜਗਮਗ ੨ (ਕਰਦੀ ਰਹੇ ਅਤੇ) ਪਰਮ ਰਸ ਦਾ ਪ੍ਰਬਲ ਪ੍ਰਤਾਪ ਅਧਿਕ ਤੋਂ ਅਧਿਕ ਹੋ ਜਾਵੇ ।

**ਮਨ ਬਚ ਕ੍ਰਮ ਪ੍ਰਿਆ ਸੇਵਾ ਸਨਮੁਖ ਰਹੋਂ ਆਰਸੁ ਨ ਆਵੈ ਨਿੰਦ੍ਰਾ**

**ਆਜ ਮੇਰੀ ਬਾਰੀ ਹੈ ॥ ੬੫੪ ॥**

ਮਨ, ਬਾਣੀ, ਸਰੀਰ (ਕਰਕੇ ਮੈਂ) ਪਿਆਰੇ ਪਤੀ ਦੀ ਸੇਵਾ ਦੇ ਸਨਮੁਖ ਰਹਾਂ, (ਹਿਰਦੇ ਵਿਚ) ਆਲਸ (ਤੇ ਅੱਖਾਂ ਵਿਚ) ਨੀਂਦ ਨਾ ਆਵੇ, (ਕਿਉਂਕਿ ਪ੍ਰੀਤਮ ਪ੍ਰਭੂ ਦੇ ਪਰਸਨ ਦੀ) ਅਜ ਮੇਰੀ ਵਾਰੀ ਹੈ ॥ ੬੫੪ ॥

**ਜੈਸੇ ਐ ਸਰਦ ਨਿਸ ਤੈਸੇ ਈ ਪੂਰਨ ਸਸਿ ਵੈਸੇ ਈ ਕੁਸਮ ਦਲ ਸਿਹਜਾ ਸਵਾਰੀ ਹੈ॥**

ਜਿਸ ਤਰ੍ਹਾਂ ਦੀ (ਅਜ) ਸਰਦ ਰਾਤ ਹੈ, ਉਸੇ ਤਰ੍ਹਾਂ ਦਾ ਪੂਰਨ ਚਦਰਮਾਂ ਹੈ, ਉਸੇ ਤਰ੍ਹਾਂ ਦ ਹੀ ਫੂਲਾਂ ਦੇ ਦਲਾਂ (ਪੰਖੜੀਆਂ) ਦੀ ਸੇਜਾ ਸਵਾਰੀ ਹੋਈ ਹੈ।

**ਜੈਸੀ ਏ ਜੋਬਨ ਬੈਸ ਤੈਸੇ ਈ ਅਨੂਪ ਰੂਪ ਵੈਸੇ ਈ ਸ਼ਿੰਗਾਰ ਚਾਰੁ ਗੁਨ ਅਧਿਕਾਰੀ ਹੈ॥**

ਜੇਹੋ ਜੇਹੀ ਜੁਆਨ ਅਵਸਥਾ ਹੈ ਤੇਹੋ ਜਿਹਾ ਹੀ ਅਨੂਪਮ ਰੂਪ ਹੈ, ਉਸੇ ਤਰ੍ਹਾਂ ਦਾ ਹੀ ਸੁੰਦਰ ਸ਼ਿੰਗਾਰ ਹੈ ਅਤੇ ਗੁਣਾਂ ਦੀ ਅਧਿਕਤਾ ਹੈ।

**ਜੈਸੇ ਈ ਛਬੀਲੇ ਨੈਨ ਤੈਸੇ ਈ ਰਸੀਲੇ ਬੈਨ ਸੋਭਤ ਪਰਸਪਰ ਮਹਿਮਾ ਅਪਾਰੀ ਹੈ॥**

ਜੇਹੋ ਜਹੇ (ਪ੍ਰੀਤਮ ਦੇ) ਛਬੀਲੇ ਨੈਨ ਹਨ, ਉਸੇ ਤਰ੍ਹਾਂ (ਪਰਮੀ ਦੇ) ਰਸੀਲੇ ਬਚਨ ਹਨ ਅਤੇ ਆਪੋ ਵਿਚ ਦੋਹਾਂ ਦੀ ਅਪਾਰ ਮਹਿਮਾ ਸੋਭਾ ਪਾ ਰਹੀ ਹੈ।

**ਜੈਸੇ ਈ ਪ੍ਰਬੀਨ ਪ੍ਰਿਅ ਪਿਆਰੇ ਪ੍ਰੇਮ ਰਸਿਕ ਹੈ ਵੈਸੇ ਈ ਬਚਿਤ੍ਰ ਅਤਿ ਪ੍ਰੇਮਨੀ ਪਿਆਰੀ ਹੈ॥ ੬੫੫ ॥**

ਜਹੇ ਜੇਹ ਪਿਆਰੇ ਪ੍ਰੀਤਮ ਜੀ ਪਰੇਮ ਦੇ ਪਰਬੀਨ ਰਸਿਕ ਹਨ, ਉਸੇ ਤਰ੍ਹਾਂ (ਦੀ ਹੀ) ਪਿਆਰੀ ਪਰੇਮਨੀ (ਪਰੇਮਾਵਸਥਾ ਵਿਚ) ਅਤਿਅੰਤ ਬਚਿਤ੍ਰ ਹੈ ॥ ੬੫੫ ॥

**ਜਾ ਦਿਨ ਜਗਤ ਮਨਿ ਟਹਿਲ ਕਹੀ ਰਿਸਾਇ ਗਿਆਨ ਧਿਆਨ ਕੋਟਿ ਜੋਗ ਜਗ ਨ ਸਮਾਨ ਹੈ॥**

(ਜਗਤ ਮਨਿ=ਜਗਤ ਨੂੰ ਰੋਸ਼ਨ ਕਰਨ)
(ਵਾਲਾ, ਪ੍ਰਮਾਤਮਾ। ਰਿਸਾਇ=ਪ੍ਰਸੰਨ ਹੋ ਕੇ।)
(ਪਨਿਹਾਰੀ=ਪਾਨੀ ਭਰਨ ਵਾਲੀ, ਮੈਹਰੀ।)
(ਛਤ੍ਰਧਾਰੀ=ਪਾਤਸ਼ਾਹੀ, ਰਾਜਾ ਪ੍ਰਨਾ।)
(ਪਿਸਨਹਾਰੀ=ਚਕੀ ਪੀਹਣ ਵਾਲੀ।)
(ਛਿਰਕਾਰੀ=ਛਿਰਕਾਉ ਕਰਨ ਵਾਲੀ।)

ਜਗਤ ਦੇ ਪ੍ਰਕਾਸ਼ਕ ਪ੍ਰਭੂ ਨੇ ਜਿਸ ਦਿਨ ਪ੍ਰਸੰਨ ਹੋ ਕੇ (ਮੈਨੂੰ ਕੋਈ) ਟਹਿਲ ਦਸੀ, (ਉਸ ਦਿਨ ਦੇ) ਸਮਾਨ ਕਰੋੜਾਂ ਗਿਆਨ, ਧਿਆਨ, ਜੋਗ ਤੇ ਜਗ ਨਹੀਂ ਹੈ।

**ਜਾ ਦਿਨ ਭਈ ਪਨਿਹਾਰੀ ਜਗਨ ਨਾਥ ਜੀ ਕੀ ਤਾ ਸਮ ਨ ਛਤ੍ਰਧਾਰੀ ਕੋਟਿਨ ਕੋਟਾਨ ਹੈ॥**

ਜਿਸ ਦਿਨ ਉਸ ਜਗਨ ਨਾਥ ਜੀ ਦਾ ਪਾਨੀ ਢੋਣ ਵਾਲੀ ਹੋ ਗਈ ਹਾਂ, ਉਸ ਦਿਨ ਦੇ ਸਮਾਨ ਕੋਟਾਨ ਕੋਟ ਪਾਤਸ਼ਾਹੀਆਂ ਭੀ ਨਹੀਂ ਹਨ।

**ਜਾ ਦਿਨ ਪਿਸਨਹਾਰੀ ਭਈ ਜਗ ਜੀਵਨ ਕੀ ਅਰਥ ਧਰਮ ਕਾਮ ਮੋਖ ਦਾਸਨ ਦਾਸਾਨ ਹੈ॥**

ਜਿਸ ਦਿਨ ਜਗਤ ਦੇ ਜੀਵਨ (ਰੂਪ ਪ੍ਰਭੂ ਦੇ ਦਰ ਦੀ) ਚਕੀ ਪੀਹਨ ਵਾਲੀ ਹੋਈ ਹਾਂ (ਏਸ ਦਿਨ ਤੋਂ) ਧਰਮ, ਅਰਥ, ਕਾਮ ਤੇ ਮੋਖ (ਆਦਿਕ ਪਦਾਰਥ ਮੇਰ) ਦਾਸਾਂ ਦੇ ਦਾਸ (ਹੋ ਗਏ ਹੋਏ ਹਨ)।

**ਛਿਰਕਾਰੀ ਪਨਿਹਾਰੀ ਪੀਸਨ-ਕਾਰੀ ਕੋ ਜੋ ਸੁਖ ਪ੍ਰੇਮਨੀ ਪਿਆਰੀ ਕੋ ਅਕਥ ਉਨਮਾਨ ਹੈ॥ ੬੫੬ ॥**

ਛਿੜਕਾਉ ਕਰਨ ਵਾਲੀ, ਪਾਨੀ ਭਰਨ ਵਾਲੀ ਤੇ ਚਕੀ ਪੀਹਨ ਵਾਲੀ, ਪਿਆਰੀ ਪਰੇਮਨ ਨੂੰ ਜੋ ਸੁਖ

(ਪ੍ਰਾਪਤ ਹੁੰਦਾ ਹੈ, ਉਸਦਾ) ਉਨਮਾਨ (ਕਿਆਸ) ਕਰਨਾ ਭੀ ਕਥਨ ਤੋਂ ਬਾਹਰ ਹੈ, (ਅਰਥਾਤ ਉਸ ਸੁਖ ਦਾ ਕਿਆਸ ਭੀ ਨਹੀਂ ਕੀਤਾ ਜਾ ਸਕਦਾ) ॥ ੬੫੬ ॥

**ਘਰੀ ਘਰੀ ਟੇਰਿ ਘਰੀਆਰ ਸੁਨਾਇ ਸੰਦੇਸੋ ਪਹਿਰ ਪਹਿਰ ਪੁਨਿ ਪੁਨਿ ਸਮਝਾਇ ਹੈ ॥**

(ਬੇਲੀ=ਜਲ ਘੜੀ ਦੀ ਕਟੋਰੀ (ਜੋ ਛੇਕ)
(ਰਾਹੀਂ ਪਾਣੀ ਭਰਨ ਉਤੇ ਘੜੀ ਮਗਰੋਂ)
(ਭਰ ਕੇ ਡੁਬ ਜਾਂਦੀ ਹੈ)। ਨਾਵਹਿ=ਬੇੜੀ।)
(ਹਰਾਇ=ਨਸ ਕਰਾਉਣਾ । ਅਚੇਤ=)
(ਬੇਖਬਰ। ਤਮਚੁਰ=ਕੁਕੜ )

ਘੜਿਆਲ ਘੜੀ ਘੜੀ ਪੁਕਾਰ ਕੇ ਸੁਨੇਹੇ ਸੁਨਾਉਂਦਾ ਹੈ ਅਤੇ ਪਹਿਰ ਪਹਿਰ (ਮਗਰੋਂ) ਮੁੜ ਮੁੜ ਕੇ ਸਮਝਾਉਂਦਾ ਹੈ। (ਕਿ)–

**ਜੈਸੇ ਜੈਸੇ ਜਲ ਭਰਿ ਭਰਿ ਬੇਲੀ ਬੂਡਤ ਹੈ ਪੂਰਨ ਹੋਇ ਪਾਪਨ ਕੀ ਨਾਵਹਿ ਹਰਾਇ ਹੈ ॥**

ਜਿਸ ਜਿਸ ਤਰ੍ਹਾਂ ਪਾਣੀ ਨਾਲ ਭਰ ਭਰ ਕੇ (ਜਲ ਘੜੀ ਦੀ) ਕਟੋਰੀ ਡੁਬ ਜਾਂਦੀ ਹੈ, (ਇਸ ਤਰ੍ਹਾਂ ਹੀ) ਪਾਪਾਂ ਦੀ ਬੇੜੀ ਪੂਰਨ ਹੋ ਕੇ (ਭਾਵ ਨਕੋ ਨਕ ਭਰੀ ਜਾਕੇ) ਨਸ਼ ਹੋ (ਡੁਬ) ਜਾਂਦੀ ਹੈ।

**ਚਹੂੰ ਓਰ ਸੋਰ ਕੈ ਪਾਹਰੂਆ ਪੁਕਰ ਹਾਰੇ ਚਾਰੋ ਜਾਮ ਸੋਵਤੇ ਅਚੇਤ ਨ ਲਜਾਇ ਹੈ ॥**

ਚੋਹਾਂ ਪਾਸਿਆਂ ਤੋਂ ਸ਼ੋਰ ਕਰਦੇ ਹੋਏ ਪਹਿਰੇਦਾਰ ਪੁਕਾਰਾਂ ਕਰਦੇ ਹੋਏ ਹਾਰ ਗਏ ਹਨ (ਪਰ) ਚਾਰੇ ਪੈਹਰ ਬੇਖਬਰ ਹੋਕੇ ਸੁਤੇ ਹੋਏ ਨੂੰ ਸ਼ਰਮ ਨਹੀਂ ਆਉਂਦੀ ਹੈ।

**ਤਮਚੁਰ ਸ਼ਬਦ ਸੁਨਤ ਹੀ ਉਘਾਰ ਆਂਖੈ ਬਿਨੁ ਪ੍ਰਿਯ ਪ੍ਰੇਮ ਰਸ ਪਾਛੈ ਪਛੁਤਾਇ ਹੈ ॥ ੬੫੭ ॥**

ਕੁਕੜ ਦੀ ਅਵਾਜ ਸੁਣ ਕੇ ਹੀ ਅਖਾਂ ਖੋਲ੍ਹ (ਹੁਣ ਤਾਂ ਮੌਤ ਰੂਪ ਦਿਨ ਚੜ੍ਹਨ ਦੇ ਨੇੜੇ ਹੈ) ਪਰੀਤਮ ਦੇ ਪਰੇਮ ਰਸ ਤੋਂ ਬਿਨਾਂ (ਰਹਿਣ ਕਰ ਕੇ) ਮਗਰੋਂ ਪਛਤਾਵੇਂਗਾ ॥ ੬੫੭ ॥

**ਮਜਨ ਕੈ ਚੀਰ ਚਾਰ ਅੰਜਨ ਤੰਬੋਲ ਰਸ ਅਭਰਨ ਸ਼ਿੰਗਾਰ ਸਾਜ ਸਿਹਜਾ ਬਿਛਾਈ ਹੈ ॥**

(ਮੱਜਨ=ਇਸ਼ਨਾਨ । ਚੀਰ=ਕਪੜੇ।)
(ਅੰਜਨ=ਸੁਰਮਾ । ਅਭਰਨ=ਗਹਿਣੇ ।)
(ਕੁਸਮ=ਫੁਲ। ਮਾਂਝ=ਵਿਚ । ਦਿਪਤ=)
(ਜਗਦੇ ਹੋਏ। ਬਿਧਾਨ=ਪ੍ਰਕਾਰ, ਢਂਗ ।)

(ਜਿਵੇਂ ਪਤੀ ਆਉਣ ਦੇ ਸਮੇਂ ਇਸਤਰੀ ਨੇ) ਇਸ਼ਨਾਨ ਕਰਕੇ ਸੁੰਦਰ ਕਪੜੇ (ਸਜਾਕੇ ਤੇ ਅਖਾਂ ਵਿਚ) ਸੁਰਮਾਂ (ਪਾ ਕੇ, ਮੂੰਹ ਵਿਚ) ਤੰਬੋਲ ਦਾ ਰਸ (ਪ੍ਰਾਪਤ ਕਰਕੇ) ਗਹਣੇ (ਆਦਿਕ) ਸ਼ਿਗਾਰ ਸਜਾ ਕੇ ਸੇਜਾ ਵਿਛਾਈ ਸੀ।

**ਕੁਸਮ ਸੁਗੰਧਿ ਅਰੁ ਮੰਦਰ ਸੁੰਦਰ ਮਾਂਝਿ ਦੀਪਕ ਦਿਪਤ ਜਗਮਗ ਜੋਤ ਛਾਈ ਹੈ ॥**

ਫੁਲਾਂ ਦੀ ਸੁਗੰਧੀ ਅਤੇ ਸੁੰਦਰ ਮੰਦਰ ਵਿਚ ਜਗਦੇ ਹੋਏ ਦੀਵੇ ਦੀ ਜੋਤ ਜਗ ਜਗ ਕਰਦੀ ਹੋਈ ਫੈਲੀ ਹੋਈ ਸੀ।

**ਸੋਧਤ ਸੋਧਤ ਸਉਨ ਲਗਨ ਮਨਾਇ ਮਨ ਬਛਤ ਬਿਧਾਨ ਚਿਰ ਕਾਰ ਬਾਰੀ ਆਈ ਹੈ ॥**

ਸਗਨ ਸੋਧਦਿਆਂ ਸੋਧਦਿਆ ਤੇ ਲਗਨ ਮਨਾਉਂਦਿਆਂ ਤੇ ਮਨ ਇਛਤ ਤਰੀਕੇ (ਅਨਸਾਰ) ਬੜੇ ਚਿਰ ਮਗਰੋਂ (ਸ਼ੁਕਰ ਸ਼ੁਕਰ ਕਰਦਿਆਂ) ਅਜ ਵਾਰੀ ਆਈ ਸੀ।

**ਅਉਸਰ ਅਭੀਚ ਨੀਚ ਨਿੰਦ੍ਰਾ ਮੈ ਸੋਵਤ ਖੋਇ ਨੈਨ ਉਘਰਤ ਅੰਤ ਪਾਛੈ ਪਛੁਤਾਈ ਹੈ ॥ ੬੫੮ ॥**

(ਪਰ ਪਤੀਸੰਗਮ ਰੂਪ) ਅਭਿਜਿਤ ਯੋਗ ਦਾ ਸਮਾਂ ਨੀਚ ਨੀਦ੍ ਵਿਚ ਸੁਤੇ ਪਿਆਂ ਗੁਆ ਲਿਆ ਹੈ, (ਪਰ ਜਦ) ਅਖਾਂ ਖੁਲ੍ਹੀਆਂ ਤਾਂ ਅੰਤ ਨੂੰ ਮਗਰੋਂ ਪਛਤਾਵਾ (ਕਰਦੀ ਹੋਈ ਰੋਂਦੀ ਹੈ) । ੬੫੮ ॥

ਭਾਵ—ਨਾਤੀ ਧੋਤੀ ਸੰਬਹੀ ਸੁਤੀ ਆਇ ਨਿਚਿੰਦ ॥ ਰਹੀ ਸੁ ਬੇੜੀ ਹਿੰਗ ਦੀ ਗਈ ਕਥੂਰੀ ਗੰਧਿ ॥ ਦਾ ਹੀ ਭਾਵ ਸੂਚਨ ਕੀਤਾ ਹੈ ਕਿ ਜਗਯਾਸੂ ਧਿਆਨ ਵਿਚ ਬੈਠਾ ਰਿਹਾ ਪਰ ਜਦ ਸਖਯਾਤਕਾਰ ਹੋਣ ਦਾ ਸਮਾਂ ਆਇਆ ਤਾਂ ਨੀਂਦ ਜਾਂ ਤੰਦਰਾਂ ਦੇ ਵਸ ਹੋ ਜਾਣ ਕਰ ਕੇ ਪ੍ਰਭੂ ਪਰਾਪਤੀ ਤੋਂ ਖੁੰਝ ਗਿਆ ਹੈ ।

**ਕਰ ਅੰਜੁਲਿ ਜਲ ਜੋਬਨ ਪ੍ਰਵੇਸੁ ਆਲੀ ਮਾਨ ਤਜਿ ਪ੍ਰਾਨਪਤਿ ਪਤਿ ਰਤਿ ਮਾਨੀਐ ॥**

(ਕਰ ਅੰਜਲ ਜਲ=ਬੁਕ ਵਿਚ ਪਾਣੀ)
(ਲੈ ਕੇ । ਆਲੀ=ਹੇ ਸਖੀ । ਪਤਿ ਰਤਿ=)
(ਪਤੀ ਪਰੇਮ । ਗੰਧਰਬ ਨਗਰੀ=ਝੂਠੀ)
(ਨਗਰੀ । ਰਜਨੀ=ਰਾਤ । ਬਰ=ਸਰੇਸ਼ਟ ।)

ਹੇ ਜੋਬਨ ਵਿਚ ਪਰਵੇਸ਼ ਕਰਨ ਵਾਲੀ ਸਖੀ ! ਬੁਕ ਵਿਚ ਪਾਣੀ ਲੈ ਕੇ (ਭਾਵ ਪਾਣੀ ਦੀ ਚੁਲੀ ਲੈ ਕੇ ਸੰਕਲਪ ਕਰ) ਤੇ ਮਾਣ ਛਡ ਕੇ, ਪਰਾਣਾਂ ਦੇ ਪਤੀ (ਸਵਾਮੀ) (ਜੀ ਦੀ ਪੂਜਾ ਕਰ ਇਸ ਤਰਾਂ) ਦਾ ਪਤੀ ਪਰੇਮ ਮਾਣੀਦਾ ਹੈ ।

**ਗੰਧਰਬ ਨਗਰੀ ਗਤਿ ਰਜਨੀ ਬਿਹਾਤ ਜਾਤ ਅਉਸਰੁ ਅਭੀਚ ਅਤਿ ਦੁਲਭ ਕੈ ਜਾਨੀਐ ॥**

ਗੰਧਰਬ ਨਗਰ ਦੀ ਚਾਲ (ਵਾਂਗੂ) ਰਾਤ ਗੁਜਰਦੀ ਜਾਂਦੀ ਹੈ, (ਇਸ) ਅਭਿਜਿਤ ਸਮੇਂ ਨੂੰ ਵਡਾ ਹੀ ਦੁਰਲਭ ਕਰਕੇ ਜਾਣਨਾ ਚਾਹੀਦਾ ਹੈ ।

**ਸਿਹਜਾ ਕੁਸਮ ਕੁਮਲਾਤ ਮੁਰਝਾਤ ਪੁਨਿ ਪੁਨਿ ਪਛੁਤਾਤ ਸਮੋ ਆਵਤ ਨ ਆਨੀਐ ॥**

ਸੇਜਾ ਦੇ ਫੂਲ ਕੁਮਲਾਉਂਦੇ ਤੇ ਮੁਰਝਾਉਂਦੇ ਜਾਂਦੇ ਹਨ, ਫਿਰ ਫਿਰ ਪਛਤਾਵਾ ਹੁੰਦਾ ਹੈ (ਕਿਉਂਕਿ ਗਿਆ ਹੋਇਆ) ਸਮਾਂ (ਸਾਡੇ) ਲਿਆਂਦਿਆਂ ਭੀ ਆਉਂਦਾ ਨਹੀਂ ਹੈ ।

**ਸੋਈ ਬਰ ਨਾਰਿ ਪ੍ਰਿਯ ਪਿਆਰ ਅਧਿਕਾਰੀ ਪਿਆਰੀ ਸਮਝ ਸਿਆਨੀ ਤੋ ਸੋ ਬੇਨਤੀ ਬਖਾਨੀਐ ॥ ੬੫੯ ॥**

ਓਹੀ ਸਰੇਸ਼ਟ ਇਸਤ੍ਰੀ ਹੈ, (ਜੋ) ਪਤੀ ਦੇ ਪਿਆਰ ਦੀ ਅਧਿਕਾਰ ਵਾਲੀ (ਹੋ ਕੇ ਪਤੀ ਦੀ) ਪਿਆਰੀ (ਹੁੰਦੀ ਹੈ, ਤੂੰ ਇਸ ਗੱਲ ਨੂੰ) ਸਮਝ ਕੇ ਸਿਆਣੀ (ਬਣ, ਤਦੇ ਹੀ ਮੈਂ) ਤੈਨੂੰ ਬੇਨਤੀ ਅਰਜ ਕੀਤੀ ਹੈ । ੬੫੯ ॥

**ਮਾਨਨ ਨ ਕੀਜੈ ਮਾਨ ਬਦੋ ਨ ਤੇਰੋ ਸਿਆਨ ਮੇਰੋ ਕਹਿਓ ਮਾਨ ਜਾਨ ਅਉਸਰ ਅਭੀਚ ਕੋ ॥**

(ਬਦੋ=ਮਿਥਦੀ, ਮੰਨਦੀ । ਸਿਆਨ=)
(ਸਿਆਣਪ । ਰਜਨੀ=ਰਾਤ । ਗਾਤ=)
( ਗੁਜਰ ਰਿਹਾ । ਮੀਚ=ਮੌਤ । )

ਹੇ ਮਾਨ ਵਾਲੀਏ ! ਮਾਨ ਨਾ ਕਰ (ਇਸ ਵਿਚ ਮੈਂ) ਤੇਰੀ ਸਿਆਣਪ ਨਹੀਂ ਮੰਨਦੀ ਹਾਂ । ਮੇਰਾ ਕਿਹਾ ਮੰਨ ਲੈ ਅਤੇ ਜਾਣ ਲੈ (ਜੋ ਇਹ) ਅਭਿਜਿਤ ਯੋਗ ਦਾ ਸਮਾਂ ਹੈ ।

**ਪ੍ਰਿਯਾ ਕੀ ਅਨੇਕ ਪਿਆਰੀ ਚਿਰੰਕਾਲ ਆਈ ਬਾਰੀ ਲੇਹੁ ਨ ਸੁਹਾਗ ਸੰਗਿ ਛਾਡਿ ਹਠ ਨੀਚ ਕੋ ॥**

ਪਿਆਰੇ ਦੀਆਂ (ਹੋਰ ਭੀ) ਅਨਕਾਂ ਪਿਆਰੀਆਂ ਹਨ, ਬੜੇ ਚਿਰ ਕਾਲ ਪਿਛੋਂ ਤੇਰੀ ਵਾਰੀ ਆਈ ਹੈ, (ਇਸ ਵੇਲੇ ਤੂੰ) ਨੀਚ ਹਠ ਦਾ ਸੰਗ ਛਡ ਕੇ ਸੁਹਾਗ ਨੂੰ ਕਿਉਂ ਨਹੀਂ ਮਨਾ ਲੈਂਦੀ ।

**ਰਜਨੀ ਬਿਹਾਤ ਜਾਤ ਜੋਬਨ ਸ੍ਹਿੰਗਾਰ ਗਾਤ ਖੇਲਹੁ ਨ ਪ੍ਰੇਮ ਰਸ ਮੋਹ ਸੁਖ ਬੀਚ ਕੋ ॥**

ਰਾਤ ਗੁਜਰਦੀ ਜਾਂਦੀ ਹੈ, ਜੋਬਨ ਤੇ ਸ਼ਿੰਗਾਰ ਭੀ ਬੀਤਦਾ ਜਾਂਦਾ ਹੈ, ਮੋਹ ਦੇ ਸੁਖ ਵਿਚ (ਲਗਾਕੇ ਤੂੰ) ਪਰੇਮ ਰਸ ਨੂੰ ਖੇਡਦੀ ਨਹੀਂ ਹੈ।

**ਅਬ ਕੈ ਭੇਟੈ ਨਾਥ ਬਹੁਰਿਓ ਨ ਆਵੈ ਹਾਥ ਬਿਰਹਾ ਬਿਹਾਵੈ ਬਲਿ ਬਡੋ ਭਾਈ ਮੀਚ ਕੋ॥ ੬੯੦॥**

ਇਸ ਵੇਲੇ (ਜੇ) ਸਵਾਮੀ ਨੂੰ ਨਾ ਮਿਲੇਂਗੀ, (ਤਾਂ) ਫੇਰ ਉਹ (ਤੇਰੇ) ਹਥ ਨਹੀਂ ਆਵੇਗਾ, (ਮੈਂ) (ਬਲਿ) ਸਦਕੇ ਜਾਵਾਂ (ਫੇਰ ਤਾਂ ਤੇਰੀ) ਵਿਛੋੜ ਵਿਚ ਗੁਜਰੇਗੀ ਅਤੇ (ਇਹ ਵਿਛੋੜਾ) ਮੌਤ ਦਾ ਵਡਾ ਭਰਾ ਹੈ (ਅਰਥਾਤ ਮੌਤ ਦੇ ਦੁਖ ਨਾਲੋਂ ਭੀ ਵਿਛੋੜੇ ਦਾ ਦੁਖ) ਬਹੁਤ ਵਧੀਕ ਹੈ, ਜੋ ਸਹਾਰਿਆ ਨਹੀਂ ਜਾਂਦਾ ਹੈ॥ ੬੯੦।

**ਜਉ ਲਉ ਦੀਪ ਜੋਤਿ ਹੋਤਿ ਨਾਹਿ ਨ ਮਲੀਨ ਅਲੀ ਜਉ ਲਉ ਨਹਿ ਸਿਹਜਾ ਕੁਸਮ ਕੁਮਲਾਤ ਹੈ॥**

(ਮਲੀਨ=ਫਿਕੀ। ਕੁਸਮ=ਫੂਲ। ਅਲਿ=)
(ਭੌਰਾ। ਬਿਹੰਗਮ=ਪੰਛੀ। ਭਾਸਕਰ=)
(ਸੂਰਜ। ਤਮਚੁਰ=ਤਾਮ੍ਰ ਚੂੜ, ਕੁਕੜ।)
( ਘਾਤ=ਮੌਕਾ ਸਮਾਂ। )

ਹੇ ਸਖੀ! ਜਿੰਨਾ ਚਿਰ ਦੀਵੇ ਦੀ ਜੋਤ ਫਿਕੀ ਨਹੀਂ ਹੁੰਦੀ ਹੈ ਅਤੇ ਜਿੰਨਾ ਚਿਰ ਸੇਜਾ ਦੇ ਫੂਲ ਕੁਮਲਾ ਨਹੀਂ ਜਾਂਦੇ ਹਨ।

**ਜਉ ਲਉ ਨ ਕਮਲਨ ਪ੍ਰਫੁਲਤ ਉਡਤ ਅਲਿ ਬਿਰਖ ਬਿਹੰਗਮ ਨ ਜਉ ਲਉ ਚੁਹ ਚੁਹਾਤ ਹੈ॥**

ਜਿੰਨਾ ਚਿਰ ਖਿੜੇ ਹੋਏ ਫੁਲਾਂ ਉਤੇ ਭੌਰੇ ਨਹੀਂ ਉਡਦੇ ਹਨ, ਜਿੰਨਾ ਚਿਰ ਦਰਖਤਾਂ ਉਤੇ ਪੰਛੀ ਨਹੀਂ ਚਿਹਚਹਾਉਂਦੇ ਹਨ।

**ਜਉ ਲਉ ਭਾਸਕਰ ਕੋ ਪ੍ਰਕਾਸ ਨ ਅਕਾਸ ਬਿਖੈ ਤਮਚੁਰ ਸੰਖ ਨਾਦ ਸਬਦ ਨ ਪ੍ਰਾਤ ਹੈ॥**

ਜਿੰਨਾ ਚਿਰ ਅਕਾਸ਼ ਵਿਚ ਸੂਰਜ ਦਾ ਉਜਾਲਾ ਨਹੀਂ ਹੁੰਦਾ ਹੈ ਅਤੇ (ਜਿੰਨਾ ਚਿਰ) ਪ੍ਰਾਤਾਕਾਲ ਦਾ ਸੰਖ ਨਾਦ ਜਾਂ ਕੁਕੜ ਦਾ ਸ਼ਬਦ (ਸੁਣਾਈ) ਨਹੀਂ ਦੇਂਦਾ ਹੈ।

**ਤਉ ਲਉ ਕਾਮ ਕੇਲ ਕਾਮਨਾ ਸਕਲ ਪੂਰਨ ਕੈ ਹੋਇ ਨਿਹਕਾਮ ਪ੍ਰਿਯ ਪ੍ਰੇਮ ਨੇਮ ਘਾਤ ਹੈ॥ ੬੯੧॥**

ਤਦ ਤਕ ਕਾਮਕੇਲ ਦੀ ਕਾਮਨਾ ਵਿਚ ਕੰਢਿਆਂ ਤਕ ਪੂਰਨ ਹੋ ਕਰਕੇ (ਤੇ ਹੋਰ ਸਭ ਕਾਮਨਾ ਤੋਂ) ਨਿਹਕਾਮ ਹੋਕੇ (ਇਕ) ਪਿਆਰੇ ਦੇ ਪਰੇਮ (ਵਿਚ ਲਗ ਰਹਿਣ ਦਾ) ਵੇਲਾ ਹੈ॥ ੬੯੧॥

**ਜੋਈ ਮਿਲੈ ਆਪਾ ਖੋਇ ਸੋਈ ਤਉ ਨਾਯਕਾ ਹੋਇ ਮਾਨ ਕੀਏ ਮਾਨ ਮਤੀ ਪਾਈਐ ਨ ਮਾਨ ਜੀ॥**

ਜਹੜੀ ਆਪਾ ਗੁਆਕੇ (ਪਤੀ ਨੂੰ) ਮਿਲਦੀ ਹੈ, ਓਹੀ ਤਾਂ ਸਵਾਮਿਨੀ ਹੋ ਜਾਂਦੀ ਹੈ, ਹੇ ਮਾਨ ਮੱਤੀਏ! ਮਾਨ ਕਰਨ ਕਰਕੇ ਮਾਨ (ਯੋਗ ਪਤੀ ਜੀ ਨੂੰ) ਨਹੀਂ ਪਾਈਦਾ ਹੈ।

**ਜੈਸੇ ਘਨਹਰ ਬਰਸੈ ਸਰਬਤਰ ਸਮ ਊਚੇ ਨ ਚਰਤ ਜਲ ਬਸਤ ਨੀਚਾਨ ਜੀ॥**

ਜਿਸ ਤਰ੍ਹਾਂ ਬਦਲ ਸਭਨਾਂ ਜਗ੍ਹਾਂ ਤੇ ਇਕ ਸਮਾਨ ਹੋ ਕੇ ਬਾਰਸ਼ ਕਰਦਾ ਹੈ, (ਪਰ ਉਸਦਾ) ਪਾਣੀ ਉਚੇ (ਟਿੱਬੇ ਉਤੇ) ਨਹੀਂ ਚੜ੍ਹਦਾ ਹੈ, ਅਤੇ ਨੀਵੇਂ (ਸਥਾਨ ਤੇ ਜਾ ਕੇ) ਵਸਦਾ ਹੈ।

**ਚੰਦਨ ਸਮੀਪ ਜੈਸੇ ਬੂਡਿਓ ਹੈ ਬਡਾਈ ਬਾਂਸ ਆਸ ਪਾਸ ਬਿਰਖ**

**ਸੁਬਾਸ ਪਰਵਾਨ ਜੀ ॥**

ਜਿਸ ਤਰ੍ਹਾਂ ਚੰਦਨ ਦੇ ਕੋਲ ਖੜਾ ਹੋਇਆ ਵਾਂਸ ਆਪਣੇ ਵਡਾ ਹੋਣ ਦੇ ਮਾਣ ਵਿਚ ਡੁਬਾ ਹੋਣ ਕਰ ਕੇ (ਖਾਲੀ ਰਹਿੰਦਾ ਹੈ ਤੇ ਚੰਦਨ ਨਹੀਂ ਹੋ ਸਕਦਾ, ਅਤੇ) ਆਸੇ ਪਾਸੇ ਦੇ (ਹੋਰ) ਸਾਰੇ ਦਰਖਤ (ਚੰਦਨ ਦੀ) ਸ਼ੁਭ ਵਾਸਨਾ (ਲੈ ਕੇ) ਪਰਵਾਨੀਕ ਚੰਦਨ ਹੋ ਜਾਂਦੇ ਹਨ ।

**ਕ੍ਰਿਪਾ ਸਿੰਧ ਪ੍ਰਿਯ ਤੀਯ ਹੋਇ ਮਰਜੀਵਾ ਗਤਿ ਪਾਵਤ ਪਰਮਗਤਿ ਸਰਬ ਨਿਧਾਨ ਜੀ ॥ ੬੬੨ ॥**

ਕਿਰਪਾ ਦੇ ਸਮੁੰਦਰ ਪਿਆਰੇ (ਪ੍ਰਭੂ ਦੀ ਜੇਹੜੀ) ਇਸਤ੍ਰੀ ਮਰਜੀਊੜੇ ਦੀ ਗਤੀ (ਵਾਲੀ ਹੋ ਜਾਂਦੀ ਹੈ, ਓਹ) ਪਰਮ ਗਤੀ ਤੇ ਸਾਰੇ ਨਿਧਾਨ ਪਾਂਦੀ ਹੈ॥ ੬੬੨ ॥

**ਸਿਹਜਾ ਸਮੈ ਅਗਿਆਨ ਮਾਨ ਕੈ ਰਸਾਏ ਨਾਹਿ ਤਨਕ ਹੀ ਮੈ ਰਿਸਾਇ ਉਤ ਕੋ ਸਿਧਾਰੇ ਹੈਂ ॥**

ਸੇਜਾ (ਦੇ ਸੰਜੋਗ) ਸਮੇਂ ਅਗਿਆਨ ਤੇ ਮਾਣ ਕਰਕੇ (ਮੈਂ) ਸਵਾਮੀ ਜੀ ਪ੍ਰਸੰਨ ਨਹੀਂ ਕੀਤੇ ਹਨ, (ਇਸ ਲਈ ਉਹ) ਥੋੜੇ ਵਿਚ ਹੀ ਗੁਜੇ ਹੋ ਕੇ ਉਧਰ ਨੂੰ ਚਲ ਗਏ ਹਨ ।

**ਪਾਛੈ ਪਛਤਾਇ ਹਾਇ ਹਾਇ ਕਰ ਕਰ ਮੀਜਿ ਮੂੰਡ ਧੁਨਿ ਧੁਨਿ ਕੋਟਿ ਜਨਮ ਧਿਕਾਰੇ ਹੈਂ ॥**

ਪਿਛੋਂ ਪਛਤਾਉਂਦੀ ਹਾਂ, ਹਾਇ ! ਹਾਇ ! ਕਰਕੇ ਹਥ ਮਲਦੀ ਹਾਂ, ਸਿਰ ਨੂੰ ਪਿੱਟ ਪਿੱਟਕੇ ਕਰੋੜਾਂ ਜਨਮਾਂ ਨੂੰ ਫਿਟਕਾਰਾਂ ਦੇਂਦੀ ਹਾਂ ।

**ਅਉਸਰ ਨ ਪਾਵੈ ਬਿਲਲਾਉ ਦੀਨ ਦੁਖਤ ਹੁਇ ਬਿਰਹ ਬਿਯੋਗ ਸੋਗ ਆਤਮ ਸੰਘਾਰੇ ਹੈਂ ॥**

(ਉਹ) ਵੇਲਾ ਹਥ ਨਹੀਂ ਆਉਂਦਾ ਹੈ, ਦੀਨ ਦੁਖੀ ਹੋ ਕੇ ਰੋਂਦੀ ਹਾਂ, ਬਿਰਹ ਦੇ ਵਿਯੋਗ ਸੋਗ ਨੇ (ਮੇਰੇ) ਆਤਮਾ ਦਾ ਖੂਨ ਕਰ ਦਿਤਾ ਹੈ (ਅਰਥਾਤ ਮੈਂ ਅਪਨੇ ਆਪ ਨੂੰ ਮਾਰ ਰਹੀ ਹਾਂ) ।

**ਪਰਉਪਕਾਰ ਕੀਜੈ ਲਾਲਨ ਮਨਾਇ ਦੀਜੈ ਤੋ ਪਰ ਅਨੰਤ ਸਰਬੰਸੁ ਬਲਿਹਾਰੇ ਹੈਂ ॥ ੬੬੩ ॥**

(ਹੇ ਸਖੀ, ਮੇਰੇ ਉਤੇ) ਪਰਉਪਕਾਰ ਕਰ (ਮੇਰਾ) ਪਿਆਰਾ (ਜੋ ਰੁਸਕੇ ਚਲਾ ਗਿਆ ਹੈ, ਉਸਨੂੰ) ਮਨਵਾ ਦਹ, (ਮੈਂ) ਬਅੰਤ ਵੇਰੀ ਤੇਰੇ ਤੋਂ ਸਰਬੰਸ ਵਾਰਨੇ ਕਰਦੀ ਹਾਂ ॥ ੬੬੩ ॥

**ਪ੍ਰੇਮ ਰਸ ਅਉਸਰੁ ਅਗਿਆਨ ਮੈ ਨ ਆਗਿਆ ਮਾਨੀ ਮਾਨ ਕੈ ਮਾਨਨ ਅਪਨੋ ਈ ਮਾਨ ਖੋਇਓ ਹੈ ॥**

(ਰਿਸ ਮਾਨ=ਗੁਸੇ ਹੋ ਕੇ । ਮਾਨੀ=ਮਾਨ-)
(ਧਾਰੀ, ਹੰਕਾਰੀ । ਦਤ=ਦਿਤੇ ਹੋਏ ।)
(ਭੁਗਤ=ਭੋਗੀਦਾ ਹੈ । ਪਰਧਾਨ=)
(ਪਰਸਿਧ, ਮਸ਼ਹੂਰ । ਲੂਨਤ=ਵਢੀਦਾ)
( ਹੈ । ਜੋਯੋ=ਵੇਖਿਆ । )

ਪਰੇਮ ਰਸ ਦੇ ਸਮੇਂ ਅਗਿਆਨ ਵਿਚ (ਹੋਣ ਕਰਕ, ਸਵਾਮੀ ਜੀ ਦੀ) ਆਗਿਆ ਨਹੀਂ ਮੰਨੀ ਸੀ, (ਉਸ ਵੇਲੇ) ਮਾਣ ਕਰਕੇ ਮਾਣ ਵਾਲੀ ਨੇ ਆਪਣਾ ਹੀ ਮਾਣ ਖੋ ਲਿਆ ਹੈ ।

**ਤਾਂਤੇ ਰਿਸ ਮਾਨ ਪ੍ਰਾਨ ਨਾਥ ਹੂ ਜੁ ਮਾਨੀ ਭਏ ਮਾਨਤ ਨ ਮੇਰੇ ਕਹੈ ਆਨਿ ਦੁਖ ਰੋਇਓ ਹੈ ॥**

ਉਸ ਕਰਕੇ ਪ੍ਰਾਨ ਨਾਥ ਜੀ ਗੁਸਾ ਮੰਨਕੇ ਮਾਨਧਾਰੀ ਹੋ ਗਏ ਹਨ, (ਹੁਣ ਉਹ) ਮੇਰੇ (ਮਨਾਉਣ ਉਤੇ ਭੀ) ਮੰਨਦੇ ਨਹੀਂ ਹਨ, (ਤਦੇ ਹੇ ਭੈਣ ! ਤੇਰੇ ਕੋਲ) ਆਣਕੇ (ਮੈਂ ਅਪਨਾ) ਦੁਖ ਰੋਇਆ ਹੈ ।

**ਲੋਗ ਬੇਦ ਗਿਆਨ ਦੂਤ ਭੁਗਤਿ**

**ਪ੍ਰਧਾਨ ਤਾਤੇ ਲੁਨਤ ਸਹਸ ਗੁਨੋ ਜੈਸੇ ਬੀਜ ਬੋਇਓ ਹੈ ॥**

ਲੋਕਾਂ (ਦੀ ਕਹਿਵਤ ਤੇ) ਵੇਦਾਂ ਦੇ ਗਿਆਨ (ਵਿਚ ਇਹ ਗਲ) ਪਰਧਾਨ (ਹੈ ਕਿ ਅਪਣਾ) ਦਿਤਾ ਹੀ ਭੋਗੀਦਾ ਹੈ, ਇਸ ਕਰਕੇ ਜਿਹਾ (ਕਿਸੇ ਨੇ) ਬੀਜ ਬੀਜਿਆ ਹੈ, (ਤੇਹਾ ਹੀ ਕੋਈ) ਹਜਾਰ ਗੁਣਾਂ (ਵਧੀਕ) ਵਢਦਾ ਹੈ।

**ਦਾਸਨ ਦਾਸਾਨ ਗਤਿ ਬੇਨਤੀ ਕੈ ਪਾਇ ਲਾਗਉ ਹੈ ਕੋਊ ਮਨਾਇ ਦੈ ਸਗਲ ਜਗ ਖੋਇਓ ਹੈ ॥ ੬੬੪ ॥**

(ਹੁਣ ਮੈਂ ਸਵਾਮੀ ਜੀ ਦੇ) ਦਾਸਾਂ ਦੇ ਦਾਸਾਂ ਕੋਲ ਜਾਕੇ ਬੇਨਤੀ ਕਰਕ (ਉਨ੍ਹਾਂ ਦ) ਚਰਨੀਂ ਲਗਦੀ ਹਾਂ, ਕੋਈ (ਅਜਿਹਾ ਉਪਕਾਰੀ) ਹੈਗਾ ਹੈ, (ਜੋ ਮੇਰੇ ਸਵਾਮੀ ਜੀ ਨੂੰ) ਮਨਾ ਦੇਵੇ, (ਮੈਂ ਤਾਂ) ਸਾਰਾ ਜਗਤ ਖੋਜਦੀ ਹੋਈ (ਹਾਰ ਗਈ) ਹਾਂ ॥ ੬੬੪ ॥

**ਫਰਕਤ ਲੋਚਨ ਅਧਰ ਭੁਜਾ ਤਾਪੈ ਤਨ ਮਨ ਮੈ ਅਉਸੇਰ ਕਬ ਲਾਲ ਗ੍ਰਿਹ ਆਵਹੀ ॥**

(ਅਧਰ=ਬੁਲ੍ਹ । ਅਉਸੇਰ=ਬੇਚੈਨੀ,)
(ਫਿਕਰ । ਉਰ ਉਰ ਸੈ=ਛਾਤੀ ਨਾਲ)
( ਛਾਤੀ । ਅਕਮਾਲ=ਜਫੀ। )
( ਆਲੀ=ਹੇ ਸਖੀ। )

(ਮੇਰੀਆਂ) ਅਖਾਂ, ਬੁਲ੍ਹ ਤੇ ਬਾਹੀਆਂ ਫਰਕਦੀਆਂ ਹਨ, ਸਰੀਰ ਤਪ ਰਿਹਾ ਹੈ ਤੇ ਮਨ ਵਿਚ (ਇਸ ਗਲ ਦਾ) ਫਿਕਰ ਹੈ, (ਜੋ) ਪਿਆਰਾ ਘਰ ਵਿਚ ਕਦੋਂ ਆਵੇਗਾ।

**ਨੈਨਨ ਸੇ ਨੈਨ ਅਰੁ ਬੈਨਨ ਸੇ ਬੈਨ ਮਿਲੈ ਰੈਨ ਸਮੈ ਚੈਨ ਕੋ ਸਿਹ-ਜਾਸਨ ਬੁਲਾਵਹੀ ॥**

ਅਖਾਂ ਨਾਲ ਅੱਖਾਂ ਮਿਲਣਗੀਆਂ ਤਾਂ ਬਚਨਾਂ ਨਾਲ ਬਚਨ (ਹੋਣਗੇ, ਅਰਥਾਤ ਪਰੇਮ ਪੂਰਤ ਗਲ ਬਾਤ ਹੋਵੇਗੀ) ਅਤੇ ਰਾਤ ਦੇ ਸਮੇਂ (ਪਿਆਰਾ ਪਤੀ) ਆਰਾਮ ਨੂੰ (ਦੇਣ ਲਈ) ਸੇਜਾ ਦੇ ਆਸਣ ਤੇ ਬੁਲਾ ਲਵੇਗਾ।

**ਕਰ ਗਹਿ ਕਰ ਉਰ ਉਰ ਸੈ ਲਗਾਇ ਪੁਨਿ ਅੰਕਿ ਅੰਕਮਾਲ ਕਰਿ ਸਹਜਿ ਸਮਾਵਹੀ ॥**

ਹਥ ਨਾਲ ਹਥ ਫੜਕੇ, ਫਿਰ ਛਾਤੀ ਨਾਲ ਛਾਤੀ ਲਗਾਏਗਾ ਤੇ ਜਫੀ ਪਾਕੇ ਤੇ ਗਿਆਨ ਕਰਕੇ (ਅੰਕ) ਸਰੂਪ ਵਿਚ ਸਮਾ ਲਏਗਾ (ਭਾਵ ਅਪਨੇ ਨਾਲ ਅਭੇਦ ਕਰ ਲਏਗਾ)।

**ਪ੍ਰੇਮਰਸ ਅੰਮ੍ਰਿਤ ਪੀਆਇ ਤ੍ਰਿਪ-ਤਾਇ ਆਲੀ ਦਇਆ ਕੈ ਦਇਆਲ ਦੇਵ ਕਾਮਨਾ ਪੁਜਾਵਹੀ ॥ ੬੬੫ ॥**

ਹੇ ਸਖੀ, (ਸਵਾਮੀ) ਪਰੇਮ ਰਸ ਅੰਮ੍ਰਿਤ ਨੂੰ ਪਿਆ ਕੇ ਤ੍ਰਿਪਤ ਕਰੇਗਾ, ਦਿਆਲ ਦੇਵ ਦਇਆ ਕਰਕੇ (ਸਾਰੀਆਂ) ਕਾਮਨਾਂ ਪੂਰੀਆਂ ਕਰ ਦਿੰਦਾ ਹੈ ॥ ੬੬੫ ॥

**ਲੋਚਨ ਅਨੂਪ ਰੂਪ ਦੇਖਿ ਮੁਰ-ਛਾਤ ਭਏ ਸੇਈ ਮੁਖ ਬਹਿਰਿਓ ਬਿਲੋਕ ਧਿਆਨ ਧਾਰਿ ਹੈ ॥**

(ਮੇਰੀਆਂ) ਅਖਾਂ (ਸਵਾਮੀ ਦੇ) ਅਨੂਪਮ ਰੂਪ ਨੂੰ ਵੇਖਕ ਮੂਰਛਿਤ ਹੋ ਗਈਆਂ ਸਨ, (ਪਰ ਹੁਣ) ਓਹੀ ਮੁਖ (ਜਦ) ਬਾਹਰ ਤੋਂ (ਮੇਰੇ ਵਲ) ਵੇਖਦਾ ਹੈ (ਤਾਂ ਮੇਰੀਆਂ ਅਖਾਂ ਉਸ ਦਰਸ਼ਨ ਦਾ) ਧਿਆਨ ਧਰ ਲੈਂਦੀਆਂ ਹਨ।

**ਅੰਮ੍ਰਿਤ ਬਚਨ ਸੁਨਿ ਸ੍ਰਵਨ ਬਿਮੋਹੇ ਆਲੀ ਤਾਹੀ ਮੁਖ ਬੈਨ ਸੁਨ ਸੁਰਤਿ ਸਮਾਰਿ ਹੈ ॥**

ਹੇ ਸਖੀ ! (ਸਵਾਮੀ ਜੀ ਦੇ) ਅੰਮ੍ਰਿਤ ਸਮਾਨ ਬਚਨਾਂ ਨੂੰ ਸੁਣ ਕਰਕੇ (ਮੇਰੇ) ਕੰਨ ਬਿਮੋਹਤ ਹੋ

ਗਏ ਹਨ, ਅਤੇ ਉਸ ਦੇ ਮੂੰਹ ਤੋਂ ਸੁਣੇ ਹੋਏ ਬਚਨਾਂ ਦੀ ਸੁਰਤ ਨੂੰ ਸੰਭਾਲ ਰਹੇ ਹਨ।

**ਜਾ ਪੈ ਬੇਨਤੀ ਬਖਾਨਿ ਜਿਹਬਾ ਬਕਤ ਭਈ ਤਾਹੀ ਕੇ ਬੁਲਾਇ ਪੁਨਿ ਬੇਨਤੀ ਉਚਾਰਿ ਹੈ ॥**

ਜਿਸ ਦੇ ਕੋਲ ਬੇਨਤੀ ਕਹਿੰਦੀ ੨ ਜੀਭ ਥਕ (ਬੇਸੁਧ) ਹੋ ਗਈ ਸੀ, ਉਸੇ ਦੇ ਬੁਲਾਉਣ ਕਰਕੇ (ਹੁਣ) ਫਿਰ ਬੇਨਤੀ ਕਰਨ ਲਗ ਪਈ ਹੈ (ਅਰਥਾਤ ਜੀਭ ਵਿਚ ਫਿਰ ਬੋਲਨ ਦੀ ਸਮਰਥਾ ਹੋ ਗਈ ਹੈ)।

**ਜੈਸੇ ਮਦ ਪੀਏ ਗਿਆਨ ਧਿਆਨ ਬਿਸਰਨ ਹੋਇ ਤਾਹੀ ਮਦ ਅਚਵਤ ਚੇਤਨ ਪ੍ਰਕਾਰ ਹੈ ॥ ੬੬੬ ॥**

ਜਿਸ ਤਰ੍ਹਾਂ ਸ਼ਰਾਬ ਦੇ ਪੀਤਿਆਂ (ਸਭ) ਗਿਆਨ ਧਿਆਨ ਬਿਸਿਮਰਨ ਹੋ ਜਾਂਦਾ ਹੈ, (ਅਰਥਾਤ ਬੇਹਸ਼ ਹੋ ਜਾਣ ਕਰਕੇ ਸਭ ਕੁਝ ਭੁਲ ਜਾਂਦਾ ਹੈ, ਪਰ ਫੇਰ) ਉਸੇ ਹੀ ਸ਼ਰਾਬ ਦੇ ਪੀਣ ਕਰਕੇ ਸਭ ਤਰ੍ਹਾਂ ਕਰਕੇ ਪੁਰਸ਼ ਸੁਚੇਤ ਹੋ ਜਾਂਦਾ ਹੈ ॥ ੬੬੬ ॥

ਭਾਵ—ਸਮੇਂ ਸਮੇਂ ਦੀ ਗਲ ਹੈ, ਕਿਸ ਵੇਲੇ ਉਹ ਸ਼ਰਾਬ ਬੇਹੋਸ਼ ਕਰ ਦੇਂਦੀ ਹੈ, ਪਰ ਦੂਜੇ ਸਮੇਂ ਓਹੀ ਸ਼ਰਾਬ ਬੇਹੋਸ਼ੀ ਦੂਰ ਕਰਕੇ ਸੁਚੇਤ ਕਰ ਦੇਂਦੀ ਹੈ, ਇਸੇ ਤਰ੍ਹਾਂ ਜਗਯਾਸੂ ਪਰਮ ਵਿਚ ਆਕੇ ਨੇਮ ਭੁਲ ਜਾਂਦਾ ਹੈ ਪਰ ਗੁਰੂ ਦੀ ਕਿਰਪਾ ਨਾਲ ਪਰੇਮ ਹੀ ਨੇਮ ਪੂਰੇ ਕਰਾਂਦਾ ਹੈ।

**ਸੁਨਿ ਪ੍ਰਿਯ ਗਵਨ ਸ੍ਰਵਨ ਬਹਰੇ ਨ ਭਏ ਕਾਹੇ ਕੀ ਪਤਿਬ੍ਰਤਾ ਪਤਿਬ੍ਰਤ ਪਾਯੋ ਹੈ ॥**

ਪਤੀ ਜੀ ਦਾ ਪ੍ਰਦੇਸ ਜਾਣਾ ਸੁਣਕੇ (ਮੇਰੇ) ਕੰਨ ਬੋਲੇ ਨਹੀਂ ਹੋਏ, (ਮੈਂ) ਕਿਸਤਰਾਂ ਦੀ ਪਤਿਬ੍ਰਤਾ (ਹਾਂ ਅਤੇ ਮੈਂ ਕੇਹਾ) ਪਤਿਬ੍ਰਤ ਧਰਮ ਪਾਇਆ ਹੈ?

**ਦ੍ਰਿਸ਼ਟਿ ਪ੍ਰਿਅ ਅਗੋਚਰ ਹੁਇ ਅੰਧਰੇ ਨ ਭਏ ਨੈਨ ਕਾਹੇ ਕੀ ਪ੍ਰੇਮਨੀ ਪਰੇਮ ਹੂੰ ਲਜਾਯੋ ਹੈ ॥**

ਪਤੀ (ਜੀ ਮੇਰੀ) ਨਜ਼ਰ ਤੋਂ ਓਹਲੇ ਹੋ ਗਏ ਹਨ, (ਪਰ ਮੇਰੇ) ਨੈਨ ਅੰਨੇ ਨਹੀਂ ਹੋਏ ਹਨ, (ਮੈਂ) ਕਿਸ ਤਰਾਂ ਦੀ ਪ੍ਰੇਮਨੀ ਹਾਂ, (ਮੈਂ ਤਾਂ) ਪਰੇਮ ਨੂੰ ਹੀ ਲਜਾਵਾਨ ਕੀਤਾ ਹੈ।

**ਅਵਧਿ ਬਿਹਾਇ ਧਾਇ ਧਾਇ ਬਿਰਹਾ ਬਿਆਪੇ ਕਾਹੇ ਕੀ ਬਿਰਹਨੀ ਬਿਰਹ ਬਿਲਖਾਯੋ ਹੈ ॥**

ਉਮਰਾ ਬੀਤਦੀ ਜਾਂਦੀ ਹੈ, ਬਿਰਹਾ ਭੱਜ ਭੱਜ ਕੇ (ਸਰੀਰ ਨੂੰ) ਵਿਆਪ ਰਿਹਾ ਹੈ, (ਮੈਂ ਕਿਸਤਰਾਂ ਦੀ ਬਿਰਹਨੀ ਹਾਂ, (ਜਿਸ ਨੇ) ਬਿਰਹਾ ਨੂੰ ਹੀ (ਬਿਲਖਾਯੋ) ਦੁਖੀ ਕੀਤਾ ਹੈ।

**ਸੁਨਤ ਬਿਦੇਸ ਕੇ ਸੰਦੇਸ ਨਾਹਿ ਫੂਟਿਓ ਰਿਦਾ ਕਉਨ ਕਉਨ ਗਨਉ ਚੂਕ ਉਤਰ ਨ ਆਯੋ ਹੈ ॥ ੬੬੭ ॥**

ਪਰਦੇਸ ਦੇ ਸੁਨੇਹੇ ਸੁਣਦਿਆਂ (ਭੀ ਮੇਰਾ) ਹਿਰਦਾ ਨਹੀਂ ਫੁਟਿਆ ਹੈ, (ਮੈਂ ਆਪਣੀ) ਕੇਹੜੀ ੨ ਭੁਲ ਨੂੰ ਗਿਣਾਂ (ਇਸਦਾ ਮੈਨੂੰ ਕੋਈ) ਉਤਰ ਨਹੀਂ ਆਉਂਦਾ ਹੈ ॥ ੬੬੭ ॥

ਭਾਵ—ਪਰਦੇਸ ਵਿਚ ਗਏ ਪਤੀ ਦਾ ਸੁਨੇਹਾ ਆ ਜਾਏ ਕਿ ਅਜੀਂ ਅਜੇ ਅਗਾਂਹ ਹੋਰ ਜਾਣਾ ਹੈ, ਅਰਥਾਤ ਪਰਦੇਸੀ ਪਤੀ ਦਾ ਪ੍ਰਦੇਸ ਜਾਣ ਦਾ ਸੰਦੇਸਾ ਸੁਣਕੇ ਪਤਿਬ੍ਰਤਾ ਦੀ ਜੋ ਦਸ਼ਾ ਹੁੰਦੀ ਹੈ, ਉਸਦਾ ਹੀ ਵਰਨਨ ਇਸ ਛੰਦ ਵਿਚ ਕੀਤਾ ਹੈ।

**ਬਿਰਹ ਦਾਵਾਨਲ ਪ੍ਰਗਟੀ ਨ ਤਨ ਬਨ ਬਿਖੈ ਅਸਨ ਬਸਨ ਤਾ ਮੈ ਘ੍ਰਿਤ ਪਰਜਾਰਿ ਹੈ ॥**

(ਦਾਵਾਨਲ (=ਦਾਵ+ਅਨਲ) ਬਨ ਦੀ (ਅਗ। ਅਸਨ=ਖਾਣ ਪੀਣ ਦੇ ਪਦਾਰਥ।) (ਬਸਨ=ਕਪੜੇ ਆਦਿਕ। ਪਰਜਾਰਿ=) (ਜਰ ਦੀ ਹੋ ਕੇ ਬਲਨਾ, ਭਾਂਬੜ। ਦੁਸਹਾ=) (ਨਾ ਸਹਾਰੇ ਜਾਨ ਵਾਲਾ। ਤਾਰਕਾ)

(ਮੰਡਲ=ਤਾਰਿਆਂ ਦਾ ਝੁੰਡ । )

(ਮੇਰੇ) ਸਰੀਰ ਰੂਪੀ ਬਨ ਵਿਚ ਬਿਰਹੋਂ ਰੂਪੀ ਬਨ-ਅਗਨੀ ਹੀ ਨਹੀਂ ਪ੍ਰਗਟੀ ਹੈ, ਤੇ ਬਸਤਰ ਘਿਓ (ਰੂਪ ਹੋ ਕੇ) ਉਸਦ ਵਿਚ(ਪੈਕੇ, ਉਸਦਾ)ਭਾਂਬੜ ਬਾਲ ਦਿਤਾ ਹੈ ।

**ਪ੍ਰਥਮ ਪ੍ਰਕਾਸੇ ਧੂਮ ਅਤਿਹੀ ਦੁਸਹਾ ਦੁਖ ਤਾਹੀ ਤੇ ਗਗਨ ਘਨ ਘਟਾ ਅੰਧਕਾਰ ਹੈ ॥**

ਪਹਿਲੇ (ਹਾਹੁਕੇ ਲੈਣ ਰੂਪ) ਧੂੰਆਂ ਨਿਕਲਣ ਤੇ ਨਾ ਸਹਾਰ ਜਾਣ ਵਾਲਾ ਬਹੁਤ ਹੀ ਦੁਖ (ਹੋਯਾ ਸੀ, ਹੁਣ) ਉਸੇ ਤੋਂ ਹੀ ਅਕਾਸ਼ (ਵਿਚ ਕਾਲੀਆਂ) ਘਟਾਂ ਦਾ ਹਨੇਰਾ ਛਾ ਗਿਆ ਹੈ ।

**ਭਭਕ ਭਭੂਕੋ ਹੁਇ ਪ੍ਰਕਾਸਿਓ ਹੈ ਅਕਾਸ ਸਸਿ ਤਾਰਕਾ ਮੰਡਲ ਚਿਨ-ਗਾਰੀ ਚਮਕਾਰ ਹੈ॥**

ਅਕਾਸ਼ ਵਿਚ ਬਲਦਾ ਭਭਾਕਾ ਹੋ ਕੇ ਚੰਦ੍ਰਮਾ ਪ੍ਰਕਾਸ਼ ਪਿਆ ਹੈ ਅਤੇ ਤਾਰਿਆਂ ਦਾ ਮੰਡਲ ਭੀ ਚੰਗਿਆੜੀਆਂ (ਬਣਕੇ) ਚਮਕਾਰੇ ਮਾਰਦਾ ਹੈ ।

**ਕਾਸਿਓ ਕਹਉ ਕੈਸੇ ਅੰਤਕਾਲ ਬ੍ਰਿਥਾਵੰਤ ਗਤਿ ਮੋਹਿ ਦੁਖ ਸੋਈ ਸੁਖ-ਦਾਈ ਸੰਸਾਰ ਹੈ॥ ੬੯੮॥**

(ਮੈਂ) ਕਿਸਨੂੰ ਆਖਾਂ ਅਤ ਕਿਸਤਰਾਂ (ਆਖਾਂ) ਮੇਰੀ ਹਾਲਤ ਤਾਂ ਬੀਮਾਰ ਦੇ ਅੰਤ ਸਮੇਂ (ਵਰਗੀ ਹੈ, ਜੋ ਆਪਣਾ ਹਾਲ ਦਸਣ ਤੋਂ ਅਸਮਰਥ ਹੋ ਜਾਂਦਾ ਹੈ, ਬਿਰਹਾ ਕਰਕੇ) ਮੈਨੂੰ ਉਸੇ ਤਰ੍ਹਾਂ ਦੁਖ (ਹੋ ਰਿਹਾ ਹੈ, ਤਾਂ ਫਿਰ) ਸੰਸਾਰ ਨੂੰ ਸੁਖਦਾਈ (ਕਿਸਤਰਾਂ ਆਖਾਂ ? ਕਿਉਂਕਿ ਇਥੇ ਸੁਖ ਨਹੀਂ ਹੈ) ॥ ੬੯੮ ॥

ਭਾਵ—ਬਿਰਹ ਦੀ ਅਗ ਬਨ-ਅਗਨਿ ਬਹੁਤ ਭਿਆਨਕ ਹੋ ਰਹੀ ਹੈ, ਇਸਨੂੰ ਬੁਝਾਉਣ ਦੇ ਜੋ ਭੀ ਸਾਧਨ ਹਨ, ਉਹ ਇਸਨੂੰ ਘਿਉ ਰੂਪ ਹੋ ਕੇ ਵਧੇਰ ਭੜਕਾ ਰਹੇ ਹਨ, ਤੇ ਚੰਦ੍ਰਮਾਂ-ਤਾਰੇ ਆਦਿਕ ਕੁਦਰਤੀ ਠੰਡੇ ਪਦਾਰਥ ਭੀ ਬਿਰਹਨੀ ਨੂੰ ਠੰਢ ਨਹੀਂ ਪਾਂਦੇ ਹਨ, ਤਦੇ ਤਾਂ ਸਤਿਗੁਰੂ ਜੀ ਨੇ ਕਿਹਾ ਹੈ:—

"ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥"

**ਏਈ ਅਖੀਆਂ ਜੁ ਪੇਖਿ ਪ੍ਰਥਮ ਅਨੂਪ ਰੂਪ ਕਾਮਨਾ ਪੂਰਨ ਕਰ ਸਹਜ ਸਮਾਨੀ ਹੈ ॥**

(ਹੇਰਤ=ਵੇਖਦੀ । ਹਿਰਾਨੀ=ਅਚਰਜ ।)
(ਅਗ੍ਰਭਾਗ=ਆਗੂ, ਮੋਢੀ । ਬਿਰਾਨੀ=)
(ਬਿਗਾਨੀ, ਓਪਰੀ ।

ਏਹੋ ਅਖੀਆਂ ਹਨ, ਜੋ ਪਹਿਲੇ ਅਨੂਪਮ ਰੂਪ ਨੂੰ ਵੇਖਕੇ (ਦਰਸ਼ਨ ਕਰਨ ਦੀ) ਕਾਮਨਾ ਪੂਰਨ ਕਰ ਕੇ (ਸਹਜ) ਆਤਮ ਸੁਖ ਵਿਚ ਸਮਾਉਂਦੀਆਂ ਹਨ ।

**ਏਈ ਅਖੀਆਂ ਜੁ ਲੀਲਾ ਲਾਲਨ ਕੀ ਇਕ ਟਕ ਅਤਿ ਅਚਰਜ ਹੁਇ ਹੇਰਤ ਹਿਰਾਨੀ ਹੈ ॥**

ਇਹੋ ਅਖੀਆਂ ਹਨ, ਜੋ ਪਿਆਰੇ ਦੀ ਲੀਲਾ (ਖੇਡ) ਨੂੰ ਇਕ ਟੱਕ ਹੋ ਕੇ ਵੇਖਦੀਆਂ ਹੋਈਆਂ ਅਤਿ ਅਚਰਜ ਤੇ ਹੈਰਾਨ ਹੋ ਜਾਂਦੀਆਂ ਸਨ ।

**ਏਈ ਅਖੀਆਂ ਜੁ ਬਿਛੁਰਤ ਪ੍ਰਿਅ ਪ੍ਰਾਨਪਤਿ ਬਿਰਹ ਬਿਯੋਗ ਰੋਗ ਪੀਰਾ ਕੈ ਪਿਰਾਨੀ ਹੈ ॥**

ਏਹੋ ਅਖੀਆਂ ਹਨ, (ਜੋ) ਪਿਆਰੇ ਪ੍ਰਾਨਪਤੀ ਤੋਂ ਵਿਛੜਦਿਆਂ ਹੀ ਬਿਰਹ ਤੇ ਵਿਯੋਗ ਦੇ ਰੋਗ ਦੀ ਪੀੜਾ ਕਰਕੇ ਪੀੜਤ (ਦੁਖੀ) ਹੁੰਦੀਆਂ ਸਨ ।

**ਨਾਸਕਾ ਸ੍ਰਵਨ ਰਸਨਾ ਮੈ ਅਗ੍ਰ-ਭਾਗ ਹੁਤੀ ਏਈ ਅਖੀਆਂ ਸਗਲ ਅੰਗ ਮੈ ਬਿਰਾਨੀ ਹੈ ॥ ੬੯੯ ॥**

(ਪਰੇਮ ਅਵਸਥਾ ਵਿਚ) ਨੱਕ, ਕੰਨ ਤੇ ਜੀਭ(ਆਦਿਕ ਇੰਦ੍ਰਿਆਂ) ਵਿਚੋਂ ਏਹ ਅਖੀਆਂ ਹੀ ਸਭਨਾਂ ਤੋਂ ਅਗੇ ਤੇ ਮੋਢੀ ਹੁੰਦੀਆਂ ਸਨ, (ਪਰ ਅਜ) ਏਹੀ ਅਖਾਂ (ਸਰੀਰ ਦੇ) ਸਾਰੇ ਅੰਗਾਂ ਵਿਚ ਬਿਗਾਨੀਆਂ ਹੋ ਗਈਆਂ ਹਨ ।। ੬੯੯ ॥

ਭਾਵ—ਸਰੀਰ ਦਾ ਪ੍ਰਧਾਨ ਅੰਗ ਹੀ ਅਖਾਂ ਹਨ, ਇਨ੍ਹਾਂ "ਅਖੀ ਪਰੇਮ ਕਸਾਈਆਂ" ਅਖਾਂ ਨੂੰ ਹੀ ਪਰੇਮ ਦੀ ਖਿਚ ਹੁੰਦੀ ਹੈ, ਤਾਂ ਏਹ ਮੋਹਤ ਤੇ ਮਗਨ ਹੋ ਜਾਂਦੀਆਂ ਹਨ, ਵਿਛੋੜੇ ਦਾ ਦੁਖ ਭੀ ਏਹੋ ਹੀ ਮਹਸੂਸ ਕਰਕੇ ਰੋਂਦੀਆਂ ਹਨ, ਅਤੇ ਫਿਰ ਮੇਲ ਵੇਲੇ ਏਹੋ ਹੀ ਖਿੜ ਖਿੜ ਪੈਂਦੀਆਂ ਹਨ, ਏਹ ਚੋਜੀ ਦੇ ਚੋਜ ਵੇਖਕੇ ਹੈਰਾਨ ਹੁੰਦੀਆਂ ਹਨ, ਅਤੇ ਫਿਰ ਵਿਛੋੜੇ ਦੇ ਦੁਖ ਨੂੰ ਅਜੇਹਾ ਰੋਂਦੀਆਂ ਹਨ ਜੋ ਪਛਾਨ ਨਹੀਂ ਹੁੰਦੀ ਕਿ ਏਹ ਓਹੀ ਅਖਾਂ ਹਨ, ਜੋ ਹੁਣ ਤੋਂ ਥੋੜਾ ਚਿਰ ਪਹਿਲੇ ਖਿੜ ਰਹੀਆਂ ਸਨ, ਇਸਤਰਾਂ ਦੀਆਂ ਹਾਲੋਂ ਬੇਹਾਲ ਹੋ ਜਾਂਦੀਆਂ ਹਨ।

**ਇਕ ਟਕ ਧਿਆਨ ਹੁਤੇ ਚੰਦ੍ਰਮੇ ਚਕੋਰ ਗਤਿ ਪਲ ਨ ਲਗਤ ਸੁਪਨੈ ਹੂ ਨ ਦਿਖਾਈਐ ॥**

(ਇਕ ਟਕ=ਲਗਾਤਾਰ, ਇਕੋ ਨਜਰ ਨਾਲ।)
(ਬਿਦਯਮਾਨ=ਪ੍ਰਤੱਖ, ਮੌਜੂਦ। ਪਥਕਨ=)
(ਰਾਹੀਆਂ, ਪਾਧੀਆਂ। ਓਟ=ਪੜਦਾ।)

(ਜਿਵੇਂ) ਚੰਦਰਮਾਂ ਨੂੰ ਚਕੋਰ ਇਕ ਟਕ ਧਿਆਨ (ਧਰਕੇ ਵੇਖਦਾ ਹੈ, ਉਸੇ) ਗਤੀ (ਵਾਂਗੂ ਕਦੇ ਮੈਨੂੰ ਭੀ) ਇਕ ਟੱਕ ਦਰਸ਼ਨ ਹੁੰਦੇ ਸਨ, ਇਕ ਪਲ (ਭਰ ਵੀ ਵਖਰਿਆਂ) ਨਹੀਂ ਲਗਦੀ ਸੀ, (ਪਰ ਹੁਣ ਪ੍ਰੀਤਮ ਜੀ) ਸੁਪਨੇ ਵਿਚ (ਭੀ ਦਰਸ਼ਨ) ਨਹੀ ਵਿਖਾਂਦੇ ਹਨ।

**ਅੰਮ੍ਰਿਤ ਬਚਨ ਧੁਨਿ ਸੁਨਤਿ ਹੀ ਬਿਦਿਮਾਨ ਤਾ ਮੁਖ ਸੰਦੇਸੋ ਪਥਕਿਨ ਪੈ ਨ ਪਾਈਐ ॥**

(ਉਸੇ ਵੇਲੇ) ਅੰਮ੍ਰਿਤ (ਸਮਾਨ ਮਿਠੇ) ਬਚਨਾਂ ਦੀ ਧੁਨੀ ਪਰਤਖ ਸੁਣੀਦੀ ਸੀ, (ਪਰ ਹੁਣ) ਉਸ ਮੂੰਹ ਦੇ ਸੁਨੇਹੇ ਰਾਹੀਆਂ ਪਾਧੀਆਂ ਪਾਸੋਂ ਭੀ ਮਿਲਦੇ ਨਹੀਂ ਹਨ।

**ਸਿਹਜਾ ਸਮੈ ਨ ਉਰਿ ਅੰਤਰਿ ਸਮਾਤੇ ਹਾਰ ਅਨਿਕ ਪਹਾਰ ਓਟ ਭਏ ਕੈਸੇ ਜਾਈਐ ॥**

ਸੇਜਾ-ਸੰਜੋਗ ਸਮੇਂ (ਉਸ ਵੇਲੇ) ਗਲ ਵਿਚ ਹਾਰ (ਪਾਇਆ ਭੀ) ਨਹੀਂ ਸਮਾਂਦਾ ਸੀ, (ਅਰਥਾਤ ਹਾਰ ਦੀ ਵਿਥ ਭੀ ਮਨ ਨੂੰ ਬੁਰੀ ਮਲੂਮ ਹੁੰਦੀ ਸੀ ਪਰ ਅਜ ਵਿਚਾਲੇ) ਅਨੇਕਾਂ ਪਹਾੜ (ਵਿਚਾਲੇ) ਪੜਦਾ ਬਣ ਗਏ ਹਨ, (ਦਸੋ, ਮੈਂ ਕਿਸਤਰਾਂ (ਉਨ੍ਹਾਂ ਕੋਲ) ਜਾ ਸਕਦੀ ਹਾਂ।

**ਸਹਜ ਸੰਜੋਗ ਭੋਗ ਰਸ ਪਰਤਾਪ ਹੁਤੇ ਬਿਰਹ ਬਿਯੋਗ ਸੋਗ ਰੋਗ ਬਿਲਲਾਈਐ ॥ ੬੭੦ ॥**

(ਉਸ ਵੇਲੇ) ਗਿਆਨ ਦੇ ਸੰਜੋਗ (ਕਰਕੇ ਪ੍ਰੀਤਮ ਮਿਲਾਪ ਰੂਪ) ਭੋਗ ਰਸ ਪ੍ਰਾਪਤ ਹੋਗੇ ਸਨ, (ਪਰ ਇਸ ਵੇਲੇ) ਬਿਰਹ ਤੇ ਵਿਯੋਗ ਦੇ ਰੋਗ ਸੋਗ ਕਰਕੇ ਵਿਰਲਾਪ ਕਰ ਰਹੀ ਹਾਂ ॥ ੬੭੦ ॥

**ਜਾਕੈ ਏਕ ਫਨ ਪੈ ਧਰਨਿ ਹੈ ਸੋ ਧਰਨੀਧਰ ਤਾਹਿ ਗਿਰਧਰ ਕਹੈ ਕੌਨ ਬਡਿਆਈ ਹੈ ॥**

(ਧਰਨਿ=ਧਰਤੀ। ਧਰਨੀਧਰ=ਧਰਤੀ ਦੇ)
(ਧਾਰਨ ਵਾਲਾ, ਸ਼ੇਸ਼ਨਾਗ। ਗਿਰਧਰ=)
(ਪਹਾੜ ਧਾਰਨ ਵਾਲਾ, ਗਵਰਧਨ ਪਹਾੜ)
(ਚੁਕਨ ਵਾਲਾ ਕ੍ਰਿਸ਼ਨ ਜੀ। ਬਾਵਰੋ=)
(ਕਮਲਾ, ਸੁਦਾਈ। ਬਿਸਵ ਨਾਥ=ਸੰਸਾਰ)
(ਦਾ ਸਵਾਮੀ ਸ਼ਿਵਜੀ। ਬ੍ਰਿਜਨਾਥ=ਮਥਰਾ)
(ਦੇ ਇਲਾਕੇ ਦਾ ਨਾਮ ਬ੍ਰਿਜ ਹੈ, ਉਥੋਂ ਦਾ)
(ਸਵਾਮੀ ਕ੍ਰਿਸ਼ਨ। ਅਧਿਕਾਈ=ਵਾਧਾ, ਵਡਾ-)
(ਪੱਣ, ਪ੍ਰਭੁਤਾ। ਨੰਦ ਨੰਦ=ਨੰਦ ਦਾ ਪੁਤਰ)
(ਕ੍ਰਿਸ਼ਨ। )

ਜਿਸ ਦੇ (ਪੈਦਾ ਕੀਤੇ ਹੋਏ ਸ਼ੇਸ਼ਨਾਗ ਦੇ) ਇਕ ਫਨ ਉਤੇ ਧਰਤੀ (ਟਿਕੀ ਹੋਈ) ਹੈ ਉਹ (ਸਪ ਤਾਂ) ਧਰਨੀਧਰ (ਹੋਇਆ, ਪਰ) ਉਸਦੇ (ਸਾਜਨ ਵਾਲੇ ਨੂੰ ਗਿਰਧਾਰੀ ਕਹਿਣਾ (ਦਸੋ, ਇਹ) ਕੇਹੜੀ ਵਡਿਆਈ

ਹੈ, (ਅਰਥਾਤ ਕੀਤਾ ਹੋਇਆ ਧਰਨੀਧਰ ਤੇ ਧਰਨੀ ਧਰ ਦੇ ਕਰਨ ਵਾਲਾ ਗਿਰਧਾਰੀ ਆਖਣਾ ਚੰਗੀ ਵਡਿਆਈ ਕੀਤੀ ਹੈ) ?

**ਜਾਕੋ ਏਕ ਬਾਵਰੋ ਕਹਾਵਤ ਹੈ ਬਿਸ੍ਵਨਾਥ ਤਾਹਿ ਬ੍ਰਿਜਨਾਥ ਕਹੈ ਕਉਨ ਅਧਿਕਾਈ ਹੈ ॥**

ਜਿਸ ਦਾ (ਬਣਾਇਆ ਹੋਇਆ) ਇਕ ਪਾਗਲ ਜੇਹਾ (ਸ਼ਿਵਜੀ) ਬਿਸ੍ਵਨਾਥ ਕਹਾਉਂਦਾ ਹੈ ਉਸਦੇ (ਬਨਾਉਣ ਵਾਲੇ ਨੂੰ) 'ਬ੍ਰਿਜਨਾਥ' ਆਖਣਾ (ਇਹ ਕੀ) ਵਾਧਾ ਹੈ ? (ਅਰਥਾਤ ਕੀਤਾ ਹੋਇਆ ਬਾਵਰਾ ਬਿਸ਼ਵ ਨਾਥ ਤੇ ਉਸ ਬਾਵਰੇ ਬਿਸਵ ਨਾਥ ਦੇ ਕਰਨ ਵਾਲੇ ਨੂੰ ਬ੍ਰਿਜ ਨਾਥ ਆਖ ਦੇਣਾ,ਬੜੀ ਚੰਗੀ ਵਡਿਆਈ ਕੀਤੀ ਹੈ)।

**ਸਗਲ ਅਕਾਰ ਓਅੰਕਾਰ ਕੇ ਬਿਥਾਰੇ ਜਿਨਿ ਤਾਹਿ ਨੰਦ ਨੰਦ ਕਹੈ ਕਉਨ ਠਕੁਰਾਈ ਹੈ ॥**

ਜਿਸਦੇ (ਓਅੰਕਾਰ) ਫੁਰਨੇ ਮਾਤਰ ਤੋਂ ਸਾਰੇ ਸਰੀਰਾਂ ਦਾ ਵਿਸਥਾਰ ਹੋਇਆ ਹੈ, ਉਸਨੂੰ 'ਨੰਦ ਦਾ ਪੁਤਰ' ਆਖਣਾ, (ਇਸ ਵਿਚ) ਕੇਹੜਾ ਪ੍ਰਧਾਨਤਾ (ਵਡਾਪਨਾ) ਹੈ (ਅਰਥਾਤ ਜਿਸਦੇ ਇਕ ਫੁਰਨੇ ਤੋਂ ਕਰੋੜਾਂ ਖੰਡਾਂ ਬ੍ਰਹਮੰਡਾਂ ਦੀ ਸਾਜਨਾ ਹੋ ਗਈ ਹੈ, ਅਤੇ ਇਕ ਫੁਰਨੇ ਨਾਲ ਖੰਡਾਂ ਬ੍ਰਹਮੰਡਾਂ ਦੇ ਕਰਨ ਵਾਲੇ ਨੂੰ 'ਨੰਦ ਦਾ ਪੁਤਰ' ਆਖਕੇ ਸਮਝਦੇ ਹਨ, ਜੋ ਅਸਾਂ ਉਸ ਨਿਰੰਕਾਰ ਦੀ ਬੜੀ ਭਾਰੀ ਉਪਮਾ ਕੀਤੀ ਹੈ)।

**ਉਸਤਤਿ ਜਾਨਿ ਨਿੰਦਾ ਕਰਤ ਅਗਿਆਨਿ ਅੰਧ ਐਸੇ ਹੀ ਅਰਾਧਨ ਤੇ ਮੋਨਿ ਸੁਖਦਾਈ ਹੈ ॥ ੬੭੧ ॥**

ਅਗਿਆਨੀ ਅੰਨ੍ਹਾ ਉਸਤਤੀ ਜਾਣਕੇ ਨਿੰਦਾ ਕਰਦਾ ਹੈ। ਇਹਤਰਾਂ ਦੀ ਅਰਾਧਨਾ ਕਰਨ ਨਾਲੋਂ ਚੁਪ ਕਰ ਰਹਿਣਾ ਸੁਖ ਦੇਣ ਵਾਲਾ ਹੈ ॥ ੬੭੧ ॥

ਨੋਟ—ਪਹਿਲੇ ਭਾਗ ਦਾ ਪਪਪ ਨੰਬਰ ਦਾ ਕਬਿਤ ਭੀ ਇਸ ਨਾਲ ਮਿਲਦਾ ਜੁਲਦਾ ਹੈ, ਪਰ ਮੇਰਾ ਖਿਆਲ ਹੈ, ਉਸਦੇ ਪਾਠ ਵਿਚ ਕੁਝ ਰੁਕਾਵਟ ਜਾਂ ਸਕਤਾ ਹੈ, ਪਰ ਇਸ ਵਿਚ ਦੂਸਰੇ ਕਬਿਤਾਂ ਅਨੁਸਾਰ ਪੂਰੀ ਪੂਰੀ ਸਰਲਤਾ ਹੈ, ਭਾਵ ਉਹੀ ਹੈ, ਪਾਠ ਉਹੀ ਹੈ, ਵਾਧਾ ਇਹ ਹੈ ਕਿ ਸਰਲ ਤੇ ਸਪਸ਼ਟ ਹੈ, ਪਰ ਉਸ ਵਿਚ ਸਕਤਾ ਹੈ, ਚੰਗੇ ਤੋਂ ਚੰਗਾ ਪਾਠੀ ਭੀ ਉਸਨੂੰ ਸਰਲਤਾ ਨਾਲ ਨਹੀਂ ਪੜ੍ਹ ਸਕਦਾ।

**ਨਖ ਸਿਖ ਲਉ ਸਗਲ ਅੰਗ ਰੋਮ ਰੋਮ ਕਰਿ ਕਾਟਿ ਕਾਟਿ ਸਿਖਨ ਕੈ ਚਰਨ ਪਰ ਵਾਰੀਐ ॥**

(ਨਖ ਸਿਖ ਲਉ ਪੈਰਾਂ ਦੇ ਨੌਂਹ ਤੋਂ ਲੈਕੇ)
(ਸਿਰ ਦੀ ਚੋਟੀ ਤਕ । ਪੀਸਨ=ਚੱਕੀ ।)
(ਪ੍ਰਾਤ=ਪ੍ਰਾਤਾਕਾਲ, ਸਵੇਰ ਵੇਲੇ ।)
( ਪਾਦਕ=ਦਲਣ ਵਾਲੇ। )

ਪੈਰਾਂ ਦੇ ਨੌਂਹ ਤੋਂ ਲੈਕੇ ਚੋਟੀ ਤਕ (ਆਪਣੇ ਸਰੀਰ ਦੇ) ਸਾਰੇ ਅੰਗਾਂ ਨੂੰ ਕੱਟ ਕੱਟਕੇ ਰੋਮ ਰੋਮ (ਜੇਡਾ) ਕਰਕੇ, ਸਿਖਾਂ ਦੇ ਚਰਨਾਂ ਉਪਰੋਂ ਵਾਰਨੇ ਕਰ ਦੇਵਾਂ।

**ਅਗਨਿ ਜਲਾਇ ਫੁਨਿ ਪੀਸਨ ਪੀਸਾਇ ਤਾਹਿ ਲੈ ਉਡੇ ਪਵਨ ਹੋਇ ਅਨਿਕ ਪ੍ਰਕਾਰੀਐ ॥**

(ਫਿਰ) ਉਨ੍ਹਾਂ (ਟੋਟਿਆਂ ਨੂੰ) ਅਗ ਨਾਲ ਸਾੜ ਕੇ, ਫਿਰ ਚੱਕੀ ਨਾਲ ਪਿਸਕੇ (ਏਨਾ ਬਰੀਕ ਕਰ ਦੇਵਾਂ ਕਿ ਉਸਨੂੰ ਹਵਾ ਲੈਕੇ) ਉਡ ਜਾਵੇ (ਅਤੇ ਅਗੇ ਹਵਾ ਭੀ) ਅਨੇਕ ਪਰਕਾਰ ਦੀ ਹੋਕੇ:—

**ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ ਤਾਹੂ ਤਾਹੂ ਮਾਰਗ ਮੈ ਭਸਮ ਕਰਿ ਡਾਰੀਐ ॥**

ਜਿਥੇ ਕਿਤੇ ਸਿਖ ਅੰਮ੍ਰਿਤ ਵੇਲੇ ਉਠਕੇ, ਗੁਰੂ ਵਲ ਜਾਂਦੇ ਹੋਏ, ਰਸਤੇ ਵਿਚ ਪੈਰ ਧਰਦੇ ਹਨ, (ਮੇਰੇ ਸਰੀਰ ਦੀ ਕੀਤੀ ਹੋਈ) ਭਸਮ ਲੈ ਕਰ ਕੇ ਉਸ ਉਸ

ਰਸਤੇ ਵਿਚ ਖਲੇਰ ਦੇਵੇ।

**ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ ਦਇਆ ਕੈ ਦਇਆਲ ਮੋਹਿ ਪਤਿਤ ਉਧਾਰੀਐ ॥ ੬੭੨ ॥**

(ਤਾਂ ਕਿ ਉਸ ਰਸਤੇ ਉਤੇ ਜੋ) ਪੈਰ ਚਲਣ ਵਾਲੇ ਹਨ, (ਉਨ੍ਹਾਂ) ਪੈਰਾਂ (ਨਾਲ ਮੇਰੀ) ਲਿਵ ਲਗੀ ਰਹੇ, (ਅਤੇ ਬਨਤੀ ਕਰਦੀ ਹਾਂ--ਹੇ) ਦਿਆਲੂ (ਗੁਰ ਸਿਖ ਜੀ!) ਦਇਆ ਕਰਕੇ ਮੈਂ ਪਾਪਣੀ ਦਾ ਭੀ ਉਧਾਰ ਕਰ ਦੇਵੋ ॥ ੬੭੨ ॥

ਨੋਟ--ਭਾਈ ਸਾਹਿਬ ਜੀ ਨੇ ਆਪਣੀ ਅਤਿਯੰਤ ਨਿਮ੍ਰਤਾ ਤੇ ਗੁਰਸਿਖ ਦੀ ਪ੍ਰਭਤਾ ਇਸ ਛੰਦ ਵਿਚ ਵਰਣਨ ਕੀਤੀ ਹੈ।

**ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨ੍ਹਾਇ ਤੈਸਾ ਪੁੰਨ ਏਕ ਗੁਰ ਸਿਖ ਕਉ ਨ੍ਹਵਾਏ ਕਾ ॥**

(ਪ੍ਰਾਗ=ਤੀਰਥ ਰਾਜ, ਜਿਥੇ ਗੰਗਾ, ਜਮਨਾ) (ਤੇ ਸੁਰਸਵਤੀ ਦਾ ਮੇਲ ਹੈ, ਇਸਨੂੰ) (ਤ੍ਰਿਬੇਨੀ ਭੀ ਆਖਦੇ ਹਨ। ਕੁਰੁਖੇਤ੍ਰ=) (ਉਹ ਜਗ੍ਹਾ ਜਿਥੇ ਮਹਾਂ ਭਾਰਤ ਦਾ) (ਜੁਧ ਹੋਇਆ ਸੀ। ਜਿਵਾਏ ਦਾ=ਪ੍ਰਸ਼ਾਦਾ) ( (ਭੋਜਨ) ਖੁਆਏ ਕਾ। ਸਤ=ਸ਼ਤ,) (੧੦੦। (੨) ਸੱਤ ੭। ਚਾਪ) (ਪਗ=ਚਰਨ ਘੁਟਕੇ, ਮੁਠੀ ਚਾਪੀ ਕਰਨੀ।)

ਪੰਜ ਵੇਰੀ ਜਾ ਕੇ ਗੰਗਾ (ਇਸ਼ਨਾਨ ਕਰਨਾ) ਤੇ ਪੰਜ ਵੇਰੀ ਪ੍ਰਾਗ (ਤੇ ਜਾ ਕੇ ਮਾਘੀ ਦਾ) ਇਸ਼ਨਾਨ ਕਰਨ (ਦਾ ਜਿੰਨਾ ਪੁੰਨ ਹੁੰਦਾ ਹੈ) ਇਕ ਗੁਰ ਸਿਖ ਨੂੰ ਇਸ਼ਨਾਨ ਕਰਾਉਣ ਦਾ ਏਨਾ ਪੁੰਨ ਹੁੰਦਾ ਹੈ।

**ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ ॥**

(ਗੁਰ) ਸਿਖ ਨੂੰ ਪਰੇਮ ਨਾਲ ਪਾਣੀ ਪਿਆਉਣ (ਦਾ ਏਨਾ ਪੁੰਨ ਹੁੰਦਾ ਹੈ, ਜਿੰਨਾ) ਕੁਰਖੇਤ੍ਰ (ਦੀ ਯਾਤਰਾ) ਕਰਨ ਦਾ, ਅਤੇ (ਗੁਰ) ਸਿਖ ਨੂੰ ਪ੍ਰਸ਼ਾਦਾ ਛਕਾਉਣ ਦਾ (ਪੁੰਨ ਏਨਾ ਹੁੰਦਾ ਹੈ) ਅਸਮੇਧ ਯੱਗ ਕਰਨ ਜਿੰਨਾ ਫਲ ਹੁੰਦਾ ਹੈ।

**ਜੈਸੇ ਸਤ ਸੁੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ ॥**

ਜਿਸ ਤਰ੍ਹਾਂ ਸੋਨੇ ਦਾ ਸੌ ਮੰਦਰ ਉਸਾਰ ਕੇ (ਦਾਨ ਕਰਕੇ) ਦਿਤੇ (ਜਾਣ ਦਾ ਜਿੰਨਾ ਫਲ ਹੈ) ਗੁਰ ਸਿਖ ਨੂੰ ਇਕ ਸ਼ਬਦ ਸਿਖਾਉਣ ਦਾ ਉਤਨਾ ਪੁੰਨ ਹੁੰਦਾ ਹੈ।

**ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ ॥ ੬੭੩ ॥**

ਜਿਸ ਤਰ੍ਹਾਂ ਕਿਸੇ ਨੇ ਵੀਹ ਵੇਰੀ ਕਿਸੇ ਸਾਧੂ ਦਾ ਦਰਸ਼ਨ ਕੀਤਾ ਹੋਵੇ, (ਉਸਨੂੰ ਜੋ ਫਲ ਸਾਧੂ ਦਰਸ਼ਨ ਦਾ ਹੁੰਦਾ ਹੈ ਇਕ ਗੁਰ) ਸਿਖ ਨੂੰ ਮੁਠੀ ਚਾਪੀ ਕਰਕੇ ਸੁਆ ਦੇਣ ਦਾ ਉਤਨਾ ਹੀ ਫਲ (ਪੁੰਨ) ਹੁੰਦਾ ਹੈ ॥ ੬੭੩ ॥

ਭਾਵ—ਜਿਵੇਂ ਅੱਗ ਵਿਚ ਤਪਿਆ ਹੋਇਆ ਲੋਹਾ ਅੱਗ ਦਾ ਰੂਪ ਹੁੰਦਾ ਹੈ, ਉਸਦੇ ਸਪਰਸ਼ ਦਾ ਦੁਖ ਅੱਗ ਦੇ ਸਪਰਸ਼ ਨਾਲੋਂ ਭੀ ਵਧੀਕ ਹੁੰਦਾ ਹੈ, ਤਿਵੇਂ ਹੀ ਵਾਹਿਗੁਰੂ ਦੀ ਸਰਨ ਪ੍ਰਾਪਤ ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਗੁਰ ਸਿਖ ਵਾਹਿਗੁਰੂ ਦਾ ਹੀ ਰੂਪ ਹੈ, ਉਸਦੀ ਸੇਵਾ, ਭਗਤੀ ਦਾ ਫਲ ਦੁਨੀਆਂ ਦੇ ਸਾਰੇ ਤੀਰਥਾਂ ਨਾਲੋਂ ਕਰੋੜ ਗੁਣਾਂ ਵਧੀਕ ਹੈ।

**ਜੈਸੇ ਤਉ ਅਨੇਕ ਰੋਗੀ ਆਵਤ ਹੈ ਬੈਦ ਗ੍ਰਿਹਿ ਜੈਸੋ ਜੈਸੋ ਰੋਗ ਤੈਸੋ ਅਉਖਧ ਖਵਾਵਈ ॥**

(ਬੈਦ ਗ੍ਰਿਹਿ=ਹਕੀਮ ਦੇ ਘਰ ਵਿਚ।)
(ਅਉਖਧ=ਦਵਾਈ। ਅਰਥੀ=ਸੁਆਲੀ।)

(ਮੰਗਣ ਵਾਲੇ, ਲੋੜਵੰਦ। ਭਾਵ=ਮਤਲਬ)
( ਕਾਮਨਾ, ਮੁਰਾਦ। )

ਜਿਸ ਤਰ੍ਹਾਂ ਕਿ ਹਕੀਮ ਦੇ ਘਰ ਵਿਚ ਅਨੇਕਾਂ ਬੀਮਾਰ (ਇਲਾਜ ਕਰਾਉਣ ਲਈ) ਆਉਂਦੇ ਹਨ, ਜੇਹਾ ਜੇਹਾ (ਰੋਗ ਕਿਸੇ ਨੂੰ ਹੁੰਦਾ ਹੈ, ਉਸ ਨੂੰ ਹਕੀਮ) ਉਸੇ ਤਰ੍ਹਾਂ ਦੀ ਦਵਾਈ ਖੁਆਂਦਾ ਹੈ।

**ਜੈਸੇ ਰਾਜ ਦ੍ਵਾਰ ਲੋਗ ਆਵਤ ਸੇਵਾ ਨਮਿਤ ਜੋਈ ਜਾਹੀਂ ਜੋਗ ਤੈਸੀ ਟਹਿਲ ਬਤਾਵਈ ॥**

ਜਿਸ ਤਰ੍ਹਾਂ ਰਾਜੇ ਦੇ ਦਰਵਾਜੇ ਉਤੇ (ਅਨੇਕਾਂ ਲੋਗ) (ਸੇਵਾ) ਨੌਕਰੀ ਕਰਨ ਵਾਸਤੇ ਆਉਂਦੇ ਹਨ, ਜੇਹੜਾ (ਆਦਮੀ) ਜਿਸ (ਕੰਮ ਦੇ ਕਰਨ) ਯੋਗ ਹੁੰਦਾ ਹੈ, (ਉਸਨੂੰ) ਉਸੇ ਤਰ੍ਹਾਂ ਦੀ ਸੇਵਾ ਦਸੀ ਜਾਂਦੀ ਹੈ (ਅਰਥਾਤ ਉਸ ਨੂੰ ਉਸ ਨੌਕਰੀ ਤ ਲਾਇਆ ਜਾਂਦਾ ਹੈ)।

**ਜੈਸੇ ਦਾਤਾ ਪਾਸ ਜਨ ਅਰਥੀ ਅਨੇਕ ਆਵੈਂ ਜੋਈ ਜੋਈ ਜਾਚੈ ਦੇ ਦੇ ਦੁਖਨ ਮਿਟਾਵਈ ॥**

ਜਿਸ ਤਰ੍ਹਾਂ ਦਾਤਾ ਪੁਰਸ਼ ਕੋਲ ਅਨਕਾਂ ਲੋੜਵੰਦ ਆਉਂਦੇ ਹਨ, (ਆਪੋ ਆਪਣੀ ਲੋੜ ਅਨੁਸਾਰ) ਜਹੜਾ ਜੇਹੜਾ (ਪਦਾਰਥ ਕੋਈ) ਮੰਗਦਾ ਹੈ, (ਓਹੀ ਓਹੀ ਪਦਾਰਥ) ਦੇ ਦੇ ਕੇ (ਉਹਨਾਂ ਦੇ) ਦੁਖਾਂ ਨੂੰ ਮਿਟਾਉਂਦਾ ਹੈ।

**ਤੈਸੇ ਗੁਰ ਸਰਨਿ ਆਵਤ ਹੈ ਅਨੇਕ ਸਿਖ ਜੈਸੋ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ ॥ ੬੭੪ ॥**

ਉਸੇ ਤਰ੍ਹਾਂ ਹੀ ਗੁਰੂ ਜੀ ਦੀ ਸ਼ਰਨ ਵਿਚ ਅਨੇਕ ਸਿਖ ਆਉਂਦੇ ਹਨ, ਜਿਹੋ ਜਿਹਾ (ਕਿਸੇ ਦਾ) ਭਾਉ ਪਰੇਮ (ਹੁੰਦਾ ਹੈ) ਉਸੇ ਤਰ੍ਹਾਂ (ਦੀ ਗੁਰੂ ਉਹਨਾਂ ਦੀ) ਕਾਮਨਾ ਪੂਰੀ ਕਰਦਾ ਹੈ ॥ ੬੭੪ ॥

ਭਾਵ—'ਮਨ ਭਾਵਨੀ ਤੇ ਸਿਧ ਹੋਇ' ਗੁਰੂ ਸਭ ਦੀਆਂ ਕਾਮਨਾਂ ਪੂਰੀਆਂ ਕਰਨ ਦੀ ਸਮਰਥਾ ਵਾਲਾ ਹੈ, ਸਾਰੇ ਪਦਾਰਥਾਂ ਦੇ ਭੰਡਾਰ ਭਰੇ ਹੋਏ ਗੁਰੂ ਜੀ ਦੇ ਪਾਸ ਹਰ ਵੇਲੇ ਮੌਜੂਦ ਰਹਿੰਦੇ ਹਨ, ਪਰ ਸੇਵਕ ਜੇਹੋ ਜਹੀ ਨੀਯਤ ਕਰਕੇ ਕੋਈ ਸੇਵਾ ਕਰਦਾ ਹੈ, ਉਸੇ ਤਰ੍ਹਾਂ ਦੀ ਉਸਦੀ ਕਾਮਨਾ ਪੂਰੀ ਹੁੰਦੀ ਹੈ।

**ਰਾਗ ਜਾਤ ਰਾਗੀ ਜਾਨੈ ਬੈਰਾਗੈ ਬੈਰਾਗੀ ਜਾਨੈ ਤਿਆਗਹਿ ਤਿਆਗੀ ਜਾਨੈ ਦੀਨ ਦਇਆ ਦਾਨ ਹੈ ॥**

(ਦੀਨ ਦਇਆ=ਗਰੀਬਾਂ ਉਤੇ ਦਇਆ)
(ਕਰਨੀ। ਦਾਨ=ਦਾਨੀ, ਦਾਨ ਕਰਨ)
(ਵਾਲਾ। ਤੰਬੋਲੀ=ਪਾਨ ਵੇਚਣ ਵਾਲਾ।)
( ਗਾਂਧੀ=ਅਤਰ ਵੇਚਣ ਵਾਲਾ। )
( ਬਿਬੇਕੀ=ਵਿਚਾਰਵਾਨ। )

(ਜਿਵੇਂ) ਰਾਗਾਂ ਦੀਆਂ ਜਾਤਾਂ (ਕਿਸਮਾਂ ਤੇ ਪਰਵਾਰ ਆਦਿਕ ਵਰਵਾ) ਰਾਗੀ ਜਾਣਦਾ ਹੈ, ਵੈਰਾਗ ਦੇ ਸਾਧਨ ਤੇ ਵੇਰਵਾ) ਵੈਰਾਗੀ ਜਾਣਦਾ ਹੈ, ਤਿਆਗ (ਸੰਨਿਆਸ-ਉਦਾਸ ਦਾ ਨਿਰਣਾ ਤੇ ਬਿਰਤਾਂਤ) ਨੂੰ ਤਿਆਗੀ ਜਾਣਦਾ ਹੈ ਅਤੇ ਦੀਨਾਂ ਉਤੇ ਦਇਆ ਕਰਨੀ (ਕੇਵਲ) ਦਾਨੀ ਪੁਰਸ਼ ਜਾਣਦਾ ਹੈ।

**ਜੋਗ ਜੁਗਤਿ ਜੋਗੀ ਜਾਨੈ ਭੋਗ ਰਸ ਭੋਗੀ ਜਾਨੈ ਰੋਗ ਦੋਖ ਰੋਗੀ ਜਾਨੈ ਪ੍ਰਗਟ ਬਖਾਨ ਹੈ ॥**

(ਜਿਵੇਂ) ਜੋਗ ਦੀ ਜੁਗਤੀ ਨੂੰ ਜੋਗੀ ਜਾਣਦਾ ਹੈ ਭੋਗਾਂ ਦੇ ਰਸਾਂ (ਸਵਾਦਾਂ) ਨੂੰ ਭੋਗੀ ਜਾਣਦਾ ਹੈ, ਰੋਗ ਦੇ ਦੋਖ (ਕਲੇਸ਼ ਜਾਂ ਦੁਖ ਪੀੜ) ਨੂੰ ਰੋਗੀ ਜਾਣਦਾ ਹੈ, (ਇਹ ਗਲ ਸਾਰੇ ਜਗਤ ਵਿਚ) ਪਰਗਟ ਹੀ ਕਹੀ ਜਾਂਦੀ ਹੈ।

**ਫੂਲ ਰਾਖ ਮਾਲੀ ਜਾਨੈ ਪਾਨਹਿ ਤੰਮੋਲੀ ਜਾਨੈ ਸਕਲ ਸੁਗੰਧਿ ਗਤਿ ਗਾਂਧੀ ਜਾਨਉ ਜਾਨ ਹੈ ॥**

(ਜਿਵੇਂ) ਫੂਲਾਂ ਨੂੰ ਰੱਖਣ ਦਾ ਢੰਗ ਮਾਲੀ ਜਾਣਦਾ ਹੈ, ਪਾਨਾਂ ਦੀ ਸੰਭਾਲ ਕਰਨ ਦਾ ਢੰਗ ਤੰਬੋਲੀ ਜਾਣਦਾ ਹੈ, ਅਤੇ ਸਭ ਤਰਾਂ ਦੀ ਸੁਗੰਧੀ ਦੀ ਹਾਲਤ ਤੇ (ਜਾਨ) ਗਿਆਨ ਨੂੰ ਗਾਂਧੀ ਜਾਣਦਾ ਹੈ ।

**ਰਤਨੈ ਜਉਹਾਰੀ ਜਾਨੈ ਬਿਹਾਰੈ ਬਿਉਹਾਰੀ ਜਾਨੈ ਆਤਮ ਪ੍ਰੀਖਿਆ ਕਉ ਬਿਬੇਕੀ ਪਹਿਚਾਨ ਹੈ ॥ ੬੭੫ ॥**

(ਜਿਵੇਂ) ਰਤਨਾਂ (ਦੀ ਪ੍ਰੀਖਿਆ) ਜੌਹਰੀ ਜਾਣਦਾ ਹੈ, ਵਿਉਹਾਰ (ਦੇ ਉਤਰਾ ਚੜ੍ਹਾ ਨੂੰ) ਵਿਉਹਾਰੀ ਜਾਣਦਾ ਹੈ, (ਉਸੇ ਤਰਾਂ) ਹੀ ਆਤਮਾ ਦੀ ਪ੍ਰੀਖਿਆ ਨੂੰ ਕੋਈ ਵਿਵੇਕੀ ਪੁਰਸ਼ ਹੀ ਪਛਾਣਦਾ ਹੈ ॥ ੬੭੫ ॥

ਭਾਵ—ਵਿਚਾਰਵਾਨ ਪੁਰਸ਼ ਨੂੰ ਆਤਮਾ ਦਾ ਗਿਆਨ ਹੈ, ਆਤਮ ਗਿਆਨ ਦੇ ਅਭਿਲਾਖੀ ਪੁਰਸ਼ ਨੂੰ ਵਿਵੇਕੀ ਪੁਰਸ਼ ਦੀ ਸੰਗਤ ਕਰਨੀ ਚਾਹੀਦੀ ਹੈ ।

॥ ਇਤਿ ॥

ਧਾਰਮਕ ਪ੍ਰਿੰਟਿੰਗ ਪਰੈਸ, ਬਜਾਰ ਮਾਈ ਸੇਵਾਂ ਅੰਮ੍ਰਿਤਸਰ ।
ਪਰਿੰਟਰ—ਸੁਰਿੰਦਰ ਸਿੰਘ ਗਰੋਵਰ ।

ਗੁਰਬਾਣੀ, ਜੋਤਸ਼, ਹਿਕਮਤ, ਡਾਕਟਰੀ, ਜੰਤ੍ਰ ਮੰਤ੍ਰ ਤੰਤ੍ਰ ਤੇ ਹੁਨਰ ਆਰਟ ਦੇ ਅਨਮੋਲ ਪੁਸਤਕਾਂ ਦੀ ਸੂਚੀ

# ਗੁਰਬਾਣੀ ਇਸੁ ਜਗ ਮਹਿ ਚਾਨਣੁ

## ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ

(ਟੀਕਾਕਾਰ—ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ)

ਇਹ ਸੰਪ੍ਰਦਾਈ ਟੀਕਾ ਸਿਖ ਪੰਥ ਵਿਚ ਪ੍ਰਮਾਣੀਕ ਮੰਨਿਆ ਗਿਆ ਹੈ। ਤੁਕ ਤੁਕ ਦੇ ਅਰਥਾਂ ਸਹਿਤ ਸਰਾ, ਦ੍ਰਿਸ਼ਟਾਂਤਾਂ, ਪ੍ਰਮਾਣਾਂ, ਉਥਾਨਕਾਂ ਸਹਿਤ ਅਠਾਂ ਸੈਂਚੀਆਂ ਵਿਚ ਛਪ ਗਿਆ ਹੈ। ਅਖਰੀ ਅਰਥ, ਵਧੀਆ ਕਾਗਜ਼, ਸੁੰਦਰ ਛਪਾਈ ਅਤੇ ਡੀ-ਲੈਕਸ ਜਿਲਦਾਂ ਵਿਚ ਮੁਕੰਮਲ ਅਠਾਂ ਸੈਂਚੀਆਂ ਦੀ ਰਿਐਤੀ ਭੇਟਾ ਗੁਰਦਵਾਰਿਆਂ ਧਰਮਸਾਲਾਂ ਅਤ ਲਾਇਬਰੇਰੀਆਂ ਲਈ ਪ੍ਰਚਾਰ ਨੂੰ ਮੁਖ ਰਖਦਿਆਂ ਹੋਇਆਂ ਕੇਵਲ ੧੪੦) ਹੈ। ਗੁਰਮਹਾਰਾਜ ਦੀ ਅੰਮ੍ਰਿਤ ਬਾਣੀ ਨੂੰ ਅਰਥਾਂ ਸਹਿਤ ਸੰਗਤਾਂ ਨੂੰ ਸੁਣਾ ਕੇ ਨਿਹਾਲ ਕਰੋ। ਅਠਾਂ ਸੈਂਚੀਆਂ ਦਾ ਵੇਰਵਾ ਇਸ ਪ੍ਰਕਾਰ ਹੈ—

**(੧) ਸੈਂਚੀ ਪਹਿਲੀ**—ਇਸ ਸੈਂਚੀ ਵਿਚ ਜਪੁ ਸਾਹਿਬ, ਸੋਦਰ (ਰਹਿਰਾਸ), ਕੀਰਤਨ ਸੋਹਿਲਾ ਪੂਰਾ ਸ੍ਰੀ ਰਾਗ, ਪੂਰਾ ਮਾਝ ਰਾਗ ਦੀ ਬਾਣੀ ਦੇ ਤੁਕ ਤੁਕ ਦੇ ਅਰਥ ਹਨ।

**(੨) ਦੂਜੀ ਸੈਂਚੀ**—ਇਸ ਸੈਂਚੀ ਵਿਚ ਸਾਰੇ ਗਉੜੀ ਰਾਗ ਦੀ ਬਾਣੀ ਦੇ ਤੁਕ ਤੁਕ ਦੇ ਅਰਥ ਹਨ।

**(੩) ਤੀਜੀ ਸੈਂਚੀ**—ਇਸ ਸੈਂਚੀ ਵਿਚ ਰਾਗ ਆਸਾ, ਰਾਗ ਗੂਜਰੀ ਤੇ ਰਾਗ ਦੇਵਗੰਧਾਰੀ ਤਿੰਨਾਂ ਰਾਗਾਂ ਦੀ ਰੀ ਬਾਣੀ ਤੁਕ ਤੁਕ ਦੇ ਟੀਕੇ ਸਹਿਤ ਹੈ।

**(੪) ਚੌਥੀ ਸੈਂਚੀ**—ਇਸ ਸੈਂਚੀ ਵਿਚ ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਠਿ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ ਤੇ ਰਾਗ ਬੈਰਾੜੀ, ਇਹਨਾਂ ਸਾਰਿਆਂ ਰਾਗਾਂ ਦੀ ਸਾਰੀ ਬਾਣੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

**(੫) ਪੰਜਵੀਂ ਸੈਂਚੀ**—ਇਸ ਸੈਂਚੀ ਵਿਚ ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲ, ਰਾਗ ਗੋਂਡ ਤੇ ਰਾਗ ਰਾਮਕਲੀ, ਇਹਨਾਂ ਸਾਰਿਆਂ ਰਾਗਾਂ ਦੀ ਪੂਰੀ ਬਾਣੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

**(੬) ਛੇਵੀਂ ਸੈਂਚੀ**—ਇਸ ਸੈਂਚੀ ਵਿਚ ਰਾਗ ਨਟ ਨਰਾਇਣ, ਰਾਗ ਮਾਲੀ ਗਉੜਾ, ਰਾਗ ਮਾਰੂ, ਇਹਨਾਂ ਤਿੰਨਾਂ ਰਾਗਾਂ ਦੀ ਪੂਰੀ ਬਾਣੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

**(੭) ਸਤਵੀਂ ਸੈਂਚੀ**—ਇਸ ਸੈਂਚੀ ਵਿਚ ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤ, ਰਾਗ ਸਾਰਗ, ਰਾਗ ਮਲਾਰ ਦੀ ਸਾਰੀ ਬਾਣੀ ਤੁਕ ਤੁਕ ਦੇ ਅਰਥਾਂ ਸਹਿਤ ਹੈ।

**(੮) ਅਠਵੀਂ ਸੈਂਚੀ**—ਇਸ ਸੈਂਚੀ ਵਿਚ ਰਾਗ ਕਾਨੜਾ, ਰਾਗ ਕਲਿਆਣ, ਰਾਗ ਪ੍ਰਭਾਤੀ, ਰਾਗ ਜੈਜਾਵੰਤੀ ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ ਕਬੀਰ, ਸਲੋਕ ਫਰੀਦ, ਸਵਯੇ ਸ੍ਰੀ ਮੁਖਵਾਕ ਸਵਯੇ ਮਹਲੇ ੧, ੨, ੩, ੪, ੫ ਕੇ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯ ਅਤੇ ਰਾਗ ਮਾਲਾ, ਇਹਨਾਂ ਸਭ ਬਾਣੀਆਂ ਦੇ ਤੁਕ ਤੁਕ ਦੇ ਅਰਥ ਹਨ।

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਪੰਨਾ ੧੪੩੦, ਸੁੰ… ਛਾਪੇ ਤੇ ਵਖੋ ਵਖ ਅਖਰਾਂ ਵਾਲੀ (ਪਦ ਛੇਦ) ਚੰਦ੍ਰਮਾ ਦੀ ਚਾਨ… ਵਿਚ ਪਾਠ ਕਰਨ ਵਾਲੀ ਸੁਧਾਈ ਕੀਤੀ ਹੋਈ ਵਧੀਆ ਮੋਮੀ… ਮੋਟਾ ਕਾਗਜ, ਲਾਲ ਰੰਗੀਨ ਵੇਲਾਂ ਸਹਿਤ ਛਪ ਕ ਤਿਆਰ ਹੋ… ਹੈ। ਜਿਲਦ ਪਕੀ ਤੇ ਸੁੰਦਰ ਆਇਲ ਕਲਾਥ ਦੀ ਭੇਟਾ ੧੪… ਵਧੀਆ ੧੫੧) ਡੀਲੈਕਸ ੧੭੫) ਰੁਪੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦਰਮਿਆਨਾ ਸਾਇਜ਼

## ਇਤਨੇ ਮੋਟੇ ਅਖਰ

ਪੰਨਾ ੧੪੩੦ ਹੈ, ਪਦ ਛੇਦ ਹੈ ਭਾਵ ਅਖਰ ਵਖੋ ਵਖਰੇ ਕਰਕੇ ਛਾਪ ਹਨ। ਘਰ ਵਿਚ ਪ੍ਰਕਾਸ਼ ਕਰਨ ਲਈ ਜਿਲਦ ਬਹੁਤ ਸੁੰਦਰ ਆਇਲ ਕਲਾਥ ਹੈ। ਭੇਟਾ ੯੫) ਤੇ ੧੧੦), ਡੀਲੈਕਸ ੧੨੫) ਹੈ। ਮੰਗਾਉਣ ਵੇਲੇ ਦਸ ਰੁਪਏ ਦਾ ਮਨੀਆਰਡਰ ਹੇਠਲੇ ਪਤੇ ਤੇ ਭੇਜੋ ਅਤ ਨੇੜੇ ਦੇ ਰੇਲਵੇ ਸਟੇਸ਼ਨ ਦਾ ਨਾਮ ਭੀ ਲਿਖੋ। ਸਫਰੀ ਬੀੜ ਸਾਹਿਬ ੪੫) ਹਿੰਦੀ੫੦) ਤੇ ੫੫) ਅੰਗਰੇਜ਼ੀ ੧੫੦)

## ਦਸਮ ਗੁਰੂ ਗ੍ਰੰਥ ਸਾਹਿਬ ਸਟੀਕ

ਅਰਥਾਤ

## ਦਸ ਗਰੰਥੀ ਸਟੀਕ ਪਾ: ੧੦

(ਟੀਕਾਕਾਰ-ਪੰ: ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਸਾਹਿਬ ਸ੍ਰੀ ਗੁਰ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਮੁਖ-ਵਾਕ ਬਾਣੀਆਂ ਸ੍ਰੀ ਜਾਪੁ ਸਾਹਿਬ ਸ੍ਰੀ ਅਕਾਲ ਉਸਤਤ, ਚੰਡੀ ਚਰਿਤ੍ਰ ਪਹਿਲਾ, ਚੰਡੀ ਚਰਿਤ ਦੂਜਾ, ਚੰਡੀ ਦੀ ਵਾਰ, ਬਚਿਤ੍ਰ ਨਾਟਕ ਅਤੇ ਗਿਆਨ ਪ੍ਰਬੋਧ, ਇਹਨਾਂ ਸਭਨਾਂ ਬਾਣੀਆਂ ਦਾ ਤੁਕ ਤੁਕ ਦਾ ਟੀਕਾ ਤੇ ਕਥਾਵਾਂ ਇਸ ਦਸ ਗਰੰਥੀ ਸਟੀਕ ਪੁਸਤਕ ਵਿਚ ਹਨ। ਭੇਟਾ ੨੫) ਰੁਪੈ।

## ਬਾਰਹਮਾਹਾ ਮਾਝ ਮਹਲਾ ੫ ਸਟੀਕ

ਸੰਗਰਾਂਦ ਵਾਲੇ ਸ਼ੁਭ ਦਿਹਾੜੇ ਪੜ੍ਹਨ ਲਈ ਗਰੰਥੀਆਂ ਪ੍ਰਚਾਰਕਾਂ ਵਾਸਤੇ ਕਥਾ, ਪ੍ਰਮਾਣਾਂ ਸਹਿਤ ਛਾਪ ਦਿਤਾ ਹੈ। ਭੇਟਾ ੨।)

## ਗੁਰਬਾਣੀ ਦੇ ਹੋਰ ਪੁਸਤਕ

| | | | |
|---|---|---|---|
| ਵਾਰਾਂ ਭਾਈ ਗੁਰਦਾਸ ਸਟੀਕ | ੨੦) | ਭਗਤ ਬਾਣੀ ਸਟੀਕ | ੧੫) |
| ਜ਼ਫਰਨਾਮਾ ਪਾ: ੧੦ ਸਟੀਕ | ੧੦) | ਕਬਿਤ ਸਵਯੇ ਸਟੀਕ | ੧੪) |
| ਪ੍ਰਬੋਧ ਚੰਦਰ ਨਾਟਕ ਸਟੀਕ | ੨੦) | ਭਟਾਂ ਦੇ ਸਵਯੇ ਸਟੀਕ | ੫।।) |
| ਗੁਰਮਰਯਾਦਾ ਵਿਆਹ ਵਿਧੀ | ੩) | ਪਾਠਾਂ ਦੀ ਵਿਧੀ | ੩) |
| ਖਾਲਸਾ ਜੀ ਦੇ ਰਹਿਤਨਾਮੇ | ੧। | ਸਲੋਕ ਕਬੀਰ ਸਟੀਕ | ੨।।) |
| ਗਜ਼ਲਾਂ ਭਾਈ ਨੰਦ ਲਾਲ ਜੀ | ੫) | ਸਲੋਕ ਸ਼ੇਖ ਫਰੀਦਸਟੀਕ | ੨) |
| ਸਲੋਕ ਨਾਵਾਂ ਮਹਲਾ ਸਟੀਕ | ੩) | ਬਹਾਦਰ ਬਲਵੰਤ ਕੌਰ | ੩।) |

**ਪਤਾ—ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰਮਾਈ ਸੇਵਾਂ, ਅੰਮ੍ਰਿਤਸਰ**

# ਚੰਗੀਆਂ ਪੁਸਤਕਾਂ ਚੰਗਾ ਜੀਵਨ ਬਣਾਉਂਦੀਆਂ ਹਨ

## ਸਭ ਤੋਂ ਵਡਾ ਸਾਖੀ ਪ੍ਰਮਾਨ

ਅਜ ਤੋਂ ਕਰੀਬ ੯੦ ਸਾਲ ਪਹਿਲਾਂ ਇਹ ਮਹਾਨ ਗਰੰਥ ਸੰਤ ਆਤਮਾ ਸਿੰਘ ਜੀ ਡੇਰਾ ਠਾਕਰਾਂ ਵਾਲਿਆਂ ਨੇ ਛਾਪਿਆ ਸੀ। ਇਸ ਵਿਚ ਸ੍ਰੀ ਜਪੁਜੀ ਤੋਂ ਲੈ ਕੇ ਰਾਗ ਮਾਲਾ ਤਕ ਸ੍ਰੀ ਗੁਰੂ ਗਰੰਥ ਸਾਹਿਬ ਦੇ ਚੋਣਵੇਂ ਸ਼ਬਦਾਂ ਉਪਰ ਸਾਖੀਆਂ ਹਨ। ਮੁਲ ੨੫)

## ਦ੍ਰਿਸ਼ਟਾਂਤ ਸਾਗਰ

ਇਸ ਪੁਸਤਕ ਵਿਚ ਕਾਮ ਕਰੋਧ ਲੋਭ ਮੋਹ ਚੋਰੀ ਨਿੰਦਾ ਝੂਠ ਆਦਿ ਦੇ ਔਗੁਣ ਤੇ ਇਨ੍ਹਾਂ ਤੋਂ ਬਚਾ ਦੇ ਸਾਧਨ, ਗੁਰ ਪ੍ਰਮਾਨ, ਕਥਾ ਵਾਰਤਾ ਆਦਿ ਬੜੇ ਸਿਖਿਆਦਾਇਕ ਪ੍ਰਕਰਣ ਹਨ। ਮੁਲ ੬)

## ਅਸਲੀ ਸ੍ਰੀ ਗੁਰੂ ਭਗਤਮਾਲ ਸਟੀਕ

ਇਸ ਦੇ ਟੀਕਾਕਾਰ ਪੰਡਤ ਨਰੈਣਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ ਹਨ। ਅਸਲੀ ਗਰੰਥ ਦੇ ਸਫੇ ੬੬੨ ਹਨ। ਮੁਲ ੨੫)

## ਤਵਾਰੀਖ ਗੁਰੂ ਖਾਲਸਾ

(ਲੇਖਕ—ਗਿਆਨੀ ਗਿਆਨ ਸਿੰਘ)

ਇਸ ਤਵਾਰੀਖ ਵਿਚ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਸਤਿਗੁਰਾਂ ਦੀਆਂ ਸੰਪੂਰਨ ਕਥਾਂ ਹਨ। ਮੁਲ ੧੫)

## ਸ਼੍ਰੋਮਣੀ ਤਵਾਰੀਖ ਖਾਲਸਾ

ਇਹ ਤਵਾਰੀਖ ਬੜੀ ਖੋਜ ਨਾਲ ਛਾਪੀ ਹੈ। ਇਸ ਦੇ ਸਤ ਹਿਸੇ ਹਨ ਤੇ ਇਸ ਦੇ ਲੇਖਕ ਗਿਆਨੀ ਤ੍ਰਲੋਕ ਸਿੰਘ ਜੀ ਪ੍ਰਸਿਧ ਇਤਿਹਾਸਕਾਰ ਹਨ। ਮੁਲ ੩੦)

## ਸੁੰਦਰ ਗੁਟਕਾ ਸਟੀਕ ਵਡਾ

(ਟੀਕਕਾਰ—ਪੰ: ਨਰੈਣ ਸਿੰਘ ਜੀ ਗਿਆਨੀ ਲਾਹੌਰ ਮੁਜੰਗਾਂ ਵਾਲੇ)

ਇਸ ਵਿਚ ਜਪੁਜੀ, ਸ਼ਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ, ਜਾਪ ਸਾਹਿਬ, ਸਵਯੇ, ਆਸਾ ਦੀ ਵਾਰ, ਅਨੰਦ ਸਾਹਿਬ ਵਡਾ, ਅਰਦਾਸ, ਸੁਖਮਨੀ ਸਾਹਿਬ ਇਨ੍ਹਾਂ ਬਾਣੀਆਂ ਦਾ ਤੁਕ ਤੁਕ ਦਾ ਸੰਪ੍ਰਦਾਈ ਟੀਕਾ ਹੈ। ਸੁੰਦਰ ਛਪਾਈ ਦੋ ਰੰਗੀ ਵੇਲ ਸਹਿਤ ਵਧੀਆ ਕਾਗਜ਼ ੨੦) ਆਮ ਕਾਗਜ਼ ੧੫) ਕੁਲ ਸਫੇ ੬੬੪ ਅਕਾਰ ਵਡਾ ਹੈ।

## ਨਿਤਨੇਮ ਸਟੀਕ ਵਡਾ

ਜਪੁਜੀ, ਸਬਦ ਹਜ਼ਾਰੇ, ਰਹਿਰਾਸ, ਕੀਰਤਨ ਸੋਹਿਲਾ, ਅਨੰਦ ਸਾਹਿਬ, ਜਾਪ ਸਾਹਿਬ, ਸਵਯੇ, ਅਰਦਾਸ ਇਹਨਾਂ ਸਭਨਾਂ ਬਾਣੀਆ ਦੇ ਅਰਥ ਇਸ ਪੁਸਤਕ ਵਿਚ ਹਨ। ਮੁਲ ੮)

## ਸੁਖਮਨੀ ਸਾਹਿਬ ਸਟੀਕ

ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਤੁਕ ਤੁਕ ਦੇ ਅਰਥ ਪੜ੍ਹਕੇ ਜਿਤਨੀ ਸਮਝ ਤੇ ਪਰੇਮ ਵਧਦਾ ਹੈ ਇਹ ਪਾਠ ਕਰਨ ਤੇ ਹੀ ਪਤਾ ਲਗੇਗਾ। ਛੋਟਾ ੪) ਵਧੀਆ ੬)

## ਵਡੀ ਬਾਰਾਂ ਪੂੰਨਿਆਂ ਦੀ ਕਥਾ

ਹਰ ਮਹੀਨੇ ਦੀ ਪੂੰਨਿਆ ਦਾ ਵਰਤ ਰਖਣ ਦਾ ਫਲ ਅਤੇ ਕਥਾ ਵਖੋ ਵਖ ਲਿਖੀ ਹੈ। ਮੁਲ ੪)

## ਸ੍ਰੀ ਗੁਰੂ ਗ੍ਰੰਥ ਕਥਾ ਸਾਗਰ

ਸ੍ਰੀ ਗੁਰ ਗਰੰਥ ਸਾਹਿਬ ਜੀ ਦੀ ਬਾਣੀ ਵਿਖੇ ਜਿਨ੍ਹਾਂ ਭਗਤਾਂ ਅਵਤਾਰਾਂ, ਮੁਨੀਆਂ, ਸੰਤਾਂ ਭਗਤਾਂ ਦੇ ਨਾਮ ਆਏ ਹਨ, ਇਸ ਵਿਚ ਉਨ੍ਹਾਂ ਦੀਆਂ ਕਥਾਂ ਹਨ। ਮੁਲ ੨੦)

## ਜੀਵਨ ਮਾਰਗ

ਪੁਰਸ਼ ੮੪ ਦੇ ਚਕਰਾਂ ਵਿਚ ਪਿਆ ਹੋਇਆ ਧਨ ਦੌਲਤ ਵਡਿਆਈ ਆਦਿ ਦੇ ਸੰਗਲਾਂ ਨਾਲ ਜਕੜਿਆ ਹੋਇਆ ਹੈ। ਇਹ ਪੁਸਤਕ ਪੁਰਸ਼ ਨੂੰ ਜੀਵਨ ਦਾ ਸਚਾ ਮਾਰਗ ਦਸਦੀ ਹੈ। ਮੁਲ ੭॥)

## ਹੇ ਮੇਰੇ ਮਨ ! ਆਤਮਿਕ ਗਿਆਨ

ਮਨ ਨੂੰ ਸਚੇ ਮਾਰਗ ਵਲ ਲਾਉਣ ਲਈ ਉਪਦੇਸ਼ਾਂ ਦਾ ਖਜ਼ਾਨਾ ਹੈ। ਮੁਲ ੪)

## ਜਨਮਸਾਖੀ ਬਾਬਾ ਸ੍ਰੀ ਚੰਦ ਜੀ

ਉਦਾਸੀ ਸੰਪ੍ਰਦਾਇ ਦੇ ਗੁਰੂ ਭਗਵਾਨ ਸ੍ਰੀ ਚੰਦਰ ਜੀ ਮਹਾਰਾਜ ਦੀ ਜਨਮਸਾਖੀ ਤੇ ਉਨ੍ਹਾਂ ਦੇ ਮੰਤਰ (ਮਾਤਰੇ) ਇਸ ਗਰੰਥ ਵਿਚ ਲਿਖੇ ਹਨ। ਮੁਲ ੧੦)

## ਤਵਾਰੀਖ ਗੁਰਦਵਾਰਿਆਂ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਸਤਿਗੁਰਾਂ ਦੇ ਅਰ ਮੁਖੀ ਸਿਖਾਂ ਦੇ ਜਿਥੇ ਜਿਥੇ ਗੁਰਦਵਾਰੇ ਹਨ ਉਨ੍ਹਾਂ ਦਾ ਥਾਂ ਟਿਕਾਣਾ, ਨਾਲ ਫੋਟੋ ਤੇ ਇਤਿਹਾਸ ਭੀ ਦਸਿਆ ਹੈ। ਮੁਲ ੭॥)

## ਸੌ ਸਾਖੀ ਪਾਤਸ਼ਾਹੀ ੧੦

ਇਹ ਇਕ ਨਿਹੰਗਾਂ ਸਿੰਘਾਂ ਦੇ ਡੇਰੇ ਵਿਚੋਂ ਪ੍ਰਾਪਤ ਹੋਈ ਪੁਰਾਤਨ ਪੁਸਤਕ ਦਾ ਉਤਾਰਾ ਹੈ। ਇਸ ਵਿਚ ਭਵਿਖਤ ਦੀਆਂ ਸਾਖੀਆਂ ਹਨ। ਮੁਲ ੧੦)

## ਪ੍ਰਾਨ ਸੰਗਲੀ

ਜੋ ਸਤਿਗੁਰੂ ਨਨਕ ਦੇਵ ਜੀ ਨੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਪ੍ਰਤੀ ਉਚਾਰਨ ਕੀਤੀ। ਮੁਲ ੧੦)

## ਗੁਰ ਬਿਲਾਸ ਛੇਵੀਂ ਪਾਤਸ਼ਾਹੀ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੀ ਜਨਮਸਾਖੀ ਗੁਰਬਿਲਾਸ ਸਰਲ ਕਥਾ ਵਾਲਾ ਹੈ। ਮੁਲ ੮)

## ਸਤਿਸੰਗ ਦੇ ਹੋਰ ਪੁਸਤਕ

| | | | |
|---|---|---|---|
| ਗੁਰਬਾਣੀ ਪ੍ਰਬੋਧ ਸਾਗਰ | ੨੫) | ਸ੍ਰੀਮਦ ਭਾਗਵਤ ਪੁਰਾਣ | ੨੦) |
| ਸੇਵਾ ਚਮਤਕਾਰ | ੧-) | ਮਹਾਂ ਭਾਰਤ ਵਡਾ | ੧੮) |
| ਮਨੀ ਮ੍ਰਿਗੇਸ਼ ਵਲਵਲੇ | ੫) | ਬਾਲਮੀਕੀ ਰਮਾਇਣ | ੧੫) |
| ਪੰਜ ਤੰਤ੍ਰ ਰਾਜਨੀਤ | ੩) | ਤੁਲਸੀ ਰਮਾਇਣ | ੧੨) |
| ਵਿਚਾਰ ਮਾਲਾ ਸਟੀਕ | ੨॥) | ਗਰੁੜ ਪੁਰਾਨ | ੫) |
| ਅਧਿਆਤਮਕ ਪ੍ਰਕਾਸ਼ ਸਟੀਕ | ੩॥) | ਇਕਾਦਸ਼ੀ ਮਹਾਤਮ | ੫) |
| ਭਾਵਰਸਿਮ੍ਰਿਤ ਸਟੀਕ | ੩॥) | ਸ੍ਰੀ ਯੋਗ ਵਸਿਸ਼ਟ | ੫) |
| ਕਾਫੀਆਂ ਸਾਂਈ ਬੁਲੇ ਸ਼ਾਹ | ੩) | ਭਗਵਤ ਗੀਤਾ ਸਟੀਕ | ੬) |

**ਪਤਾ—ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈਸੇਵਾਂ, ਅੰਮ੍ਰਿਤਸਰ**

231349

1 Nektar in ASIEVY

3 Anuj.

[illegible] धामी ट्रस्ट
मौसम बाग (सीतापुर रोड),
लखनऊ-२२६०२०

~~228319~~

C-2/189 V.V.

2202556

81/33 2 Payu

85 15016